ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਜਪੁ ਸਾਹਿਬ ਸਟੀਕ
# ਗਰਬ ਗੰਜਨੀ ਟੀਕਾ


* ਰਚਿਤ *

ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ



: ਜਿਸ ਨੂੰ :

ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ (ਰਜਿਸਟਰਡ)
ਨੰ: ੧੦੧੩/੧ ਨੇ ਸੁਧਾਈ, ਪਦ ਛੇਦ, ਵਿਰਾਮ ਤੇ ਪ੍ਰਯਾਯ ਆਦਿ
ਲਗਵਾਕੇ ਛਪਵਾਇਆ।

- ਪ੍ਰਕਾਸ਼ਕ -

ਗਿਆਨੀ ਖ਼ਜ਼ਾਨ ਸਿੰਘ ਜੀ ਪ੍ਰਧਾਨ
ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ
੧੫੩੦/੧੫ ਸਿੰਘ ਨਿਵਾਸ, ਪਹਾੜ ਗੰਜ, ਨਵੀਂ ਦਿੱਲੀ।

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਅੰਮ੍ਰਿਤਸਰ।

੧ ੴ ਸਤਿਗੁਰ ਪ੍ਰਸਾਦਿ ॥

--o--

# ਸ੍ਰੀ ਜਪੁ ਸਾਹਿਬ ਸਟੀਕ
# ਗਰਬ ਗੰਜਨੀ ਟੀਕਾ

* ਰਚਿਤ *

## ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ

-+ ਕਰਤਾ +-

ਸ੍ਰੀ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਨਾਮ ਕੋਸ਼,
ਵਾਲਮੀਕੀ ਰਾਮਾਯਣ, ਆਤਮ ਪੁਰਾਣ ਟੀਕਾ ਆਦਿ।

* ਜਿਸ ਨੂੰ *

## ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ (ਰਜਿਸਟਰਡ)

ਨੰ: ੧੦੧੩/੧ ਨੇ ਸੁਧਾਈ, ਪਦ ਛੇਦ, ਵਿਰਾਮ ਤੇ ਪ੍ਰਯਾਯ ਆਦਿ
ਲਗਵਾਕੇ ਛਪਵਾਇਆ।


- ਪ੍ਰਕਾਸ਼ਕ -

**ਗਿਆਨੀ ਖ਼ਜ਼ਾਨ ਸਿੰਘ ਜੀ ਪ੍ਰਧਾਨ**

ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ
੧੫੩੦/੧੫ ਸਿੰਘ ਨਿਵਾਸ, ਪਹਾੜ ਗੰਜ, ਨਵੀਂ ਦਿੱਲੀ।

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਅੰਮ੍ਰਿਤਸਰ**

ਅਕਤੂਬਰ 1986 ਕੀਮਤ ਕਪੜੇ ਦੀ ਜਿਲਦ (ਰੁ), ਸਾਦਾ 40)
60/-

ਇਸ ਐਡੀਸ਼ਨ ਦੇ ਪ੍ਰਕਾਸ਼ਕ:-

## ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

---

## ਤ੍ਰੈਰੰਗੀ ਤਸਵੀਰ

ਜਮਨਾ ਕਿਨਾਰੇ ਅਪਣੇ ਤਪ ਅਸਥਾਨ ਪਰ ਬੈਠੇ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ਤ੍ਰੈਰੰਗੀ ਤਸਵੀਰ ਜੋ ਅਰੰਭ ਵਿਚ ਦਰਸ਼ਨ ਦੇ ਰਹੀ ਹੈ, ਇਹ ਸਰਦਾਰ ਸੰਤੋਖ ਸਿੰਘ ਜੀ ਐਮ, ਐਸ ਸੀ. (ਆਨਰਜ਼), ਕੌਂਸਲਰ ਮਿਉਨਸੀਪਲ ਕਾਰਪੋਰੇਸ਼ਨ ਦਿੱਲੀ ਤੇ ਮਾਲਕ ਨੈਸ਼ਨਲ ਕੈਮੀਕਲ ਇੰਡਸਟਰੀਜ਼ ਦਿੱਲੀ ਨੇ ਪਰਮ ਕ੍ਰਿਪਾਲਤਾ ਨਾਲ ਆਪਣੇ ਖਰਚ ਪਰ ਤਿਆਰ ਕਰਵਾਕੇ ਤੇ ਛਪਵਾਕੇ ਪ੍ਰਦਾਨ ਕੀਤੀ ਹੈ। ਯਾਦਗਾਰ ਕਮੇਟੀ ਆਪ ਦੇ ਇਸ ਪਿਆਰ ਤੇ ਕ੍ਰਿਪਾਲਤਾ ਦੀ ਅਤਯੰਤ ਧੰਨਵਾਦੀ ਹੈ।

--o--

## ਯਾਦਗਾਰੀ ਜਨਮ ਅਸਥਾਨ ਦੇ ਰਸਤੇ

੧. ਮਹਾਂ ਕਵੀ ਸੰਤੋਖ ਸਿੰਘ ਜੀ ਦਾ ਜਨਮ ਅਸਥਾਨ ਪਿੰਡ ਸਰਾਏ ਨੂਰਦੀਨ (ਕਿਲ੍ਹਾ ਕਵੀ ਸੰਤੋਖ ਸਿੰਘ) ਵਿਚ ਹੈ ਤੇ ਸ੍ਰੀ ਤਰਨ ਤਾਰਨ ਤੋਂ ਝਬਾਲ ਨੂੰ ਜਾਣ ਵਾਲੀ ਸੜਕ ਪਰ ਪੌਣੇ ਚਾਰ ਮੀਲ ਦੀ ਵਿੱਥ ਤੇ ਹੈ। ਬੱਸ, ਰਿਕਸ਼ਾ, ਟਾਂਗਾ ਆਦਿ ਸਵਾਰੀ ਮਿਲ ਸਕਦੀ ਹੈ।

੨. ਸ੍ਰੀ ਤਰਨ ਤਾਰਨ ਤੋਂ ਸ੍ਰੀ ਅੰਮ੍ਰਿਤਸਰ ਨੂੰ ਟੁਰੀਏ ਤਾਂ ਸਾਢੇ ਤਿੰਨ ਮੀਲ ਪਰ ਦੁਬੁਰਜੀ ਦਾ ਅੱਡਾ ਹੈ, ਓਥੋਂ ਪੈਦਲ ਰਸਤਾ ਦੋ ਮੀਲ ਹੈ; ਖਾਰਾ, ਦੂਖ ਨਿਵਾਰਨ, ਠਰੂ ਪਿੰਡ ਰਸਤੇ ਵਿਚ ਆਉਂਦੇ ਹਨ।

--o--

## ਪੁਸਤਕ ਮਿਲਣ ਦੇ ਪਤੇ–

੧. ਗੁਰਦਵਾਰਾ ਜਨਮ ਅਸਥਾਨ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ
ਕਿਲ੍ਹਾ ਕਵੀ ਸੰਤੋਖ ਸਿੰਘ ਨੂਰਦੀ, ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ

੨. ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

੩. ਗਿਆਨੀ ਖਜ਼ਾਨ ਸਿੰਘ ਜੀ 1530/15 ਸਿੰਘ ਨਿਵਾਸ ਪਹਾੜ ਗੰਜ ਨਵੀਂ ਦਿਲੀ।

੪. ਜਨਰਲ ਸੈਕਟਰੀ ਅਤੇ ਸਾਬਕਾ ਪ੍ਰਧਾਨ ਗਿਆਨੀ ਰਾਮ ਸਿੰਘ ਜੀ ਸੂਬੇਦਾਰ
ਚੱਕੀ ਵਾਹਿਗੁਰੂ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ।

੫. ਪ੍ਰਧਾਨ ਸ: ਉਜਾਗਰ ਸਿੰਘ ਕਪੂਰ ਤਹਿਸੀਲ ਬਜ਼ਾਰ ਤਰਨ ਤਾਰਨ।

ਦੂਸਰੀ ਦਫਾ ਇਸ ਕਮੇਟੀ ਦੇ ਉਦਮ ਨਾਲ ਛਾਪੀ ਗਈ ਅਕਤੂਬਰ 1986

ਬਲਵੰਤ ਸਿੰਘ 'ਤੇਗ' ਹੇਮਕੁੰਟ ਪ੍ਰਿੰਟਿੰਗ ਪ੍ਰੈਸ ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ ਅੰਮ੍ਰਿਤਸਰ

੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਭੂਮਿਕਾ

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੇ ਸਮੇਂ ਇਕ ਆਨੰਦਘਨ ਨਾਮੀ ਵਿਦ੍ਵਾਨ ਸਾਧੂ ਨੇ ਗੁਰਬਾਣੀ ਦੇ ਕੁਝ ਟੀਕੇ ਕੀਤੇ। ਉਸ ਦਾ ਕੀਤਾ ਜਪੁਜੀ ਸਾਹਿਬ ਦਾ ਟੀਕਾ ਅਕਸਮਾਤ ਕੈਥਲਪਤੀ ਮਹਾਰਾਜ ਉਦੇ ਸਿੰਘ ਜੀ ਦੇ ਸਾਹਮਣੇ ਆਇਆ। ਉਨ੍ਹਾਂ ਨੇ ਪੜ੍ਹਿਆ ਤੇ ਤੱਕਿਆ ਕਿ ਟੀਕਾਕਾਰ ਨੇ ਉਸ ਵਿਚ ਅਨੇਕ ਸ਼ੰਕੇ ਤੇ ਕੁਝ ਗੱਲਾਂ ਐਸੀਆਂ ਲਿਖੀਆਂ ਹਨ ਜੋ ਗੁਰਬਾਣੀ ਦੇ ਅਰਥਾਂ ਅਤੇ ਸਿਖੀ ਵਿਸ੍ਵਾਸ ਦੇ ਉਲਟ ਹਨ। ਉਹ ਪੋਥੀ ਮਹਾਰਾਜ ਨੇ ਕਵੀ ਸੰਤੋਖ ਸਿੰਘ ਜੀ ਨੂੰ ਵਾਚਣ ਲਈ ਦਿੱਤੀ ਤੇ ਉਨ੍ਹਾਂ ਦੇ ਪੜ੍ਹ ਲੈਣ ਉਪਰ ਉਨ੍ਹਾਂ ਦੀ ਰਾਇ ਪੁੱਛੀ। ਕਵੀ ਜੀ ਨੇ ਦੱਸਿਆ ਕਿ ਆਨੰਦ ਘਨ ਨੇ ਗੁਰਬਾਣੀ ਦੇ ਮਨ ਆਏ ਅਰਥ ਕੀਤੇ ਹਨ, ਇਹ ਵਿਦ੍ਵਾਨ ਗੁਰੂ ਲਖਸ਼ ਨਹੀਂ ਸਿਧ ਹੁੰਦਾ, ਇਸ ਨੇ ਗੁਰੂ ਬਾਣੀ ਦੇ ਕਿਸੇ ਗਜਾਨੀ ਤੋਂ ਅਰਥ ਨਹੀਂ ਪੜ੍ਹੇ ਜਾਪਦੇ। ਕਵੀ ਜੀ ਨੇ ਆਪ ਇਸ ਟੀਕੇ ਦੇ ਆਰੰਭ ਵਿਚ (ਵੇਖੋ ਪੰਨਾ ੩) ਦੱਸਿਆ ਹੈ ਕਿ ਮਹਾਰਾਜ ਉਦੇ ਸਿੰਘ ਨੇ ਮੈਨੂੰ ਆਗਜਾ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਸ਼ਰੋਮਣੀ ਬਾਣੀ ਜਪੁਜੀ ਦਾ ਤੁਸੀਂ ਆਪ ਟੀਕਾ ਕਰੋ, ਸ਼ੰਕਾਵਾਦੀਆਂ ਦੇ ਜਿੰਨੇ ਸ਼ੰਕੇ ਉਠ ਸਕਦੇ ਹਨ ਉਨ੍ਹਾਂ ਦਾ ਸਮਾਧਾਨ ਆਪਣੇ ਬੁਧੀ ਬਲ ਨਾਲ ਕਰੋ ਤੇ ਨਾਲੇ ਤੁਸੀਂ ਕਵੀ ਹੋ, ਇਸ ਲਈ ਇਸ ਗੁਰਬਾਣੀ ਦੇ ਕਾਵਜ ਅਲੰਕਾਰ ਬੀ ਨਾਲੋ ਨਾਲ ਪ੍ਰਗਟ ਕਰਦੇ ਜਾਓ। ਉਨ੍ਹਾਂ ਦਾ ਇਹ ਹੁਕਮ ਮੰਨਕੇ ਮੈਂ ਚਾਹਕੇ ਇਹ ਟੀਕਾ ਰਚਣ ਲੱਗ ਪਿਆ।

ਮਹਾਰਾਜ ਉਦੇ ਸਿੰਘ ਦੀ ਫਰਮਾਇਸ਼ ਉਪਰ ਆਪ ਨੇ ਇਹ ਟੀਕਾ ਰਚਿਆ ਤੇ ਇਸ ਵਿਚ ਸਾਧੂ ਆਨੰਦਘਨ ਦੀਆਂ ਅਯੁਕਤ ਯੁਕਤੀਆਂ ਦਾ ਖੰਡਨ ਤੇ ਸ਼ੰਕਿਆਂ ਦਾ ਸਮਾਧਾਨ ਥਾਂ ਪਰ ਥਾਂ ਕੀਤਾ, ਆਪਣੇ ਖਿਆਲ ਮੂਜਬ ਗੁਰਬਾਣੀ ਦੇ ਦਰੁਸਤ ਅਰਥ ਪ੍ਰਗਟਾਏ। ਅਰਥਾਂ ਪਿਛੋਂ ਗੁਰਬਾਣੀ ਦੀਆਂ ਤੁਕਾਂ ਵਿਚ ਦੇ ਅਲੰਕਾਰ ਨਿਖੇੜ ਨਿਖੇੜ ਕੇ ਦਰਸਾਏ। ਆਪਣੇ ਨਮੂਨੇ ਦਾ ਇਹ ਇਕੋ ਹੀ ਟੀਕਾ ਹੈ, ਜਿਸ ਵਿਚ ਗੁਰਬਾਣੀ ਦੀਆਂ ਤੁਕਾਂ ਵਿਚ ਉਸਦੀਆਂ ਸਾਹਿਤਜਕ ਖੂਬੀਆਂ ਬੀ ਦਰਸਾਈਆਂ ਗਈਆਂ ਹਨ।

ਕਵੀ ਜੀ ਨੇ ਇਸ ਟੀਕੇ ਦਾ ਨਾਮ 'ਗਰਬ ਗੰਜਨੀ' ਰਖਿਆ ਹੈ। ਇਸ ਦਾ ਅਰਥ ਕੀਹ ਹੈ? ਇਸੇ ਟੀਕੇ ਦੇ ਅੰਤ ਵਿਚ, ਪੰਨਾ ੧੯੪ ਪਰ, ਆਪ ਨੇ ਖੋਲ੍ਹਕੇ ਦੱਸ ਦਿੱਤਾ ਹੈ। 'ਗਰਬ ਗੰਜਨੀ' ਪਦ ਦੇ ਅੱਖਰੀ ਅਰਥ ਹਨ: ਹੰਕਾਰ ਨੂੰ ਤੋੜਨ ਵਾਲਾ। ਮੁਰਾਦ ਇਸ ਦੀ ਇਹ ਹੈ ਕਿ ਜੇ ਕੋਈ ਵਿਦ੍ਵਾਨ ਅਰਥਾਂ ਦਾ ਆਪਣੇ ਮਨ ਵਿਚ ਮਾਣ ਕਰੇ ਤਾਂ ਉਸਦਾ ਹੰਕਾਰ ਇਹ ਟੀਕਾ ਦੂਰ ਕਰ ਦੇਵੇਗਾ। ਦੂਸਰੇ ਇਹ ਬੀ: ਕਿ ਹਰ ਕੋਈ ਇਸ ਟੀਕੇ ਨੂੰ ਪੜ੍ਹਕੇ ਆਪਣੇ ਮਾਨ ਹੰਕਾਰ ਨੂੰ ਦੂਰ ਕਰੇ, ਗਰੀਬੀ ਤੇ ਨਿੰਮ੍ਰਤਾ ਗ੍ਰਹਣ ਕਰਕੇ ਮੁਕਤਿ ਮਾਰਗ ਦਾ ਤੁਰਾਊ ਹੋਵੇ।

ਕਵੀ ਜੀ ਨੇ ਇਸ ਟੀਕੇ ਵਿਚ ਗੁਰਬਾਣੀ ਦੇ ਅਰਥ ਵਿਸ਼ੇਸ਼ ਕਰਕੇ ਉਨ੍ਹਾਂ ਲੀਹਾਂ ਤੇ ਕੀਤੇ ਹਨ ਜਿਵੇਂ ਉਸ ਜ਼ਮਾਨੇ ਦੇ ਵਿਦ੍ਵਾਨਾਂ ਦਾ ਰੁਖ਼ ਹਮੇਸ਼ਾਂ ਵੇਦਾਂਤ ਵੱਲ ਹੀ ਹਰ ਸ਼ੈ ਨੂੰ ਖਿੱਚਣ ਦਾ ਹੁੰਦਾ ਸੀ ਤੇ ਇਸ ਚਤੁਰਤਾ ਨੂੰ ਵਿਦ੍ਵਤਾ ਦੀ ਪ੍ਰਾਗੱਲਭਤਾ ਸਮਝਿਆ ਜਾਂਦਾ ਸੀ। ਭਗਤੀ ਭਾਵ ਵਾਲੇ ਸਪਸ਼ਟ ਵਾਕਾਂ ਨੂੰ ਬੀ ਕਈ ਵਾਰ ਵਿਦ੍ਵਾਨ ਵੇਦਾਂਤ ਵਿਚ ਹੀ ਢੁਕਾ ਲਿਆ ਕਰਦੇ ਸਨ।

ਇਸ ਨੁਕਤੇ ਤੋਂ ਇਹ ਟੀਕਾ ਉਸ ਸਮੇਂ ਦੀ ਵੇਦਾਂਤ ਨਿਪੁਨ ਬੁੱਧੀ ਦੇ ਚਮਤਕਾਰ ਦਾ ਇਕ ਸੁਹਣਾ ਨਮੂਨਾ ਹੈ ਤੇ ਕਵੀ ਜੀ ਦੀ ਰਚਨਾ ਹੋਣ ਕਰਕੇ ਕਾਵ੍ਯ ਦੇ ਅਲੰਕਾਰ, ਧੁਨਿ, ਲੱਛਣਾ ਬ੍ਰਿਤੀਆਂ ਆਦਿ ਦਰਸਾਉਣ ਕਾਰਨ ਆਪਣੀ ਸਾਹਿਤਯਕ ਮਹੱਤਤਾ ਬੀ ਰਖਦਾ ਹੈ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ਰਚਨਾਂ ਦੇ ਜਿਤਨੇ ਗ੍ਰੰਥ ਮਿਲਦੇ ਹਨ ਸਭੋ ਕਵਿਤਾ ਵਿਚ ਹਨ, ਜੈਸੇ ਕਿ: ਨਾਮ ਕੋਸ਼, ਗੁਰ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ, ਵਾਲਮੀਕੀ ਰਾਮਾਯਣ। ਪਰ ਇਹ ਟੀਕਾ ਹੈ ਜੋ ਆਪ ਦੀ ਵਾਰਤਕ ਰਚਨਾ ਹੈ; ਯਾ 'ਆਤਮ ਪੁਰਾਣ' ਦਾ ਟੀਕਾ, ਜੋ ਮਿਲ ਨਹੀਂ ਰਿਹਾ, ਵਾਰਤਕ ਵਿਚ ਸੁਣੀਦਾ ਹੈ ਕਿ ਹੈਸੀ। ਇਸ ਟੀਕੇ ਦੀ ਬੋਲੀ ਸਾਧੂ ਭਾਸ਼ਾ ਹੈ, ਵਿਦਵਾਨਾਂ ਵਿਚ ਉਸ ਵੇਲੇ ਏਹੋ ਬੋਲੀ ਹੀ ਵਿਸ਼ੇਸ਼ ਕਰਕੇ ਲਿਖੀ ਪੜ੍ਹੀ ਜਾਂਦੀ ਸੀ, ਤੇ ਕਵੀ ਜੀ ਦਾ ਇਸ ਬੋਲੀ ਨੂੰ ਇਸ ਟੀਕੇ ਲਈ ਵਰਤਣਾ ਸੁਭਾਵਕ ਹੀ ਸੀ।

ਗੁਰ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਬਿਨਾਂ ਹੋਰ ਉਨ੍ਹਾਂ ਦੀਆਂ ਰਚਨਾਵਾਂ ਛਾਪੇ ਦਾ ਜਾਮਾ ਨਹੀਂ ਪਹਿਨ ਸਕੀਆਂ। ਗਰਬ ਗੰਜਨੀ ਟੀਕਾ ਇਕ ਵਾਰ ਅੱਗੇ, ਪੰਜਾਹ ਬਰਸ ਹੋਏ, ਛਪਿਆ ਸੀ, ਪਰ ਅੱਜ ਉਹ ਬੀ ਨਹੀਂ ਮਿਲ ਰਿਹਾ। ਉਨ੍ਹਾਂ ਦੀਆਂ ਗੁੰਮ ਹੋ ਰਹੀਆਂ ਰਚਨਾਵਾਂ ਨੂੰ ਮੁੜ ਸੁਲਭ ਕਰਨ ਲਈ ਯਾਦਗਾਰ ਕਮੇਟੀ ਨੇ ਉੱਦਮ ਚੁਕਿਆ ਤੇ ਸਾਨੂੰ ਇਹ ਪ੍ਰਗਟ ਕਰਨ ਵਿਚ ਖੁਸ਼ੀ ਹੈ ਕਿ ਸਾਡਾ ਪਹਿਲਾ ਉੱਦਮ 'ਗਰਬ ਗੰਜਨੀ' ਨੂੰ ਪ੍ਰਕਾਸ਼ਤ ਕਰਨ ਦਾ ਭਾਵੇਂ ਕਾਫੀ ਦੇਰ ਤੇ ਤਰੱਦਦ ਪਿਛੋਂ ਸਿਰੇ ਚੜ੍ਹਿਆ ਹੈ, ਪਰ ਆਖਰ ਗੁਰੂ ਮਿਹਰ ਹੇਠ ਸਫਲ ਹੋ ਗਿਆ ਹੈ ਤੇ ਅਸੀਂ ਇਹ ਗੁੰਮ ਹੋ ਰਹੀ ਰਚਨਾਂ ਨੂੰ ਇਕ ਤੋਂ ਅਨੇਕ ਕਰਨ ਵਿਚ ਕਾਮਯਾਬ ਹੋ ਗਏ ਹਾਂ।

ਅਗੇ ਇਹ ਟੀਕਾ ਇਕ ਵਾਰ ਸੰ: ੧੯੧੦ ਈ: ਵਿਚ, ਸੰਤ ਸਰੂਪ ਸਿੰਘ ਜੀ ਖਾਲਸਾ ਗਜਾਨੀ ਦੇ ਉੱਦਮ ਨਾਲ ਛਪਿਆ ਸੀ, ਜੋ 'ਗਲੀ ਫਤਹਆਬਾਦੀਆਂ, ਧਰਮਸਾਲਾ ਭਾਈ ਸਵਾ-ਇਆ ਸਿੰਘ ਜੀ ਅੰਮ੍ਰਿਤਸਰ' ਵਿਚ ਰਿਹਾ ਕਰਦੇ ਸਨ। ਉਨ੍ਹਾਂ ਨੇ ਜੈਸੀ ਸੂਰਤ ਵਿਚ ਕੋਈ ਲਿਖਤੀ ਪੋਥੀ ਮਿਲੀ, ਮੋਟੇ ਅੱਖਰਾਂ ਵਿਚ, ਸਾਦੇ ਜਿਹੇ ਕਾਗਜ਼ ਤੇ, ਇਸੇ ਪੋਥੀ ਦੇ ਆਕਾਰ ਵਿਚ ਛਪਵਾ ਦਿਤੀ। ਉਸ ਦਾ ਪਾਠ ਦਸਦਾ ਹੈ ਕਿ ਸੁਧਾਈ ਦਾ ਪ੍ਰੈਸ ਵਲੋਂ ਬਹੁਤਾ ਉੱਦਮ ਨਹੀਂ ਹੋਇਆ, ਕਈ ਅਸ਼ੁਧੀਆਂ ਛਪ ਗਈਆਂ ਤੇ ਕਈ ਕਈ ਥਾਈਂ ਤੁਕਾਂ ਦੇ ਅਰਥ ਬੀ ਰਹਿ ਗਏ ਯਾ ਉਲਟ ਪੁਲਟ ਛਪ ਗਏ। ਪਦ ਛੇਦ ਤੇ ਵਿਰਾਮ ਨਾ ਹੋਣ ਕਾਰਨ ਸਧਾਰਨ ਪਾਠਕ ਦਾ ਇਸ ਨੂੰ ਪੜ੍ਹਨਾ ਤੇ ਸਮਝਣਾ ਸੌਖਾ ਨਹੀਂ ਸੀ। ਪਰ ਫਿਰ ਬੀ ਸ੍ਰੀ ਮਾਨ ਸੰਤ ਸਰੂਪ ਸਿੰਘ ਜੀ ਦਾ ਉੱਦਮ ਸ਼ਲਾਘਾ ਯੋਗ ਹੈ, ਉਹਨਾਂ ਨੇ ਵਾਹ ਲਗਦੀ ਇਸ ਦੁਰਲਭ ਸ਼ੈ ਨੂੰ ਪ੍ਰਕਾਸ਼ਤ ਕਰਾਕੇ ਕਾਇਮ ਰਖਿਆ, ਤੇ ਹੁਣ ਬੀ ਸਾਡੀ ਇਸ ਪ੍ਰਕਾਸ਼ਨਾਂ ਦਾ ਆਧਾਰ ਉਨ੍ਹਾਂ ਦੀ ਛਾਪੀ ਪੋਥੀ ਹੀ ਹੋਈ। ਹੁਣ ਅਸਾਂ ਇਸ ਨੂੰ ਸਤਿਕਾਰਯੋਗ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸੰਚੇ ਵਿਚੋਂ, ਸ੍ਰੀ ਮਾਨ ਡਾਕਟਰ ਬਲਬੀਰ ਸਿੰਘ ਜੀ ਪੀਐਚ.ਡੀ. ਦੀ ਕ੍ਰਿਪਾਲਤਾ ਦੁਆਰਾ ਗਰਬ ਗੰਜਨੀ ਦੀ ਲਿਖਤੀ ਪੋਥੀ ਪ੍ਰਾਪਤ ਕਰਕੇ, ਸੋਧਿਆ ਹੈ ਤੇ ਛਪਾਈ ਵਿਚ ਪਦ ਛੇਦ ਕੀਤਾ, ਛੰਦੇ ਤੇ ਵਿਰਾਮ ਲਾਏ, ਪੈਰੇ ਵੰਡ ਕੀਤੀ, ਮੂਲ ਪਾਠ ਮੋਟੇ ਅੱਖਰਾਂ ਵਿਚ ਤੇ ਅਰਥ ਆਦਿ ਬ੍ਰੀਕ ਅੱਖਰਾਂ ਵਿਚ ਛਾਪੇ, ਅਲੰਕਾਰਾਂ ਨੂੰ ਨਿਖੇੜਿਆ, ਜਪੁਜੀ ਦੇ ਮੂਲ ਪਾਠ ਤੇ ਅਰਥਾਂ ਵਿਚ ਆਏ ਪ੍ਰਮਾਣਾਂ ਦੇ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੋਧੇ ਤੇ ਉਨ੍ਹਾਂ ਦੇ ਪਤੇ ਬੀ ਨਾਲੋਂ ਨਾਲ ਲਗਾ ਦਿਤੇ ਹਨ। ਕਿਤੇ ਕਿਤੇ ਔਖੇ ਪਦਾਂ ਦੇ ਟੂਕਾਂ ਵਿਚ ਅਰਥ ਲਾਉਣ ਦਾ ਯਤਨ ਬੀ ਕੀਤਾ ਹੈ ਤੇ

ਸਿਰਲੇਖ ਦਿੱਤੇ ਹਨ। ਖਿਆਲ ਹੈ ਕਿ ਭਾਵੇਂ ਬਹੁਤੀ ਤਾਂ ਨਹੀਂ, ਪਰ ਕਿਸੇ ਹੱਦ ਤਕ ਇਹ ਛਾਪ ਪਹਿਲੀ ਛਾਪ ਦੇ ਮੁਕਾਬਲੇ ਤੇ ਸਾਧਾਰਣ ਪਾਠਕ ਦੇ ਵਾਚਣ ਤੇ ਸਮਝਣ ਲਈ ਕੁਝ ਸੌਖੀ ਜ਼ਰੂਰ ਹੋ ਗਈ ਹੈ। ਕਾਵ੍ਯ ਦੇ ਅਲੰਕਾਰ, ਦੋਸ਼, ਬ੍ਰਿਤੀਆਂ ਆਦਿ ਦੇ ਜੋ ਲੱਛਣ ਇਸ ਰਚਨਾਂ ਵਿਚ ਕਵੀ ਜੀ ਨੇ ਆਪਣੀ ਕਾਵ੍ਯ ਰਚਨਾਂ ਵਿਚ ਯਾ ਵਾਰਤਕ ਰੂਪ ਵਿਚ ਥਾਂ ਪਰ ਥਾਂ ਦਿੱਤੇ ਹਨ, ਉਨ੍ਹਾਂ ਦੀ ਸੂਚੀ ਬੀ ਦੇ ਦਿੱਤੀ ਗਈ ਹੈ, ਤਾਂਕਿ ਪਾਠਕ ਲੋੜ ਅਨੁਸਾਰ ਜਾਣਕਾਰੀ ਪ੍ਰਾਪਤ ਕਰ ਸਕਣ।

ਇਸ ਟੀਕੇ ਦੇ ਆਰੰਭ ਵਿਚ ਮੰਗਲ ਦੇ ਛੰਦਾਂ ਵਿਚ ਅੰਕ ੨ ਮੌਜੂਦ ਨਹੀਂ, ਸੰਤ ਸਰੂਪ ਸਿੰਘ ਜੀ ਦੀ ਛਾਪੀ ਪੋਥੀ ਵਿਚ ਇਵੇਂ ਹੀ ਛਪਿਆ ਸੀ। ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸੰਚੇ ਦੀ ਲਿਖਤੀ ਪੋਥੀ ਪ੍ਰਾਪਤ ਹੋਈ ਤਾਂ ਉਸ ਵਿਚੋਂ ਇਹ ਛੰਦ ਪ੍ਰਾਪਤ ਹੋ ਗਿਆ ਹੈ। ਇਹ ਵਿਦ੍ਯਾ ਦੀ ਦੇਵੀ ਸਰਸ੍ਵਤੀ ਦਾ ਮੰਗਲ ਰੂਪ ਹੈ, ਪਾਠ ਇਹ ਹੈ :-

ਬਰਨ ਬਿਸਦ ਬਪੁ ਬਰਨ ਮੈਂ ਬਰਨੇ ਬਜੰਤ ਬ੍ਰਿਧਾਇ॥
ਬੰਦਉਂ ਬਾਨੀ ਬਾਕ ਬਰ ਬਾਰਦ ਸੀ ਬਰ ਦਾਇ॥੨॥

ਅਰਥਾਤ-(ਜਿਸ ਦੇ) ਸਰੀਰ ਦਾ ਰੰਗ ਉੱਜਲ ਕਥਨ ਕੀਤਾ ਜਾਂਦਾ ਹੈ (ਤੇ ਜੋ) ਅੱਖਰਾਂ (ਦਾ ਗ੍ਯਾਨ ਆਪਣੇ ਸੇਵਕ ਦਾ) ਬਜੰਤ ਵਧਾ ਦਿੰਦੀ ਹੈ, (ਤੇ ਜੋ) ਬੱਦਲ ਵਾਂਗ (ਵਰਖਾ ਕਰਕੇ) ਵਾਕ ਵਿਦ੍ਯਾ (ਕਾਵ੍ਯ) ਦੇ ਵਰਾਂ ਦੀ ਦਾਤੀ ਹੈ, ਮੈਂ (ਉਸ) ਸ੍ਰੇਸ਼ਟ ਬਾਣੀ (ਸਰਸ੍ਵਤੀ) ਨੂੰ ਨਮਸਕਾਰ ਕਰਦਾ ਹਾਂ।

ਆਪ ਦੇ ਦੋਹਰੇ ਦੀ ਗੋਂਦ ਤੇ ਅੱਖਰਾਂ ਦੇ ਅਨੁਪ੍ਰਾਸ ਦੇਖਣ ਵਾਲੇ ਹਨ।

ਕਵੀ ਜਨ ਵਾਕ ਵਾਣੀ ਨੂੰ ਆਰਾਧਦੇ ਚਲੇ ਆ ਰਹੇ ਹਨ ਤੇ ਸਰਸ੍ਵਤੀ ਪੂਜਾ ਆਪਣੇ ਸਾਹਿਤ੍ਯਕ ਕਾਰਜ ਦੀ ਨਿਰਵਿਘਨ ਸਮਾਪਤੀ ਲਈ ਕਰਦੇ ਰਹੇ ਹਨ। ਇਹ ਮਰਯਾਦਾ ਕਿਥੋਂ ਕਿਥੋਂ ਦੇ ਕਵੀਆਂ ਵਿਚ ਤੇ ਕਦੋਂ ਤੋਂ ਜਾਰੀ ਹੋਈ, ਇਸ ਦੀ ਵਾਕਫੀ ਲਈ ਪੜ੍ਹੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਕੀਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਟੀਕੇ ਦੀ ਦੂਜੀ ਜਿਲਦ ਦਾ ਪੰਨਾ ੫ ਤੋਂ ੧੫ ਤੱਕ।

ਅਸੀਂ ਸ੍ਰੀ ਮਾਨ ਗਿਆਨੀ ਮਹਾਂ ਸਿੰਘ ਜੀ ਐਡੀਟਰ 'ਖਾਲਸਾ ਸਮਚਾਰ' ਦੇ ਅਤਿਅੰਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਗ੍ਰੰਥ ਦੇ ਛਾਪਣ ਦੀ ਪ੍ਰੇਰਨਾ ਕੀਤੀ ਅਰ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਲਾਇਬਰੇਰੀ ਵਿਚੋਂ ਉਨ੍ਹਾਂ ਦੇ ਭਾਈ ਸਾਹਿਬ, ਡਾਕਟਰ ਬਲਬੀਰ ਸਿੰਘ ਜੀ ਦੀ ਕਿਰਪਾ ਨਾਲ, ਹਸਤ ਲਿਖਤ ਨੁਸਖਾ ਪ੍ਰਾਪਤ ਕਰਕੇ ਸੋਧ ਕੀਤੀ ਤੇ ਫੇਰ ਥਾਂ ਥਾਂ ਬਿਸਰਾਮ-ਚਿੰਨ੍ਹ ਆਦਿ ਲਗਾ ਅਰ ਪ੍ਰਯਾਯ ਦਰਜ ਕਰਕੇ ਪ੍ਰੂਫ ਪੜ੍ਹਨ ਤੱਕ ਦੀ ਖੇਚਲ ਵੀ ਆਪ ਉਠਾਈ ਤੇ ਇਹ ਸਾਰੀ ਸੇਵਾ ਪ੍ਰੇਮ ਲਗਨ ਨਾਲ ਨਿਬਾਹੀ। ਹੁਣ ਸੰਗਤਾਂ ਦੀ ਸੇਵਾ ਵਿਚ ਇਹ ਗ੍ਰੰਥ ਜਿਸ ਰੂਪ ਵਿਚ ਪੁਜ ਰਿਹਾ ਹੈ, ਸਾਰਾ ਗਿਆਨੀ ਜੀ ਦੀ ਸੇਵਾ ਦਾ ਹੀ ਫਲ ਹੈ।

ਦਾਸ-ਗਿਆਨੀ ਖਜ਼ਾਨ ਸਿੰਘ

# ਦੋ ਸ਼ਬਦ

[ਵੱਲੋਂ–ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ', ਕਲਾ ਮੰਦਰ, ਪਟਿਆਲਾ]

ਉੱਨੀਵੀਂ ਸਦੀ ਵਿਚ ਪੰਜਾਬ ਦੀਆਂ ਜਿਨ੍ਹਾਂ ਦੋ ਮਹਾਨ ਵਿਅਕਤੀਆਂ ਨੇ ਭਾਰਤੀ ਸੰਸਕ੍ਰਿਤੀ ਦੀ ਮਹਾਨ ਸੇਵਾ ਕੀਤੀ, ਉਸ ਦੀ ਮਿਸਾਲ ਇਤਿਹਾਸ ਵਿਚ ਦੁਰਲੱਭ ਹੈ। ਇਨ੍ਹਾਂ ਵਿਚੋਂ ਇਕ ਸੀ ਤੇਗ਼ ਦਾ ਧਨੀ–ਮਹਾਰਾਜਾ ਰਣਜੀਤ ਸਿੰਘ, ਦੂਜਾ ਸੀ ਕਲਮ ਦਾ ਧਨੀ–ਮਹਾਂ ਕਵੀ ਸੰਤੋਖ ਸਿੰਘ। ਰਣਜੀਤ ਸਿੰਘ ਦਾ ਰਾਜ ਤਾਂ ਮਿਟ ਗਿਆ, ਪਰ ਸੰਤੋਖ ਸਿੰਘ ਦੀ ਸਾਹਿਤਕ ਪਾਤਸ਼ਾਹੀ ਦਾ ਸੂਰਜ ਅਸਤ ਹੋਣ ਵਾਲਾ ਨਹੀਂ। ਮਹਾਨ ਕਵੀ ਤੇ ਇਤਿਹਾਸਕਾਰ ਹੋਣ ਦੇ ਨਾਤੇ ਉਨ੍ਹਾਂ ਜੋ ਘਾਲ ਘਾਲੀ, ਉਹ ਬੇਮਿਸਾਲ ਹੈ। ਉਸ ਸਮੇਂ ਬ੍ਰਿਜਭਾਸ਼ਾ ਜਾਂ ਹਿੰਦੀ ਵਿਦਵਾਨਾਂ ਦੀ ਮੰਨੀ ਹੋਈ ਸਾਹਿਤਕ ਭਾਸ਼ਾ ਸੀ ਤੇ ਪੰਜਾਬ ਦੇ ਵਿਦਵਾਨ ਵੀ ਇਸੇ ਵਿਚ ਰਚਨਾਂ ਕਰਨੀ ਫ਼ਖ਼ਰ ਦੀ ਗੱਲ ਸਮਝਦੇ ਸਨ। ਇਸ ਲਈ ਅਜੇਹੀ ਪ੍ਰਮਾਣੀਕ ਭਾਸ਼ਾ ਵਿਚ ਗੁਰੂ ਸਾਹਿਬਾਂ ਵਲੋਂ ਚਲਾਏ ਜਾਗ੍ਰਤੀ ਅੰਦੋਲਨ ਦਾ ਇਤਿਹਾਸ ਲਿਖਣਾ ਸਮੇਂ ਦੀ ਬੜੀ ਜ਼ਰੂਰੀ ਮੰਗ ਸੀ, ਜਿਸ ਨੂੰ ਮਹਾਂ ਕਵੀ ਜੀ ਨੇ ਬੜੇ ਕਲਾ ਪੂਰਣ ਢੰਗ ਨਾਲ ਸਫਲਤਾ ਸਹਿਤ ਪੂਰਿਆਂ ਕੀਤਾ। ਉਨ੍ਹਾਂ ਇਤਿਹਾਸ ਜਿਹੇ ਖੁਸ਼ਕ ਵਿਸ਼ੇ ਨੂੰ ਕਲਾ ਦੀ ਰੰਗਣ ਨਾਲ ਅਜੇਹਾ ਰਸੀਲਾ ਤੇ ਛਬੀਲਾ ਬਣਾ ਦਿੱਤਾ ਕਿ ਇਹ ਇਤਿਹਾਸ ਦੇ ਨਾਤੇ ਹੀ ਨਹੀਂ, ਬਲਕਿ ਇਕ ਮਹਾਨ ਕਾਵਿ ਦੇ ਨਾਤੇ ਵੀ ਵਡਮੁੱਲੀ ਰਚਨਾ ਬਣ ਗਈ।

ਇਤਿਹਾਸਕਾਰ ਤੇ ਮਹਾਨ ਕਵੀ ਹੋਣ ਤੋਂ ਇਲਾਵਾ ਮਹਾਂ ਕਵੀ ਜੀ ਭਾਰਤੀ ਤੱਤ ਗਿਆਨ ਤੇ ਸਾਹਿਤ ਸ਼ਾਸਤ੍ਰ ਦੇ ਵੀ ਮਹਾਨ ਪੰਡਤ ਸਨ। ਉਨ੍ਹਾਂ ਥਾਂ ਥਾਂ ਆਪਣੀ ਇਤਿਹਾਸਕ ਕਾਵਿ ਰਚਨਾਂ ਵਿਚ ਬਾਕੀ ਮਤਾਂ ਨਾਲੋਂ ਗੁਰਮਤਿ ਸਿੱਧਾਤਾਂ ਦੀ ਵਿਸ਼ੇਸ਼ਤਾ ਦਰਸਾਂਦਿਆਂ ਬੜੀ ਡੂੰਘੀ ਵਿਦਵਤਾ ਦਾ ਸਬੂਤ ਦਿੱਤਾ ਹੈ। 'ਸ੍ਰੀ ਨਾਨਕ ਪ੍ਰਕਾਸ਼' ਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਜਿਥੇ ਜਿਥੇ ਵੀ ਗੁਰੂ ਸਹਿਬਾਨ ਦੀ ਪੀਰਾਂ, ਫਕੀਰਾਂ, ਸਿੱਧਾਂ, ਜੋਗੀਆਂ, ਪੰਡਤਾਂ, ਮੌਲਾਣਿਆਂ ਨਾਲ ਧਾਰਮਕ ਸਿੱਧਾਂਤਾਂ ਬਾਰੇ ਵਿਚਾਰ ਚਰਚਾ ਆਈ ਹੈ, ਕਵੀ ਜੀ ਨੇ ਉਸ ਦਾ ਪੂਰਾ ਪੂਰਾ ਫਾਇਦਾ ਉਠਾਂਦਿਆਂ ਆਪਣੀ ਤੀਖਣ ਬਿਬੇਕ ਬੁੱਧੀ ਰਾਹੀਂ ਸਿੱਧਾਂਤਾਂ ਦਾ ਸਪਸ਼ਟ ਨਿਰਣਾ ਕੀਤਾ ਹੈ। ਮਿਸਾਲ ਲਈ ਸ੍ਰੀ ਨਾਨਕ ਪ੍ਰਕਾਸ਼ ਦੇ ਪੂਰਬਾਰਧ ਵਿਚ ੪੮-੪੯ ਅਧਿਆਇ ਅੰਦਰ ਕਸ਼ਟ ਯੋਗ ਤੇ ਭਗਤੀ ਯੋਗ ਦਾ ਤੁਲਨਾਤਮਕ ਅਧਿਐਨ ਪੇਸ਼ ਕਰਕੇ ਬੜੀ ਖੂਬੀ ਨਾਲ ਪ੍ਰੇਮਾ ਭਗਤੀ ਦੀ ਵਿਸ਼ਿਸ਼ਤਾ ਦਰਸਾਈ ਹੈ। ਇਵੇਂ ਜਿਵੇਂ ਹਠ ਯੋਗ ਦੇ ਖੰਡਨ ਦੀ ਵਾਰਤਾ ਅਧਿਆਇ ੬੦ ਤੋਂ ੬੪ ਤਕ ਸਵਿਸਥਾਰ ਅੰਕਿਤ ਕੀਤੀ ਹੈ। ਜਦੋਂ ਸ੍ਰੀ ਨਾਨਕ ਪ੍ਰਕਾਸ਼ ਦੇ ਉਤਰਾਰਧ ਦੇ ਪ੧ਵੇਂ ਅਧਿਆਇ ਵਿਚ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣੇ ਨੂੰ ਸਿਖਿਆ ਦਿਤੀ, ਤਾਂ ਉਸ ਵਿਚ ਵੇਦਾਂਤ ਦੇ ਆਤਮ ਗਿਆਨ ਦਾ ਨਿਚੋੜ ਕੱਢ ਦਿਖਾਇਆ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਸੂਰਜ ਪ੍ਰਕਾਸ਼ ਵਿਚ ਥਾਂ ਥਾਂ ਦੇਖੀਆਂ ਜਾ ਸਕਦੀਆਂ ਹਨ।

ਇਸ ਤਰ੍ਹਾਂ ਜਿਥੇ ਮਹਾਂ ਕਵੀ ਜੀ ਭਾਰਤੀ ਮਤਾਂ ਦੇ ਪੂਰਣ ਗਿਆਤਾ ਸਨ, ਉਥੇ ਸਹਿਤ ਸ਼ਾਸਤ੍ਰੀ ਵੀ ਬੜੇ ਉੱਚੇ ਦਰਜੇ ਦੇ ਸਨ। ਇਸ ਗੱਲ ਦਾ ਪਰਮਾਣ ਉਨ੍ਹਾਂ ਦੀ ਰਚਨਾ ਜਪੁਜੀ ਦਾ ਟੀਕਾ 'ਗਰਬ ਗੰਜਨੀ' ਹੈ, ਜੋ ਉਨ੍ਹਾਂ ੧੮੨੯ ਈ: ਵਿਚ ਮਹਾਰਾਜਾ ਭਾਈ ਉਦੇ ਸਿੰਘ ਕੈਂਥਲਪਤੀ ਦੇ ਕਹਿਣ ਤੇ ਲਿਖਿਆ। ਇਸ ਟੀਕੇ ਵਿਚ ਉਨ੍ਹਾਂ ਜਿਥੇ ਗੁਰਮਤਿ ਦੇ ਸਿੱਧਾਂਤਾਂ ਨੂੰ ਉਸ ਸਮੇਂ

ਦੇ ਪਰਚਲਤ ਸ਼ਾਸਤ੍ਰੀ ਤਰੀਕੇ ਅਨੁਸਾਰ ਵਰਣਨ ਕੀਤਾ ਹੈ, ਉਥੇ ਜਪੁਜੀ ਵਰਗੀ ਦਾਰਸ਼ਨਿਕ ਰਚਨਾਂ ਵਿਚ ਅਲੰਕਾਰਕ ਚਮਤਕਾਰਾਂ ਨੂੰ ਉਜਾਗਰ ਕਰਕੇ ਦਰਸਾਉਣਾ ਵੀ ਆਪ ਦੀ ਸਾਹਿਤਕ ਪ੍ਰਤਿਭਾ ਦਾ ਹੀ ਕ੍ਰਿਸ਼ਮਾ ਹੈ। ਉਨ੍ਹਾਂ ਜਪੁਜੀ ਸਾਹਿਬ ਦੀ ਹਰ ਪਉੜੀ ਵਿਚ ਕਿਸੇ ਨ ਕਿਸੇ ਅਲੰਕਾਰਕ ਰੰਗ ਨੂੰ ਤੱਕਿਆ ਹੈ ਤੇ ਫਿਰ ਉਸ ਦੇ ਲੱਛਣ ਬਿਆਨ ਕਰਕੇ ਉਸ ਨੂੰ ਉਸ ਰਚਨਾ ਵਿਚ ਘਟਾਕੇ ਦਿਖਾਉਣ ਦਾ ਵੀ ਜਤਨ ਕੀਤਾ ਹੈ। ਇਹ ਵਿਸ਼ਲੇਸ਼ਨ ਆਪਣੀ ਭਾਂਤ ਦਾ ਹੈ ਤੇ ਉਨ੍ਹਾਂ ਦੀ ਸਾਹਿਤਕ ਪੰਡਤਾਈ ਦਾ ਸਬੂਤ ਹੈ। ਜਿਸ ਸੰਜਮ ਤੇ ਸਾਦਗੀ ਨਾਲ ਅਲੰਕਾਰਾਂ ਦੇ ਲੱਛਣ ਕੀਤੇ ਗਏ ਹਨ, ਉਹ ਵੀ ਪ੍ਰੌਢ ਵਿਦਵਤਾ ਦਾ ਸਬੂਤ ਹਨ। ਉਦਾਹਰਣ ਵਜੋਂ ਦੋ ਚਾਰ ਨਮੂਨੇ ਇਥੇ ਦਿੰਦੇ ਹਾਂ:-

ਅਲੰਕਾਰ-ਸ਼ਬਦ ਅਰਥ ਜੋ ਚਿਤ੍ਰਤ ਕਰਹੀ। ਚਮਤਕਾਰ ਛਬਿ ਅਧਿਕੇ ਧਰਿਹੀ।
ਭੂਸ਼ਨ ਜੈਸੇ ਪਹਿਰੇ ਪ੍ਰਾਨੀ। ਤੈਸੇ ਅਲੰਕਾਰ ਮਿਲਿ ਬਾਨੀ।

ਰੂਪਕ-ਉਪਮੇਯਹਿ ਉਪਮਾਨਹਿ ਜੋਉ। ਏਕ ਰੂਪ ਕਰਿ ਬਰਨੈ ਕੋਊ।
ਤਿਂਹ ਕੋ ਰੂਪਕ ਕਰਹਿਂ ਉਚਾਰ। ਜੌਨ ਲਖੈਂ ਭੇਦਾਲੰਕਾਰ।

ਕਾਵਿ ਲਿੰਗ-ਅਰਥ ਸਮਰਥਨ ਜਿਸ ਮੇਂ ਹੋਇ। ਕਾਵਿ ਲਿੰਗ ਕੋ ਲੱਛਣ ਸੋਇ।


ਸਲੇਸ਼-ਇਕ ਪਦ ਕੇ ਬਹੁ ਅਰਥ ਲਖੀਜੈ। ਤਹਿਂ ਸਲੇਸ਼ ਭੂਸ਼ਨ ਕਹਿ ਦੀਜੈ।

ਯਮਕ-ਇਕ ਪਦ ਬਾਰ ਅਨੇਕ ਜਿ ਆਵੈ। ਅਰਥਹਿ ਭਿੰਨ ਭਿੰਨ ਪ੍ਰਗਟਾਵੈ।
ਸੋ ਯਮਕਾਲੰਕਾਰ ਬਖਾਨੈ। ਕਵੀ ਸੰਤੋਖ ਸਿੰਘ ਗੁਣੀ ਪ੍ਰਮਾਨੈ।... ਇਤਿਆਦਿ।

ਇਸ ਟੀਕੇ ਦੀ ਭਾਸ਼ਾ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ। ਇਹ ਟੀਕਾ ਗੱਦ ਵਿਚ ਤੇ ਸੰਤ ਭਾਸ਼ਾ ਵਿਚ ਹੈ। ਜਿਸ ਤਰ੍ਹਾਂ ਉਸ ਸਮੇਂ ਕਾਵਿ ਰਚਨਾ ਲਈ ਬ੍ਰਿਜਭਾਸ਼ਾ ਪ੍ਰਮਾਣੀਕ ਭਾਸ਼ਾ ਸੀ, ਉਸ ਤਰ੍ਹਾਂ ਵਾਰਤਿਕ ਰਚਨਾ ਲਈ 'ਸਧੁਕੜੀ' ਜਾਂ 'ਸਾਧੂ ਭਾਸ਼ਾ' ਦਾ ਪ੍ਰਯੋਗ ਕਰਨਾ ਵਧੇਰੇ ਪ੍ਰਚਲਤ ਸੀ। ਅਸਲ ਗੱਲ ਇਹ ਸੀ ਕਿ ਦਾਰਸ਼ਨਿਕ ਜਾਂ ਧਾਰਮਿਕ ਮਾਮਲਿਆਂ ਦੀ ਚਰਚਾ ਆਮ ਤੌਰ ਤੇ ਸਾਧੂ ਜਾਂ ਪੰਡਤ ਲੋਕ ਇਸੇ ਭਾਸ਼ਾ ਵਿਚ ਕਰਿਆ ਕਰਦੇ ਸਨ ਤੇ ਮਹਾਂ ਕਵੀ ਜੀ ਦਾ ਪ੍ਰਯੋਜਨ ਵੀ ਜਪੁਜੀ ਸਾਹਿਬ ਦੀ ਸਾਹਿਤਕ ਪ੍ਰਭੁਤਾ ਅਤੇ ਸਿੱਧਾਂਤਕ ਮਹਾਨਤਾ ਉਨ੍ਹਾਂ ਲੋਕਾਂ ਤਕ ਪਹੁੰਚਾਉਣਾ ਸੀ। ਸੋ ਇਸ ਲਈ ਉਨ੍ਹਾਂ ਸਮੇਂ ਦੀ ਮੰਗ ਅਨੁਸਾਰ ਕਵੀ ਹੋਣ ਦੇ ਬਾਵਜੂਦ ਇਸ ਪੰਡਤਾਈ ਵਾਲੇ ਕੰਮ ਨੂੰ ਬੜੀ ਸੁਹਣੀ ਭਾਸ਼ਾ ਵਿਚ ਸੁਚੱਜੀ ਤਰ੍ਹਾਂ ਪੇਸ਼ ਕੀਤਾ। ਇਸ ਟੀਕੇ 'ਚ ਇਕ ਇਕ ਤੁਕ ਦੇ ਕਈ ਕਈ ਅਰਥ ਵੀ ਦਿਤੇ ਗਏ,ਹਨ ਜਿਸਤੋਂ ਇਹ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਜਪੁਜੀ ਸਾਹਿਬ ਦੇ ਅਧਿਐਨ ਲਈ ਗਿਆਨੀ ਤੇ ਹੋਰ ਵਿਦਵਾਨ ਲੋਕ ਕਈ ਤਰ੍ਹਾਂ ਦਾ ਦਿਮਾਗੀ ਤ੍ਰਾਣ ਲਾਉਂਦੇ ਹੁੰਦੇ ਸਨ ਅਤੇ ਆਪਣੇ ਭਿੰਨ ਭਿੰਨ ਮਤ ਪੇਸ਼ ਕਰਦੇ ਸਨ, ਭਾਵੇਂ ਗੁਰੂ ਸਾਹਿਬਾਨ ਦਾ ਆਸ਼ਾ ਇਕੋ ਹੀ ਸੀ।

ਕੁਝ ਵੀ ਹੋਵੇ, ਇਹ ਟੀਕਾ ਸਾਡੇ ਪਾਸ ਉਨ੍ਹਾਂ ਦੀ ਵਾਰਤਕ ਰਚਨਾ ਦਾ ਇਕੋ ਇਕ ਸਾਂਭਣ ਯੋਗ ਨਮੂਨਾ ਪੇਸ਼ ਕਰਦਾ ਹੈ, ਭਾਵੇਂ ਉਨ੍ਹਾਂ 'ਆਤਮ ਪੁਰਾਣ' ਵੀ ਵਾਰਤਕ ਵਿਚ ਹੀ ਲਿਖਿਆ ਸੀ, ਪਰ ਉਸ ਦਾ ਖਰੜਾ ਅਜੇ ਤਕ ਸੰਪੂਰਨ ਰੂਪ ਵਿਚ ਪ੍ਰਾਪਤ ਨਹੀਂ ਹੋ ਸਕਿਆ। ਇਸ ਲਈ 'ਗਰਬ ਗੰਜਨੀ' ਟੀਕੇ ਦੀ ਜਿਥੇ ਦਾਰਸ਼ਨਿਕ ਤੇ ਧਾਰਮਕ ਪੱਖ ਤੋਂ ਕੀਤੀ ਚਰਚਾ

## ਭਾਈ ਗੁਰਦਾਸ ਲੇਖਣੀ ਲਿੱਖਤ ਜਪੁ ਮੂਲਮੰਤ੍ਰ




ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹਜ਼ੂਰੀ ਵਿਚ ਲਿਖੀ ਗਈ ਪਵਿਤ੍ਰ ਆਦਿ ਬੀੜ, ਜੋ ਸ੍ਰੀ ਕਰਤਾਰ ਪੁਰ ਸਾਹਿਬ ਵਿਰਾਜਮਾਨ ਹੈ, ਵਿਚੋਂ ਜਪੁਜੀ ਸਾਹਿਬ ਦੇ ਆਰੰਭ ਦਾ ਮੂਲ ਮੰਤ੍ਰ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਕਲਮ ਦਾ ਲਿੱਖਤ (ਟ੍ਰਸਿੰਗ)।

ਸਾਡੇ ਲਈ ਅਤੀ ਲਾਭਦਾਇਕ ਹੈ, ਉਥੇ ਇਸ ਦੀ ਵਾਰਤਕ ਦੀ ਭਾਸ਼ਾ-ਵੰਨਗੀ ਵੀ ਘੱਟ ਦਿਲਚਸਪੀ ਦੀ ਚੀਜ਼ ਨਹੀਂ।

'ਮਹਾਂ ਕਵੀ ਸੰਤੋਖ ਸਿੰਘ ਯਾਦਗਾਰ ਕਮੇਟੀ' ਨੇ ਇਸ ਨੂੰ ਮੁੜ ਪ੍ਰਕਾਸ਼ਤ ਕਰਕੇ ਸਾਡੇ ਸਾਹਿਤਕਾਰਾਂ ਦਾ ਧਿਆਨ ਇਸ ਪਾਸੇ ਦਿਵਾਇਆ ਹੈ ਕਿ ਅਸੀਂ ਆਪਣੀ ਭਾਰਤੀ ਸਾਹਿਤ ਪਰੰਪਰਾ ਤੇ ਦਾਰਸ਼ਨਿਕ ਪਰੰਪਰਾ ਨਾਲ ਆਪਣੇ ਸਬੰਧ ਮੁੜ ਸੁਰਜੀਤ ਕਰ ਸਕੀਏ ਤੇ ਕਵੀ ਜੀ ਦੇ ਜਤਨਾਂ ਤੋਂ ਪੂਰਾ ਪੂਰਾ ਲਾਭ ਉਠਾ ਸਕੀਏ।

–ਪਿਆਰਾ ਸਿੰਘ 'ਪਦਮ'

* * *

ੴ ਸਤਿਗੁਰ ਪ੍ਰਸਾਦਿ ॥

# ਕਵੀ ਜੀ ਦਾ ਸੰਖੇਪ ਜੀਵਨ

ਸ੍ਰੀ ਤਰਨ ਤਾਰਨ ਤੋਂ ਝਬਾਲ ਰਾਹੀਂ ਲਾਹੌਰ ਨੂੰ ਜਾਣ ਵਾਲੀ ਸ਼ਾਹੀ ਸੜਕ ਪਰ ਪੌਣੇ ਚਾਰ ਮੀਲ ਦੀ ਵਿੱਥ ਪਰ ਪਿੰਡ 'ਸਰਾਏ ਨੂਰ ਦੀਨ'* (ਜਿਸ ਦਾ ਨਾਮ ਹੁਣ ਕਿਲ੍ਹਾ ਕਵੀ ਸੰਤੋਖ ਸਿੰਘ ਹੈ) ਵਿਚ ਮਿਤੀ ੭ ਅੱਸੂ (ਵਦੀ ਏਕਾਦਸ਼ੀ) ਸੰਮਤ ੧੮੪੪ ਬਿਕ੍ਰਮੀ ਐਤਵਾਰ ਸਤੰਬਰ ੧੭੮੭ ਈ: ਨੂੰ ਸਤਿਕਾਰ ਯੋਗ ਸਰਦਾਰ ਦੇਵਾ ਸਿੰਘ ਜੀ ਦੇ ਗ੍ਰਿਹ ਵਿਖੇ ਪੂਜਜ ਮਾਤਾ 'ਰਜਾਦੀ' (ਰਾਜ ਦੇਵੀ) ਜੀ ਦੀ ਕੁੱਖ ਤੋਂ ਕਵੀ ਸੰਤੋਖ ਸਿੰਘ ਜੀ ਦਾ ਜਨਮ ਹੋਇਆ।

[ਵਿਦਿਆ ਪ੍ਰਾਪਤੀ ਸ੍ਰੀ ਅੰਮ੍ਰਿਤਸਰ ਜੀ]

ਸੰਮਤ ੧੮੫੫ ਵਿਚ ਵਿਦਵਾਨ ਪਿਤਾ ਨੇ ਆਪਣੇ ਸਪੁੱਤਰ ਨੂੰ ਉਸ ਸਮੇਂ ਦੇ ਗੁਰਮਤਿ ਵਿਦਜਾ ਤੇ ਕਾਵ-ਕਲਾ ਦੇ ਮਹਾਨ ਪੰਡਤ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁਖੀ ਸੇਵਕ, ਸੂਰਨ ਸੇਵਾ ਦੇ ਇਨਚਾਰਜ ਸ੍ਰੀ ਮਾਨ ਗਿਆਨੀ ਸੰਤ ਸਿੰਘ ਜੀ ਪਾਸ ਵਿਦਿਆ ਪ੍ਰਾਪਤੀ ਲਈ ਭੇਜ ਦਿਤਾ, ਜਿਥੋਂ ਕਵੀ ਜੀ ਨੇ ਗੁਰਬਾਣੀ ਦੇ ਅਰਥ ਬੋਧ ਤੇ ਗੁਰਮਤਿ ਵਿਦਿਆ ਦੇ ਹੋਰ ਸਮੂਹ ਗੁਣ ਰੱਜ ਰੱਜ ਕੇ ਪ੍ਰਾਪਤ ਕੀਤੇ। ਸੰਮਤ ੧੮੬੫ ਵਿਚ ਕਵੀ ਜੀ ਕਾਂਸ਼ੀ ਜੀ ਗਏ, ਜਿਥੇ ਆਪ ਨੇ ਕਾਵਿ-ਕਲਾ ਤੇ ਉੱਚ ਗੁਣਾਂ ਦੇ ਜੌਹਰ ਦਿਖਾ ਕੇ ਪੰਡਤਾਂ ਨੂੰ ਚਕ੍ਰਿਤ ਕਰ ਦਿੱਤਾ ਤੇ ਇਸ ਦੇ ਬਦਲੇ ਵਿਚ ਉਹਨਾਂ ਤੋਂ ਅਨੇਕ ਗੁਣ ਪ੍ਰਾਪਤ ਕੀਤੇ।

[ਬੂੜੀਏ ਨਿਵਾਸ ਤੇ ਤਪ ਸਾਧਨਾ]

੧੮੭੦ ਵਿਚ ਕਵੀ ਜੀ ਰਿਆਸਤ ਬੂੜੀਏ ਵਿਚ ਰਾਜ-ਕਵੀ ਨੀਯਤ ਹੋਏ, ਜਿਥੇ ਆਪ ਦਾ ਬੜਾ ਮਾਣ ਤੇ ਸਤਿਕਾਰ ਹੋਇਆ। ਕਵੀ ਜੀ ਦੇ ਮਨ ਅੰਦਰ ਗੁਰ ਜਸ ਤੇ ਗੁਰ ਇਤਿਹਾਸ ਲਿਖਣ ਦੀ ਇੱਛਾ ਠਾਠਾਂ ਮਾਰ ਰਹੀ ਸੀ, ਜਿਸ ਲਈ ਆਤਮਕ ਸ਼ਕਤੀ ਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਆਪ ਨਾਲ ਦੇ ਪਿੰਡ 'ਦਿਆਲ ਗੜ੍ਹ' ਵਿਖੇ ਜਮਨਾ ਦੇ ਕਿਨਾਰੇ ਇਕ ਇਤਿਹਾਸਕ ਪੌੜੀ ਪਰ ਸਮਾਧੀ ਲਗਾ ਕੇ ਅਕਾਲ ਸਿਮਰਨ ਵਿਚ ਬਿਰਤੀ ਜੋੜ ਬੈਠੇ, ਹਰ ਸਮੇਂ ਆਪ ਇਹੋ ਅਰਦਾਸ ਕਰਦੇ ਸਨ :-

ਹੇ ਵਾਹਿਗੁਰੂ, ਮੈਨੂੰ ਗੁਰ ਜਸ ਤੇ ਗੁਰ ਇਤਿਹਾਸ ਲਿਖਣ ਦੀ ਸਮਰੱਥਾ ਬਖਸ਼ੋ!

ਇਸ ਤਪ ਅਵਸਥਾ ਵਿਚ ਆਪ ਨੇ ਪੰਜ ਸਾਲ ਬਿਤਾਏ। ਇਸ ਪਵਿੱਤਰ ਘਾਲ ਦਾ

---

*ਸੰਮਤ ੧੮੦੧ ਬਿ: ਵਿਚ ਇਸੇ ਪਿੰਡ ਤੋਂ ਬਾਹਰ ਸੜਕ ਦੇ ਚੌਂਕ ਵਿਚ ਸਿੰਘਾਂ ਦੀ ਹੋਂਦ ਤੇ ਨਿਰਭੈਤਾ ਦੱਸਣ ਲਈ ਭਾਈ ਬੋਤਾ ਸਿੰਘ ਜੀ ਤੇ ਭਾਈ ਗਰਜਾ ਸਿੰਘ ਜੀ ਨੇ ਸਲੋਤਰ ਦੇ ਦਬਦਬੇ ਨਾਲ ਕੱਰ ਉਗਰਾਹੁਣਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਪਿਛੋਂ ਸੂਬੇ ਨੂੰ ਇਕ ਚਿੱਠੀ ਲਿਖੀ :—

ਚਿਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ।
ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋ ਨੂੰ ਯੂੰ ਆਖੇ ਸਿੰਘ ਬੋਤਾ।

ਸੂਬੇ ਦੀ ਫੌਜ ਆਈ ਤੇ ਸਿੰਘ ਦੋ ਹੱਥ ਦਿਖਾ ਕੇ ਸ਼ਹੀਦ ਹੋ ਗਏ। ਏਥੇ ਸ਼ਹੀਦ ਗੰਜ ਕਾਇਮ ਹੈ ਤੇ ਹਰ ਸਾਲ ਮੇਲਾ ਲੱਗਦਾ ਹੈ।

ਇਹ ਫਲ ਪ੍ਰਾਪਤ ਹੋਇਆ ਕਿ ਆਪ ਨੂੰ ਸਾਹਿਬਾਂ ਦੇ ਸਾਖਸ਼ਾਤ ਦਰਸ਼ਨ ਹੋਏ ਤੇ ਮਨ ਵਾਂਛਤ ਇੱਛਾ ਪ੍ਰਾਪਤ ਹੋਣ ਦਾ ਵਰ ਪ੍ਰਾਪਤ ਹੋਇਆ।

[ਨਾਮ ਕੋਸ਼ ਅਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼]

੧੮੭੫ ਤੋਂ ਕਵੀ ਜੀ ਨੇ ਕਲਮ ਚਲਾਉਣੀ ਆਰੰਭ ਕੀਤੀ। ਪਹਿਲਾਂ ਉਹਨਾਂ ਆਪਣੀ ਪੁਸਤਕ 'ਨਾਮ ਕੋਸ਼' (ਸੰਸਕ੍ਰਿਤ ਦਾ ਸ਼ਬਦ ਭੰਡਾਰ) ਲਿਖਣੀ ਆਰੰਭ ਕੀਤੀ। ਨਾਲ ਨਾਲ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੀਵਨ ਪ੍ਰਸੰਗਾਂ ਦੀ ਭਾਲ ਤੇ ਰਚਨਾ ਜਾਰੀ ਰੱਖੀ। ਸੰਮਤ ੧੮੭੮ ਵਿਚ ਸ੍ਰੀ ਅੰਮ੍ਰਿਤਸਰ ਜੀ ਜਾ ਕੇ 'ਨਾਮ ਕੋਸ਼' ਪੁਸਤਕ ਸਮਾਪਤ ਕੀਤੀ। ਕੱਤਕ ਸੁਦੀ ਪੂਰਨਮਾਸ਼ੀ ਸੰਮਤ ੧੮੮੦ ਨੂੰ ਗੁਰਮਤ ਦਾ ਪਹਿਲਾ ਮਹਾਂ ਕਾਵਿ ਗ੍ਰੰਥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਸੰਪੂਰਨ ਕੀਤਾ। ਇਸੇ ਸੰਮਤ ਵਿਚ ਜਗਾਧਰੀ ਦੀ ਬੀਬੀ ਰਾਮ ਕੌਰ ਜੀ ਨਾਲ ਜ਼ਾਤ-ਪਾਤ ਦੇ ਬੰਧਨ ਤੋੜਕੇ ਕਵੀ ਜੀ ਨੇ ਆਪਣਾ ਅਨੰਦ ਕਾਰਜ ਕਰਾਇਆ†। ਇਸੇ ਸੰਮਤ ਵਿਚ ਹੀ ਆਪ ਨੂੰ ਪਟਿਆਲਾ ਪਤੀ ਮਹਾਰਾਜਾ ਕਰਮ ਸਿੰਘ ਜੀ ਨੇ ਆਪਣੇ ਪਾਸ ਬੁਲਾ ਲਿਆ। ਏਥੇ ਆਪ ਦਾ ਬੜਾ ਮਾਣ ਤੇ ਸਤਿਕਾਰ ਹੋਇਆ, ਰਿਹਾਇਸ਼ ਲਈ ਸ਼ਾਨਦਾਰ ਹਵੇਲੀ ਮਿਲ ਗਈ, ਛਕਣ ਲਈ ਰਸਦਾਂ ਲੱਗ ਗਈਆਂ ਤੇ ਖਰਚਣ ਲਈ ਰੋਜ਼ੀਨਾ ਮੁਕੱਰਰ ਹੋ ਗਿਆ।

[ਕੈਥਲ ਨਿਵਾਸ ਤੇ ਗ੍ਰੰਥਾਂ ਦੀ ਰਚਨਾ]

ਵਿਦਵਾਨਾਂ ਦੇ ਕਦਰਦਾਨ ਰਾਜਾ ਸਾਹਿਬ ਭਾਈ ਉਦੇ ਸਿੰਘ ਜੀ ਕੈਥਲ ਨੇ ਕਵੀ ਜੀ ਦੀ ਕੀਰਤੀ ਸੁਣਕੇ ਸੰਮਤ ੧੮੮੨ ਵਿਚ ਆਪਣੇ ਪਾਸ ਬੁਲਾ ਲਿਆ। ਕਵੀ ਜੀ ਨੂੰ ਸ਼ਾਹੀ ਕਵੀ ਨਿਯਤ ਕਰਕੇ ਰਿਹਾਇਸ਼ ਲਈ ਬ੍ਰਾਹਮਣਾਂ ਦੇ ਮਹੱਲੇ ਸ਼ੇਰਾਂ ਵਾਲੀ ਨਾਮ ਦੀ ਹਵੇਲੀ, ਤੇ ਸਵਾਰੀ ਲਈ ਹਾਥੀ ਦਿੱਤਾ ਤੇ ਰਾਜਾ ਸਾਹਿਬ ਨੇ ਕਿਹਾ: ਕਵੀ ਸਾਹਿਬ! ਤੁਹਾਡੇ ਰਹਿਣ ਸਹਿਣ ਤੇ ਗੁਰ ਇਤਿਹਾਸ ਦੀ ਤਿਆਰੀ ਦੇ ਸਮੂਹ ਖਰਚ ਮੈਂ ਆਪਣੇ ਜ਼ਿੰਮੇਂ ਲੈਂਦਾ ਹਾਂ, ਤੁਸੀਂ ਨਿਸਚਿੰਤ ਹੋ ਕੇ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਜੁੱਟ ਜਾਵੋ।

ਉਸ ਸਮੇਂ ਦੇ ਇਕ ਅਨੰਦ ਘਨ ਸਾਧੂ ਦੇ ਸ੍ਰੀ ਜਪੁਜੀ ਸਾਹਿਬ ਦੇ ਕੀਤੇ ਟੀਕੇ ਦੇ ਉੱਤਰ ਵਿਚ ਇਹ ਪੋਥੀ 'ਗਰਬ ਗੰਜਨੀ' (ਅਹੰਕਾਰ-ਤੋੜ) ਵਾਰਤਕ ਵਿਚ ਲਿਖੀ ਜੋ ਆਪ ਦੇ ਇਸ ਵੇਲੇ ਹੱਥਾਂ ਵਿਚ ਹੈ। ਇਸ ਤੋਂ ਪਿਛੋਂ ਕਵੀ ਜੀ ਨੇ ਰਿਸ਼ੀ ਬਾਲਮੀਕ ਜੀ ਦੀ ਸੰਸਕ੍ਰਿਤ ਰਚਨਾ 'ਬਾਲਮੀਕੀ ਰਾਮਾਇਣ' ਦਾ ਬ੍ਰਿਜ ਭਾਸ਼ਾ ਦੀ ਕਵਿਤਾ ਵਿਚ ਅਨੁਵਾਦ ਕੀਤਾ, ਜੋ ਸੰਮਤ ੧੮੯੦ ਵਿਚ ਸੰਪੂਰਨ ਹੋਇਆ। ਇਸ ਗ੍ਰੰਥ ਨੂੰ ਸੁਣਕੇ ਮਹਾਰਾਜ ਸਾਹਿਬ ਇਤਨੇ ਪ੍ਰਸੰਨ ਹੋਏ ਕਿ 'ਮੋਰਥਲੀ' ਨਾਮ ਦਾ ਪਿੰਡ ਇਨਾਮ ਵਜੋਂ ਦਿੱਤਾ। ਇਸ ਤੋਂ ਬਾਅਦ ਕਵੀ ਜੀ ਨੇ ਉਪਨਿਸ਼ਦਾਂ ਦੇ ਆਧਾਰ ਪਰ ਵੇਦਾਂਤ ਮਤ ਪ੍ਰਗਟਾਊ ਪੁਸਤਕ 'ਆਤਮ ਪੁਰਾਣ' ਦੀ ਟੀਕਾ ਕੀਤੀ, ਜਿਸ ਪਰ ਇਕ ਸਾਲ ਲੱਗ ਗਿਆ।

[ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾਂ]

ਹੁਣ ਕਵੀ ਜੀ ਬਾਕੀ ਨੌਆਂ ਸਤਿਗੁਰਾਂ ਦਾ ਇਤਿਹਾਸ ਲਿਖ ਕੇ ਦਸਾਂ ਸਤਿਗੁਰਾਂ ਦਾ ਇਤਿਹਾਸ ਹੀ ਸੰਪੂਰਨ ਕਰਨਾ ਚਾਹੁੰਦੇ ਸਨ। ਇਸ ਮਹਾਨ ਕਾਰਜ ਦੀ ਪੂਰਤੀ ਲਈ ਰਾਜਾ

---

†ਇਸ ਬੀਬੀ ਰਾਮ ਕੌਰ ਜੀ ਦੀ ਕੁਖ ਤੋਂ ਅਜੈ ਸਿੰਘ, ਬਿਜੈ ਸਿੰਘ, ਮਕਸੂਦਨ ਸਿੰਘ ਬਲਦੇਵ ਸਿੰਘ, ਅਨਰੁਧ ਸਿੰਘ ਪੰਜ ਪੁਤ੍ਰ ਤੇ ਬੀਬੀ ਪਰੇਮ ਕੌਰ, ਮੋਮਨ ਕੌਰ, ਮਾਨ ਕੌਰ ਤਿੰਨ ਪੁਤ੍ਰੀਆਂ ਹੋਈਆਂ।

ਸਾਹਿਬ ਅਤੇ ਕਵੀ ਜੀ ਨੇ ਬੜਾ ਯਤਨ ਕੀਤਾ, ਪਰ ਸਤਿਗੁਰਾਂ ਦੇ ਕੁਛ ਪ੍ਰਸੰਗਾਂ ਦੀ ਅਪ੍ਰਾਪਤੀ ਨੇ ਇਸ ਵਿਚ ਰੁਕਾਵਟ ਪਾ ਦਿੱਤੀ, ਜਿਸ ਕਰਕੇ ਕਵੀ ਜੀ ਸਤਿਗੁਰਾਂ ਦੇ ਚਰਨਾਂ ਵਿਚ ਬਿਰਤੀ ਜੋੜਕੇ ਅਰਦਾਸ ਵਿਚ ਜੁੜੇ ਰਹਿੰਦੇ ਸਨ। ਸਤਿਗੁਰਾਂ ਨੇ ਆਪਣੀ ਐਸੀ ਕਲਾ ਵਰਤਾਈ ਜੋ ਇਕ ਗੁਰੂ ਕਾ ਸਿਖ ਕਵੀ ਜੀ ਦੇ ਘਰ ਰਾਤ ਬਿਸਰਾਮ ਕਰਨ ਲਈ ਆਇਆ। ਕਵੀ ਜੀ ਨੇ ਸਵੇਰੇ ਉਠਕੇ ਦੇਖਿਆ ਤਾਂ ਉਹ ਗੁਰਸਿਖ ਆਪਣੇ ਕਮਰੇ ਵਿਚ ਨਹੀਂ ਸੀ। ਭਾਲ ਕੀਤਿਆਂ ਵੀ ਉਸ ਦਾ ਕੋਈ ਪਤਾ ਨਾ ਲਗਾ, ਪਰ ਉਸ ਦਾ ਝੋਲਾ ਉਸ ਕਮਰੇ ਵਿਚੋਂ ਮਿਲਿਆ, ਜਦ ਉਸ ਨੂੰ ਫੋਲਿਆ ਤਾਂ ਉਸ ਵਿਚੋਂ ਸਤਿਗੁਰਾਂ ਦੇ ਸਾਰੇ ਲੋੜੀਂਦੇ ਪ੍ਰਸੰਗ ਮਿਲ ਗਏ, ਜਿਨ੍ਹਾਂ ਨੂੰ ਦੇਖਕੇ ਕਵੀ ਜੀ ਬੜੇ ਪ੍ਰਸੰਨ ਹੋਏ ਤੇ ਲਿਖਿਆ:-

'ਭਯੋ ਅਚਾਨਕ ਸੰਚਯ ਆਈ। ਸਰਬ ਗੁਰਨ ਕੋ ਜਸ ਸਮੁਦਾਈ।'

ਕਵੀ ਜੀ ਇਸ ਗੱਲ ਨੂੰ ਅਕਾਲ ਪੁਰਖ ਵਲੋਂ ਅਗੰਮੀ ਸਹਾਇਤਾ ਸਮਝ ਕੇ ਇਸ ਕਾਰਜ ਦੀ ਪੂਰਤੀ ਲਈ ਰਾਤ ਦਿਨ ਇਕ ਕਰਕੇ ਜੁੱਟ ਗਏ। ਜਦ ਬਹੁਤ ਸਾਰਾ ਕੰਮ ਸਿਰੇ ਚੜ੍ਹ ਗਿਆ ਤੇ ਥੋੜਾ ਬਾਕੀ ਰਹਿ ਗਿਆ ਤਾਂ ਕਵੀ ਜੀ ਦੇ ਕ੍ਰਿਪਾਲੂ ਰਾਜਾ ਸਾਹਿਬ ਚੜ੍ਹਾਈ ਕਰ ਗਏ। ਕਵੀ ਜੀ ਫੇਰ ਚਿੰਤਾ ਵਿਚ ਗ੍ਰਸੇ ਗਏ ਅਰ ਆਪਣੇ ਕਾਰਜ ਦੀ ਪੂਰਤੀ ਵਿਚ ਸੰਦੇਹ ਕਰਨ ਲੱਗ ਪਏ। ਕਈ ਦੋਸਤਾਂ ਮਿੱਤਰਾਂ ਨੇ ਕਿਸੇ ਹੋਰ ਰਾਜੇ ਦੀ ਸਹਾਇਤਾ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਪਰ ਕਵੀ ਜੀ ਨੇ ਕਿਹਾ :-

'ਅਬ ਔਰ ਕੀ ਆਸ ਨਿਰਾਸ ਭਈ, ਕਲਗੀਧਰ ਬਾਸ ਕੀਓ ਮਨ ਮਾਹੀਂ।'

ਫੇਰ ਆਪਣੀ ਬਿਰਤੀ ਗੁਰ ਚਰਨਾਂ ਵਿਚ ਜੋੜ ਲਈ ਤੇ ਅਰਦਾਸਾਂ ਵਿਚ ਮਨ ਲਗਾ ਲਿਆ। ਜਦ ਕੁਛ ਸਮਾਂ ਇਸੇ ਤਰ੍ਹਾਂ ਬੇਨਤੀਆਂ ਵਿਚ ਬਿਤੀਤ ਹੋਇਆ ਤਾਂ ਫੇਰ ਸਾਹਿਬਾਂ ਦੇ ਦਰਸ਼ਨ ਹੋਏ ਤੇ ਹੁਕਮ ਹੋਇਆ :-"ਗੁਰਮੁਖਾ ! ਤੂੰ ਕਲਮ ਚਲਾਈ ਜਾ, ਅਕਾਲ ਪੁਰਖ ਸਹਾਈ ਹੋਵੇਗਾ।"

ਕਵੀ ਜੀ ਬਲ ਧਾਰ ਕੇ ਫੇਰ ਇਸ ਮਹਾਨ ਕੰਮ ਨੂੰ ਸਿਰੇ ਚਾੜ੍ਹਨ ਵਿਚ ਲਗ ਪਏ। ਸੱਚ ਮੁਚ ਸੱਚੇ ਪਾਤਸ਼ਾਹ ਨੇ ਆਪਣੇ ਸੇਵਕ ਪਾਸੋਂ ਆਪਣਾ ਕਾਰਜ ਆਪ ਕਰਾ ਲਿਆ। ਗੁਰ ਇਤਿਹਾਸ ਦਾ ਇਹ ਮਹਾਨ ਕਾਵਜ 'ਗੁਰ ਪ੍ਰਤਾਪ ਸੂਰਜ ਗ੍ਰੰਥ' ਸੰਮਤ ੧੯੦੦ ਦੇ ਮਹੀਨਾ ਸਾਵਣ ਵਿਚ ਸੰਪੂਰਨ ਹੋਇਆ।

ਉਕਤ ਗ੍ਰੰਥਾਂ ਤੋਂ ਬਿਨਾਂ ਕਵੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ, ਸ੍ਰੀ ਗੁਰੂ ਉਸਤੁਤੀ, ਪ੍ਰਸ਼ਨ ਵਿਧੀ, ਘਰ ਬਨਾਉਣ ਦੀ ਵਿਧੀ ਆਦਿ ਪੰਜ ਛੋਟੀਆਂ ਛੋਟੀਆਂ ਪੁਸਤਕਾਂ ਹੋਰ ਲਿਖੀਆਂ।

[ਸ੍ਰੀ ਅੰਮ੍ਰਿਤਸਰ ਜੀ ਦੀ ਅੰਤਮ ਯਾਤ੍ਰਾ ਤੇ ਕਵੀ ਜੀ ਦਾ ਚਲਾਣਾ]

ਸੰਮਤ ੧੯੦੦ ਦੇ ਮਹੀਨਾ ਅੱਸੂ ਵਿਚ ਕਵੀ ਜੀ ਆਪਣੇ ਸਪੁਤ੍ਰ ਬਲਦੇਵ ਸਿੰਘ ਤੇ ਸਾਰੇ ਪਰਵਾਰ ਨੂੰ ਨਾਲ ਲੈਕੇ ਸ੍ਰੀ ਅੰਮ੍ਰਿਤਸਰ ਜੀ ਆਏ ਅਤੇ ਆਪਣੇ ਵਿਦਿਆ ਦਾਤੇ ਦੇ ਸਪੁਤਰ ਗਿਆਨੀ ਗੁਰਮੁਖ ਸਿੰਘ ਜੀ ਨੂੰ ਨਾਲ ਲੈ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋ ਕੇ ਆਪਣੀ ਸਾਰੀ ਉਮਰ ਦੀ ਮਿਹਨਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਪੇਸ਼ ਕਰਕੇ ਅਰਦਾ-ਸੀਏ ਸਿੰਘ ਨੂੰ ਕਿਹਾ ਕਿ ਮੇਰੀ ਇਹ ਅਰਦਾਸ ਕਰ ਦਿਓ :-

"ਸਤਿਗੁਰੂ ਜੀ ਦੀ ਬਖ਼ਸ਼ਿਸ਼ ਨਾਲ ਦਾਸ ਜੋ ਇਹ ਤੁੱਛ ਸੇਵਾ ਕਰ ਸਕਿਆ ਹੈ, ਅਕਾਲ ਪੁਰਖ ਦੀ ਦਰਗਾਹੇ ਪਰਵਾਨ ਹੋਵੇ, ਪੰਥ ਮੈਨੂੰ ਖੁਸ਼ੀਆਂ ਬਖਸ਼ੇ ਤੇ ਮੇਰਾ ਸਿਖੀ ਸਿਦਕ ਕੇਸਾਂ

ਸੁਆਸਾਂ ਨਾਲ ਨਿਭੇ।''

ਅਰਦਾਸੀਏ ਸਿੰਘ ਨੇ ਅਰਦਾਸ ਕੀਤੀ ਤੇ ਕਵੀ ਜੀ ਨੂੰ ਤਖਤ ਸਾਹਿਬ ਵਲੋਂ ਸਿਰੋਪਾਉ ਦਿੱਤਾ ਗਿਆ ਅਰ ਗ੍ਰੰਥ ਗਿਆਨੀ ਗੁਰਮੁਖ ਸਿੰਘ ਜੀ ਦੀ ਸਪੁਰਦਗੀ ਵਿਚ ਦਿੱਤੇ ਗਏ।

ਕਵੀ ਜੀ ਪਰਵਾਰ ਸਮੇਤ ਕੈਥਲ ਵਾਪਸ ਆ ਗਏ। ਕਵੀ ਜੀ ਦੀ ਉਹ ਪਵਿੱਤ੍ਰ ਆਤਮਾ ਜੋ ਗੁਰ ਚਰਨਾਂ ਵਿਚ ਸਦਾ ਜੁੜੀ ਰਹਿੰਦੀ ਸੀ; ਸੰਮਤ ੧੯੦੦ ਕੱਤਕ ਵਦੀ ਏਕਾਦਸ਼ੀ ਨੂੰ (ਦੀਵਾਲੀ ਤੋਂ ਚਾਰ ਦਿਨ ਪਹਿਲਾਂ) ਸਦਾ ਵਾਸਤੇ ਗੁਰੂ ਗੋਦ ਵਿਚ ਜਾ ਬਿਰਾਜੀ। ਪਰ ਉਹ ਇਸ ਗਲੋਂ ਸੰਤੁਸ਼ਟ ਸੀ ਕਿ ਜੋ ਮਹਾਨ ਕਾਰਜ ਆਰੰਭ ਕੀਤਾ ਸੀ, ਉਹ ਸਤਿਗੁਰਾਂ ਦੀ ਮੇਹਰ ਦਾ ਸਦਕਾ ਸੰਪੂਰਨ ਹੋ ਗਿਆ ਤੇ ਸ੍ਰੀ ਅਕਾਲ ਤਖਤ ਸਾਹਿਬ ਭੇਟਾ ਕੀਤਾ ਗਿਆ ਅਰ ਪੰਥ ਨੇ ਸੰਭਾਲ ਲਿਆ ਹੈ।

[ਕਵੀ ਜੀ ਦੀ ਕੁਰਬਾਨੀ ਤੇ ਪੰਥ ਦਾ ਫਰਜ਼]

ਕਵੀ ਜੀ ਨੇ ਆਪਣੀ ਰਚਨਾ ਵਿਚ ਪਿੰਗਲ ਦੇ ਲਗ ਪਗ ਸਾਰੇ ਛੰਦ, ਬਹਿਰ, ਅਲੰਕਾਰ ਤੇ ਰਸਾਂ ਨੂੰ ਬੜੇ ਸੁੰਦਰ ਤਰੀਕੇ ਨਾਲ ਵਰਤ ਕੇ, ਸ਼ਰਧਾ, ਪ੍ਰੇਮ, ਸਿਦਕ ਤੇ ਭਰੋਸੇ ਨਾਲ ਭਰਪੂਰ ਮਹਾਂ ਕਾਵਿ ਗ੍ਰੰਥ ਰਚਿਆ ਜੋ ਭਾਰਤ ਦੇ ਕਾਵਿ ਗ੍ਰੰਥਾਂ ਵਿਚ ਹਰ ਤਰ੍ਹਾਂ ਸਭ ਤੋਂ ਵੱਡਾ ਹੈ, ਜਿਸ ਦੀਆਂ ਚੋਦਾਂ ਜਿਲਦਾਂ, ਛੇ ਹਜ਼ਾਰ ਸਫੇ, ਬਾਹਠ ਹਜ਼ਾਰ ਛੰਦ ਤੇ ਸਵਾ ਦੋ ਲੱਖ ਪੰਗਤੀਆਂ ਹਨ। ਸਾਰੀ ਉਮਰ ਖਰਚ ਕਰਕੇ ਲਿਖਿਆ ਹੋਇਆ ਇਤਨਾ ਭਾਰੀ ਗ੍ਰੰਥ ਬਗੈਰ ਕਿਸੇ ਦੁਨਿਆਵੀ ਮੁਆਵਜ਼ੇ ਦੇ ਪੰਥ ਦੀ ਭੇਟਾ ਕਰ ਦਿੱਤਾ। ਆਪਣੇ ਲਈ ਜਾਂ ਆਪਣੀ ਸੰਤਾਨ ਲਈ ਰਜਿਸਟਰੀ ਨਹੀਂ ਕਰਾਇਆ, ਕੋਈ ਹੱਕ ਕਾਪੀ ਰਾਈਟ ਨਹੀਂ ਰਖਿਆ। ਐਸੇ ਨਿਸ਼ਕਾਮ ਮਹਾਂ ਪੁਰਸ਼ ਦੀ ਯਾਦ ਤਾਜ਼ਾ ਰੱਖਣ ਲਈ ਸਾਡਾ ਵੀ ਕੁਛ ਫਰਜ਼ ਹੈ, ਉਹ ਸਿਰਫ ਇਹੋ ਕਿ ਅਸੀਂ ਉਸ ਦੇ ਜਨਮ ਦਿਨ ਜਾਂ ਬਰਸੀ ਪਰ ਸਾਲ ਵਿਚ ਇਕ ਵਾਰ ਦੀਵਾਨ ਸਜਾ ਕੇ ਉਸ ਦੀ ਜੀਵਨ ਕਥਾ ਤੇ ਉਪਕਾਰ ਚੇਤੇ ਕਰੀਏ ਤੇ ਉਸ ਦੀ ਬਣ ਰਹੀ ਯਾਦਗਾਰੀ ਉਸਾਰੀ ਵਾਸਤੇ ਕੁਛ ਮਾਇਆ ਭੇਜ ਕੇ ਕਮਾਈਆਂ ਸਫਲ ਕਰੀਏ।

—-o-—

## ਮਹਾਰਾਜ ਭਾਈ ਉਦੇ ਸਿੰਘ ਜੀ

ਕੈਥਲ ਇਕ ਪੁਰਾਤਨ ਤੇ ਇਤਿਹਾਸਕ ਸ਼ਹਿਰ ਹੈ, ਏਥੇ ਹਨੂਮਾਨ ਜੀ ਦਾ ਜਨਮ ਹੋਇਆ ਸੀ। ਇਸ ਸ਼ਹਿਰ ਪਰ ਪਠਾਣ, ਬਲੋਚ ਤੇ ਸੱਯਦ ਅਦਲ ਬਦਲਕੇ ਰਾਜ ਕਰਦੇ ਰਹੇ; ਅਖੀਰ ਦੋ ਭਰਾ 'ਭੀਖ ਬਖਸ਼' ਤੇ 'ਇਨਾਯਤ ਖਾਂ' ਇਸ ਦੇ ਹਾਕਮ ਬਣੇ। ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਇਕ ਅਨਿੰਨ ਸਿਖ 'ਭਾਈ ਭਗਤੂ' ਜੀ ਹੋਏ ਹਨ। ਇਨ੍ਹਾਂ ਦੇ ਪੋਤਰੇ ਭਾਈ ਦਿਆਲ ਦਾਸ ਜੀ ਅੰਮ੍ਰਿਤ ਛਕਕੇ ਦਿਆਲ ਸਿੰਘ ਹੋ ਗਏ। ਇਨ੍ਹਾਂ ਦੇ ਪੋਤਰੇ ਭਾਈ ਦੇਸੂ ਸਿੰਘ ਜੀ ਬੜੇ ਬਲੀ ਜੋਧੇ ਸਨ, ਜਿਨ੍ਹਾਂ ਨੇ ਸੰਮਤ ੧੮੨੪ ਬਿ: ਵਿਚ ਕੈਥਲ ਪਰ ਚੜ੍ਹਾਈ ਕੀਤੀ ਅਰ ਭੀਖ ਬਖਸ਼ ਤੇ ਇਨਾਯਤ ਖਾਂ ਨੂੰ ਸ਼ਿਕਸਤ ਦੇਕੇ ਸਿਖ ਰਾਜਧਾਨੀ ਕਾਇਮ ਕੀਤੀ। ਚੂੰਕਿ ਇਹ ਗੁਰੂ ਘਰ ਦੀ ਬਖਸ਼ਿਸ਼ ਵਾਲੀ ਗੱਦੀ ਸੀ, ਇਸ ਲਈ ਫੁਲਕੀਆਂ ਰਿਆਸਤ ਵਾਲੇ ਬੜਾ ਸਤਿਕਾਰ ਕਰਦੇ ਸਨ ਤੇ ਇਨ੍ਹਾਂ ਹਥੋਂ ਹੀ ਅੰਮ੍ਰਿਤ ਛਕਿਆ ਕਰਦੇ ਸਨ।

ਮਹਾਰਾਜ ਭਾਈ ਦੇਸੂ ਸਿੰਘ ਦੇ ਦੋ ਸਪੁਤ੍ਰ ਭਾਈ ਲਾਲ ਸਿੰਘ ਤੇ ਭਾਈ ਖੁਸ਼ਹਾਲ ਸਿੰਘ ਸਨ। ਭਾਈ ਲਾਲ ਸਿੰਘ ਦੇ ਦੋ ਸਪੁਤ੍ਰ ਭਾਈ ਪ੍ਰਤਾਪ ਸਿੰਘ ਤੇ ਭਾਈ ਉਦੇ ਸਿੰਘ ਜੀ ਹੋਏ। ਭਾਈ ਪ੍ਰਤਾਪ ਸਿੰਘ ਦੇ ਚਲਾਣੇ ਪਿਛੋਂ ਭਾਈ ਉਦੇ ਸਿੰਘ ਜੀ ਗੱਦੀ ਪਰ ਬੈਠੇ, ਜਿਸ ਵੇਲੇ ਇਨ੍ਹਾਂ ਦੀ ਉਮਰ ੧੨ ਸਾਲ ਦੀ ਸੀ, ਇਸ ਲਈ ਰਾਜ ਕਾਜ ਦੇ ਕਾਰ ਵਿਹਾਰ ਦੀ ਮਾਲਕ [illegible]

ਮਾਈ ਸਾਹਿਬ ਕੌਰ ਜੀ ਨਿਬਾਹੁੰਦੇ ਰਹੇ। ਇਨ੍ਹਾਂ ਨੇ ਆਪਣੇ ਸਪੁਤ੍ਰ ਭਾਈ ਉਦਯ ਸਿੰਘ ਦੀ ਵਿਦਜਾ ਦਾ ਚੰਗਾ ਪ੍ਰਬੰਧ ਕੀਤਾ, ਜਿਸ ਕਰਕੇ ਇਹ ਬੜੇ ਵਿਦਵਾਨ ਤੇ ਸਮਝਦਾਰ ਅਰ ਇਲਮੋ ਹੁਨਰ ਦੇ ਚੰਗੇ ਵਾਕਫ ਤੇ ਕਦਰਦਾਨ ਹੋ ਗਏ। ਇਨ੍ਹਾਂ ਜਦ ਮਹਾਂ ਕਵੀ ਭਾਈ ਸੰਤੋਖ ਸਿੰਘ ਦੀ ਰਚਨਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਸ਼ੋਭਾ ਸੁਣੀ ਤਾਂ ਮਹਾਰਾਜਾ ਕਰਮ ਸਿੰਘ ਪਟਿਆਲਾ ਪਤੀ ਦੀ ਸੇਵਾ ਵਿਚ ਬੇਨਤੀ ਪੱਤ੍ਰ ਘੱਲਕੇ ਮਹਾਂ ਕਵੀ ਜੀ ਨੂੰ ਆਪਣੇ ਪਾਸ ਬੁਲਾ ਲਿਆ। ਕੈਥਲ ਵਿਚ ਔਣ ਪਰ ਮਹਾਂ ਕਵੀ ਜੀ ਦਾ ਬੜਾ ਆਦਰ ਸਤਿਕਾਰ ਹੋਇਆ, ਅਸੀਂ ਪਿੱਛੇ ਦੱਸ ਆਏ ਹਾਂ ਕਿ ਆਪ ਦੀ ਰਿਹਾਇਸ਼ ਲਈ ਇਕ ਸ਼ਾਨਦਾਰ ਹਵੇਲੀ ਤੇ ਸਵਾਰੀ ਲਈ ਹਾਥੀ ਦਿੱਤਾ ਗਿਆ, ਪ੍ਰਸ਼ਾਦ ਪਾਣੀ ਲਈ ਰਸਦਾਂ ਲਗਾ ਦਿੱਤੀਆਂ ਤੇ ਹੋਰ ਖਰਚ ਲਈ ਰੋਜ਼ੀਨੇ ਮੁਕਰਰ ਕਰ ਦਿਤੇ, ਅਰ ਕਵੀ ਜੀ ਨੂੰ ਬੇਨਤੀ ਕੀਤੀ ਕਿ ਮੈਂ ਆਪ ਦੇ ਸਾਰੇ ਖਰਚ ਸਤਿਗੁਰੂ ਜੀ ਦੀ ਬਖਸ਼ੀ ਦਾਤ ਵਿਚੋਂ ਪੂਰੇ ਕਰੀ ਜਾਵਾਂਗਾ, ਆਪ ਨਿਸਚਿੰਤ ਹੋਕੇ ਗੁਰ ਇਤਿਹਾਸ ਲਿਖਣ ਦੀ ਕਾਰ ਨਿਬਾਹੀ ਜਾਓ। ਸੋ ਅਸੀਂ ਆਖ ਸਕਦੇ ਹਾਂ ਕਿ ਕਵੀ ਜੀ ਨੇ ਜੋ ਗੁਰ ਇਤਿਹਾਸ ਲਿਖਣ ਦੀ ਭਾਰੀ ਸੇਵਾ ਨਿਬਾਹੀ ਹੈ ਇਸ ਵਿਚ ਬਹੁਤ ਸਾਰਾ ਉਤਸ਼ਾਹ, ਪ੍ਰੇਰਨਾ ਤੇ ਉੱਦਮ ਮਹਾਰਾਜ ਭਾਈ ਉਦੇ ਸਿੰਘ ਜੀ ਦਾ ਹੈ।

--o--

## ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਅਪੀਲ ਤੇ ਯਾਦਗਾਰ ਕਮੇਟੀ ਦੀ ਸਥਾਪਨਾ

ਕਵੀ ਜੀ ਦੀ ਯਾਦਗਾਰ ਕਾਇਮ ਕਰਨ ਲਈ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਵਲਵਲੇ ਭਰੀ ਅਪੀਲ ਜੋ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪ੍ਰਸਤਾਵਨਾ (ਤੀਜੀ ਛਾਪ) ਦੇ ਸਫਾ ੧੯੧-੧੯੨ ਪਰ ਦਰਜ ਹੈ, ਇਸ ਪ੍ਰਕਾਰ ਹੈ:—

ਕਵੀ ਜੀ ਦੀ ਯਾਦਗਾਰ ਤੇ ਸਿਖਾਂ ਦੀ ਅਨਗਹਿਲੀ

"ਉਹ ਆਦਮੀ ਜਿਸ ਨੇ ਰੱਬ ਦੀ ਦਿੱਤੀ ਅਕਲ ਤੇ ਲਿਆਕਤ ਨਾਲ ਉਸ ਸਮੇਂ ਦੇ ਅਨੁਸਾਰ, ਜੋ ਅਪਣੀ ਕੌਮ ਦੀ ਇਤਿਹਾਸਕ ਤੇ ਸਾਹਿਤਕ ਸੇਵਾ ਕੀਤੀ, ਚਾਹੇ ਉਹ ਕੁਛ ਕਮੀਆਂ ਆਪਣੇ ਵਿਚ ਰਖਦੀ ਹੋਵੇ, ਇਕ ਮਹਾਨ ਸੇਵਾ ਹੈ। ਉਸਦਾ ਭਾਵ ਇਤਿਹਾਸ ਨੂੰ ਆਪਣੀ ਸਮਝ ਮੂਜਬ ਨਿਰੋਲ ਕਰਨ ਦਾ ਤੇ ਗੁੰਮ ਹੋਣੋਂ ਬਚਾਉਣ ਦਾ ਸੀ, ਉਸ ਨੂੰ ਸਿਰੇ ਚਾੜਿਆ, ਤੇ ਸੱਚ ਹੈ ਕਿ ਜੇ ਸਾਰਾ ਸਾਮਾਨ ਉਹ ਕੱਠਾ ਨਾ ਕਰ ਜਾਂਦੇ ਤਾਂ ਅਜ ਇੰਨਾ ਕੁਛ ਮਿਲ ਸਕਣਾ ਕਠਨ ਸੀ। ਫਿਰ ਉਹ ਆਪਣੇ ਆਪ ਨੂੰ ਸਰਬੱਗ ਨਹੀਂ ਲਿਖਦੇ, ਆਪਣੀ ਰਚਨਾ ਬਾਬਤ ਲਿਖਦੇ ਹਨ :—

ਜਹਾਂ ਭੂਲ ਮੁਝ ਤੇ ਕੁਛ ਹੋਈ। ਸੁਨਿ ਪਠਿ ਕਰੈ ਰੋਸ ਨਹਿਂ ਕੋਈ।
ਕ੍ਰਿਪਾ ਧਾਰਿ ਸੋ ਲੇਹੁ ਬਨਾਏ। ਜਜੋਂ ਸਤਿਗੁਰ ਸਿੱਖਨ ਮਨ ਭਾਏ।

[ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿਆ ੫੭-੧੦੬

"ਫਿਰ ਕਵਿਤਾ ਦਾ ਇਹ ਕਮਾਲ ਹੈ ਕਿ ਬ੍ਰਿਜ ਭਾਸ਼ਾ ਦੇ ਚੋਟੀ ਦੇ ਕਵੀ ਉਨ੍ਹਾਂ ਤੋਂ ਉਚੇਰਾ ਮੇਢਾ ਨਹੀਂ ਦਿਖਾ ਸਕਦੇ, ਜਗਤ ਦੇ ਉੱਚੇ ਕਵੀਆਂ ਵਿਚ ਉਨ੍ਹਾਂ ਦਾ ਦਰਜਾ ਹੈ। ਸਿੱਖਾਂ ਵਿਚ ਤਾਂ ਆਪ ਦੀ ਸ਼ਾਨ ਦੇ ਕਵੀ ਬਹੁਤ ਥੋੜੇ ਹੋਏ ਹਨ ਤੇ ਇਤਨਾ ਭਾਰੀ ਕੰਮ ਤਾਂ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਉਸ ਭਲੇ ਪੁਰਖ ਦੀ ਯਾਦਗਾਰ ਉਸਦੀ ਆਪਣੀ ਰਚਨਾ ਹੀ ਹੈ। ਉਸਦਾ ਜਨਮ ਦਾ ਸਥਾਨ ਵਿਕ ਗਿਆ, ਉਸਦੇ ਦੂਸਰੇ ਵਸੇਬੇ ਦਾ ਟਿਕਾਣਾ, ਬੁੜੀਏ (ਦਿਆਲ ਗੜ੍ਹ) ਵਾਲਾ ਹੁਣ ਆਪਣਾ ਨਿਸ਼ਾਨ ਭੀ ਨਹੀਂ ਦੱਸਦਾ, ਉਸਦੇ ਕੈਥਲ ਰਹਿਣ, ਵਸਣ ਤੇ ਚਲਾਣੇ ਦੀ

ਥਾਂ, ਜਿਥੇ ਬੈਠਕੇ ਇਡਾ ਭਾਰਾ ਗ੍ਰੰਥ ਰਚਿਆ ਗਿਆ, ਵਿਕ ਗਿਆ ਤੇ ਥੋੜੇ ਅਰਸੇ ਨੂੰ ਇਹ ਸੈਨਤ ਹੋ ਸਕਣੀ ਵੀ ਭੁਲ ਜਾਏਗੀ ਕਿ ਇਹ ਮਕਾਨ ਆਪ ਜੀ ਦੀ ਰਿਹਾਇਸ਼ ਦਾ ਸੀ । ਸ਼ੋਕ ਹੈ ਕਿ ਉਸ ਮਹਾਨ ਉਪਕਾਰੀ ਦਾ ਉਸਦੇ ਪਰਵਾਰ ਨੇ, ਉਸਦੇ ਪੰਥ ਨੇ ਕੋਈ ਨਿਸ਼ਾਨ ਕਾਇਮ ਨਹੀਂ ਰਖਿਆ ਕਿ ਸਿਖਾਂ ਦੇ ਬੱਚੇ ਉਸ ਤੇ ਮਾਣ ਕਰਦੇ । ਨਾ ਸਿਖ ਰਾਜਿਆਂ, ਨਾ ਸਿਖ ਸੰਤਾਂ ਮਹੰਤਾਂ, ਡੇਰੇ ਦਾਰਾਂ, ਨਾ ਸਿਖ ਸਭਾ ਸੁਸਾਇਟੀਆਂ ਅਤੇ ਨਾ ਕਿਸੇ ਪ੍ਰੇਮੀ ਨੇ ਆਪਦੇ ਜਨਮ ਤੇ ਚਲਾਣੇ ਦੀਆਂ ਥਾਵਾਂ ਨੂੰ ਯਾਦਗਾਰ ਬਣਾਕੇ ਕਾਇਮ ਕੀਤਾ ਤੇ ਨਾ ਹੀ ਉਸ ਦੀ ਰਚਨਾ ਦੇ ਅਸਲੀ ਨੁਸਖੇ ਲੱਭਕੇ ਉਨ੍ਹਾਂ ਥਾਈਂ ਸਥਾਪਨ ਕੀਤੇ । ਕਾਮਯਾਬ ਕੌਮਾਂ ਆਪਣੇ ਬਜ਼ੁਰਗਾਂ ਦੇ ਨਿਸ਼ਾਨ ਕਾਇਮ ਕਰਕੇ ਕੌਮਾਂ ਵਿਚ ਜਾਨਾਂ ਭਰਦੀਆਂ ਹਨ, ਸਿਖ ਆਪਣੇ ਬਜ਼ੁਰਗਾਂ ਨੂੰ ਵਿਸਾਰਦੇ ਹਨ, ਤਦੇ ਕੌਮ ਵਿਚੋਂ ਕਾਮਯਾਬੀ ਪਰੇ ਪਰੇ ਹਟਣ ਦੇ ਨਿਸ਼ਾਨ ਦਿਖਾਲਦੀ ਰਹਿੰਦੀ ਹੈ ।''

[ਯਾਦਗਾਰ ਕਮੇਟੀ ਦੀ ਸਥਾਪਨਾ]

ਭਾਈ ਸਾਹਿਬ ਜੀ ਦੀ ਉਕਤ ਅਪੀਲ ਤੋਂ ਪ੍ਰਭਾਵਿਤ ਹੋਕੇ ਕੁਛ ਸੇਵਕ ੧੨ ਜਨਵਰੀ ੧੯੫੩ ਨੂੰ ਸ੍ਰੀ ਤਰਨ ਤਾਰਨ ਸਾਹਿਬ ਇਕੱਤ੍ਰ ਹੋਏ ਤੇ 'ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ' ਦੀ ਸਥਾਪਨਾ ਕੀਤੀ ਅਤੇ ਮਹਾਂ ਕਵੀ ਜੀ ਦੇ ਜਨਮ ਪਿੰਡ ਸਰਾਏ ਨੂਰਦੀਨ (ਜਿਸ ਦਾ ਨਾਮ ਹੁਣ ਕਿਲ੍ਹਾ ਕਵੀ ਸੰਤੋਖ ਸਿੰਘ ਹੈ) ਪਹੁੰਚਕੇ ਜਨਮ ਵਾਲਾ ਮਕਾਨ ਪ੍ਰਾਪਤ ਕਰ ਲਿਆ ਤੇ ਯਾਦਗਾਰ ਦਾ ਨੀਂਹ-ਪੱਥਰ ਰਖਣ ਦੀ ਤਰੀਕ ਨੀਯਤ ਕਰਕੇ ਇਸ਼ਤਿਹਾਰ ਛਾਪ ਦਿੱਤਾ।

[ ਭਾਈ ਸਾਹਿਬ ਜੀ ਵਲੋਂ ਸਹਾਇਤਾ ਤੇ ਪ੍ਰਸੰਨਤਾ ਭਰਿਆ ਪੱਤ੍ਰ ]

ਯਾਦਗਾਰ ਕਮੇਟੀ ਵਲੋਂ ਇਸ਼ਤਿਹਾਰ ਪੁੱਜਣ ਤੇ ਭਾਈ ਸਾਹਿਬ ਜੀ ਨੇ ਯਾਦਗਾਰ ਕਮੇਟੀ ਦੇ ਸੇਵਕ ਗਿਆਨੀ ਖਜ਼ਾਨ ਸਿੰਘ ਜੀ ਦੇ ਨਾਮ ਗਿਆਨੀ ਮਹਾਂ ਸਿੰਘ ਜੀ ਦੇ ਹੱਥੀਂ ਇਕ ਚੈੱਕ ਸਮੇਤ ਅੱਗੇ ਲਿਖਿਆ ਪੱਤ੍ਰ ਭੇਜਿਆ:-

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਕਸੌਲੀ
੧੫-੯-੫੩

ਪਿਆਰੇ ਜੀਓ !

ਆਪ ਦਾ ਪੱਤਰ ਤੇ ਇਸ਼ਤਿਹਾਰ ਪੁੱਜੇ ਹਨ, ਬੜੀ ਖੁਸ਼ੀ ਹੋਈ ਕਿ ਆਪ ਦੇ ਉੱਦਮ ਨਾਲ ਸ਼ਰੋਮਣੀ ਕਵੀ ਭਾਈ ਸੰਤੋਖ ਸਿੰਘ ਜੀ ਦੀ ਯਾਦਗਾਰ ਕਾਇਮ ਹੋਣ ਦਾ ਪ੍ਰਾਰੰਭਕ ਦਿਨ ਨੀਯਤ ਹੋ ਗਿਆ ਹੈ ਤੇ ਉਸ ਦਿਨ ਭਾਰੀ ਸਮਾਗਮ ਹੋਣ ਵਾਲਾ ਹੈ। ਵਾਹਿਗੁਰੂ ਸਫਲਤਾ ਬਖਸ਼ੇ । ਆਪ ਦਾ ਉੱਦਮ ਸਿਰੇ ਚੜ੍ਹੇ।

ਸ੍ਰੀ ਕਵੀ ਸੰਤੋਖ ਸਿੰਘ ਜੀ ਦੀ ਯਾਦਗਾਰ ਕਾਇਮ ਕਰਨੀ ਜੋ ਪੰਥ ਦੇ ਸਿਰ ਸੀ, ਸ਼ੁਕਰ ਹੈ ਕਿ ਉਹ ਰਿਣ ਅਦਾ ਹੋਣ ਲੱਗਾ ਹੈ। ਇਸ ਯਾਦਗਾਰ ਦਾ ਅੱਗੋਂ ਲਈ ਵੀ ਭਾਰੀ ਫਲ ਇਹ ਹੈ ਕਿ ਕੌਮ ਵਿਚ ਉਤਸ਼ਾਹ ਭਰੇਗਾ। ਸਿਖ ਨੌਜਵਾਨਾਂ ਲਈ ਸ਼ੁਭ ਸਿੱਖਿਆ ਮਿਲੇਗੀ । ਇਸ ਪੱਤ੍ਰ ਨਾਲ ੧੨੫) ਦਾ ਚੈੱਕ ਘੱਲ ਰਿਹਾ ਹਾਂ, ਇਹ ਤਿਲ ਫੁਲ ਇਮਾਰਤ ਦੇ ਕੰਮ ਵਿਚ ਸਫਲਾ ਲੈਣੇ।

ਆਪ ਦਾ ਹਿਤਕਾਰੀ-ਵੀਰ ਸਿੰਘ

ਭਾਈ ਸਾਹਿਬ ਜੀ ਦੇ ਹੁਕਮ ਨਾਲ ਸੰਪੂਰਨ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵੀ ਯਾਦਗਾਰੀ ਜਨਮ ਅਸਥਾਨ ਵਿਚ ਸਥਾਪਣ ਲਈ ਪੁਜ ਚੁਕਾ ਹੈ।

[ਭਾਈ ਸਾਹਿਬ ਜੀ ਦਾ ਪ੍ਰਸੰਨਤਾ ਭਰਿਆ ਲੇਖ]

'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਤੀਸਰੀ ਐਡੀਸ਼ਨ ਦੀ ਪ੍ਰਸਤਾਵਨਾ, ਜੋ ਮਈ ੧੯੫੪ ਵਿਚ ਛਪੀ, ਦੀ ਭੂਮਕਾ ਦੇ ਸਫਾ ੨੩ ਪਰ ਆਪ ਲਿਖਦੇ ਹਨ :-

"ਅਸੀਂ ਇਕ ਗੱਲ ਪਾਠਕਾਂ ਪ੍ਰਤੀ ਖੁਸ਼ੀ ਨਾਲ ਦੱਸਣੀ ਚਾਹੁੰਦੇ ਹਾਂ, ਉਹ ਇਹ ਹੈ ਕਿ ਪਹਿਲੀ ਐਡੀਸ਼ਨ ਦੀ ਪ੍ਰਸਤਾਵਨਾ ਵਿਚ, 'ਕਵੀ ਜੀ ਦੀ ਯਾਦਗਾਰ ਤੇ ਸਿਖਾਂ ਦੀ ਅਨਗਹਿਲੀ' ਦੇ ਸਿਰਲੇਖ ਹੇਠ ਅਸੀਂ ਇਕ ਅਪੀਲ ਛਾਪੀ ਸੀ, ਜਿਸ ਵਿਚ ਸ੍ਰੀ ਮਾਨਜ਼ਵਰ ਕਵੀ ਸੰਤੋਖ ਸਿੰਘ ਜੀ ਦੀ ਕੋਈ ਯਾਦਗਾਰ ਨਾ ਕਾਇਮ ਹੋਣ ਤੇ ਸ਼ੋਕ ਪ੍ਰਗਟ ਕੀਤਾ ਸੀ। ਸਾਡੀ ਉਸ ਅਪੀਲ ਨੇ ਇਕ ਸੱਜਣ† ਜੀ ਦਾ ਦਿਲ ਪ੍ਰੇਰ ਲਿਆ ਹੈ ਤੇ ਉਨ੍ਹਾਂ ਨੇ ਕਵੀ ਜੀ ਦੇ ਜਨਮ ਸਥਾਨ (ਜੋ ਅਸਾਂ ਦੱਸਿਆ ਸੀ ਕਿ ਨੂਰ ਦੀ ਸਰਾਂ ਵਿਚ ਹੈ) ਦਾ ਟਿਕਾਣਾ ਪ੍ਰਾਪਤ ਕਰਕੇ ਉਥੇ ਉਨ੍ਹਾਂ ਦੀ ਯਾਦਗਾਰ ਉਸਾਰਨੀ ਸ਼ੁਰੂ ਕਰ ਦਿੱਤੀ ਹੈ।"

ਭਾਈ ਸਾਹਿਬ ਜੀ ਵਲੋਂ ਪ੍ਰਸੰਸਾ ਭਰਿਆ ਇਕ ਹੋਰ ਨੋਟ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਤੀਸਰੀ ਐਡੀਸ਼ਨ ਦੀ ਪ੍ਰਸਤਾਵਨਾ ਦੇ ਸਫਾ ੮੯ ਪਰ ਦਰਜ ਹੈ, ਜੋ ਇਸ ਪ੍ਰਕਾਰ ਹੈ :-

"ਪਿਛੇ ਭੂਮਿਕਾ ਵਿਚ ਅਸੀਂ ਦੱਸ ਆਏ ਹਾਂ ਕਿ ਨੂਰ ਦੀ ਸਰਾਂ ਵਾਲੇ ਇਸ ਟਿਕਾਣੇ ਤੇ ਸ੍ਰੀ ਕਵੀ ਸੰਤੋਖ ਸਿੰਘ ਜੀ ਦੀ ਯਾਦਗਾਰ ਕਾਇਮ ਕਰਨ ਦਾ ਉੱਦਮ ਹੋ ਰਿਹਾ ਹੈ ਤੇ ਸ੍ਰੀ ਮਾਨ ਗਿਆਨੀ ਖਜ਼ਾਨ ਸਿੰਘ ਜੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ ਵਾਲੇ ਇਕ ਯਾਦਗਾਰ ਕਮੇਟੀ ਸਥਾਪਤ ਕਰਕੇ ਪਿਛਲੇ ਸਾਲ ੧੯੫੩ ਦੇ ਮੱਧ ਤੋਂ ਇਸ ਸੋਹਣੇ ਉੱਦਮ ਵਿਚ ਜੁੱਟੇ ਹੋਏ ਹਨ। ਮਕਾਨ ਦੇ ਕਾਬਜ਼ ਮਾਲਕ ਨੇ ਮਕਾਨ ਮੁਫਤ ਭੇਟਾ ਕਰ ਦਿੱਤਾ ਹੈ। ਇਕ ਦੋ ਕਮਰੇ ਵੀ ਬਣ ਗਏ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਵੇਸ਼ ਹੋ ਚੁਕਾ ਹੈ। ਉਪਰ ਵਾਲੀ ਤਸਵੀਰ ਵਾਲਾ ਮਕਾਨ ਹੁਣ ਵਜੂਦ ਵਿਚ ਨਹੀਂ ਹੈ। ਇਸ ਥਾਂ ਨਾਲ ਕੁਛ ਹੋਰ ਥਾਂ ਪ੍ਰਾਪਤ ਕਰਕੇ ਯਾਦਗਾਰ ਅਸਥਾਨ ਨੂੰ ਵਧੇਰੇ ਖੁਲ੍ਹਾ ਬਨਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਨਗਰ ਦਾ ਨਾਮ ਕਿਲ੍ਹਾ ਕਵੀ ਸੰਤੋਖ ਸਿੰਘ ਰੱਖਣ ਹਿਤ ਸ੍ਰੀ ਮਾਨ ਗਿਆਨੀ ਖਜ਼ਾਨ ਸਿੰਘ ਜੀ ਸਰਕਾਰ ਨਾਲ ਲਿਖਾ-ਪੜ੍ਹੀ ਕਰ ਰਹੇ ਹਨ।"

## ਸੰਗਤਾਂ ਦੀ ਮੇਹਰ ਤੇ ਸਹੈਤਾ

ਮਹਾਂ ਕਵੀ ਜੀ ਦੀ ਯਾਦਗਾਰ ਕਾਇਮ ਕਰਨ ਦਾ ਉਦਮ ਪੰਥ ਦੇ ਸਮੂਹ ਵਿਦਵਾਨਾਂ, ਮੁਖੀਆਂ, ਸੰਤਾਂ, ਮਹੰਤਾਂ, ਗੁਣੀਆਂ, ਗਿਆਨੀਆਂ, ਸਭਾ ਸੁਸਾਇਟੀਆਂ ਦੀ ਤੀਬਰ ਇੱਛਾ ਤੇ ਆਗਿਆ ਨਾਲ ਕੀਤਾ ਗਿਆ, ਇਸ ਲਈ ਦੇਸ ਪ੍ਰਦੇਸ ਦੀਆਂ ਸਮੂਹ ਸੰਗਤਾਂ ਨੇ ਅਪਣੀ ਮੇਹਰ ਦੁਆਰਾ ਸਹਾਇਤਾ ਤੇ ਅਸ਼ੀਰਵਾਦ ਦਿੱਤੀ। ਸਭ ਤੋਂ ਪਹਿਲਾਂ ਪੰਥ ਦੀ ਮੁਖੀ ਜੱਥੇਬੰਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੫ ਅਪ੍ਰੈਲ ੧੯੫੩ ਨੂੰ ਆਪਣੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸਰਦਾਰ ਸਰਮੁਖ ਸਿੰਘ ਜੀ ਚਮਕ ਦੇ ਹੱਥੀਂ ੫੦੦) ਨਕਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਭੇਜੀ ਤੇ ਸ੍ਰੀ ਨਿਸ਼ਾਨ ਸਾਹਿਬ ਸਥਾਪਨ ਕੀਤਾ। ਫੇਰ ੨੦ ਸਤੰਬਰ ੧੯੫੩ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਅੱਛਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਦੀਵਾਨ ਸਜਿਆ, ਗੁਰਪੁਰਿ ਵਾਸੀ ਗਿਆਨੀ ਬੁਧ ਸਿੰਘ ਜੀ ਨੇ ਅਰਦਾਸਾ

---

†ਉਹਨਾਂ ਦਾ ਨਾਮ ਨਾਮੀ ਗਿਆਨੀ ਖਜ਼ਾਨ ਸਿੰਘ ਜੀ ਹੈ।

ਸੋਧਿਆ ਤੇ ਸੰਤ ਭੂਰੀ ਵਾਲਿਆਂ ਯਾਦਗਾਰੀ ਸਥਾਨ ਦਾ ਨੀਂਹ ਪੱਥਰ ਰੱਖਿਆ। ੪ ਅਪ੍ਰੈਲ ੧੯੫੪ ਨੂੰ ਹੌਲਦਾਰ ਸਾਧੂ ਸਿੰਘ ਜੀ ਰਈਸ ਠਰੂ ਵਾਲਿਆਂ ਦੀ ਆਗਿਆ ਨਾਲ ਉਨ੍ਹਾਂ ਦੇ ਸਪੁਤਰ ਸ: ਹਰੀ ਸਿੰਘ ਜੀ ਨੇ ਅਪਣੇ ਸੀਸ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਲਿਆ ਕੇ, ਉਸਰ ਚੁਕੇ ਅਸਥਾਨ ਵਿਚ ਪ੍ਰਕਾਸ਼ ਕੀਤਾ। ਮਹਾਂ ਕਵੀ ਜੀ ਦੇ ਜਨਮ ਵਾਲਾ ਅਸਲ ਮਕਾਨ ਤੇ ਕੁਛ ਹੋਰ ਜ਼ਮੀਨ ਪੁਰਾਣੇ ਕਾਬਜ਼ ਲਾਲਾ ਦੀਨਾ ਨਾਥ ਜੀ ਨੇ ਅਰਦਾਸ ਕਰਾ ਦਿੱਤਾ, ਦੇਸ ਪ੍ਰਦੇਸ ਦੀਆਂ ਸੰਗਤਾਂ ਨੇ ਦਿਲ ਖੋਲ੍ਹ ਕੇ ਮਾਇਆ ਦੇ ਗੱਫੇ ਭੇਜੇ, ਕਮੇਟੀ ਨੇ ਅਸਲ ਦੋ ਤਿੰਨ ਮਰਲੇ ਜ਼ਮੀਨ ਨਾਲ ਹੋਰ ਜ਼ਮੀਨ ਪ੍ਰਾਪਤ ਕਰਕੇ ਰਲਾਈ ਤੇ ਇਹ ਰਕਬਾ ਵੀਹ ਮਰਲੇ (ਇਕ ਕਨਾਲ) ਕਰ ਲਿਆ। ਹੁਣ ਤਕ ਇਸ ਥਾਂ ਚਾਰ ਕਮਰੇ ਦੋ ਮੰਜ਼ਲੇ, ਉਪਰ ਖੰਡੇ ਵਾਲਾ ਤਾਂਬੇ ਦੇ ਕਲਸ ਸਹਿਤ ਉੱਚਾ ਗੁੰਬਜ਼, ਅੰਦਰ ਬਾਹਰ ਪਲਸਤਰ, ਫਰਸ਼ਾਂ, ਜੋੜੀਆਂ ਸਹਿਤ ਬਿਜਲੀ ਲਗਕੇ ਚਾਰ ਦੀਵਾਰੀ ਸਮੇਤ ਸੰਪੂਰਨ ਹੋ ਗਿਆ ਹੈ। ਹੁਣ ਪਿਛੇ ਹਾਲ ਤੇ ਕੁਛ ਹੋਰ ਕਮਰੇ ਉਸਰਨੇ ਬਾਕੀ ਹਨ।

ਇਸ ਨਗਰ ਵਿਚ ਕਵੀ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਹਰ ਸਾਲ ਅੱਸੂ ਦੇ ਪਹਿਲੇ ਐਤਵਾਰ ਨੂੰ ਬੜਾ ਭਾਰੀ ਸਮਾਗਮ ਹੁੰਦਾ ਹੈ, ਜਿਸ ਪਰ ਸਾਰੇ ਇਲਾਕੇ ਤੇ ਦੂਰ ਦੂਰ ਦੀਆਂ ਸੰਗਤਾਂ ਇਕੱਤ੍ਰ ਹੁੰਦੀਆਂ ਹਨ, ਸ੍ਰੀ ਅਖੰਡਪਾਠ ਹੁੰਦੇ, ਦੀਵਾਨ ਸਜਦੇ, ਕੀਰਤਨ, ਕਥਾ, ਵਖਿਆਨਾਂ ਦਾ ਪ੍ਰਵਾਹ ਚਲਦਾ ਹੈ ਤੇ ਅਤੁੱਟ ਲੰਗਰ ਵਰਤਦਾ ਹੈ। ਕਵੀ ਜੀ ਦੀ ਸਾਲਾਨਾ ਬਰਸੀ ਕੱਤਕ ਵਦੀ ਏਕਾਦਸ਼ੀ (ਦੀਵਾਲੀ ਤੋਂ ਚਾਰ ਦਿਨ ਪਹਿਲਾਂ) ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਵਲੋਂ ਮੰਜੀ ਸਾਹਿਬ ਤੇ ਗੁਰਦਵਾਰਾ ਕਮੇਟੀ ਦਿੱਲੀ ਵਲੋਂ ਗੁਰਦਵਾਰਾ ਸ੍ਰੀ ਬੰਗਲਾ ਸਾਹਿਬ ਵਿਖੇ ਮਨਾਈ ਜਾਂਦੀ ਰਹੀ ਹੈ ਤੇ ਹੋਰ ਕਈ ਸ਼ਹਿਰਾਂ ਵਿਚ ਦੀਵਨ ਸਜਦੇ ਅਰ ਕਵੀ ਦਰਬਾਰ ਹੁੰਦੇ ਰਹੇ ਹਨ। ਦਿੱਲੀ, ਜਲੰਧਰ ਤੇ ਸ੍ਰੀ ਅੰਮ੍ਰਿਤਸਰ ਤੋਂ ਰੇਡੀਓ ਪਰ ਬੀ ਕਵੀ ਜੀ ਦੇ ਜੀਵਨ ਸੰਦੇਸ਼ ਦਿਤੇ ਗਏ। ਦੇਸ਼ ਭਰ ਦੇ ਅੰਗਰੇਜ਼ੀ, ਉਰਦੂ, ਹਿੰਦੀ ਤੇ ਪੰਜਾਬੀ ਦੇ ਦੈਨਿਕ, ਸਪਤਾਹਕ ਅਰ ਮਾਸਕ ਪੱਤ੍ਰਾਂ ਨੇ ਖਾਸ ਨੰਬਰ ਛਾਪੇ ਤੇ ਜੀਵਨ ਚਰਿਤ੍ਰ ਪ੍ਰਕਾਸ਼ਤ ਕੀਤੇ। ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਆਪਣੇ ਇਕ ਮਤੇ ਦੁਆਰਾ ਸ੍ਰੀ ਦਰਬਾਰ ਸਾਹਿਬ ਵਿਚ ਚਲ ਰਹੀ 'ਸਿਖ ਰੈਫਰੈਂਸ ਲਾਇਬਰੇਰੀ' ਦੇ ਹਾਲ ਦਾ ਨਾਂ "ਮਹਾਂ ਕਵੀ ਸੰਤੋਖ ਸਿੰਘ ਹਾਲ" ਰੱਖਕੇ ਇਕ ਅਟੱਲ ਯਾਦਗਾਰ ਕਾਇਮ ਕਰ ਦਿੱਤੀ ਹੈ। ਘੰਟਾ ਘਰ ਵਾਲੇ 'ਸਿਖ ਅਜਾਇਬ ਘਰ' ਵਿਚ ਮਹਾਂ ਕਵੀ ਜੀ ਦੀ ਸੁੰਦਰ ਤਸਵੀਰ ਸਜਾ ਦਿੱਤੀ ਹੈ। ਇਹ ਸਭ ਕੁਛ ਮਹਾਂ ਕਵੀ ਜੀ ਦੀ ਨਿਸ਼ਕਾਮ ਗੁਰ ਭਗਤੀ ਤੇ ਸੰਗਤਾਂ ਦੇ ਪਿਆਰ ਦਾ ਸਦਕਾ ਹੈ। ਅਸੀਂ ਸੰਗਤਾਂ ਦੀ ਸੇਵਾ ਵਿਚ ਬੇਨਤੀ ਕਰਾਂਗੇ ਕਿ ਉਹ ਸਾਲ ਵਿਚ ਇਕ ਵਾਰ ਜਨਮ ਦਿਨ ਪਰ ਜਾਂ ਗੁਰ ਲੋਕ ਸਿਧਾਰਨ ਦੀ ਯਾਦ ਵਿਚ ਦੀਵਾਨ ਸਜਾਕੇ ਅਰ ਕਵੀ ਜੀ ਦੀਆਂ ਰਚਨਾਂ ਦਾ ਪ੍ਰਚਾਰ ਕਰਕੇ ਅਥਵਾ ਯਾਦਗਾਰ ਕਮੇਟੀ ਨੂੰ ਸਹਾਇਤਾ ਭੇਜਕੇ ਸੇਵਾ ਵਿਚ ਹਥ ਵਟਾਕੇ ਉਤਸ਼ਾਹ ਪੈਦਾ ਕਰਨ।

੧੫੩੦/੧੫, ਸਿੰਘ ਨਿਵਾਸ]
ਪਹਾੜ ਗੰਜ, ਨਵੀਂ ਦਿੱਲੀ ]
ਮਿਤੀ ੧-੫-੧੯੬੧ ਈ: ]

ਦਾਸ-ਗਿਆਨੀ ਖਜ਼ਾਨ ਸਿੰਘ ਪ੍ਰਧਾਨ,
ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ।

੧ ੴ ਸਤਿਗੁਰ ਪ੍ਰਸਾਦਿ ॥

----

# ਅਲੰਕਾਰ ਲੱਛਣ

ਇਸ ਟੀਕੇ ਵਿਚ ਕਵੀ ਜੀ ਨੇ ਜਿੱਥੇ ਤੁਕਾਂ ਦੇ ਅਰਥਾਂ ਪਿਛੋਂ ਉਨ੍ਹਾਂ ਤੁਕਾਂ ਵਿਚ ਦੇ ਅਲੰਕਾਰ ਦੱਸੇ ਹਨ ਓਥੇ ਨਾਲ ਉਨ੍ਹਾਂ ਅਲੰਕਾਰਾਂ ਦੇ ਲੱਛਣ ਬੀ ਦੇ ਦਿੱਤੇ ਹਨ, ਜੋ ਵਿਸ਼ੇਸ਼ ਕਰਕੇ ਉਨ੍ਹਾਂ ਦੀ ਸੈ੍ਕ੍ਰਿਤ ਕਵਿਤਾ ਵਿਚ ਹਨ। ਕੁਝ ਕੁ ਥਾਈਂ ਵਾਰਤਕ ਵਿਚ ਬੀ ਹਨ। ਜੇ ਕਿਤੇ ਕਿਸੇ ਸ਼ਬਦ ਬ੍ਰਿਤੀ ਦਾ ਯਾ ਕਾਵ੍ਯ ਦੋਸ਼ ਦਾ ਜ਼ਿਕਰ ਆਇਆ ਹੈ ਤਾਂ ਆਪ ਨੇ ਓਥੇ ਬ੍ਰਿਤੀ ਯਾ ਦੋਸ਼ ਆਦਿ ਦਾ ਲੱਛਣ ਬੀ ਦੇ ਦਿੱਤਾ ਹੈ। ਸ਼ੁਰੂ ਸ਼ੁਰੂ ਵਿਚ ਸਾਰੇ ਅਲੰਕਾਰਾਂ ਆਦਿ ਦੇ ਲੱਛਣ ਆਪ ਨੇ ਹਰ ਥਾਵੇਂ ਦਿੱਤੇ ਹਨ, ਅੱਗੇ ਜਾਕੇ ਜਿਨ੍ਹਾਂ ਦੇ ਲੱਛਣ ਪਿੱਛੇ ਦੇ ਆਏ ਹਨ ਕੁਝ ਕੁਝ ਛੱਡੀ ਗਏ ਹਨ, ਤੇ ਕੁਝ ਕੁ ਥਾਵਾਂ ਤੋਂ, ਓਹੀ ਲੱਛਣ ਬਾਰ ਬਾਰ ਆਉਣ ਤੇ ਅਸੀਂ ਬੀ ਛੋੜ ਦਿੱਤੇ ਹਨ। ਪਰ ਕਿਸੇ ਪਾਠਕ ਨੂੰ ਜੇ ਕਿਸੇ ਥਾਵੇਂ ਅਲੰਕਾਰ ਆਦਿ ਦਾ ਨਾਮ ਆਉਣ ਤੇ ਲੱਛਣ ਓਥੇ ਨਾ ਹੋਣ ਦੀ ਸੂਰਤ ਵਿਚ ਉਸ ਦੇ ਲੱਛਣ ਜਾਣਨ ਦੀ ਇੱਛਾ ਹੋ ਆਵੇ ਤਾਂ ਉਨ੍ਹਾਂ ਦੇ ਲਾਭ ਲਈ ਅਸੀਂ ਅਲੰਕਾਰਾਂ ਆਦਿ ਦੀ ਅੱਖਰ ਕ੍ਰਮ ਅਨੁਸਾਰ ਸੂਚੀ ਤੇ ਜਿਥੇ ਓਹ ਆਏ ਹਨ ਉਨ੍ਹਾਂ ਦੇ ਪੰਨੇ ਹੇਠਾਂ ਦਿੰਦੇ ਹਾਂ ਤਾਂਕਿ ਲੋੜੀਂਦੇ ਅਲੰਕਾਰ ਆਦਿ ਸੰਬੰਧੀ ਵਾਕਫੀ ਪਾਠਕ ਨੂੰ ਪ੍ਰਾਪਤ ਕਰਨੀ ਸੌਖੀ ਹੋ ਜਾਵੇ।


| ਨਾਮ ਅਲੰਕਾਰ | ਪੰਨੇ | ਨਾਮ ਅਲੰਕਾਰ | ਪੰਨੇ |
|---|---|---|---|
| ਉਕਤ ਨਮਿਤਾ ਵਿਸ਼ੇਖੋਕਤ (ਵਾਰਤਕ) | ੧੫ | ਅੰਨਜੋਕਤਿ | ੧੬੨ |
| ਉੱਤਰ | ੧੬ | ਏਕਾਵਲੀ | ੧੬੬ |
| ਉਪਮਾ (ਵਾ:) | ੧੮੧ | ਸਮ | ੯੫, ੧੫੯ |
| ਉਭਯਾਬ੍ਰਿਤ ਦੀਪਕ | ੨੨,੩੦,੬੪,੮੦ | ਸਮੁਚਯ | ੯੧, ੧੧੩, ੧੬੪ |
| ਉੱਲੇਖ | ੧੧, ੩੦ | ਸ਼ਲੇਖ | ੧੪੧ |
| ਅਚਿੰਤ ਨਮਿਤਾ ਵਿਸ਼ੇਖੋਕਤ (ਵਾ:) | ੧੫ | ਸਾਰ | ੧੩੭ |
| ਅਧਿਕ | ੮੯ | ਸਾਵੈਵ ਰੂਪਕ | ੧੫੪ |
| ਅਨਗਨ | ੪੦, ੫੮ | ਸੁਭਾਵੋਕਤਿ | ੧੧, ੩੩ |
| ਅਨੁਕਤਿਨਮਿਤਾ ਵਿਸ਼ੇਖੋਕਤ | ੧੫,੩੧,੧੧੩ | ਸੰਸ੍ਰਿਸ਼ਟ | ੫੭ |
| ਅਨੁਪ੍ਰਾਸ-ਸ਼੍ਰੁਤਯ | ੧੦੯ | ਸੰਭਾਵਨਾ | ੨੪, ੧੭੬ |
| ਅਨੁਪ੍ਰਾਸ- ਛੇਕ | ੮੬ | ਸ਼੍ਰੁਤਯਾਨੁਪ੍ਰਾਸ | ੧੦੯ |
| ਅਨੁਪ੍ਰਾਸ-ਲਾਟ | ੨੫ | ਹੇਤ | ੩੬,੪੨,੬੪,੬੮ |
| ਅਨੁਪ੍ਰਾਸ-ਵ੍ਰਿਤਯ | ੨੭, ੬੭, ੮੬ | ਕਾਕੋਕਤਿ (ਵਾ:) | ੪੬, ੫੨ |
| ਅਰਥਾਂਤਰ ਨਯਾਸ | ੩੫ | ਕਾਰਕ ਦੀਪਕ | ੨੭,੧੦੮,੧੫੦,੧੭੬ |
| ਅਲੰਕਾਰ | ੧੩ | ਕਾਰਨ ਮਾਲਾ | ੪੦, ੪੩ |
| ਅਰਥਾਬ੍ਰਿਤ ਦੀਪਕ | ੧੧੨ | ਕਾਵ੍ਯਲਿੰਗ | ੨੦,੨੫ |
| ਆਬ੍ਰਿਤ ਦੀਪਕ ਤੀਜਾ | ੨੨ | ਕਾਵ੍ਯਾਰਥਾਪਤਿ (ਵਾ:) | ੬੯ |
| ਐਤਿਹਯ | ੧੧੫ | ਚਿੱਤ | ੩੯ |

| ਨਾਮ ਅਲੰਕਾਰ | ਪੰਨੇ |
|---|---|
| ਛੇਕਾਨੁਪ੍ਰਾਸ (ਵਾ:) | ੮੬ |
| ਤੁਲਜ ਯੋਗਤਾ | ੬੪, ੯੭ |
| ਦ੍ਰਿਸ਼ਟਾਂਤ | ੧੦੭, ੧੧੮ |
| ਪਰਕਰ | ੨੨, ੩੨, ੧੦੮ |
| ਪ੍ਰਸਿੱਧ | ੧੮੩ |
| ਪ੍ਰਸੰਖਜਾ | ੧੧, ੨੧, ੧੫੫ |
| ਪ੍ਰਹਰਖਨ | ੧੪੨ |
| ਪ੍ਰਜਾਯ | ੬੬, ੭੬, ੯੫, ੧੦੩ |
| ਪ੍ਰਜਾਯੋਕਤਿ | ੨੪, ੫੭ |
| ਪ੍ਰੇਮ (ਵਾਰਤਕ) | ੪੭ |
| ਪ੍ਰੇਜਸੁਤ | ੪੬ |
| ਪੁਨਰੁਕਤਿਵਦਾਭਾਸ | ੨੦ |
| ਬਿਸੇਖ | ੧੧, ੮੭ |
| ਬਿਕਸੂਰ | ੧੧੬ |
| ਬਿਖਮ | ੧੭੧ |
| ਬਿਧਿ | ੯੯ |
| ਬਿਨੋਕਤਿ | ੫੬ |
| ਬਿਭਾਵਨਾ | ੨੬, ੧੨੬ |
| ਬਿਰੋਧ | ੧੬੮ |
| ਬ੍ਰਿਤਜਾਨੁਪ੍ਰਾਸ | ੨੭, ੬੭, ੮੬ |
| ਬੀਪਸਾ (ਵਾ:) | ੩੨ |
| ਭਾਵਕ | ੧੨, ੨੮, ੧੪੯ |
| ਮਾਲੋਪਮਾ | ੪੫ |
| ਮੀਲਤ | ੬੭, ੧੨੨ |
| ਯਮਕ | ੪੩ |
| ਰਸਵਤ | ੪੬ |
| ਰੂਪਕ | ੪੫, ੬੯, ੧੮੧ |
| ਰੂਪਕਾਤਿਸ਼ਯੋਕਤਿ | ੫੩, ੭੨ |
| ਲਲਿਤ (ਵਾ:) | ੭੧ |
| ਲਾਟਾਨੁਪ੍ਰਾਸ | ੨੫ |

| ਨਾਮ ਅਲੰਕਾਰ | |
|---|---|
| ਵਾਚਕ ਧਰਮੋ ਲੁਪਤੋਪਮਾ (ਵਾ:) | ੧ |
| ਵਿਸ਼ੇਖ | ੧੧, |
| ਵਿਸ਼ੇਖੋਕਤਿ | ੧: |
| ਵਿਸ਼ੇਖੋਕਤਿ ਉਕਤਿ ਨਮਿਤਾ | |
| ਵਿਸ਼ੇਖੋਕਤਿ ਅਚਿੰਤ ਨਮਿਤਾ | |
| ਵਿਸ਼ੇਖੋਕਤਿ ਅਨੁਕਤਿ ਨਮਿਤਾ | ੧੫, ੩੧, ੧ |
| ਵਿਖਮ | ੧ |
| ਵਿਧਿ | |
| ਵਿਨੋਕਤਿ | |
| ਵਿਨੋਕਤਿ ਦੂਸਰੀ (ਵਾ:) | ੧ |
| ਵਿਭਾਵਨਾ | ੨੬, ੧ |
| ਵਿਭਾਵਨਾ ਚੌਥੀ (ਵਾ:) | |
| ਵਿਰੋਧ | ੧ |
| ਵ੍ਰਿਤਜਾਨੁਪ੍ਰਾਸ (ਵਾ:) | ੨੭, ੬੭, |


--o--

## ਬ੍ਰਿਤੀ ਲੱਛਣ


| | |
|---|---|
| ਉਪਲਛਣਾ | |
| ਸਾਧਜਵਸਾਨਾ | ੫੩, |
| ਜਹਿਤੀ ਲਛਣਾ | ੨੫, ੧ |
| ਧੁਨਿ (ਵਾ:) | |
| ਵਜੰਗ (ਵਾ:) | |


--o--

## ਦੋਸ਼ ਲੱਛਣ


| | |
|---|---|
| ਅਕਾਂਡ ਪ੍ਰਕਥਨ | |
| ਅਨੁਚਿਤਾਰਥ | |
| ਅਪੁਸ਼ਟਾਰਥ | |
| ਅਭਵਨ ਮਤ | |
| ਅਵਾਚਕ | |
| ਗਤਿ ਸੰਸਕ੍ਰਿਤ | ੧ |


* * *

੧ ੴ ਸਤਿਗੁਰ ਪ੍ਰਸਾਦਿ ॥

[ਮਹਾਂ ਕਵੀ ਭਾਈ ਸੰਤੋਖ ਸਿੰਘ ਲਿੱਖਤ]

# ਸ੍ਰੀ ਜਪੁ ਸਾਹਿਬ ਗਰਬ ਗੰਜਨੀ ਟੀਕਾ

## ਲਿਖਯਤੇ

----

ਸ੍ਰੀ ਪਰਮਾਤਮਾਯ ਨਮਹ ।

[ਮੰਗਲ ਅਕਾਲ ਪੁਰਖ]

ਦੋਹਰਾ ॥ ਸ੍ਰੀ ਅਸਿਧੁਜ ਸੁ ਬਿਲਾਸ ਭੁਜ ਉਤਭੁਜ ਜੰਗਮ ਜੋਇ ॥
ਸਰਬ ਸ਼ਈ ਕਰਤਾ ਪੁਰਖੁ ਨਮੋ ਬੰਦਿ ਕਰ ਦੋਇ[1] ॥ ੧† ॥

[ਦਸਾਂ ਗੁਰੂ ਸਾਹਿਬਾਂ ਦਾ ਮੰਗਲ]

ਕਬਿਤ ॥ ਬੇਦ ਬੇਦ ਨਿਰਾਕਾਰ ਜਾਂਕੋ ਕਹੈਂ ਖੇਦ ਬਿਨੁ,
ਸੋਊ ਹ੍ਵੈ ਅਕਾਰ ਗੁਰੂ ਨਾਨਕ ਅਨੰਦ ਮੈ[2] ॥
ਅੰਗਦ, ਅਮਰਦਾਸ, ਰਾਮਦਾਸ, ਅਰਜੁਨ,
ਸ੍ਰੀ ਹਰਿਗੁਵਿੰਦ ਭਏ ਸੋਊ ਸੁਖਕੰਦ ਮੈ[3] ॥
ਗੁਰੂ ਹਰਿਰਾਇ, ਹਰਿਕ੍ਰਿਸ਼ਨ ਪਰਮ ਜੋਤਿ,
ਤੇਗ ਕੇ ਬਹਾਦੁਰ ਬਿਸ਼ਾਰਦ ਮੁਕੰਦ ਮੈ[4] ॥
ਸ੍ਰੀ ਗੁਬਿੰਦ ਸਿੰਘ ਲੌ ਪਦਾਰਬਿੰਦ ਸਭਨ ਕੇ
ਬੰਦੋਂ ਬ੍ਰਿੰਦ ਦੁੰਦ-ਹਰ ਦੁੰਦ ਹਾਥ ਬੰਦ ਮੈ[5] ॥੩॥

[ਸ੍ਰੀ ਕਲਗੀਧਰ ਪਾਤਸ਼ਾਹ ਜੀ ਦੀ ਤਲਵਾਰ ਦੀ ਮਹਿਮਾ]

ਸ੍ਰੀ ਗੁਰੂ ਜੀ ਕੀ ਤਰਵਾਰ ਕੋ ਬਰਨਨ ।

ਕਬਿਤ ॥ ਨਿਕਸਤ ਮਯਾਨ ਤੈ ਹੀ, ਛਟਾ ਘਨ ਮਯਾਨ ਤੈ ਹੀ[6]
ਕਾਲ ਜੀਹ ਲਹਿ ਲਹਿ[7] ਹੋਇ ਰਹੀ ਹਲਿ ਹਲਿ ।

---

੧. ਸ੍ਰੀ ਅਕਾਲ ਪੁਰਖ, ਜੋ ਆਨੰਦ ਸਰੂਪ ਸ਼ਕਤੀ ਹੈ ਤੇ ਜੜ ਜੰਗਮ ਸਰਵ ਸ੍ਰਿਸ਼ਟੀ ਦਾ ਸਿਰਜਣਹਾਰ ਹੈ, ਨੂੰ ਦੋਵੇਂ ਹੱਥ ਜੋੜਕੇ ਮੈਂ ਨਮਸਕਾਰ ਕਰਦਾ ਹਾਂ । [ਅਸਿਧੁਜ = ਜਿਸ ਦੇ ਝੰਡੇ ਵਿਚ ਤਲਵਾਰ ਦਾ ਚਿੰਨ੍ਹ ਹੈ, ਅਕਾਲ ਪੁਰਖ । ਸੁਬਿਲਾਸ = ਆਨੰਦ ਸਰੂਪ । ਭੁਜ = ਬਾਂਹ । ਸ਼ਕਤੀ । ਉਤਭੁਜ = ਧਰਤੀ ਨੂੰ ਪਾੜਕੇ ਜੰਮਣ ਵਾਲੇ, ਵੇਲਾਂ ਬ੍ਰਿਛ ਭਾਵ ਜੜ । ਜੰਗਮ = ਟੁਰਨ ਫਿਰਨ ਵਾਲੇ ਜੀਵ] । ੨. ਚਾਰੋਂ ਵੇਦ ਜਿਸ ਨੂੰ ਨਿਰਾਕਾਰ ਤੇ ਖੇਦ ਰਹਿਤ ਕਹਿੰਦੇ ਹਨ, ਓਹੀ ਅਕਾਲ ਪੁਰਖ ਆਕਾਰ ਧਾਰਕੇ ਆਨੰਦ ਸਰੂਪ ਗੁਰੂ ਨਾਨਕ ਹੋਏ । ੩. ਮੇਰੇ ਸੁਖਾਂ ਦੇ ਦਾਤੇ । ੪. ਪਰਮ ਨਿਪੁੰਨ ਮੇਰੇ ਮੁਕਤੀ ਦਾਤਾ । ੫. ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਾਰੇ (ਗੁਰੂ ਸਾਹਿਬਾਂ) ਦੇ ਚਰਨ ਕਵਲ ਜੋ ਸਾਰੇ ਦੁੰਦਾਂ (ਦੁਖਾਂ) ਦੇ ਦੂਰ ਕਰਨ ਵਾਲੇ ਹਨ ਦੋਵੇਂ ਹੱਥ ਜੋੜਕੇ ਮੈਂ ਨਮਸਕਾਰ ਕਰਦਾ ਹਾਂ । ੬. ਬਿਜਲੀ ਜਿਵੇਂ ਬੱਦਲ ਵਿਚੋਂ । ੭. ਕਾਲ ਦੀ ਜੀਭ ਜੋ ਲਹਿਲਹਾ ਰਹੀ ਹੈ ।

†ਅੱਗੇ ਅੰਕ ੨ ਦਾ ਛੰਦ ਨਹੀਂ ਮਿਲਿਆ ।

ਲਾਗੈ ਅਰਿ ਗਰ, ਗੇਰੇ ਧਰ ਪਰਿ ਧਰ ਸਿਰ,
ਧਰਤਿ ਨ ਧੀਰ ਚਾਰੋਂ ਚੱਕ ਪਰੈ ਚਲਿ ਚਲਿ[1]।
ਕੌਨ ਰਹੈ ਠਾਂਢੋ ਸ੍ਰੀ ਗੁਬਿੰਦ ਸਿੰਘ ਆਪਿ ਆਗੈ ?
ਜਲ ਥਲ ਉਥਲ ਪਥਲ ਹੋਇ ਥਲਿ ਥਲਿ।
ਭਾਜੈਂ ਬਿਨ ਦੇਰ ਨੇਰਿ ਕਰੈਂ ਨ ਸੰਤੋਖੁ ਸਿੰਘ
ਹੇਰਿ ਸ਼ਮਸ਼ੇਰ ਸਮ ਸ਼ੇਰ[2] ਤੇਰੀ ਪਲ ਪਲ ॥੪॥

[ਕਲਗੀਧਰ ਜੀ ਦਾ ਸਰੂਪ ਦਰਸ਼ਨ]

ਦੋਹਰਾ ॥ ਧਨੁਖ ਪਾਨ[3], ਉਰ ਗਜਾਨਘਨ, ਕਟ ਸੋਂ ਤੇਗ ਨਿਖੰਗ[4]।
ਮੁਕਤਾ ਮਾਲ ਬਿਸਾਲ ਗਰ[5], ਕਲਗੀ ਸੀਸ ਉਤੰਗ ॥੫॥
ਜਗਮਗਾਤ ਕਲਗੀਨਿ ਕੇ ਜਰੇ ਜਵਾਹਰੁ ਜੋਇ।
ਜਨੁ ਸਤਿਗੁਰ ਕੇ ਤੇਜ ਨੇ ਤਾਰੇ ਤੋਰਿ ਪਰੋਇ[6] ॥੬॥

[ਵਿਦਯਾ ਦਾਤਾ ਜੀ ਨੂੰ ਪ੍ਰਨਾਮ]

ਸ੍ਰੀ ਮਤਿ ਮੁਰ ਗੁਰ ਭਜਨ ਮੈਂ ਦਯਾ ਧਾਮ ਅਭਿਰਾਮ[7]।
ਤਿਨ ਕੇ ਪਗਨ ਪ੍ਰਨਾਮ ਹੈ, ਸੰਤ ਸਿੰਘ ਸੁਭ ਨਾਮ ॥੭॥

[ਕੈਥਲ ਰਾਜ ਵੰਸ਼ ਦਾ ਸੰਖੇਪ ਹਾਲ]

ਕਬਿਤ ॥ ਸਿੱਧੂ ਕੁਲ ਤਾਲ ਮੈ ਪ੍ਰਫੁੱਲਤ ਕਮਲ ਕਲ[8]
ਗੋਤ ਭੁਲਹਰੀਏ ਮੇ ਦੇਹਿ ਉਤਪਤਿ ਕੀ।
ਸਤਿਗੁਰੂ ਅਰਜੁਨ ਸਿਰਜਤਿ ਸੁਧਾਸਰ
ਜਾਇ ਸੇਵ ਲਾਗਯੋ ਕਰਿ ਲਾਲਸਾ ਸੁ ਗਤਿ ਕੀ[9]।
ਰਾਜ਼ੀ ਹ੍ਵੈ ਰਜ਼ਾਇ ਮੇ ਰਿਝਾਇ ਹਰਖਾਇ ਉਰ
ਪਾਯੋ ਮਿਨ ਭਾਯੋ ਬਰ ਗਯਾਨਵਾਨ ਮਤਿ ਕੀ।
ਸਕਲ ਜਗਤ ਮੇ ਬਿਦਤ[10] ਦਿਨਪ੍ਰਤਿ ਅਤਿ
ਕੀਰਤਿ ਭਗਤਿ ਭਾਈ ਭਗਤੂ ਭਗਤ ਕੀ ॥੮॥

ਕਬਿਤ ॥ ਤਿਨ ਕੋ ਤਨੁਜ[11] ਗੌਰਾ ਬੀਰਨਿ ਮੇ ਬੀਰ ਗੌਰਾ
ਤੇਜ ਤੁਰਕਾਨਿ ਤੋਰਾ ਦਲ ਮੋਰਾ ਮਾਰਿਕੈ।
ਜੰਗ ਮੈ ਨਿਸੰਗ ਬੀਰ ਰੰਗ ਮੇ ਸੁਰੰਗ ਭਯੋ
ਬਹੁ ਕਰਿ ਵਾਰ ਕਰਵਾਰੁ ਕੋ ਪ੍ਰਹਾਰਿਕੈ[12]।

---

੧. ਭਾਜੜ। ੨. ਸ਼ੇਰ ਵਰਗੀ (ਭਯਾਨਕ) ਤੇਰੀ ਤਲਵਾਰ ਵੇਖਕੇ। ੩. ਹੱਥ ਵਿਚ ਧਨੁਖ। ੪. ਲੱਕ ਨਾਲ ਤੇਗ ਤੇ ਭੱਥਾ। ੫. ਮੋਤੀਆਂ ਦੀ ਵੱਡੀ ਮਾਲਾ ਗਲੇ ਵਿਚ। ੬. ਮਾਨੋ ਸਤਿਗੁਰੂ ਜੀ ਦੇ ਤੇਜ ਨੇ (ਆਕਾਸ਼ ਦੇ) ਤਾਰੇ ਹੀ ਤੋੜਕੇ ਪ੍ਰੋਤੇ ਹੋਏ ਹਨ। ੭. ਭਜਨ ਸਰੂਪ, ਦਇਆ ਦੇ ਪੁੰਜ ਤੇ ਪਰਮ ਸੁੰਦਰ। ੮. ਸੁਹਣਾ ਕੰਵਲ ਫੁਲ। ੯. ਮੁਕਤੀ ਦੀ ਚਾਹ ਨਾਲ। ੧੦. ਪ੍ਰਗਟ। ੧੧. ਪੁਤ੍ਰ। ੧੨. ਤਲਵਾਰ ਮਾਰ ਮਾਰ ਕੇ ਬੜੇ ਵਾਰ ਕੀਤੇ। [ਕਰਵਾਰੁ = ਤਲਵਾਰ]

ਪੌਰਖ[1] ਸੰਭਾਰਿਕੈ ਸੰਘਾਰਿਕੈ ਸਮੂਹ ਸ਼ਤ੍ਰ
ਹੋਯੋ ਰਖਵਾਰ ਸੰਗਿ ਗੁਰ ਪਰਵਾਰ ਕੈ।
ਤਾਂਕੋ ਸੁਤ ਦਜਾਲਦਾਸ ਜਗ ਮੈ ਪ੍ਰਕਾਸ਼ ਕੀਨ
ਪ੍ਰੇਮ ਰਸ ਭੀਨ ਸਦਾ ਅਗਮ ਅਪਾਰ ਕੈ ॥੯॥

ਦੋਹਰਾ ॥ ਤਿਨ ਕੋ ਸੁਤ ਗੁਰਬਖਸ਼ ਸਿੰਘ ਤਤਵੇਤਾ[2] ਮਤਿ ਧੀਰ।
ਤਿਨ ਤੇ ਦੇਸੂ ਸਿੰਘ ਭੇ ਦੇਸ਼ ਪਤੀ ਬਰ ਬੀਰ ॥੧੦॥
ਸਾਠ ਸਉਰਨਿ ਸੰਗ ਲੈ ਕਪਿਥਲ[3] ਲੀਨ ਛੁਰਾਇ।
ਤਹਾਂ ਪਠਾਨ ਜਿ ਪੰਚ ਸੈ ਹਤਿ,ਕਰਿ ਦਏ ਭਜਾਇ ॥੧੧॥
ਲਾਲ ਸਿੰਘ ਤਿਨ ਕੇ ਤਨੁਜ ਮਤਿ ਅਪਾਰ ਗੁਨਵੰਤ।
ਸਭ ਦੇਸ਼ਨਿ ਮੈ ਬਿਦਤ ਬਹੁ ਕੁਲਦੀਪਕ ਜਸਵੰਤ ॥੧੨॥

ਕਬਿਤ ॥ ਤਾਂਕੋ ਸੁਤ ਉਦੇ ਸਿੰਘ ਜੈਸੇ ਉਦੇ ਸਿੰਘ ਭਯੋ
ਰਿਦੇ ਕੇ ਮ੍ਰਿਦੁਲ ਧੀਰ ਧਾਰਿਬੇ ਕੋ ਧਰ ਸੇ[4]।
ਗੁਨ ਗ੍ਰਾਹ, ਗੁਨ ਗਾਹ, ਗੁਨ ਗ੍ਰਿਹ, ਗੁਨ ਗੌਰ,
ਗੁਰੂ ਗਿਰਾ ਗੇਯ ਗਤਿ ਗਮਜ ਗਾਰ ਗਿਰ ਸੇ[5]।
ਦਸੋ ਦਿਸ਼ ਦੌਰੈ ਜਸੁ ਦਾਨ ਦੇਬੋ ਦਿਨ ਦਿਨ
ਦਾਰਿਦ ਦੁਰਦ ਦਰਿਬੇ ਕੋ[6] ਸ਼ੇਰ ਦਰਸੇ।
ਬਾਲ ਬੈਸ ਬਪੁ ਮੇ ਬਿਲੋਕਿ ਲੋਕ ਬਿਸਮਤਿ
ਬ੍ਰਿੱਧਨਿ ਸੀ ਬੁੱਧਿ,ਮੁਖ ਬਾਰਿਜ ਸਦਰਸੇ[7] ॥੧੩॥

[ਟੀਕਾ ਰਚਨ ਦੀ ਵਿਥਿਆ]

ਚੌਪਈ ॥ ਉਦੇ ਸਿੰਘ ਬਡ ਭੂਪ ਬਹਾਦੁਰ। ਕਵਿ ਬੁਲਾਇ ਰਾਖਜੋ ਢਿਗ ਸਾਦਰ।
ਸ੍ਰੀ ਗ੍ਰੰਥ ਸਾਹਿਬ ਗੁਰਬਾਨੀ। ਸਰਬ ਸ਼ਿਰੋਮਨਿ ਜਪੁਜੀ ਜਾਨੀ ॥੧੪॥
ਅਰਥ ਗੰਭੀਰ ਮਹਾਨ ਮਹਾਨੇ। ਅਸ ਲਖਿ ਕਵਿ ਸੋਂ[8] ਬਚਨ ਬਖਾਨੇ:
'ਅਲੰਕਾਰ ਯੁਤ[8] ਟੀਕਾ ਰਚੀਏ। ਨਿਰਨੈ ਅਰਥ ਧਰਹੁ ਮਤਿ ਖਚੀਏ ॥੧੫॥
ਹੋਤ ਅਸ਼ੰਕਾ[9] ਯਾ ਮਹਿ ਜੇਤੀ। ਬੁਧਿ ਬਲ ਕਰਹੁ ਹਰਹੁ ਅਬ ਤੇਤੀ।'
ਸੁਨਿ ਕਰਿ ਬਚਨ ਨ੍ਰਿਪਤਿਕੋ ਨੀਕਾ।ਕਵਿ ਨੇ ਰੁਚਿਕ[10] ਰਚਯੋ ਜਪੁ ਟੀਕਾ ॥੧੬॥

ਦੋਹਰਾ ॥ ਸ੍ਰੀ ਜਪੁਜੀ ਕੇ ਅਰਥ ਪਰਿ ਪਰਬਰਤੋਂ[11] ਹਿਤ ਸਾਥ ॥
ਕਥੋਂ ਤਥਾ ਹੈ ਜਥਾ ਮਤਿ, ਬਿਘਨ ਮਥਹਿਂ[12] ਗੁਰ ਨਾਥ॥੧੭॥

---

੧. ਬਲ। ੨. ਗਜਾਨਵਾਨ। ੩, ਕੈਥਲ। ੪. ਧਰਤੀ ਸਮਾਨ ਧੀਰਜ ਧਾਰਨ ਵਾਲੇ। ੫. ਗੁਣਾਂ ਦੇ ਗ੍ਰਾਹਕ, ਗੁਣਾਂ ਦੇ ਜਾਣੂ, ਗੁਣਾਂ ਦੇ ਘਰ, ਗੁਣਾਂ ਪਰ ਗੌਰ ਕਰਨ ਵਾਲੇ ਤੇ ਗੁਰੂ ਬਾਣੀ ਦੇ (ਐਸੇ) ਗਜਾਤਾ (ਜੈਸੇ) ਪਰਬਤ ਕੰਦਰਾ ਵਿਚ ਜਾਣ ਵਾਲੇ (ਨੂੰ ਉਸ ਦੀਆਂ ਉਚਾਣਾਂ ਨਿਵਾਣਾਂ ਦੀ ਵਾਕਫ਼ੀ ਹੁੰਦੀ ਹੈ)। ੬. ਗਰੀਬੀ ਰੂਪ ਹਾਥੀ ਨੂੰ ਚਲਣ ਲਈ। ੭. ਕਵਲ ਵਰਗਾ ਮੁਖੜਾ। ੮. ਕਾਵਜ ਦੇ ਭੂਸ਼ਣਾਂ ਵਾਲਾ। ੯, ਸ਼ੰਕੇ, ਇਤਰਾਜ਼। ੧੦. ਚਾਹਕੇ। ੧੧. ਲਗਦਾ ਹਾਂ, ਰੁਝਦਾ ਹਾਂ। ੧੨. ਦੂਰ ਕਰਨ।

ਲਾਗੇ ਅਰਿ ਗਰ, ਗੇਰੇ ਧਰ ਪਰਿ ਧਰ ਸਿਰ,
ਧਰਤਿ ਨ ਧੀਰ ਚਾਰੋਂ ਚੱਕ ਪਰੈ ਚਲਿ ਚਲਿ[1]।
ਕੌਨ ਰਹੈ ਠਾਂਢੇ ਸ੍ਰੀ ਗੁਬਿੰਦ ਸਿੰਘ ਆਪਿ ਆਗੈ ?
ਜਲ ਥਲ ਉਥਲ ਪਥਲ ਹੋਇ ਥਲਿ ਥਲਿ।
ਭਾਜੈਂ ਬਿਨ ਦੇਰ ਨੇਰਿ ਕਰੈਂ ਨ ਸੰਤੋਖੁ ਸਿੰਘ
ਹੇਰਿ ਸ਼ਮਸ਼ੇਰ ਸਮ ਸ਼ੇਰ[2] ਤੇਰੀ ਪਲ ਪਲ ॥੪॥

[ਕਲਗੀਧਰ ਜੀ ਦਾ ਸਰੂਪ ਦਰਸ਼ਨ]

ਦੋਹਰਾ ॥ ਧਨੁਖ ਪਾਨ[3], ਉਰ ਗਜਾਨਘਨ, ਕਟ ਸੋਂ ਤੇਗ ਨਿਖੰਗ[4]।
ਮੁਕਤਾ ਮਾਲ ਬਿਸਾਲ ਗਰ[5], ਕਲਗੀ ਸੀਸ ਉਤੰਗ ॥੫॥
ਜਗਮਗਾਤ ਕਲਗੀਨਿ ਕੇ ਜਰੇ ਜਵਾਹਰੁ ਜੋਇ।
ਜਨੁ ਸਤਿਗੁਰ ਕੇ ਤੇਜ ਨੇ ਤਾਰੇ ਤੋਰਿ ਪਰੋਇ[6] ॥੬॥

[ਵਿਦਯਾ ਦਾਤਾ ਜੀ ਨੂੰ ਪ੍ਰਨਾਮ]

ਸ੍ਰੀ ਮਤਿ ਮੁਰ ਗੁਰ ਭਜਨ ਮੈਂ ਦਯਾ ਧਾਮ ਅਭਿਰਾਮ[7]।
ਤਿਨ ਕੇ ਪਗਨ ਪ੍ਰਨਾਮ ਹੈ, ਸੰਤ ਸਿੰਘ ਸੁਭ ਨਾਮ ॥੭॥

[ਕੈਥਲ ਰਾਜ ਵੰਸ਼ ਦਾ ਸੰਖੇਪ ਹਾਲ]

ਕਬਿਤ ॥ ਸਿੱਧੂ ਕੁਲ ਤਾਲ ਮੈ ਪ੍ਰਫੁੱਲਤ ਕਮਲ ਕਲ[8]
ਗੋਤ ਭੁਲਹਰੀਏ ਮੇ ਦੇਹਿ ਉਤਪਤਿ ਕੀ।
ਸਤਿਗੁਰੂ ਅਰਜੁਨ ਸਿਰਜਤਿ ਸੁਧਾਸਰ
ਜਾਇ ਸੇਵ ਲਾਗਜੋ ਕਰਿ ਲਾਲਸਾ ਸੁ ਗਤਿ ਕੀ[9]।
ਰਾਜ਼ੀ ਹ੍ਵੈ ਰਜ਼ਾਇ ਮੇ ਰਿਝਾਇ ਹਰਖਾਇ ਉਰ
ਪਾਯੋ ਮਿਨ ਭਾਯੋ ਬਰ ਗਜਾਨਵਾਨ ਮਤਿ ਕੀ।
ਸਕਲ ਜਗਤ ਮੇ ਬਿਦਤ[10] ਦਿਨਪ੍ਰਤਿ ਅਤਿ
ਕੀਰਤਿ ਭਗਤਿ ਭਾਈ ਭਗਤੂ ਭਗਤ ਕੀ ॥੮॥

ਕਬਿਤ ॥ ਤਿਨ ਕੋ ਤਨੁਜ[11] ਗੌਰਾ ਬੀਰਨਿ ਮੇ ਬੀਰ ਗੌਰਾ
ਤੇਜ ਤੁਰਕਾਨਿ ਤੋਰਾ ਦਲ ਮੋਰਾ ਮਾਰਿਕੈ।
ਜੰਗ ਮੈ ਨਿਸੰਗ ਬੀਰ ਰੰਗ ਮੇ ਸੁਰੰਗ ਭਯੋ
ਬਹੁ ਕਰਿ ਵਾਰ ਕਰਵਾਰੁ ਕੋ ਪ੍ਰਹਾਰਿਕੈ[12]।

---

੧. ਭਾਜੜ। ੨. ਸ਼ੇਰ ਵਰਗੀ (ਭਯਾਨਕ) ਤੇਰੀ ਤਲਵਾਰ ਵੇਖਕੇ। ੩. ਹੱਥ ਵਿਚ ਧਨੁਖ। ੪. ਲੱਕ ਨਾਲ ਤੇਗ ਤੇ ਭੱਥਾ। ੫. ਮੋਤੀਆਂ ਦੀ ਵੱਡੀ ਮਾਲਾ ਗਲੇ ਵਿਚ। ੬. ਮਾਨੋਂ ਸਤਿਗੁਰੂ ਜੀ ਦੇ ਤੇਜ ਨੇ (ਆਕਾਸ਼ ਦੇ) ਤਾਰੇ ਹੀ ਤੋੜਕੇ ਪੁਰੋਤੇ ਹੋਏ ਹਨ। ੭. ਭਜਨ ਸਰੂਪ, ਦਇਆ ਦੇ ਪੁੰਜ ਤੇ ਪਰਮ ਸੁੰਦਰ। ੮. ਸੁਹਣਾ ਕੰਵਲ ਫੁਲ। ੯. ਮੁਕਤੀ ਦੀ ਚਾਹ ਨਾਲ। ੧੦. ਪ੍ਰਗਟ। ੧੧. ਪੁਤ੍ਰ। ੧੨. ਤਲਵਾਰ ਮਾਰ ਮਾਰ ਕੇ ਬੜੇ ਵਾਰ ਕੀਤੇ। [ਕਰਵਾਰੁ = ਤਲਵਾਰ]

ਪੌਰਖ[1] ਸੰਭਾਰਿਕੈ ਸੰਘਾਰਿਕੈ ਸਮੂਹ ਸ਼ਤ੍ਰ
ਹੋਯੋ ਰਖਵਾਰ ਸੰਗਿ ਗੁਰ ਪਰਵਾਰ ਕੈ।
ਤਾਂਕੋ ਸੁਤ ਦਯਾਲਦਾਸ ਜਗ ਮੈ ਪ੍ਰਕਾਸ਼ ਕੀਨ
ਪ੍ਰੇਮ ਰਸ ਭੀਨ ਸਦਾ ਅਗਮ ਅਪਾਰ ਕੈ ॥੯॥

ਦੋਹਰਾ ॥ ਤਿਨ ਕੋ ਸੁਤ ਗੁਰਬਖਸ਼ ਸਿੰਘ ਤਤਵੇਤਾ[2] ਮਤਿ ਧੀਰ।
ਤਿਨ ਤੇ ਦੇਸੂ ਸਿੰਘ ਭੇ ਦੇਸ਼ ਪਤੀ ਬਰ ਬੀਰ ॥੧੦॥
ਸਾਠ ਸਊਰਨਿ ਸੰਗ ਲੈ ਕਪਿਥਲ[3] ਲੀਨ ਛੁਰਾਇ।
ਤਹਾਂ ਪਠਾਨ ਜਿ ਪੰਚ ਸੈ ਹਤਿ,ਕਰਿ ਦਏ ਭਜਾਇ ॥੧੧॥
ਲਾਲ ਸਿੰਘ ਤਿਨ ਕੇ ਤਨੁਜ ਮਤਿ ਅਪਾਰ ਗੁਨਵੰਤ।
ਸਭ ਦੇਸ਼ਨਿ ਮੈ ਬਿਦਤ ਬਹੁ ਕੁਲਦੀਪਕ ਜਸਵੰਤ ॥੧੨॥

ਕਬਿਤ ॥ ਤਾਂਕੋ ਸੁਤ ਉਦੇ ਸਿੰਘ ਜੈਸੇ ਉਦੇ ਸਿੰਘ ਭਯੋ
ਰਿਦੇ ਕੋ ਮ੍ਰਿਦੁਲ ਧੀਰ ਧਾਰਿਬੇ ਕੋ ਧਰ ਸੇ[4]।
ਗੁਨ ਗ੍ਰਾਹ, ਗੁਨ ਗਾਹ, ਗੁਨ ਗ੍ਰਿਹ, ਗੁਨ ਗੌਰ,
ਗੁਰੂ ਗਿਰਾ ਗੇਯ ਗਤਿ ਗਮਯ ਗਾਰ ਗਿਰ ਸੇ[5]।
ਦਸੋ ਦਿਸ਼ ਦੌਰੈ ਜਸੁ ਦਾਨ ਦੈਬੋ ਦਿਨ ਦਿਨ
ਦਾਰਿਦ ਦੁਰਦ ਦਰਿਬੇ ਕੋ[6] ਸ਼ੇਰ ਦਰਸੇ।
ਬਾਲ ਬੈਸ ਬਪੁ ਮੇ ਬਿਲੋਕਿ ਲੋਕ ਬਿਸਮਤਿ
ਬ੍ਰਿੱਧਨਿ ਸੀ ਬੁੱਧਿ,ਮੁਖ ਬਾਰਿਜ ਸਦਰਸੇ[7] ॥੧੩॥

[ਟੀਕਾ ਰਚਨ ਦੀ ਵਿਥਯਾ]

ਚੌਪਈ ॥ ਉਦੇ ਸਿੰਘ ਬਡ ਭੂਪ ਬਹਾਦੁਰ। ਕਵਿ ਬੁਲਾਇ ਰਾਖਯੋ ਢਿਗ ਸਾਦਰ।
ਸ੍ਰੀ ਗ੍ਰੰਥ ਸਾਹਿਬ ਗੁਰਬਾਨੀ। ਸਰਬ ਸ਼ਿਰੋਮਨਿ ਜਪੁਜੀ ਜਾਨੀ ॥੧੪॥
ਅਰਥ ਗੰਭੀਰ ਮਹਾਨ ਮਹਾਨੇ। ਅਸ ਲਖਿ ਕਵਿ ਸੋਂ ਬਚਨ ਬਖਾਨੇ:
'ਅਲੰਕਾਰ ਯੁਤ[8] ਟੀਕਾ ਰਚੀਏ। ਨਿਰਨੈ ਅਰਥ ਧਰਹੁ ਮਤਿ ਖਚੀਏ ॥੧੫॥
ਹੋਤ ਅਸ਼ੰਕਾ[9] ਯਾ ਮਹਿ ਜੇਤੀ। ਬੁਧਿ ਬਲ ਕਰਹੁ ਹਰਹੁ ਅਬ ਤੇਤੀ।'
ਸੁਨਿ ਕਰਿ ਬਚਨ ਨ੍ਰਿਪਤਿਕੋ ਨੀਕਾ।ਕਵਿ ਨੇ ਰੁਚਿਕ[10] ਰਚਯੋ ਜਪੁ ਟੀਕਾ ॥੧੬॥

ਦੋਹਰਾ ॥ ਸ੍ਰੀ ਜਪੁਜੀ ਕੇ ਅਰਥ ਪਰਿ ਪਰਬਰਤੋਂ[11] ਹਿਤ ਸਾਥ ॥
ਕਥੋਂ ਤਥਾ ਹੈ ਜਥਾ ਮਤਿ, ਬਿਘਨ ਮਥਹਿੰ[12] ਗੁਰ ਨਾਥ॥੧੭॥

---

੧. ਬਲ। ੨. ਗਯਾਨਵਾਨ। ੩, ਕੈਥਲ। ੪. ਧਰਤੀ ਸਮਾਨ ਧੀਰਜ ਧਾਰਨ ਵਾਲੇ।
੫. ਗੁਣਾਂ ਦੇ ਗ੍ਰਾਹਕ, ਗੁਣਾਂ ਦੇ ਜਾਣੂ, ਗੁਣਾਂ ਦੇ ਘਰ, ਗੁਣਾਂ ਪਰ ਗ਼ੌਰ ਕਰਨ ਵਾਲੇ ਤੇ ਗੁਰੂ ਬਾਣੀ ਦੇ (ਐਸੇ) ਗਯਾਤਾ (ਜੈਸੇ) ਪਰਬਤ ਕੰਦਰਾ ਵਿਚ ਜਾਣ ਵਾਲੇ (ਨੂੰ ਉਸ ਦੀਆਂ ਉਚਾਣਾਂ ਨਿਵਾਣਾਂ ਦੀ ਵਾਕਫ਼ੀ ਹੁੰਦੀ ਹੈ)। ੬. ਗਰੀਬੀ ਰੂਪ ਹਾਥੀ ਨੂੰ ਚਲਣ ਲਈ। ੭. ਕਵਲ ਵਰਗਾ ਮੁਖੜਾ। ੮. ਕਾਵਯ ਦੇ ਬੂਝਣਾਂ ਵਾਲਾ। ੯, ਸ਼ੰਕੇ, ਇਤਰਾਜ਼। ੧੦. ਚਾਹਕੇ। ੧੧. ਲਗਦਾ ਹਾਂ, ਰੁਝਦਾ ਹਾਂ। ੧੨. ਦੂਰ ਕਰਨ।

ਸ੍ਰੀ ਨਾਨਕ ਮਾਨਿਕ ਸਰਸ ਉਰ ਧਾਰੇ ਦੁਤਿ ਪਾਇ।
ਜਿਨ ਕੇ ਸਬਦ ਸੁ ਸਿੰਧ ਮੈ ਅਰਥ ਸੁਧਾ ਦਰਸਾਇ ॥੧੮॥
ਜਹਾਂ ਪ੍ਰਸ਼ਨ ਸੰਸੇ ਸਨੇ ਹਨਿਹੌਂ ਉੱਤਰ ਲੇਖ।
ਦੂਖਨ ਦੇਉਂ ਦਿਖਾਇਕੈ ਭੂਖਨ ਹ੍ਵੈਂ ਸੁ ਬਿਸ਼ੇਖ ॥੧੯॥
ਗੁਰ ਸ਼ਰਧਾ ਉਰ ਊਰ ਜੋ ਸੁਨਤ ਸਪੂਰਨ ਹੋਇ।
ਬਹੁਰ ਨ ਸੰਸੈ ਸੋਚਹੀਂ ਪਠਹਿ ਗੁਨਹਿ ਇਹ ਜੋਇ ॥੨੦॥
ਬਜੰਗ ਲੱਛਨਾਂ ਬਹੁਰ ਧੁਨਿ[1] ਨੀਕੇ ਦੇਉਂ ਦਿਖਾਇ।
ਅਲੰਕਾਰ ਸਭ ਤੁਕਨਿ ਕੇ ਲਿਖਹੌਂ ਪਰਖਿ ਬਨਾਇ ॥੨੧॥
ਏਕ ਦੋਇ ਤ੍ਰੈ ਚਾਰ ਤੇ ਫੁਰੈਂ ਅਰਥ ਮਤਿ ਜੋਇ।
ਜੋ ਸਿਖਜਨ ਤੇ ਸ਼੍ਰੁਤ[2] ਸੁਨੇ ਸਰਬ ਲਿਖੋਂ ਮੈਂ ਸੋਇ ॥੨੨॥
ਸ੍ਰੀ ਗੁਰਬਾਨੀ ਕੇ ਬਿਖੈ ਕਾਵਜ ਰੀਤਿ ਸਭਿ ਆਹਿ।
ਕਿਨਹੁ ਪ੍ਰਗਟ ਨਾ ਕਰੀ ਜਗ ਅਸ ਪਿਖਿ ਮਮ ਭਈ ਚਾਹਿ॥੨੩॥
ਧਰਨੀ ਹੀਰਨਿ ਕੀ ਸਰਸ ਗੁਰਬਾਨੀ ਮਤਿ ਮੋਲ[3]।
ਖਨਵਾਰੀ ਜਜੋਂ ਖੋਜਿ ਕੈ ਅਰਥ ਦਿਖਾਊਂ ਅਮੋਲ ॥੨੪॥

[ਜਪੁਜੀ ਮਹਿਮਾ ਤੇ ਮਹਾਤਮ]

ਦੋਹਰਾ ॥ ਸ੍ਰੀ ਜਪੁਜੀ ਮਹਿਮਾ ਮਹਾਂ ਬਰਨਿ ਸਕੈ ਕਹੁ ਕੌਨ।
ਮਨ ਬਾਂਛਤ ਫਲ-ਦਾਇਨੀ ਚਤੁਰ ਪਦਾਰਥ ਭੌਨ ॥੨੫॥
ਰਿਧਿ ਸਿਧਿ ਨਵ ਨਿਧਿ ਜੋ ਸਭ ਬਿਧਿ ਕੀ ਦਾਤਾਰੁ ॥
ਨਮਸਕਾਰ ਕਰਿ ਜੋਰਿ ਕਰਿ ਧਰ ਪਰ ਸਿਰ ਕਹੁ ਧਾਰਿ॥੨੬॥
ਜਿਸ ਤੇ ਚਾਹਤ ਮੁਕਤਿ ਕੋ ਸੁਰ ਗਨ ਹ੍ਵੈ ਗੁਰ ਸਿਖਜ।
ਸ੍ਰੀ ਜਪੁ ਸਦਾ ਜਿ ਸੇਵਹੀਂ ਧੰਨ ਸਿ ਨਰ ਜਗ ਦਿਖਜ॥੨੭॥
ਬਿਧਿ ਪ੍ਰਪੰਚ ਮੈ ਜੇਅ ਹੈਂ ਊਚ ਨੀਚ ਸੁਰ ਪ੍ਰੇਤ[4]।
ਜਪ ਸੇਵਕੁ ਕੇ ਬਿਘਨ ਕੋ ਕਰਿ ਨ ਸਕੈਂ ਕਛੁ ਹੇਤ[5]॥੨੮॥
ਇਸ ਤੇ ਊਪਰ ਔਰੁ ਨਹਿੰ ਸਭ ਮੰਤ੍ਰਨਿ ਸਿਰਮੌਰ।
ਜਪੁ ਸੇਵਕੁ ਦ੍ਵੈ ਲੋਕ ਮੈਂ ਸਨਮਾਨਤ ਸਭ ਠੌਰ ॥੨੯॥
ਪਠਨਿ ਸੁਨਨਿ ਫਲੁ ਜਾਹਿੰ ਕੋ ਸਭ ਤੇ ਊਚ ਮਹਾਨ।
ਇਸ ਕੇ ਸਮ ਨਹਿੰ ਔਰ ਮੈਂ ਖੋਜਿਯ ਸਰਬ ਜਹਾਨ ॥੩੦॥
ਨਰਨਿ ਉਧਾਰਨਿ ਕਾਰਨੇ ਕਲਿ ਮੈਂ ਗੁਰੂ ਪ੍ਰਬੀਨ।
ਹਾਨ ਅਗਜਾਨਹਿ ਗਜਾਨ ਦਾ[6] ਮਹਾਂ ਮੰਤ੍ਰ ਯਹ ਕੀਨ॥੩੧॥

---

੧. ਕਾਵਜ ਕਲਾ ਦੇ ਭੂਸ਼ਨ ਬ੍ਰਿਤੀਆਂ ਧੁਨੀਆਂ ਆਦਿ। ੨. ਕੰਨੀਂ। ੩. ਹੀਰਿਆਂ ਦੀ ਧਰਤੀ ਸਮਾਨ ਹੈ। ੪. ਵਿਧਾਤਾ ਦੇ ਰਚੇ ਸੰਸਾਰ ਵਿਚ ਜਿੰਨੇ ਬੀ ਉੱਚੇ ਯਾ ਪ੍ਰੇਤ ਹਨ। ੫. ਭਾਵ ਜਪੁ ਪੜਨ ਵਾਲੇ ਨੂ ਕੋਈ ਵਿਘਨ ਨਹੀਂ ਪਾ ਸਕਦੇ। ੬. ਗਿਆਨ

ਥਿਰੁ ਮਨੁ, ਰੋਕਿ ਰਿਖੀਕ ਕੋ[1] ਨਿਤਪ੍ਰਤਿ ਜਪੁਜੀ ਜਾਪ।
ਫਲ ਪ੍ਰਾਪਤਿ ਹੁਇ ਮਹਾਂ ਪਦ ਹਰਿ ਕਰਿ ਤੀਨਹੁ ਤਾਪ ॥੩੨॥
ਨਾਮ ਧਰਜੋ ਗੁਰਸਿਖਜ ਨਿਜ, ਜਪੁਜੀ ਕੰਠ ਨ ਕੀਨ।
ਤੰਦੁਲ ਬਿਨ ਤੁਖ ਕਾਜ ਕਿਹ,ਨਿਸ਼ਫਲ ਇਸ ਬਿਧਿ ਚੀਨ[2] ॥੩੩॥
ਅਬ ਆਗੈ ਪਰਗਟ ਕਰੌਂ ਅਰਥ ਗਜਾਨ ਕੇ ਧਾਮ।
ਨਿਸਚੇ ਕਰਿ ਪਠਿ ਜੇ ਸੁਨਹਿਂ ਮਨ ਪਾਵਹਿਂ ਬਿਸ੍ਰਾਮ ॥੩੪॥

## ੴ

ਟੀਕਾ–ਏਕ ਜੋ ਮਾਯਾਸਬਲ[3] ਪੁਰਖ ਹੈ ਸੋ 'ਓਅੰ' ਉਚਾਰਨ ਕਰ ਭਯੋ। ਤਸ ਓਅੰ ਕੇ ਕਹਿਨ ਤੇ ਸਰਬ ਜੋ ਜਗਤ ਵਿਸਥਾਰ ਕੋ ਪ੍ਰਾਪਤ ਭਯੋ। ਪ੍ਰਸ਼ਨ–ਬੇਦ ਸ਼ਾਸਤ੍ਰ ਪੁਰਾਨ, ਇਨ ਕੇ ਬਿਖੈ ਇਕਾਂਗ[4] ਨਹੀਂ ਲਿਖਤ ਹੈਂ, ਗੁਰੂ ਜੀ ਨੇ ਓਅੰ ਕੇ ਆਦਿ ਇਕਾਂਗ ਲਿਖਯੋ, ਯੇਹ ਕੌਨ ਕਾਰਨ ? ਉੱਤਰ–ਗੁਰ ਨਾਨਕ ਜੀ ਜੋ ਸਰਬੱਗਯ ਹੈਂ, ਆਪਨੀ ਬਾਨੀ ਮੇਂ ਸਰਬ ਬੇਦ ਕੀ ਸ਼੍ਰੁਤੀ ਕੋ ਹੀ ਅਰਥ ਰਾਖਯੋ। ਪੂਰਬ ਜੋ ਵੇਦ ਹੈਂ ਸੋ ਭੀ ਤਿਨ ਕੋ ਹੀ ਮਤ ਹੁਤੋ। ਅਬ ਕਲਜੁਗਿ ਕੋ ਸਮਾ ਦੇਖਕਰਿ, ਮੰਦ ਬੁਧੀ ਲੋਕਨ ਕੀ ਜਾਨ ਕਰਿ ਤਿਸ ਬੇਦ ਕੋ ਹੀ ਅਬ ਦੇਸ਼ ਭਾਖਾ ਮੇਂ ਬਨਾਇ ਸਿਖਜਨ ਕੋ ਉਪਦੇਸ਼ ਦੀਓ। ਧਰਮ ਕੀ ਸਥਿਰਤਾ ਕੇ ਹਿਤ ਜਗਤ ਕੇ ਉਧਾਰਬੇ ਹੇਤ ਜੋ ਸ਼੍ਰੁਤਿ 'ਏਕ ਓਅੰਕਾਰ' ਮੇਂ ਰਾਖੀ ਹੈ, ਸੋਈ ਕਹਤ ਹੈਂ। ਜਥਾ ਸ਼੍ਰੁਤੀ:– 'ਏਕੋਹੰ ਬਹੁ ਸ਼ਯਾਮ:।' ਜਬ ਮਾਯਾਸਵਲ ਬ੍ਰਹਮ ਭਯੋ, ਤਬ ਕਰਤਾ ਪੁਰਖ ਰੂਪ ਪ੍ਰਗਟਯੋ। 'ਏਕੋਹੰ' = ਏਕ ਜੋ ਮੈਂ ਸੋ ਬਹੁ ਹੋਵੌਂ। ਇਸ ਕਹਿਨ ਤੇ ਬਿਸਤਾਰ ਕੋ ਜਗਤ ਪ੍ਰਾਪਤਿ ਹੋਤ ਭਯੋ। 'ਏਕੋਹੰ', ਇਸ ਕਹਿਨ ਤੇ ਪ੍ਰਿਥਮ ਏਹ ਭੀ ਕਹਿਨਾ ਨਹੀ ਬਨਤ ਹੁਤੋ। 'ਏਕੋਹੰ' ਇਨ ਅਖਜਰਨ ਤੇ 'ਏਕ ਓਅੰਕਾਰ' '੧ ਓ' ਬਨਯੋ ਸੋ ਕਹਿਤ ਹੈਂ। 'ਏਕੋਹੰ', 'ਏਕੋ' ਕੇ ਕਕਾਰ ਤੇ ਉਕਾਰ ਨਿਕਾਸਯੋ। 'ਹੰ' ਕੇ ਬੀਚ ਤੇ ਅਕਾਰ ਸ੍ਵਰ ਅਰ ਮਕਾਰ ਕੀ ਜੋ ਬਨੀ ਬਿੰਦੀ, ਸੋ ਦੋਊ ਨਿਕਾਸੇ, ਤੀਨ ਅਖਜਰ ਹੋਤ ਭਏ: ਉਕਾਰ, ਅਕਾਰ, ਮਕਾਰ। ਤੀਨੋਂ ਅੱਛਰੋਂ ਤੇ 'ਓਅੰ' ਬਨਯੋ। ਸੋ 'ਇਕ ਓਅੰਕਾਰ' ਅਰਥ ਭਯੋ। ਯਾਤੇ ਗੁਰੂ ਜੀ ਨੇ ਬੇਦੁ ਕੀ ਸ਼੍ਰੁਤਿ ਰਾਖੀ ਹੈ। ਜਹੀ ਤੌ ਬੇਦ ਭੀ ਤਿਨਕੇ ਹੀ ਸ੍ਵਾਸ ਰੂਪ ਥੇ। ਤਿਨ੍ਹੋ ਸੇ ਬਿਰੁਧ ਜੋ ਕਹਿਤੇ ਬਾਨੀ, ਤੌ ਅਪਨੇ ਮਤ ਮੇਂ ਬਿਰੋਧ ਪਰਤੋ। ਯਾਂਤੇ ਸੋਈ ਬਾਨੀ ਮੇ ਕਹਯੋ ਹੈ ਜੋ ਪੂਰਬ ਬੇਦ ਮੇ ਆਪਿ ਬਰਨਨ ਕਰਯੋ ਹੈ। ਸਰਬ ਜੋ ਜਗਤ ਓਅੰਕਾਰ ਮਾਤ੍ਰ ਹੈ। ਸਭ ਹੀ ਜਗਤ ਓਅੰਕਾਰ ਕੋ ਵਾਚਯ[5] ਹੈ। ਓਅੰਕਾਰ ਇਸ ਕੋ ਵਾਚਕ[6] ਹੈ, ਅਰ ਇਹ ਜੋ ਓਅੰਕਾਰ

---

੧. ਇੰਦ੍ਰਿਆਂ ਨੂੰ ਰੋਕਕੇ। ੨ ਜਿਵੇਂ ਚਾਵਲ ਤੋਂ ਬਿਨਾਂ ਤੋਹ ਕਿਸੇ ਕੰਮ ਨਹੀਂ, ਤਿਵੇਂ ਨਿਸ਼ਫਲ ਉਸ ਨੂੰ ਜਾਣ। ੩. ਮਾਇਆ ਦੇ ਬਲ ਸਹਿਤ, ਅਕਾਲ ਪੁਰਖ। ੪. ਏਕਾ, ੧। ੫. ਸ਼ਬਦ ਸੰਕੇਤ ਦੁਆਰਾ ਜਿਸ ਦਾ ਬੋਧ ਹੋਵੇ। ੬. ਦੱਸਣ ਵਾਲਾ, ਸੂਚਕ, ਬੋਧਕ।

ਨਾਮ ਹੈ, ਅਰੁ ਜਗਤ ਨਾਮੀ ਹੈ । ਯਾਂਤੇ ਜਗਤ ਓਅੰਕਾਰ ਰੂਪ ਹੀ ਹੈ । ਨਾਮ ਅਰੁ ਨਾਮ
ਅਗਜਾਨ ਕਰਕੇ ਦੋਇ ਰੂਪ ਹੋਇ ਕਰਿ ਫੁਰਤੇ ਹੈਂ, ਗਜਾਨ ਭਏ ਤੇ ਨਾਮ ਨਾਮੀ ਏ
ਹੋਇ ਜਾਤ ਹੈਂ । ਤੀਨ ਅਖਜਰ ਕਹੀਏ, ਮਾਤ੍ਰਾ ਕਹੀਏ, ਤੀਨ ਪਦ ਕਹੀਏ, ਚੌਥੇ ਨਾ
ਹੈ । ਅਕਾਰ ਧਿਸ਼ਟਾਨ[੧] ਜੀਵ ਕੋ ਜੋ ਵਿਸ਼ਵ[੨] ਹੈ, ਈਸ਼ਰ ਕੋ ਜੋ ਵੈਸ਼ਵਾਨਰ[੩], ਤਿ
ਕੋ ਧਿਸ਼ਟਾਨ ਹੈ । ਜਾਗ੍ਰਤ ਕੋ ਅਭਿਮਾਨੀ ਉਕਾਰ ਜੋ ਹੈ, ਤੈਜਸ ਜੀਵ ਕੋ ਹਿਰੰਨਗਰਭ
ਈਸ਼ਰ ਕੋ ਧਿਸ਼ਟਾਨ ਹੈ, ਸੁਪਨ ਕੋ ਭੋਗਤਾ ਹੈ । ਮਕਾਰ ਪ੍ਰਾਗ ਜੀਵ ਕੋ ਅਬਜਾਕ੍ਰਿਤ
ਈਸ਼ਰ ਕੋ, ਇਨ ਕੋ ਧਿਸ਼ਟਾਨ ਹੈ । ਸੁਖੋਪਤਿ ਕੋ ਭੋਗਤਾ ਹੈ । ਚੌਥੋ ਜੋ ਨਾਦ ਹੈ
ਤੁਰੀਆ ਹੈ । ਅਰਧ ਮਾਤ੍ਰਾ ਰੂਪ ਜੋ ਪਰਮਾਤਮਾ ਹੈ ਤਿਸਹੀ ਤੇ ਮਾਯਾ ਬਿਖੇ ਫੁਰਨੋ ਭ
ਹੈ, ਤਾਂਤੇ ਸਭ ਮਾਯਾ ਹੀ ਰੂਪ ਹੈ; ਦਵੈਤ ਪਰਪੰਚੁ ਸਭ । ਤਾਂਤੇ ਏਹ ਜੋ ਮਾਯਾ ਰੂਪ ਰਚਨ
ਹੈ ਸੋ ਪਰਮ ਬ੍ਰਹਮ ਹੀ ਰੂਪ ਹੋ ਕਰਿ ਪ੍ਰਕਾਸ਼ਤੀ ਹੈ । ਹੋਰੁ ਦਵੈਤ ਭਿੰਨ ਕੁਛ ਵਸਤੂ ਨਹੀਂ
ਇਤਨੇ ਕਹਿਨ ਕਰ ਇਹ ਸਿਧ ਭਯਾ: ਜੋ ਓਅੰਕਾਰ ਹੀ ਅਕਾਰ, ਉਕਾਰ, ਮਕਾਰ
ਅਰਧ ਮਾਤ੍ਰਾ ਰੂਪ ਹੈ; ਸੋਈ ਇਹ ਪਰਪੰਚੁ[੪] ਹੈ । ਓਅੰਕਾਰ ਤੇ ਭਿੰਨ ਹੋਰੁ ਕੁਛ ਵਸ
ਪਰਪੰਚੁ ਨਹੀਂ ਪਾਈਤਾ; ਜੈਸੇ ਜਲ ਤੇ ਭਿੰਨ ਸਮੁੰਦਰ ਕਾ ਰੂਪ ਕੁਛ ਨਹੀਂ ਪਾਈਤਾ
ਫੁਰਨੇ ਤੇ ਬਿਨਾ ਵਾਉ ਕੋ ਰੂਪ ਹੋਰ ਕੁਛ ਨਹੀਂ । ਸਜਾਮਤਾ[੭] ਤੇ ਬਿਨਾ ਕੱਜਲ ਕੋ ਗੁ
ਹੋਰ ਨਾਹੀ । ਓਅੰ ਪਰਮਾਤਮਾ ਕੋ ਨਾਮ ਸੁਭਾਵਕੁ ਹੈ । ਜੈਸੇ ਸੂਰਜ ਕੋ ਨਾਮ ਉਸ਼ਨ
ਸੁਭਾਵਕੁ ਹੈ । ਤਾਂਤੇ ਓਅੰਕਾਰ ਕੀ ਉਪਾਸਨਾ ਮੁਖਜ ਹੈ । ਹੋਰ ਉਪਾਸਨੋਂ ਕਰਿ ਪਰਮਪ
ਕਰ ਬ੍ਰਹਮ ਕੀ ਉਪਾਸਨਾ ਹੋਤੀ ਹੈ । ਓਅੰਕਾਰ ਕੀ ਉਪਾਸਨਾ ਸਾਖਯਾਤ ਬ੍ਰਹਮ ਕ
ਉਪਾਸਨਾ ਹੈ; ਤਾਂਤੇ ਸਭਨਿ ਮੇਂ ਸਰੇਸ਼ਟ ਓਅੰਕਾਰ ਹੀ ਹੈ । ਸੋ ਓਅੰਕਾਰ ਬ੍ਰਹ
ਰੂਪ ਹੈ ।

ਏਕ ਸ਼ਬਦ ਬ੍ਰਹਮ ਹੈ, ਏਕ ਪਰਮ ਬ੍ਰਹਮ ਹੈ । ਜੋ ਕਿਛੁ ਦ੍ਰਿਸ਼ਟਿ ਸ਼੍ਰਵਨਾਦਿਕੋਂ
ਮੇਂ ਹੈ ਸੋ ਸਭ ਸ਼ਬਦ ਬ੍ਰਹਮ ਕੇ ਅੰਤਰਗਤਿ ਹੈ । ਜੋ ਪਰਮ ਬ੍ਰਹਮ ਹੈਂ ਸੋ ਮਨ ਬਾਣ
ਤੇ ਪਰੇ ਹੈ । ਇਸੀ ਹੇਤ ਤੇ ਸਭਨ ਕੇ ਆਦਿ ਓਅੰਕਾਰ ਲਿਖਜਤਿ ਹੈ । ਜਿਸੁ ਮੰ
ਕੇ ਆਦਿ ਓਅੰਕਾਰ ਹੋਤਾ ਹੈ ਸੋ ਮੰਤ੍ਰ ਭੀ ਓਅੰਕਾਰ ਰੂਪ ਹੋ ਜਾਤ ਹੈ । ਸਰਬ ਉਪ
ਨਿਖਦੋਂ ਮੇਂ, ਅਰ ਸ਼ਾਸਤਰੋਂ ਮੇਂ, ਪੁਰਾਨੋਂ ਮੇਂ, ਓਅੰਕਾਰ ਕੀ ਉਪਾਸਨਾ ਕੋ ਪ੍ਰਤਿਪਾਦ
ਕਰਯੋ ਹੈ ।

ਸਪਤ ਮਤ ਜੋ ਸੰਪੂਰਨ ਹੈਂ, ਤਿਨ ਸਪਤੋਂ ਨੇ ਨੌ ਨੌ ਪ੍ਰਕਾਰ ਤੇ ਬਰਨਨ ਕਰ
ਹੈ । ਇਸ ਤੇ ਭੇਦ ਤਰੇਸਠ ਓਅੰਕਾਰ ਕੇ ਹੋਤ ਹੈਂ । ਸੋ ਓਅੰਕਾਰ ਸਗੁਣ ਸਥੂਲ ਰੂਪ ਭੀ ਹੈ
ਸੋਈ ਜੋ ਸਪਤ ਮਤ ਹੈਂ ਤਿਨਕੋ ਭੀ ਸੰਖੇਪ ਕਰਿ ਕਹਤ ਹੌਂ । ਬਿਸਥਾਰ ਜੇ ਕਰੀ

---

੧. 'ਅ' ਆਸਰਾ ਰੂਪ ਹੈ । ੨. ਸੰਸਾਰ । ੩, ਈਸ਼ਵਰ, ਪਰਮਾਤਮਾ । ਚੇਤਨ । ੪. ਓਹ ਪ੍ਰਕਾਸ਼ਮਈ ਅੰਡ ਜਿਸ ਤੋਂ ਬ੍ਰਹਮਾ ਤੇ ਸਾਰੀ ਸ੍ਰਿਸ਼ਟੀ ਪੈਦਾ ਹੋਈ । ਕਵੀ ਜੀ ਇਥੇ ਵੇਦਾਂਤ ਦੇ ਪਦ ਪਦਾਰਥ ਦੇ ਕੇ ਆਪਣੀ ਉਕਤੀ ਯੁਕਤੀ ਅਰਥਾਂ ਵਿਚ ਦਿਖਾ ਰਹੇ ਹਨ ਤੇ ਇਕ ਇਕ ਅੱਖਰ ਨੂੰ ਜੀਵ ਈਸ਼ਰ ਦੇ ਭੇਦਾਂ ਦਾ ਵਾਚਕ ਦਸ ਰਹੇ ਹਨ । ੫. ਅਪ੍ਰਕਾਸ਼ਿਤ, ਗੁਪਤ । ੬. ਸੰਸਾਰ । ੭. ਕਾਲਖ । ੮. ਗਰਮੀ । ਨਿਘ । ੯. ਦੇਖਣ ਸੁਣਨ ਵਿਚ ਹੈ ।

ਤੇ ਬਹੁਤ ਅਧਿਕ ਗ੍ਰਿੰਥ ਬਧਤ ਹੈ । ਪ੍ਰਥਮ ਸਿੱਧਾਂਤ ਹਿਰੰਨਗਰਭੋਂ ਕਾ ਬ੍ਰਹਮਾ ਜੀ ਕਾ ਕਹਿਆ ਹੋਆ; ਓਅੰਕਾਰ ਕੇ ਨਵਰੂਪ ਹੈਂ:-ਤ੍ਰਿਮਾਤ੍ਰਾ ਰੂਪ, ਤ੍ਰਿਬ੍ਰਹਮ ਰੂਪ, ਤ੍ਰਿਅਖਰ ਰੂਪ । ਪਤੰਜਲੀਓਂ ਕਾ ਮਤ ਭੀ ਐਸੇ ਹੈ, ਕਪਲ ਮੁਨਿ ਜੀ, ਸਾਂਖ ਸ਼ਾਸਤਰ ਕੇ ਕਰਤਾ, ਸੋ ਕਹਤ ਹੈਂ : ਤ੍ਰਿਗਜਾਨ ਰੂਪ, ਤ੍ਰਿਗੁਨ ਰੂਪ, ਤ੍ਰਿਕਾਰਨ ਰੂਪ । ਤੀਸਰੇ ਅਪਾਤ੍ਰ ਮੁਨਿ ਐਸੇ ਕਹਤ ਹੈਂ: ਤ੍ਰਿਮੁਖ ਰੂਪ, ਤ੍ਰਿਦੇਵਤਾ ਰੂਪ, ਤ੍ਰਿਪ੍ਰਯੋਜਨ ਰੂਪ । ਬਜਾਸ ਜੀ ਕੇ ਮਤ ਭੀ ਐਸੇ ਹੈ । ਚੌਥੇ ਸਨਤ ਕੁਮਾਰੋਂ ਕੇ ਮਤ ਕਾ ਸਿੱਧਾਂਤ ਓਅੰਕਾਰ ਕੀ ਉਪਾਸਨਾ ਕੇ ਐਸੇ ਹੈ:-ਤ੍ਰਿਕਾਲ ਰੂਪ, ਤ੍ਰਿਲਿੰਗ ਰੂਪ, ਤ੍ਰਿਸੰਗਜਾ ਰੂਪ । ਪੰਚਮੇ ਬ੍ਰਹਮਨਿਸ਼ਟੋਂ ਕੇ ਮਤ ਕਾ ਸਿਧਾਂਤ ਏਹ:-ਤ੍ਰਿਸਥਾਨ ਰੂਪ, ਤ੍ਰਿਪਦ ਰੂਪ, ਤ੍ਰਿਪ੍ਰਗਜਾ ਰੂਪ । ਖਸ਼ਟਮੋ ਸ਼ਿਵ ਕੇ ਸਿੱਧਾਂਤ, ਸੋ ਕਹਿਤ ਹੈਂ:-ਤ੍ਰੈਅਵਸਥਾ ਰੂਪ, ਤ੍ਰੈਭੋਗ ਰੂਪ, ਤ੍ਰੈਭੋਗਤਾ ਰੂਪ । ਸਪਤਮੋ ਬੈਸ਼ਨਵ ਕੇ ਮਤ, ਪੰਚਰਾਤ੍ਰ ਨਾਰਦ ਕੇ ਸਿੱਧਾਂਤ ਐਸੇ:-ਤ੍ਰਿਆਤਮਾ ਰੂਪ, ਤ੍ਰਿਸੁਭਾਵ ਰੂਪ, ਤ੍ਰਿਬਜੂਹ ਰੂਪ । ਸਪਤ ਵਾਰ ਨੌ ਕੇ ਕਰਨ ਕਰਿ ਤ੍ਰੇਹਟ ਰੂਪ ਓਅੰਕਾਰ ਸਗੁਨ ਸਥੂਲ ਕੇ ਹੋਤ ਹੈਂ । ਚੌਸਠਵੇਂ ਰੂਪ ਸੂਖਮ ਨਿਰਗੁਨ ਨਿਹਕਲਹ[1] ਹੈ । ਇਤਨੇ ਕਹਨ ਸੋਂ ਸਿਧ ਕਿਆ ਭਯਾ ? ਜੋ ਬ੍ਰਹਮ ਹੈ ਤਿਸ ਕੋ ਭੀ ਆਪੋ ਆਪਨੇ ਅਨੁਭਵ ਕਰਿ ਔਰ ਔਰ ਰੀਤਿ ਸੋਂ ਬਰਨਨ ਕੀਯੋ ਹੈ । ਤੈਸੇ ਹੀ ਓਅੰਕਾਰ ਕੋ ਭੀ ਆਪੋ ਆਪਨੇ ਅਨੁਭਵ ਅਨੁਸਾਰ ਅਨੇਕ ਰੀਤਿ ਸੋਂ ਬਰਨਤ ਹੈਂ । ਜੈਸੇ ਸਰਬ ਕੋ ਪਰਾ ਬ੍ਰਹਮ ਹੈ ਤੈਸੇ ਓਅੰਕਾਰ ਭੀ ਸਰਬ ਕੋ ਪਰਾ ਹੈ । ਔਰ ਓਅੰਕਾਰ ਕੇ ਦਸ ਨਾਮ ਹੈਂ, ਸੋ ਸਰਬ ਹੀ ਸਾਰਥਕ ਹੈਂ ਸੋ ਭੀ ਲਿਖਤ ਹੈਂ:-ਓਅੰਕਾਰ, ਪ੍ਰਣਵ, ਸਰਬ ਬਜਾਪੀ, ਅਨੰਤ, ਤਾਰ, ਸੁਕਲ, ਵੈਦਯੁਤ, ਹੰਸ, ਤੁਰਿਯ, ਬ੍ਰਹਮ; ਇਹ ਦਸ ਨਾਮ ਹੈਂ । ਸਰਬ ਨਾਮੋਂ ਕੇ ਅਰਥ ਕਰੀਏ ਤੋ ਭੀ ਗ੍ਰੰਥ ਬਧਤ ਹੈ । ਤਾਂਤੇ ਏਕ ਜੋ ਓਅੰਕਾਰ ਨਾਮ ਹੈ ਤਿਸ ਕੋ ਹੀ ਅਰਥ ਕਰਤੇ ਹੈਂ । ਓਅੰਕਾਰ ਕੇ ਜਬ ਉਚਾਰ ਹੋਤਾ ਹੈ ਤਬ ਚਰਨੋਂ ਤੇ ਲੇਕਰ ਮਸਤਕ ਪ੍ਰਯੰਤ ਸਭ ਸਰੀਰ ਕੋ ਊਚਾ ਕਰ ਦੇਤ ਹੈ, ਤਿਸ ਕਰਿਕੈ ਇਸ ਕਾ ਨਾਮ ਓਅੰਕਾਰ ਹੈ । ਓਅੰਕਾਰ ਕੇ ਕਹਿਨੇ ਕਰਿ ਪ੍ਰਾਨ ਊਰਧ[2] ਕੋ ਪ੍ਰਾਪਤਿ ਹੋਤੇ ਹੈਂ, ਯਾਤੇ ਓਅੰਕਾਰ ਨਾਮ ਹੈ । ਓਅੰਕਾਰ ਕੇ ਉਚਾਰ ਤੇ ਪ੍ਰਾਨ ਦਸਵੇਂ ਦੁਆਰ ਕੋ ਭੀ ਪਹੁੰਚਤ ਹੈਂ ਇਸਤੇ ਭੀ ਓਅੰਕਾਰ ਨਾਮ ਹੈ । ਅਰੁ ਓਅੰਕਾਰ ਦੋ ਅੱਖਰੋਂ ਕਰ ਸਿੱਧ ਹੋਤਾ ਹੈ । ਇਸ ਕਾ ਅਰਥ: ਪਾਲਨ ਔ ਰਖਜਾ ਹੈ । ਜੋ ਇਸ ਕਾ ਭਜਨ ਕਰਨਹਾਰਾ ਹੈ ਤਿਸ ਕੀ ਇਹ ਪਾਲਨ ਔ ਰਖਜਾ ਕਰਤਾ ਹੈ । ਪਾਲਨ ਔ ਰਖਜਾ ਕਹੀਏ ਜੋਗ ਔ ਖੇਮ, ਸੋ ਇਹ ਕਰਤਾ ਹੈ । ਜੋ ਪਦਾਰਥ ਨਹੀਂ ਪ੍ਰਾਪਤਿ ਹੋਯਾ ਤਿਸਕੀ ਪ੍ਰਾਪਤਿ ਕਰ ਦੇਨੀ, ਇਸ ਕਾ ਨਾਮੁ ਜੋਗ ਹੈ । ਜੋ ਪ੍ਰਾਪਤਿ ਹੈ ਤਿਸ ਕੀ ਰਖਜਾ ਕਰਨੀ ਇਸ ਕਾ ਨਾਮ ਖੇਮ ਹੈ । ਜੋ ਇਸ ਕਾ ਉਪਾਸਕ ਹੈ ਤਿਸ ਕੋ ਜੋ ਨਹੀਂ ਪ੍ਰਾਪਤਿ ਤਿਸ ਕੀ ਪ੍ਰਾਪਤਿ ਕਰ ਦੇਨੀ, ਜੋ ਪਦਾਰਥ ਤਿਸ ਕੋ ਬਾਂਛਤ[3] ਹੋਇ, ਅਰੁ ਜੋ ਪਾਸ ਪਦਾਰਥ ਹੈ ਤਿਸ ਕੀ ਪਾਲਨਾ ਕਰਨੀ । ਅਰਥ ਯੇਹ: ਜੋ ਸਕਾਮੀ ਹੈ ਉਸ ਕੋ ਸੰਸਾਰ ਕੇ ਪਦਾਰਥੋਂ ਸਾਥ, ਜੋ ਜਗਜਾਸੀ ਹੈ ਤਿਸ ਕੀ ਗਜਾਨ ਭੂਮਿਕਾ ਦ੍ਵਾਰਾ, ਜੋ

---

੧. ਕਲਹ ਕਲੇਸ਼ ਰਹਿਤ । ਸਭ ਪਰਕਾਰ ਦੇ ਕਸ਼ਟਾਂ ਤੋਂ ਉੱਚਾ । ੨, ਉੱਪਰ ਨੂੰ । ੩. ਲੋੜੀਂਦਾ ਹੋਵੇ ।

ਗਜਾਨ ਭੂਮਿਕਾ ਨਹੀਂ ਪ੍ਰਾਪਤਿ, ਤਿਸ ਕੀ ਪ੍ਰਾਪਤਿ ਕਰ ਦੇਤ ਹੈ, ਅਰੁ ਜੋ ਪ੍ਰਾਪਤਿ ਹੈ ਤਿਸ ਕੀ ਕਾਮਾਦਿਕਾਂ ਤੇ ਰਖਜਾ ਕਰਤਾ ਹੈ; ਯਾਤੇ ਇਸ ਕਾ ਨਾਮ ਓਅੰਕਾਰ ਹੈ। ਓਅੰਕਾਰ ਕੋ ਔਰ ਭੀ ਅਰਥ ਹੈ:- ਅੰਗੀਕਾਰ ਕਰਨਾ । ਅੰਗੀਕਾਰ ਕਾ ਏਹ ਅਰਥ ਹੈ: ਜੋ ਇਸ ਕਾ ਭਜਨ ਕਰਨੇਹਾਰੇ ਹੈਂ ਤਿਨਕਾ ਬਚਨ ਕਹਿਆ ਹੋਆ ਸਰਬ ਦੇਵਤਾ ਵਰ ਸ੍ਰਾਪ ਅੰਗੀਕਾਰ ਕਰ ਲੇਤੇ ਹੈਂ । ਉਨ ਕੀ ਆਗਜਾ ਫੇਰਤੇ ਨਹੀਂ । ਓਅੰਕਾਰ ਕੋ ਅਰਥ ਬ੍ਰਹਮ ਕੋ ਭੀ ਹੈ। ਜੋ ਓਅੰਕਾਰ ਕੋ ਉਚਾਰਨ ਕਰਤ ਹੈ ਤਿਸ ਕੋ ਅਪਨਾ, ਜੋ ਬ੍ਰਹਮ ਸਰੂਪ ਹੈ, ਸੋ ਕਰ ਲੇਤ ਹੈ। ਏਕ ਹੀ ਜੋ ਓਅੰਕਾਰ ਨਾਮ ਹੈ ਇਤਨੇ ਤਿਸ ਕੇ ਹੀ ਅਰਥ ਭਏ। ਅਗਾਰੀ ਔਰ ਜੋ ਨਾਮ ਹੈਂ ਰਹੇ ਨੌਂ, ਤਿਨ ਕੋ ਅਰਥ ਨਹੀਂ ਕਰਤੇ; ਕਿਉਂ ਜੋ ਗ੍ਰਿੰਥ ਬਢਬੇ ਕੇ ਕਾਰਨ ਤੇ। ਪੂਰਬ ਜੋ ਤ੍ਰੇਹਠ ਰੂਪ ਸਪਤ ਮਤ ਕੇ ਕਹੇ ਹੈਂ ਤਿਨ ਕਾ ਭੀ ਅਰਥ ਨਹੀਂ ਬਿਸਤਾਰ ਸੋਂ ਕਹਜੋ ਇਸੀ ਹੇਤੁ ਤੇ।

ਜਾਗਵਲਕ[1] ਜੀ ਜੋ ਹੈਂ ਸੋ ਓਅੰਕਾਰ ਕੋ ਅਮਾਤ੍ਰਾ ਰੂਪ ਜਾਨ ਕਰ ਉਪਾਸਨਾ ਕਰੀ ਹੈ। ਕੇਈਕ ਅਰਧ ਮਾਤ੍ਰਾ ਰੂਪ ਕਰ ਸੇਵਤੇ ਹੈਂ । ਕੇਈਕ ਇਸ ਕੋ ਏਕ ਮਾਤ੍ਰਾ ਜਾਨ ਕਰ, ਕੇਈ ਦੋ ਮਾਤ੍ਰਾ ਰੂਪ ਕਰ, ਕੇਈ ਤੀਨ ਮਾਤ੍ਰਾ ਕਰਕੇ, ਕੇਈਕ ਚਾਰ ਮਾਤ੍ਰਾ ਕਰ । ਵਸ਼ਿਸ਼ਟ ਜੀ ਸਾਢੇ ਚਾਰ ਮਾਤ੍ਰਾ ਜਾਨ ਕਰ ਕਰੀ ਹੈ । ਇਸ ਕਹਿਣੇ ਤੇ ਸਿਧ ਇਹ ਭਯਾ: ਓਅੰਕਾਰ ਜੋ ਹੈ ਪਾਰਬ੍ਰਹਮ ਰੂਪ ਹੈ। ਅਮਾਤ੍ਰ ਭੀ ਹੈ, ਅਨੰਤ ਮਾਤ੍ਰਾ ਰੂਪ ਭੀ ਹੈ। ਜੈਸਾ ਇਸ ਕੋ ਰੂਪ ਕਿਸੀ ਕੇ ਜਾਨਬੇ ਮੈਂ ਆਯੋ ਹੈ, ਗੁਰੂ ਦ੍ਵਾਰਾ, ਬੁਧਿ ਦ੍ਵਾਰਾ, ਕਿੰਵਾ ਸ਼ਾਸਤ੍ਰ ਦ੍ਵਾਰਾ; ਸੋਈ ਰੂਪ ਜਾਨ ਕਰ ਸੇਵਤ ਹੈ, ਸੋ ਸਭਨੋਂ ਕਾ ਸਫਲ ਹੈ। ਜੈਸੇ ਬ੍ਰਹਮ ਕੋ ਨਿਰੂਪਨ ਕੀਓ ਹੈ ਅਨਿਕ ਰੀਤਿ ਸੋ ਸਰਬ ਬਨਤ ਹੈ, ਤੈਸੇ ਹੀ ਓਅੰਕਾਰ ਮੈਂ ਸਰਬ ਬਨਤ ਹੈ। ਏਕ ਦੋ ਮਾਤ੍ਰਾ ਰੂਪ ਜਾਨਿ ਜੋ ਭਜਤੇ ਹੈਂ ਸੋ ਕਿਸ ਰੀਤਿ ? ਏਕ ਦੋ ਆਦਿ ਮਾਤ੍ਰਾ ਜਾਨਤ ਹੈਂ ਇਸ ਕਹਿਬੇ ਮੇਂ ਗ੍ਰੰਥ ਬਧਤ ਹੈ ਯਾਤੇ ਨਹੀਂ ਕਹਜੋ; ਅਰਥ ਏਹ ਜੋ ਸਰਬ ਅੱਛਰ ਹੈਂ ਸੋ ਓਅੰਕਾਰ ਹੀ ਰੂਪ ਹੈਂ, ਜੋ ਬ੍ਰਹਮੰਡ ਮੈਂ ਨਾਮ ਰੂਪ ਬੋਲਨ ਮੇਂ ਆਵਤ ਹੈਂ, ਸੋ ਸਰਬ ਅੱਖਰੋਂ ਹੀ ਮੇਂ ਹੈਂ, ਅਖਰੋਂ ਤੇ ਬਿਨਾ ਕੁਛ ਭੀ ਨਹੀਂ ਹੋਇਗਾ; ਯਾਂਹੀ ਤੇ ਸਿਧ ਭਯੋ: ਜੋ ਜਗਤ ਕੋ ਬਨਾਉ ਸਰਬ ਓਅੰਕਾਰ ਹੀ ਰੂਪ ਹੈ। ਓਅੰਕਾਰ ਤੇ ਸ਼ੇਸ਼ ਔਰ ਕੁਛ ਭੀ ਨਹੀਂ ਰਹਤ ਹੈ।

'ਏਕੋਹੰ ਬਹੁ ਸ਼੍ਯਾਮ:' ਇਸ ਸ਼੍ਰੁਤੀ ਤੇ ਜੋ ਓਅੰਕਾਰ ਨਿਕਾਸਜੋ ਹੈ ਸੋ ਜਗਤ ਕੇ ਰਚਿਬੇ ਕੋ ਹੈ, ਅਨੇਕ ਨਾਨੱਤ੍ਰ ਉਤਪਤਿ ਹੋਤ ਹੈ । ਜੇ ਜਗਤ ਕੇ ਲੈ ਕਰਬੇ ਮੈਂ ਅਰਥ ਕਰੀਏ ਤੋ 'ਸੋਹੰ' ਤੇ 'ਓਅੰ' ਨਿਕਸਤਿ ਹੈ । ਦ੍ਵੈਤ ਕੇ ਲੈ ਕਰਬੇ ਹਿਤ । 'ਸਕਾਰ' ਤੇ 'ਉਕਾਰ' ਨਿਕਸਤ ਹੈ, 'ਹਕਾਰ' ਤੇ 'ਅਕਾਰ' ਔਰ ਬਿੰਦੀ ਕੋ 'ਮਕਾਰ' ਨਿਕਾਸੇ 'ਓਅੰ' ਹੋਤ ਹੈ। ਤੀਨੋ ਅਖਰ ਕੋ ਹਕਾਰ ਬਿੰਜਨ[2] ਹੋ ਕਰਿ ਲੋਪ ਹੋ ਜਾਤਾ ਹੈ। ਜੈਸੇ 'ਸੋਹੰ' ਤੇ 'ਏਕਓ' ਹੋ ਜਾਤ ਹੈ, ਤੈਸੇ ਹੀ ਜਗਤ ਕੀ ਦ੍ਵੈਤ ਤੇ ਏਕਤਾ ਹੋ ਜਾਤ ਹੈ। ਅਰਥ ਓਅੰਕਾਰ ਕੋ ਏਕ ਬੀਜ ਮਾਤ੍ਰ ਭਯੋ ਹੈ। ਇਤਨੇ ਹੀ ਅਰਥ ਤੇ ਬਿਸਥਾਰ ਸ਼ਾਸਤਰੋਂ ਮੇਂ ਅਨੇਕ ਗ੍ਰੰਥ ਰਚੇ ਹੈਂ,

---

੧. ਇਕ ਪ੍ਰਸਿੱਧ ਰਿਸ਼ੀ—ਯਾਗਜਵਲਕਯ । ੨. ਮਿਲਕੇ, ਜੁੜਕੇ । (ਅ) ਵਯੰਜਨ ਅਖਰਾਂ ਵਿਚ ਪਲਟਣ ਤੇ ।

ਮੂਲ ਯਹੀ ਹੈ । ਪ੍ਰਥਮ ਮੰਗਲਾ ਚਰਨ 'ਏਕ ਓਅੰਕਾਰ' ਕੋ ਕਰਿਕੈ ਅਗਾਰੀ ਬਹੁਰ ਕਹਤ ਹੈਂ:-

## ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਭੂਤ ਭਵਿੱਖ ਬਰਤਮਾਨ ਜੋ ਤ੍ਰਿਕਾਲ ਹੈ ਇਸ ਮੇਂ ਜੋ ਅਬਾਧ ਹੋਇ ਸੋ 'ਸਤਿ', ਕਿੰਵਾ ਜਾਗ੍ਰਤ, ਸੁਪਨ, ਸੁਖੋਪਤਿ, ਇਹ ਤੀਨ ਅਵਸਥਾ ਕੇ ਪਰਿਣਾਮ ਵਿਖੈ ਜੋ ਏਕ ਰਸ ਰਹੈ ਸੋ ਸਤਿ । [ਸਤਯਮਚਾਸਾਊਨਾਮ] ਸਤਿਨਾਮ । ਸਤਿਨਾਮ=ਸਤਿ ਸਰੂਪ ਜਿਸਕੋ ਹੋਇ, ਸਤਯ ਹੀ ਨਾਮ ਹੋਇ, ਸੋ 'ਸਤਿਨਾਮ'।

ਪ੍ਰਸ਼ਨ:-ਸਤਿ ਕੋ ਜੋ ਤਕਾਰ ਹੈ ਤਿਸ ਕੋ ਇਕਾਰ ਔਰ ਗ੍ਰੰਥਨ ਮੇਂ ਨਹੀਂ ਹੈ; ਸ੍ਰੀ ਸਤਿਗੁਰ ਜੀ ਕੀ ਬਾਨੀ ਮੇਂ ਤਕਾਰ ਮੇਂ ਇਕਾਰ ਹੋਤ ਹੈ, ਯਹ ਕੌਨ ਕਾਰਨ[1] ?

ਉੱਤਰ:-ਸਹੰਸਕ੍ਰਿਤਿ ਮੇਂ ਤਕਾਰ ਕੋ ਯਕਾਰ ਹੋਤ ਹੈ, ਪ੍ਰਮਾਨ: 'ਸਤਯੰ ਗਯਾਨਮਨੰਤੰ ਬ੍ਰਹਮ' । ਯਕਾਰ ਜੋ ਹੈ ਭਾਖਾ ਮੇਂ ਇਕਾਰ ਹੋ ਜਾਤ[2] ਹੈ। ਜੈਸੇ 'ਜਯ ਜਯ' ਸਹੰਸਕ੍ਰਿਤੀ ਮੇਂ ਹੈ, ਭਾਖਾ ਮੇਂ 'ਜੈ ਜੈ' ਹੋ ਜਾਤ ਹੈ । ਸਹੰਸਕ੍ਰਿਤਿ ਕੇ ਪਦ ਜਯ ਤੇ ਆਦਿ ਔਰ ਭੀ ਐਸੇ ਹੈਂ; ਜੋ ਭਾਖਾ ਮੇਂ ਇਕਾਰ ਨਾ ਬਨਾਵੇਂ ਇਸੀ ਰੀਤਿ ਸੋਂ, ਤੌ ਦੋਖ ਹੋਤ ਹੈ । ਯਾਹੀ ਤੇ ਸਤਿਗੁਰ ਸ਼ਰਬਗਯ ਨੀਕੀ ਰੀਤਿ ਸੋਂ ਲਿਖਾਇ ਗਏ ਹੈਂ ਐਸੋ। ਜੋ ਸਤਿ ਚਿਦਾਨੰਦ ਬ੍ਰਹਮ ਸੋ ਮਾਯਾ ਸਵਲ ਹੋ ਕਰਿ ਕਰਤਾ ਪੁਰਖੁ ਬਨਯੋ। ਮਾਯਾ ਕੋ ਆਸ੍ਰੇ ਸਥਾਨ । ਆਪਨੀ ਚੈਤੰਨ ਸੱਤਾ ਕਰਿਕੈ ਮਾਯਾ ਦ੍ਵਾਰੇ ਵਾਰੰਵਾਰ ਜਗਤ ਕੋ ਰਚਤ ਹੈ ਸੋਈ ਜੋ ਸਤਿ ਹੈ, ਮਾਯਾ ਸਵਲ ਤੇ ਕਰਤਾ ਨਾਮ ਭਯੋ । ਕਰਤੱਤ ਕੋ ਜੋ ਕਰੈ ਸੋ ਕਰਤਾ ਪੁਰਖੁ। ਪੁਰਖੁ ਕੋ ਅਰਥ 'ਪੁਰਖੁ' ਹੈ, ਇਸਤ੍ਰੀ ਯਾ ਨਿਪੁੰਸਕ ਨਹੀਂ ਹੈ। ਵਾ ਪੁਰ ਪੁਰ ਬਿਖੇ ਜਿਸ ਕਾ ਸੈਨ ਹੋਇ, ਸਰਬ ਬਯਾਪੀ, ਤੇ ਪੁਰਖੁ ਕਹੀਐ। ਜਿਸ ਕੋ ਕਿਸੀ ਦੂਸਰੇ ਕਾ ਭਉ ਤ੍ਰਾਸ ਨਹੀਂ ਹੋਇ ਸੋ 'ਨਿਰਭਉ', ਵਾ 'ਭਵ' ਨਾਮ ਜਗਤ ਕੇ ਜਨਮ ਮਰਨ ਕੋ, ਜੋ ਇਸ ਤੇ ਬਿਨਾ ਹੋਇ ਸੋ 'ਨਿਰਭਉ' । ਜਿਸ ਕੋ ਕਿਸੀ ਸਾਥ ਬੈਰ ਨਹੀਂ ਹੋਇ, ਕਿਆ ? ਸਮਾਨ ਹੈ ਸਰਬ ਕੋ, ਸੋ 'ਨਿਰਵੈਰੁ' । ਜਿਸ ਕੀ ਮੂਰਤਿ ਅਕਾਲ ਹੈ। ਮਾਰਨ ਵਾਰੋ ਔਰ ਜਿਸ ਕੋ ਨਹੀਂ ਹੋਇ, ਸੋ ਅਕਾਲ ਮੂਰਤਿ । ਵਾ ਕਾਲ ਨਾਮ ਸਮੇਂ ਕੋ। ਤਿਸ ਸਮੇਂ ਕਰਕੇ ਜੋ ਬਾਲ ਜੁਵਾ ਬ੍ਰਿਧ ਹੋਨ ਮੇਂ ਨਹੀਂ ਆਵੈ, ਸੋ । ਵਾ ਏਕਾਖਰੀ ਕੋਸ਼ ਮੇਂ 'ਅਕਾਰ' ਬਿਸ਼ਨੁ, 'ਕਾ' ਬ੍ਰਹਮੇ ਕੋ, ਲੈ ਕਰਨ ਤੇ 'ਲਕਾਰ' ਤੇ ਨਾਮ ਸ਼ਿਵ ਕੋ, 'ਕਰਤਾ ਪੁਰਖੁ' ਤੀਨ ਮੂਰਤਿ ਬਨਿ ਬੈਠਯੋ, ਯਾਂਤੇ ਅਕਾਲ ਮੂਰਤਿ । ਜੂਨਿ ਜੋ ਚੌਰਾਸੀ ਹੈਂ ਤਿਨੋਂ ਮੈਂ ਜੋ ਨਹੀਂ ਹੋਇ ਸੋ 'ਅਜੂਨੀ' । ਵਾ 'ਅਜ' ਨਾਮ ਤੀਨੋਂ ਦੇਵਨ ਕੋ ਭੀ ਹੈ, ਸੋ ਜਿਸ ਤੇ ਊਨ ਹੋਇ ਸੋ । 'ਸੈਭੰ' ਸ੍ਵੰਭੂ ਕੋ ਸੈਭੰ ਪਾਠ ਹੈ । ਆਪ ਹੀ ਤੇ ਜੋ ਭਯੋ ਹੋਇ

---

੧. ਭਾਵ 'ਸਤਿ' ਦੇ 'ਤ' ਨੂੰ ਗੁਰਬਾਣੀ ਵਿਚ ਸਿਹਾਰੀ ਕਿਉਂ ਹੈ। ੨. ਭਾਵ ਸੰਸਕ੍ਰਿਤ ਦਾ 'ਯ' ਭਾਸ਼ਾ ਵਿਚ 'ਇ' ਸਿਹਾਰੀ ਦਾ ਰੂਪ ਲੈ ਲੈਂਦਾ ਹੈ।

ਸੋ ਸੈਂਭੰ । ਵਾ ਸੈਂਕਰੇ ਸੰਸੇ ਕੇ ਨਾਸ਼ ਕਰਨਹਾਰ ਹੋਇ, ਸੋ । ਐਸੋ ਸਰੂਪ ਪਾਰਬ੍ਰਹਮੁ ਕਰਤਾ ਪੁਰਖ ਕੋ ਚਿਤ ਮੈਂ ਕੈਸੇ ਬਸੈ ? ਵਾ ਐਸੇ ਸਰੂਪ ਕੋ ਜਾਨੈਂ ਕਿਸ ਰੀਤਿ । ਵਾ ਐਸੋ ਸਰੂਪ ਪ੍ਰਸੰਨ ਹੋਇ ਕਰ ਦਰਸ਼ਨ ਕੈਸੇ ਦੇਇ ? ਇਨ ਪ੍ਰਸ਼ਨ ਕੋ ਲੀਏ ਹੂਏ ਸ੍ਰੀ ਨਾਨਕ ਜੀ ਕਹਤ ਹੈਂ: 'ਗੁਰਪ੍ਰਸਾਦਿ' । ਸਤਿਗੁਰ ਸੇਵਨ ਤੇ ਪ੍ਰਸੰਨ ਜੋ ਹੋਇ ਤੌ ਪੂਰਬ ਕਹਨੋ ਸਰਬ ਹੋਤ ਹੈ । ਵਾ ਸਤਿਗੁਰ ਸਿਖ ਕੋ ਦੁਖੀ ਦੇਖ ਕਰਿ ਦਯਾ ਕਰਹਿ ਤਬ ਹੋਇ । 'ਪ੍ਰਸਾਦਿ' ਨਾਮ ਪ੍ਰਸੰਨਤਾ ਕੋ ਭੀ ਹੈ, ਦਯਾ ਕੋ ਭੀ ਹੈ । 'ਗੁਰ' ਕੋ ਅਰਥ:– 'ਗੋ' ਨਾਮ ਅੰਧੇਰੇ ਕੋ, ਤਿਸ ਤੇ ਅਗਯਾਨ ਕੋ ਅਰਥ । 'ਰੁ' ਨਾਮ ਪ੍ਰਕਾਸ਼ ਕੋ, ਤਿਸ ਤੇ ਗਯਾਨ ਕੋ ਅਰਥ । ਅਗਯਾਨ ਕੋ ਨਸ਼ਟ ਕਰਿ ਜੋ ਗਯਾਨ ਦੇਇ ਸੋ 'ਗੁਰ' ।

ਇਹ ਪ੍ਰਥਮ ਸ਼ਲੋਕ ਮੰਗਲਾਚਰਨ ਕੋ ਸਤਿਗੁਰ ਸ੍ਰੀ ਨਾਨਕ ਜੀ ਨੈ ਬਨਾਯੋ । ਗੁਰੂ ਅਰਜਨ ਪ੍ਰਯੰਤ ਮੰਗਲਾਚਰਨ ਅਪਨੀ ਬਾਨੀ ਮੇਂ ਇਸੀ ਸ਼ਲੋਕ ਕੋ ਕਰਤ ਰਹੇ ਹੈਂ । ਕੈਸਾ ਇਹ ਸ਼ਲੋਕੁ ਹੈ ? ਜੋ ਇਸ ਕੋ ਸੇਵਤੇ ਹੈਂ ਤਿਨ ਕੋ ਅਲਭ ਪਦਾਰਥ ਮੁਕਤਿ ਤੇ ਆਦਿ ਕੋਈ ਭੀ ਨਹੀਂ ਹੈ । ਹਮੇਸ਼ ਤਿਸ ਕੇ ਮੰਗਲ ਹੀ ਰਹਤ ਹੈ । ਸ੍ਰੀ ਨਾਨਕ ਜੀ ਕੋ ਧਯਾਨ ਧਾਰਿਕੈ ਉਚਾਰਨੋ । ਅਬ ਔਰ ਮੰਤ੍ਰ ਸ਼ਿਵ ਜੀ ਕੇ ਠਾਕੇ ਹੋਏ ਹੈਂ, ਸਫੁਰਨ ਨਹੀਂ ਹੋਤੇ । ਇਹ ਸਫੁਰਨ ਹੋਤ ਹੈ ।

ਮੰਗਲਾਚਰਨ ਗ੍ਰਿੰਥਨ ਮੇਂ ਤੀਨ ਪ੍ਰਕਾਰ ਹੋ ਹੋਤ ਹੈ । ਜਹਾਂ ਨਮਸਕਾਰ ਕਰਤ ਹੈਂ ਸੋ 'ਨਮਸਕਾਰਾਤਮਕ' ਹੋਤ ਹੈ । ਔਰ ਜਹਾਂ ਆਪਨੇ ਇਸ਼ਟ ਕੋ 'ਜੈ ਪਦ' ਕਹਯੋ ਹੋਇ, ਸੋ 'ਅਸ਼ੀਰਬਾਦਾਤਮਕ' ਨਾਮ ਹੈ । ਤੀਸਰੋ 'ਵਸਤੂ ਨ੍ਰਿਦੇਸ਼', ਸੋ ਹੈ ਜਹਾਂ ਅਪਨੇ ਇਸ਼ਟ ਕੋ ਸਰੂਪ ਵਾ ਗੁਨ ਵਰਨੀਏ ਹੈ । ਪ੍ਰਥਮ ਗ੍ਰੰਥ ਮੇਂ ਅਪਨੇ ਇਸ਼ਟ ਕੋ ਬਰਨਨ, ਤਿਸ ਕੋ ਨਾਮ ਮੰਗਲਾਚਰਨ । ਕਾਰਨ ਯਾਂਕੋ ਏਹ: ਨ੍ਰਿਬਿਘਨ ਸਮਾਪਤੀ ਗ੍ਰੰਥ ਕੀ । ਈਹਾਂ ਜਪੁਜੀ ਮੇਂ ਵਸਤੂ ਨ੍ਰਿਦੇਸ਼ ਮੰਗਲਾਚਰਨ ਹੈ । ਸ਼ਲੋਕ ਮੇਂ ਨਾਮ ਕਹੇ ਹੈਂ, ਤਿਨ ਨਾਮੋਂ ਕੇ ਅਰਥ ਕਰਨੇ ਕਰਿ ਸਰੂਪ ਅਰ ਗੁਨ ਪਾਰਬ੍ਰਹਮ ਕੇ ਨਿਰੂਪਨ ਹੋਤੇ ਹੈਂ, ਯਾਂਤੇ ਵਸਤੂ ਨ੍ਰਿਦੇਸ਼ । ਅਸ਼ੀਰਵਾਦਾਤਮਕ ਅਰ ਨਮਸਕਾਰਾਤਮਕ ਏ ਦੋਨੋਂ ਜੋ ਮੰਗਲਾਚਰਨ ਹੈਂ ਏਕਲੇ ਏਕਲੇ ਨਹੀਂ ਹੋਤ ਹੈਂ, ਵਸਤੂ ਨ੍ਰਿਦੇਸ਼ ਕੋ ਲੇ ਕਰਿ ਹੋਤ ਹੈਂ । ਜੇ ਅਰੁ ਨਮੋ ਕੇਵਲੁ ਕੈਸੇ ਬਨੈਂ ? ਪੂਰਬ ਨਾਮ ਵਾ ਗੁਨ ਵਾ ਸਰੂਪ ਕਹਿਕੇ ਕਹਿਬੋ ਬਨਤ ਹੈ । ਅਰੁ ਵਸਤੂ ਨ੍ਰਿਦੇਸ਼ ਏਕ ਭੀ ਹੋਤ ਹੈ, ਜੈਸੇ ਗੁਰੂ ਜੀ ਨੇ ਇਹ ਸ਼ਲੋਕੁ ਬਨਾਯੋ ਹੈ; ਐਸੇ ਜਾਨਿਯੈ । ਗੁਰਪ੍ਰਸਾਦਿ ਮੇਂ ਗੁਰੋਂ ਕੇ ਗੁਨ ਕਹਿਕੈ, ਜੋ ਪਰਮੇਸ਼ਰ ਕੀ ਪ੍ਰਾਪਤੀ ਕਰ ਦੇਤ ਹੈਂ ਤਿਨ ਕੋ ਮੰਗਲਾਚਰਨ ਕਹਯੋ, ਜਗਤ ਕੀ ਮ੍ਰਿਜਾਦਾ ਹੇਤ । ਅਰੁ ਤਿਨਕੋ ਨਾਮ ਲੇਨੇ ਕਰ ਤੇ ਅਨੇਕ ਬਿਘਨ ਨਾਸ਼ ਹੋਤ ਹੈਂ। ਇਤਯਰਥ[1] ।

'੧ ੴ' ਇਸ ਮੇਂ ਤੋਂ ਬਿਸ਼ੇਖਾਲੰਕਾਰ ਹੈ ।

---

੧. ਏਥੇ ਮੰਗਲਾਚਰਨ ਦੇ ਅਰਥ ਸਮਾਪਤ ਹੋਏ, ਹੁਣ ਅਗੇ ਇਸ ਮੰਗਲ ਦੇ ਅਲੰਕਾਰ ਦੱਸਦੇ ਹਨ ।

ਲਛਨ–ਜਹਾਂ ਏਕ ਕੋ ਥਾਨ ਅਨੇਕ ।
ਬਰਨੈਂ, ਸੋਇ 'ਬਿਸ਼ੇਖ' ਬਿਬੇਕ ।

ਈਹਾਂ ਏਕ ਹੀ ਓਅੰਕਾਰ ਸਰਬ ਥਾਨ ਮੇਂ ਬਿਸਥਰਜੋ ਹੈ, ਯਾਤੇ ਬਿਸ਼ੇਖਾਲੰਕਾਰ । ਵਾ ਉਲੇਖਾਲੰਕਾਰ ਭੀ ਓਅੰਕਾਰ ਮੇਂ ਬਨਤ ਹੈ:–

ਇਕ ਕੋ ਬਹੁਤ ਰੀਤਿ ਕਹਿ ਜਹਾਂ ।
ਅਲੰਕਾਰ 'ਉਲੇਖੋ' ਤਹਾਂ ।

ਏਕ ਓਅੰਕਾਰ ਕੋ ਸਪਤ ਮਤ ਨੇ ਔਰ ਔਰ ਰੀਤਿ ਸੇਂ ਜਾਨਜੋ, ਯਾਂਤੇ ਉਲੇਖਾ।

ਅਗਲੇ ਸ਼ਲੋਕ ਮੇਂ ਸਰੂਪ ਬਰਨਨ, ਤੇ ਅਕਾਲ ਮੂਰਤਿ ਅਰੁ ਸਤਿ ਯਹਿ ਜਾਤੀ, ਨਿਰਭਉ ਨਿਰਵੈਰ ਯਹ ਸੁਭਾਵ, ਯਾਂਤੇ ਜਾਤਿ ਸੁਭਾਵੋਕਤਿ ਅਲੰਕਾਰ।

ਲੱਛਨ–ਜਹਿੰ ਸਰੂਪ ਕੋ ਬਰਨਨ ਕਰੀਏ ।
'ਭੂਖਨ ਜਾਤਿ' ਸੁ ਤਹਾਂ ਬਿਚਰੀਏ ।
ਜਹਿ ਸੁਭਾਵ ਕੋ ਬਰਨਨ ਹੋਇ ।
ਤਹਾਂ 'ਸੁਭਾਵੋਕਤ' ਲਖਿ ਸੋਇ ।

ਗੁਰਪ੍ਰਸਾਦਿ ਮੇਂ ਪ੍ਰਸੰਖਜਾਲੰਕਾਰ ਹੋਤਾ ਹੈ । ਔਰ ਸਰਬ ਸਥਾਨ ਤੇ ਬੂਝ ਕੋ ਹਟਾਇ ਕਰ ਏਕ ਗੁਰਪ੍ਰਸਾਦਿ ਮੇਂ ਠਹਿਰਾਯੋ, ਯਾਂਤੇ ਪ੍ਰਸੰਖਜਾ।

ਲੱਛਨ–ਇਕ ਥਲ ਬਰਜ ਦੁਤਿਯ ਥਲ ਮਾਹੀ।
ਕਛੁ ਠਹਿਰਾਇੰ 'ਪ੍ਰਸੰਖਜਾ' ਕਹਾਈ।

## ਜਪੁ ॥

ਸਤਿਗੁਰ ਸਿਖ ਕੋ ਕਹਤ ਹੈਂ 'ਜਪੁ' ! ਜਾਨ ਪਾਰਬ੍ਰਹਮ ਕੇ ਸਰੂਪ ਕੋ ! ਪ੍ਰਸ਼ਨ:- ਸਰੂਪ ਪਾਰਬ੍ਰਹਮ ਕੋ ਕੈਸੋ ਹੈ ? ਸੋ ਕਹਤ ਹੈਂ:–

## ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥

ਹੇ ਸਿਖ ! ਬ੍ਰਹਮ ਜੋ ਹੈ ਸੋ ਸਰਬ ਕੀ ਆਦਿ ਹੈ ਅਰੁ ਸਚੁ ਹੈ । ਖਟੁ ਬਿਕਾਰ ਜੋ ਹੈਂ ਦੇਹ ਕੇ: ਜਨਮ, ਅਸਤਤਾ; ਬ੍ਰਿਧ, ਪਰਿਨਾਮ, ਖੀਨ ਹੋਨ, ਮ੍ਰਿਤ[1]; ਸੋ ਤਿਸ ਬਿਖੇ ਨਹੀਂ ਹੈਂ । ਵਾ ਆਦਿ ਮੇਂ ਭੀ ਸਚੁ ਹੈ, 'ਜੁਗਾਦਿ' ਜੁਗਨ ਕੀ ਰਚਨਾ ਜਬ ਭਈ ਹੈ ਤਿਸ ਮੈਂ ਭੀ ਜਿਉਂ ਕਾ ਤਿਉਂ ਹੀ ਰਹਜੋ, ਪਰਿਣਾਮ[2] ਕੋ ਪ੍ਰਾਪਤਿ ਨਹੀਂ ਭਯੋ। ਵਾ ਪੁਰਖ ਪ੍ਰਕਿਰਤਿ 'ਜੁਗ' ਦੋਨੋਂ ਜੋ ਹੈਂ, ਇਕ ਕੇ ਹੋਨ ਤੇ ਪੂਰਬ ਸਚੁ ਹੀ ਹੁਤੋ, ਜਬ ਰਚਨ ਲਗੋ ਤਬ ਭੀ ਪਰਿਣੰਮਜੋ ਨਹੀਂ ਹੈ[2] ,ਸਚੁ ਹੀ ਰਹਜੋ। 'ਹੈਭੀ' ਜਬ ਜਗਤ ਬਨਜੋ ਤਬ ਭੀ ਸਾਚੁ ਹੀ ਹੈ, ਔਰ ਕੋਊ ਸਰੂਪ ਨਹੀਂ ਭਯੋ । 'ਨਾਨਕ ਹੋਸੀ ਭੀ ਸਚੁ'–ਸ੍ਰੀ ਨਾਨਕ

---

੧. ਦੇਹੀ ਦੇ ਛੇ ਵਿਕਾਰ: ਜੰਮਣਾ, ਕਮਜ਼ੋਰ ਹੋਣਾ, ਬੁਢਾ ਹੋਣਾ, ਬਦਲ ਜਾਣਾ, ਲਿੱਸਾ ਹੋਣਾ ਤੇ ਮਰ ਜਾਣਾ । [ਪਰਿਣਾਮ=ਬਦਲ ਜਾਣਾ, ਜਿਵੇਂ ਬਾਲਪਨ ਤੋਂ ਜੁਆਨੀ, ਜੁਆਨੀ ਤੋਂ ਬੁਢੇਪਾ । ਅਸਤਤਾ=ਸਤਤਾਹੀਨ ਹੋਣਾ] । ੨. ਕੋਈ ਵਟਾਉ ਉਸ ਵਿਚ ਨਹੀਂ ਆਇਆ ।

ਜੀ ਕਹਤ ਹੈਂ: ਜਬ ਜਗਤ ਕੋ ਅਭਾਵ ਹੋਇ ਜਾਇਗੋ ਤਬ ਭੀ ਸਾਚੁ ਹੀ ਰਹੈਗੋ। ਤੀਨੋਂ ਕਾਲ ਜਗਤ ਕੇ: ਉਤਪਤਿ, ਇਸਥਿਤੀ, ਪ੍ਰਲੈ ਬਿਖੇ ਏਕ ਰਸ ਰੂਪ ਹੈ ਜਿਸ ਪਾਰਬ੍ਰਹਮ ਕੋ, ਹੇ ਸਿਖ ! ਸੋ ਤਿਸ ਕੋ ਤੂੰ ਜਾਨ। ਇਹ ਸ਼ਲੋਕ ਭੀ ਪਾਰਬ੍ਰਹਮੁ ਕੇ ਨਿਰੂਪਣ ਕਰਿਬੇ ਤੇ ਮੰਗਲਾਚਰਨ ਕੋ ਹੀ ਬਨਤ ਹੈ। ਵਾ ਔਰ ਅਰਥ ਯਾਂਕੋ:– ਜਪੁ' ! ਸਤਿਗੁਰ ਸਿਖ ਕੋ ਕਹਤ ਹੈਂ: 'ਜਪੁ' = ਜਾਣ ਆਪਨੇ ਸਰੂਪ ਕੋ । ਸਿਖ ਬੂਝੈ: ਮੇਰੋ ਸਰੂਪ ਕੈਸੋ ਹੈ ? ਉੱਤਰ:–'ਆਦਿ ਸਚੁ' । ਹੇ ਸਿਖ ! ਤੇਰੋ ਸਰੂਪ ਸਰਬ ਕੀ ਆਦਿ ਹੈ, ਦੇਹ, ਇੰਦ੍ਰੀ, ਪ੍ਰਾਣ, ਅੰਤਹਕਰਣ ਇਨ ਸਰਬ ਤੇ ਪੂਰਬ ਕੋ ਹੈ, ਏਹ ਸਰਬ ਇਸ ਤੇ ਪਿਛਾਰੀ ਕੇ ਹੈਂ ਅਰੁ ਏਹ ਝੂਠੇ ਹੈਂ; ਬਹੁਰ ਤੇਰੋ ਸਰੂਪ ਸਚੁ ਹੈ, ਤ੍ਰਿਕਾਲ ਅਬਾਧ[1] ਹੈ ਸੋਈ ਤੀਨ ਕਾਲ ਕਹਤ ਹੈ: 'ਜੁਗਾਦਿ ਸਚੁ' = ਜੁਗਾਂ ਤੇ ਆਦਿ ਜਬ ਰਚਨਾ ਨਹੀਂ ਰਚੀ ਥੀ ਤਬ ਸਚੁ ਹੀ ਹੁਤੋ; ਭੂਤ ਕਾਲ ਕਹਜੋ । 'ਹੈ ਭੀ ਸਚੁ' = ਅਬ ਭੀ ਤੇਰੋ ਸਰੂਪ ਸਚੁ ਹੀ ਹੈ, ਦੇਹ ਇੰਦ੍ਰੀ ਪ੍ਰਾਣ ਅੰਤਸ਼ਕਰਣ ਇਹ ਤੇਰੋ ਸਰੂਪ ਨਹੀਂ। ਕਾਹੇ ਤੇ ? ਇਹ ਤੋ ਪੰਚ ਤਤ ਕੇ ਕਾਰਜ ਹੈਂ ਤੂੰ ਕਾਰਜ ਕਿਸੇ ਕੋ ਨਹੀਂ, ਵਰਤਮਾਨ ਕਾਲ ਕਹਜੋ । 'ਨਾਨਕ ਹੋਸੀ ਭੀ ਸਚੁ' = ਦੇਹਾਦਿਕ ਜੋ ਸਰੂਪ ਤੈਨੇ ਮਾਨ ਰਾਖੇ ਹੈਂ ਸੋ ਦੇਹ ਤੋ ਖਿਨ ਖਿਨ ਮੈਂ ਪਰਿਣਾਮ ਹੋਤੋ ਜਾਤ ਹੈ, ਇਹ ਤੇਰੋ ਸਰੂਪ ਨਹੀਂ, ਇਹ ਮਿਥਜਾ ਹੈ, ਤੂੰ ਸਤਿ ਹੈਂ, ਸਤਿ ਮਿਥਜਾ ਕੋ ਸਨਬੰਧ ਕੋਊ ਨਹੀਂ ਬਨਤਾ, ਜੈਸੇ ਤੇਜ ਤਿਮਰ[2] ਕੋ ਨਹੀਂ ਹੈ। ਤਾਂਤੇ ਹੇ ਸਿਖ ਐਸੋ ਅਪਨੋ ਸਰੂਪ ਤਿਸਕੋ ਤੂੰ ਜਾਨੁ। ਇਹ ਭਵਿਖਜਤ ਕਾਲ ਕਹਜੋ।

ਅਬ ਸ੍ਰੀ 'ਨਾਨਕ' ਨਾਮ ਕੋ ਅਰਥ ਕਹਤ ਹੈਂ। ਨਹੀਂ ਹੈ ਅਨੇਕਤਾ ਜਿਨ ਕੇ ਬਿਖੈ ਸੋ ਕਹੀਏ ਨਾਨਕ'। ਵਾ ਪੂਰਬ ਕੇ ਨਕਾਰ ਮੈਂ ਜੋ 'ਨਾ' ਹੈ ਸੋ ਪੁਰਸ਼ ਕੋ ਨਾਮ ਹੋਤ ਹੈ । 'ਨਿਰੀ' ਜੋ ਪੁਰਖੁ ਕੋ ਨਾਮ[3] ਹੈ ਤਿਸਕੋ 'ਨਾ' ਬਨ ਜਾਤ ਹੈ, ਤਿਸ ਨਕਾਰ ਤੇ ਅਕਾਰ ਨਿਕਾਸੇ 'ਅਨਕ' ਹੋਤ ਹੈ। ਅਨਕ ਕੇ ਬੀਚ ਜੋ ਨਕਾਰ ਰਹਜੋ ਏਕ ਅਕਾਰ ਤਿਸ ਤੇ ਨਿਕਾਸੇ 'ਅਨਅਕ' ਭਯੋ–ਨਾਅਨਅਕ । ਯਾਂਕੋ ਅਰਥ: 'ਅਕ' ਨਾਮ ਦੁਖ ਕੋ, ਨਹੀਂ ਹੈ ਜਿਸ ਪੁਰਖੁ ਕੋ ਕਦੇ ਦੁਖ, ਸੋ ਕਹੀਏ ਨਾਨਕ । ਜਿਤਨੇ ਅਖਰ ਹੋਤ ਹੈਂ ਸਭਨਿ ਮੈਂ ਅਕਾਰ ਰਹਤ ਹੈ। ਦੋਊ ਨਕਾਰ ਤੇ ਅਕਾਰ ਨਿਕਸੇ ਅਰਥ ਭਯੋ। ਪੂਰਬ ਜੋ ਅਰਥ ਕਰਜੋ ਹੈ: ਨਹੀਂ ਹੈ ਅਨੇਕਤਾ ਜਿਸ ਮੇਂ, ਸੋ ਅਰਥ ਆਛੋ ਨਹੀਂ ਹੋਤ ਹੈ; ਕਿਉਂਕਿ ਬੀਚ ਕੋ ਨਕਾਰ ਜੋ ਹੈ ਸੋ ਇਕਾਰ ਤੇ ਬਿਨਾ[4] ਹੈ । ਜੇ ਨਕਾਰ ਮੈਂ ਇਕਾਰ ਹੋਤੀ ਤੋ ਅਨੇਕਤਾ ਬਨਤੀ ਐਸੇ ਜਾਨਿਯੈ, ਇਤਿ ਅਰਥ।

ਇਸ ਸ਼ਲੋਕ ਮੈਂ ਭਾਵਕ ਅਲੰਕਾਰ ਹੈ।

ਲੱਛਨ–ਭੂਤ ਭਵਿਖ ਬਾਤ ਜਹਿਂ ਅਹੈ।
'ਭਾਵਕ' ਅਲੰਕਾਰ ਤਿਹ ਕਹੈਂ।

---

੧. ਤਿੰਨਾਂ ਸਮਿਆਂ ਵਿਚ ਹੀ ਨਾਸ਼ ਹੋਣ ਵਾਲਾ ਨਹੀਂ । ੨. ਚਾਨਣ ਤੇ ਅਨ੍ਹੇਰੇ ਦਾ ਸੰਬੰਧ । ੩. ਸੰਸ:, 'ਨ੍ਰੀ' ਦਾ ਅਰਥ ਨਰ, ਪੁਰਖ, ਹੈ। ੪. ਭਾਵ 'ਨਾਨਕ' ਪਦ ਦਾ ਜੋ ਵਿਚਕਾਰਲਾ 'ਨ' ਹੈ ਉਸ ਨੂੰ ਸਿਹਾਰੀ ਨਹੀਂ ਹੈ।

ਇਹਾਂ ਭੂਤ ਭਵਿਖੁ ਏਕੁ ਸਚੁ ਹੀ ਬਰਨਨ ਕਰਜੋ ਯਾਂਤੇ ਭਾਵਕ ਅਲੰਕਾਰ। ਵਾ ਉਤ੍ਰ ਅਲੰਕਾਰ । ਤੋ ਸਿਖ ਨੇ ਬੂਝਜੋ: ਮੇਰੋ ਕੈਸੋ ਸਰੂਪ ਹੈ ਤੇ ਬ੍ਰਹਮ ਕੋ ਸਰੂਪ ਕੈਸੋ ਹੈ ? ਇਸ ਪ੍ਰਸ਼ਨ ਕੋ ਅਧਜਾਹਾਰ ਊਪਰ ਸੋਂ, ਉੱਤ੍ਰ ਕਹਜੋ ਹੀ ਹੈ; ਯਾਂਤੇ ਉਤ੍ਰਾਲੰਕਾਰ ਹੋਤ ਹੈ। ਇਸ ਸ਼ਲੋਕੁ ਮੈਂ ਕੋਈਕ ਪੁਰਖੁ ਪ੍ਰਸ਼ਨ ਕਰੈ: ਕਾਲ ਤੋ ਤੀਨ ਹੈਂ, ਚੌਥੋ ਪਦ ਨਿਰਾਰਥਕ ਹੈ 'ਜੁਗਾਦਿ ਸਚੁ' ? ਸੋ ਹਮ ਦੋਊ ਅਰਥਨਿ ਮੈਂ ਬਨਾਇਕੈ ਇਸ ਅਸ਼ੰਕਾ ਕੋ ਉਧਾਰ ਕਰ ਆਏ ਹੈਂ । 'ਆਦਿ ਸਚੁ' ਤੀਨੋ ਕਾਲ ਮੈਂ ਨਹੀਂ ਗਿਨਨੋ, ਸਰਬ ਕੀ ਆਦਿ ਹੈ, ਅਰੁ ਸਚੁ ਹੈ । ਅਗਾਰੀ ਤੀਨੋਂ ਤੁਕ ਤੀਨੋਂ ਕਾਲ ਪਰ। ਕਿੰਵਾ ਪਹਿਲੀ ਤੁਕ ਭੂਤ ਕਾਲ ਕੀ, ਬਹੁਰ ਜਗਤ ਰਚਨ ਮੈਂ ਭੀ ਸਚੁ ਹੀ ਰਹਜੋ । ਪਰਿਣਾਮ ਕੋ ਨਹੀਂ ਪ੍ਰਾਪਤਿ ਭਯੋ । ਇਸ ਅਰਥ ਕੇ ਪੋਖਬੇ[1] ਹਿਤ 'ਜੁਗਾਦਿ ਸਚੁ' ਤੁਕ ਕਹੀ । ਅਗਲੀ ਦੋਨੋਂ ਤੁਕ ਦੋਊ ਕਾਲ ਪਰ ਕਹੀ ਹੈਂ ।

ਅਲੰਕਾਰ ਸਰਬ ਤੁਕਨ ਕੇ ਕਹਿਨੇ ਹੈਂ; ਯਾਂਤੇ 'ਅਲੰਕਾਰ' ਕੋ ਲੱਛਨ ਈਹ[1] ਕਹਤ ਹੈ :–

ਸ਼ਬਦ ਅਰਥ ਕਰਿ ਕਰਿਹੈ ਜੋਈ ।
ਰਸ ਉਪਕਾਰ ਸੁ 'ਭੂਖਨ' ਹੋਈ ।

ਦੁਤਿਜ ਲੱਛਨ:–ਸ਼ਬਦ ਅਰਥ ਜੋ ਚਿੱਤ੍ਰਤ ਕਰਿਹੀ ।
ਚਮਤਕਾਰ ਛਬਿ ਅਧਿਕੈ ਧਰਿਹੀ ।
ਭੂਖਨ ਜੈਸੇ ਪਹਿਰੈ ਪ੍ਰਾਨੀ ।
ਤੈਸੇ 'ਅਲੰਕਾਰ' ਮਿਲਿ ਬਾਨੀ ।

ਰਸ, ਤੈ ਬਜੰਗ, ਤੈ ਭਿੰਨ ਅਰੁ ਸ਼ਬਦ ਅਰਥ ਕੇ ਚਮਤਕਾਰ ਕੋ ਪ੍ਰਗਟ ਕਰੈ ਸੋ ਅਲੰਕਾਰ, ਵਾ ਸ਼ਬਦਾਰਥ ਕੋ ਭੂਖਤ ਕਰੈ। ਸੋ ਅਲੰਕਾਰ ਕੇ ਦੋਊ ਲਛਨ ਹੈਂ।

[ਪਉੜੀ ਪਹਿਲੀ]

ਅਬ ਅਗਾਰੀ ਸਿੱਖ ਕੋ ਪ੍ਰਸ਼ਨ ਸਰੂਪ ਕੀ ਪ੍ਰਾਪਤੀ ਮੈਂ ਅਰੁ ਸਤਿਗੁਰਨਿ ਕੋ ਉੱਤਰ ਪਰਮਾਤਮਾ ਕੇ ਬੁਝਾਇਬੇ ਮੈਂ, ਯਹ ਲਿਖਜੋ ਜਾਇਗੋ।

## ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਸੋਚ ਸ਼ਨਾਨਾਦਿ ਮ੍ਰਿਤਕਾ ਸੋਂ ਜੇ ਅਨੇਕ ਵਾਰੀ ਕਰੀਏ ਤਥਾਪਿ ਸੋਚ ਪਵਿਤ੍ਰ ਨਹੀਂ ਹੋਤ ਹੈ । ਤਨ ਕੋ ਸੋਚ ਕੋਈ ਕਿਸ ਪ੍ਰਕਾਰ ਕਰੈ ? ਇਕ ਤੋ ਮਲ ਮੂਤ੍ਰ ਕੋ ਬਾਸਨ, ਦੂਸਰੋ ਸਰਬ ਸਰੀਰ ਮੱਜਾ ਅਸਥ ਰਕਤ ਚਰਮ ਰੂਪ ਹੈ । ਇਸ ਕੋ ਸੁਧ ਕਰਨੇ ਕਾ ਜਤਨ ਕੋਈ ਕਿਆ ਕਰੇਗਾ ? ਜੈਸੇ ਕੱਚੀ ਮ੍ਰਿਤਕਾ ਕੇ ਘਟ ਕੋ ਧੋਇ ਕਰ ਨਿਰਮਲੁ ਕਰਜੋ ਚਾਹੈ ਤੋ ਨਹੀਂ ਹੋਤ ਹੈ। ਪ੍ਰਮਾਨ:–

ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥

[ਸੁਖਮਨੀ, ੩-੩

੧. ਪੁੰਛਤਾ ਹਿਤ ।

ਇਸ ਤੁਕ ਕੇ ਅਰਥ ਤੇ ਕਿਆ ਜਾਨਣਾ ? ਨਾ ਸੌਚ ਹੋਤ ਹੈ, ਨਾ ਸੌਚ ਤੇ ਪਰਮੇਸ਼ੁਰ ਕੀ ਪ੍ਰਾਪਤੀ ਹੈ।

## ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

ਚੁਪ ਕਰਨੇ ਤੇ ਚੁਪ ਸ਼ਾਂਤੀ ਨਹੀਂ ਹੋਤ ਹੈ ਜੇ ਲਿਵ ਤਾਰ ਕੀ ਨਿਆਈ ਲਗਾਈਏ। ਜੈਸੇ ਤੇਲ ਕੀ 'ਤਾਰ' ਕਹੀਏ ਧਾਰ ਹੋਤੀ ਹੈ ਤਿਸ ਮੈਂ ਬੱਕ੍ਰਤਾ ਅਰੁ ਭਗਨਤਾ[੧] ਨਹੀਂ ਹੈ; ਤੈਸੇ ਹੀ ਜੇ ਨਿਰੰਤਰ ਲਿਵ ਲਗਾਵੈ। ਪ੍ਰਸ਼ਨ: ਲਿਵ ਲਗਾਵਨ ਤੇ ਤੌ ਪਰਮੇਸ਼ੁਰ ਕੀ ਪ੍ਰਾਪਤਿ ਹੋਤ ਹੈ ? ਪ੍ਰਮਾਨ:–

ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥ [ਅਨੰਦ, ੬

ਇਤਿਆਦਿ ਸ੍ਰੀ ਗ੍ਰੰਥ ਜੀ ਮੈਂ ਅਨੇਕ ਸਥਾਨ ਲਿਖਜੇ ਹੈ ? ਉੱਤਰ:–ਈਹਾ ਲਿਵ ਵਹਿਰ ਕੀ ਕੋ ਅਰਥ ਹੈ। ਨੇਤ੍ਰ ਆਦੀ ਇੰਦ੍ਰੀ ਸਭ ਰੋਕ ਬੈਠਣਾ, ਹਾਥ ਪਾਉਂ ਟਿਕਾਇ ਰਾਖਣੇ, ਇਸ ਤੇ ਮਨ ਚੁਪ ਨਹੀਂ ਕਰਤ ਹੈ। ਵਿਸ਼ਜਨ ਮਹਿਂ ਪ੍ਰਵਿਰਤਤਾ ਹੈ। ਮਨ ਹੀ ਆਦਿ ਸਭ ਕੇ ਸੰਕਲਪ ਉਠਾਵਤ ਹੈ। ਕੋਈ ਜੇ ਕਹੈ ਵਹਿਰ ਕੇ ਟਿਕਾਉਨ ਕੋ ਨਾਉਂ ਲਿਵ ਨਹੀਂ ? ਤਿਸੁ ਪਰ ਪ੍ਰਮਾਨ:–

ਠਗ ਦਿਸਟਿ ਬਗਾ ਲਿਵਲਾਗਾ ॥ [ਪ੍ਰਭਾਤੀ ਬੇਣੀ ਜੀ

## ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਭੁਖਿਆਂ ਕੀ ਭੂਖ ਨਹੀਂ ਜਾਤ ਹੈ। ਜੋ ਤ੍ਰਿਸ਼ਨਾਕ ਹੈਂ ਤਿਨ ਕੀ ਤ੍ਰਿਸ਼ਨਾਂ ਕਜੋਂਹੂ ਨਹੀਂ ਹਟਤ ਹੈ। ਜੇ ਚੌਦਹ ਲੋਕ ਬਾਂਧਿ ਕਰ ਤਿਨ ਕੋ ਦੇਈਏ ਤਥਾਪਿ ਤ੍ਰਿਪਤਿ ਨਹੀਂ ਹੋਤ ਹੈ। ਇਹਾਂ ਦੋਇ ਪ੍ਰਸ਼ਨ: ਸਚ ਕੀ ਪ੍ਰਾਪਤਿ ਕੇ ਜਤਨ ਕਰਣਾ ਇਹਾਂ ਤਿਨ ਕੋ ਬਿਅਰਥ ਦਿਖਾਵਨੇ ਕੋ ਪ੍ਰਯੋਜਨ ਹੈ। ਸੋ ਇਸ ਤੁਕ ਮੈਂ ਨਹੀਂ ਨਿਬਹਤ ਹੈ। ਇਹਾਂ ਲੋਭੀਓਂ ਕਾ ਬਰਨਨ ਨਹੀਂ ਬਨਤ ਹੈ। ਇਸ ਅਰਥ ਤੇ ਅਕਾਂਡ ਪ੍ਰਕਥਨ ਦੋਖ ਹੈ। ਲੱਛਨ–ਪ੍ਰਥਨ ਕਰੈ ਬਰਨਨ ਜਿਸ ਤਾਂਈ।

ਬੀਚੈ ਬਹਨੈ ਔਰ ਬਨਾਈ।
ਦੋਖ 'ਅਕਾਂਡ ਪ੍ਰਕਥਨ' ਕਹਾਵਹਿ।
ਕਰਤਾ ਕਾਵਜਨ ਕੇ ਸੁ ਬਤਾਵਹਿਂ।

ਦੂਸਰੋ ਪ੍ਰਸ਼ਨ: ਪੁਰੀਆ ਕੋ ਬਾਂਧਨ ਅਸੰਭਵ ਸੋ ਲਗਤ ਹੈ। ਉੱਤਰ: ਤਾਂਤੇ ਇਨ ਦੋਖਨ ਕੋ ਬਚਾਇਕੈ ਐਸੋ ਅਰਥ ਕਰਨੋ। ਪ੍ਰਥਮ ਤੁਕ ਕਰਮ ਕਾਂਡ ਕੀ, ਕੇਵਲ ਤਿਸ ਤੇ ਸਚ ਕੀ ਪ੍ਰਾਪਤਿ ਨਹੀਂ। ਦੁਤਿਯ ਤੁਕ ਮੈਂ ਚੁਪ ਤੇ ਮੋਨ ਆਦਿ ਸਰਬ ਤਪ ਸਮਝਨੇ, ਤਿਨ ਤੇ ਸਚ ਕੀ ਪ੍ਰਾਪਤਿ ਨਹੀਂ। ਤਿਸੀ ਰੀਤਿ ਸੋਂ ਭੂਖ ਤੇ ਸਰਬ ਜੋ ਬਰਤ ਚੰਦ੍ਰਾਇਨ ਆਦਿ, ਤਿਨ ਕੋ ਅਰਥ ਕਰਣੋ; ਤਿਨ ਤੇ ਨਹੀਂ ਸਚੁ ਕੀ ਪ੍ਰਾਪਤਿ। 'ਭੂਖ ਨ

---

੧, ਉਸ ਵਿਚ ਨਾ ਵਿੰਗ ਹੁੰਦਾ ਹੈ ਨਾ ਤੁੜਾਉ। ਤੇਲ ਦੀ ਧਾਰ ਲਗਾਤਾਰ ਸਿਧੀ ਤੇ ਅਟੁੱਟ ਗਿਰਦੀ ਹੈ। [ਬਕ੍ਰਤਾ = ਟੇਢ। ਭਗਨਤਾ = ਟੁਟਣਾ]।

ਉਤਰ' = ਤ੍ਰਿਸਨਾਂ ਤਿਨ ਤੇ ਨਹੀਂ ਮਿਟਤ ਹੈ। 'ਜੇ ਬੰਨਾ ਪੁਰੀਆ ਭਾਰ' ਯਾਂਕੋ ਅਰਥ ਐਸੇ: ਜੋ ਪੁਰੀਆ ਸਰਬ ਲੇ ਕਰਿ ਤਿਨੋਂ ਕੇ ਪਦਾਰਥੋਂ ਕੇ ਭਾਰ ਬਾਂਧ ਕਰਿ ਅਪਨੇ ਘਰਿ ਲੇ ਆਵੈ, ਤਥਾਪਿ ਤ੍ਰਿਸ਼ਨਾਂ ਨਹੀਂ ਮਿਟਤ ਹੈ।

ਪੁਨਾ ਪ੍ਰਸ਼ਨ:-ਫੇਰ ਭੀ ਤ੍ਰਿਸ਼ਨਾ ਕੇ ਬਰਨਨ ਤੇ ਜਤਨ ਬਿਅਰਥ ਕਥਨ ਕੈਸੇ? ਉੱਤਰ: ਤ੍ਰਿਸ਼ਨਾ ਕੇ ਬਰਨਨ ਤੇ ਸਚੁ ਕੀ ਪ੍ਰਾਪਤਿ ਕੋ ਜਤਨ ਬਿਅਰਥ ਐਸੇ: ਜੋ ਕਿਤਨੇ ਹੀ ਬ੍ਰਤ ਕਰੇ, ਤਥਾਪੀ ਜਗਤ ਕੇ ਪਦਾਰਥੋਂ ਤੇ ਬੈਰਾਗ ਨਹੀਂ ਹੋਤਾ; ਜਬ ਬਿਸ਼ਜਨ ਤੇ ਬੈਰਾਗ ਹੋਇ ਤਬ ਹੀ ਕੂੜ ਕੋ ਪਰਦੋ ਮਿਟੈਗੋ। ਜੇ ਬੈਰਾਗ ਭੀ ਨਹੀਂ ਭਯੋ ਤੋ ਸਚੁ ਕੀ ਪ੍ਰਾਪਤਿ ਕਹਾਂ? ਯਾਂਤੇ ਜਤਨ ਹੀ ਬਿਅਰਥ ਦਿਖਾਯੋ। ਅਗਾਰੀ ਮਤਿ ਕੋ ਬਿਅਰਥ ਦਿਖਾਵਤ ਹੈਂ:-

## ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

'ਸਹਸ' ਕਹੀਏ ਅਨੇਕ ਜੋ ਸਿਆਣਪ ਸਚ ਕੀ ਪ੍ਰਾਪਤਿ ਹਿਤ ਕਰੋ, ਸੋ ਤਿਸ ਪ੍ਰਾਪਤਿ ਹੋਣੇ ਕੇ ਬਿਖੈ ਏਕ ਭੀ ਨਹੀਂ ਚਲਤ ਹੈ। ਪ੍ਰਸ਼ਨ: 'ਸਹਸ' ਕਹਿਕੈ ਫੇਰ 'ਲਖ' ਕਹਯੋ, ਈਹਾਂ ਅਰਥ ਕੀ ਪੁਨਰੁਕਤਿ। 'ਸਹਸ ਸਿਆਣਪਾ' ਕਿਵਾ 'ਸਿਆਣਪਾ ਲਖ' ਇਤਨੇ ਹੀ ਕਹਿਨੇ ਮੈਂ ਅਰਥ ਬਨਤ ਹੈ; ਜੋ ਸਹਸ ਕਹਿਨੋ ਥੋ ਤੋ 'ਲਖ' ਨਹੀਂ ਕਹਨੋ ਥੋ, ਜੇ 'ਲਖ' ਕਹਨੋ ਥੋ ਤੋ 'ਸਹਸ' ਨਹੀਂ ਕਹਨੋ ਥੋ? ਉੱਤਰ:-ਸਹਸ ਅਰੁ ਲਾਖੁ 'ਅਨੇਕ' ਪਦ ਕੇ ਦਯੋਤਕ[1] ਹੈਂ। ਜੈਸੇ ਲੋਕੋਂ ਮੈਂ ਕਹਨਾਵਤ[2] ਹੈ: 'ਮੇਲੇ ਮੇਂ ਸੈਂਕਰੇ ਹੀ ਲੋਕ ਹੈਂ', ਯਾ ਲਾਖੋ ਹੈਂ'। ਕੁਛ ਗਿਨਕੈ ਨਹੀਂ ਕਹਤ ਹੈਂ, ਅਨੇਕ ਪਦ ਵਾਚੀ ਨਾਮ ਹੀ ਕਹਿ ਦੇਤ ਹੈਂ। ਤੈਸੇ ਹੀ ਈਹਾਂ ਭੀ ਪਦ ਹੈਂ। ਸਹਸ ਪਦ ਤੇ ਅਜਹਿਤੀ ਲੱਛਨਾ ਸੋਂ ਅਰਥ: ਸਹਸ ਸਿਆਣਪਾ ਵਾਲਿਓਂ ਕੀ ਲਾਖੋਂ ਜੋ ਸਿਆਨਪ ਹੈਂ ਸੋ ਏਕ ਭੀ ਸਚ ਕੀ ਪ੍ਰਾਪਤਿ ਕੇ ਹਿਤ ਨਹੀਂ ਚਲਤ ਹੈ। ਸਿਆਨਪ ਕੇ ਸੰਗ ਸਿਆਨਪ ਵਾਰੇ ਕੋ ਲੈਕੇ ਅਰਥ ਭਯੋ। ਇਤ੍ਯਰਥ।

ਇਨ ਚਾਰਨਹੂੰ ਤੁਕਨ ਮੈਂ ਅਨੁਕਤਿਨਮਿਤਾ ਬਿਸੇਖੋਕਤਿ ਅਲੰਕਾਰ ਹੈ।

ਲੱਛਨ-ਕਾਰਨ ਤੇ ਕਾਰਜ ਹੁਇ ਨਾਂਹੀ।
ਕਹੈਂ 'ਬਿਸੇਖੋਕਤਿ' ਬੁਧਿ ਤਾਂਹੀ।

ਇਹਾਂ ਸੋਚ ਅਰ ਚੁਪਿ ਅਰ ਭੁਖਿ ਅਰ ਮਤਿ ਇਨ ਕਾਰਨ ਤੇ ਕਾਰਜ ਸੁਚਿ ਔ ਮਨ ਥਿਰਤਾ ਔ ਸੰਤੋਖੀ, ਔ ਸਚ ਕੀ ਪ੍ਰਾਪਤਿ ਨਹੀਂ ਭਯੋ, ਯਾਂਤੇ ਬਿਸੇਖੋਕਤਿ। ਅਰ ਕਾਰਨ ਨਹੀਂ ਕਹਯੋ, ਜੋ ਇਨ ਕਰਮਨ ਤੇ ਹਉਮੈ ਬਧਤ ਹੈ ਅਰੁ ਸਚੁ ਕੀ ਪ੍ਰਾਪਤਿ ਨਹੀਂ; ਯਾਂਤੇ 'ਅਨੁਕਤਿਨਮਿਤਾ'। ਜਹਾਂ ਕੁਛ ਕਹਿ ਦੇਈਏ ਇਸ ਤੇ ਕਾਰਜ ਨਹੀਂ ਭਯੋ ਤਹਾਂ 'ਉਕਤਿਨਮਿਤਾ'। ਜਹਾਂ ਕੁਛ ਜਾਨਯੋ ਨਹੀਂ ਜਾਇ ਤਹਾਂ 'ਅਚਿੰਤ੍ਯ ਨਮਿਤਾ' ਹੋਤ ਹੈ। ਇਨ ਚਾਰਨਹੂੰ ਤੁਕਨ ਕੋ ਦੂਸਰੋ ਅਰਥ ਔਰ ਹੈ। ਸਿਖ ਬੂਝਤ ਹੈ ਸਤਿਗੁਰੋਂ ਕੋ: ਸਚਿ ਕੀ ਪ੍ਰਾਪਤਿ ਸੋਚ ਤੇ ਹੋਤ ਹੈ? ਉੱਤਰ:-ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

---

੧. ਪ੍ਰਗਟ ਕਰਨਹਾਰ ਰਨ। ੨. ਕਹਾਵਤ। ਆਮ ਬੋਲ ਚਾਲ।

ਪੁਨਾ: ਸਿਖ ਪੂਛਤ ਹੈ: 'ਚੁਪੈ' ਮੋਨ ਆਦਿ ਤਪ ਤੇ ਪ੍ਰਾਪਤਿ ਹੋਤ ਹੈ ? ਉੱਤਰ:-ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ਪ੍ਰਸ਼ਨ: ਭੁਖਿਆ ਬ੍ਰਤ ਤੇ ਹੋਤ ਹੈ ? ਉੱਤਰ:-ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਪ੍ਰਸ਼ਨ:-ਸਹਸ ਸਿਆਣਪ ਵਾਲੇ ਤਿਨ ਕੀ ਲਾਖੋਂ ਸਿਆਣਪੋਂ ਤੇ ਪ੍ਰਾਪਤਿ ਹੋਤ ਹੈ ? ਉੱਤਰ:-ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਸਰਬ ਤੁਕ ਕੇ ਉੱਤਰ ਭਾਗ[1] ਕੋ ਅਰਥ ਪੂਰਬ ਕੋ ਹੀ ਕਰਨੋਂ । ਜਿਸ ਹਿਤ ਜੋ ਕੁਛ ਕਰਨ ਲਗਤੇ ਹੈ ਸੋ ਭੀ ਨਹੀਂ ਭਯੋ ਤੌ ਸਚੁ ਕੀ ਪ੍ਰਾਪਤਿ ਕਹਾਂ ਹੈ। ਜੈਸੇ ਸੋਚ ਤੇ ਸੁਚੋ ਨਹੀਂ ਭਯੋ, ਤੈਸੇ ਸਰਬ ਜਾਨੀਏ। ਇਸ ਅਰਥ ਮੈਂ ਉਤਰਾਲੰਕਾਰ ਭੀ ਹੋਤ ਹੈ।

ਲੱਛਨ-ਪ੍ਰਸ਼ਨ ਕਰੇ ਜਹਿੰ ਉੱਤਰ ਹੋਇ।
ਅਲੰਕਾਰ ਉੱਤਰ ਕਹਿੰ ਸੋਇ।
ਯਾਂਤੇ ਉਤਰਾਲੰਕਾਰ ਹੈ।

ਪ੍ਰਸ਼ਨ:-ਸੋਚਿ, ਮੋਨ, ਬ੍ਰਤ, ਮਤਿ ਏ ਸਭ ਸ੍ਰੇਸ਼ਟ ਹੈਂ, ਇਨ ਕੋ ਨਿਖੇਧ ਕੈਸੇ ? ਉੱਤਰ:-ਸਚ ਕੀ ਪ੍ਰਾਪਤਿ ਕੇ ਜਤਨ ਤਿਸ ਮੈਂ ਨਿਖੇਧੇ ਹੈਂ । ਅੰਤਹਕਰਨ ਕੇ ਸੁਧ ਕਰਬੇ ਮੈਂ ਨਹੀਂ ਹੈ । ਅਰੁ ਕਲਿ ਕੇ ਨਰ ਸਰਬ ਸ਼ਕਤਿ ਤੇ ਹੀਨ ਹੈਂ । ਸਿਮ੍ਰਤੀ ਕੇ ਬਿਖੈ ਜੋ ਸੋਚਿ ਕਹੀ ਹੈ, ਸੋ ਇਨ ਤੇ ਕੈਸੇ ਹੋ ਸਕਤਿ ਹੈ । ਸੋਲਹ ਦੋਖ ਤੋ ਹਸਤ ਮਾਂਜਨੇ ਕੀ ਮ੍ਰਿਤਕਾ[2] ਕੇ ਬਿਖੈ ਕਹੇ ਹੈਂ; ਇਤਯਾਦਿ ਸਰਬ ਹੀ ਸੋਚ ਕਠਨ ਹੈ। ਇਸੀ ਰੀਤਿ ਸੋਂ ਤਪ ਔ ਬ੍ਰਤੁ ਭੀ ਨਹੀਂ ਹੋ ਸਕਤ ਹੈਂ। ਅਗਲੇ ਜੁਗਨ ਮੈਂ ਲੋਕਸ਼ਕਤਿਵਾਨ ਰਹੇ, ਸੋ ਕਰਤ ਰਹੇ, ਅਰ ਬੁਧਿ ਬਿਸਾਲ ਤੋ ਕਹਾਂ ਹੈ। ਅਬ ਸਰਬ ਭਾਂਤਿ ਸੋਂ ਦੀਨ ਲੋਕ ਜਾਨ ਕਰਿ ਅਸਮ੍ਰਥ ਕਲੀ ਮੈਂ ਨਰਨ ਕੀ ਕਲਯਾਨ ਹੇਤ ਸੁਖੇਨ ਜਤਨ ਕੋ ਕਹੈਂਗੇ; ਇਸ ਹੇਤੁ ਤੇ ਨਿਖੇਧ ਕਰੇ ।

ਅਬ ਮੁਮੋਖੀ[3] ਚਾਰਹੁ ਸਾਧਨ ਤੇ ਨਿਰਾਸ ਹੋ ਕਰਿ ਅਪਨੀ ਉਕਤਿ ਅਰ ਨਿਸਚੇ ਕੋ ਤਯਾਗ ਕਰਿ ਸਤਿਗੁਰ ਕੋ ਮਤਿ ਬੂਝਤ ਹੈ:-

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਆਪ ਨੇ, ਸਾਧਨ ਜੋ ਮੁਕਤਿ ਕੇ ਥੇ, ਸੋ ਤੋ ਸਰਬ ਕਰੇ ਹੈਂ ਖੰਡਨ, ਕਿਸ ਜੁਗਤਿ ਸੋਂ 'ਸਚ' ਕੇ ਬਿਖੈ 'ਆਰ' ਨਾਮ 'ਪ੍ਰਾਪਤ' ਕੋ ਸੋ ਹੋਤ ਹੈ ? ਅਰ ਕਿਸ ਪ੍ਰਕਾਰ ਕੂੜ ਕੀ ਪਾਲ ਤੁਟੈ ? ['ਤੁਟੈ ਪਾਲਿ' ਏ ਪਦ ਭੀਤ ਕੋ ਅਰੁ ਪਰਦੇ ਕੋ ਨਹੀ ਜਨਾਵਤ ਹੈ। ਪ੍ਰਥਮ ਤੋ ਭੀਤ ਅਰੁ ਪਰਦੇ ਕੋ ਨਾਮ ਪਾਲਿ ਨਹੀਂ ਹੈ, ਦੂਸਰੇ ਤੁਟੈ ਪਦ ਨਹੀਂ ਬਨਣ ਦੇਤ ਹੈ। ਐਸੇ ਕੋਈ ਨਹੀਂ ਕਹਤ ਹੈ ਜੋ 'ਭੀਤ ਔ ਪਰਦੋ ਟੂਟੈ'। 'ਭੀਤ ਗਿਰੈ, ਢਹੈ' ਪਦ ਬਨਤ ਹੈ। ਪਰਦੇ ਕੋ 'ਪੱਟੇ' ਪਦ ਬੋਧਕ ਹੈ । ਯਾਂਤੇ ਅਰਥ ਪੂਰਬ ਕੋ ਨਹੀਂ ਬਨੈ। ਜੇ ਕੋਈ ਐਸੇ ਕਹੈ, ਤਹਾਂ ਪ੍ਰਸਿੱਧ ਹਤ ਦੋਖ । 'ਜੋ ਸ਼ਬਦ ਹੋਇ ਤਿਸ ਤਜਿ ਔਰ ਕਹੈ'

---

੧. ਪਿਛਲਾ ਹਿਸਾ ਤੁਕਾਂ ਦਾ । ੨. ਹਥ ਮਾਂਜਣ ਦੀ ਮਿਟੀ ਵਿਚ ੧੬ ਦੋਖ ਦਸੇ ਗਏ ਹਨ।

੩. ਮੋਖ ਦੀ ਇਛਾ ਵਾਲਾ। ਮੁਕਤੀ ਦਾ ਚਾਹੁਣ ਵਾਲਾ ।

ਇਤਿ ਲੱਛਨ । ਜੈਸੇ 'ਧੌਂਸੇ ਕੋ ਝੰਕਾਰ'* ਕਹਾ, ਪ੍ਰਸਿੱਧ ਧੌਂਸੇ ਕੋ 'ਧੁੰਕਾਰ' ਸ਼ਬਦ ਹੈ] ਉੱਤਰ–ਤਾਂਤੇ ਐਸੇ ਅਰਥ ਗੁਰੂ ਜੀ ਨੇ ਧਰਜੋ ਹੈ: 'ਪਾਲਿ' ਤਲਾਉ ਕੇ ਚਾਰੋਂ ਪਾਸੇ ਹੋਤ ਹੈ । ਸਤਿ ਚਿਦਾਨੰਦ ਸੋ ਤਲਾਉ । ਕੂੜ ਤਨ ਹੰਤਾ ਸੋ ਪਾਲਿ । ਤਿਸ ਨੇ ਚਾਰੋਂ ਦਿਸ਼ਾ ਤੇ ਸਰੂਪ ਕੋ ਆਵਰਜੋ[1] ਹੈ, ਸੋ ਪਾਲਿ ਕੈਸੇ ਟੂਟੈ ? ਅਖਰਾਰਥ ਭਯੋ । ਇਸ ਰੀਤਿ ਸੋਂ ਸ੍ਰੀ ਗ੍ਰੰਥ ਸਾਹਿਬ ਮੈਂ ਤਲਾਉ ਅਰ ਪਾਲਿ ਕਹੂੰ ਔਰ ਸਥਾਨ ਮੈਂ ਭੀ ਲਿਖਯੋ ਹੈ†।

ਭਾਵ ਅਰਥ ਐਸੇ: ਜੋ ਤਨ ਹੰਤਾ ਕੋ ਬ੍ਰਿਤ ਕੈਸੇ ਤਯਾਗੈ ? ਸਚ ਰੂਪ ਕਿਸ ਜੁਗਤਿ ਸੋਂ ਹੋਇ ? ਇਸ ਪ੍ਰਸ਼ਨ ਕਾ ਅਗਲੀ ਤੁਕ ਮੈਂ ਉੱਤਰ ਹੈ ।

## ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥

ਪਰਮੇਸਰ ਕੇ ਹੁਕਮੁ ਰਜਾਇ ਬਿਖੈ ਚਲਨਾ ਸਦੀਵ ਇਹੀ ਪਰਮ ਸਾਧਨ ਹੈ ਮੋਖ ਕੋ। ਸ੍ਰੀ ਨਾਨਕ ਜੀ ਕਹਤ ਹੈਂ: ਪਰਾਲਬਧ ਜੇਤੀ ਹੈ ਤੇਰੀ ਸੋ ਤੋ ਲੇਖ ਤੇਰੇ ਮੈਂ ਪੂਰਬ ਹੀ ਲਿਖ ਰਾਖੀ ਹੈ। ਪ੍ਰਸ਼ਨ–'ਹੁਕਮ' 'ਰਜਾਇ' ਪੁਨਰੁਕਤਿ ਦੋਸ਼ ਹੈ, ਦੂਸਰੇ ਇਹ ਪ੍ਰਤੀਤ ਹੋਤੀ ਹੈ: ਜੋ ਪਰਮੇਸਰ ਕੇ ਹੁਕਮ ਮੇਂ ਲੋਕ ਨਹੀਂ, ਮਵਾਸੀ[2] ਰਹਤ ਹੈਂ। ਕਰਨੀ ਹੈ ਪਰਮੇਸਰ ਕੀ ਉਸਤੁਤਿ, ਭਈ ਨਿੰਦਿਆ: ਜੋ ਪਰਮੇਸਰ ਬਲ ਬਿਹੀਨ ਹੈ। ਇਸੁ ਅਰਥ ਤੇ ਅਨੁਚਿਤਾਰਥ ਦੋਖ ?

ਲੱਛਨ–ਉਸਤਤਿ ਕਰਤ ਨਿੰਦ ਜਹਿੰ ਹੋਇ।
'ਅਨੁਚਿਤਾਰਥ' ਦੋਖ ਕਹਿੰ ਸੋਇ।

ਤੀਸਰੇ ਅਗਲੀ ਪਉੜੀ ਮੈਂ ਇਸੀ ਤੁਕ ਕੋ ਅਰਥ ਸਪਸ਼ਟ ਕਰਨੋ ਹੈ; ਤਿਸ ਕੇ ਅੰਤ ਮੈਂ ਕਹਿਨੋ ਹੈ: 'ਹੁਕਮੈ ਅੰਦਰਿ ਸਭੁ ਕੋ'; ਇਸ ਤੁਕ ਕੇ ਅਰਥ ਸੋਂ ਬਿਰੋਧ ? ਪਹਿਲੇ ਕਹਜੋ ਜੋ ਮੁਮੋਖੀ ਹੋਇ ਸੋ ਹੁਕਮੁ ਮੈਂ ਚਲੈ, ਫੇਰ ਕਹਜੋ ਸਰਬ ਹੁਕਮ ਬਿਖੇ ਹੈਂ। ਪੂਰਬ ਉੱਤਰ ਬਿਰੋਧ ਤੇ ਅਭਵਨਮਤ ਦੋਖ ਹੋਤ ਹੈ।

ਲੱਛਨ–ਕਵਿ ਬਾਂਛਤ ਪਦ ਜੋਗ ਨ ਹੋਇ।
'ਅਭਵਨਮਤ' ਸੁ ਕਹੈਂ ਕਵਿ ਲੋਇ।
ਪਰ ਪੂਰਬ ਜਹਿੰ ਮੇਲ ਨ ਬਨਿ ਹੈ।
ਤਿਹ ਕੋ ਭੀ ਇਹ ਨਾਮ ਸੁ ਭਨਿ ਹੈਂ।

ਇਕ ਟੀਕਾ ਸ੍ਰੀ ਜਪੁਜੀ ਕੋ ਅਨੰਦ ਘਨ ਨੇ ਕਰਜੋ ਹੈ। ਜੋ ਗੁਰ ਨਿਸ਼ਚੇ ਤੇ ਹੀਨ ਹੈ ਨਰ, ਅਲਪ ਬੁਧੀ, ਤਿਨ ਕੋ ਪਰਚਾ । ਤਿਸ ਟੀਕੇ ਕੇ ਪਢਨਹਾਰੇ ਜੋ ਪੁਰਖ ਹੈਂ ਤਿਨ ਪ੍ਰਤਿ ਪ੍ਰਸ਼ਨ: ਪਹਿਲੇ ਅਰਥ ਤਿਸ ਨੇ ਐਸੋ ਕਰਜੋ: 'ਹੁਕਮੁ' ਆਗਯਾ ਕੋ ਨਾਮ; 'ਰਜਾਇ' ਮਰਜ਼ੀ ਕੋ; ਸੋ ਤੋ ਅਰਥ ਐਸੇ ਭਯੋ: ਨ੍ਰਿਪ ਨੇ ਹਾਥ ਸੋਂ ਦਾਨ ਦੀਓ, ਬਹੁਰ ਅੰਗੁਲੀਆਂ ਸੋਂ ਦਾਨ ਦੀਓ । ਬੁਧਿਵਾਨ ਜੇ ਸੁਨਿਨਵਾਰੇ ਹੈਂ ਤਿਸ ਕੋ ਮੂਰਖ ਹੀ ਲਖੈਂਗੇ। ਹਾਥ ਸੋਂ ਕਛੂ ਅੰਗੁਰੀਆਂ ਭਿੰਨ ਨਹੀਂ ਹੈਂ, ਤੈਸੇ ਹੀ 'ਹੁਕਮ' ਔ 'ਮਰਜ਼ੀ'

---

੧. ਢਕਿਆ ਹੋਇਆ, ਘੇਰਿਆ ਹੋਇਆ । ੨, ਆਕੀ ।

†ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥ [ਸਲੋਕ ਕਬੀਰ–੧੭੦

ਦੋ ਨਹੀਂ ਹੈਂ । ਜੇ ਦੋਊ ਹੋਇੰ ਕਿਸੀ ਕੇ, ਤੋ ਛਲਵਾਰੇ ਬਿਖੈ ਹੋਤ ਹੈਂ । ਕਹਿਣਾ ਕੁਛ, ਕਰਨਾ ਕੁਛ । ਛਲ ਸੋ ਕਰਤ ਹੈ ਜੋ ਨਿਰਬਲ ਹੋਤ ਹੈ । ਇਸ ਅਰਥ ਮੈਂ ਭੀ ਪੂਰਬ-ਵਾਰੋ[1] ਅਨੁਚਿਤਾਰਥ ਦੋਖ ਹੈ । ਬਹੁਰ ਦੂਸਰੋ ਅਰਥ ਤਿਸਨੈ ਔਰ ਕਰਯੋ: 'ਹੁਕਮ' ਪਰਵਿਰਤੀ ਕੋ ਨਾਮ ਹੈਂ, 'ਰਜਾਇ' ਨਿਬਰਤਿ ਕੋ; ਯਹ ਭੀ ਝੂਠ । ਇਹਾਂ ਨਾਮ ਦੋਊ ਨਾ ਪਾਰਸੀ ਕੇ ਹੈਂ, ਨਾ ਕਿਤਾਬਨਿ ਮੈਂ, ਨਾ ਪੋਥੀ ਗ੍ਰੰਥਨ ਮੈਂ । ਜਹਾਂ ਕਹੀ ਲਿਖਯੋ ਹੈ ਸੋ ਆਗਯਾ ਕੇ ਹੀ ਨਾਮ ਲਿਖੇ ਹੈਂ ਦੋਨੋਂ; ਯਾਂਤੇ ਬਿਨਾ ਪ੍ਰਮਾਨ ਸੋ ਝੂਠ । ਅਰ ਦੂਸਰੇ, ਗੁਰੂ ਜੀ ਕੋ ਉਪਦੇਸ਼ ਪਰਬਿਰਤੀ ਕੋ ਕਿਤੇ ਨਹੀਂ ਕਹਯੋ । ਪ੍ਰਮਾਨ:-

ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥

[ਸਾਰਗ ਮਹਲਾ ੫-੧੧

ਇਤਯਾਦਿ ਉਪਦੇਸ਼ ਕੋ ਪ੍ਰਯੋਜਨ ਇਹ ਹੈ, ਅਰੁ ਸੰਪੂਰਨ ਸ੍ਰੀ ਗ੍ਰੰਥ ਸਾਹਿਬ ਜੀ ਕੋ ਮਤਿ, ਜੋ ਪਰਬਿਰਤਿ ਤੇ ਮਨ ਕੀ ਬ੍ਰਿਤਿ ਕੋ ਉਠਾਇ ਕਰ ਨਿਬ੍ਰਿਤਿ ਮੇਂ ਜੋੜੇ, ਅਰੁ ਤਿਸ ਨੈ ਲਿਖਯੋ ਹੈ ਹੁਕਮੁ ਕੋ ਅਰਥ ਐਸੇ ਜੋ ਯਗਯ ਤਪ ਦਾਨਾਦਿਕ ਕੋ ਕਰੈ। ਸੋ ਬੀਚਾਰ ਕਰਿ ਦੇਖਾ ਚਾਹੀਏ, ਪੂਰਬ ਤੁਕਨਿ ਮੈਂ ਅਸ਼ਕਤਿ[2] ਲੋਕ ਜਾਨ ਕਰਿ ਨਿਖੇਧ ਕੀਓ, ਬਹੁਰ ਕਹਯੋ ਤਿਨ ਕੋ ਕਰਹੁ; ਐਸੇ ਬਾਤ ਤੋ ਬਾਲਕ ਭੀ ਨਹੀਂ ਕਰਤ ਹੈ। ਏਕ ਹੀ ਪੌੜੀ ਮੈਂ ਹਟਾਵਨੇ ਕੋ ਕਹਯੋ, ਪੀਛੇ ਤੇ ਕਹਯੋ ਕਰਹੁ । ਐਸੋ ਅਰਥ ਕਰਨ ਤੇ ਤੂਸ਼ਨਿ[3] ਹੀ ਭਲੀ ਹੈ। ਐਸੇ ਰੀਤਿ ਭਈ: ਜੋ ਅੰਧ ਅਰਥ ਕਰਤ ਹੈ, ਪੂਰਬ ਉੱਤਰ ਨਹੀਂ ਦੇਖਤ, ਅਰੁ ਬਧੁਰ[4] ਸੁਨਤ ਹੈ, ਜੋ ਬੀਚਾਰਤ ਨਹੀਂ ਹੈ।

ਬਹੁਰ ਲਿਖਯੋ ਹੈ ਕਿ ਸ੍ਰੀ ਨਾਨਕ ਜੀ ਕੋ ਮੁਕਤਿ ਨਹੀਂ ਪ੍ਰਾਪਤਿ ਭਈ, ਕਦੇ ਅਗਾਰੀ ਮੁਕਤਿ ਹੋਹਿੰਗੇ ਇਤਯਾਦਿ ਅਜੋਗ ਬਾਤੈਂ ਹੈਂ । ਸ੍ਰੀ ਪਰਮੇਸ਼ਰ ਜੀ ਕੇ ਅਵਤਾਰਨਿ ਕੀ ਨਿੰਦਾ ਕਰਨੀ, ਤਿਸ ਕੋ ਫਲੁ ਪ੍ਰਗਟ ਹੀ ਹੈ। ਪਰਮੇਸ਼ਰ ਕੀ ਅਰ ਸੰਤ ਕੀ ਨਿੰਦਾ ਕੋ ਨਿਖੇਧ ਸ੍ਰੀ ਗ੍ਰੰਥ ਸਾਹਿਬ ਮੈਂ ਬਹੁਤ ਕਹਯੋ ਹੈ, ਹਮ ਨੈ ਕਿਆ ਕਹਿਨੋ ਹੈ । ਤਿਸ ਟੀਕੇ ਕੇ ਪਢਨਵਾਰੇ ਕੋ ਭੀ ਫਲ ਸੋਈ ਹੋਇਗੋ । ਜੇ ਕੋਈ ਕਹੈ: ਅਵਤਾਰ ਨਹੀਂ; ਇਸ ਬਾਤ ਕੋ ਨਿਰਨਾ ਹਮਾਰੋ ਕੀਓ ਜਨਮ ਸਾਖੀ ਨਾਨਕ ਪ੍ਰਕਾਸ਼ ਗ੍ਰੰਥ ਕੇ ਸੈਤੀਸਵੇਂ ਧਯਾਇ ਮੈਂ ਨੀਕੀ ਰੀਤਿ ਸੋਂ ਕਹਯੋ ਹੈ, ਤਹਾਂ ਦੇਖ ਲੈਨੋ।

ਔਰ ਜੋ ਪੁਰਾਨੋ ਕੇ ਪ੍ਰਮਾਣ ਤਿਸ ਨੇ ਪਾਏ ਹੈਂ ਨਾਮ ਕੀ ਮਹਿਮਾ ਪਰ, ਆਗੈ ਕਹਾਂ ਨਾਮ ਕੋ ਮਹਾਤਮ ਦੁਰਯੋ[5] ਹਯੋ ਹੈ । ਬਾਲਮੀਕ ਤੇ ਆਦਿ ਔਰ ਅਨੇਕ ਹੀ ਅਨਗਿਨਤੋਂ ਕਾ ਉਧਾਰ ਹੂਆ ਹੈ ਜਿਸ ਤੇ, ਸੋ ਤੋ ਬਡੇ ਡੰਕੇ ਕੀ ਨਯਾਂਈਂ ਜ਼ਾਹਰ ਹੈ ਜਗਤ ਮੇਂ । ਪ੍ਰਮਾਨ ਤੋ ਛੁਪੀ ਹੂਈ ਬਾਤ, ਜੋ ਕਿਸੀ ਕੇ ਮਾਨਿਬੇ ਮੈਂ ਆਵੈ ਔਰ ਕਿਸੀ ਕੇ ਨਹੀਂ, ਤਿਸ ਪਰ ਹੋਤ ਹੈ । ਸਰਬ ਬੇਦ ਸ਼ਾਸਤ੍ਰ ਪੁਰਾਨ ਨਾਮ ਕੀ ਬਡਾਈ ਕੋ

---

੧, ਪਹਿਲੇ ਵਾਲਾ। ਪਿਛੇ ਦਸਿਆ। ੨. ਲਗੇ ਹੋਏ, ਰੁਝੇ ਹੋਏ. ਭਾਵ ਯਗ ਤਪ ਦਾਨ ਆਦਿ ਕਰਨ ਵਾਲੇ। ੩. ਚੁਪ। ੪. ਬੋਲਾ, ਜੋ ਨਾ ਸੁਣੇ ਯਾ ਉੱਚਾ ਸੁਣੇ। ੫. ਛੁਪਿਆ ਹੋਇਆ, ਗੁਝਾ, ਅਪ੍ਰਗਟ।

ਕਹਤ ਹੈਂ। ਪ੍ਰਮਾਨ ਗ੍ਰੰਥ ਜੀ ਕੋ ਭੀ:-

ਪਰਗਟਿ ਪਾਹਾਰੈ ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ॥

[ਸਿਰੀ ਰਾਗੁ ਮਹਲਾ ੧

ਬਹੁਰੋ ਸ੍ਰੀ ਨਾਨਕ ਜੀ ਸਰਬੱਗਜ, ਜੋ ਜਥਾਰਥ ਹੋਇ ਤਿਸ ਕੇ ਬਕਤਾ[1] । ਅਨੰਦਘਨ ਕੇ ਨਿਸਚੇ ਕੋ ਖੁਲਾਸਾ ਐਸੇ ਜਾਨੀਤਾ ਹੈ: ਸ੍ਰੀ ਨਾਨਕ ਜੀ ਕੇ ਬਚਨ ਨੂਨ[2] ਲਖੇ, ਰਿਖੋਂ ਕੇ ਵਾਕ ਊਚੇ ਜਾਣੇ। ਜੋ ਤਿਨ ਕੇ ਪ੍ਰਮਾਣ ਸੋਂ ਸ੍ਰੀ ਗੁਰੂ ਨਾਨਕ ਜੀ ਕੀ ਬਾਨੀ ਪ੍ਰਸਿਧ ਹੋਇ, ਅਰੁ ਲੋਕ ਜਥਾਰਥ[3] ਜਾਨੇ। ਇਹ ਤੋ ਐਸੀ ਰੀਤਿ ਭਈ: ਜੋ ਦੀਪਕ ਬਹੁਤੇ ਬਾਲ ਕਰਿ ਤਿਨ ਕੇ ਚਾਨਣੇ ਸੇ ਕੋਈ ਸੂਰਜ ਕੋ ਦਿਖਾਵੈ। ਜੇ ਕੋਈ ਬਾਦੀ ਐਸੇ ਕਹੈ: ਸੂਰਜ ਔ ਦੀਪਕ ਕੋ ਦ੍ਰਿਸ਼ਟਾਂਤ ਕੈਸੇ ? ਉੱਤਰ:-ਇਨ ਕੇ ਦ੍ਰਿਸ਼ਟਾਂਤ ਐਸੇ: ਦੀਪਕ ਕੋ ਪ੍ਰਕਾਸ਼ ਥੋਰੋ, ਸੂਰਜ ਕੋ ਬਹੁਤੋ ਪ੍ਰਕਾਸ਼। ਸਿਮ੍ਰਤੀ ਆਦਿ ਤੋ ਕਿਤੇ ਕਹੂੰ ਦਿਖਾਈ ਦੇਤ ਹੈ ਪ੍ਰੰਤੂ ਸ੍ਰੀ ਨਾਨਕ ਜੀ ਕੀ ਬਾਨੀ ਤੋ ਸਰਬ ਠੌਰ ਮੇਂ, ਪ੍ਰਚਾਰ ਸਰਬ ਬਿਲਾਇਤੋਂ ਬਿਖੇ ਤੁਰਕੋਂ ਕੀ, ਔ ਦੀਪਨ ਮੈਂ, ਖੰਡਨ ਮੈਂ। ਅਨੇਕੋਂ ਕਾ ਆਪ ਉਧਾਰ ਕਰਜੋ ਹੈ, ਅਨੇਕੋਂ ਕਾ ਪੀਛੇ ਸੇ ਬਾਣੀ ਨੇ ਉਧਾਰ ਕਰਜੋ ਹੈ, ਅਨੇਕੋਂ ਕਾ ਉਧਾਰ ਅਗਾਰੀ ਹੋਇਗੋ। ਹਜ਼ਾਰਨ ਕੋ ਦਰਸ਼ਨ ਦਿਖਾਇ ਕਰਿ ਕ੍ਰਿਤਾਰਥ ਕਰਯੋ, ਹਜ਼ਾਰਨ ਕੋ ਬਚਨ ਸੁਨਾਇ ਕਰਿ । ਅਬ ਜੋ ਕੋਈ ਤਿਸ ਕੇ ਸਰੂਪ ਕੋ ਧਯਾਨ ਕਰਤ ਹੈ, ਬਾਨੀ ਪਠਤ, ਕਮਾਵਤ ਹੈ, ਕੋਟਿ ਜਨਮ ਕੇ ਅਘ[4] ਕੋ ਹਰਿ ਕਰਿ ਮੁਕਤ ਕੋ ਪ੍ਰਾਪਤਿ ਹੋਤ ਹੈ। ਪੂਰਨ ਪੁਰਖੁ ਅਵਤਾਰ ਈਸ਼ਰ ਕੇ, ਤਿਨ ਕੋ ਬੰਧਨ ਬਰਨਨ ਕਰਨੇ ਮਹਾਂ ਅਜੋਗ ਹੈ । ਕਹਾਂ ਤਿਨ ਕੋ ਬੰਧਨ, ਕਹਾਂ ਮੁਕਤਿ ? ਸਰਬ ਜਗਤ ਕੇ ਕਰਤਾ ਹਰਤਾ, ਸਰਬ ਰੀਤਿ ਸੋਂ ਸਮਰਥ, ਜੋ ਕਿਛੁ ਚਾਹਿਤ ਸੋ ਤਤਕਾਲ ਕਰਿ ਲੇਤ ਹੈਂ। ਜੋ ਕੋਈ ਪੱਖਵਾਦੀ ਇਸ ਬਾਤ ਕੋ ਨਹੀਂ ਮਾਨਤੇ ਸੋ ਉਲੂ ਕੀ ਨਿਆਂਈ ਜਗਤ ਕੇ ਦੁਖ ਰੂਪੀ ਅੰਧੇਰੇ ਮੇਂ ਪਰੇ ਭਰਮਤੇ ਹੈਂ। ਐਸੀ ਖੋਟੀ ਬਾਤ ਹੈ ਅਨੰਦਘਨ ਕੀ, ਜਾਨ ਕਰਿ ਨਿਰਾਸ ਕਰਯੋ ਹੈ । ਏਕ ਏਕ ਤੁਕ ਕੇ ਅਰਥ ਖੰਡਨ ਕਰਨੇ ਕੀ ਹਮਾਰੀ ਇਛਾ ਥੀ ਪਰ ਗ੍ਰੰਥ ਬਡੋ ਹੋਨ ਤੇ ਡਰ ਕਰਿ ਛੋਰ ਦੀਨੋ ਹੈ।

ਅਬ ਅਰਥ ਮੂਲ ਕੋ ਜਿਸ ਰੀਤਿ ਗੁਰਮੁਖ ਤੇ ਸੁਨਯੋ ਹੈ ਸੋ ਕਹਤ ਹੈਂ; ਜੈਸੇ ਸਤਿਗੁਰ ਨੇ ਇਸ ਤੁਕ ਮੇਂ ਅਰਥ ਰਾਖਯੋ ਹੈ । ਹੁਕਮ ਪਰਮੇਸ਼ਰ ਕੇ ਬਿਖੈ ਰਜਾਈ ਕਹਜੋ ਰਾਜ਼ੀ ਚਲਨੋ, ਸਦੀਵ, ਦੇਹ ਕੋ ਦੁਖ ਹੋਇ ਵਾ ਅਪਦਾ ਹੋਇ, ਪਰਮੇਸ਼ਰ ਕੀ ਦਿਸ਼ ਦੋਸ਼ ਕੋਈ ਨਹੀਂ ਅਰੋਪਨਾ। ਇਹੀ ਪਰਮ ਸਾਧਨ ਹੈ ਮੁਕਤਿ ਕੋ । ਸ੍ਰੀ ਨਾਨਕ ਜੀ ਕਹਤ ਹੈਂ: ਜੋ ਕੁਛ ਤੈਨੇ ਕਰੇ ਹੈ ਕਰਮ ਤਿਨੋਂ ਕੇ ਮੂਜਬ ਤੇਰੇ ਲੇਖ ਮੈਂ ਪ੍ਰਿਥਮ ਹੀ ਲਿਖ ਛੋਡਯੋ ਹੈ । ਜੇ ਕਰਿ ਤੂੰ ਦੋਸ਼ ਅਰੋਪੇਂਗਾ ਤੋ ਭੀ ਬੁਰੇ ਕਰਮ ਕਾ ਫਲ ਤੈਨੇ ਭੋਗਨਾ ਹੈ । ਪਰਾਲਬਧ ਤੋ ਛੁਟਯੋ ਤੀਰ ਹੈ, ਤਿਸ ਕੇ ਮੋੜਨ ਕੋ ਉਪਾਇ ਤੋ ਕੋਈ ਭੀ ਨਹੀਂ । ਪ੍ਰੰਤੂ ਫੇਰ ਤੂੰ ਨਰਕਬਾਸੀ ਹੋਇੰਗਾ ਜੋ ਪਰਮੇਸ਼ਰ ਅਦੋਸ਼ ਕੀ ਦਿਸ਼ ਦੋਸ਼ ਲਗਾਵੇਂਗਾ। ਜੇ ਤੂੰ ਪ੍ਰਸੰਨ ਰਹੈਂਗਾ, ਪਰਮੇਸ਼ਰ ਕੇ ਹੁਕਮ ਕੋ ਆਛੋ ਮਾਨੈਂਗਾ ਤੋ ਧੀਰਜ

---

੧. ਕਹਿਣ ਵਾਲੇ । ੨. ਨਯੂਨ, ਘਟ, ਕਸਰ ਵਾਲੇ । ੩. ਠੀਕ, ਦਰੁਸਤ, ਅਸਲੀਅਤ ੪. ਪਾਪ ।

ਧਰਿ, ਬਿਹੀਨ ਆਤੁਰਤਾ[1] ਤੇ, ਦੁਖ ਭੀ ਭੋਗਜੋ ਜਾਇਗੋ । ਪਰਮੇਸਰ ਕੀ ਪ੍ਰਸੰਨਤਾ ਭੀ ਤੇਰੇ ਊਪਰ ਹੋਇਗੀ । ਨੌਧਾ ਭਗਤਿ ਅਰੁ ਪ੍ਰੇਮਾ ਭਗਤਿ ਆਦਿ ਬਿਖੈ ਇਹੀ ਸ੍ਰੇਸ਼ਟ ਹੈ: ਈਸ਼ਰ ਕੋ ਭਾਣਾ ਆਛੋ ਲਾਗੈ। ਇਸੀ ਬਾਤ ਕੋ ਸ੍ਰੀ ਗੁਰੂ ਗ੍ਰੰਥ ਜੀ ਮੈਂ ਅਨੇਕ ਸਥਾਨ ਕਹਜੇ ਹੈ:-

ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ [ਤਿਲੰਗ ਮ: ੪

ਮੀਠੀ ਆਗਿਆ ਪਿਰ ਕੀ ਲਾਗੀ ॥ [ਆਸਾ ਮਹਲਾ ੫—੯੫

ਤੇਰਾ ਕੀਆ ਮੀਠਾ ਲਾਗੈ ॥ [ਆਸਾ ਮ; ੫—੯੩

ਇਤਜਾਦੀ ਅਨੇਕ ਵਾਰ ਲਿਖਜੋ ਹੈ । ਗੁਰੂ ਜੀ ਕੇ ਮਤ ਮੈਂ ਪ੍ਰਥਮ ਮੋਖ ਕੋ ਸਾਧਨ ਯਹੀ ਮੁੱਖ ਹੈ।

'ਰਜਾਈ' ਕੋ ਰਾਜੀ, ਬਜਾਕਰਨ ਰੀਤਿ ਸੋਂ ਭੀ ਹੋਤ ਹੈ, ਅਰੁ ਗ੍ਰੰਥ ਜੀ ਕੀ ਰੀਤਿ ਸੋਂ ਭੀ ਹੋਤ ਹੈ । ਸੂਤ੍ਰ ਬਜਾਕਰਨ ਕੇ ਨਹੀਂ ਲਿਖੇ ਹੈਂ । ਇਸ ਦੇਸ਼ ਕੀ ਭਾਖਾ ਕਰਿਕੈ ਗ੍ਰੰਥ ਜੀ ਕੋ ਪ੍ਰਮਾਨ ਕਹਤ ਹੈਂ:-

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ੍ ॥ [ਵਾਰ ਕਾਨੜਾ ਮ: ੪-੧੩

ਕੱਸੀ ਕੋ ਅਰਥ ਕਸਾਈ ਪਦ ਕਹਜੋ ਹੈ । ਇਸੀ ਰੀਤਿ ਸੋਂ ਇਹਾਂ ਅਰਥ ਬਨਤ ਹੈ। ਰਜਾਈ ਕੋ ਅਰਥ ਰਾਜੀ । ਔਰ ਕਿਸੇ ਸ਼ਬਦ ਮੈਂ ਜਹਾਂ ਕਹੀਂ ਹੁਕਮ ਕੇ ਵਿਖੇ ਚਲਨੋ ਇਤਨੋ ਪਦ ਆਵੈ ਤਹਾਂ ਰਾਜੀ ਰਹਨੁ ਕੋ ਊਪਰਿ ਤੇ ਅਧਜਾਹਾਰ[2] ਕਰ ਲੇਨੋ। ਜੇ ਅਧਜਾਹਾਰ ਤਹਾਂ ਕੇ ਅਰਥ ਮੈਂ ਨਹੀਂ ਕਰੈਂ, ਤੋ ਜਿਤਨੇ ਦੋਖ ਪਿਛਾਰੀ ਕਹੇ ਹੈਂ ਤਿਨ ਸਰਬ ਕੋ ਆਸ਼ੇ ਤਿਨ ਕੋ ਅਰਥ ਹੋਇਗੋ । ਇਤਜਰਥ।

ਇਨ ਦੋਊ ਤੁਕਨ ਮੈਂ ਉੱਤਰਾਲੰਕਾਰ ਹੈ । ਪੂਰਬ ਵਤ ਜਾਨ ਲੈਨੋ । 'ਹੁਕਮਿ ਰਜਾਈ' ਇਨ ਪਦਨ ਮੈਂ ਪੁਨਰੁਕਤਿਵਦਾਭਾਸ ਅਲੰਕਾਰ ਹੈ।

ਲੱਛਨ-ਹੁਇ ਪੁਨਰੁਕਤ ਪਦਨਿ ਜਿਹ ਥਾਇ।
ਅਰਥ ਕਰਤ ਸੋ ਜਾਇ ਬਿਲਾਇ।
'ਪੁਨਰੁਕਤਿਵਦਾਭਾਸ' ਸੋ ਜਾਨ।
ਗੁਨਿ ਜਨ ਤਾਂਕੋ ਕਰਹਿਂ ਬਖਾਨ।

'ਹੁਕਮ' 'ਰਜਾਇ' ਪੁਨਰੁਕਤਿ ਅਰਥ ਕਰਨ ਮੈਂ ਮਿਟ ਗਈ ਹੈ, ਯਾਂਤੇ ਪੁਨਰੁਕਤਿਵਦਾਭਾਸ ਅਲੰਕਾਰ ਹੈ। ਇਸੀ ਪਦ ਮੈਂ ਕਾਵਜਲਿੰਗ ਅਲੰਕਾਰ ਭੀ ਹੈ।

ਲੱਛਨ-ਅਰਥ ਸਮਰਥਨਿ ਜਿਸ ਮੈਂ ਹੋਇ।
ਕਾਵਜਲਿੰਗ ਕੋ ਲੱਛਨ ਸੋਇ।

ਹੁਕਮ ਮੈਂ ਰਾਜ਼ੀ ਰਹਿਨੋ ਯਹ ਅਰਥ ਤੋ ਹੈ ਸਮਰਥਨੀਯ, ਤਿਸ ਕੋ ਸਮਰਥਨ ਕਰਜੇ ਕਿਆ ਸਪਸ਼ਟ ਕਰਜੇ 'ਲਿਖਿਆ ਨਾਲਿ' ਯਾਂਸੋ । ਅਰੁ ਇਨ ਖਟੁ ਤੁਕਨਿ ਮੈਂ ਸਪਸ਼ਟ ਕਰਜੇ ਪ੍ਰਸੰਖਜਾਲੰਕਾਰ ਭੀ ਹੈ।

---

੧. ਵਿਆਕੁਲਤਾ । ੨. ਉਪਰੋਂ ਪਾਉਣਾ । ਅਪੂਰਨ ਵਾਕ ਨੂੰ ਪੂਰਨ ਕਰਨ ਲਈ ਹੋਰ ਸ਼ਬਦ ਆਪਣੇ ਕੋਲੋਂ ਜੋੜਨੇ ।

ਲੱਛਨ-ਇਕ ਥਲ ਵਰਜਿ ਦੁਤਿਯ ਥਲ ਮਾਂਹੀ।
ਕੁਛ ਠਹਿਰਾਇਂ 'ਪ੍ਰਸੰਖ' ਕਹਾਈ।

ਐਰ ਸਰਬ ਸਾਧਨ ਤੇ ਸਚ ਕੀ ਪ੍ਰਾਪਤਿ ਕੋ ਉਠਾਇ ਕਰਿ ਹੁਕਮੁ ਮੈ ਰਾਜ਼ੀ ਰਹਿਨੋ ਇਸ ਮੈਂ ਠਹਿਰਾਈ ਹੈ, ਯਾਂਤੇ ਪ੍ਰਸੰਖਯਾਲੰਕਾਰ ਹੈ ॥ ੧ ॥

[ਪਉੜੀ ਦੂਜੀ]

ਅਗਾਰੀ ਮੁਮੋਖੀ ਕੋ ਨਿਸਚਾ ਹੁਕਮ ਪਰ ਟਿਕਾਵਨ ਕੇ ਹੇਤ, ਹਉਮੈ ਕੇ ਹਟਾਵਨ ਹਿਤ, ਬਡਿਆਈ ਹੁਕਮ ਕੀ ਬਰਨਨ ਕਰਤੇ ਹੈਂ:-

## ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਹੁਕਮਵਾਰੋ ਜੋ ਹੋਇ ਸੋ ਹੁਕਮੀ, ਐਸੋ ਜੋ ਪਰਮੇਸਰ ਹੈ, ਤਿਸ ਕੇ ਹੁਕਮਿ ਕਰਿ ਆਕਾਰ ਬਨਤ ਹੈ। ਆਕਾਰ=ਜੜ, ਜੰਗਮ ਦੇਹ, ਵਾ ਆਕਾਰ ਸਾਰੇ ਬ੍ਰਹਮੰਡ ਕੋ, ਵਾ ਅਨੇਕ ਬ੍ਰਹਮੰਡੋਂ ਕੇ ਆਕਾਰ ਬਨਤ ਹੈਂ। ਪ੍ਰਸ਼ਨ-ਜੇ ਕੋਈ ਪੂਛੈ: ਹੁਕਮਵਾਰੇ ਕੋ ਤੋ ਅੰਤ ਨਹੀਂ ਹੈ, ਤਿਸ ਕੇ ਹੁਕਮ ਕੋ ਤੋ ਪ੍ਰਮਾਨ[1] ਬਤਾਓ ? ਉੱਤਰ-ਤਿਸ ਕੋ ਹੁਕਮ ਭੀ ਕਥਨ ਮੈਂ ਨਹੀਂ ਆਵਤ ਹੈ, ਜੋ ਹੁਕਮ ਕਰਿ ਕਿਤਨੇ ਜੜ ਜੰਗਮ ਜੀਵ ਕਰੇ ਹੈਂ, ਵਾ ਹੁਕਮ ਕਰਿ ਕਿਤਨੇ ਬ੍ਰਹਮੰਡ ਕਰੇ ਹੈਂ।

## ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਹੁਕਮਵਾਰੇ ਕੇ ਹੁਕਮ ਤੇ ਹੀ 'ਜੀਅ' ਕਹੀਏ ਜੜ ਜੰਗਮ ਦੇਹੋਂ ਕੇ ਬਿਖੇ ਬ੍ਰਹਮਾ ਐ ਕੀਟੀ ਪ੍ਰਯੰਤ ਹੋਤ ਭਏ। ਵਾ 'ਜੀਅ' ਨਾਮ ਜਲ ਕੋ ਭੀ ਹੈ। ਹੁਕਮ ਤੇ ਹੀ ਸਰਬ ਤੇ ਪਹਿਲੇ ਜਲ ਹੋਤ ਭਏ। ਵਾ ਜੀਵ ਭਾਖਾ ਮੈ ਸੂਖਮ ਕੀਟਾਦਿਕ ਜੀਵੋਂ ਕੋ ਭੀ ਕਹਤ ਹੈਂ। ਤਿਸ ਕੇ ਹੁਕਮ ਤੇ ਸੂਖਮ ਜੀਵ, ਮਹਾਂ ਨਿਰਬਲ ਹੋਤ ਭਏ। ਇਕਨਾ ਕੋ ਤਿਸ ਕੇ ਹੁਕਮ ਤੇ ਵਡਿਆਈ ਮਿਲੀ, ਸਰਬ ਰੀਤਿ ਸੋਂ ਸਮਰਥ ਭਏ। ਧਰਨੀ ਆਦਿ ਉਚਾਵਨ ਕੀ ਸ਼ਕਤਿਵਾਰੇ ਭਏ। ਵਾ ਐਰ ਹਿਕਮਤ ਮੈਂ ਬੁਧਿ ਕਰਿਕੈ ਬਡੇ ਭਏ।

## ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਹੁਕਮਵਾਰੋ ਜੋ ਪਰਮੇਸੁਰ, ਤਿਸ ਕੇ ਹੁਕਮ ਸੇ ਉੱਤਮ ਤੇ ਨੀਚ ਬਨ ਜਾਤਿ ਹੈਂ-ਬੇਨਰਾਜਾ ਆਦਿ; ਵਾ ਨੀਚ ਜੋ ਹੈਂ ਹੁਕਮ ਤੇ ਉਤਮ ਬਨਜਾਤਿ ਹੈਂ-ਬਾਲਮੀਕ ਆਦਿ। ਵਾ ਉੱਤਮ ਅਰੁ ਨੀਚ ਸਭ ਹੁਕਮ ਤੇ ਹੀ ਬਨਤ ਹੈਂ, ਆਪ ਤੇ ਕੋਈ ਨਹੀਂ ਬਨ ਸਕਤ ਹੈ। ਅਰ ਹੁਕਮ ਤੇ ਲਿਖੇ ਹੋਏ ਦੁਖ ਸੁਖ ਜੀਵ ਭੋਗਤੇ ਹੈਂ। ਚਿਤ੍ਰ ਗੁਪਤ ਕੇ ਦਫਤ੍ਰ ਬਿਖੈ ਲਿਖੇ ਹੋਏ ਵਾ ਮਸਤਕ ਬਿਖੈ ਲਿਖੇ ਹੋਏ।

## ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਇਕਨਾ ਕੋ ਹੁਕਮ ਕਰਿ ਬਖਸੀਸ ਹੋਤ ਹੈ। ਇਕ ਹੁਕਮ ਕਰਿ ਸਦਾ ਭਰਮਾਈਤੇ ਹੈਂ, ਜੋ ਜਗਤ ਬਿਖੈ ਜਨਮਤ ਮਰਤ ਹੈਂ, ਵਾ ਨਰਕ, ਸੁਰਗ, ਮ੍ਰਿਤ ਮੰਡਲ[2] ਤਿਸੈ ਬਿਖੈ

---

੧, ਅੰਦਾਜ਼ਾ, ਅਨਮਾਨ। ੨, ਮਾਤ ਲੋਕ, ਸੰਸਾਰ।

ਇਕ ਆਵਤ ਹੈਂ ਇਕ ਜਾਤ ਹੈਂ । ਪ੍ਰਸ਼ਨ-'ਹੁਕਮਿ ਮਿਲੈ ਵਡਿਆਈ' ਬਖਸ਼ੀਸ਼ ਕੋ ਅਰਥ ਤੋ ਊਹਾਂ ਹੀ ਹੋਇ ਗਯੋ ਥੋ, ਬਹੁਰ ਕਹਿਨੇ ਕੋ ਪ੍ਰਯੋਜਨ ਕੌਨ ? ਅਰਥ ਪੁਨਰੁਕਤਿ ਹੋਤ ਹੈ ? ਉੱਤਰ-ਬਡੋ ਹੋਨੋ ਪੁਰਸ਼ਾਰਥ[1] ਤੇ ਵਾ ਸ਼ਕਤਿ ਵਿਖੈ ਇਤ੍ਯਾਦਿ ਔਰ ਵਡਿਆਈ ਜੋ ਹੈ ਜਗਤ ਮੈਂ ਸੋ ਸੰਤੋਂ ਕੇ ਮਤਿ ਮੈਂ ਬਖਸ਼ੀਸ਼ ਨਹੀਂ ਮਾਨਤ ਹੈਂ । ਇਹ ਬਾਤੈਂ ਤੋ ਜੋ ਨੀਚ ਕਰਮ ਕਰਤ ਹੈਂ : ਦੈਂਤ, ਪਿਸ਼ਾਚ[2], ਰਾਖਸ਼ ਔ ਰਾਜਨ ਮੈਂ ਭੀ ਹੋਤ ਹੈਂ । ਬਖਸ਼ੀਸ਼ ਸਤਿਨਾਮ ਕੋ ਸਿਮਰਨ, ਤਿਸ ਤੇ ਗ੍ਯਾਨ ਕੀ ਪ੍ਰਾਪਤਿ, ਬਹੁੜਿ ਸਰੂਪ ਮੈਂ ਲੀਨ ਹੋਣਾ, ਪਰਮੇਸੁਰ ਪ੍ਰਸੰਨ ਹੋਇ ਕਰਿ ਜਿਸ ਕੋ ਬਖਸੇ ਹੈ, ਯਾਂਕੋ ਨਾਮ ਬਖਸ਼ੀਸ਼ । ਇਸ ਤੇ ਬਿਨਾਂ ਔਰ ਜੇਤੀ ਹੈਂ ਤਿਨ ਕੋ ਨਾਮ ਬਡਿਆਈ ਹੈ। ਜਹਾਂ ਜੀਅ ਸੂਖਮ ਕਹੇ ਤਹਾਂ ਬਡਿਆਈ ਪਦ ਕਹ੍ਯੋ । ਜਹਾਂ ਜਨਮ ਮਰਨ ਕਹੇ ਤਹਾਂ ਬਖਸ਼ੀਸ਼ ਸਤਿਨਾਮ ਕੀ ਕਹੀ ਇਸੀ ਕਾਰਨ ਤੇ । ਇਤ੍ਯਰਥ ।

ਇਨ ਚਾਰਨਿ ਹੂ ਤੁਕਨ ਮੈਂ ਤੀਜੋ ਆਬ੍ਰਿਤਦੀਪਕ ਅਲੰਕਾਰ ਹੈ ।

ਲੱਛਨ-ਪਦ ਅਰੁ ਅਰਥ ਏਕ ਹੀ ਹੋਇ ।
ਬਹੁਤ ਬੇਰ ਆਵਹਿ ਜਹਿੰ ਸੋਇ ।
'ਤੀਜੋ ਆਬ੍ਰਿਤ ਦੀਪਕ' ਲੱਛਨ ।
ਮਨ ਮਾਨਤ ਹੈਂ ਮਨੁਜ ਬਿਚੱਛਨ[3] ।

'ਹੁਕਮ' ਪਦ ਏਕ ਬਹੁਤ ਬੇਰ ਆਯੋ, ਅਰਥ ਭੀ ਏਕ ਹੀ ਰਹਾਯੋ । ਉਭ੍ਯਾਬ੍ਰਿਤਦੀਪਕ ਭੀ ਯਾਂਕੋ ਨਾਮ ਹੈ :-

ਔਰ ਇਨ ਚਾਰਨ ਹੂ ਤੁਕਨ ਮੈਂ ਪਰਕਰਾਲੰਕਾਰ ਹੈ ।

ਲੱਛਨ-ਜਹਾਂ ਬਿਸ਼ੇਖਨ ਸਾਭਿੱਪ੍ਰਾਯ ।
'ਪਰਕਰ ਭੂਖਨ' ਸੋਇ ਗਿਨਾਯ ।

'ਹੁਕਮੀ' ਪਰਮੇਸਰ ਕੋ ਬਿਸ਼ੇਖਨ ਹੈ, ਸੋ ਅਭਿਪ੍ਰਾਯ ਕੇ ਸਹਤ ਹੈ । ਯਾਂਤੇ ਪਰਕਰ ਭਯੋ।

## ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਰਬ ਜੋ ਸ੍ਰਿਸ਼ਟਿ ਹੈ, ਬ੍ਰਹਮਾ ਅਰ ਕੀਟੀ ਪ੍ਰਯੰਤ, ਪਰਮੇਸਰ ਕੇ ਹੁਕਮ ਬਿਖੈ ਰਹਤ ਹੈ । ਬਿਨਾ ਹੁਕਮ ਤੇ ਨਹੀਂ ਕਿਸੀ ਕੋ ਕੋਈ ਮਾਰ ਸਕਤ ਹੈ, ਨਾ ਹੀ ਜੀਵਾਇ ਸਕਤ ਹੈ । ਇਸ ਤੇ ਆਦਿ ਔਰ ਜੇਤੇ ਸਰਬ ਕਰਮ ਹੈਂ, ਜੈਸੇ ਪਰਮੇਸਰ ਪ੍ਰੇਰਕ ਕਰਾਵਤ ਹੈ ਤੈਸੇ ਕਰਤ ਹੈਂ; ਜੈਸੇ ਪੁਤਲੀਓ ਕੋ ਬਾਜੀਗਰ ਜਿਉਂ ਨਚਾਵਤ ਹੈ ਤਿਉਂ ਨਾਚਤ ਹੈਂ । ਪੁਤਲੀ ਸੁਤੰਤ੍ਰ ਹੋਇ ਕੁਛ ਨਹੀਂ ਕਰਿ ਸਕਤਿ ਹੈਂ। ਤੈਸੇ ਸਰਬ ਜੀਵ ਹੈਂ ।

## ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਸ੍ਰੀ ਨਾਨਕ ਜੀ ਕਹਤ ਹੈਂ : ਤਿਸ ਕੇ ਹੁਕਮ ਕੋ 'ਬੂਝੈ', ਕਿਆ ? ਜਾਣੈ, ਹੁਕਮ ਬਿਨਾਂ ਕੁਛ ਨਹੀਂ ਹੋ ਸਕਤਿ ਹੈ । ਤਬ ਬੂਝਨਹਾਰੋ ਐਸੇ ਹਉਮੈਂ ਨਹੀਂ ਕਰਤ

੧. ਬਲ । ੨. ਭੂਤ । ੩. ਚਤੁਰ ਪੁਰਖ । ਦਾਨੇ ।

ਜੋ ਅਮਕਾ ਕਰਮ ਮੈਨੇ ਕਰਿਆ ਹੈ, ਵਾ ਕਰਤ ਹੋਂ, ਵਾ ਕਰਨੋ ਹੈ, ਮੈਂ ਸਮਰਥਵਾਨ ਹੋਂ, ਮੈਂ ਬਿਦਜਾਵਾਨ ਹੋਂ, ਐਸੇ ਨਹੀਂ ਕਰਤ ਹੈ । ਸੰਤ ਜਨ ਜਾਨਤ ਹੈਂ : ਸਰਬ ਕੁਛ ਕਰਨਹਾਰ ਪਰਮੇਸ਼ੁਰ ਹੈ । ਜੈਸੇ ਚੰਗ ਖਿਲਾਰ[1] ਕੇ ਅਨੁਸਾਰ ਹੋਤੀ ਹੈ, ਚਾਹੈ ਊਚੇ ਕਰੈ ਚਾਹੈ ਨੀਚੇ ਕਰੈ । ਚੰਗ ਕੇ ਅਧੀਨ ਊਚੋ ਨੀਚੋ ਹੋਨੋ ਨਹੀਂ । 'ਹੁਕਮਿ ਰਜਾਈ ਚਲਣਾ' ਪੂਰਬ ਇਸ ਤੁਕ ਮੈਂ ਪਰਮੇਸ਼ੁਰ ਕੇ ਹੁਕਮ ਕਰਿ ਦੁਖ ਆਨ ਪ੍ਰਾਪਤਿ ਹੋਇ ਤੌ ਹੁਕਮ ਕੋ ਮਾਨਿ ਰਾਜੀ ਰਹਨੋ ਪਰਮੇਸਰ ਕੀ ਦਿਸ਼ ਤੇ। ਕਿਉਂਕਿ ਪਰਮੇਸਰ ਅਨਿਆਇ ਤੌ ਕਬਹੂੰ ਨਹੀਂ ਕਰਤ ਹੈ, ਹਮਾਰੇ ਕਰਮਨ ਕੋ ਫਲ ਹੈ, ਐਸੇ ਬਿਚਾਰੈ; ਇਹ ਉਪਦੇਸ਼ਜੋ। 'ਨਾਨਕ ਹੁਕਮੈ ਜੇ ਬੁਝੈ' ਇਸ ਤੁਕ ਮੈਂ ਪਰਮੇਸ਼ੁਰ ਕੇ ਹੁਕਮ ਤੇ ਪਦਾਰਥ ਅਰੁ ਸਰਬ ਸੁਖ ਆਨ ਪ੍ਰਾਪਤਿ ਹੋਇੰ ਤੌ ਅਹੰਤਾ ਨਹੀਂ ਕਰਨੀ; ਯਹ ਉਪਦੇਸ਼ਜੋ । ਸਿੱਧਾਂਤ ਇਹ ਭਯਾ :-ਪ੍ਰਾਣੀਓਂ ਕੀ ਦੋ ਅਵਸਥਾ ਹੋਤੀ ਹੈਂ, ਦੁਖ ਕੀ ਅਰੁ ਸੁਖ ਕੀ, ਰੰਕ ਔਰ ਰਾਜਾ। ਸੋ ਦੋਊ ਦਸ਼ਾਨਿ ਵਾਰੇ ਕੋ ਉਪਦੇਸ਼ ਭਯੋ । ਪ੍ਰਸ਼ਨ-ਈਹਾਂ ਦੁਖ ਸੁਖ ਦੋਊ ਤੁਕਨ ਮੈਂ ਨਹੀਂ ਹੈ, ਅਰਥ ਤਿਨ ਕੋ ਕੈਸੇ ਭਯੋ ? ਉੱਤਰ-ਈਹਾਂ 'ਆਛੇਪਾਖਜਾਬ੍ਰਿਤ'[2] ਸੋਂ ਅਰਥ ਹੋਤ ਹੈ । ਜਹਾਂ ਉਪਰਿ ਸੋਂ ਅਰਥ ਆਵੇ ਇਹ ਲਛਨ ਹੈ ਯਾਂਕੋ । ਅਧਜਾਹਾਰ ਭੀ ਯਾਂਕੋ ਨਾਮ ਹੈ । ਬਜੰਜਨਾ ਮੈਂ ਭੀ ਅੰਤਰਭਤ ਇਸ ਕੋ ਪੰਡਿਤ ਕਹਤ ਹੈਂ । ਊਪਰ ਸੋਂ ਐਸੇ ਅਰਥ ਆਯੋ:-ਰਾਜੀ ਰਹਿਨੋ ਕਿਸ ਦਸ਼ਾ ਮੈਂ ਕਹਜੋ ? ਸੁਖ ਪਦਾਰਥਨ ਮੈਂ ਤੋ ਸਰਬ ਹੀ ਰਾਜ਼ੀ ਰਹਤ ਹੈਂ, ਤਿਨ ਕੋ ਤੋ ਉਪਦੇਸ਼ ਬਨਤ ਹੀ ਨਹੀਂ । ਦੁਖ ਮੈਂ ਸਰਬ ਕੋ ਰਾਜ਼ੀ ਹੋਤ ਹੈ, ਯਾਂਤੇ ਰਾਜ਼ੀ ਪਦ ਸੋਂ 'ਲਿਖਿਆ ਨਾਲਿ' ਇਸ ਪਦ ਸੋ ਅਧਜਾਹਾਰ ਊਪਰ ਤੇ 'ਦੁਖ' ਪਦ ਆਯੋ । ਤਿਸੀ ਰੀਤਿ ਹਉਮੈ ਕੇ ਤਜਾਗਨ ਕੋ ਅਰਥ ਭਯੋ। ਦੁਖ ਮੈਂ ਤੋ ਹੰਮੈ ਸਰਬ ਹੀ ਤਜਾਗਤ ਹੈ, ਕਹਤ ਹੈ ਪਰਮੇਸ਼ੁਰ ਨੇ ਦੁਖ ਦੀਓ ਵਾ ਕਰਮਨਿ ਨੇ ਦੁਖ ਦੀਓ, ਯਾਂਤੇ ਉਪਦੇਸ਼ ਤਿਨ ਕੋ ਨ ਬਨੇ । ਅਰ ਸੁਖ ਮੈਂ ਕਹਤ ਹੈਂ ਇਹ ਬਾਤ ਹਮ ਨੇ ਕਰੀ, ਅਮਕੋ ਕਾਰਜ ਬਡੇ ਬਲ ਸੋਂ ਵਾ ਬਡੀ ਬੁਧਿ ਸੋਂ ਹਮ ਨੇ ਕਰਜੋ, ਹਮ ਨੇ ਜੱਗ ਕਰਜੋ, ਹਮ ਨੇ ਸੁਭ ਕਰਮ ਕਰਜੋ, ਇਤਜਾਦਿਕ ਹਉਮੈਂ ਕੇ ਬਿਖੈ ਫਸਤੇ ਹੈਂ। ਇਸੀ ਤੇ 'ਸੁਖ' ਪਦ ਊਪਰ ਸੇ ਆਯੋ । ਜੋ ਕਿਤਨੇ ਹੀ ਸੁਖ ਪਾਇ ਅਰੁ ਸਭ ਕਾਰਜ ਕਰਤਾ ਹੂਆ ਹਉਮੈ ਕੋ ਤਯਾਗੇ । ਜੋ ਪਰਮੇਸ਼ੁਰ ਕੋ ਭਾਣਾ ਮਾਨੈਗੋ, ਤਿਸੀ ਤੇ ਹਉਮੈ ਛੁਟੈਗੀ । ਜੋ ਹਉਮੈ ਕੋ ਤਜੇਗਾ ਸੋ ਨਾਮ ਕੇ ਸਿਮਰਨ ਕੋ ਅਧਿਕਾਰੀ ਹੋਇਗੋ । ਭਾਣਾ ਮਾਨੈ ਬਿਨਾ ਅਰ ਹਉਮੈ ਕੇ ਤਿਆਗੇ ਬਿਨਾ ਨਾਮ ਕੋ ਅਧਿਕਾਰ ਨਹੀਂ ਹੋਤਾ । ਇਸ ਪਰ ਪ੍ਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ:-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

[ਵਡਹੰਸ ਮਹਲਾ ੩-੧੨

ਇਸੀ ਬਾਤ ਤੇ ਜਾਣੀਤਾ ਹੈ ਜੋ ਸ੍ਰੀ ਗ੍ਰੰਥ ਸਾਹਿਬ ਮੈਂ ਜੇਤੋ ਫਲੁ ਨਾਮ ਕੋ ਕਹਜੋ ਹੈ ਸੋ ਲੋਕਨ ਕੋ ਪ੍ਰਾਪਤੁ ਨਹੀਂ ਹੋਤ ਹੈ । ਜੈਸੇ ਜ਼ਿਮੀਨ ਕੋ ਹਲੁ ਬਾਹੇ ਅਰ ਸਵਾਰੇ ਬਿਨਾ

---

੧. ਗੁੱਡੀ ਉਡਾਉਣ ਵਾਲੇ ਦੇ। [ਫਾ:, ਚੰਗ = ਗੁਡੀ; ਪਤੰਗ]। ੨. ਅਧਯਾਹਾਰ, ਉਪਰੋਂ ਪਾਉਣਾ।

ਜੋ ਬੋਵਤੇ ਹੈਂ, ਤਿਨ ਕੋ ਫਲ ਤੁੱਛ ਹੀ ਪ੍ਰਾਪਤ ਹੋਤਾ ਹੈ। ਜੋ ਜ਼ਿਮੀਨ ਕੋ ਸਵਾਰਿ ਕੈ ਬੋਵਤੇ ਹੈਂ ਸੋ ਸੰਪੂਰਨ ਫਲੁ ਲੇਤੇ ਹੈਂ। ਇਸੀ ਰੀਤਿ ਸੋਂ ਭਾਣਾ ਮਾਨਣੇ ਅਰ ਹਉਮੈ ਕੇ ਤਜਣੇ ਇਨ ਤੇ ਅੰਤਹਕਰਣ ਸ਼ੁੱਧ ਹੋਤਾ ਹੈ। ਫੇਰ ਸਤਿਨਾਮ ਕੋ ਸਿਮਰਨ ਕਰਨੇ ਤਬ ਸੰਪੂਰਨ ਫਲੁ ਪ੍ਰਾਪਤਿ ਹੋਤ ਹੈ। ਇਸੀ ਕਾਰਣ ਤੇ ਮੁਮੋਖੀ ਕੇ ਅੰਤਹਕਰਣ ਸ਼ੁੱਧ ਕਰਨੇ ਹਿਤ ਨਾਮ ਸਿਮਰਨ ਕੇ ਸਾਧਨ ਕਹੇ, ਪੂਰਬ ਸਾਧਨ ਕਹਿਕੈ ਪੀਛੇ ਸਿਧ ਨਾਮ ਕੋ ਸਿਮਰਨ ਗਜਾਨ ਕੀ ਪ੍ਰਾਪਤਿ ਸੋ ਕਹੈਂਗੇ, ਇਤਜਰਥ।

ਈਹਾਂ ਸਰਬ ਪੌੜੀ ਕੇ ਬਿਖੈ ਪ੍ਰਯਾਯੋਕਤਿ ਪਹਿਲਾ ਅਲੰਕਾਰ ਹੈ।

ਲੱਛਨ–'ਪ੍ਰਯਾਯੋਕਤਿ' ਹੈ ਬਿਧਿ ਦੋਇ।
ਰਚਨਾ ਸੋਂ ਜਹਿ ਬਚਨ ਜੁ ਹੋਇ।
ਦੁਤੀਓ: ਛਲ ਕਰਿ ਸਾਧੈ ਕਾਜ॥
ਯੋਂ ਲੱਛਨ ਭਾਖੈਂ ਕਵਿਰਾਜ।

ਈਹਾਂ ਹਉਮੈ ਛੁਟਾਵਨ ਕੋ ਉਪਦੇਸ਼ ਦੇਨੋ ਹੁਤੋ, ਸੋ ਹੁਕਮ ਕੋ ਬਰਨਨ ਕਰਿਕੈ ਏਕ ਰੀਤਿ ਸੋਂ ਕਹਜੋ; ਯਾਂਤੇ ਪ੍ਰਯਾਯੋਕਤਿ। ਦੂਸਰੋ ਸੰਭਾਵਨਾਲੰਕਾਰ ਭੀ ਉਤ੍ਰ ਕੀ ਤੁਕ ਮੈਂ ਹੈ।

ਲੱਛਨ–ਇਉਂ ਜੇ ਹੋਇ ਤ ਇਉਂ ਇਹ ਹੋਇ।
ਇਸ ਪ੍ਰਕਾਰ ਜਹਿੰ ਤੁਕ ਮੈਂ ਜੋਇ।
ਤਹਿੰ 'ਸੰਭਾਵਨ' ਹੈ ਅਲੰਕਾਰ।
ਕਵਿ ਜਨ ਯਾਂਕੋ ਕਰਹਿੰ ਬਿਚਾਰ।

ਹੁਕਮ ਜੇ ਬੂਝੈ ਤਉ ਹਉਮੈ ਨਹੀਂ ਕਰੇ। ਯਾਂਤੇ ਸੰਭਾਵਨਾਲੰਕਾਰ ਭਯੋ॥੨॥

[ਤੀਜੀ ਪਉੜੀ]

ਅਬ ਅਗਾਰੀ ਪਰਮਾਤਮਾ ਕੀ ਬਿਅੰਤਤਾ ਕਹਿ ਕਰਿ ਜਗਜਾਸੀ ਕੋ ਉਪਦੇਸ਼ ਸਤਿਗੁਰ ਕਰਤ ਹੈਂ:–

## ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

'ਗਾਵੈ' ਨਾਮ ਕਹਿਨੇ ਕੋ ਕਹਤ ਹੈਂ। 'ਕੋ' ਕੋਈਕ, ਕੌਨ ? ਗ੍ਰੰਥਨ ਕੇ ਕਰਤਾ। ਪਰਮੇਸ਼ਰ ਕੇ 'ਤਾਣੁ' ਕੋ ਕਹਤੇ ਹੈਂ, ਬਾਲਮੀਕ ਅਰ ਬਜਾਸ ਜੀ ਤੇ ਆਦਿ ਔਰ ਅਨੇਕ ਕਵਿ ਜੋ ਹੈਂ, ਜਿਸ ਕਿਸੈ ਪਰ 'ਤਾਣ' ਕਹੀਏ ਬਲ ਅਵਤਾਰ ਧਾਰ ਕਰਿ ਕਰਜੋ ਹੈ। ਸ੍ਰੀ ਨਰਸਿੰਘ ਹੋਇ ਕਰਿ ਹਰਨਾਖਸ ਕੋ ਮਾਰਯੋ ਬਡੇ ਬਲ ਸੋਂ। ਸ੍ਰੀ ਰਾਮਚੰਦਰ ਹੋਇ ਕਰਿ ਰਾਵਨ ਤ੍ਰਿਲੋਕੀਪਤਿ ਛੇਦਜੋ। ਸ੍ਰੀ ਕ੍ਰਿਸ਼ਨ ਰੂਪ ਹੋਇਕੈ ਕੰਸਾਦੀ ਔਰ ਦੁਸ਼ਟਨਿ ਕੋ ਹਨਜੋ। ਇਸ ਤੇ ਆਦਿ ਔਰ ਭੀ ਜਹਾਂ ਕਹਾਂ ਬਲ ਕਰਜੋ ਹੈ ਤਿਸ ਕੇ ਪ੍ਰਬੰਧ ਬਾਂਧਿ ਕਰਿ ਪਰਮੇਸਰ ਕੀ ਬਡਜਾਈ ਕੋ ਕਰਤ ਹੈਂ। ਵਾ 'ਤ੍ਰਾਣ' ਨਾਮ ਰਖਜਾ ਕੋ ਭੀ ਹੈ, ਜਿਸ ਕਿਸੈ ਕੀ ਰਛਜਾ ਕਰੀ ਹੈ ਪਰਮੇਸਰ ਨੇ ਤਿਸ ਕੋ ਕਹਤ ਹੈਂ; ਗਜ ਗ੍ਰਾਹ ਤੇ ਬਚਾਯੋ, ਪ੍ਰਹਲਾਦ ਰਾਖਜੋ, ਪ੍ਰੀਛਤ ਕੀ ਗਰਭ ਮੈਂ ਰਛਜਾ ਕਰੀ, ਇਤਜਾਦਿ ਗੁਣ ਕੋ ਪ੍ਰਬੰਧ

ਬਾਂਧ ਕਰਿ ਪਰਮੇਸਰ ਕੀ ਉਸਤਤਿ ਕਰਤ ਹੈਂ। ਇਤਜਰਥ।

ਇਸ ਤੁਕ ਮੈਂ ਲਾਟਾਨੁਪ੍ਰਾਸਾਲੰਕਾਰ ਹੈ।

ਲੱਛਨ-ਭਾਵ ਭਿੰਨ, ਪਦ ਦ੍ਵੈ ਵਿਰ ਏਕ।
ਤਹਿਂ 'ਲਾਟਾਨੁਪ੍ਰਾਸ' ਬਿਬੇਕ।

'ਤਾਣੁ' 'ਤਾਣੁ' ਪਦ ਦੋ ਵੇਰੀ ਆਯੋ, ਇਨ ਮੈਂ ਭਾਵ ਭਿੰਨ ਹੈ। ਪ੍ਰਥਮ ਤੋ ਤਾਣ 'ਬਲ' ਕੋ ਕਹਜੋ, ਫੇਰ ਕਹਜੋ ਜਿਸ ਕਿਸੇ ਪਰ 'ਰਖਜਾ ਕਰਤਾ' ਹੋਯੋ ਹੈਂ; ਯਹ ਦੋਨੋ ਕੇ ਭਾਵ ਭਿੰਨ।

## ਗਾਵੈ ਕੋ ਦਾਤਿ ਜਾਣੈ ਨੀਸਾਣੁ ॥

'ਗਾਵੈ ਕੋ' ਕਹਤ ਹੈਂ ਕੋਈਕ, ਕੌਨ ? ਗ੍ਰੰਥਾਂ ਕੇ ਕਰਤਾ। ਅਵਤਾਰ ਧਾਰਿ ਕਰਿ 'ਦਾਤਿ' ਕਹੀਏ ਦਾਨ ਜੋ ਕਰਜੋ ਹੈ, ਤਿਸ ਦੇਨੇ ਕੀ ਬਡਾਈ ਕੋ ਬਰਨਨ ਕਰਤ ਹੈਂ। ਸ੍ਰੀ ਰਾਮਚੰਦ੍ਰ ਹੋਇ ਕਰਿ ਲੰਕਾ ਸੁਵਰਨ ਕੀ ਬਿਭੀਖਨ ਕਉ ਦੇਤ ਭਏ। ਕ੍ਰਿਸ਼ਨ ਜੀ ਹੋਇ ਕਰਿ ਸੁਦਾਮੇ ਕੇ ਮੰਦਰ ਸੁਵਰਨ ਕੇ ਬਨਾਇ ਦੀਏ। ਇਤਜਾਦਿ ਦਾਨ ਦੈਬੋ ਗੁਨ ਸਮਝ ਕਰਿ ਉਸਤਤਿ ਕਰਤ ਹੈਂ। ਕੈਸੀ ਹੈ ਦਾਤਿ ? 'ਜਾਣੈ ਨੀਸਾਣੁ' ਸਰਬ ਜਗਤ ਮੈਂ 'ਨੀਸਾਣੁ' ਕਹੀਏ 'ਪ੍ਰਗਟ' ਜਾਨੀਤੀ ਹੈ। 'ਨੀਸਾਣੁ' ਕੋ ਅਰਥ 'ਪ੍ਰਗਟ' ਜਹਤਿ ਲੱਛਣਾ ਸੋਂ। 'ਨੀਸਾਣੁ' ਨਾਮ 'ਝੰਡੇ' ਕੋ। ਬਡਾ ਊਚੋ ਝੰਡਾ ਹੋਤ ਹੈ, ਸਰਬ ਲੋਕ ਉਸ ਕਉ ਦੇਖਤ ਹੈਂ; ਤਿਸ ਧਰਮ ਤੇ ਲੱਛਣਾ ਕਰਿ 'ਪ੍ਰਗਟ' ਕੋ ਅਰਥ। ਜੈਸੇ :-

ਤਤੁ ਚੁਗਹਿ ਮਿਲਿ ਏਕ ਸੇ ਤਿਨ ਕਉ ਫਾਸ ਨ ਰੇਚ ॥
[ਰਾਮਕਲੀ ਮ: ੧ ਓਅੰਕਾਰ-੩੩

ਰੇਚ ਨਾਮ ਗੁੰਜਾ[1] ਕੋ। ਸੋ ਅਰਥ 'ਦੂਰ' ਭਯੋ। 'ਥੋਰੇ ਕੋ' ਅਰਥ ਭਯੋ। ਤਿਸ ਪ੍ਰਕਾਰ ਜਾਨੀਏ। ਜਹਿਤੀ ਲੱਛਨਾ ਕੋ ਲੱਛਨ:-

ਤੁਕ ਕੇ ਬਿਖੈ ਜੋਇ ਪਦ ਹੋਇ। ਅਰਥ ਕਰਤ ਸੋ ਦੀਜੈ ਖੋਇ।
ਔਰ ਅਰਥ ਜਹਿਂ ਮੁਖਤਾ ਪਾਵੈ[2]। ਜਹਿਤੀ ਲਛਨਾ ਸੋਇ ਕਹਾਵੈ। ਇਤਜਰਥ।
ਇਸ ਤੁਕ ਮੈਂ ਕਾਬਜਲਿੰਗ ਅਲੰਕਾਰ ਹੈ।

ਲੱਛਨ-ਅਰਥ ਸਮਰਥਨ ਜਿਸ ਮੈਂ ਹੋਇ।
ਕਾਬਜਲਿੰਗ ਕੋ ਲੱਛਨ ਸੋਇ।

ਈਹਾਂ ਅਰਥ 'ਦਾਤਿ' ਕੋ 'ਜਾਣੈ ਨੀਸਾਣੁ' ਇਸ ਪਦ ਸੋਂ ਸਪਸ਼ਟ ਕਰਜੋ। ਪੁਰਾਣ ਔ ਉਪਪੁਰਾਣ ਔ ਰਾਮਾਇਣੁ ਔਰ ਗ੍ਰੰਥ ਜੇਤੇ ਕਥਾ ਅਵਤਾਰਨ ਕੀ ਕਹਤ ਹੈਂ, ਤਿਨ ਸਰਬ ਕੇ ਊਪਰ ਦੋਊ ਤੁਕਾਂ ਕਹੀ। ਅਬ ਆਗਾਰੀ ਛਿਅ ਤੁਕਾਂ ਛਿਅ ਸ਼ਾਸਤ੍ਰਨਿ ਪਰ ਕਹਤ ਹੈਂ।

## ਗਾਵੈ ਕੋ ਗੁਣ ਵਡਿਆਈ ਆਚਾਰ ॥

ਸਰਬ ਸ਼ਾਸਤ੍ਰਨਿ ਤੇ ਪ੍ਰਥਮ ਸਾਂਖ ਕੋ ਗਿਨਤ ਹੈਂ, ਸਭ੍ਰ ਕੋਈ ਪਿਛਾਰੀ ਬੇਦਾਂਤ

---

੧, ਰੱਤਕਾਂ। ਰੱਤੀ। ੨, ਲਫਜ਼ੀ ਅਰਥ ਛਡਕੇ ਜਿਥੇ ਭਾਵਕ ਅਰਥ ਮੁਖ ਹੋ ਜਾਣ।

ਗਿਨਤ ਹੈ; ਤੈਸੇ ਹੀ ਸਤਿਗੁਰੂ ਜਥਾ ਕ੍ਰਮ ਕਹਤ ਹੈਂ। 'ਗਾਵੈ' ਕਹੀਏ ਕਹਤ ਹੈ, 'ਕੋ' ਕੋਈਕ, ਕੌਨ ? ਸਾਂਖ ਸ਼ਾਸਤ੍ਰ ਕੇ ਕਰਤਾ ਕਪਲਿ ਮੁਨਿ ਤੇ ਆਦਿ। ਸੋ ਪਰਮਾਤਮਾ ਕੇ ਰੂਪ ਕੋ ਅਰ ਜਗਤ ਕੀ ਉਤਪਤੀ ਕੋ ਇਸ ਰੀਤਿ ਬਰਨਨ ਕਰਿ ਕਹਤ ਹੈਂ। 'ਗੁਣ' ਕੇ ਅਰਥ 'ਪ੍ਰਧਾਨ'। ਸਾਂਖ ਕੇ ਮਤ ਮੈਂ ਤੀਨ ਗੁਣ ਇਕੱਤ੍ਰ ਹੋਨੇ ਕੋ ਨਾਮ ਪ੍ਰਧਾਨ ਕਹਤ ਹੈਂ। ਯਾਂਤੇ ਗੁਣ ਪਦ ਗੁਰੂ ਜੀ ਨੇ ਧਰਜੋ ਤੀਨੋਂ ਗੁਣ ਕੀ ਸਾਂਮਯ ਅਵਸਥਾ[1], ਸੋ ਪ੍ਰਧਾਨ'। ਜਬ ਵਹੁ ਸਾਂਮਜ ਅਵਸਥਾ ਕੋ ਤਜਾਗੈ, ਤਬ ਜਗਤ ਕੋ ਰਚਤ ਹੈ। ਪ੍ਰਥਮ ਮਹਤਤੁ[2] ਕੋ ਉਤਪਤਿ ਕਰਤ ਹੈ, ਫੇਰ ਤ੍ਰਿਧਾਹੰਕਾਰ, ਪੁਨਾ ਭੂਤ ਮਾਤ੍ਰਾ, ਬਹੁੜੋ ਖੋੜਸ ਬ੍ਰਿਕਾਰ। ਪੰਚ ਮਹਾਂ ਭੂਤ, ਇਕਾਦਸ਼ ਇੰਦ੍ਰੈ, ਇਤਿ ਖੋੜਸ। ਗੁਣਵਤੀ ਜੋ ਪ੍ਰਧਾਨ ਤਿਸ ਤੇ ਆਤਮਾ, 'ਵਡਿਆਈ' ਕਹੀਏ ਊਚੋ ਹੋਇ ਅਸੰਗ ਰਹਤ ਹੈ। 'ਆਚਾਰੁ' ਕਰਮ ਜੇ ਹੈਂ ਸ਼ੁਭਾਸ਼ੁਭ ਤਿਨ ਕੋ ਕਰਤਾ ਭੁਗਤਾ ਹੋਤਿ ਹੈ। ਔਰ ਤੀਨੋਂ ਕਾਲ ਅਸੰਗ ਔ ਅਭੰਗ ਰਹਤ ਹੈ। ਈਸ਼ੁਰ ਨਹੀਂ ਕਾਰਜ ਹੈ ਨਹੀਂ ਕਾਰਨ ਹੈ। ਪ੍ਰਧਾਨ ਪਰਿਣੰਮਿਕ ਜਗਤ ਭਯੋ। ਇਸ ਰੀਤਿ ਕੇ ਮਤਿ ਕੌ ਅਨੇਕ ਹੀ ਜੁਗਤਨ ਸੋਂ ਬੇਦ ਕੀ ਸ਼੍ਰੁਤਿ ਸੋਂ ਸਾਂਖ ਮਤ ਵਾਰੇ ਪਰਪੱਕ ਕਰਤ ਹੈਂ। ਇਤ੍ਯਰਥ।

ਇਸ ਤੁਕ ਮੈਂ ਬਿਭਾਵਨਾਲੰਕਾਰ ਹੈ।

ਲੱਛਨ–ਜਹ ਕਾਰਨ ਬਿਨੁ ਕਾਰਜ ਹੋਇ।
ਤਹਾਂ ਬਿਭਾਵਨ ਪਹਿਲੋ ਜੋਇ।

ਇਸ ਮੈਂ ਪ੍ਰਧਾਨ ਤੇ ਆਤਮਾ ਕੋ ਮੇਲ ਕਾਰਨ ਹੁਤੋ, ਆਚਾਰ ਸੁਭਸੁਭ ਕਰਮ ਭੋਗਨ ਕੋ ਭੋਗਨੋ ਕਾਰਜ ਭਯੋ, ਬਿਨਾ ਕਾਰਨ ਮੇਲ ਤੇ; ਯਾਂਤੇ ਬਿਭਾਵਨਾ।

## ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

'ਗਾਵੈ'=ਕਹਤ ਹੈਂ, 'ਕੋ'=ਕੋਈਕ, ਕੌਨ ? ਨਜਾਯਕ ਹੈ ਜੋ ਗੋਤਮ, ਨੈਨਪਾਦ, ਕਣਭੁਕ, ਇਨ ਤੇ ਆਦਿ ਔਰ ਜੋ ਹੈਂ ਸੋ ਪਰਮਾਤਮਾ ਕੋ ਬਿਦਿਆ ਜੋ 'ਵਿਖਮੁ' ਕਹੀਏ 'ਕਠਨ, ਤਿਸ ਕੋ ਵੀਚਾਰ ਵੀਚਾਰ ਕਰਿ ਕਹਤ ਹੈਂ। ਈਸਰ ਕੇ ਬਿਖੇ ਨਿਤਜ ਗਯਾਨ, ਨਿੱਤ ਇਛਾ, ਨਿੱਤ ਜਤਨ; ਜੈਸੇ ਕੁਲਾਲ[3] ਮ੍ਰਿਤਕਾ ਕੇ ਬਾਸਨ[4] ਕਰਤ ਹੈ, ਤਿਸੀ ਪ੍ਰਕਾਰ ਪ੍ਰਮਾਣੂ ਤੇ ਪੰਚ ਭੂਤ ਕਰਿ ਜਗਤ ਰਚਿਤ ਹੈ। ਨਮਿੱਤ ਕਾਰਣ ਈਸ਼ੁਰ, ਉਪਾਦਾਨ ਕਾਰਣ ਪ੍ਰਮਾਣੂ। ਬਹੁੜ ਸਪਤ ਪਦਾਰਥ ਮਾਨਤ ਹੈਂ, ਨੌ ਦਰਬ, ਚੌਬੀਸ ਗੁਣ, ਪੰਚ ਕਰਮ ਸਾਮਾਨਜ। ਵਿਸ਼ੇਖਜ ਸਮ ਵਾਯ ਅਭਾਵ, ਇਤੀ ਪਦਾਰਥੁ। ਇਤਜਾਦਿ ਸੰਖਜਾ ਕਰਿ ਤਿਨ ਕੀ ਬਿਦਜਾ ਬਿਖਮ ਹੈ। ਸਰਬ ਦਰਬਾਦਿਕ ਕੋ ਸਰਬਾਂਗ ਕਹੀਏ ਤੋ ਗ੍ਰੰਥ ਬਧਤ ਹੈ, ਯਾਂਤੇ ਨਹੀਂ ਕਹੇ। ਬਹੁੜਿ ਆਤਮਾ ਕੋ ਬਿਭੂ ਅਕਾਸ਼ ਵਤ ਅਰੁ ਜੜ ਕਹਤ ਹੈਂ ਚੇਤਨ ਮਨ ਕੇ ਸੰਜੋਗ ਕਰਿ ਹੋਤ ਹੈ। ਜਬ ਮਨ ਕੋ ਸੰਜੋਗ ਨਹੀਂ

---

੧. ਸਾਰੀਆਂ ਸ਼ਕਤੀਆਂ ਦੀ ਇਕੋ ਜਿਹੀ ਤੁਲੀ ਹੋਈ ਅਵਸਥਾ। ੨. ਬੁਧੀ ਤਤ, ਜੀਵਾਤਮਾ।
੩. ਘੁਮਿਆਰ। ੪. ਮਿਟੀ ਦੇ ਭਾਂਡੇ।

ਸੁਖੁਪਤ ਅਵਸਥਾ ਮੈਂ, ਸੂਖਮ ਨਾੜਿ ਕੇ ਬਿਖੈ ਮਨ ਲਟਕ ਰਹਤ ਹੈ । ਜਬ ਚਰਮ ਸੋਂ ਸਪਰਸ਼ ਕਰਤ ਹੈ ਜਾਗ੍ਰਤ ਮੈਂ ਤਬ ਚੇਤਨ ਹੋਤ ਹੈ। ਐਸੇ ਸਿੱਧਾਂਤ ਬਡੀ ਓਤਰਕ[1] ਸਹਤ ਨਜਾਯਕ ਅਪਨੇ ਮਤ ਕੋ ਸਿਧ ਕਰਤ ਹੈਂ । ਇਤਜਰਥ । ਇਸ ਤੁਕ ਮੈਂ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ । ਵਰਣਮੈਤ੍ਰੀ ਜਹਾਂ ਹੋਇ ਤਹਾਂ ਹੋਤ ਹੈ । 'ਵਕਾਰ' ਬਰਨ[2] ਚਾਰ ਪਦਨ ਮੈਂ ਚਾਰ ਹੀ ਬੇਰ ਆਯੋ ।

## ਗਾਵੈ ਕੋ ਸਾਜਿ ਕਰੇ ਤਨੁ ਖੇਹ ॥

'ਗਾਵੈ' ਕਹਤ ਹੈਂ, ਕੋਈਕ, ਕੌਨ ? ਬਿਸੇਖਕ ਕਣਾਦਿਕ ਮੁਨਿ ਤੇ ਆਦਿ । ਸੋ ਸਮੇਂ ਹੀ ਕੋ ਪ੍ਰਧਾਨ ਮਾਨਤ ਹੈਂ । ਕਰਤਾ ਹਰਤਾ ਜਗਤ ਕੋ ਸਮਾ ਹੈ । ਜਿਸ ਪ੍ਰਕਾਰ ਧਰਤ ਕੈ ਬਿਖੈ ਬੀਜ ਪਰਜੋ ਰਹਤ ਹੈ, ਜਬ ਸਮਾ ਹੋਤ ਹੈ ਤਬ ਉਗਤ ਹੈ, ਸਮਾ ਪਾਇ ਬਧਿਕੈ ਬਿਨਸ ਜਾਤ ਹੈ, ਤਿਸੀ ਰੀਤਿ ਜਬ ਸਮਾ ਜਗਤ ਹੋਨੇ ਕੋ ਹੋਤ ਹੈ ਤਬ 'ਸਾਜਿ' ਕਹੀਏ ਬਨਾਵਨੋ ਸਮਾ ਕਰਤ ਹੈ । 'ਤਨੁ' ਕੋ ਅਰਥ ਵਿਸਤਾਰ ਸੰਪੂਰਣ ਬਿਧਿ ਪ੍ਰਪੰਚ, ਵਾ ਸਰਬ ਦੇਹ ਜੋ ਹੈ ਜੜ ਜੰਗਮ; ਬਿਧਿ ਕੀਟੀ ਲੌ ਤਿਨ ਉਤਪਤਿ ਕਰਤ ਹੈ । ਜਬ ਸਮਾ ਪ੍ਰਲੈ ਕੋ ਹੋਤ ਹੈ ਤਬ ਸੋਈ ਤਨ ਪ੍ਰਪੰਚ 'ਖੇਹ' ਕਹੀਏ ਨਾਸ਼, ਤਿਸ ਸਰਬ ਕੌ, ਸਮਾ ਕਰਤ ਹੈ । 'ਕਰੇ ਤਨੁ' ਇਹ ਜੋ ਪਦ ਹੈ ਸੋ ਦੇਹੁਰੀ ਦੀਪਕ ਹੈ । 'ਸਾਜਿ' ਬਨਾਵਨ ਕੇ ਅਰਥ ਮੈਂ ਭੀ 'ਕਰੇ ਤਨੁ' ਪਦ ਰਹਜੋ । 'ਖੇਹ' ਨਸ਼ਟ ਹੋਨ ਕੇ ਅਰਥ ਮੈਂ ਭੀ ਲਗਜੋ। ਜੈਸੇ ਦੀਪਕ ਦੇਹੁਰੀ ਕੋ ਦੋਊ ਸਥਾਨ ਕੋ ਪ੍ਰਕਾਸ਼ੇ ਹੈ, ਅੰਤਰ ਭੀ ਤੇ ਬਾਹਿਰ ਭੀ, ਐਸੇ ਜਾਨੀਐ । ਜਬ ਬਿਸ਼ਨੁ ਜੀ ਕੋ ਸਮਾ ਸਰੀਰ ਧਾਰਨ ਕੌ ਹੋਤ ਹੈ ਤਬ ਅਵੱਸ਼ਮੇਵ[3] ਹੀ ਧਾਰ ਲੇਤ ਹੈ, ਐਸੇ ਨਹੀਂ ਹੈ ਜੋ ਅਵਤਾਰ ਨਾ ਧਰੈ। ਜਬ ਤਜਨ ਕੋ ਸਮਾ ਆਵਤ ਹੈ ਤਬ ਤਜਾਗਤ ਹੈ ਤਿਸ ਬਿਸ਼ਨੁ ਜੀ ਤੇ ਆਦਿ ਔਰ ਚਰਾਚਰ ਤਿਨ ਕੋ ਸਮਾ ਹੀ ਕਰਤ ਹੈ ਔਰੁ ਸਮਾ ਹੀ ਬਿਨਾਸਤ ਹੈ। ਨਜਾਯਕ ਕੀ ਤਰ੍ਹਾਂ ਆਤਮਾ ਕੋ ਇਹ ਭੀ ਜੜ ਮਾਨਤ ਹੈਂ। ਐਸੇ ਅਪਨੇ ਮਤ ਕੋ ਬਿਸੇਖਕ ਸਿਧ ਕਰਤ ਹੈਂ। ਇਤਜਰਥ।

ਇਸ ਤੁਕ ਮੈਂ ਕਾਰਕਦੀਪਕੁ ਅਲੰਕਾਰ ਹੈ।

ਲੱਛਨ–ਕ੍ਰਮ ਸੋ ਕ੍ਰਿਆ ਜਹਿਂ ਹੋਇ ਅਨੇਕ ।
'ਕਾਰਕਦੀਪਕ' ਤਹਾਂ ਬਿਬੇਕ।

ਪ੍ਰਥਮੈ ਭਨ ਬਨਾਵਨ ਕੀ ਕ੍ਰਿਆ, ਤਿਸ ਤੇ ਪਿਛਾਰੀ ਨਾਸ ਕਰਿਬੇ ਕੀ ਕ੍ਰਿਆ, ਏਕ ਕਾਲ ਆਸ਼ਰੇ ਮੈਂ, ਯਾਂਤੇ ਕਾਰਕਦੀਪਕ।

## ਗਾਵੈ ਕੋ ਜੀਅ ਲੈ ਫਿਰਿ ਦੇਹ ॥

'ਗਾਵੈ' ਕਹੀਏ ਕਹਤ ਹੈ, ਕੋਈਕ, ਕੌਨ ? ਮੀਮਾਂਸਕ, ਜੈਮੁਨਿ ਭਟ ਪ੍ਰਭਾਕਰ ਤੇ ਆਦਿ । ਜੀਅ ਜੋ ਸੰਪੂਰਨ ਜਗਤ ਕੇ ਚਰਾਚਰ ਸੋ ਕਰਮੋ ਕੇ ਅਧੀਨ ਹੋ ਕਰਿ ਮ੍ਰਿਤ ਹੋਇਕੈ ਫੇਰ ਦੇਹ ਕੋ ਧਾਰਤ ਹੈਂ । ਤਿਸ ਮੈਂ ਅਹੰਤਾ ਕੋ ਧਾਰਿ ਕਰਿ ਕਰਮ ਕਰਤ ਹੈਂ,

---

੧. ਵਿਤਰਕ । ਕਿਸੇ ਤਰਕ ਦੇ ਉਤਰ ਵਿਚ ਹੋਰ ਤਰਕ । ੨. 'ਵ' ਅੱਖਰ । ੩. ਜ਼ਰੂਰ । ਹਰ ਹਾਲ ।

ਪਿਛਲੇ ਭੋਗ ਕਰਿ ਮਰਤ ਹੈਂ, ਫੇਰ ਕਰਮਨ ਕੀ ਵਾਸ਼ਨਾਂ ਕੇ ਅਧੀਨ ਜਨਮ ਲੇਤ ਹੈਂ। ਇਸੀ ਰੀਤਿ ਸੰਪੂਰਨ ਜੋ ਬ੍ਰਹਮੰਡ ਹੈ ਤਿਸ ਕੋ ਕਰਮ ਹੀ ਉਤਪਤਿ ਕਰਤ ਹੈਂ, ਕਰਮ ਹੀ ਨਾਸ਼ ਕਰਤ ਹੈਂ, ਕਰਮਾਧੀਨ ਹੋਇ ਚੰਦ੍ਰ ਸੂਰਜ ਸਦੀਵ ਭ੍ਰਮਤ ਹੈਂ, ਕਰਮਾਧੀਨ ਹੋਇ ਜਗਤ ਕੋ ਬ੍ਰਹਮਾ ਸਿਰਜਤ ਹੈ, ਕਰਮਾਧੀਨ ਬਿਸ਼ਨੁ ਪਾਲਤ ਹੈ, ਕਰਮਾਧੀਨ ਸ਼ਿਵ ਨਾਸ਼ ਕਰਤ ਹੈ।

ਆਤਮਾ ਕੋ ਆਧੋ ਚੇਤਨ ਆਧੋ ਜੜ ਮਾਨਤ ਹੈਂ। ਅਹੰ ਪ੍ਰਤੀਤ ਕੋ ਬਿਖਯ ਤਿਸਕੋ ਆਤਮਾ ਕਹਤ ਹੈਂ। ਅਹੰ ਪ੍ਰਤੀਤ ਕੋ ਬਿਖੈ ਚੇਤਨ ਆਤਮਾ ਤੇਂ ਹੋਤ ਨਾਹੀਂ, ਤਾਂਤੇ ਅਹੰ ਪ੍ਰਤੀਤ ਕੋ ਬਿਖਯਆਤਮ ਕੀ ਅੰਸ਼ ਜੜ ਸੋ ਹੋਤ ਹੈ। ਇਤਯਾਦਿ ਜੋ ਸਿੱਧਾਂਤ ਬਡੀ ਜੁਗਤਿਨ ਸੋ ਮੀਮਾਂਸਕ ਸਿੱਧ ਕਰਤ ਹੈਂ। ਇਤਯਰਥ।

ਇਸ ਤੁਕ ਮੈਂ ਭਾਵਕ ਅਲੰਕਾਰ ਹੈ।

ਲੱਛਨ-ਭੂਤ ਭਵਿਖ ਬਾਤ ਜਹਿਂ ਕਹੈ।
'ਭਾਵਕ' ਅਲੰਕਾਰ ਤਹਿ ਅਹੈ।

ਕਰਮ ਪੂਰਬ ਕਰੇ ਤੋ ਦੇਹ ਫੇਰ ਲਈ, ਭੂਤ ਕੀ ਬਾਤ ਕਹਨ ਤੇ ਭਾਵਕ ਹੋਤ ਹੈ।

## ਗਾਵੈ ਕੋ ਜਾਪੈ ਦਿਸੈ ਦੂਰਿ ॥

'ਗਾਵੈ ਕੋ' ਕਹੀਏ 'ਕਹਤ ਹੈਂ ਕੋਈਕ', ਕੌਨ ? ਪਾਤੰਜਲੀ ਸ਼ੇਸ਼ਨਾਗ ਤੇ ਆਦਿ। ਸੋ ਪਰਮਾਤਮਾ ਪਾਰਬ੍ਰਹਮ ਕੋ ਇਸ ਰੀਤਿ ਬਰਨਤ ਹੈਂ। 'ਜਾਪੈ'=ਜਾਣੀਦਾ ਹੈ, ਪ੍ਰੰਤੂ 'ਦਿਸੈ ਦੂਰਿ'=ਦੇਖਨਾ ਤਿਸ ਕੋ ਦੂਰ ਹੈ। 'ਦੂਰਿ' ਕੋ ਅਰਥ ਲੱਛਨਾਂ ਸੋ 'ਕਠਨ' ਹੈ। ਅਸ਼ਟਾਂਗ ਜੋਗ ਕਰਿ ਜਾਣੀਦਾ ਹੈ। ਦਸ ਜਮ, ਦਸ ਨੇਮ, ਇਕੰਤ ਦੇਸ਼, ਆਸਨ, ਪ੍ਰਤਯਾਹਾਰ, ਧਯਾਨ, ਧਾਰਣਾ, ਸਮਾਧਿ†। ਇਨ ਅਸ਼ਟ ਅੰਗ ਕੇ ਸਮੇਤ ਜੋਗ ਕੋ ਸਾਧੈ ਤਬ ਨਿਰਮਲ ਮਨ ਹੋਤ ਹੈ। ਬਹੁਰ ਦੇਖੀਤਾ ਹੈ: ਐਸੇ ਕਠਨ ਹੈ, ਦ੍ਰਿਸ਼ਟਾਂਤ-ਜੈਸੇ ਆਰਸੀ ਮਲੀਨ ਮੈਂ ਮੁਖ ਨਹੀਂ ਦੀਸਤ ਹੈ; ਜਤਨ ਕਰਿ ਛਾਈ ਕੋ ਦੂਰ ਕਰੇ ਤਬ ਦੀਸਤ ਹੈ। ਤਿਸੀ ਪ੍ਰਕਾਰ ਅੰਤਹਕਰਣ ਜੋਗ ਤੇ ਸ਼ੁੱਧ ਹੋਤ ਹੈ; ਬਹੁਰ ਸਰੂਪ ਕੋ ਦੇਖਤ ਹੈ। ਅਰੁ ਜਗਤ ਕੀ ਉਤਪਤਿ ਐਸੇ ਮਾਨਤ ਹੈਂ: ਮਾਯਾ ਕੋ ਪ੍ਰੇਰਕ ਈਸ਼ੁਰ ਹੈ, ਜਤਨ ਬਿਹੀਨ ਹੈ, ਕਲੇਸ਼ਾਦਿਕ ਤੇ ਸਦਾ ਅਸੰਗ ਰਹਤ ਹੈ।

## ਗਾਵੈ ਕੋ ਵੇਖੈ ਹਾਦਰਾ ਹਦੂਰਿ ॥

'ਗਾਵੈ ਕੋ' ਕਹੀਏ 'ਕਹਤ ਹੈ ਕੋਈਕ', ਕੌਨ ? ਬੇਦਾਂਤੀ। ਬਯਾਸ ਜੀ ਅਰੁ ਸ਼ੰਕਰਾਚਾਰਜ ਤੇ ਆਦਿ; ਐਸੇ ਬਰਨਤ ਹੈਂ :-'ਵੇਖੈ' ਕਿਆ 'ਲਖਤ' ਹੈਂ। 'ਹਾਦਰਾ' ਕਹੀਏ 'ਹਾਜ਼ਰ ਹੀ', ਜੀਵਾਤਮਾਂ ਕੋ ਹੀ ਬ੍ਰਹਮ ਲਖਤ ਹੈਂ। ਪ੍ਰੰਤੂ ਕਬ ਲਖਤ ਹੈਂ ?

---

†ਹਠ ਯੋਗ ਦੇ ਇਨ੍ਹਾਂ ਅੱਠਾਂ ਅੰਗਾਂ ਪਰ ਕਵੀ ਜੀ ਦਾ ਆਪਣਾ ਦਿੱਤਾ ਵੇਰਵਾ ਤੇ ਵਿਸਥਾਰ ਦੇਖੋ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੪੯।

'ਹਦੂਰਿ' ਹਦੂਰੀ ਮਨ ਜਬ ਹੋਤ ਹੈ ਤਬ ਹਾਜਰੁ ਹੋਇ ਆਵਤ ਹੈ। ਪ੍ਰਮਾਨ :–ਜਾ ਮਨੁ ਰਹੈ ਹਦੂਰਿ ॥ [ਅੰਤਰ ਮੁਖ ਮਨ ਕੀ ਬ੍ਰਿਤਿ ਸੋ ਹਦੂਰੀ ਕਹੀਏ।

ਬੇਦਾਂਤੀ ਅਪਨੋ ਮਤ ਜੋ ਅਦ੍ਵੈਤ ਹੈ ਤਿਸ ਕੋ ਐਸੇ ਸਿਧ ਕਰਤ ਹੈ:–ਦ੍ਰਿਸ਼ਟਾਂਤ ਅਕਾਸ਼ ਕੋ: ਜੈਸੇ ਏਕ ਮਹਾਂਕਾਸ਼ ਸਰਬ ਬਯਾਪੀ, ਦੂਜੋ ਜਲਾਸ਼ੇ ਅਵਛਿੰਨ[1] ਅਕਾਸ਼, ਤੀਜੋ ਪ੍ਰਤਿਬਿੰਬ[2] । ਤਿਸੀ ਪ੍ਰਕਾਰ ਏਕ ਪਰਮਾਤਮਾ ਸਰਬ ਬਯਾਪੀ, ਦੂਜੋ ਬੁਧਿ ਅਵਛਿੰਨ ਆਤਮਾਂ, ਤੀਜੋ ਅਨਾਤਮਾਂ, ਪ੍ਰਤਬਿੰਬ ਬੁਧਿ ਵਿਖੈ, ਜਿਸ ਕੋ ਜੀਵਾਤਮਾ ਕਹਤ ਹੈਂ । ਅੰਤਹਕਰਣ ਕੀ ਉਪਾਧਿ ਕਰਿ ਤੀਨ ਭਾਸਤ ਹੈਂ, ਵਾਸਤਵ ਏਕ ਹੀ ਹੈ । ਬੇਦਾਂਤੀ ਏਕ ਔਰ ਰੀਤਿ ਭੀ ਮਾਨਤ ਹੈਂ । ਜੈਸੇ ਸੂਰਜ ਕੋ ਪ੍ਰਤਿਬਿੰਬ ਜਲ ਮੈਂ ਪਰਿਕੈ ਨਿਕਟ ਕੰਧ ਕੇ ਊਪਰ ਪ੍ਰਕਾਸ਼ ਜਾਇ ਹੋਤ ਹੈ । ਤੈਸੇ ਬ੍ਰਹਮ ਕੋ ਪ੍ਰਤਿਬਿੰਬ ਬੁਧਿ ਬਿਖੈ ਪਰਿਕੈ ਵਹਿਰ ਜੋ ਚੇਤਨ ਸੱਤਾ ਸੋ ਜੀਵਾਤਮਾ । ਪੰਚਤਤ ਜੋ ਜੜ, ਤਿਨ ਕੀ ਸਤ ਗੁਣ ਅੰਸ਼ ਤੇ ਅੰਤਹਕਰਣ ਬਨਯੋ, ਸੋ ਭੀ ਜੜ ਚੇਤਨ ਕੇ ਪ੍ਰਤਿਬਿੰਬ ਕਰਿ, ਸੋ ਅੰਤਹਕਰਣ ਭੀ ਚੇਤਨ ਹੋਤ ਹੈ । ਤਿਸ ਕੀ ਚਾਰ ਸੰਗਯਾ ਹੋ ਜਾਤ ਹੈਂ :–ਜਬ ਕੁਛ ਚਹਤ ਹੈ ਤਾਂਕੋ 'ਚਿਤ' ਕਹਤ ਹੈਂ, ਜਤਨ ਕੀ ਕਲਪਨਾਂ ਜਬ ਕਰੈ ਸੋ 'ਮਨ' ਕਹਾਵਤ ਹੈ, ਯਹ ਮੈਂ ਲੀਨੋ ਸੋ 'ਹੰਕਾਰ'; ਸਰਬ ਕੋ ਨਿਸਚੈ ਕਰੈ ਸੋ 'ਬੁਧਿ' ਹੋਤ ਹੈ । ਕਾਰਨ ਜਗਤ ਕੋ ਐਸੇ ਮਾਨਤ ਹੈਂ–ਮਾਯਾ ਸਵਲ ਜੋ ਬ੍ਰਹਮ, ਜਿਸ ਕੋ ਸ੍ਰੀ ਗੁਰੂ ਦਸਵੀਂ ਪਾਤਿਸ਼ਾਹੀ 'ਮਹਾਂ ਕਾਲ' ਬਰਨਨ ਕਰਯੋ ਹੈ, ਤਿਸ ਕੀ ਇਛਾ ਸੋ ਸੰਪੂਰਨ ਜਗਤ ਬਨਯੋ । ਬ੍ਰਹਮ ਕੋ ਸਰੂਪ ਨਹੀਂ ਜਾਨਣੋ, ਯਾਂਕੋ ਨਾਮ ਅਗਯਾਨ, ਸੋ ਅਗਯਾਨ ਪਰਿਣੰਮਕੈ[3] ਹੀ ਜਗਤ ਭਯੋ। ਜੈਸੇ ਰੱਸੀ ਕੋ ਨਹੀਂ ਜਾਨਣੋ ਸੋ ਅਗਯਾਨ। ਸੋ ਪਰਿਣੰਮਕੈ ਸਰਪ ਭਯੋ, ਐਸੇ ਜਾਨਿਯੇ। ਤਤ ਤ੍ਵੰ ਪਦ ਕੀ ਏਕਤਾ। ਜਹਿਤਾਜਹਿਤਿ ਲਛਨਾਂ ਸੋਂ ਕਹਤ ਹੈਂ । ਜੀਵ ਅਲਪੱਗ[4] ਈਸ਼ੁਰ ਸਰਬਗਯ[5] । ਜੀਵ ਕੀ ਅਲਪੱਗਤਾ ਤਜ ਕਰਿ 'ਗਯ' ਪਦ ਰਾਖਤ ਹੈਂ, ਈਸ਼ੁਰ ਕੀ ਸਰਬਗਯਤਾ ਤਜ ਕਰਿ ਭੀ 'ਗਯ' ਪਦ ਰਾਖਤ ਹੈਂ, ਦੋਨੋ ਕੇ ਗਯ ਪਦ ਰਾਖੇ ਤੇ ਏਕਤਾ ਹੋਤ ਹੈ। ਦ੍ਰਿਸ਼ਟਾਂਤ:–'ਸੋ ਯੰ ਦੇਵਦਤ:' । ਕਿਸੇ ਨੇ ਪੁਰਖ ਦੇਖਯੋ ਸ੍ਰੀ ਅੰਮ੍ਰਿਤਸਰ ਜੀ ਮੈਂ ਬਡੇ ਐਸ਼੍ਵਰਜ ਸੋਂ, ਜਟਿਤ ਅਲੰਕਾਰਨ[6] ਸੋਂ, ਜੁਵਾ ਅਵਸਥਾ, ਕਿਤਨੋ ਕਾਲ ਬੀਤੇ ਸੋ ਪੁਰਖੁ ਕੰਗਾਲ ਭਯੋ, ਪੁਨਾ ਦੇਖਯੋ ਸ੍ਰੀ ਅਬਿਚਲਾ ਨਗਰ ਮੈਂ ਬ੍ਰਿੱਧ ਭਯੋ, ਸੋ ਦੇਖਨ ਵਾਰੋ ਤਿਸ ਕੇ ਪਿੰਡ[7] ਮਾਤ੍ਰ ਕੋ ਜਾਨ ਕਰਿ ਪਛਾਨਤ ਹੈ: ਇਹ ਸੋਈ ਪੁਰਖ ਹੈ ਜੋ ਅੰਮ੍ਰਿਤਸਰ ਮੈਂ ਐਸ਼੍ਵਰਜ ਸੋਂ ਜਵਾਨ ਦੇਖਯੋ ਹੁਤੋ । ਦੇਸ਼ ਕਾਲ ਵਸਤੁ ਪੂਰਬ ਕੋ ਤਯਾਗਯੋ । ਦੇਸ਼ ਕਾਲ ਵਸਤੁ ਦੇਖਨ ਸਮੇਂ ਕੋ ਤਯਾਗਯੋ । ਏਕ ਪਿੰਡ ਮਾਤ੍ਰ ਕੋ ਰਾਖ ਕਰਿ ਪਛਾਨਯੋ । ਯਾਂਤੇ ਭਾਗ ਤਯਾਗ ਲੱਛਣਾ† ਸੋਂ ਸਿਧ ਭਯੋ: ਸਰਬੱਗਤਾ ਅਲਪੱਗਤਾ ਤਜਣੇ ਮੈਂ ਜਹਿਤੀ ਕੋ ਅੰਸ਼, ਪਿੰਡ ਮਾਤ੍ਰ ਕੋ ਰਾਖਨੋ, ਯਾਂ ਮੈਂ ਮੈਂ ਅਜਹਿਤੀ ਕੋ

---

੧. ਅੱਡ ਕੀਤਾ ਹੋਇਆ । ੨. ਅਕਸ, ਛਾਇਆ । ੩. ਬਦਲਕੇ, ਪਲਟਕੇ । ੪. ਅਲਪ ਗਯਾਤਾ ਵਾਲਾ, ਘਟ ਜਾਨਣ ਵਾਲਾ, ਤੁਛ ਬੁਧੀ ਵਾਲਾ । ੫. ਸਭ ਕੁਝ ਦਾ ਜਾਨਣਹਾਰ, ਪਰਮਾਤਮਾ । ੬. ਗਹਿਣਿਆਂ ਨਾਲ ਸਜਿਆ ਹੋਇਆ । ੭. ਸਰੀਰ, ਜਿਸਮ ।

†ਲਛਣਾ, ਬ੍ਰਿਤੀਆਂ ਤੇ ਧੁਨੀਆਂ ਆਦਿ ਦੀ ਜਾਣਕਾਰੀ ਹਿਤ ਪੜ੍ਹੋ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਕ੍ਰਿਤ 'ਸ਼ਬਦ ਬ੍ਰਿਤੀ ਪ੍ਰਕਾਸ਼' ਰਚਨਾ ।

ਅੰਸ਼ । ਯਾਂਤੇ ਜਹਿਤਾਜਹਿਤਿ ਲਛਨਾ। ਇਸ ਰੀਤਿ ਅਦ੍ਵੈਤ ਸਿੱਧਾਂਤ ਕੋ ਸਿੱਧ ਕਰਤ ਹੈਂ । ਖਟ ਸ਼ਾਸਤ੍ਰਨਿ ਕੇ ਮਤ ਜੇਤੇ ਹੈਂ ਤਿਨ ਕੋ ਏਕ ਨਾਮ ਮਾਤ੍ਰ ਦਿਖਾਵਨ ਗੁਰੂ ਜੀ ਨੇ ਕਰਾ ਹੈ। ਬਿਸਥਾਰ ਇਨਕੋ ਅਧਿਕ ਤੇ ਅਧਿਕ ਹੈ, ਪ੍ਰੰਤੂ ਪਰਮਾਤਮਾ ਕੀ ਗਤਿ ਕੋ ਕੋਈ ਭੀ ਨਹੀਂ ਜਾਨ ਸਕਤ ਹੈ।

ਪ੍ਰਸ਼ਨ-ਈਹਾਂ ਪੁਰਾਨ ਕੀ ਅਰੁ ਸ਼ਾਸਤ੍ਰਨ ਕੀ ਬਾਤ ਕਹੀ, ਬੇਦ ਨਹੀਂ ਗਿਨੇ, ਆਗੇ ਕਹਿਨੋ ਹੈ 'ਕਥਨਾ ਕਥੀ ਨ ਆਵੈ ਤੋਟਿ'; ਤਾਂਤੇ ਇਹ ਬਾਤ ਜਾਣੀਤੀ ਹੈ: ਜੋ ਬੇਦ ਅੰਤ ਜਾਨਤ ਹੋਹਿੰਗੇ, ਜੋ ਐਸੀ ਬਿਅੰਤਤਾ ਲਖਾਵਨ ਮੈਂ ਨਹੀਂ ਗਿਨੇ ?

ਉੱਤਰ-ਈਹਾਂ ਛਿਅ ਸ਼ਾਸਤ੍ਰਨਿ ਕੇ ਕਹਨਿ ਕਰਿ ਚਾਰੋਂ ਬੇਦ ਕੋ ਕਹਿਨੋ ਭੀ ਅੰਤਰਭੂਤ ਭਯੋ । ਬੇਦਨਿ ਕੋ ਕਹਿਨੋ ਲੇ ਕਰਿ ਸ਼ਾਸਤ੍ਰ ਬਨੇ ਹੈਂ, ਮੂਲ ਬੇਦ ਹੀ ਹੈਂ । ਸਾਮ ਬੇਦ ਕੋ ਸੋਧ ਕਰਿ ਬੇਦਾਂਤ ਕੋ ਮਤ ਬਯਾਸ ਜੀ ਨੇ ਬਨਾਯੋ ਹੈ । ਰਿਗ ਬੇਦ ਕੋ ਨਿਰਨੈ ਕਰਿ ਕਰਿ ਗੋਤਮ ਰਿਖਿ ਨੇ ਨਯਾਯ ਕੋ ਮਤ ਰਚ੍ਯੋ ਹੈ । ਜਜੁਰ ਬੇਦ ਕੋ ਮਥ ਕਰਿ ਜੈਮੁਨਿ ਰਿਖਿ ਨੈ ਮੀਮਾਂਸਾ ਕੋ ਮਤ ਰਚਯੋ ਹੈ । ਅਥਰਬਣ ਕੋ ਬੀਚਾਰ ਬੀਚਾਰ ਸਾਂਖ ਔ ਪਾਤੰਜਲ ਔ ਬਿਸ਼ੇਖਕ ਇਨ ਕੋ ਮਤ ਭਯੋ ਹੈ। ਯਾਂਤੇ ਬੇਦ ਸੋਂ ਸ਼ਾਸਤ੍ਰ ਪ੍ਰਿਥਕ ਨਹੀਂ ਗਿਨੇ ।

ਪ੍ਰਸ਼ਨ-ਤੀਨ ਸ਼ਾਸਤ੍ਰ ਤੀਨ ਬੇਦ ਸੋਂ ਭਏ, ਅਰੁ ਤੀਨ ਸ਼ਾਸਤ੍ਰ ਏਕ ਬੇਦ ਸੋਂ ਭਏ, ਯਹ ਕੌਨ ਕਾਰਨ ?

ਉੱਤਰ-ਬੇਦ੍ਰ ਪ੍ਰਥਮੇ ਤੀਨ ਹੀ ਹੈਂ, ਚੌਥੇ ਜੋ ਬੇਦ ਹੈ ਅਥਰਬਣ, ਇਨ ਤੀਨੋਂ ਕੇ ਬੀਚ ਤੇ ਨਿਕਾਸ ਬਨ੍ਯੋ ਹੈ, ਸੋ ਤੀਨੋਂ ਬੇਦ ਕੇ ਖਟ ਸ਼ਾਸਤ੍ਰ ਬਨੇ ਹੈਂ, ਐਸੇ ਜਾਨਿਯੇ। ਅਪਰ ਜੇ ਮਤ ਹੈਂ ਆਸਤਕ, ਸਭ ਇਨ ਕੇ ਹੀ ਅੰਤਰਭੂਤ ਹੋ ਜਾਤ ਹੈਂ, ਕਛੂ ਤਨਕ[1] ਭੇਦ ਰਹਿ ਜਾਤ ਹੈ । ਪਸਪਤਿ ਔ ਬਸ਼ਿਸ਼ਟਾ ਦ੍ਵੈਤੀ ਔ ਹੈਰੰਨਯਗਰਭੀ ਇਨ ਤੇ ਆਦਿ ਔਰ ਕੋਈ ਜੇ ਹੈਂ, ਗੁਰੂ ਜੀ ਆਪ ਨੇ ਅੱਛਰੋਂ ਮੈਂ ਸਭ ਧਰਿ ਗਏ ਹੈਂ, ਇਨ ਤੁਕਨਿ ਬਿਖੈ ਤੇ ਸੋ ਭੀ ਨਿਕਸ ਆਵਤ ਹੈਂ। ਗ੍ਰੰਥ ਬਧਨ ਤੈ ਬਿਸਥਾਰ ਨਹੀਂ ਕਰ੍ਯੋ ਹੈ। ਇਤਯਰਥ।

ਈਹਾਂ ਆਠ ਹੂੰ ਤੁਕਨਿ ਮੈਂ ਉਲੇਖਾਲੰਕਾਰ ਹੋਤ ਹੈ।

ਲੱਛਨ-ਏਕਹਿ ਕੋ ਜੋ ਬਹੁ ਬਿਧਿ ਬਰਨੈਂ ।
'ਉਲੇਖਾ' ਕਹਿ ਕਵਿ ਕਰਿ ਨਿਰਨੈ।

ਈਹਾਂ ਏਕ ਬ੍ਰਹਮ ਕੋ ਆਪੋ ਆਪਨੇ ਮਤ ਮੈਂ ਔਰ ਔਰ ਰੀਤਿ ਸੋਂ ਲਖ ਕਰਿ ਬਰਨ੍ਯੋ। ਦੂਸਰੋ ਅਲੰਕਾਰ ਉਭਯਾਬ੍ਰਿਤ ਦੀਪਕ ਭੀ ਹੈ।

ਲੱਛਨ-ਪਦ ਸੋਂ ਅਰਥ ਆਇ ਬਹੁ ਬਾਰ।
'ਆਬ੍ਰਿਤ ਦੀਪਕ' ਤਿਸਹਿ ਉਚਾਰ ।

ਗਾਵੈ ਕੋ ਪਦ ਬਹੁਤ ਬੇਰ ਆਯੋ, ਅਰਥ ਭੀ ਵਹੀ ਰਹਾਯੋ।

---

੧. ਥੋੜਾ ਜਿਹਾ ।

## ਕਥਨਾ ਕਥੀ ਨ ਆਵੈ ਤੋਟਿ ॥

ਬੇਦ ਔ ਪੁਰਾਨ ਔ ਸ਼ਾਸਤ੍ਰ ਗ੍ਰੰਥ ਤਿਨ ਸਭ ਹੀ ਕੇ ਬਿਖੇ ਬਾਰਤਾ ਕਹੀ ਹੈ। ਬ੍ਰਹਮੁ ਕੋ ਨਿਰੂਪਨ ਕੀਓ ਭੀ ਹੈ, ਪ੍ਰੰਤੂ 'ਨ ਆਵੈ ਤੋਟਿ', ਸੰਪੂਰਣ ਕਿਸੇ ਤੇ ਨਹੀਂ ਕਹਜੋ ਗਯੋ ਹੈ, ਪਰੈ ਹੀ ਪਰੈ ਬੀਚਾਰਤ ਹੈਂ, ਅਰੁ ਬੇਅੰਤ ਕਹਤ ਹੈਂ।

## ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਕ੍ਰੋੜਾਨਿ ਕ੍ਰੋੜ ਹੀ ਕਥਤ ਹੈਂ। ਪ੍ਰਸ਼ਨ-ਤੀਨ ਬਾਰ 'ਕਥਿ' ਔ 'ਕੋਟਿ' ਕਹਿਨੇ ਕੋ ਪ੍ਰਯੋਜਨ ਕੌਨ ? ਬੇਅੰਤਤਾ ਤੋ ਏਕ ਬਾਰ ਕਹਿਨੇ ਤੇ ਭੀ ਸਿਧ ਹੋਤ ਹੈ। ਉੱਤਰ-ਈਹਾਂ ਗੁਰੂ ਜੀ ਨੈ ਤੀਨੋਂ ਕਾਲ ਲਖਾਏ ਹੈਂ:- ਭੂਤ ਕਾਲ ਮੈਂ ਕ੍ਰੋੜ ਹੀ ਕਥ ਗਏ ਹੈਂ, ਬਰਤਮਾਨ ਮੈਂ ਕ੍ਰੋੜਾਂ ਕਥਤ ਹੈਂ, ਭਵਿੱਖਤ ਮੈਂ ਕ੍ਰੋੜ ਹੀ ਕਥੈਂਗੇ; ਪ੍ਰੰਤੂ ਸੰਪੂਰਨ ਕਿਸੇ ਤੇ ਭੀ ਨਹੀਂ ਕਹਜੋ ਗਯੋ। ਔਰ ਤੋ ਤਿਸ ਕੋ ਜਾਨਿਬੋ ਕਹਾਂ ਹੋਨੋ ਥੋ, ਏਕ ਜਗਤ ਕੀ ਉਤਪਤੀ ਕਿਸੁ ਰੀਤਿ ਸੋਂ ਭਈ ਹੈ, ਇਹ ਭੀ ਨਹੀਂ ਜਾਨ ਸਕਤ ਹੈਂ। ਆਪੋ ਅਪਨੇ ਮਤਿ ਮੈਂ ਸਰਬ ਨੇ ਬਨਾਈ ਹੈ, ਸੋਈ ਪਰਸਪਰ ਖੰਡਨ ਹੋ ਜਾਤ ਹੈ। ਇਸੁ ਬਾਤ ਕੋ ਗੁਰੂ ਦਸਵੇਂ ਪਾਤਿਸ਼ਾਹ ਨੇ ਭੀ ਕਹਜੋ ਹੈ; ਪ੍ਰਮਾਨ :-

ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥
[ਚੌਪਈ ਪਾ: ੧੦

ਈਹਾਂ ਅਨੁਕਤਿਨਮਿਤਾ ਬਿਸ਼ੇਖੋਕਤਿ ਅਲੰਕਾਰ ਹੈ।

ਲੱਛਨ-ਕਾਰਨ ਤੇ ਕਾਰਜ ਹੁਇ ਨਾਂਹੀ।
ਕਹੈਂ 'ਬਿਸ਼ੇਖੋਕਤਿ' ਬੁਧਿ ਤਾਂਹੀ।

ਈਹਾਂ ਤੀਨ ਕਾਲ ਮੈਂ ਕਥਨਵਾਰੇ ਕਾਰਨ ਤੇ ਸੰਪੂਰਨ ਕਥਨੋ ਕਾਰਜ ਨਹੀਂ ਭਯੋ। ਕਾਹੇ ਤੇ ਨਹੀਂ ਕਹਜੋ ਗਯੋ ? ਇਹ ਨਹੀਂ ਕਹੀ; ਯਾਂਤੇ ਅਨੁਕਤਿਨਮਿਤਾ ਹੈ।

ਐਸੇ ਸੁਨ ਕਰਿ ਸਿਖ ਪੂਛਤ ਹੈ:-ਜੇ ਸੰਪੂਰਨ ਨਹੀਂ ਕਥਜੋ ਗਯੋ ਤੋ ਤਿਨ ਕੋ ਕਥਨੋ ਨਿਸਫਲੁ ਭਯੋ, ਜੈਸੇ ਕੋਈ ਕਾਰਜ ਕਰਬੇ ਕੋ ਲਗੈ, ਜੇ ਸੰਪੂਰਨ ਨਹੀਂ ਹੋਇ ਤੋ ਨਿਸ਼ਫਲੁ ਜਾਤ ਹੈ ? ਸੁਨਿ ਕਰਿ ਗੁਰੂ ਜੀ ਕਹਤ ਹੈ:-

## ਦੇਦਾ ਦੇ ਲੈਦੇ ਥਕਿ ਪਾਹਿ ॥

ਪਰਮੇਸਰ ਕੋ ਕਥਨੋ ਨਿਸਫਲ ਨਹੀਂ ਜਾਤ ਹੈ, ਕਥ ਕਰਿ ਜੈਸੇ ਜਾਚਬੋ ਕਰਤ ਹੈਂ, ਤੈਸੇ ਪਰਮੇਸੁਰ ਭਾਵਨੀ ਮੂਜਬ ਸਰਬ ਕੋ ਦੇਤ ਹੈ। ਲੈਨਹਾਰ ਜੋ ਹੈਂ ਸੋ ਲੇਤੇ ਲੇਤੇ ਥਕ ਜਾਤ ਹੈਂ। ਪ੍ਰਸ਼ਨ-ਲੇ ਕਰਿ ਪਦਾਰਥਨ ਕੋ ਕੋਈ ਨਹੀਂ ਥਕਤ ਹੈ, ਪੀਛੇ ਜਪੁਜੀ ਮੈਂ ਭੀ ਕਹਜੋ ਹੈ: 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥' ਚੌਦਹ ਪੁਰੀਆਂ ਲੇ ਕਰਿ ਭੀ ਨਹੀਂ ਤ੍ਰਿਪਤਿ ਹੋਤਾ ਹੈ, ਅਰ ਗ੍ਰੰਥ ਜੀ ਮੈਂ ਬਹੁਤ ਅਸਥਾਨ ਲਿਖਜੋ ਹੈ। ਔਰ ਪੁਸਤਕ, ਗ੍ਰੰਥ, ਇਹ ਬਾਤ ਸਭ ਮੈਂ ਕਥਤ ਹੈ: 'ਲੇਤੇ ਹੂਏ ਕੋਈ ਤ੍ਰਿਪਤਿ ਨਹੀਂ ਭਯੋ'। ਜਿਸ ਤ੍ਰਿਸਨਾ ਕੇ ਆਗੇ ਸੁਮੇਰ ਭੀ ਰੰਚਕ ਹੀ ਦੀਸਤ ਹੈ, ਤੁਮ ਕਹਤ ਹੋ ਲੇਕਰਿ

ਅਨੇਕ ਹੀ ਥਕਿ ਜਾਤ ਹੈਂ, ਇਹ ਅਰਥ ਸਭ ਸੋਂ ਬਿਰੋਧ, ਯਾਂਤੇ ਇਹ ਬਡੋ ਪ੍ਰਸ਼ਨ ? ਤਹਾਂ ਉੱਤਰ:- ਪਹਿਲੀ ਪਾਤਿਸਾਹੀ ਕੀ ਬਾਣੀ ਮੈਂ ਥਕਜੋ ਨਾਮ 'ਰਹਿਣੇ' ਕੋ ਹੈ। ਪ੍ਰਮਾਣ-ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ [ਸਿਰੀ ਰਾਗੁ ਮਹਲਾ ੧-੨੪

ਦਿਨ ਥੋੜੇ ਰਹੇ ਹੈਂ ਜੀਵਨ ਕੇ, ਬ੍ਰਿਧ ਅਵਸਥਾ ਭਈ; ਤਾਂਤੇ ਐਸੋ ਅਰਥ ਕਰਣੋ। 'ਦੇਦਾ' ਕਹੀਏ ਦਾਨੀ ਜੋ ਪਰਮੇਸੁਰ ਹੈ ਸੋ ਸਰਬ ਜੀਆਂ ਕੋ ਜਗਤ ਬਿਖੈ ਦੇਬੋ ਕਰਤ ਹੈ । 'ਲੈਦੇ' ਕਹੀਏ ਜਾਚਕ ਜਗਤ ਕੇ ਲੋਕ ਸੋ 'ਥਕਿ ਪਾਹਿ'=ਖਾਨ ਪਹਿਰਨ ਕੋ, ਐਸ਼ੂਰਜ ਕੋ ਲੇਤੇ ਲੇਤੇ ਰਹਿ ਜਾਤ ਹੈਂ। ਰਹਿ ਜਾਤ ਕਜਾ ? ਮਰ ਜਾਤ ਹੈਂ। ਲੋਕੋਂ ਮੈਂ ਕਹਿਨਾਵਤ ਭੀ ਹੈਂ:- 'ਜੀਵਨੇ ਤੇ ਰਹਿ ਚੁਕਜੋ' । ਜਨਮ ਤੇ ਆਦਿ ਮਰਣੇ ਪ੍ਰਯੰਤ ਪਰਮੇਸੁਰ ਸਰਬ ਜੀਆਂ ਕੋ ਦੇਤ ਹੈ । ਜੇਕਰ ਸਿਖ ਬਹੁੜ ਪੂਛੈ: ਮਰਣੇ ਪ੍ਰਯੰਤ ਹੀ ਲੇਤ ਹੈਂ, ਫੇਰ ਤਿਨ ਕੀ ਗਤਿ ਕੌਨ ? ਗੁਰ ਕਹਤ ਹੈ :-

## ਜੁਗਾ ਜੁਗੰਤਰਿ ਖਾਹੀ ਖਾਹਿ ॥

ਜੁਗੋਂ ਜੁਗੋਂ ਕੇ ਅੰਤਰ ਮਰ ਕਰਿ ਫੇਰ ਜਨਮਤ ਹੈਂ, ਫੇਰ ਈਸੁਰ ਪਾਲਨਾ ਕਰਤ ਹੈ, ਜੀਵ ਨੇ ਕਈ ਕੋਟਿ ਪਿਛਾਂਰੀ ਜਨਮ ਧਾਰੇ ਹੈਂ, ਕਈ ਕੋਟਿ ਅਗਾਰੀ ਜਨਮ ਧਾਰੈਗੇ । ਸੋ ਸਰਬ ਜਨਮੋਂ ਬਿਖੈ ਖਾਂਦੇ ਹੀ ਖਾਂਦੇ ਰਹਿੰਦੇ ਹੈਨ। ਵਾ ਖਾਵਨ ਵਾਲੇ ਜੀਵ ਸੋ ਖਾਹੀ, ਖਾਤੇ ਰਹਿਤੇ ਹੈਂ। ਜੁਗੋਂ ਜੁਗੋਂ ਕੇ ਬਿਖੇ ਗਜਾਨਵਾਨ ਤੇ ਬਿਨਾ ਐ ਸਭ ਖਾਨ ਵਾਲੇ ਹੀ ਰਹਤ ਹੈਂ, ਜਬ ਲੌ ਸਰੂਪ ਮੈਂ ਲੀਨ ਨਹੀਂ ਹੋਤੇ। ਸੋ ਗਜਾਨ ਦੇਨਹਾਰੋ ਭੀ ਪਰਮੇਸੁਰ ਹੈ, ਇਤਅਰਥ।

ਇਨ ਤੁਕਨ ਮੈਂ ਪਰਕਰਾਲੰਕਾਰ ਹੈ ।

ਲੱਛਨ-ਸਾਭਿੱਪ੍ਰਾਯ[1] ਬਿਸ਼ੇਖਨ ਹੋਇ।
'ਪਰਕਰ ਅਲੰਕਾਰ' ਕਹਿੰ ਸੋਇ।

ਇਨ ਤੁਕਨਿ ਮੈਂ 'ਦੇਦਾ' ਬਿਸ਼ੇਖਣ ਪਰਮੇਸਰ ਕੋ ਸੋ ਦੇਨ ਕੋ ਪ੍ਰਸੰਗ ਮੈਂ ਕਹਜੋ, ਤੈਸੇ ਹੀ 'ਲੈਦੇ' ਬਿਸ਼ੇਖਨ ਜੀਵਨ ਕੋ ਲੇਨ ਕੇ ਪ੍ਰਸੰਗ ਮੈਂ ਕਹਜੋ । ਤਿਸੀ ਰੀਤਿ 'ਖਾਹੀ' ਬਿਸ਼ੇਖ਼ਨ ਹੈ। ਵਾ ਪਿਛਲੀ ਤੁਕ ਮੈਂ ਬੀਪਸਾਲੰਕਾਰ ਹੈ, 'ਜੁਗ ਜੁਗ' ਦੋ ਬੇਰ ਕਹਨ ਤੇ 'ਖਾਹੀ ਖਾਹਿ' ਕਹਿਨ ਤੇ ਬੀਪਸਾਲੰਕਾਰ ਹੋਤ ਹੈ। ਵਾ ਦਕਾਰ ਕੀ ਵਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ।

## ਹੁਕਮੀ ਹੁਕਮੁ ਚਲਾਏ ਰਾਹੁ ॥

ਹੁਕਮਵਾਨ ਜੋ ਪਰਮੇਸਰ ਹੈ, ਸੋ ਅਪਨੇ ਹੁਕਮ ਕੇ ਰਾਹੁ ਬਿਖੇ ਹੀ ਚਲਾਵਤ ਹੈ। ਹੁਕਮ ਤੇ ਹੀ ਪਦਾਰਥ ਦੇਤ ਹੈ। ਅਪਨੇ ਹੁਕਮ ਤੇ ਹੀ ਛੀਨ ਲੇਤ ਹੈ। ਹੁਕਮ ਤੇ ਹੀ ਸੁਖ ਭੋਗਾਵਤ ਹੈ। ਹੁਕਮ ਤੇ ਹੀ ਦੁਖ ਦੇਤ ਹੈ। ਜੈ, ਪਰਾਜੈ, ਮਾਰਣੋ, ਰਾਖਣੋ, ਇਤਜਾਦੀ ਸੰਪੂਰਣ ਜੋ ਰੀਤਿ ਹੈ, ਸੋ ਆਪਨੇ ਹੁਕਮ ਕੇ ਅਨੁਸਾਰ ਹੀ ਇਨ ਬਿਖੈ ਚਲਾਵਤ ਹੈ। ਬਿਨਾ ਹੁਕਮ ਤੇ ਰੋਮ ਭੀ ਬਾਂਕੋ ਔ ਸੂਧੋ ਕੋਈ ਨਹੀਂ ਕਰ ਸਕਤ ਹੈ।

---

੧. ਆਸ਼ਯ ਸਹਿਤ, ਪ੍ਰਯੋਜਨ ਸਹਿਤ ।

# ਨਾਨਕ ਵਿਗਸੈ ਵੇ ਪਰਵਾਹੁ ॥ ੩ ॥

ਸ੍ਰੀ ਨਾਨਕ ਸਾਹਿਬ ਕਹਤ ਹੈਂ: ਪਰਮੇਸੁਰ ਬਿਗਸੈ, ਕਿਆ ? ਹਸਤ ਹੈ ਅਰ ਬੇਪ੍ਰਵਾਹ ਹੈ। ਪ੍ਰਸ਼ਨ-ਹੁਕਮਵਾਨ ਹੁਕਮ ਕੇ ਬਿਖੇ ਚਲਾਇਕੇ ਹਸਤ ਹੈ, ਈਹਾਂ ਪਰਮੇਸੁਰ ਕੀ ਨੂਨਤਾ ਪ੍ਰਤੀਤ ਹੋਤੀ ਹੈ ? ਜੋ ਆਪ ਹੀ ਲੋਕ ਰਚੇ, ਤਿਨ ਕੇ ਊਪਰ ਹੁਕਮ ਕਰਿ ਪ੍ਰਸੰਨ ਹੋਤ ਹੈ; ਹੁਕਮੁ ਤੋਂ ਮਾਵਾਸਨ[1] ਜਾਗਾ ਕੇ ਊਪਰ ਕਰਿਕੈ ਪ੍ਰਸੰਨ ਹੋਨੋ ਬਨਤ ਹੈ ? ਕਹਿਨੀ ਥੀ ਬਡਜਾਈ ਨਿਕਸੀ ਨੂਨਤਾ[2]। ਇਸਤੇ ਅਨੁਚਿਤਾਰਥ ਦੋਖ, ਪੂਰਬ ਰੀਤਿ ਸੋਂ। ਅਰ ਦੂਸਰੇ ਹੁਕਮੁ ਚਲਾਵਨ ਕੇ ਅਰਥ ਮੈਂ 'ਬਡੋ ਬਲਵਾਨ ਸ਼ਕਤਿਵਾਨ ਜਗਤ ਈਸ਼' ਐਸੇ ਨਾਮ ਕਹਿਨੇ ਜੋਗ ਥੇ, 'ਬੇਪ੍ਰਵਾਹੁ' ਨਾਮੁ ਕਹਿਨੋ ਇਸ਼ ਤੁਕ ਮੈਂ ਸੋ ਅਰਥ ਕੋ ਪੁਸ਼ਟ ਨਹੀਂ ਕਰੇ ਹੈ । ਯਾਂਤੇ ਅਪੁਸ਼ਟਾਰਥ ਦੋਖ:-

ਲਛਨ-ਪਦ ਕੋ ਅਰਥ ਪੁਸ਼ਟ ਨਹਿ ਕਰਿਹੀ ।
ਨਾਮ 'ਅਪੁਸ਼ਟਾਰਥ' ਸੁ ਉਚਰਿਹੀ ।

ਇਨ ਦੋਸ਼ਨ ਤੇ ਆਛੋ ਅਰਥ ਨਹੀਂ ਬਨਤ ਹੈ। ਉੱਤਰ-ਈਹਾਂ ਦੋਊ ਦੋਖਨ ਕੋ ਉਧਾਰ ਐਸੇ:-ਹੁਕਮਵਾਨ ਅਪਨੇ ਹੁਕਮ ਸੋ ਸਭ ਕਿਛੁ ਕਰਤ ਹੈ । ਪ੍ਰੰਤੂ ਲੋਕ ਅਹੰਮਤਿ ਕੇ ਅਧੀਨ ਹੋ ਕਰਿ ਕਹਤ ਹੈਂ:-ਅਮੁਕਾ ਕਾਮ ਹਮ ਨੈ ਕਰਜੋ, ਅਮੁਕੋ ਸ਼ੱਤ੍ਰ ਹਮ ਨੈ ਮਾਰਜੋ, ਅਮੁਕੇ ਕੋ ਬਖਸ਼ਜੋ, ਹਮ ਨੈ ਅਧਿਕ ਦਰਬ ਸੰਚਜੋ, ਬਡੀ ਬੁਧਿ ਸੋਂ ਬਡੇ ਬਲ ਸੋਂ; ਅਮੁਕੋ ਕਾਰਜ ਅਪਨੀ ਬਿਅਕਲੀ ਕਰਿ ਹਮ ਨੈ ਬਿਗਾਰਜੋ । ਇਸ ਤੇ ਆਦਿ ਔਰ ਜੇਤੇ ਕਾਰਜ ਹੈਂ, ਤਿਨ ਕੇ ਹਾਨ ਲਾਭ ਬਿਖੇ ਹਉਮੈ ਕੋ ਧਰਿ ਕਰਿ ਕਹਤ ਹੈਂ। ਆਪਨੀ ਅਹੰਗਤਾ ਕੋ ਆਰੋਪਤ ਹੈਂ। ਤਿਨ ਕੀ ਦਿਸ਼ਿ ਦੇਖ ਕਰਿ ਪਰਮੇਸੁਰ ਬਿਗਸਤ ਹੈ, ਮੰਦ ਮੰਦ ਹਸਤ ਹੈ; ਹਾਨ ਲਾਭ ਕੇ ਕਰਨਵਾਰੋ ਤੋ ਮੈਂ ਹੋਂ, ਅਹੰਤਾ ਇਹ ਅਪਨੀ ਧਾਰਤ ਹੈ । ਲੋਕਨ ਕੀ ਮੂਰਖਤਾ ਲਖਿਕੈ ਬਿਗਸਨੇ ਕੋ ਕਾਰਨ । ਐਸੇ ਅਪ੍ਰਾਧ ਜਾਨ ਕਰਿ ਭੀ ਬਹੁਤ ਦੇਤ ਹੈ, ਯਾਂਤੇ ਵੇਪ੍ਰਵਾਹੁ । ਏਤੀ ਪ੍ਰਵਾਹ ਭੀ ਨਹੀਂ ਰਾਖਤ ਹੈ ਜੋ ਮੇਰੇ ਹੁਕਮੁ ਕੋ ਨਹੀਂ ਜਾਨਤ ਹੈਂ, ਅਪਨੇ ਆਪ ਹੀ ਕੋ ਮਾਨਤ ਹੈਂ, ਇਨ ਕੋ ਰੋਜ਼ੀ ਨਾ ਦੇਵੋਂ, ਬਹੁਤ ਦੇਤ ਹੈ। ਇਸੀ ਬਾਤ ਤੇ ਗੁਰੂ ਜੀ ਨੇ ਅਰਥ ਸਪਸ਼ਟ ਕਰਿਬੇ ਕੇ ਲਿਯੇ ਨਾਮ 'ਵੇਪਰਵਾਹੁ' ਰਾਖਜੋ ਹੈ। ਦੋਊ ਜੋ ਦੂਖਨ ਹੁਤੇ ਇਨ ਤੁਕਨ ਮੈਂ, ਇਸ ਅਰਥ ਮੈਂ ਦੋਨੋਂ ਭੂਖਨ ਹ੍ਵੈ ਗਏ ਹੈਂ, ਇਤਜਰਥ। ਇਨ ਦੋਊ ਤੁਕਨ ਮੈਂ ਸੁਭਾਵੋਕਤਿ ਅਲੰਕਾਰ ਹੈ:-

ਲੱਛਨ-ਜਹ ਸੁਭਾਵ ਕੋ ਬਰਨਨ ਹੋਇ ।
ਕਹੈਂ 'ਸੁਭਾਵੋਕਤਿ' ਬੁਧਿ ਸੋਇ ।

ਇਨ ਤੁਕਨ ਮੈਂ ਹੁਕਮ ਚਲਾਵਨੋ, ਬਿਗਸਨੋ, ਵੇਪ੍ਰਵਾਹ ਹੋਨੋ, ਯਹ ਸੁਭਾਵ ਬਰਨਜੋ । ਹੁਕਮੀ ਪਰਮੇਸੁਰ ਕੋ ਬਿਸ਼ੇਖਨ ਸਾਭਿੱਪ੍ਰਾਯ ਹੈ, ਯਾਂਤੇ ਪਰਕਰ ਅਲੰਕਾਰ ਭੀ ਹੈ ॥ ੩ ॥

---

੧. ਆਕੀ, ਜੋ ਹੁਕਮ ਨਾ ਮੰਨਣ । ੨. ਕਮੀ, ਛੁਟਾਈ ।

[ਪਉੜੀ ਚਉਥੀ]

ਪ੍ਰਥਮੇ ਜਗਜਾਸੀ ਕੇ ਅੰਤਹਕਰਣ ਨਿਰਮਲ ਕੇ ਹੇਤ ਕਹੇ: ਭਾਣਾ ਮਾਨਣੋ, ਹਉਮੈ ਕੋ ਤਜਨੋ। ਬਹੁਰ ਬਜੰਤਤਾ ਲਖਾਈ। ਅਬ ਨਾਮ ਕੇ ਸਿਮਰਨ ਕੀ ਬਿਧਿ ਕਹਤ ਹੈਂ:-

## ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥

ਸਾਚਾ ਜੋ ਸਾਹਿਬੁ ਹੈ ਤਿਸ ਕੋ ਨਾਮ ਤੌ 'ਸਚੁ' ਏਕ ਹੀ ਹੈ, ਇਸ ਤੇ ਬਿਨਾ ਔਰ ਨਾਮ ਜੇਤੇ ਹੈਂ, ਸੋ ਕ੍ਰਿਤਮ ਹੈਂ, ਦੇਸ਼ ਭਾਸ਼ਾ ਕੇ। ਸੁਰਗ ਕੀ ਭਾਖਾ ਸਹਸਕ੍ਰਿਤੀ, ਤਿਸ ਕੇ ਬਿਖੈ ਅਨੇਕ ਨਾਮ ਨਿਰੰਕਾਰ, ਕਰਤਾਰ, ਪਰਮੇਸੁਰ, ਅਬਿਨਾਸੀ, ਇਨ ਤੇ ਆਦਿ ਤਿਨੋਂ ਨੇ ਕਰਿ ਲੀਏ ਹੈਂ। ਪਾਰਸੀ ਪਸ਼ਚਮ ਦੇਸ਼ ਕੀ ਭਾਖਾ, ਤਿਸ ਕੇ ਬਿਖੈ ਤਹਾਂ ਕੇ ਲੋਕੋਂ ਨੈ ਖ਼ੁਦਾਇ, ਅੱਲਾਹ, ਇਸਤੇ ਆਦਿ ਅਨੇਕ ਨਾਮ ਕਹੇ ਹੈਂ। ਇਸੀ ਰੀਤਿ ਸਰਬ ਦੇਸੋਂ ਕੀ ਭਾਖਾ ਅਰਬੀ, ਤੋਰਕੀ, ਪਹਿਲਵੀ, ਪਸ਼ਤਵੀ, ਇਨ ਤੇ ਆਦਿ ਔਰ ਦੇਸ਼ ਸਰਬ ਹੀ ਸਮਝ ਲੈਣੇ। ਆਪੋ ਅਪਨੇ ਸਮਝਿਬੇ ਹਿਤ ਔ ਸੁਖੈਨ ਕਹਿਬੇ ਹਿਤ ਅਨੇਕਾਨਿ ਅਨੇਕ ਨਾਮੋਂ ਕੋ ਕਹਤ ਹੈਂ। ਦੇਸ਼ ਭੀ ਅਪਾਰ ਹੈਂ, ਕਛੁ ਗਿਨਬੇ ਮੈਂ ਨਹੀਂ ਆਵਤ ਹੈਂ, ਜੋ ਏਤਨੇਕ ਹੈਂ। ਕੋਈ ਦੇਸ਼ ਸੌ ਕੋਸ ਕੋ, ਕੋਈ ਪਚਾਸ ਕੋਸ ਕੋ; ਇਸੀ ਰੀਤਿ ਕੋਈ ਬਡੋ ਕੋਈ ਛੋਟੇ। ਸਰਬ ਦੇਸ਼ਨ ਮੈਂ ਭਾਖਾ ਆਪੋ ਆਪਣੀ ਜੁਦੀ ਜੁਦੀ ਹੈ। ਕੋਈ ਕਿਸੇ ਰੀਤਿ ਸੋਂ ਬੋਲਤ ਹੈ ਕੋਈ ਕਿਸੇ ਰੀਤਿ ਸੋਂ। ਇਸੀ ਹੇਤ ਤੇ ਭਾਖਿਆ ਕੇ ਭਾਉ ਅਪਾਰ ਹੀ ਹੈਂ, ਅਣਗਿਣਤ ਹੈਂ। ਸਤਿਨਾਮ ਜੋ ਹੈ ਸੋ ਪੂਰਬਲੋ ਹੈ, ਜਬ ਦੇਸ਼ ਭੀ ਨਹੀਂ ਬਨੇ ਥੇ ਤਬ ਕੋ ਹੈ, ਯਾਂਤੇ ਅਕ੍ਰਿਤਮ। ਸਤਿਨਾਮ ਤੇ ਬਿਨਾ ਔਰ ਜੋ ਨਾਮ ਹੈਂ ਸੋ ਸਭ ਕ੍ਰਿਤਮ ਹੈਂ; ਤਿਨ ਕੋ ਭੀ ਨਿਰਨੇ ਕਰਤੇ ਹੈਂ।

ਕ੍ਰਿਤਮ ਨਾਮ ਚਾਰ ਪ੍ਰਕਾਰ ਕੇ ਹੈਂ, ਇਨ ਚਾਰੋਂ ਤੇ ਵਹਿਰ ਕੋਊ ਨਹੀਂ, ਬਿਨਾ ਸਤਿਨਾਮ ਤੇ। ਸੋ ਚਾਰ ਪ੍ਰਕਾਰ ਅਬ ਕਹਤ ਹੈਂ: ਜਾਤਿ, ਜਦਰਿਛਾ, ਗੁਨ, ਕ੍ਰਿਆ। ਸੋ ਕ੍ਰਿਸ਼ਨ ਜੀ ਕੇ ਊਪਰ ਘਟਾਵਤ ਹੈਂ, ਪਰ ਸਰਬ ਕੇ ਊਪਰ ਹੀ ਸਮਝ ਲੈਨੇ। ਜਾਤਿ ਕੋ ਐਸੇ: ਜੈਸੇ ਕ੍ਰਿਸ਼ਨ ਜੀ ਜਦੁ ਕੁਲ ਕੇ ਬਿਖੈ ਜਨਮ ਲਿਯੋ, ਯਾਂਤੇ 'ਜਾਦਵ' ਕਹਿਤ ਹੈਂ; ਯਹ ਜਾਤਿ ਕੋ ਨਾਮ ਭਯੋ। ਜਦਰਿਛਾ ਕੋ ਐਸੇ: ਜੋ ਜਿਸ ਕੋ ਬਡੇ ਹੋਇ ਪ੍ਰੇਮ ਕਰਿ ਨਾਮ ਧਰੈ, ਜੈਸੇ ਨੰਦ ਆਦਿਕ 'ਕਾਨ੍ਹ' ਕਹਿਤੇ ਥੇ। ਗੁਨ ਕੋ ਨਾਮ ਐਸੇ: ਸ਼ਜਾਮ ਰੰਗ ਗੁਨ, ਤਿਸ ਤੇ 'ਸ਼ਜਾਮ' ਹੀ ਨਾਮ ਕਹਤ ਹੈਂ। ਕ੍ਰਿਯਾ ਕੋ ਨਾਮ: 'ਮੁਰਾਰੀ, ਗਿਰਧਾਰੀ'। ਇਨ ਚਾਰਨ ਹੂੰ ਕਰਿ ਨਾਮ ਹੋਤ ਹੈਂ। ਸਤਿਨਾਮ ਬਿਖੈ ਏ ਚਾਰ ਹੂੰ ਨਹੀਂ ਬਨਤ। ਜਾਤਿ ਸਚੇ ਸਾਹਿਬ ਕੀ ਨਹੀਂ, ਜਾਂਤੇ ਕਿਸੇ ਕੈ ਜਨਮਜੋ ਨਹੀਂ। ਜਦਰਿਛਾ ਇਸਤੇ ਨਹੀਂ, ਜੋ ਉਸ ਤੇ ਬਡੇ ਹੋਤੇ ਤੌ ਕਹਤੇ। ਗੁਨ: ਸ਼ਜਾਮ, ਪੀਤ ਆਦੀ ਸੋ ਭੀ ਨਹੀਂ। ਕ੍ਰਿਯਾ ਮੈਂ ਭੀ ਇਹ ਨਾਮ ਨਹੀਂ ਬਨਤ ਹੈਂ। ਜੇ ਕੋਈ ਕਹੈ ਸਤਿਨਾਮ ਕ੍ਰਿਤਮ ਨਹੀਂ ਇਸ ਕੋ ਨਿਸਚੋ ਕੈਸੇ ਕਰੀਏ ? ਤਿਸੁ ਪਰ ਪ੍ਰਮਾਣ ਸ੍ਰੀ ਗ੍ਰੰਥ ਸਾਹਿਬ ਜੀ ਕੋ,-ਪ੍ਰਥਮੇ ਨਾਮ ਮਾਰੂ ਕੇ ਸੋਲਹੇ

ਮੈਂ ਗਿਨੇ ਹੈਂ, ਪੀਛੇ ਤੇ ਇਹ ਤੁਕ ਕਹੀ ਹੈ:-

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥

[ਮਾਰੂ ਮਹਲਾ ੫, ਸੋਲਹਾ=੧੧

ਅਰਥ-ਕਿਰਤਮ=ਕਰੇ ਹੂਏ ਨਾਮ ਜਿਹਬਾ ਸੋਂ ਕਹੇ ਹੈਂ, ਸਤਿਨਾਮੁ ਜੋ ਹੈ ਤੇਰਾ, ਸੋ ਪਰਾ ਬਾਣੀ ਜੋ ਹੈ, ਤਿਸ ਤੇ ਭੀ ਪਹਿਲੇ ਕੋ ਹੈ।

ਚਾਰ ਭਾਂਤਿ ਕੀ ਬਾਣੀ ਕਹੀ ਹੈ, ਏਕ ਤੋ 'ਪਰਾ' ਬਾਨੀ ਹੈ ਸੋ ਗਯਾਨ ਸਮਸ਼ਟ ਰੂਪ ਹੈ। ਦੂਸਰੀ ਬਾਣੀ 'ਪਸਯੰਤੀ' ਹੈ, ਬੁਧਿ ਰੂਪ ਜਿਸ ਬਿਖੈ ਸਫੁਰਨ ਹੋਤਾ ਹੈ, ਜੋ ਮੈਂ ਕਿਛੁ ਕਹੋਂ। ਤਿਸ ਕੇ ਆਗੇ 'ਮਧਯਮਾ' ਹੈ, ਜਿਸ ਮੈਂ ਨਿਸਚੇ ਦ੍ਰਿੜ ਹੋਤ ਹੈ, ਜੋ ਇਹ ਕੁਛ ਮੈ ਕਹੋਂਗਾ। ਅਰੁ ਜਬ ਕਹਾ, ਤਬ ਉਸ ਕਾ ਨਾਮ 'ਬੈਖਰੀ' ਹੈ। ਤਿਸ ਬੈਖਰੀ ਬਾਣੀ ਕੋ ਮੁਖ ਮੈਂ ਬਾਸਾ, ਮਧਯਮਾ ਕੋ ਕੰਠ ਮੈਂ ਬਾਸਾ, ਪਸਯੰਤੀ ਕੋ ਰਿਦੇ ਮੈਂ ਬਾਸਾ, ਪਰਾ ਕੋ ਨਾਭੀ ਮੈਂ ਬਾਸਾ। ਸਰਬ ਬਾਨੀ ਕੋ ਮੂਲਭੀ ਪਰਾ ਹੈ। ਇਸ ਤੇ ਪਰੇ ਔਰ ਹੈਭੀ ਨਹੀਂ।

ਜਬ ਪਰਾ ਬਾਣੀ ਬੀ ਰਚੀ ਨਹੀਂ ਹੁਤੀ ਤਿਸ ਤੇ ਪੂਰਬ ਹੀ ਸਤਿਨਾਮ ਹੁਤੋ। ਯਾਂਤੇ ਜਾਣੀਤਾ ਹੈ ਸਤਿਨਾਮ ਅਕ੍ਰਿਤਮ ਹੈ ਗੁਰੂ ਸਰਬੱਗਯ ਕੇ ਕਹਿਬੇ ਤੇ। ਪ੍ਰਥਮ ਮੰਗਲਾਚਰਨ ਗੁਰੂ ਜੀ ਇਸੀ ਕੋ ਕਰਤ ਹੈਂ। ਇਤਯਰਥ।

ਇਸ ਤੁਕ ਮੈਂ ਅਰਥਾਂਤਰਨਯਾਸ ਅਲੰਕਾਰ ਹੈ।

ਲੱਛਨ-ਜਹਿਂ ਬਿਸ਼ੇਖ ਪਦ ਕਹੈ ਸਮਾਨਯ।
ਕੈ ਸਾਮਾਨਯ ਬਿਸ਼ੇਖਹਿ ਆਨਯ।
ਪ੍ਰਥਮੁ ਪਦਹਿ ਕੋ ਜਹਿਂ ਦ੍ਰਿਢ ਕਰੀਏ।
ਤਹਿ 'ਅਰਥਾਂਤਰਨਯਾਸ ਬਿਚਰੀਏ।

ਈਹਾਂ ਸਚੇ ਸਾਹਿਬ ਕੋ ਨਾਮ ਹੀ ਸਚੁ ਹੈ, ਇਹ ਬਿਸ਼ੇਖ ਬਾਤ ਕਹੀ। ਜੋ ਬਹੁਤ ਬਾਤ ਨਹੀਂ ਹੋਇ ਸੋ ਬਿਸ਼ੇਖ, ਜੋ ਬਹੁਤ ਮੈਂ ਪ੍ਰਸਿਧ ਹੋਇ ਸੋ ਸਾਮਾਨਯ; ਸਚੇ ਸਾਹਿਬ ਕੋ ਨਾਮ 'ਸਚੁ' ਏਕ ਹੀ ਹੈ, ਇਹ ਬਹੁਤ ਪ੍ਰਸਿਧ ਨਹੀਂ ਹੈਂ, ਯਾਂਤੇ ਬਿਸ਼ੇਖ। 'ਭਾਖਿਆ ਭਾਉ ਅਪਾਰੁ' ਦੇਸ਼ਨ ਕੀ ਭਾਖਾ ਅਨੇਕ ਤਰਹਿ ਕੀ, ਯਹਿ ਬਾਤ ਪ੍ਰਸਿਧ ਹੈ, ਸਭਨ ਕੇ ਬਿਖੈ, ਯਾਂਤੇ ਸਾਮਾਨਯ ਹੈ। ਸਾਮਾਨਯ ਪਿਛਲੇ ਪਦ ਸੋਂ, ਬਿਸੇਖ ਪੂਰਬ ਪਦ ਸੋਂ ਦ੍ਰਿੜ ਕੀਓ। ਯਾਂਤੇ ਅਰਥਾਂਤਰਨਯਾਸ ਹੈ।

ਇਸ ਤੁਕ ਕੇ ਅਰਥ ਕੋ ਸੁਨ ਕਰਿ ਜੋ ਜਗਯਾਸੀ ਕਹੈ: ਏਕ ਸਤਿਨਾਮ ਹੀ ਸਫਲ ਭਯੋ, ਮੁਕਤਿ ਆਦਿ ਔਰ ਜੇਤੀ ਕਾਮਨਾ ਹੈਂ ਤਿਨ ਕੋ ਦੇਨ ਵਾਰੋ ਭੀ ਸਤਿਨਾਮ ਹੀ ਹੋਇਗੋ, ਔਰ ਨਾਮ ਅਨੇਕ ਜੋ ਹੈਂ ਸੋ ਨਿਸਫਲ ਜਾਨੀਤੇ ਹੈਂ, ਐਸੇ ਕਹਨ ਕਰਿ! ਤਿਸੁ ਪਰ ਸਾਹਿਬ ਜੀ ਕਹਤ ਹੈਂ:-

## ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥

ਪਰਮੇਸੁਰ ਕੋ ਨਾਮੁ ਜੈਸੀ ਜੈਸੀ ਭਾਖਯਾ ਬਿਖੈ ਬਨਾਇ ਕਰਿ ਕਹਤ ਹੈਂ ਔਰ ਜੋ ਜੋ ਕਿਛੁ ਮਾਂਗਤ ਹੈਂ, ਕਹਤ ਹੈਂ: ਹੇ ਰਾਮ ਦੇਹ, ਯਾ ਖੁਦਾਇ ਦੇਹ, ਇਤਯਾਦੀ ਨਾਮ ਲੇ

ਲੇ ਕਰਿ ਜਾਚਤ ਹੈਂ, ਸੋ ਤਿਸੀ ਤਿਸੀ ਰੀਤਿ ਪਰਮੇਸੁਰ ਅਪਨੇ ਨਾਮ ਕੋ ਜਾਣ ਕਰਿ ਤਿਨ ਸਰਬ ਕੋ ਦਾਤਿ ਕਹੀਏ ਦਾਨ ਕਰਤ ਹੈ। ਪਰਮੇਸਰ ਕੈਸੇ ਹੈ ? ਦਾਤਾਰ ਹੈ ਦਾਤਾ ਹੀ ਕਹਿਨੇ ਥੇ, ਦਾਤਾਰ ਕਹਨੇ ਕੋ ਪ੍ਰਯੋਜਨ ਕੌਣ ? ਦਾਤਾਰੁ ਤਿਸ ਕੋਂ ਕਹਤ ਹੈਂ: ਜੋ ਹਰਿ ਵਕਤ ਦੇ, ਊਚ ਨੀਚੁ ਹਰਿ ਕਿਸੀ ਕੋ ਦੇਹ ਅਰੁ ਸਰਬ ਸਥਾਨ ਮੈਂ ਜਿਸ ਤੇ ਲੇਤੇ ਹੋਇਂ; ਯਾਂਤੇ ਗੁਰੂ ਜੀ ਨੇ ਦਾਤਾਰੁ ਪਦ ਕਹ੍ਯੋ। ਇਤ੍ਯਰਥ।

ਹਕਾਰ ਕੀ ਵਰਨ ਮੈਤ੍ਰੀ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ। ਦੇਹਿ ਦੇਹਿ ਪਦ ਮੈਂ ਬੀਪਸਾ ਅਲੰਕਾਰ ਹੈ। ਦਕਾਰ ਬਹੁਤ ਬੇਰ ਹੈ ਯਾਂਤੇ ਬ੍ਰਿਤ੍ਯਾਨੁਪ੍ਰਾਸ ਹੈ। ਅਰੁ ਹੇਤਾਲੰਕਾਰ ਭੀ ਹੈ। ਲੱਛਨ-ਕਾਰਨ ਕਾਰਜ ਏਕ ਸਥਾਨ।
'ਹੇਤਾ ਅਲੰਕ੍ਰਿਤ' ਤਾਂਹਿ ਬਖਾਨ।

ਈਹਾਂ ਕਾਰਨ ਪਰਮੇਸੁਰ ਕੋ ਨਾਮ ਲੇਕੈ ਮਾਂਗਨੋ, ਕਾਰਜ ਦੈਨੋ, ਦੋਊ ਏਕ ਸੰਗ ਮੇਂ ਬਰਨਨ ਤੇ ਹੇਤਾਲੰਕਾਰ ਹੈ।

ਇਸ ਤੁਕ ਕੋ ਅਰਥ ਅਨੰਦਘਨੀ ਟੀਕੇ ਮੈਂ ਐਸੇ ਕਰ੍ਯੋ ਹੈ:-ਮੈਂ ਕਹਿਤਾ ਹੌਂ; ਅਰੁ ਮਾਗਤਾ ਹੌਂ, ਦੇਹੁ ਦੇਹੁ, ਮੁਝ ਕੌ ਦਾਤ ਕਰਹੁ, ਹੇ ਦਾਤਾਰੁ ! 'ਆਖਹਿ ਮੰਗਹਿ' ਬਹੁਬਾਚੀ ਪਦ ਥੇ, ਤਿਨ ਕੋ ਏਕ ਕੋ ਅਰਥ ਕਰ੍ਯੋ। ਤਿਸ ਅਰਥੁ ਪਰ ਗਤਿ ਸੰਸਕ੍ਰਿਤ ਦੇਖ। ਦੇਖ ਬਿਚਾਰਨੇ, ਇਹ ਤੋ ਬਿਦ੍ਯਾ ਕਹੂੰ ਰਹੀ, ਏਕ ਵਾਚੀ ਵਾ ਬਹੁ ਬਾਚੀ ਇਤਨੋ ਭੀ ਅਕਲ ਮੈਂ ਨਹੀਂ ਆਯੋ। ਤਿਸ ਕੇ ਅਰਥ ਮੂਜਬ ਤੁਕ ਇਸ ਰੀਤਿ ਚਾਹੀਤੀ ਥੀ: 'ਆਖੌਂ ਮੰਗੋਂ ਦੇਹੁ ਦੇਹੁ ਦਾਤ ਕਰਹੁ ਦਾਤਾਰੁ'। ਇਨ ਦੋਊ ਤੁਕਨ ਤੇ ਅਗਾਰੀ ਜੋ ਦੋਇਤੁਕਾਂ ਔਰ ਹੈਂ ਤਿਨ ਮੈਂ ਸਿਖ ਕੋ ਪ੍ਰਸ਼ਨ ਹੋਨੋ ਹੈ: 'ਫੇਰਿ ਕਿ ਅਗੈ ਰਖੀਐ', 'ਮੁਹੌਕਿ ਬੋਲਣੁ ਬੋਲੀਐ'; ਪਹਿਲੇ ਪ੍ਰਸ਼ਨ ਕੀ ਤੁਕ ਮੈਂ ਅਨੰਦਘਨ ਜੋ ਹੈ ਤਿਸ ਨੇ ਉੱਤਰ ਕੋ ਅਰਥ ਕਰ੍ਯੋ, ਸੋ ਭੀ ਮਹਾਂ ਬਯਰਥ ਬਨਾਯੋ ਹੈ। ਤਿਸ ਤੁਕ ਮੈਂ ਪ੍ਰਸ਼ਨ ਸਿਖ ਕੋ, ਜੋ ਅਲਪ ਬੁਧਿ ਵਾਰੇ ਹੈਂ ਸੋ ਭੀ ਸਮਝ ਲੇਤ ਹੈਂ। ਐਸੋ ਪ੍ਰਗਟ ਹੈ। ਯਾਂਤੇ ਜਾਨੀਤਾ ਹੈ ਗੁਰ ਲੱਛ ਸੋ ਅਨੰਦਘਨ ਪਢ੍ਯੋ ਨਹੀਂ। ਅਰੁ ਬੁਧਿ ਗੁਰੂ ਜੀ ਕੀ ਬਾਣੀ ਕੇ ਅਰਥ ਲਖਨੇ ਉਚਿਤ ਨਹੀਂ। ਕਥਾ ਕਾਂਸ਼ੀ ਮੈਂ ਪਰਾਣੋਂ ਕੀ ਬਹੁਤ ਹੋਤ ਹੈ, ਤਹਾਂ ਤੇ ਸੁਨਿ ਸੁਨਿ ਸ਼ਲੋਕ ਲਿਖ ਦੀਏ ਹੈਂ, ਅਖਰ ਅਰਥ ਜਾਨ੍ਯੋ ਨਹੀਂ ਹੈ। ਜੋ ਨਿਸਚੈ ਤੈ ਹੀਨ ਹੈਂ ਨਰ ਸੋ ਜਾਨਤ ਹੈਂ: ਪੁਰਾਣੋਂ ਕੇ ਪ੍ਰਮਾਣੋਂ ਤੇ ਗੁਰੂ ਜੀ ਕੇ ਬਚਨ ਸਿਧ ਕਰੇ ਸੋ ਬਡੇ ਭਏ; ਗੁਰੂ ਜੀ ਕੇ ਬਚਨ ਸੁਤੈ ਸਿਧ ਹੀ ਬਡੇ ਹੈਂ। ਜੈਸੇ ਬੇਦ ਕੇ ਬਚਨ ਕੋ ਕੋਈ ਨਹੀਂ ਉਲੰਘ ਸਕਤਿ ਹੈ, ਤੈਸੇ ਇਨ ਕੋ ਸਰਬ ਹੀ ਮਾਨਤ ਹੈਂ; ਜੋ ਕੋਈ ਇਨ ਪਰ ਤਰਕ ਕਰਤ ਹੈ ਸੋ ਐਸੇ ਜਾਨਣੇ, ਜੈਸੇ ਨਾਸਤਕ ਬੇਦ ਕੋ ਤਰਕਤ ਹੈਂ। ਤੈਸੇ ਹੀ ਗੁਰੂ ਜੀ ਕੀ ਤਰਫ ਤੇ ਸੋ ਨਾਸਤਕ ਸਮਝ ਰਖਣੇ। ਸਲੋਕਨਿ ਕੇ ਲਿਖਨ ਕਰਿ ਲੋਕੋਂ ਨੇ ਜਾਨ੍ਯੋ: ਆਛੇ ਅਰਥ ਕਰੇ ਹੈਂ, ਪ੍ਰੰਤੂ ਅਰਥ ਕਰਨ ਵਾਰੇ ਜੋ ਬੁਧਿਵਾਨ ਹੈਂ ਸੋ ਤੋ ਐਸੇ ਜਾਨਤ ਹੈਂ:-ਜਪੁਜੀ ਕੇ ਜੋ ਅਰਥ ਹੈਂ ਤਿਨ ਕੇ ਤੋ ਨਜੀਕ ਭੀ ਨਹੀਂ ਗਯੋ; ਜੋ ਕਹਤ ਹੈ: ਦਰਬਾਰ ਕੋ ਦਰਸ਼ਨ ਕਰੇ ਤੇ ਕਰਮ ਫਲੁ ਕਾ ਯਥਾਰਥ ਗ੍ਯਾਨ ਹੋਵੈ, ਫੇਰ ਨਾਮ ਕੇ ਮਹਾਤਮ ਕੋ ਸਮਝ ਕੈ ਸਿਮਰਨ ਕਰੈ।

ਅਰਥ ਕਰਨ ਵਾਰੇ ਜੋ ਬੁਧਿਵਾਨ ਹੈਂ ਸੋ ਤੋ ਐਸੇ ਜਾਨਤ ਹੈਂ: ਜਪੁਜੀ ਕੇ ਜੋ ਅਰਥ ਹੈਂ ਤਿਨ ਕੇ ਤੌਂ ਨਜੀਕ ਭੀ ਨਹੀਂ ਗਯੋ; ਜੋ ਕਹਤ ਹੈ: ਦਰਬਾਰ ਕੋ ਦਰਸ਼ਨ ਕਰੇ ਤੇ ਕਰਮ ਫਲ਼ ਕਾ ਯਥਾਰਥ ਗਯਾਨ ਹੋਵੈ, ਫੇਰ ਨਾਮ ਕੇ ਮਹਾਤਮ ਕੋ ਸਮਝਕੈ ਸਿਮਰਨ ਕਰੈ। ਜਿਸ ਕੋ ਕਰਮ ਫਲੁ ਕਾ ਭੀ ਗਯਾਨ ਨਹੀਂ, ਸੋ ਦਰਬਾਰ ਤੀਕਰ ਕੈਸੇ ਪਹੁੰਚੇਗਾ ? ਸ਼ੁਭ ਕਰਮ ਕਰਨੇ ਇਹ ਤੋਂ ਨਾਮ ਸਿਮਰਨੇ ਕੇ ਸਾਧਨ ਹੈਂ, ਅਰ ਨਾਮ ਕੋ ਸਿਮਰਨ ਹੈ ਦਰਸ਼ਨ ਕੋ ਸਾਧਨ । ਇਹ ਤੋਂ ਸਾਧਨ ਦੂਸਰੇ ਦਰਜੇ ਨੀਚੇ ਕੋ ਹੈ। ਦਰਬਾਰ ਕੋ ਦਰਸ਼ਨ ਸਿਧ ਹੈ, ਸੋ ਪਹਿਲੇ ਸਿਧ ਭਯੋ, ਪੀਛੇ ਤੇ ਸਾਧਨ ਕਾਹੇ ਕੋ ਕਰਨੇ ਹੈਂ ? ਐਸੇ ਭੀ ਨਹੀਂ ਜਾਨਜੇ। ਜੈਸੇ ਕੋਈ ਭੰਗ ਖਾਇ ਬੋਲਤ ਹੈ, ਤੈਸੇ ਅਰਥ ਕਰਤੋ ਗਯੋ ਹੈ। ਔਰ ਤਿਸਕੋ ਅਨਜਾਨਪਨੋ ਕਹਾਂ ਤਕ ਕਹੈਂ ? ਗ੍ਰੰਥਿ ਬਧਤ ਹੈ, ਯਾਂ ਤੇ ਛੋਰ ਦੀਓ ਹੈ ।

ਅਬ ਸਿੱਧਾਂਤ ਅਰਥ ਕੋ ਕਹਤ ਹੈਂ । ਜਬ ਗੁਰੂ ਜੀ ਨੇ ਕਹਜੋ: ਪਰਮੇਸੁਰ ਹੀ ਅਪਨੇ ਨਾਮ ਕੋ ਸ੍ਰਵਨ ਕਰਿ ਸਭੁ ਕਿਛੁ ਦੇਤ ਹੈ, ਤਬ ਸਿਖ ਪੂਛਤ ਹੈ:-

## ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

ਸਭਨ ਕੋ ਸਰਬ ਕਿਛੁ ਤੋ ਪਰਮੇਸੁਰ ਦੇਤ ਹੈ, ਅਰ ਜੋ ਨਰ ਤਿਸ ਕੇ ਦਰਬਾਰ ਕੋ ਦੇਖਯਾ ਚਾਹੈ, ਸੋ ਫੇਰ ਕੌਨ ਵਸਤੁ ਪਰਮੇਸੁਰ ਕੇ ਅਗਾਰੀ ਭੇਟ ਧਰੈ ? ਜਿਸ ਕੋ ਲੇ ਕਰਿ ਪ੍ਰਸੰਨ ਹੋਇਕੈ, ਨਿਕਟਿ ਅਪਨੇ ਬੁਲਾਇਕੈ, ਦਰਬਾਰ ਬਿਖੈ ਦਰਸਨ ਕੋ ਦਿਖਾਵੈ ? ਤਿਸ ਕੇ ਦੀਏ ਹੁਏ ਜੋ ਪਦਾਰਥ ਹੈਂ ਸੋ ਅਗਾਰੀ ਮੋੜ ਕਰਿ ਧਰੀਏ ਤਿਸ ਕੀ ਭੇਟ ਹਿਤ, ਤਿਸ ਤੇ ਤੋਂ ਪ੍ਰਸੰਨਤਾ ਬਨਤ ਹੀ ਨਹੀਂ ਹੈ ? ਯਹ ਸਿਖ ਕੋ ਏਕ ਪ੍ਰਸ਼ਨ । ਦੂਸਰੋ ਪ੍ਰਸ਼ਨ ਔਰ ਕਰਤ ਹੈ :-

## ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੈ ਪਿਆਰੁ ॥

ਮੁਖ ਤੇ ਕਿਆ ਬਚਨ ਕੋ ਬੋਲੀਐ, ਜਿਸ ਬਚਨ ਕੋ ਸੁਨ ਕਰਿ, ਅਪਨੋ ਜਨ ਜਾਨ ਕਰਿ ਪਿਆਰ 'ਹੇਤ' ਕੋ ਕਰੈ ਹੈ ? ਜਿਸ ਹੇਤ ਕਰਨ ਤੇ ਗਯਾਨ ਕੀ ਪ੍ਰਾਪਤਿ ਕੋ ਪਾਇ ਕਰਿ ਜਨਮ ਮਰਨੇ ਤੇ ਰਹਤ ਹੋਇ। ਐਸੇ ਸਿਖ ਕੇ ਪੂਛਨੇ ਤੇ ਸਤਿਗੁਰ ਉੱਤਰ ਕ੍ਰਹਤ ਹੈਂ :-

## ਅੰਮ੍ਰਿਤੁ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਅੰਮ੍ਰਿਤੁ ਵੇਲਾ, ਰਾਤਿ ਕੋ ਪਿਛਲੋ ਪਹਿਰ, ਤਿਸ ਬਿਖੈ ਸ਼ਨਾਨ ਕੋ ਕਰਿਕੈ, ਏਕ ਮਨ ਹੋਇ ਕਰਿ ਸਤਿਨਾਮ ਕੋ ਉਚਾਰਨ ਕਰੈ, ਅਰੁ 'ਵਡਿਆਈ' ਕਹਿਯੇ ਉਸਤੁਤਿ, ਤਿਸ ਕੋ ਵੀਚਾਰਿਕੈ ਕਰੈ । ਰਸਨਾ ਸੋਂ ਸਹਿਜੇ ਬੋਲਨੋ ਵਾ ਊਚੇ ਬੋਲਣੋ, ਸੋਈ ਸੁਭ ਹੈ । ਇਸ ਕੋ ਸੁਨਿ ਕਰਿ ਪਰਮੇਸੁਰ ਪ੍ਰਸੰਨ ਹੋਤ ਹੈ। ਗੁਰੂ ਜੀ ਕੇ ਮਤ ਮੈਂ ਪਹਿਰ ਰਾਤ ਤੇ ਸ਼ਨਾਨ ਕੀ ਰੀਤਿ ਹੈ। ਇਸ ਅਰਥ ਪਰੁ ਜੇ ਕੋਈ ਤਰਕ ਕਰੈ, ਤਿਸ ਪਰ ਗੁਰੂ ਜੀ ਕੇ ਬਚਨ ਕੋ ਪ੍ਰਮਾਣ :-

ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ ॥<br>ਤਿਨਾ ਦਰੀਆਵਾ ਸਿਉ ਦੋਸਤੀ ਮਨਮੁਖਿ ਸਚਾ ਨਾਉ ॥

ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥
[ਵਾਰ ਮਾਝ ਮ: ੨-੧੮

'ਸ਼ਬ' ਨਾਮ ਪਾਰਸੀ ਕੋ ਹੈ, ਰਾਤ੍ਰੀ ਕੋ ਕਹਤ ਹੈਂ। ਪ੍ਰਮਾਣ:-
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ [ਤਿਲੰਗ ਮ: ੧-੧

ਵਾ 'ਸੁਬਾਹ' ਨਾਮ ਸਵੇਰ ਕੋ, ਤੌ ਭੀ ਚੌਥੇ ਪਹਰ ਰਾਤ ਕੋ; ਤਿਸ ਰਾਤ੍ਰੀ ਕੋ ਚੌਥੇ ਪਹਿਰ, ਤਿਸ ਵਿਖੈ ਸੁਰਤੇ, ਜੋ ਪਰਮੇਸੁਰ ਕੀ ਦਿਸ਼ ਤੇ ਸੋਝੀ ਵਾਰੇ ਪ੍ਰੇਮੀ ਹੈਂ, ਤਿਨਾ ਕੋ ਚਾਉ ਕਹੀਐ ਅਨੰਦ ਹੋਤ ਹੈ। ਸੇ ਨਿੰਦ੍ਰਾ ਕੋ ਤਜਾਗ ਕਰਿ ਜਾਗਤ ਹੈਂ। ਬਹੁਰ ਕ੍ਰਿਆ ਕਰਤ ਹੈਂ ? 'ਤਿਨਾ ਦਰੀਆਵਾ ਸਿਉ ਦੋਸਤੀ', ਤਿਨ ਕੀ ਦਰੀਆਵੋਂ ਕੇ ਸੰਗ ਪ੍ਰੀਤ ਹੈ, ਕਿਆ ? ਜਾਇਕੇ ਸ਼ਨਾਨ ਕਰਤ ਹੈਂ। 'ਓਥੈ ਅੰਮ੍ਰਿਤੁ ਵੰਡੀਐ'-ਤਿਸ ਸਮੇਂ ਵਿਖੇ ਅੰਮ੍ਰਿਤ ਵੰਡੀਦਾ ਹੈ, ਕਜਾ ? ਪ੍ਰੇਮ ਗਜਾਨ। ਤਿਨ੍ਹੋਂ ਕੇ ਸ਼ਨਾਨ ਕੋ ਅਰ ਸਿਮਰਨ ਕੇ ਕਰਮ ਕੋ ਦੇਖ ਕਰਿ 'ਪਸਾਉ' ਕਹੀਏ ਪ੍ਰਸੰਨਤਾ ਕੀ ਦ੍ਰਿਸ਼ਟੀ ਤਿਨ ਕੇ ਊਪਰ ਹੋਤ ਹੈ। ਅੰਮ੍ਰਿਤ ਬਾਂਟਨੇ ਤੇ ਗੁਰੂ ਜੀ ਨੇ ਅੰਮ੍ਰਿਤ ਵੇਲਾ ਤਿਸ ਕੋ ਨਾਮ ਰਾਖਜੋ। ਏਕ ਤੋ ਗੁਰੂ ਜੀ ਕੇ ਸ਼ਬਦ ਕੋ ਪ੍ਰਮਾਣ ਭਯੋ, ਦੂਸਰੇ ਆਪ ਭੀ ਸ੍ਰੀ ਨਾਨਕ ਜੀ ਤਿਸੀ ਸਮੈ ਸ਼ਨਾਨ ਕਰਤ ਹੁਤੇ ਅਰ ਪ੍ਰਸਿਧ ਰੀਤਿ ਚਲਾਈ ਜੋ ਅਬ ਤਕ ਸਿਖ ਰਹਿਤਵਾਨ ਬਡੀ ਰਾਤ ਤੇ ਸ਼ਨਾਨ ਕਰਤ ਹੈਂ, ਏਹ ਪ੍ਰਗਟ ਹੀ ਹੈ। ਜੇ ਕੋਈ ਕਹੈ ਕਰਮਕਾਂਡ ਕੇ ਸ਼ਾਸਤ੍ਰ ਸੋਂ ਬਿਰੋਧ ਭਯੋ ? ਯਾ ਸ਼ੰਕਾ ਮੈਂ ਉੱਤ੍ਰ ਐਸੇ: ਗੁਰੂ ਜੀ ਕੋ ਮਤ ਕਰਮਨ ਕੇ ਕਰਨ ਕੋ ਮੁੱਖ ਨਹੀਂ, ਗੌਣ[1] ਹੈ; ਮੁੱਖ ਸਤਿਨਾਮ ਕੋ ਸਿਮਰਨ ਹੈ। ਜੈਸੇ ਕਰਮ ਕਾਂਡ ਕੇ ਸ਼ਾਸਤ੍ਰੋਂ ਮੈਂ ਕਰਮ ਕਰਨੇ ਮੁੱਖ ਹੈਂ ਨਾਮ ਕੋ ਸਿਮਰਨ ਗੌਨ ਹੈ। ਜੋ ਸਿੰਮ੍ਰਤਾਂ ਕਰਮ ਕਾਂਡ ਪਰ ਹੈਂ, ਤਿਨ ਮੈਂ ਨਾਮ ਕੋ ਸਿਮਰਨ ਕਰਨੋ ਕਿਤੇ ਭੀ ਨਹੀਂ ਲਿਖਤ ਹੈਂ, ਐਸੇ ਜਾਨਿਜੈ। ਸਤਿਨਾਮ ਸਿਮਰਨ ਕੀ ਮਹਿਮਾ ਹੈ ਤੌ ਆਠੋਂ ਹੀ ਪਹਰ ਮੈਂ ਸ੍ਰੇਸ਼ਟ, ਪ੍ਰੰਤੂ ਅੰਮ੍ਰਿਤੁ ਵੇਲਾ ਤਿਸ ਵਿਖੇ ਬਿਸ਼ੇਖ ਹੈ। ਸਰਬ ਓਰ ਤੇ ਮਨ ਰੁਕਤ ਹੈ। ਜੋ ਇਕ ਹੋਇ ਕਰਿ ਭਜਨ ਕਰਤ ਹੈਂ, ਸੋ ਬਿਸੇਖ[2] ਫਲੁ ਕੋ ਪਾਵਤ ਹੈਂ।

ਇਸ ਤੁਕ ਕੋ ਅਰਥ ਦੁਤਿਯਾ:-ਅੰਮ੍ਰਿਤੁ ਕੋ ਅਰਥ-ਮ੍ਰਿਤ ਬਹੁਰੋ ਨ ਹੋਇ[3]। ਇਸ ਅਰਥ ਤੇ 'ਜਨਮ' ਕੋ ਭੀ ਅਧਜਾਹਾਰ; ਜੋ ਮ੍ਰਿਤੁ ਨਹੀਂ ਹੋਇਗੀ ਤੌ ਜਨਮ ਭੀ ਫੇਰ ਨਹੀਂ ਧਾਰੈਗੋ। ਜਨਮ ਮਰਨ ਜੋ ਹੈ, ਸੰਸਾਰ ਚਕ੍ਰ, ਚੌਰਾਸੀ ਲਖ ਜੋਨਿ, ਤਿਸ ਤੇ ਰਹਤ ਹੋਨੋ ਸੋਈ ਭਯੋ ਵੇਲਾ। 'ਵੇਲਾ' ਨਾਮ ਸਮੁੰਦ੍ਰ ਕੇ ਕਿਨਾਰੇ ਕੋ। ਤਿਸ ਵੇਲਾ ਪਦ ਤੇ ਸਮੁੰਦ੍ਰ ਕੋ ਅਧਜਾਹਾਰ। ਸੰਸਾਰ ਸਮੁੰਦ੍ਰ ਤੇ ਜੋ 'ਵੇਲਾ' ਕਿਨਾਰੇ ਪਰ ਹੋਯੋ ਚਾਹੈ ਤੌ ਸਤਿਨਾਮ ਸਿਮਰੈ ਅਰੁ ਬਡਜਾਈ ਪਰਮੇਸੁਰ ਕੀ ਬਿਚਾਰੈ, ਤਬ ਹੀ ਜਨਮ ਮਰਨ ਤੇ ਰਹਤ ਹੋ ਕਰਿ ਸੰਸਾਰ ਸਮੁੰਦ੍ਰ ਤੇ ਬਾਹਿਰ ਕਿਨਾਰੇ ਪਰ ਹੋਤ ਹੈ।

ਇਨ ਤੁਕਨ ਪਰ ਆਸ਼ੰਕਾ:-ਇਹਾਂ ਪਿਛਲੀ ਦੋਊ ਤੁਕਾਂ ਮੈਂ ਦੋ ਪ੍ਰਸ਼ਨ ਸਿਖ ਨੇ ਕੀਏ ਹੈਂ:-'ਫੇਰਿ ਕਿ ਅਗੈ ਰਖੀਐ', 'ਮੁਹੌ ਕਿ ਬੋਲਣੁ ਬੋਲੀਐ', ਪਰ ਗੁਰੂ ਜੀ ਨੇ

---

੧. ਮੁੱਖ ਤੋਂ ਦੂਜੇ ਦਰਜੇ ਤੇ। ਨੀਵਾਂ। ੨. ਬਹੁਤਾ। ੩. ਮੌਤ ਫੇਰ ਨਾ ਹੋਵੇ।

ਉੱਤਰ ਏਕ ਹੀ ਦੀਓ ? ਗ੍ਰੰਥਕਾਰ ਜੋ ਹੈਂ, ਜੋ ਬਾਤ ਜਿਸ ਰੀਤਿ ਸੋ ਕਹਿਨੀ ਹੋਤ ਹੈ ਤਿਸੀ ਰੀਤ ਕਹਤ ਹੈਂ। ਏਕ ਤੌ ਪ੍ਰਸ਼ਨ ਕਰਿਕੈ ਕਹਨੋ ਬਨਤ ਹੈ, ਸੋ ਪ੍ਰਸ਼ਨ ਕਰਿਕੈ ਹੀ ਕਹਤ ਹੈਂ; ਏਕ ਸਾਧਾਰਨ ਕਹਤੇ ਜਾਤ ਹੈਂ। ਸੋ ਈਹਾਂ ਪਰਮੇਸੁਰ ਕੇ ਅਗਾਰੀ ਕੋਨ ਭੇਟ ਧਰਨੀ ? ਏਕ ਤੌ ਇਹ ਪ੍ਰਸ਼ਨ ਕਰਯੋ ਹੁਤੋ, ਇਸ ਕੋ ਉੱਤਰ ਨਹੀਂ ਬਨਯੋ, ਮੁਖ ਤੇ ਕੌਨ ਬਚਨ ਬੋਲਨੋ ? ਇਸ ਕੋ ਉੱਤਰ ਭਯੋ, ਦੂਸਰੋ ਉੱਤਰ ਕਹਾਂ ਸੇ ਆਵੈ ? ਇਸ ਕੋ ਸਮਾਧਾਨ ਕਹਤ ਹੈਂ:-ਮੁਖ ਤੇ ਬਚਨ ਬੋਲਨੋ ਕੋਨ ? ਇਸ ਕੋ ਤੋ ਉੱਤਰ ਕਹਿ ਦੀਯੋ: ਜੋ ਸਿਮਰਨ ਸਤਿਨਾਮ ਕੋ ਕਰੈ। ਦੂਸਰੋ ਉੱਤਰ ਭੀ ਇਸੀ ਬਿਖੈ ਤੇ ਨਿਕਸਤ ਹੈ; ਜਹਾਂ ਕਹਯੋ ਹੈ:-'ਸਚੁ ਨਾਉ'। 'ਨਾਉ' ਕੋ 'ਨਾਮੁ' ਬਨਤ ਹੈ। 'ਨਾਮ' ਕੋ ਅਰਥ 'ਨਾਮੈ':-

'ਗੁਰ ਲਘੁ ਲਘੁ ਗੁਰ ਹੋਤ ਹੈ ਅਰਥ ਕਰਨ ਅਨੁਸਾਰ'।

ਈਹਾਂ ਮਕਾਰ ਲਘੁ ਤੇ ਦੀਰਘੁ ਭਯੋ। 'ਨਾਮੈ' ਕੋ ਅਰਥ 'ਅਹੰਤਾ ਬਿਹੀਨ ਹੋਨੋ'। ਪਰਮੇਸੁਰ ਕੇ ਅਗਾਰੀ ਧਰਨਿ ਕੋ ਔਰ ਤੌ ਇਸ ਕੀ ਵਸਤੁ ਦੇਹਾਦਿਕ ਹੈ ਨਹੀਂ, ਸਭੁ ਪਰਮੇਸੁਰ ਕੀ ਦਈ ਹੋਈ ਹੈ, ਇਸ ਕੀ ਵਸਤੁ ਕੇਵਲ ਏਕ ਅਹੰਤਾ ਹੈ; ਜੋ ਕਹਤ ਹੈ ਅਹੰਦੇਹ=ਅਮਕੋ ਮੈਂ ਹੌਂ, ਅਮਕੋ ਮੇਰੋ ਨਾਮ ਹੈ, ਸਰਬ ਤੇ ਅਧਿਕ ਇਸ 'ਮੈਂ' ਮੇਂਹੇਤ ਹੈ, ਸੋਈ ਅਤਿ ਪਯਾਰੀ ਹੈ। ਜੋ ਪਯਾਰੀ ਵਸਤੁ ਦੇਤ ਹੈ ਤਿਸ ਕੋ ਫਲੁ ਅਧਿਕ ਹੋਤ ਹੈ। ਸੋਈ ਪਰਮੇਸੁਰ ਕੇ ਅਗਾਰੀ ਸਮਰਪਨ ਕਰੇ। ਈਹਾਂ ਸਤਿਨਾਮ ਕੇ ਬਿਖੈ ਦੋਊ ਉੱਤਰ ਬਨੇ। ਇਤਯਰਥ।

ਇਨ ਤੀਨੋਂ ਤੁਕਨਿ ਮੈਂ ਚਿੱਤ੍ਰਲੰਕਾਰ ਹੈ:-

ਲੱਛਨ-ਪ੍ਰਸ਼ਨ ਅਨੇਕ ਏਕ ਜਹਿਂ ਉੱਤ੍ਰ।
ਤਾਂਕੋ ਅਲੰਕਾਰ ਕਹਿਂ 'ਚਿੱਤ੍ਰ'।

ਪ੍ਰਸ਼ਨ ਤੌ ਦੋਇ ਹੈਂ, ਉੱਤਰ ਏਕ ਪਦ ਮੈਂ ਕਹਯੋ: ਸਚੁ ਨਾਮੁ। ਚਿਤ੍ਰ ਮੈਂ ਏਕਾਨੇਕੋਤ੍ਰ ਅਲੰਕਾਰ ਹੋਤ ਹੈ ਅਰ ਪ੍ਰਸੰਖਯਾਲੰਕਾਰ ਭੀ ਹੈ। ਪ੍ਰਿਸਟ ਪੂਛਨੇ ਤੇ ਦਰਬਾਰ ਕੋ ਦਰਸ਼ਨ ਅਰ ਪਰਮੇਸੁਰ ਕੋ ਪਯਾਰ, ਔਰ ਸਭਨ ਤੇ ਉਠਾਇ ਕਰਿ ਸਚ ਨਾਮ ਮੈਂ ਰਾਖਯੋ। ਇਸ ਰੀਤਿ ਪ੍ਰਸੰਖਯਾ ਹੋ ਜਾਤ ਹੈ।

ਪ੍ਰਸ਼ਨੋਂ ਕੇ ਉੱਤਰ ਦੇ ਕਰ ਬਹੁਰ ਸੁਪੰਥ ਕੋ ਬਤਾਵਤ ਹੈ:-

## ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਜੋ ਦੇਹਿ ਸਾਥ ਮਿਲਕੇ ਪੁੰਨ ਪਾਪ ਰੂਪ ਚੇਸ਼ਟਾ ਕਰਨੀ ਹੈ, ਯਾਕੋ ਨਾਮ 'ਕਰਮ' ਹੈ। ਜੇ ਕਰਮ ਕਰਿਕੈ ਹੀ ਮੁਕਤਿ ਚਾਹੈ, ਤਿਸੁ ਪਰ ਸਾਹਿਬ ਜੀ ਕਹਤ ਹੈਂ: ਕਰਮਨ ਤੇ ਤੌ ਕਪੜਾ, ਜੋ ਦੇਹਿ ਹੈ, ਸੋ ਆਵਤ ਹੈ, ਕਿਆ ? ਪ੍ਰਾਪਤਿ ਹੋਤ ਹੈ। ਕੈਸੀ ਦੇਹਿ ਹੈ ? ਜਿਸ ਕੇ ਸੰਗ ਜਨਮ ਮਰਨ ਹੈ। ਯਾਂਤੇ ਕਰਮ ਜੋ ਹੈਂ ਸੋ ਬੰਧਨ ਹੈਂ। ਸੁਭ ਕਰਮ ਸੁਇਨੇ ਕੀ ਬੇੜੀ ਹੈ, ਅਸੁਭ ਕਰਮ ਲੋਹੇ ਕੀ ਬੇੜੀ ਹੈ; ਪ੍ਰੰਤੂ ਮੋਖ ਨਹੀਂ, ਕਿਆ ? ਛੂਟਨੋ ਨਹੀਂ। ਆਗੈ ਛੂਟਨ ਕੋ ਉਪਾਇ ਕਹਤ ਹੈਂ: 'ਨਦਰੀ ਮੋਖੁ ਦੁਆਰੁ'=ਅੰਮ੍ਰਿਤੁ ਵੇਲਾ ਜੋ ਸਤਿਨਾਮ ਸਿਮਰਯੋ ਤਿਸ ਤੇ ਨਦਰੀ, ਜੋ ਪਰਮੇਸੁਰ ਹੈ, ਤਿਸ ਕੀ ਨਦਰਿ ਕਰਿ ਮੋਖ

ਦੁਆਰ ਕੋ ਪ੍ਰਾਪਤਿ ਹੋਤ ਹੈ । ਪ੍ਰਸ਼ਨ:-ਮੋਖ ਹੀ ਕਹਿਨੇ ਥੇ, ਇਸ ਮੈਂ ਹੀ ਅਰਥ ਬਨਜਾਤ ਹੈ, 'ਦੁਆਰੁ' ਕਹਿਨੇ ਕੋ ਪ੍ਰਯੋਜਨ ਕੌਨ ? ਉੱਤਰ :-'ਮੋਖੁ ਦੁਆਰੁ' ਨਾਮ ਗਯਾਨ ਕੋ। ਭਾਵ ਅਰਥ ਐਸੇ: ਜੋ ਕਰਮ ਤੇ ਮੁਕਤਿ ਨਹੀਂ, ਭਗਤਿ ਤੇ ਪਰਮੇਸ਼ੁਰ ਕੀ ਕ੍ਰਿਪਾ ਦ੍ਰਿਸ਼ਟੀ ਹੋਤ ਹੈ। ਤਿਸਤੇ ਗਯਾਨ ਕੀ ਪ੍ਰਾਪਤਿ, ਬਹੁੜ[1] ਮੁਕਤਿ ਹੋਤ ਹੈ। 'ਮੋਖੁ ਦੁਆਰੁ' ਨਾਮ ਗਯਾਨ ਕੋ, ਐਸੇ: ਜਿਸ ਘਰ ਕੋ ਭੂਲਜੇ ਹੋਇ ਪਾਵੈ ਨਾਂਹੀ, ਤਿਸ ਕੋ ਦੁਆਰੋ ਜੇ ਪ੍ਰਾਪਤਿ ਹੋਇ ਤੋਂ ਤਿਸ ਮੈਂ ਅੰਤਰ ਪ੍ਰਵੇਸ਼ ਕਰਿ ਜਾਤ ਹੈ। ਜਬ ਲੌ ਦੁਆਰੋ ਨਹੀਂ ਪਾਵਤ ਹੈ, ਤਬ ਲੌ ਘਰ ਮੈਂ ਨਹੀਂ ਜਾਯੋ ਜਾਤ ਹੈ। ਜਬ ਗਯਾਨ ਭਯੋ ਤਬ ਮੁਕਤਿ ਪਾਇ ਲੇਤ ਹੈ, ਐਸੇ ਜਾਨਿਯੈ ।

ਦੂਤੀ ਅਰਥ: ਇਸ ਪ੍ਰਾਨੀ ਕੋ ਸੁਭ ਕਰਮ ਕਰਨ ਤੇ ਕਪੜਾ (ਮਾਨੁਖ ਦੇਹ), ਕਪੜਾ ਕੋ ਅਰਥ 'ਸਰੀਰ' ਕੋ ਜਹਤਿ ਲੱਛਨਾਂ ਸੋਂ; ਤਿਸ ਮਾਨੁਖ ਦੇਹਿ ਕੋ ਪਾਇ ਕਰਿ ਫੇਰ ਜੇ ਨਦਰਿ ਪਰਮੇਸ਼ੁਰ ਕੀ ਹੋਇ, ਕਿਆ ? ਕ੍ਰਿਪਾ ਦ੍ਰਿਸ਼ਟੀ ਹੋਇ, ਤਿਸ ਕੋ ਮੋਖ ਦੁਆਰ ਪ੍ਰਾਪਤਿ ਹੋਤ ਹੈ। ਇਸ ਅਰਥ ਮੈਂ ਮੋਖ ਦੁਆਰ ਨਾਮੁ ਸਤਿਸੰਗ ਕੋ। ਮੋਖਦੁਆਰ ਔਰ ਭੀ ਗਿਨੇ ਹੈਂ, ਪ੍ਰੰਤੂ ਸਤਿਸੰਗ ਮੋਖ ਦੁਆਰ ਸਭ ਤੇ ਬਿਸ਼ੇਸ਼ ਹੈ ।

ਅਬ ਅਗਾਰੀ ਪੂਰਬ ਕੋ ਅਰਥ ਗਯਾਨ ਕੋ, ਤਿਸ ਕੋ ਤੋ ਸਰੂਪ ਕਹਤ ਹੈਂ, ਉੱਤਰ ਕੋ ਅਰਥ ਸਤਿਸੰਗ ਕੋ, ਤਿਸ ਕੋ ਮਿਲਨੇ ਕੋ ਫਲੁ ਬਤਾਵਤ ਹੈਂ।

## ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

ਸ੍ਰੀ ਨਾਨਕ ਜੀ ਕਹਤ ਹੈਂ: 'ਏਵੈ' ਨਾਮ ਨਿਸਚੇ ਕੋ, ਨਿਸਚੇ ਕਰਿਕੈ ਜਾਨੀਤਾ ਹੈ: ਸਭੁ ਆਪੇ ਜੋ ਕੁਛ ਪ੍ਰਪੰਚ[2] ਰੂਪ ਹੈ, ਸਰਬ ਮੈ ਪੂਰਨ ਆਪ ਕੋ ਹੀ ਜਾਨਤ ਹੈ । ਕਬ ਲਖਤ ਹੈ ? ਜਬ ਸਚਿਆਰ: 'ਆਰ' ਨਾਮ ਪ੍ਰਾਪਤਿ ਕੋ, ਜਬ ਸਚੁ ਕੋ ਪ੍ਰਾਪਤਿ ਹੋਤ ਹੈ ਤਬ ਲਖਤ ਹੈ। ਇਤ੍ਯਰਥ ।

ਇਨ ਦੋਊ ਤੁਕਨਿ ਮੈਂ ਅਨਿਗੁਨਾਲੰਕਾਰ ।

ਲੱਛਨ-ਗੁਨ ਤੇ ਗੁਨ ਰੁ ਦੋਖ ਤੇ ਦੋਖ ।
ਬ੍ਰਧੈ ਸੁ 'ਅਨਗੁਨ' ਕਹੈਂ ਅਦੋਖ[3] ।

ਈਹਾਂ ਗੁਨ ਕਰਮ ਤੇ ਮਨੁਖ ਦੇਹ । ਮਨੁਖ ਦੇਹ ਗੁਨ ਤੇ ਸਤਿਸੰਗ ਗੁਨਿ । ਸਤਿਸੰਗ ਗੁਨ ਤੇ ਸਚੁ ਕੀ ਪ੍ਰਾਪਤਿ ਗੁਨ; ਯਾਂਤੇ ਅਨਿਗੁਨਾਲੰਕਾਰ । ਪੂਰਬ ਗੁਨ ਤੇ ਬਧਤੋ ਗਯੋ ਵਾ ਕਾਰਨ-ਮਾਲਾਲੰਕਾਰ ਹੈ।

ਲੱਛਨ-ਕਾਰਨ ਕਾਜ ਪਰੰਪਰ ਜਹਾਂ ।
'ਕਾਰਨਮਾਲਾ' ਲਖਿਯਤ ਤਹਾਂ।

ਕਰਮ ਕਾਰਨ ਮਾਨੁਖ ਦੇਹਿ ਕੋ, ਮਾਨੁਖ ਦੇਹਿ ਕਾਰਨ ਗਯਾਨ ਕੋ, ਗਯਾਨ ਕਾਰਨ ਮੁਕਤਿ ਕੋ। ਪਹਿਲੇ ਅਰਥ ਮੈਂ ਪ੍ਰਸੰਖਯਾਲੰਕਾਰ ਬੀ ਹੈ । ਕਰਮਨ ਤੇ ਬਰਜ ਕਰਿ ਗਯਾਨ ਮੈਂ ਮੁਕਤਿ ਠਹਿਰਾਈ, ਲਛਨ ਪੂਰਬ ਕਹਿ ਆਏ ਹੈਂ ॥ ੪ ॥

---

੧, ਫਿਰ । ੨. ਸੰਸਾਰ । ੩. ਦੋਖ ਰਹਿਤ ਦਾਨੇ ਕਵੀ ।

[ਪਉੜੀ ਪੰਜਵੀਂ]

ਇਸ ਪ੍ਰਕਾਰੁ ਸਤਿਗੁਰੁ ਕੇ ਮੁਖਾਰਵਿੰਦੁ ਤੇ ਸ੍ਰਵਨ ਕਰਿ ਮੁਮੌਖੀ ਬਹੁਰ ਪੂਛਤ ਹੈ: ਜਿਸ ਸੱਚਿ ਕੇ ਬਿਖੈ ਪ੍ਰਾਪਤਿ ਹੋਨ ਕੇ ਹੇਤ ਜਤਨ ਕਰੀਤੇ ਹੈਂ, ਸੋ ਸਚ ਜੋ ਪਾਰ-ਬ੍ਰਹਮ ਹੈ, ਕਿਸ ਕੋ ਸਥਾਪਜੋ ਹੋਯੋ ਹੈ ? ਉਤਪਤਿ ਕਿਸਤੇ ਹੈ ? ਕਿਧੋਂ ਕਾਹੂ ਕੋ ਕਰਜੋ ਹੋਯੋ ਹੈ ? ਇਨ ਪ੍ਰਸ਼ਨੋਂ ਕੇ ਲੀਏ ਹੂਏ ਅਗਾਰੀ ਉੱਤਰ ਕਹਤ ਹੈਂ:-

## ਥਾਪਿਆ ਨ ਜਾਇ ਕੀਤਾ ਨ ਹੋਇ ॥

ਹੇ ਸਿਖ ! ਜਿਸ ਪਾਰਬ੍ਰਹਮ ਕੇ ਬਿਖੇ ਤੈਨੇ ਪ੍ਰਾਪਤਿ ਹੋਨਾ ਹੈ, ਸੋ ਸਥਾਪਜੋ ਕਿਸ ਕੋ ਨਹੀਂ ਹੈ। ਇਸ ਕਹਿਨ ਕੋ ਭਾਵ ਇਹ: ਜੋ ਉਸ ਤੇ ਪੂਰਬ ਕੋ ਔਰ ਕੋਈ ਨਹੀਂ । ਇਸ ਪਦ ਸੋਂ ਭੂਤ ਕਾਲ ਜਨਾਯੋ । 'ਨ ਜਾਇ'=ਜਾਇਗੋ ਭੀ ਨਹੀਂ ਅਗਾਰੀ ਕਦੇ । ਨਕਾਰ 'ਥਾਪਿਆ' ਪਦੁ ਔ 'ਜਾਇ' ਪਦ ਦੋਊ ਪਦਨ ਸੋਂ ਲਗਜੋ ਦੇਹੁਰੀ ਦੀਪਕ ਨਿਆਂਈਂ । 'ਨ ਜਾਇ' ਭਵਿਖਜਤ ਲਖਾਯੋ । ਆਗੈ ਵਰਤਮਾਨ ਕੋ ਕਹਤ ਹੈਂ: 'ਕੀਤਾ ਨ ਹੋਇ'=ਅਬ ਕਿਸੀ ਤੇ ਕਰਜੋ ਨਹੀਂ ਜਾਤ ਹੈ। ਤੀਨੋਂ ਕਾਲ ਮੈਂ ਏਕ ਰਸ ਰਹਤ ਹੈ।

## ਆਪੇ ਆਪਿ ਨਿਰੰਜਨੁ ਸੋਇ ॥

ਆਪ ਹੀ ਆਪ ਹੈ। ਸੁਤਹ ਸਿਧ ਹੈ। ਤਿਸ ਤੇ ਬਡੋ ਔ ਤਿਸ ਕੀ ਬਰੋਬਰ ਕੋ ਔਰ ਦੂਸਰੋ ਕੋਈ ਨਹੀਂ। 'ਨਿਰੰਜਨ' ਕਹੀਏ ਮਾਯਾ ਥੀਂ ਰਹਤ ਹੈ। ਅੰਜਨ ਜੋ ਹੈਂ ਦ੍ਰਿਸ਼ਟਿਮਾਨ ਪਦਾਰਥ, ਸੋ ਸਭ ਨਾਸ਼ਵੰਤ ਹੈਂ। ਪਰਮਾਤਮਾ ਅਜਨਮਾ ਔ ਅਬਿਨਾਸ਼ੀ ਹੈ। 'ਸੋਇ' ਭੂਤ ਕੋ ਅਰਥ ਲਖਾਵਤ ਹੈ, ਪੂਰਬ ਜਿਸ ਕੋ ਬਰਨਨ ਕਰਿ ਆਏ ਹੈਂ। ਵਾ ਹੇ ਸਿਖ ! ਇਹ ਜੋ ਜਗਤ ਨਾਨੱਤ੍ਵ ਤੂੰ ਦੇਖਤ ਹੈਂ, ਸੋ ਸਮੁੰਦ੍ਰ ਕੇ ਤਰੰਗ ਵਤ ਜਾਨ। ਕਿਆ ? ਆਪ ਹੀ ਆਪ ਹੈ, ਜਲ ਹੀ ਜਲ ਹੈ, ਤਰੰਗ ਤਿਸ ਮੈਂ ਕਲਪਤ ਹੈਂ, ਵਾਸਤਵ ਜਲ ਹੀ ਜਲੁ ਹੈ, ਜਲ ਤੇ ਭਿੰਨ ਔਰ ਕੁਛ ਭੀ ਨਹੀਂ ਹੈ ਤਿਸ ਮੈਂ। ਜੈਸੇ ਭੂਖਨ ਮੈਂ ਸੁਵਰਨ ਤੇ ਬਿਨਾ ਔਰ ਕੁਛ ਨਹੀਂ ਹੈ। ਦਵੈਤ ਜੋ ਦੇਖਤ ਹੈਂ ਤਿਸ ਮੈਂ ਅੰਜਨ ਸੋ ਕਦੇ ਨਹੀਂ ਭਯੋ, ਨ ਹੋਇਗੋ, ਨਾ ਅਬ ਹੈ। ਬ੍ਰਹਮ ਹੈ, ਤੀਨੋਂ ਕਾਲ ਮੈਂ ਨਿਰੰਜਨ ਹੀ ਹੈ। ਇਤਜਰਥ।

ਇਨ ਦੋਊ ਤੁਕਨ ਮੈਂ ਕਾਬਜਲਿੰਗ ਅਲੰਕਾਰ ਹੈ।

'ਥਾਪਿਆ ਨ ਜਾਇ ਕੀਤਾ ਨ ਹੋਇ' ਯਹ ਅਰਥ ਭਯੋ । 'ਆਪੇ ਆਪਿ ਨਿਰੰਜਨੁ' ਇਸ ਪਦ ਸੋਂ ਸਪਸ਼ਟ ਕਰਜੋ । ਵਾ ਤੀਨੋਂ ਕਾਲ ਕੀ ਬਾਤ ਕਹਨ ਤੇ ਭਾਵਕ ਅਲੰਕਾਰੁ । ਪਿਛਲੇ ਅਰਥ ਮੈਂ ਉਪਮਾ ਵਾਚਕ ਧਰਮ ਲੁਪਤਾ ਹੈ । 'ਜਲ' ਉਪਮਾ 'ਨਿਰੰਜਨ' ਉਪਮੇਯ, ਸੋ ਵਾਚਕ ਨਹੀਂ । ਤਰੰਗ ਧਰਮ ਨਹੀਂ । ਇਨ ਤੁਕਨ ਕੋ ਅਰਥ ਤੇ ਬ੍ਰਹਮ ਕੋ ਅਜਨਮਾ ਅਬਿਨਾਸ਼ੀ ਕਹਿਨ ਅਰ ਬਜੰਗ ਯਹ: ਹੇ ਸਿਖ ! ਤੂੰ ਸਚ ਕੋ ਮਿਲਿਕੈ ਸਚ ਹੀ ਹੋਇਗੋ, ਜਨਮ ਮਰਨ ਤੇ ਛੂਟੈਗੋ । ਧੁਨਿ ਯਹ ਜੋ ਐਸੇ

ਊਚੇ ਪਦ ਕੋ ਸੁਨਿ ਕਰਿ ਸਿਖ ਕੋ ਚੌਂਪ ਹੋਇ।

ਬਜੰਗ ਕੋ ਲੱਛਨ-ਬਜਕਤਿ ਕਰਿਬੇ ਜੋਗਜ ਸੋ ਬਜੰਗ, ਵਾ ਸ਼ਬਦਾਰਥ ਤੇ ਅਧਿਕ ਅਰਥ ਸੋ ਬਜੰਗ। ਧੁਨਿ ਕੋ ਲੱਛਨ-ਸੋਈ ਜੋ ਬਜੰਗ ਹੈ ਚਮਤਕਾਰ ਸੋਂ ਮਿਲਜੋ ਹੋਇ ਤਿਸ ਕੋ ਨਾਮ ਧੁਨਿ ਹੋਇ ਜਾਤ ਹੈ। ਜੇ ਬਜੰਗ ਮੈਂ ਚਮਤਕਾਰ ਨਹੀਂ ਤੋ ਬਜੰਗ ਹੀ ਰਹਤੋ ਹੈ।

ਐਸੇ ਊਚੇ ਪਦ ਕੋ ਸ੍ਰਵਨਿ ਕਰਿ ਸਿਖ ਕੋ ਭਈ ਚੌਂਪ, ਸਚ ਕੀ ਪ੍ਰਾਪਤਿ, ਤਿਸ ਕੀ ਭਈ ਲਾਲਸਾ, ਮਿਲਨ ਕੋ ਉਪਾਇ ਬੂਝਜੋ। ਤਿਸ ਕੇ ਬੂਝਨ ਕੋ ਲੀਏ ਹੂਏ ਸਤਿਗੁਰ ਬਤਾਵਤ ਹੈਂ :-

## ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਜਿਸ ਨੇ ਸੇਵਾ ਕਰੀ ਹੈ ਤਿਸ ਨੇ ਹੀ ਮਾਨ ਪਾਯੋ ਹੈ। 'ਮਾਨ' ਨਾਮ ਗਜਾਨ ਕੋ ਬਜਾਕਰਨ ਰੀਤਿ ਸੋਂ। ਜਿਨ੍ਹਾਂ ਨੇ ਸੇਵਾ ਕਰੀ ਹੈ ਸਤਿਗੁਰੋਂ ਕੀ, ਵਾ ਪਰਮੇਸੁਰ ਕੀ, ਤਿਨ ਕੋ ਗਜਾਨ ਪ੍ਰਾਪਤਿ ਭਯੋ ਹੈ। ਬ੍ਰਹਮ ਗਜਾਨ ਕੋ ਪਾਇ ਕਰਿ ਬ੍ਰਹਮ ਮੈਂ ਲੀਨ ਭਏ ਹੈਂ। ਜੇਕਰਿ ਸਿਖ ਸੇਵਨੇ ਕੀ ਰੀਤਿ ਬੂਝੈ ਸੋਈ ਸਤਿਗੁਰ ਕਹਿਤੇ ਹੈਂ :-

## ਨਾਨਕ ਗਾਵੀਐ ਗੁਣੀ ਨਿਧਾਨੁ ॥

ਸ੍ਰੀ ਨਾਨਕ ਜੀ ਕਹਿਤੇ ਹੈਂ। 'ਗੁਣੀ' ਕੋ ਅਰਥ ਗੁਣਵਾਨ। 'ਨਿਧਾਨ' ਕੋ ਅਰਥ ਜੋ 'ਨਿਧਿ' ਹੈਂ ਸਰਬ, ਤਿਨ੍ਹੋਂ ਕਾ 'ਅਯਨ' ਘਰ ਹੈ। ਵਾ ਗੁਨ ਜੋ ਹੈ ਸੋਈ ਭਏ ਨਿਧਿ, ਤਿਨ ਕੋ ਘਰ ਹੈ ਪਰਮੇਸੁਰ। ਵਾ ਸਤਿਗੁਰ ਹੈਂ। ਤਿਨ ਕੇ ਸਦੀਵ ਹੀ ਗੁਣਾਨੁਵਾਦ ਕਹਿਨੇ। ਇਸਤੇ ਅੰਤਹਕਰਣ ਕੀ ਸ਼ੁੱਧਤਾ ਹੋਇ ਕਰਿ ਗਜਾਨ ਸੁਖੇਨ ਹੀ ਹੋਇ ਆਵਤ ਹੈ। ਇਤਜਰਥ। ਇਨ ਦੋਊ ਤੁਕਨਿ ਮੈਂ ਹੇਤਾਲੰਕਾਰ।

ਲੱਛਨ-ਕਾਰਨ ਕਾਰਜ ਹੋਇ ਇਕ ਥਾਇ।
ਅਲੰਕਾਰ ਸੋ 'ਹੇਤ' ਬਤਾਇ।

ਈਹਾਂ ਸੇਵਨੋ ਕਾਰਨ, ਗਜਾਨ ਹੋਨੋ ਕਾਰਜ, ਯਾਂਤੇ ਹੇਤਾਲੰਕਾਰ।

ਇਨ ਦੋਊ ਤੁਕਨਿ ਮੈਂ ਉਪਾਸਨਾ ਕਹਿ ਕਰਿ ਅਗਾਰੀ ਸ੍ਰਵਨ, ਮਨਨ, ਨਿਦਜਾਸਨ, ਸਾਖਜਾਤਕਾਰ ਬਿਸਤਾਰ ਸੋਂ ਕਹਨੋ ਹੈ। ਤਿਸ ਕੋ ਸੂਚੀ ਪਤ੍ਰ ਸੰਖੇਪ ਸੋਂ ਪਹਿਲੇ ਕਹਿ ਦੇਤੇ ਹੈਂ।

## ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਗਾਵੀਐ, ਪਰਮੇਸੁਰ ਕੇ ਗੁਨ ਗਾਵਤਿਓਂ, ਸਿਮਰਨ ਕਰਤਿਓਂ, ਜਬ ਉਪਾਸਨਾ ਪ੍ਰਪੱਕ ਭਈ, ਤਿਸ ਤੇ ਪਿਛਾਰੀ ਪਰਮਾਤਮਾ ਬ੍ਰਹਮ ਜੋ ਸ਼ਰੋਤਬਜ ਤਿਸ ਕੋ ਸ੍ਰਵਨ ਕਰੈ। ਸਤਿਗੁਰ ਸ਼ਰੋਤ੍ਰੀ ਬ੍ਰਹਮਨਿਸ਼ਟੀ ਤੇ ਤਤੁੰਮਸੀ ਆਦਿ ਜੋ ਮਹਾਂਵਾਕ, ਤਿਨ੍ਹੋਂ ਕਾ ਜਿਨ ਬਚਨੋਂ ਮੈਂ ਨਿਰਨਾ ਹੋਇ। ਬਹੁਰੋ ਅਰਥ ਮਨਨ ਕੋ: ਮਨਤੱਬਜ ਬ੍ਰਹਮ ਕੋ ਮਨਨ ਕਰੈ। 'ਰਖੀਐ ਭਾਉ' ਤਿਸ ਉਪਦੇਸ਼ ਕੋ ਅੰਤਰ ਟਿਕਾਇ ਕਰਿ ਬੀਚਾਰੇ, ਭਾਉ ਕੇ ਸਮੇਤ। ਨਿਧ੍ਜਾਸ-

ਤੱਥਜ ਬ੍ਰਹਮ ਕੋ ਨਿਧਜਾਸਨ ਕਰੈ । ਤੀਨੋਂ ਕਰਿਕੈ ਅਗਾਰੀ ਸਾਖਜਾਤਕਾਰ ਕਹਤੇ ਹੈਂ ।

## ਦੂਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਦੁਖ ਜੋ ਤਨ ਹੰਤਾ ਮਮਤਾ ਕੇ ਹੈਂ, ਤਿਨਕੋ 'ਪਰਹਰਿ' ਕਹੀਏ ਨਿਵਿਰਤ ਕਰਿਕੈ, ਸੁਖ ਜੋ ਅਨੰਦ, ਤਿਸ ਕੋ ਜੋ ਘਰਿ, ਸਥਾਨ, ਕੌਨ ? ਬ੍ਰਹਮ, ਤਿਸ ਕੇ ਬਿਖੇ ਲੈ ਲੀਨ ਹੋਇ ਜਾਇ । ਉਪਾਸਨਾਂ ਮੈਂ ਤ੍ਰਿਪੁਟੀ ਬਨੀ ਹੋਈ ਥੀ, ਬਹੁਰ ਧਜਾਤਾ, ਧਜਾਨ ਕੋ ਤਜ ਕਰਿ ਧਜੈਯ ਰੂਪ ਹੋਇ । ਗਜਾਤਾ ਗਜਾਨ ਕੋ ਤਜ ਕਰਿ ਗਜੇਯ ਰੂਪ ਹੋਇ। ਇਤਜਰਥ।

ਇਨ ਦੋਊ ਤੁਕਨ ਮੈਂ ਕਾਰਨ ਮਾਲਾਲੰਕਾਰ ਹੈ।

ਲੱਛਨ-ਕਾਰਨ ਕਾਜ ਪਰੰਪਰ ਜਹਾਂ ।
'ਕਾਰਨਮਾਲਾ' ਭੂਖਨ ਤਹਾਂ ।

ਸ੍ਰਵਨ ਕਾਰਨ ਮਨਨ ਕੋ, ਮਨਨ ਕਾਰਨ ਨਿਧਜਾਸਨ ਕੋ, ਨਿਧਜਾਸਨ ਕਾਰਨ ਸਾਖਜਾਤਕਾਰ ਕੋ; ਯਥਾ ਕ੍ਰਮ ਕਾਰਜ ਸਮਝ ਲੇਨੇ । ਯਾਂਤੇ ਕਾਰਨਮਾਲਾ।

ਅਬ ਅਗਾਰੀ ਸਭ ਕੋ ਮੂਲ ਸ੍ਰੋਤ੍ਰੀ ਬ੍ਰਹਮਨੇਸ਼ਟੀ ਜੋ ਸਤਿਗੁਰੁ ਹੈਂ, ਤਿਨ ਕੀ ਮਹਿਮਾ ਕਹਿਤੇ ਹੈਂ । ਇਸਕੋ ਕਹਿ ਕਰਿ ਬਹੁੜ ਸ੍ਰਵਨ ਮਨਨ ਆਦੀ ਕਹੈਂਗੇ ।

## ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

'ਗੁਰਮੁਖਿ ਨਾਦੰ' ਗੁਰੋਂ ਕੇ ਮੁਖ ਦ੍ਵਾਰੇ ਜੋ ਸੁਨਿਓ ਨਾਦ, 'ਨਾਦ' ਨਾਮ ਸ਼ਬਦ ਕੋ, ਸ਼ਬਦ ਨਾਮ ਆਤਮ ਉਪਦੇਸ਼ ਕੋ । 'ਗੁਰਮੁਖਿ ਵੇਦੰ' ਸੁਨਿ ਕਰਿ ਸਬਦ ਗੁਰੋਂ ਕੇ ਮੁਖ ਤੇ ਸਮਝਿਓ, ਔਰ ਸਭ ਗੌਨ ਲਖੇ । ਕਾਹੇ ਤੇ ? ਔਰ ਕਿਸੀ ਤੇ ਆਵਾਗੌਨ ਨਹੀਂ ਮਿਟਯੋ, ਇਨ ਤੇ ਹੀ ਮੋਖ ਹੋਇਗੀ । ਇਸ ਹੇਤੁ ਤੇ ਸਭਨੋਂ ਤੇ ਮੁਖ ਗੁਰੂ ਸਮਝੇ । ਵੇਦੰ ਕਹੀਐ ਵੇਤੰ, ਵੇਤੰ ਨਾਮ ਜਾਨਨਵਾਰੇ ਕੋ; ਪ੍ਰਮਾਨ-ਬ੍ਰਹਮਵਿਤ ਬ੍ਰਹਮੈਵ ਭਵਤਿ । ਕਿਆ ਜਾਨਿਓ ? 'ਗੁਰਮੁਖਿ ਰਹਿਆ ਸਮਾਈ' । ਗੁਰੁ ਨਾਮ ਬ੍ਰਹਮ ਕੋ । 'ਗੁ' ਅਰਥ ਅੰਧੇਰੇ ਕੋ, ਲੱਛਨਾ ਸੋਂ ਜੜ ਕੋ । 'ਰੁ' ਨਾਮ ਪ੍ਰਕਾਸ਼ ਕੋ, ਲੱਛਨਾ ਸੋਂ ਚੇਤਨ ਕੋ । ਜੋ ਜੜ ਅੰਤਹ-ਕਰਨ ਤੇ ਆਦਿ ਤਿਨ ਕੋ ਚੇਤਨ ਕਰੇ ਸੋ ਗੁਰੁ । ਤਿਸ ਕੋ 'ਮੁਖਿ' ਕਿਆ ? ਪ੍ਰਧਾਨ ਜਾਨਤਾ ਭਯੋ । ਕਿਆ ਪ੍ਰਧਾਨ ਜਾਨਜੋ ? ਰਹਿਆ ਸਮਾਈ । 'ਸਮਾਈ' ਨਾਮੁ ਮਿਲਨੇ ਕੋ । ਸਰਬ ਮੈਂ ਮਿਲ ਰਹਜੋ ਹੈ, ਜਿਸ ਤੇ ਬਿਨਾ ਸਥਾਨ,ਊਨ ਕਹੀਂ ਨਹੀਂ ਦੇਖੀਤਾ, ਜੈਸੇ ਅਕਾਸ਼ ਤੇ ਬਿਨਾ ਕੋਊ ਸਥਾਨ ਨਹੀਂ ਹੈ, ਤੈਸੇ ਸਰਬ ਮੈਂ ਮਿਲ ਰਹਯੋ ਹੈ। ਇਤਯਰਥ।

ਇਸ ਤੁਕ ਮੈਂ ਯਮਕਾਲੰਕਾਰ ਹੈ ।

ਲੱਛਨ-ਇਕ ਪਦ ਬਾਰਿ ਅਨੇਕ ਜਿ ਆਵੈ ।
ਅਰਥਹਿ ਭਿੰਨ ਭਿੰਨ ਪ੍ਰਗਟਾਵੈ ।
ਸੋ 'ਯਮਕਾਲੰਕਾਰ' ਬਖਾਨੈਂ ॥
ਕਵਿ ਸੰਤੋਖ ਸਿੰਘ ਗੁਣੀ ਪ੍ਰਮਾਨੈਂ ।

ਇਹਾਂ ਗੁਰਮੁਖਿ ਏਕ ਪਦ ਅਨੇਕ ਵਾਰ ਆਯੋ । ਅਰਥ ਭਿੰਨ ਭਿੰਨ ਭਯੋ, ਯਾਂਤੇ

ਯਮਕ। ਸ੍ਰੋਤ੍ਰੀ ਬ੍ਰਹਮਨੇਸ਼ਟੀ ਜੋ ਗੁਰੁ, ਤਿਨ੍ਹੋਂ ਕੀ ਕਿਰਪਾ ਤੇ ਇਹ ਸਪੂਰਨ ਬਾਰਤਾ ਹੋਤ ਹੈ। ਇਸ ਤੁਕ ਮੈਂ ਗੁਰੋਂ ਕੋ ਕਰਤਤੁ ਕਹਜੋ। ਅਬ ਅਗਾਰੀ ਤਿਨ ਗੁਰੋਂ ਕੀ ਮਹਿਮਾ ਹੈ ਅਨੂਪ, ਤਿਨ ਕੀ ਬਰੋਬਰ ਕੋ ਕੋਈ ਹੋਇ ਤੌ ਉਪਮਾ ਕਹੀ ਜਾਇ। ਸਮਤਾ ਲਾਯਕ ਜਗਤ ਮੈਂ ਕਛੂ ਭੀ ਨਹੀਂ ਤਥਾਪਿ ਉਪਮਾ ਕਹੀ ਚਾਹਿਯੇ। ਜਗਤ ਕੇ ਬਡੇ ਤੀਨ ਹੀ ਹੈਂ ਸ਼ਕਤਿ ਸਮੇਤਿ, ਤਿਨ ਕੀ ਉਪਮਾ ਦੇਤ ਹੈਂ।

## ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਗੁਰੁ ਈਸਰੁ ਹੈਂ, ਕਿਆ ? ਸ਼ਿਵ ਜੈਸੇ ਹੈਂ। ਸ਼ਿਵਜੀ ਕੋ 'ਸੰਘਾਰ' ਧਰਮ ਹੈ, ਤੈਸੇ ਸਤਿਗੁਰੁ ਪ੍ਰਥਮ ਸਿਖ ਕੇ ਬਿਕਾਰ ਕੋ ਨਾਸ਼ ਕਰਤ ਹੈਂ, ਇਹ ਸਮਤਾ। 'ਗੁਰੁ ਗੋਰਖੁ' ਕਿਆ ? ਬਿਸ਼ਨੁ ਜੈਸੇ ਹੈਂ। ਬਿਸ਼ਨੁ ਜੀ ਕੋ ਧਰਮ ਪਾਲਨੇ ਕੋ, ਜਬ ਸਿੱਖ ਕੇ ਬਿਕਾਰ ਪਰਹਰੇ, ਲੋਭ ਨਸ਼ਟ ਭਯੇ, ਤਬ ਸੰਤੋਖ ਆਯੋ। ਜਬ ਹੰਕਾਰ ਗਯੋ, ਤਬ ਗਰੀਬੀ ਆਈ। ਕਾਮ ਨਾਸ਼ ਤੇ ਬ੍ਰਹਮਚਰਜ ਆਯੋ। ਇਸੀ ਪ੍ਰਕਾਰ ਸੰਪੂਰਨ ਬਿਕਾਰਨ ਕੇ ਗਏ ਤੇ ਗੁਣ ਸੁਤੈ ਸਿਧ ਹੀ ਸਤਿ ਸੰਤੋਖਾਦਿਕ ਹੋਇ ਆਵਤ ਹੈਂ। ਬਿਕਾਰਨ ਕੇ ਨਾਸ਼ ਕੋ ਨਾਮ ਗੁਣ ਹੈ। ਬਿਬੇਕ ਤੇ ਆਦਿ ਜੋ ਭਏ ਗੁਣ, ਤਿਨਕੋ ਸਤਿਗੁਰੁ ਪਾਲਤ ਹੈਂ, ਕਿਆ ? ਬਧਾਵਤ ਹੈਂ। ਇਹ ਬਿਸ਼ਨੁ ਸੋਂ ਸਮਤਾ। ਵਾ ਗੋਰਖ ਨਾਮ ਕੀ ਸਮਤਾ; ਸਤਿਗੁਰ ਭੀ ਗੋਰਖ ਹੈਂ, ਬਿਸ਼ਨ ਜੀ ਭੀ ਗੋਰਖ ਹੈਂ। 'ਗੋ' ਨਾਮ ਇੰਦ੍ਰੀਆਂ ਕੋ, ਤਿਨ ਕੋ ਬਿਕਾਰਨ ਤੇ ਰਛਿਆ ਕਰੈ, ਸੋ ਗੋਰਖੁ। ਬਿਸ਼ਨੁ ਜੀ ਐਸੇ: 'ਗੋ' ਨਾਮ ਪ੍ਰਿਥਵੀ ਕੋ, ਤਿਸ ਕੀ ਅਸੁਰਾਦਿਕੋਂ ਕੇ ਉਪੱਦ੍ਰਵ ਤੇ ਰਖਜਾ ਕਰੈ, ਸੋ ਗੋਰਖ। ਇਸ ਅਰਥ ਮੈਂ ਨਾਮ ਕੀ ਸਮਤਾ। ਗੁਰੁ ਬ੍ਰਹਮਾ ਕੇ ਸਮਾਨ ਹੈਂ। ਜਿਸ ਰੀਤਿ ਬ੍ਰਹਮਾ ਜਗਤ ਕੋ ਉਤਪਤਿ ਕਰਤ ਹੈ, ਤੈਸੇ ਸਤਿਗੁਰੁ ਸਿਖ ਕੇ ਰਿਦੇ ਮੈਂ ਗਜਾਨ ਕੋ ਉਤਪਤਿ ਕਰਤ ਹੈਂ, ਇਹ ਸਮਤਾ। ਪ੍ਰਸ਼ਨ ਕਹਿਨੇ ਕੇ ਬਿਖੈ ਬ੍ਰਹਮਾ, ਬਿਸ਼ਨੁ, ਸ਼ਿਵ ਆਵਤ ਹੈਂ, ਇਹਾਂ ਬਜਤਜ ਕ੍ਰਮ[੧] ਕਿਉਂ ਕਹਜੋ ? ਉੱਤਰ:-ਗੁਰੋਂ ਕੇ ਗੁਨ ਜੈਸੇ ਅਗਾਰੀ ਪਿਛਾਰੀ ਕੇ ਹੈਂ ਤਿਨ ਗੁਣੋਂ ਕੇ ਅਨੁਸਾਰ ਉਪਮਾ ਕ੍ਰਮ ਸੋਂ ਕਹੀ ਹੈ। ਗੁਰਨਿ ਕੋ ਗੁਣ ਇਹ: ਜੋ ਸਿਖ ਕੇ ਬਿਕਾਰ ਨਾਸ਼ ਕਰਤ ਹੈਂ, ਸੋ ਪਹਿਲੋ ਗੁਣ; ਯਾਂਤੇ ਸੰਘਾਰਕ ਜੋ ਸ਼ਿਵਜੀ ਉਪਮਾ ਬਰਨੇ। ਬਹੁਰ ਬਿਬੇਕਾਦਿ ਗਣਨ ਕੀ ਪਾਲਨਾ ਤੇ ਬਿਸ਼ਨੁ ਉਪਮਾ ਬਰਨੇ। ਗਜਾਨ ਕੀ ਉਤਪਤੀ ਇਨ ਦੋਊਨ ਤੇ ਪਿਛਾਰੀ ਸਤਿਗੁਰੁ ਦੇਤ ਹੈਂ, ਯਾਂਤੇ ਪਿਛਾਰੀ ਬ੍ਰਹਮਾ ਕੀ ਉਪਮਾਂ ਦੇਤ ਭਏ। ਇਸ ਰੀਤਿ ਬਜਤਜ ਸੇ ਜੇ ਨਾਂ ਕਹਿਤੇ ਤੋ ਉਪਮਾਂਲੰਕਾਰ ਬਿਗਰ ਜਾਤੋ, ਉਪਮੇਯ ਬਜਤਯ ਹੋਇ ਜਾਤੋ ਔਰ ਦੇਵਨ ਕੋ ਬਯਤਯ ਕਹਨੋ ਦੋਖ ਜਗਤ ਕੀ ਬਾਰਤਾ ਮੈਂ ਹੈ, ਉਤਪਤਿ ਪਾਲਨ ਸੰਘਾਰ ਮੈਂ ਅਰ ਉਪਮਾ ਮੈਂ ਉਪਮੇਯ ਕੇ ਅਨੁਸਾਰ ਕਹਨੋ ਬਨਤ ਹੈ। ਗੁਰ ਜੋ ਉਪਮੇਯ ਤਿਨ ਕੇ ਸਾਧਾਰਨ ਧਰਮ ਕੇ ਅਨੁਸਾਰ ਉਪਮਾਂ ਮਿਲਾਇ ਕਰਿ ਕਹੀ ਹੈ। ਅਬ ਯਥਾ ਕ੍ਰਮ ਤਿਨ ਕੀ ਜੋ ਇਸਤ੍ਰੀ ਹੈਂ ਤਿਨ ਕੋ ਕਹਤ ਹੈਂ। ਪਹਿਲੇ ਸ਼ਿਵ ਕਹਿਆ ਯਾਂਤੇ ਪਾਰਬਤੀ,

---

੧. ਕ੍ਰਮਭੰਗ, ਉਲਟ ਫੇਰ।

ਸ੍ਰੀ ਚੰਡਿ ਕਾ ਰੂਪ ਧਾਰ ਕਰਿ ਅਸੁਰਨ ਕੋ ਸੰਘਾਰਤ ਹੈ, ਸੁਰਨ ਕੋ ਸਥਾਪਤ ਹੈ। ਸਤਿਗੁਰ ਆਸੁਰੀ ਸੰਪਦਾ ਕੋ ਨਸ਼ਟ ਕਰਿ ਸੁਰੀ ਸੰਪਦਾ ਸਿਖ ਕੇ ਰਿਦੇ ਸਥਾਪਤ ਹੈਂ, ਇਹੁ ਪਾਰਬਤੀ ਸੋਂ ਸਮਤਾ । 'ਮਾ' ਨਾਮ ਲੱਛਮੀ ਕੋ, ਤਿਸ ਕੋ ਇਹ ਗੁਣ: ਜਿਸ ਪਰ ਪ੍ਰਸੰਨ ਹੋਤ ਹੈ ਤਿਸ ਕੇ ਸਰਬ ਅੰਗੋਂ ਕੋ ਸੋਭਾਇਮਾਨ ਕਰਤ ਹੈ; ਤੈਸੇ ਸਤਿਗੁਰ ਸਿਖ ਕੇ ਸਰਬ ਅੰਗੋਂ ਕੋ ਸੋਹਾਵਤ ਹੈਂ । ਜਬ ਗਜਾਨ ਭਯੋ ਤਬ ਆਨੰਦ ਮੈਂ ਮਗਨ ਰਹਤ ਹੈ। ਅਨੰਦ ਕੇ ਹੋਨ ਕਰਿ ਸਰਬ ਅੰਗ ਸੋਭਤ ਹੈਂ; ਇਸ ਰੀਤਿ: ਜੈਸੇ ਭੂਖੇ ਕੰਗਾਲ ਬਜਾਕੁਲ-ਅੰਗ ਹੋਤ ਹੈ, ਆਛੇ ਨਹੀਂ ਲਾਗਤ ਹੈ । ਜਬ ਧਨਾਢਿ ਹੂੈ ਕੈ ਸਨਿਗਧ[1] ਭੋਜਨ ਕਰ੍ਰ ਤ੍ਰਿਪਤ ਹੋਤ ਹੈ, ਤਬ ਨੇਤ੍ਰ ਮੁਖ ਪ੍ਰਸੰਨ ਭਏ ਭਾਸਤ ਹੈਂ; ਐਸੇ ਜਾਨਿਯੈ । ਬਹੁਰ ਗੁਰੁ 'ਈ' ਕੇ ਸਮ ਹੈ, 'ਈ' ਨਾਮ ਸੁਰਸਤੀ ਕੋ। ਤਿਸ ਕੋ ਇਹ ਗੁਣ: ਜੋ ਪ੍ਰਸੰਨ ਹੋਇ ਤੌ ਬਾਣੀ ਸੁੰਦਰ ਕਰਿ ਦੇਤ ਹੈ । ਤੈਸੇ ਸਤਿਗੁਰ ਸਿਖ ਕੀ ਬਾਣੀ ਮਧੁਰ ਕਰਿ ਦੇਤ ਹੈਂ । ਸਿਖ ਜਿਸ ਕੇ ਸੰਗ ਬੋਲਤ ਹੈ ਤਿਸ ਕੋ ਪ੍ਰਸੰਨ ਕਰਿ ਦੇਤ ਹੈ। ਇਤ੍ਯਰਥ।

'ਗੁਰੁ ਈਸਰੁ ਗੁਰੁ ਗੋਰਖੁ' ਇਨ ਅਖਰੋਂ ਬਿਖੈ ਰੂਪਕਾਲੰਕਾਰ ਹੈ।

ਲੱਛਨ–ਉਪਮੇਯਹਿ ਉਪਮਾਨਹ ਜੋਊ ।
ਏਕ ਰੂਪ ਕਰਿ ਬਰਨੇ ਦੋਊ ।
ਤਿਹ ਕੋ 'ਰੂਪਕ' ਕਰਹਿੰ ਉਚਾਰੁ ।
ਜੌਨ ਲਖੈਂ ਭੇਦਾਲੰਕਾਰੁ ।

ਇਹਾਂ ਗੁਰ ਉਪਮੇਯ, ਦੇਵ ਉਪਮਾਨ ਏਕ ਰੂਪ ਕਰਿ ਕਹੇ, ਯਾਂਤੇ ਰੂਪਕ। 'ਬਰਮਾ ਗੁਰੁ ਪਾਰਬਤੀ ਮਾਈ, ਇਨ ਬਰਨੋ ਬਿਖੇ ਮਾਲੋਪਮਾਲੰਕਾਰ ਹੈ।

ਲੱਛਨ–ਉਪਮੇਯਹਿ ਇਕ, ਬਹੁ ਉਪਮਾਨ ।
ਸੋ 'ਮਾਲੋਪਮ' ਲਖਹੁ ਸੁਜਾਨ ।

ਇਤਨੀ ਤੁਕ ਮੈਂ ਗੁਰ ਉਪਮੇਯ ਏਕ ਬਾਰ ਕਹ੍ਯੋ, ਉਪਮਾ ਚਾਰ ਕਹੀ: ਬ੍ਰਹਮਾ, ਪਾਰਬਤੀ, ਮਾ, ਈ; ਯਾਤੇ ਮਾਲੋਪਮਾ।

ਐਸੇ ਗੁਰ ਮਹਿਮਾ ਕੋ ਸੁਣ ਕਰਿ ਪੁਨਹਿ ਸਿਖ ਬੂਝਤ ਹੈ: ਜੋ ਸਤਿਗੁਰ ਆਨੰਦ ਦੇਤ ਹੈ ਤਿਸ ਕੋ ਪ੍ਰਮਾਣ ਤੌ ਬਤਾਓ ਜੋ ਏਤਨੋਕ ਹੋਤ ਹੈ ? ਵਾ ਜੋ ਆਨੰਦ ਕੋ ਦੇਨੋ ਹੈ ਤਿਸ ਕੀ ਉਪਮਾ ਕੋਈ ਔਰ ਬਤਾਓ, ਜਿਸ ਆਨੰਦ ਕੇ ਦੇਣੇ ਕਰਿ ਸਤਿਗੁਰੋਂ ਕੀ ਉਪਮਾ ਤੁਮ ਨੇ ਏਤੀਕ ਕਹੀ ? ਇਸ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਕਹਤ ਹੈਂ:–

## ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥

ਜੋ ਆਨੰਦ ਦੇਣੇ ਕੀ ਉਪਮਾਂ ਨਹੀਂ ਕਹੀ ਜਾਤ ਹੈ, ਉਨ ਕੇ ਸਦਰਸ਼ ਜੇ ਕੋਈ ਹੋਤੋ ਆਨੰਦਦਾਯਕ, ਤੌ ਕਹਨ ਮੈਂ ਆਵਤੋ; ਸੋ ਕਹਿਣੇ ਕੇ ਕਥਨ ਮੈਂ ਨਹੀਂ ਆਵਤੀ। ਵਾ ਤਿਸ ਅਨੰਦ ਕੇ ਪ੍ਰਮਾਣ[2] ਕੋ ਜੇ ਬੂਝਿਆ ਚਾਹੈ, ਜੋ ਇਸ ਕੋ ਪ੍ਰਮਾਣ ਜਾਨਤੇ ਅਗਾਰੀ

---

੧. ਘਿਉ ਨਾਲ ਤਰ ਬਤਰ, ਤਲੇ ਹੋਏ ।

੨. ਅੰਦਾਜ਼ਾ । ਮਿਣਤੀ ।

ਅਨੇਕੋਂ ਕੋ ਗਜਾਨ ਕੀ ਪ੍ਰਾਪਤੀ ਕੋ ਆਨੰਦ ਭਯੋ ਹੈ, ਸੋ ਕਿਆ ਕਹਿ ਨਹੀਂ ਜਾਤੇ ? ਜੇ ਜਾਣਤੇ ਪ੍ਰਮਾਣ, ਤੋ ਕਹਿ ਹੀ ਜਾਤੇ। ਸਰੂਪ ਕੀ ਪ੍ਰਾਪਤੀ ਕੋ ਆਨੰਦ ਬਚਨ ਕਰਿ ਬਰਨਨ ਮੈਂ ਨਹੀਂ ਆਵਤ ਹੈ। ਅਨੰਦ ਬ੍ਰਹਮ ਕੋ ਸਰੂਪ ਹੈ। ਬ੍ਰਹਮ ਕੋ ਪ੍ਰਮਾਣ ਜਾਣੇ ਤੋ ਅਨੰਦ ਕੋ ਭੀ ਪ੍ਰਮਾਣ ਜਾਣ ਸਕੇ । ਤਿਸ ਅਨੰਦ ਕੋ ਸੁਾਦ ਗੁੰਗੇ ਕੀ ਮਿਠਜਾਈ ਕੇ ਦ੍ਰਿਸ਼ਟਾਂਤ ਹੈ: ਖਾਤ ਹੈ, ਪ੍ਰੰਤੂ ਕਹਜੇ ਨਹੀ ਜਾਤੁ ਹੈ । ਜਿਸ ਅਨੰਦ ਕੋ ਲੇਸ਼ ਏਕ ਜਗਤ ਮੈਂ ਹੈ, ਤਿਸ ਹੀ ਕੇ ਅਧੀਨ ਸਰਬ ਪ੍ਰਾਨੀ ਬਸੀਭੂਤ ਹੈਂ, ਸੋ ਕੈਸੇ ਕਹਜੇ ਜਾਤ ਹੈ ? ਏਕ ਬਾਰਤਾ ਸਤਿਗੁਰੋਂ ਕੀ ਕਹਨ ਮੈਂ ਆਵਤ ਹੈ, ਸੋਈ ਕਹਤ ਹੈ:-

## ਗੁਰਾ ਇਕ ਦੇਹਿ ਬੁਝਾਈ ॥

ਸਤਿਗੁਰ ਏਕਤਾ ਕੀ ਬੂਝ ਕੋ ਬੁਝਾਇ ਦੇਤ ਹੈਂ। ਸੋ ਹੇ ਸਿਖ! ਤੂੰ ਬਿਚਾਰ ਕਰਿ ਦੇਖੁ ਜੋ ਅਪਣੇ ਸਰੂਪ ਕੋ ਜਾਣੇ ਤੇ ਅਪ੍ਰਮਾਣ[1] ਹੀ ਅਨੰਦ ਪ੍ਰਾਪਤ ਹੋਇਗੋ। ਫੇਰ ਅਨੰਦ ਕੈਸੋ ਹੈ ? ਅਬਿਨਾਸ਼ੀ ਹੈ, ਤਿਸ ਆਨੰਦ ਤੇ ਬਿਨਾ ਔਰ ਜੋ ਅਨੰਦ ਹੈਂ ਸੋ ਅੰਤ ਵਾਰੇ ਹੈਂ। ਤਾਂਤੇ ਤੂੰ ਸਦਾ ਹੀ ਐਸੇ ਚਿੰਤਨ ਕਰਤਾ ਰਹੁ:

## ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਸਰਬ ਜੋ ਜੀਅ ਹੈਂ, ਤਿਨ੍ਹੋਂ ਕੋ ਕਰਮ ਫਲ ਕਾ ਦਾਤਾ ਹੈ, ਸੋ ਕੈਸੋ ਸਮਰਥ ਹੈ ? ਸਰਬ ਜੀਓਂ ਕੇ ਕਰਮ ਭਿੰਨ ਭਿੰਨ ਰਾਖਤ ਹੈ। ਅਨੇਕ ਹੀ ਜੀਉਂ ਹੈਂ, ਤਿਨ ਅਨੇਕ ਕੇ ਹਜਾਰ ਗੁਨੇ ਕਰਮ ਹੈਂ, ਤਿਨ ਕਰਮਨ ਕੋ ਅਗਾਰੀ ਪਿਛਾਰੀ ਅਰ ਅਭਿੰਨ ਨਹੀਂ ਹੋਨ ਦੇਤੋ ਹੈ; ਐਸਾ ਜੋ ਦਾਤਾ ਹੈ ਸਮਰਥ 'ਸੋ ਮੈ' ਕਿਆ ? 'ਸੋਹੰ', ਸੋ ਮੇਰੋ ਹੀ ਸਰੂਪ ਹੈ; ਐਸੀ ਬੂਝ ਸਦਾ ਹੀ ਯਾਦ ਰਹੈ, ਕਦਾਚਿਤ ਭੀ ਬਿਸਰੈ ਨਹੀਂ। ਇਤਜਰਥ।

ਪਹਿਲੀ ਤੁਕ ਮੈਂ ਕਾਬਜਲਿੰਗ ਅਲੰਕਾਰ ਹੈ।

'ਜੇ ਹਉ ਜਾਣਾ ਆਖਾ ਨਾਹੀ' ਜੇ ਅਨੰਦ ਕੇ ਪ੍ਰਮਾਣ ਕਹਿ ਜਾਣਤੇ ਤੋਂ ਕਿਆ ਕਹਤੇ ਨਾਂ ? ਯੇਹ ਤੋ ਅਰਥ, ਤਿਸ ਬਚਨ ਕੋ ਸਪਸ਼ਟ ਕਰਜੇ 'ਕਹਣਾ ਕਥਨੁ ਨ ਜਾਈ' ਇਸ ਬਚਨ ਨਾਲ: ਕਥਨ ਮੈਂ ਨਹੀਂ ਆਵਤ ਹੈ। ਦੂਸਰੋ ਕਾਕੋਕਿਤ ਅਲੰਕਾਰ। ਜਾ ਜਾਣਤੇ ਤੋਂ ਕਹਤੇ ਨਾਂ ? ਕਹਤੇ ਹੀ। 'ਕਾਕ ਸੂਰ ਸੋਂ ਜਹਾਂ ਅਰਥ ਫੇਰੀਏ' ਯਾਂਕੋ ਲੱਛਨ ਹੈ । ਅਗਲੀ ਦੋਊ ਤੁਕਨ ਮੈਂ ਪ੍ਰੇਯਸੁਤ ਅਲੰਕਾਰ ਹੈ।

ਲੱਛਨ-ਰਸ ਕੋ ਜਹਾਂ ਭਾਵ ਹੁਇ ਅੰਗ ।
'ਪ੍ਰੇਯ ਸੁਤ' ਤਿਹ ਕਹਿੰ ਸੁਮਤਿ ਉਤੰਗ[2] ।

ਇਹਾਂ ਸ਼ਾਂਤਿ ਰਸ ਮੁਖਜ ਹੁਤੋ, ਸੋ ਅੰਗੀ ਭਯੋ। ਏਕਤਾ ਕੀ ਬੂਝ ਤਿਸ ਕੋ ਅੰਗ 'ਚਿੰਤਾ' ਸੰਚਾਰੀ ਭਜੋ; ਜੋ ਬਿਸਰੇ ਕਦੇ ਨਹੀਂ। ਵਾ ਰਸਵਤਾਲੰਕਾਰ ਹੈ।

ਲੱਛਨ-ਜਹਿ ਰਸ ਕੋ ਔਰਹਿ ਰਸ ਅੰਗ ।
ਤਹਿ 'ਰਸਵਤ' ਕਹਿੰ ਸੁਮਤਿ ਉਤੰਗ ।

ਇਹਾਂ ਸਰਬ ਜੀਆਂ ਕੋ ਏਕ ਦਾਤਾ, ਕੋਟਾਨਿ ਕੋਟਿ ਜੀਵ ਕੋ ਏਕ ਦਾਤਾ, ਯਹ ਅਚਰਜ; ਯਾਂਤੇ ਅਦਭੁਤ ਰਸ ਭਯੋ; ਸੋ ਅੰਗੀ ਇਹਾਂ। ਔ ਸ਼ਾਂਤਿ ਰਸ ਐਸੇ: ਸਰਬ ਤੇ ਨਿਰਬੇਦ[1] ਭਯੋ। ਏਕ ਮੈਂ ਸਥਿਤੀ ਸੋ ਸ਼ਾਂਤਿ ਅਦਿਭੁਤ ਕੋ ਅੰਗ ਭਯੋ। ਅੰਗੀ ਪ੍ਰਧਾਨ ਅਪ੍ਰਧਾਨ ਅੰਗ ਹੋਤ ਹੈ। ਐਸੇ ਰਸਵਤਾ ਅਲੰਕਾਰ ਹੈ। ਵਾ ਨਿਸ਼ਕਪਟ ਪ੍ਰੀਤਿ ਤੇ ਪ੍ਰੇਮਾਲੰਕਾਰ ਹੈ; ਜੋ ਕਹਤ ਹੈ ਬਿਸਰੇ ਹੀ ਨਹੀਂ।

'ਗੁਰੁ ਈਸਰੁ ਗੁਰੁ ਗੋਰਖੁ' ਇਸ ਤੁਕ ਕੇ ਅਰਥ ਮੈਂ ਅਨੰਦਘਨ ਨੇ ਅਧਿਕ ਹੀ ਨੀਰ ਮਥਯੋ ਹੈ। ਜਿਤਨੋ ਕਹਯੋ ਹੈ ਸੋ ਸਭ ਅਪਨੋ ਅਨਜਾਨਪਨੋ ਹਸਤਾਮਲ[2] ਕਰਿ ਦਿਖਾਯੋ ਹੈ। ਤੀਨੋਂ ਦੇਵਤਾ ਕੋ ਸਤਿਗੁਰਨ ਕੀ ਉਪਮਾ ਦਈ, ਸੋ ਨਹੀਂ ਸਮਝਯੋ। ਉਪਮਾ ਉਪਮੇਯ ਕੀ ਭੀ ਸੋਝੀ ਨਹੀਂ, ਇਸੀ ਬਾਤ ਤੇ ਔਰ ਅਰਥ ਬਨਾਯੋ। ਸ੍ਰੀ ਨਾਨਕ ਜੀ ਕੇ ਛਿਅ ਗੁਰ ਬਨਾਏ। ਸੋ ਤਿਸ ਕੇ ਅਰਥ ਕਰਣੇ ਮੂਜਬ ਮਹਾਂ ਅਨਰਥ ਹੋਤ ਹੈ। 'ਗੁਰੁ ਸਾਗਰੁ ਰਤਨੀ ਨਹੀ ਤੋਟ()'। ਇਸ ਤੁਕ ਮੈਂ ਸਮੁੰਦ੍ਰ ਗੁਰੂ ਕਹੇ ਚਾਹੀਏ। 'ਗੁਰੁ ਦਰੀਆਉ ਸਦਾ ਜਲੁ ਨਿਰਮਲੁ†' ਇਸ ਤੁਕ ਮੈਂ ਨਦੀ ਗੁਰ ਭਏ ਚਾਹੀਏ। 'ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ‡'; ਇਸ ਸ਼ਲੋਕ ਕੋ ਭੀ ਅਰਥ ਤੈਸੇ ਹੀ ਭਯੋ। ਮਾਤਾ, ਪਿਤਾ, ਭਾਈ, ਬੰਧਪ, ਸਖਾ, ਪਾਰਸ ਇਹ ਸਰਬ ਹੀ 'ਗੁਰ' ਕਹੇ ਚਾਹੀਏ। ਐਸੇ ਮਤਵਾਰਜੋਂ ਕੇ ਕਹਨ ਕਰਿ ਸੁਨਨਵਾਰੇ ਕਿਸ ਪਰ ਨਿਸਚਾ ਕਰੈ? ਇਤਯਾਦੀ ਅਰਥ ਕਰਿ ਗੁਰੂ ਨਾਨਕ ਜੀ ਕੋ ਗੁਰ 'ਬਰਨ[3]' ਕੋ ਕਹਤ ਹੈਂ। ਔਰ ਅਨੰਦਘਨ ਜੋ ਪ੍ਰਮਾਣ ਦੀਓ ਹੈ ਸ਼ਬਦ ਕੋ: 'ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥'' ਇਸ ਕੇ ਅਰਥ ਮੈਂ ਭੀ ਅਨਰਥ ਕਰਯੋ ਹੈ। ਇਸ ਸ਼ਬਦ ਕੇ ਬਿਖੈ ਗੁਰੂ ਜੀ ਨੇ ਅਰਥ ਖਟ ਸ਼ਾਸਤ੍ਰਨ ਕੋ ਰਾਖਯੋ ਹੈ। ਖਟ ਸ਼ਾਸਤ੍ਰਨ ਮੈਂ ਮੁਕਤਿ ਕੇ ਘਰਿ ਕਹੀਏ ਸਥਾਨ ਸੋ ਭੀ ਆਪੋ ਆਪਣੀ ਰੀਤਿ ਸੋਂ ਖਟ ਕਹੇ ਹੈਂ, ਵਾ ਮਤਿ ਕੋ ਨਾਮ ਘਰ ਹੈ। ਮਤਿ ਖਟ ਹੈਂ, ਤਿਨ ਮਤੋਂ ਕੇ ਕਰਣਹਾਰੇ ਖਟ ਸ਼ਾਸਤਰੋਂ ਕੇ ਖਟ ਹੀ ਗੁਰ ਹੈਂ: ਕਪਲਮੁਨਿ, ਗੋਤਮ, ਕਣਾਧਿਮੁਨਿ, ਜੈਮੁਨਿ, ਸ਼ੇਸ਼ ਜੀ, ਬਯਾਸ ਜੀ। ਤਿਨ ਖਟ ਨੇ ਖਟ ਹੀ ਰੀਤਿ ਸੋਂ ਆਪਨੇ ਆਪਨੇ ਮਤਿ ਕੋ ਉਪਦੇਸ਼ ਕਹਯੋ ਹੈ। ਸੋ ਜੋ ਖਟੁ ਗੁਰ ਹੈਂ ਤਿਨ ਕੋ ਸਿੱਧਾਂਤ ਸਭਨ ਕੋ ਏਕੁ ਪਰਮਾਤਮਾ, ਪਰ ਬਰਨਨ ਖਟ ਰੀਤਿ ਸੋਂ, ਔਰ ਔਰ ਤਰਹ ਸੋਂ। ਤਿਨ ਖਟ ਗੁਰ ਕੋ ਗੁਰ ਏਕ ਹੀ ਹੈ: ਬ੍ਰਹਮ, ਚੇਤਨ ਸੱਤਾ ਦੇਨਹਾਰੋ। ਵੇਸ ਅਨੇਕ: ਜੈਸੀ ਜੈਸੀ ਰੀਤਿ ਜਿਸ ਕੋ ਅਨੁਭਵ ਭਯੋ, ਤੈਸੇ ਹੀ ਵੇਸ ਅਨੇਕ ਰੀਤਿ ਸੋਂ ਕਹੇ ਹੈਂ। ਅੰਧਨਿ ਕੇ ਹਾਥੀ ਕੋ ਦ੍ਰਿਸ਼ਟਾਂਤ, ਹਾਥੀ ਏਕ ਹੀ ਹੈ, ਅੰਨਯ ਅੰਨਯ ਰੀਤਿ ਸੋਂ ਬਤਾਵਤ ਹੈਂ[4]। ਤਿਨ ਛਿਅ ਸ਼ਾਸਤ੍ਰਨ ਕੇ ਕਥਨ ਪਰ ਗੁਰੂ ਜੀ ਨੇ ਅਗਲੀ ਪਉੜੀ ਮੈਂ ਦ੍ਰਿਸ਼ਟਾਂਤ ਮਹੀਨੇ ਕੋ ਅਰ ਸੂਰਜ ਕੋ ਦਯੋ ਹੈ, ਸੋਈ ਕਹਤ ਹੈਂ:-'ਵਿਸੁਏ ਚਸਿਆ ਘੜੀਆ ਪਹਰਾ

੧. ਵੈਰਾਗ। ੨. ਹਥ ਤੇ ਧਰੇ ਆਉਲੇ ਵਾਂਗ, ਪ੍ਰਗਟ। ੩. ਵਰੁਣ, ਜਲ ਦਾ ਦੇਵਤਾ।
੪. ਅੰਨ੍ਹਿਆਂ ਨੇ ਹਾਥੀ ਦੇ ਜਿਸ ਜਿਸ ਅੰਗ ਸੁੰਡ, ਪੈਰ, ਆਦਿ ਨੂੰ ਟੋਹਿਆ, ਉਨ੍ਹਾਂ ਨੇ ਉਸੇ ਤਰ੍ਹਾਂ ਅਡ ਅਡ ਰੂਪ ਦਾ ਹਾਥੀ ਦਸਿਆ। [ਅੰਨਯ = ਹੋਰ; ਵਖਰਾ]।
()ਦਖਣੀ ਓਅੰਕਾਰ-੨੭। †ਪ੍ਰਭਾਤੀ ਮਹਲਾ ੧-੬। ‡ਗਉੜੀ ਬਾਵਨ ਅਖਰੀ ਮ: ੫-੧।

ਥਿਤੀ ਵਾਰੀ ਮਾਹੁ ਹੋਆ'। ਇਸ ਤੁਕ ਮੈਂ ਮਹੀਨੇ ਕੋ ਦ੍ਰਿਸ਼ਟਾਂਤ ਹੈ: ਮਹੀਨਾ ਤੋ ਏਕ ਹੀ ਹੈ, ਤਿਸ ਕੇ ਛਿਅ ਭੇਦ ਲੋਕ ਕਹਤ ਹੈਂ: ਘੜੀ ਕੋ ਛੇਵਾਂ ਭਾਗ ਤਿਸ ਕੋ 'ਛਿਣ' ਕਹਤ ਹੈਂ, ਗੁਰੂ ਜੀ ਨੇ ਇਸ ਕੋ ਨਾਮ 'ਚਸਾ' ਕਹ੍ਯੋ। ਛਿਣ ਕੋ ਤੀਸਵੇਂ ਭਾਗ, ਤਿਸਕੋ 'ਕਲਾ' ਕਹਤ ਹੈਂ, ਯਾਂਕੋ ਨਾਮੁ ਗੁਰੂ ਜੀ ਨੇ 'ਵਿਸੁਏ' ਕਹ੍ਯੋ। ਘੜੀ, ਅਰੁ ਪਹਰ, ਅਰ ਥਿਤੀ, ਅਰ ਵਾਰ ਏ ਖਟੁ ਭੇਦ ਕਰਿ ਕਹਤ ਹੈਂ। ਵਾਸਤਵ ਜੇ ਬਿਚਾਰੀਏ ਤੌ ਮਹੀਨਾਂ ਤੀਸ ਦਿਨ ਕੋ ਏਕ ਹੀ ਹੈ। ਕੋਈ ਕਹਤ ਹੈ: ਏਤੀ ਤਿਥ ਹੈਂ, ਕੋਈ ਕਹਤ ਹੈ: ਏਤੇ ਵਾਰ ਹੈਂ, ਕੋਈ ਕਹਤ ਹੈ: ਪਹਰ, ਘੜੀਆਂ, ਚਸੇ, ਵਿਸੇ ਏਤੇ ਹੈਂ। ਜੇਤੇ ਕਹੇ ਹੈਂ ਵਿਸੇ, ਚਸੇ, ਘੜੀ, ਪਹਰ, ਥਿਤਿ, ਵਾਰ, ਤਿਸ ਮਹੀਨੇ ਤੇ ਜੁਦੋ ਇਨ ਛਿਅਨ ਮੈਂ ਏਕ ਭੀ ਨਹੀਂ ਹੋਤ ਹੈ; ਮਹੀਨੇ ਕੇ ਹੀ ਅੰਤ੍ਰਭੂਤ ਹੈਂ। ਆਗੇ ਦੂਸਰੋ ਦ੍ਰਿਸ਼ਟਾਂਤ ਕਹਤ ਹੈਂ:-'ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥' ਜਿਸ ਪ੍ਰਕਾਰ ਸੂਰਜ ਤੌ ਏਕ ਹੀ ਹੈ, ਤਿਸ ਸੂਰਜ ਤੇ ਰੁੱਤਾਂ ਖਟ ਗਿਨਤ ਹੈਂ: ਬਸੰਤ, ਗ੍ਰੀਖਮੁ, ਪਾਵਸ, ਸ਼ਰਦ, ਹਿਮ, ਸ਼ਿਸ਼ਿਰ; ਸੋ ਏਕ ਸੂਰਜ ਤੇ ਹੀ ਬਨਤ ਹੈਂ, ਤਿਸ ਸੂਰਜ ਤੇ ਰੁੱਤਾਂ ਭਿੰਨ ਨਹੀਂ ਹੈਂ; ਸੂਰਜ ਕੇ ਹੀ ਅੰਤ੍ਰਭੂਤ ਹੈਂ। ਤੈਸੇ ਹੀ ਸ੍ਰੀ ਨਾਨਕ ਜੀ ਕਹਤ ਹੈਂ: ਕਰਤੇ ਕੋ ਕਿਤਨੇ ਹੀ ਵੇਸ ਸੋਂ ਕਹਤ ਹੈਂ। ਕਿਆ? ਖਟੁ ਸ਼ਾਸਤ੍ਰ ਖਟ ਤਰਹ ਸੋਂ ਬ੍ਰਹਮ ਕੋ ਬਰਨਨ ਕਰਤ ਹੈਂ, ਵਾਸਤਵ ਏਕ ਹੀ ਹੈ। ਪ੍ਰਸੰਗ ਪਾਇ ਕਰਿ ਸ਼ਬਦ ਕੋ ਭੀ ਅਰਥ ਕਰ੍ਯੋ। ਤਿਸ ਕੇ ਖਟ ਗੁਰ ਬਨਾਵਨ ਮੈਂ ਔਰ ਅਨੇਕ ਤਰਕ ਉਠਤ ਹੈਂ। ਜੇ ਕਰਿ ਅਪਨੋ ਗੁਰ ਬ੍ਰਹਮਾ ਕੋ ਮਾਨਤੇ ਸ੍ਰੀ ਗੁਰੂ ਜੀ, ਤੌ ਐਸੇ ਬ੍ਰਹਮਾ ਕੋ ਅਪਨੀ ਬਾਣੀ ਮੈਂ ਨਹੀਂ ਕਹਤੇ:-

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥

[ਗਉੜੀ ਮ: ੧, ਅਸਟ:-੯

ਇਤ੍ਯਾਦੀ ਸ਼ਬਦੋਂ ਮੈਂ ਤਰਕਤਿ ਹੀ ਰਹੇ। ਜੇ ਕਰਿ ਇਨ ਛਿਅਨ ਕੋ ਗੁਰੂ ਮਾਨਤੇ, ਕਿਤੇ ਤੌ ਕਹਿਤੇ: ਹੇ ਸਿਖ, ਬ੍ਰਹਮਾ ਕੋ ਭਜਨ ਕਰੁ, ਵਾ ਸ਼ਿਵਜੀ ਕੇ ਲਿੰਗ ਕੀ ਪੂਜਾ ਕੋ ਅਧਿਕ ਫਲ ਹੈ, ਸੋ ਕਰਤ ਰਹੁ; ਵਾ ਤੀਨੋਂ ਦੇਵੀਆਂ ਕੀ ਉਪਾਸ਼ਨਾਂ ਕਰੁ। ਜੋ ਸਿਖ ਹੋਤ ਹੈਂ ਸੋ ਆਪਨੇ ਗੁਰਨ ਕੋ ਉਪਦੇਸ਼ ਬਤਾਵਤ ਹੈਂ; ਜੈਸੇ ਸ੍ਰੀ ਅਰਜਨ ਜੀ ਪੰਜਵੇਂ ਪਾਤਿਸ਼ਾਹ ਨੇ ਅਨੇਕ ਸਥਾਨ ਬਿਖੇ ਗੁਰ ਨਾਨਕ ਜੀ ਕੀ ਮਹਿਮਾ ਕੋ ਬਰਨ੍ਯੋ ਹੈ। ਪ੍ਰਮਾਣ:

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

[ਸੋਰਠਿ ਮਹਲਾ ੫—੧੩

ਇਤ੍ਯਾਦੀ ਅਨੇਕ ਵਾਰ ਕਹ੍ਯੋ ਹੈ, ਗ੍ਰੰਥ ਸਾਹਿਬ ਕੇ ਪੜਨ ਵਾਰੇ ਜੋ ਸਿਖ ਹੈਂ ਸੋ ਸਰਬ ਜਾਨਤ ਹੈਂ; ਔਰ ਅਬ ਤੀਕ ਗੁਰੂ ਜੀ ਕੋ ਉਪਦੇਸ਼ ਸਿਖ ਕਮਾਵਤ ਹੈਂ। ਬਿਸ਼ਨ ਸ਼ਿਵ ਕੀ ਪੂਜਾ ਪਾਹਨ ਕੀ ਜੋ ਹੈ, ਤਿਸ ਕੋ ਬਿਵਰਜਿਤ ਕਰ੍ਯੋ ਹੈ। ਪ੍ਰਮਾਣ:-

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰੁ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥

[ਵਾਰ ਬਿਹਾਗੜਾ ਮ: ੧-੨੦

ਲਿੰਗ, ਸਾਲਿਗ੍ਰਾਮ, ਪਾਹਨ ਕੋ ਜੋ ਪੂਜਨ ਹੈ, ਤਿਨ੍ਹੋਂ ਤੇ ਅਪਨੇ ਪੰਥ ਕੋ ਬਰਜਜੋ ਹੈ । ਸਤਿਗੁਰਨ ਕੇ ਹਜ਼ੂਰ ਕੀ ਭੀ ਸਾਖੀ ਨਹੀਂ ਕੋਈ ਲਿਖੀ ਹੋਈ ਹੈ, ਸ੍ਰਵਣ ਭੀ ਕੋਈ ਨਹੀਂ ਕਰੀ ਹੈ: ਜੋ ਬ੍ਰਹਮਾ ਸ਼ਿਵ ਆਦਿ ਕੀ ਉਪਾਸ਼ਨਾ ਕਰਹੁ । ਐਸੋ ਉਪਦੇਸ਼ ਗ੍ਰਿੰਥ ਜੀ ਬਿਖੇ ਭੀ ਨਹੀਂ ਲਿਖਜੋ । ਮਨ ਕੀ ਮਤਿ ਕਰਿ ਜੋ ਅਨੰਦਘਨ ਲਿਖ ਗਯੋ ਹੈ ਤਿਸ ਤੇ ਕਿਸੀ ਨੇ ਮਾਨ ਕਰਿ ਅੰਗੀਕਾਰ ਭੀ ਨਹੀਂ ਕਰਿ ਲਯੋ ਹੈ: ਜੋ ਰੁਦ੍ਰਾਛ ਤੁਲਸੀ ਮਾਲਾ ਧਾਰਿਕੈ, ਤਿਲਕ ਆਦਿ ਕਰਣ ਲਗ ਪਰੇ ਹੈਂ; ਯਾਂਹੀ ਤੇ ਕਹਜੋ ਅਨੰਦਘਨ ਨੀਰੁ ਮਥ ਗਯੋ ਹੈ । ਸਤਿਗੁਰੂ ਕੋ ਉਪਦੇਸ਼ ਹੈ ਜਿਸ ਰੀਤਿ ਕੋ, ਸੋ ਤੋ ਸਿੰਘ[1] ਕੀ ਰੀਤਿ ਸੇਂ ਗਰਜਤ ਹੈ ਦੇਸਨ ਪਰਦੇਸਨ ਮੈਂ: ਭਾਣਾ ਮਾਨਣੋ, ਹਉਮੈ ਕੋ ਤਜਣੋ, ਸਤਿਨਾਮ ਕੋ ਸਿਮਰਨ, ਸਰੂਪ ਕੀ ਪ੍ਰਾਪਤਿ, ਇਹ ਮਤਿ ਸਤਿਗੁਰਨ ਕੋ । ਜੰਬੁਕ[2] ਜੈਸੇ ਅਪਰ ਮਤ ਜੋ ਹੈਂ ਤਿਨ੍ਹੋਂ ਮੈਂ ਕੈਸੇ ਮਿਲਤ ਹੈਂ । ਹੈਰੰਨਗਰਭੀ ਬ੍ਰਹਮਾ ਕੇ ਸੇਵਕਨ ਕੋ ਮਤ, ਬੈਸਨੋ ਬਿਸ਼ਨ ਕੇ ਦਾਸਨ ਕੋ ਮਤ, ਸ਼ੈਵੀਨ ਸ਼ਿਵ ਕੇ ਉਪਾਸਕੀ, ਤਿਨ ਕੋ ਮਤ; ਤੀਨੋਂ ਦੇਵਨ ਕੇ ਮਤ ਆਦਿ ਔਰ ਅਨੇਕ ਹੈਂ ਪਰਸਪਰ ਬਿਰੋਧੀ, ਏਕ ਦੂਸਰੇ ਕੋ ਖੰਡਨ ਕਰਤ ਹੈਂ, ਤਿਸ ਕੋ ਔਰ ਖੰਡਤ ਹੈਂ, ਅਪਨੇ ਪਖਬਾਦ ਕੇ ਹੇਤ ਅਨੇਕਾਨ ਅਨੇਕ ਤਰਕ ਉਠਾਵਤ ਹੈਂ । ਅਪਨੇ ਮਤਿ ਕੇ ਅਨੁਸਾਰ ਬੇਦ ਕੀ ਸ੍ਰਤੀ ਖੋਜਿ ਖੋਜਿ ਰਾਖੀ ਹੈਂ, ਔਰ ਕੇ ਖੰਡਬੇ ਹਿਤ ਭੀ ਖੋਜ ਲਈ ਹੈਂ । ਅਪਨੇ ਸਤਿਗੁਰ ਨਿਰਵੈਰੁ, ਜਿਸ ਮੈਂ ਜੀਵਨ ਕੋ ਕਲਜਾਨ ਹੋਇ ਸੋ ਕਹਿ ਗਏ ਹੈਂ, ਸੂਧੀ ਬਾਤ; ਜਿਸ ਕੋ ਇਸ ਰੀਤਿ ਕੀ ਗਜਾਤਾ ਨਹੀਂ ਸੋ ਅਨੇਕ ਕਲਪਨਾ ਉਠਾਵਤ ਹੈ । ਜਿਨ੍ਹੋਂ ਨੇ ਏਹ ਸਮਝ ਰਾਖੀ ਹੈ ਬਹੁਰ ਸਤਿਗੁਰ ਕੋ ਉਪਦੇਸ਼ ਕਮਾਵਤੇ ਹੈਂ, ਤਿਨ ਕੋ ਮੁਕਤਿ ਪ੍ਰਾਪਤਿ ਸੁਖੇਨ ਹੀ ਹੁਇ ਆਵਤ ਹੈ । ਔਰ ਜੋ ਸ਼ਾਸਤ੍ਰਨ ਮੈਂ ਹੋ ਕਰਿ ਪਖ ਬਾਦ ਕੋ ਉਠਾਵਤ ਹੈਂ, ਬਹੁਰ ਸਤਿਗੁਰ ਕੇ ਮਤਿ ਕੋ ਰਲਾਯੋ ਚਾਹਤ ਹੈਂ, ਸੋ ਅਨਜਾਨ ਹੀ ਠਗਜੋ ਜਾਇਗੋ, ਨਿਸਚੇ ਵਾਰੇ ਜੋ ਸਿਖ ਹੈਂ ਸੋ ਤੋ ਸੁਪਨ ਮਾਤ੍ਰ ਭੀ ਤਿਨ ਕੋ ਕਹਿਨੋ ਨਹੀਂ ਮਾਨੇਂਗੇ । ਐਸੀ ਐਸੀ ਤਰਕਾਂ ਅਨੰਦਘਨ ਕੇ ਅਰਥ ਕਰਨੇ ਪਰ ਔਰ ਅਨੇਕ ਉਠਤ ਹੈਂ । ਸ੍ਰੀ ਗੁਰੂ ਦਸਵੀਂ ਪਾਤਿਸਾਹੀ ਇਸੀ ਬਾਤ ਤੇ ਭਵਿੱਖਤ ਬਿਚਾਰਿਕੈ ਅਪਨੇ ਗੁਰਨ ਕੋ ਨਿਰਨਾ ਕਰਿ ਗਏ ਹੈਂ; ਜੋ ਲੋਕ ਆਸ਼ੈ ਤੋ ਸਤਿਗੁਰਨ ਕੋ ਸਮਝਹਿੰਗੇ ਨਹੀਂ, ਕੋਈ ਕਿਸੀ ਕੇ ਮਤਿ ਕੋ ਅਨੁਮਾਨ ਕਰੈਗੋ, ਕੋਈ ਕਿਸੇ ਕੋ ਕਰੈਗੋ; ਯਾਂਹੀ ਤੇ ਗੁਰ ਬਤਾਇ ਗਏ ਹੈਂ, ਸੋਈ ਕਹਤ ਹੈਂ:–

ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝੀਅਹੁ ਹਮਾਰਾ ॥
[ਚੌਪਈ ਪਾ: ੧੦

ਅਰੁ ਦੇਵੀ ਜੋ ਪ੍ਰਤੱਖ ਕਰੀ ਕਹਿਤੇ ਹੈਂ, ਸੋ ਕੈਸੇ ? ਜੋ ਅਨੇਕ ਸਥਾਨ ਬਿਖੇ ਅਪਨੀ ਬਾਣੀ ਮੈਂ ਉਸਤੁਤਿ ਚੰਡਿਕਾ ਕੀ ਕਰੀ ਹੈ; ਤਿਸ ਕੋ ਸੁਨਿਕੈ ਪੀਛੇ ਤੇ ਲੋਕ ਅਨੰਦਘਨ ਜੈਸੇ ਕਹਿਤੇ ਹੈਂ ਜੋ ਦਸਵੀਂ ਪਾਤਿਸ਼ਾਹੀ ਕੋ ਗੁਰੂ ਦੇਵੀ ਹੈ । ਤਹਾਂ ਭੀ ਨਿਰਨੈ ਕਰ ਗਏ ਹੈਂ । ਪ੍ਰਮਾਣ :–

ਅਰੁ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚੁ ਹਉ ਗੁਨ ਤੌ ਉਚਰੋ ॥ [ਚੰਡੀ ਚਰਿਤ੍ਰ–੨੩੧

---

੧. ਸ਼ੇਰ ਵਾਂਗ । ੨. ਗਿਦੜ ਵਰਗੇ ।

ਸੋ ਪ੍ਰਥਮ ਪਾਤਿਸ਼ਾਹੀ ਤੇ ਦਸਵੀਂ ਪ੍ਰਯੰਤ ਸਰਬ ਕੋ ਏਕ ਆਸ਼ੈ ਹੈ, ਏਕ ਹੀ ਇਨ ਕੋ ਗੁਰ ਹੈ, ਏਕ ਹੀ ਇਨ ਕੋ ਸਰੂਪ ਹੈ, ਮੁਕਤਿ ਹਿਤ ਏਕ ਹੀ ਉਪਦੇਸ਼ ਹੈ; ਜੋ ਬਿਲੱਖਣ ਸਮਝਤ ਹੈਂ ਤਿਨ੍ਹੋਂ ਤੇ ਮੂਰਖ ਅਧਿਕ ਔਰ ਕੌਨ ਹੈ ? ਗੁਰੂ ਜੀ ਆਪ ਹੀ ਕਹਿ ਗਏ ਹੈਂ :–

ਅਮਰਦਾਸ ਰਾਮਦਾਸ ਕਹਾਯੋ ॥ ਸਾਧਨ ਲਖਾ ਮੂੜ ਨਹਿ ਪਾਯੋ ॥ [ਪਾ: ੧੦

ਮਾਯਾਸਵਲ ਬ੍ਰਹਮ ਜੋ ਕਹਤ ਹੈਂ : 'ਏਕੋਹੰ ਬਹੁ ਸ਼ਯਾਮਾ' ਤਿਸ ਕੋ ਮਹਾਂ ਕਾਲ ਬਰਨਯੋ ਹੈ, ਸੋਈ ਗੁਰ ਹੈ। ਔਰ ਜੋ ਕਲਪਨਾ ਕਰਤ ਹੈਂ, ਸੋ ਤਿਨ੍ਹੋਂ ਕੀ ਕੌਨ ਮਾਨਤ ਹੈ, ਪਰੇ ਕਰਤੇ ਰਹੈਂ। ਅਬ ਮੂਲ ਕੋ ਹੀ ਬਰਨਤ ਹੈਂ, ਔਰ ਕਹਾਂ ਤਕ ਤਿਸ ਕੋ ਅਨਜਾਨ - ਪਨੋ ਕਹੈਂ, ਗ੍ਰੰਥ ਬਧਤ ਹੈ।

ਦੋਹਰਾ–ਕਿਤ ਦੈ ਤਿਸ ਕੇ ਅਰਥ ਕੋ ਪਿਖਤਜੋਂ ਨਿਕਸਹਿ ਪੋਲ।
ਸਭ ਥਲ ਗੜਵੜ ਕਰਿ ਦੀਏ ਟੀਕਾ ਰੋਲ ਘਚੋਲ।

[ਪਉੜੀ ਛੇਵੀਂ]

ਅਥ ਸਿੱਧਾਂਤ–ਏਕ ਪਉੜੀ ਮੈਂ ਸਤਿਗੁਰ ਕੀ ਮਹਿਮਾ ਕਰਿ ਆਏ ਹੈਂ, ਅਗਾਰੀ ਏਕ ਪਉੜੀ ਮੈਂ ਔਰ ਕਰਤ ਹੈਂ।

## ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥

ਤੀਰਥ ਕੋ ਅਰਥ ਲੱਛਨਾ ਸੇ 'ਪਵਿਤ੍ਰ' ਕੋ। ਤੀਰਥ ਮੈਂ ਜੋ ਕੋਈ ਸ਼ਨਾਨ ਕਰਤ ਹੈ; ਤੀਰਥਿ ਕੋ ਧਰਮ ਹੈ ਤਿਸ ਪ੍ਰਾਣੀ ਕੋ ਪਵਿਤ੍ਰ ਕਰਿ ਦੇਤ ਹੈ। ਤਿਸ ਧਰਮ ਤੇ 'ਪਵਿਤ੍ਰ ਕਰਨ' ਕੋ ਜਹਿਤੀ ਲੱਛਨਾ ਸੋਂ ਅਰਥ। ਲੱਛਨ ਪਹਿਲੇ ਜਹਿਤੀ ਕੋ ਕਰਿ ਆਏ ਹੈਂ। 'ਤੀਰਥ ਨਾਵਾ' ਤੀਰਥ ਕਹੀਏ ਪਵਿਤ੍ਰ, 'ਨਾਵਾ' ਜੋ ਨਾਮ ਹੈ, ਸੋ ਕਰਤ ਹੈ। ਨਾਮ ਕੇ ਸਿਮਰਨਿ ਕਰਿ ਅੰਤਹਿਕਰਣ ਤੇ ਆਦਿ ਸਭਿ ਪਵਿਤ੍ਰ ਹੋਤ ਹੈਂ। ਪ੍ਰੰਤੂ ਕਬ ? 'ਜੇ ਤਿਸੁ ਭਾਵਾ' ਜੇਕਰਿ ਤਿਸ ਪਰਮੇਸ਼ੁਰ ਕੋ ਭਾਣਾ ਭਾਵੈ। 'ਭਾਵੈ' ਕਿਆ ? ਆਛੋ ਲਾਗੈ। ਤਬ ਹੀ ਇਸ ਕੋ ਨਾਮੁ ਸਿਮਰਨ ਕੋ ਸੰਪੂਰਨ ਫਲੁ ਹੋਤ ਹੈ। 'ਵਿਣੁ ਭਾਣੇ ਕਿ ਨਾਇ ਕਰੀ' ਬਿਨਾ ਭਾਣੇ ਆਛੋ ਲਾਗੇ ਤੇ ਕਿਆ ਨਾਮ ਕਰੇ ? ਜੈਸੇ ਪੈਰ ਤੇ ਬਿਹੀਨ ਸ਼ੇਰ। ਭਾਣਾ ਮਾਨਣੋ, ਹਉਮੈਂ ਕੋ ਤਯਾਗਨੋ, ਇਹੀ ਸਤਿਨਾਮੁ ਕੇ ਚਰਨ ਹੈਂ ਅਗਯਾਨ ਜੋ ਮ੍ਰਿਗ ਹੈ ਤਿਸ ਕੋ ਮਾਰਤੁ ਦੇਰ ਨਹੀਂ ਲਾਗਤ ਹੈ। ਜੋ ਪਿੰਗਲੁ ਸ਼ੇਰ ਹੋਤੇ ਹੈਂ ਤਿਸ ਤੇ ਪੁਰਸ਼ਾਰਥ[1] ਥੋਰੋ ਹੋਤ ਹੈ। ਜੋ ਸ਼ੇਰ ਸਾਬਤੁ ਹੋਤ ਹੈ ਤਿਸ ਤੇ ਮ੍ਰਿਗੁ ਨਹੀਂ ਬਚਤ ਹੈ। ਇਸੀ ਤੇ ਕਹਯੋ ਹੈ ਗ੍ਰੰਥ ਸਾਹਿਬ ਮੈਂ :

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥

[ਸੂਹੀ ਮਹਲਾ ੪-੪

ਇਸ ਤੁਕ ਜੈਸੇ ਔਰ ਭੀ ਕਹੂੰ ਕਹਯੋ ਹੈ, ਐਸੇ ਜਾਨਿਯੈ। 'ਤੀਰਥਿ ਨਾਵਾ' ਇਸ ਤੁਕ ਕੇ ਬਜੰਗ ਮੈਂ ਭੀ ਸਤਿਗੁਰ ਕੀ ਮਹਿਮਾ ਹੈ : ਜਬ ਸਤਿਗੁਰੋਂ ਕੀ ਸ਼ਰਨਿ ਸਿਖ ਜਾਤ ਹੈ ਤਬ ਇਸ ਕੀ ਅੰਤਹਕਰਣ ਰੂਪੀ ਜ਼ਿਮੀਨ, ਤਿਸ ਕੇ ਬਿਖੇ ਉਪਦੇਸ਼ ਰੂਪੀ ਲਾਂਗੁਲ[2]

---

੧: ਬਲ। ੨: ਹਲ।

ਪ੍ਰਵੇਸ਼ ਕਰਤ ਹੈ। ਹਉਮੈ ਜੋ ਹੈ ਸੋ ਬਡੋ ਕੁਬਾੜਾ[1], ਤਿਸ ਕੋ ਜੜ ਤੇ ਉਖਾੜ ਦੂਰ ਕਰਤ ਹੈ, ਜਿਸ ਤੇ ਫੇਰ ਕਦੀ ਹੋਇ ਨਹੀਂ। ਬਹੁਰ ਭਾਣਾ ਆਛੋ ਲਾਗੈ, ਇਸੁ ਬਰਖਾ ਸੋਂ ਸਦਾ ਹੀ ਤਰਾਵਤ ਰਾਖਤ ਹੈ। ਬਹੁਰ ਸਤਿਨਾਮ ਕੋ ਸਿਮਰਨਾ ਇਸੁ ਬੀਜ ਕੋ ਬੋਵਤੇ ਹੈਂ। ਸੋ ਤਤਕਾਲ ਹੀ ਉਦੇ ਹੋਇ ਆਵਤੁ ਹੈ; ਪੁਸ਼ਪ[2]† ਗਜਾਨ, ਮੁਕਤਿ ਫਲੁ ਇਸੀ ਤੇ ਹੋਤ ਹੈ। ਸਤਿਗੁਰੋਂ ਕੇ ਉਪਦੇਸ਼ ਮੈਂ ਬਡਿਆਈ ਤੌ ਇਸੀ ਬਾਤ ਕੀ ਹੈ, ਨਹੀਂ ਤੌ ਸੋਈ ਨਾਮੁ ਲੋਕ ਭੀ ਸਿਮਰਤਿ ਹੈਂ, ਤਿਸੀ ਨਾਮ ਕੋ ਸਤਿਗੁਰ ਬਤਾਵਤ ਹੈਂ। ਨਾਮ ਕੇ ਸੋਈ ਅਖਜਰ ਹੈਂ, ਸੋਈ ਮਾਤ੍ਰਾ ਹੈਂ, ਪ੍ਰੰਤੂ ਲੋਕ ਬਿਧਿ ਨਹੀਂ ਜਾਨਤ ਹੈਂ। ਸਤਿਗੁਰ ਬਿਧਿ ਜਾਨਤ ਹੈਂ; ਇਤਨੋ ਭੇਦ। ਇਸੀ ਵਾਸਤੇ ਗੁਰੂ ਜੀ ਨੇ ਅਪਨੀ ਬਾਣੀ ਮੈਂ ਲਿਖਜੋ ਹੈ :–

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ [ਸੁਖਮਨੀ, ੨-੧

ਸੁਖਮਨੀ ਕੀ ਪਹਿਲੀ ਸਾਰੀ ਅਸਟਪਦੀ ਮੈਂ ਨਾਮ ਕੇ ਸਿਮਰਨ ਕੋ ਮਹਾਤਮ ਊਚੇ ਤੇ ਊਚੋ, ਅਧਿਕ ਤੇ ਅਧਿਕ ਕਹਜੋ, ਅੰਤਿ ਮੈਂ ਲਿਖਜੋ :–

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ [ਸੁਖਮਨੀ, ੧-੮

ਸਤਿਗੁਰੋਂ ਕੇ ਮੁਖ ਦਵਾਰੇ ਨਾਮ ਕੋ ਸਿਮਰਨ ਕਰਨੋ ਇਸ ਬਾਤ ਤੇ ਕਹਜੋ ਹੈ। ਸਤਿਗੁਰ ਬਿਧਿ ਜਾਨਤ ਹੈਂ। 'ਗੁਰਮਤਿ ਸੋਂ ਨਾਮ ਜਪਨੋ' ਇਹ ਤੌ ਸੀ ਗ੍ਰੰਥ ਜੀ ਮੈਂ ਹਜ਼ਾਰ ਹੀ ਸਥਾਨ ਕਹਜੇ ਹੈ, ਕੌਨ ਕੌਨ ਪ੍ਰਮਾਨ ਦੇਈਏ ? ਗੁਰੂ ਜੀ ਨੇ ਅਪਨੀ ਬਾਣੀ ਮੈਂ ਇਸ ਰੀਤਿ ਕੋ ਤੌ ਡਿੰਡਮ[3] ਚਾਰ ਕੂੰਟ ਮੈਂ ਫੇਰਜੋ ਹੈ, ਸੋ ਪ੍ਰਗਟ ਹੀ ਹੈ; ਅਰੁ ਮੰਤ੍ਰ ਇਤਰ[4] ਜੇ ਹੈਂ ਸੋ ਬਿਧਿ ਬਿਹੀਨ, ਫਲ ਅਲਪ ਭੀ ਹੈ; ਤੌ ਭੀ ਨਹੀਂ ਦੇਤ ਹੈਂ, ਸਤਿਨਾਮ ਤੇ ਤੌ ਮੁਕਤਿ ਲੈਨੀ ਹੈ। ਇਤਜਰਥ।

ਇਸ ਤੁਕ ਮੈਂ ਲਾਟਾਨੁਪ੍ਰਾਸ ਅਲੰਕਾਰ। (ਲੱਛਣ ਦੇਖੋ ਪੰਨਾ ੨੫ ਪਰ)

ਨਾਇ ਪਦ ਦੋ ਵੇਰ ਆਯੋ, ਭਾਵ ਤਿਨ ਮੈਂ ਜੁਦੋ ਜੁਦੋ, ਪਹਿਲੇ ਕਹਜੋ ਨਾਮ ਪਵਿਤ੍ਰ ਕਰਤ ਹੈ, ਬਹੁਰ ਕਹਜੋ ਭਾਣੇ ਬਿਨ ਨਾਮ ਕਿਆ ਕਰੈ; ਯੇਹ ਭਾਵ ਭਿੰਨ ਭਯੋ, ਯਾਂਤੇ ਲਾਟਾਨੁਪ੍ਰਾਸ ਅਲੰਕਾਰੁ।

ਇਸ ਤੁਕ ਕੋ ਤੀਰਥ ਸ਼ਨਾਨ ਕੋ ਜੋ ਅਰਥ ਕਰਤ ਹੈਂ, ਤਿਸ ਅਰਥ ਮੈਂ ਤੀਰਥ ਸ਼ਨਾਨ ਕਰਨ ਭੀ ਸਿਧ ਨਹੀਂ ਹੋਤ ਹੈ, ਅਰੁ ਤੀਰਥ ਕੋ ਤਜਾਗਨ ਭੀ ਨਹੀਂ ਸਿਧ ਹੋਤ ਹੈ। ਸੋ ਐਸੇ ਤੀਰਥਨ ਮੈਂ ਲੋਕ ਹਜ਼ਾਰੋਂ ਹੀ ਸ਼ਨਾਨ ਕਰਤ ਹੈਂ, ਸੋ ਕੈਸੇ ਜਾਣੈ ਜੋ ਹਮਾਰੋ ਸ਼ਨਾਨ ਪਰਮੇਸ਼ੁਰ ਕੋ ਭਾਯੋ ਹੈ ਕਿ ਨਹੀਂ ਭਾਯੋ ਹੈ, ਨਿਰਨੈ ਨਹੀਂ ਹੋ ਸਕਤ ਹੈ, ਤਿਸ ਮੈਂ ਸੰਦੇਹ ਰਹਜੋ, ਸਿਖ ਕੌਨ ਸੋ ਉਪਦੇਸ਼ ਗ੍ਰਹਨ ਕਰੈ ? ਜੋ ਪਰਮੇਸੁਰ ਕੀ ਸੁਧ ਜਾਨਤ ਹੈਂ ਸਰਬਗਜ, ਸੋ ਤੌ ਆਪ ਹੀ ਤੀਰਥ ਹੈਂ। ਤਿਨ ਕੇ ਅਰਥ ਮੈਂ ਇਹ ਪ੍ਰਸ਼ਨ : ਜੋ ਗੁਰੂ ਜੀ ਨੇ ਤੀਰਥ ਕੋ ਸ਼ਨਾਨ ਕਰਨ ਕਹਜੋ ਕਿ ਨਹੀਂ ਕਹਜੋ ? ਜਿਸ ਰੀਤਿ ਕੋ ਉੱਤਰ ਦੇਇ ਤਿਸੀ ਮੈਂ ਬਹੁਰ ਪ੍ਰਸ਼ਨ ਹੋਤ ਹੈਂ।

---

੧. ਘਾਸ ਫੂਸ। ੨. ਫੁਲ। ੩. ਡੌਂਡੀ। ੪. ਹੋਰ ਦੂਸਰੇ। † ਪਾਠਾਂਤ੍ਰ-ਸਪੰਨ।

ਏਕ ਅਰਥ ਔਰ ਰੀਤਿ ਸੋਂ ਭੀ ਕੋਈ ਕਰਤ ਹੈਂ, ਸੋ ਭੀ ਨਹੀਂ ਬਨਤ ਹੈਂ। 'ਤੀਰਥ' ਨਾਮ ਆਤਮਾ ਕੋ, ਤਿਸ ਮੈਂ ਪਰਮੇਸੁਰ ਕੇ ਭਾਵੈ ਤੌ ਸ਼ਨਾਨ ਕੀ ਟੁਬਕੀ ਲਗਾਵੈ, ਰਾਗ ਦ੍ਵੈਖ ਕੀ ਮਲ ਕੋ ਪਰਹਰੇ। ਸੋ ਪ੍ਰਥਮ ਭਾਗ ਤੁਕ ਕੋ ਅਰਥ ਬਨਤ ਹੈ, ਪਿਛਲੇ ਭਾਗ ਮੈਂ ਬਿਗਰਤ ਹੈ। 'ਵਿਣੁ ਭਾਣੇ ਕਿ ਨਾਇ ਕਰੀ' ਜੋ ਗਜਾਨ ਸਰੂਪ ਕੌ ਹੋਇਗੋ ਤੌ ਬਹੁਤ ਭਾਵਨੋ ਵਾ ਨਹੀਂ ਭਾਵਨੋ ਕੈਸੇ ਬਨੈਗੋ ? ਇਹ ਤੋ ਉਪਾਸਨਾ ਪਖਜ ਮੈਂ ਭਾਵਨੋ ਵਾ ਨਹੀਂ ਭਾਵਨੋ ਬਨਤ ਹੈ, ਜਹਾਂ ਉਪਾਸਨਾ, ਉਪਾਸਜ, ਉਪਾਸਕ ਤ੍ਰਿਪੁਟੀ ਹੋਇ; ਅਦ੍ਵੈਤ ਪਖ ਮੇਂ ਨਹੀਂ ਬਨਤ ਹੈ। ਯਾਂਤੇ ਸਤਿਗੁਰੁ ਕੋ ਰਾਖਜੋ ਨਾਮ ਤੀਰਥ 'ਪਵਿਤ੍ਰ' ਕੋ ਹੀ ਅਰਥ ਹੈ, ਔਰ ਅਰਥੋਂ ਮੈਂ ਦੂਖਨ ਆਵਤ ਹੈਂ। ਇਸ ਤੁਕ ਕੇ ਬਜੰਗ ਮੇਂ ਸਤਿਗੁਰ ਕੀ ਮਹਿਮਾ ਸ੍ਰਵਣ ਕਰਿਕੇ ਜੇ ਕੋਈ ਬੂਝਜੋ ਚਾਹੈ: ਸਤਿਗੁਰ ਕੈਸੇ ਮਿਲੈ ? ਤਿਸ ਕੋ ਉੱਤਰ ਗੁਰੂ ਜੀ ਕਹਤ ਹੈ:-

## ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥

'ਜੇਤੀ' ਕਹੀਏ 'ਜਿਤਨੀ' ਸ੍ਰਿਸ਼ਟਿ ਉਤਪਤਿ ਕਰੀ ਹੈ, 'ਵੇਖਾ' ਕਹੀਐ ਦ੍ਰਿਸ਼ਟਮਾਨ, ਸੋ ਸਭ ਹੀ ਕਰਮਨਿ ਕੇ ਅਧੀਨ ਹੈ। ਬਿਨ ਕਰਮਨਿ ਤੇ ਕਿਸ ਰੀਤਿ ਕੋਈ ਲੈ ਲਵੇ ? ਅਰਥ: ਕਿ ਨਹੀਂ ਹਾਥ ਆਵਤ ਹੈ। ਵਾ 'ਕਿ ਮਿਲੈ ਲਈ'=ਕਿਆ ਮਿਲਤ ਹੈ, ਅਰ ਕਿਆ ਕੋਈ ਲੇਤ ਹੈ ? ਇਸ ਅਰਥ ਮੈਂ ਐਸੇ: ਨਾ ਆਪ ਤੇ ਹੀ ਪਦਾਰਥ ਮਿਲਤ ਹੈਂ; 'ਲਈ' ਉਦਮੁ ਜੇ ਕਰੈ ਲੈਨ ਕੋ, ਤੋ ਭੀ ਕੋਈ ਵਸਤੁ ਹਾਥ ਨਹੀਂ ਆਵਤ ਹੈ। ਅਰਥ ਇਹ ਕਿ: ਸੁਭ ਕਰਮ ਨਿਹਕਾਮ ਕੇ ਪੁੰਜ ਭਏ ਤੇ ਸਤਿਗੁਰ ਮਿਲਤ ਹੈਂ, ਇਸ ਤੇ ਬਿਨਾ ਨਹੀਂ ਮਿਲਤ ਹੈਂ। ਇਤਜਰਥ।

ਇਸ ਤੁਕ ਮੈਂ ਕਾਕੋਕਤਿ ਅਲੰਕਾਰ ਹੈ। ਬਿਨ ਕਰਮਨਿ ਤੇ ਮਿਲਤ ਹੈ ਕਿਆ ? ਕੁਛ ਨਹੀਂ ਮਿਲਤ ਹੈ। ਇਸ ਰੀਤ ਸੋਂ ਕਾਕੋਕਤਿ ਹੋਤ ਹੈ।

ਅਗਾਰੀ ਸਤਿਗੁਰ ਮਿਲੇ ਤੇ ਜੋ ਕੁਛ ਹੋਤ ਹੈ ਸੋ ਕਹਤ ਹੈਂ:-

## ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਅੰਤਹਕਰਣ ਜੋ ਹੈ, ਤਿਸ ਕੇ ਨਿਸਚਾ ਕਰਣ ਕੋ ਜੋ ਧਰਮ ਹੈ, ਤਿਸ ਕੋ ਨਾਮ ਬੁਧਿ ਹੈ। ਤਿਸ ਬੁਧਿ ਕੇ ਬਿਖੇ ਸਤਿਚਿਤਾਨੰਦੁ ਜੋ ਹੈ 'ਬ੍ਰਹਮੁ', ਤਿਸ ਕੋ ਪ੍ਰਤਿਬਿੰਬ[1] ਪਰਜੋ ਹੈ, ਤਿਸ ਪ੍ਰਤਿਬਿੰਬ ਕੋ ਨਾਮੁ ਜੀਵਾਤਮਾ ਹੈ। ਤਿਸ ਕੋ ਭੁਲਾਇ ਤਨ ਰੂਪ ਹੋਇ ਰਹਜੋ। ਅਹੰ ਬ੍ਰਾਹਮਣ, ਅਹੰ ਛਤ੍ਰੀ, ਇਤਜਾਦਿ ਅਹੰਤਾ ਕੋ ਧਾਰਿ, ਰਾਗ ਦ੍ਵੈਖੁ ਅਨੇਕਨਿ ਸੋਂ ਕਰਤ ਹੈ। ਇਸੀ ਬੰਧਨਿ ਕੇ ਬਾਂਧਜੋ ਕੋਟਾਨਿ ਕੋਟਿ ਜਨਮ ਮਰਨ ਕੇ ਦੁਖ ਪਾਵਤ ਹੈ। ਆਪਣੇ ਸਰੂਪ ਕੋ ਭੁਲਾਇ ਕਰਿ ਦੀਨ ਹੋਇ ਕਰਿ ਸਰਬ ਕੇ ਅਧੀਨ ਹੋਤ ਹੈ। 'ਜੇ ਇਕ ਗੁਰ ਕੀ ਸਿਖ ਸੁਣੀ'=ਜੇ ਸਤਿਗੁਰ ਕੇ ਮਿਲੇ ਤੇ 'ਇਕ' ਨਾਮ 'ਏਕਤਾ' ਕੋ: ਅਦ੍ਵੈਤੁ ਕੀ ਸੀਖ ਸੁਣੈ, ਤਬ ਮਤਿ ਵਿਚ ਰਤਨ ਜਵਾਹਰ ਮਾਣਿਕ ਕਿਆ ? ਰਤਨ ਤੇ

---

੧ ਅਕਸ ਛਾਯਾ।

ਸਤਿ, ਜਵਾਹਰ ਤੇ ਚੇਤਨ, ਮਾਨਕ ਤੇ ਅਨੰਦ, ਸੋ ਤੀਨੋਂ ਅਪਣੇ ਅੰਤਰ ਤੇ ਹੀ ਪ੍ਰਾਪਤ ਹੋਇ ਆਵਤ ਹੈਂ। ਉਪਦੇਸ਼ ਦ੍ਰਿੜ ਕਰਣੇ ਕਰਿ ਤਨਹੰਤਾ ਕੋ ਛੋਰ ਕਰਿ ਅਪਨੋ ਸਰੂਪ ਬ੍ਰਹਮ ਲਖ ਕਰਿ ਜਨਮ ਮਰਨ ਬੰਧਨ ਕੇ ਦੁਖ ਤੇ ਛੁਟਤ ਹੈ। ਦ੍ਵੈਤ ਕੋ ਦੂਰ ਕਰਿ ਏਕ ਰੂਪ ਹੋਤ ਹੈ। ਪ੍ਰਸ਼ਨ–ਰਤਨ, ਜਵਾਹਰ, ਮਾਣਿਕ ਤੀਨ ਕਿਉਂ ਕਹੇ? ਬ੍ਰਹਮ ਤੋ ਏਕ ਹੀ ਹੈ ਤਿਸਕੇ ਬਿਸ਼ੇਸ਼ਨ ਤੀਨ ਹੈਂ? ਦੂਸਰੋ ਪ੍ਰਸ਼ਨ ਔਰ–ਇਨਕੀ ਉਪਮਾ ਕੀ ਸਮਤਾ ਕੌਨ? ਉੱਤਰ–ਰਤਨ, ਜਵਾਹਰ, ਮਾਣਿਕ ਇਹ ਸ੍ਰਛ ਪਾਹਨ[1] ਕੋ ਭੇਦ ਹੈ। ਵਾਸਤਵ ਪਾਹਨ ਏਕ ਹੀ ਹੈ, ਇਹ ਪਾਹਨ ਕੇ ਬਿਸ਼ੇਸ਼ਨ[2] ਹੈਂ। ਜੋ ਸਤਿ ਚਿਤ ਅਨੰਦ ਬ੍ਰਹਮ ਕੇ ਬਿਸ਼ੇਸ਼ਨ ਹੈਂ, ਸਿਖ ਸਮਝਾਮਨ ਕੇ ਹਿਤ ਕਹਤ ਹੈਂ, ਵਾਸਤਵ[3] ਬ੍ਰਹਮ ਮੈਂ ਸੋ ਭੀ ਨਹੀਂ ਬਨਤ ਹੈਂ। ਏਕ ਹੀ ਰੂਪ ਹੈ। ਦੂਸਰੋ ਉੱਤਰ:–ਜਿਸ ਪਾਸ ਰਤਨਾਦਿਕ ਹੋਤ ਹੈਂ ਦਰਿਦ੍ਰਾਦਿਕ ਦੁਖ ਤਿਸ ਕੋ ਨਹੀਂ ਹੋਤ ਹੈਂ। ਸਤਿ ਚਿਤ ਆਨੰਦ ਆਪਣੋ ਸਰੂਪ ਜਿਸ ਕੋ ਪ੍ਰਾਪਤਿ ਹੋਇ, ਸੋ ਜਨਮ ਮਰਨ ਕੇ ਦੇਨਹਾਰੇ ਜੋ ਬੰਧਨ ਹੈਂ, ਤਿਨ ਕੇ ਦੁਖ ਤੇ ਛੂਟਤ ਹੈ। ਉਪਮਾ ਕੀ ਇਹ ਸਮਤਾ। ਇਤਯਾਰਥ।

ਇਸ ਤੁਕ ਮੈਂ ਰੂਪਕਾਤਿਸ਼ਜੋਕਤਿ ਅਲੰਕਾਰ ਹੈ।

ਲੱਛਨ–ਜਹਿ ਉਪਮਾ ਪਦ ਮੈਂ ਧਰਿ ਦੀਜਹਿ।
ਊਪਰ ਤੇ ਉਪਮੇਯ ਲਖੀਜਹਿ।
'ਰੂਪਕਾਤਿਸ਼ਜੋਕਤਿ' ਅਲੰਕਾਰ।
ਗੁਨਿ ਜਨ ਤਾਂਕੋ ਕਰਹਿਂ ਉਚਾਰ।

ਉਪਮਾ ਰਤਨ, ਜਵਾਹਰੁ, ਮਾਣਿਕ ਇਹ ਤੁਕ ਮੈਂ ਹੈਂ, ਸਤਿਚਿਤਾਨੰਦ ਊਪਰ ਤੇ ਜਾਨੇ ਪਰਤ ਹੈਂ; ਯਾਂਤੇ ਰੂਪਕਾਤਿਸ਼ਜੋਕਤਿ। ਇਸ ਕੋ ਅਰਥ ਸਾਧਜਵਸਾਨਾ ਲੱਛਨਾਂ ਸੋ ਭਯੋ।

ਲੱਛਨ–ਰੋਪਜਮਾਨ ਜਹਿ ਤੁਕ ਮੈਂ ਹੋਇ।
ਰੋਪਜ ਬਿਖਯ ਪਦ ਮੈਂ ਨਹਿ ਜੋਇ।
ਊਪਰ ਤੇ ਸੋ ਜਾਨਜੇ ਜਾਇ।
'ਸਾਧਜਵਸਾਨਾ' ਤਾਂਹਿ ਬਤਾਇ।

ਰੋਪਜਮਾਨ ਇਹਾਂ ਰਤਨ, ਜਵਾਹਰੁ, ਮਾਣਿਕ। ਰੋਪਜ ਬਿਖੇ 'ਸਚਿਦਾਨੰਦ' ਸੋ ਊਪਰ ਤੇ ਜਾਨਜੇ ਜਾਤ ਹੈ; ਐਸੇ ਜਾਨਿਯੈ। 'ਜੇ ਇਕ ਸਿਖ ਸੁਣੈ ਤੋ ਰਤਨਾਦਿ ਪ੍ਰਾਪਤ ਹੋਇ' ਇਸ ਰੀਤਿ ਸੰਭਾਵਨਾਲੰਕਾਰ ਬਨ ਜਾਤ ਹੈ।

## ਗੁਰਾ ਇਕ ਦੇਹਿ ਬੁਝਾਈ ॥

ਸਚਿਦਾਨੰਦ ਕਾਹੇ ਤੇ ਗੁਰ ਦੇਤ ਹੈਂ, ਸੋਈ ਬਤਾਵਤ ਹੈਂ। ਅਦ੍ਵੈਤੁ ਹੈ ਏਕ ਹੀ ਪੂਰਣ ਸਰਬ ਮੈਂ' ਇਸ ਬੂਝ ਕੋ ਸਤਿਗੁਰ ਬੁਝਾਇ ਦੇਤ ਹੈਂ। ਬੂਝ ਕੋ ਅਧਜਹਾਰ ਬੁਝਾਈ ਪਦ ਹੈ।

੧. ਪਥਰ ਦੀਆਂ ਕਿਸਮਾਂ ਹਨ। ੨. ਤਾਰੀਫ, ਮਹਿਮਾ ਕਰਨਹਾਰ ਪਦ। ੩. ਅਸਲ ਵਿਚ।

## ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥

ਸਰਬ ਜੀਅਨ ਕੋ ਜੋ ਏਕ ਦਾਤਾ ਹੈ ਸੋ ਮੈਂ, ਕਿਆ ? ਸੋਹੰ, ਇਹ ਬੂਝ ਸਤਿਗੁਰੋਂ ਨੇ ਦਈ, ਸੋ ਬਿਸਰੈ ਕਦਾਚਿਤ ਨਹੀਂ ।

ਅਲੰਕਾਰ ਪੂਰਬ ਰੀਤਿ ਸੋਂ ਜਾਨਿ ਲੈਨੇ ।

[ਪਉੜੀ ਸੱਤਵੀਂ]

ਅਬ ਸੰਪੂਰਨ ਜਗਤ ਕੇ ਜੋ ਪਦਾਰਥ ਹੈਂ ਤਿਨ ਕੋ ਨਾਸ਼ਵੰਤ ਦਿਖਾਵਨੇ ਕੇ ਹੇਤ, ਗਯਾਨ ਕੋ ਅਬਿਨਾਸ਼ੀ ਬਤਾਵਨ ਕੇ ਹਿਤ ਅਗਲੀ ਪਉੜੀ ਕੋ ਬਰਨਨ ਕਰਤ ਹੈਂ। ਪ੍ਰਸ਼ਨ:- ਇਹਾਂ ਪਦਾਰਥ ਨਾਸ਼ਵੰਤ ਦਿਖਾਵਨੇ ਕੋ ਕਾਰਨ ਕੌਨ ? ਜਬ ਉਪਦੇਸ਼ ਸਿਖ ਕੋ ਕਰਨ ਲਗੇ ਥੇ ਬੈਰਾਗਵਾਨ ਕਰਨੋ ਤਹਾਂ ਬਨਤ ਹੁਤੋ, ਪਦਾਰਥਨਿ ਕੋ ਅਨਿਤ[1] ਬਤਾਇ ਕਰਿ ? ਉੱਤਰ:- ਇਹਾਂ ਤੀਕ ਮੰਗਲਾਚਰਣ ਜਪੁਜੀ ਕੋ ਜਾਣੀਤਾ ਹੈ । 'ਸਤਿਨਾਮੁ ਕਰਤਾ ਪੁਰਖੁ ਨਿਰਭਉ' ਇਹ ਸ਼ਲੋਕ ਸਾਰੋ ਪ੍ਰਥਮ ਮੂਲ ਜੈਸੋ, ਖਟ ਪਉੜੀ ਇਸ ਕੋ ਬਿਸਤਾਰ ਹੈ । 'ਆਦਿ ਸਚੁ ਜੁਗਾਦਿ ਸਚੁ' ਸਤਿ ਨਾਮ ਪੂਰਬ ਹੁਤੋ, ਸੋ ਪਹਿਲੇ ਵਿਸਤਾਰ ਸੋਂ ਕਹਯੋ। ਗੁਰ ਪ੍ਰਸਾਦਿ ਪਿਛਾਰੀ ਹੁਤੋ। ਸੋ 'ਗੁਰਮੁਖਿ ਨਾਦੰ' ਇਹਾਂ ਤੇ ਡੇਢ ਪਉੜੀ ਮੈਂ ਯਾਂਕੋ ਬਿਸਤਾਰ ਕਹਯੋ । ਇਸੀ ਰੀਤਿ ਸਰਬ ਪਹਿਲੇ ਸਲੋਕੁ ਕੋ ਹੀ ਬਿਸਤਾਰ ਹੈ, ਯਾਂਤੇ ਮੰਗਲਾਚਰਨ ਹੀ ਭਯੋ। ਹੈ ਤੋ ਮੰਗਲਾਚਰਨ, ਪ੍ਰੰਤੂ ਸਿਖ ਕੇ ਉਪਦੇਸ਼ ਪੂਰਬਕ ਕੀਯੋ ਹੈ। ਇਹਾਂ ਚਾਤੁਰਤਾ ਕਹਿਨੀ ਏਕ ਵਸਤੁ, ਤਿਸੀ ਮੈਂ ਔਰ ਪ੍ਰਯੋਜਨ ਨਿਕਸ ਆਵੈ। ਅਰੁ ਗੁਰੂ ਜੀ ਕੇ ਜੇਤੇ ਬਚਨ ਹੈਂ ਸਰਬ ਉਪਦੇਸ਼ ਕਰਨ ਪਰ ਹੀ ਹੈਂ, ਐਸੇ ਨਹੀਂ ਹੈਂ ਜੋ ਮੈਂ ਬਾਣੀ ਕੋ ਰਚੋਂ, ਮੇਰੀ ਕੀਰਤਿ ਹੋਇ ਜਗਤ ਬਿਖੈ, ਵਾ ਮੇਰੀ ਕਲਯਾਣ ਹੋਇ। ਗੁਰੂ ਜੀ ਕੋ ਬਾਣੀ ਕਰਣ ਕੋ ਏਕ ਹੀ ਕਾਰਨ ਹੈ: ਜੋ ਲੋਕਨ ਕੋ ਕਲਯਾਨ ਹੋਇ। ਪ੍ਰਸ਼ਨ-ਗੁਰੂ ਜੀ ਨੇ ਬਾਣੀ ਆਪਣੇ ਊਪਰ ਬਹੁਤ ਕਹੀ ਹੈ, ਅਪਨੇ ਮਨ ਸਮਝਾਇਬੇ ਹਿਤ ਸ਼ਬਦ ਕਹੇ ਹੈਂ, ਜੈਸੇ:—

ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ
ਭੂਲਾ ਮਨੁ ਮੇਰਾ ॥ [ਮਾਰੂ ਮਹਲਾ ੧-੧
ਸਿਰੁ ਨਾਨਕ ਲੋਕਾ ਪਾਵ ਹੈ ॥ [ਬਸੰਤੁ ਮਹਲਾ ੧--੨

ਇਤਯਾਦੀ ਸ਼ਬਦ ਔਰ ਬਹੁਤ ਅਪਨੇ ਊਪਰ ਹੀ ਕਹੇ ਹੈਂ ? ਯਾਂਕੋ ਉੱਤਰ--ਐਸਾ ਪ੍ਰਸ਼ਨ ਜੋ ਕਰਤ ਹੈਂ ਸੋ ਬਿਨਾ ਸਮਝੇ ਹੀ ਕਰਤ ਹੈਂ । ਗੁਰੂ ਜੀ ਕੋ ਆਸ਼ੇ ਸਮਝਤ ਨਹੀਂ ਹੈ। ਜਿਸ ਰੀਤਿ ਕੋ ਪੰਥ ਪ੍ਰਗਟ ਕਰਨੋ ਹੋਤ ਹੈ ਤੈਸੇ ਹੀ ਬਾਣੀ ਕੋ ਆਚਾਰਯ ਕਰਤ ਹੈਂ । ਭਗਤਿ ਕੇ ਬਿਖੈ ਨਿਰਹੰਕਾਰ ਰਹਿਨੋ ਇਹੀ ਬਾਤ ਮੁਖਯ ਹੈ । ਯਾਂਹੀ ਤੇ ਅਪਨੇ ਊਪਰ ਕਹਿਤ ਹੈਂ। ਜੋ ਸਿਖ ਐਸੇ ਜਾਣੈਂ: ਹਮਾਰੋ ਸੁਆਮੀ ਐਸੀ ਬਿਨੈ ਸਹਤ ਰਹੇ ਹੈਂ, ਤੌ ਹਮ ਕੋ ਹੰਕਾਰ ਕੈਸੇ ਬਨਤ ਹੈ! ਜਿਸ ਕੋ ਸੁਆਮੀ ਮੰਚੁ ਪਰ ਬੈਠੇ ਤੋ ਸੇਵਕ ਸਤਰੰਜੀ ਆਦਿ ਪਰ

---

੧. ਸਦਾ ਨਾ ਰਹਿਣ ਵਾਲੇ। ਨਾਸਵੰਤ ।

ਬੈਠੇ। ਜਿਸ ਕੋ ਸੁਆਮੀ ਸਤਰੰਜੀ ਪਰ ਬੈਠੇ ਤੋ ਸੇਵਕ ਕੋ ਜ਼ਿਮੀਨੁ ਪਰ ਬੈਠਣੋ ਚਾਹੀਏ। ਤਾਂ ਤੇ ਜੋ ਸਤਿਗੁਰ ਨਿੰਮ੍ਰਤਾ ਸਹਿਤ ਬਚਨ ਕਹੇ ਤੋ ਸੇਵਕ ਕੋ ਹੰਕਾਰ ਕਰਣੋਂ ਹੂੰ ਨਹੀਂ ਬਨਤ ਹੈ।

ਉਪਦੇਸ਼ ਭੀ ਤੀਨ ਪ੍ਰਕਾਰ ਕੋ ਹੋਤ ਹੈ: ਜੋ ਅਪਨੇ ਊਪਰ ਕਹਿਕੈ ਉਪਦੇਸ਼ ਦੇਨੋ ਹੈ ਸੋ ਤੋ ਉੱਤਮ ਉਪਦੇਸ਼ ਹੈ। ਜੋ ਸਿਖ ਪ੍ਰਤਿ ਕਹਨੋ ਹੋਤ ਹੈ ਸੋ ਮਧਜਮ ਹੈ। ਅਰ ਜੋ ਭੈ ਦਿਖਾਇ ਕੈ ਕਰੂਰਤਾ ਸੋਂ ਉਪਦੇਸ਼ ਕਰਤ ਹੈਂ, ਸੋ ਅਧਮ[੧] ਹੋਤ ਹੈ। ਜੈਸੇ ਗੁਰੂ ਦਸਵੀਂ ਪਾਤਿਸ਼ਾਹੀ ਆਪਨੇ ਹੀ ਊਪਰ ਕਹਿ ਕਰਿ ਸਿੰਘਨ ਕੋ ਉਪਦੇਸ਼ ਦਿਯੋ: ਸੰਗ੍ਰਾਮ ਮੈਂ ਸਰੀਰ ਤਜਾਗਨੋ, ਆਪਨੀ ਬਾਨੀ ਮੈਂ ਇਹੀ ਜਾਚਤੇ ਰਹੇ ਹੈਂ†। ਕਿਆ ਤਿਨ ਕੋ ਗਜਾਨ ਨਹੀਂ ਥੋ ਅਰੁ ਮੁਕਤਿ ਪ੍ਰਾਪਤਿ ਔਰ ਬਿਧ ਸੋਂ ਨਹੀਂ ਹੁਤੀ ? ਸੋ ਤੋ ਈਸ਼ੁਰ ਕੇ ਅਵਤਾਰ,ਹਜ਼ਾਰਨ ਕੋ ਮੁਕਤਿ ਕੇ ਦੇਨਹਾਰੇ, ਅਰੁ ਹਜ਼ਾਰਨ ਕੀ ਮੁਕਤਿ ਕਰੀ; ਜਿਨ ਕੇ ਨਾਮ ਲੇਨੇ ਕਰਿ ਮੁਕਤਿ ਪ੍ਰਾਪਤਿ ਹੋਤ ਹੈ। ਐਸੇ ਕਹਨ ਕੋ ਆਸ਼ੈ ਇਹ: ਜੋ ਸਿੰਘ ਜੁੱਧ ਕੇ ਸਨਮੁਖ ਰਹੈਂ, ਮਲੇਛਨ ਕੋ ਹਤ ਕਰਿ ਧਰਮ ਕੀ ਸਥਿਤਿ ਕਰੈਂ; ਮ੍ਰਿਤੁ ਜੇ ਹੋਇ ਜੁੱਧ ਮੈਂ, ਤਉ ਪ੍ਰਲੋਕ ਮੈਂ ਸ਼ੁਭ ਗਤਿ ਹੋਇ। ਜੋ ਬੁਧਿਵਾਨ ਹੈਂ ਸੋ ਤੋ ਆਸ਼ੈ ਕੋ ਇਸੀ ਰੀਤਿ ਸਮਝਤ ਹੈਂ, ਜੋ ਨਹੀਂ ਜਾਨਤ ਹੈਂ, ਸੋ ਅਨੇਕ ਹੀ ਕਪੋਲ ਕਲਪਨਾ[੨] ਕਰਤ ਹੈਂ। ਜੈਸੇ ਆਪਨੇ ਊਪਰ ਸ੍ਰੀ ਨਾਨਕ ਜੀ ਨੇ ਅਧਿਕ ਨੂਨਤਾ ਕੇ ਬਚਨ ਕਹੇ ਹੈਂ, ਸੋ ਕਿਆ ਤੈਸੇ ਹੁਤੇ ? ਇਹ ਸੰਪੂਰਨ ਕਹਿਨੋ ਸਿਖਨੁ ਪਰ ਹੈ। ਜੋ ਮਨ ਕੀ ਮਲ ਕੋ ਦੂਰ ਕਰਿ ਪਰਮੇਸੁਰ ਕੇ ਸਿਮਰਨ ਪਰ ਲਗੈਂ; ਇਹ ਆਸ਼ੈ ਹੈ ਜੋ ਤੁਕਨ ਕੇ ਅਰਥ ਹਮ ਨੇ ਕਰੇ ਹੈਂ; ਇਸਤੇ ਔਰ ਰੀਤਿ ਸੋ ਜੋ ਕਰਤ ਹੈਂ ਤਿਨ ਮੈਂ ਦੂਖਨ ਆਵਤ ਹੈ। ਜੇ ਹਮ ਦਿਖਾਵਤੇ ਜਾਇਂ ਸਭ ਦੂਖਨ ਤੋ ਗ੍ਰੰਥ ਬਧਤ ਹੈ, ਬੁਧਿਵਾਨ ਆਪ ਹੀ ਜਾਨ ਲੇਹੰਗੇ। ਅਬ ਮੂਲ ਕੋ ਹੀ ਕਹਤ ਹੈਂ:-

## ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥

ਜੇ ਕਰਿ ਚਾਰੋਂ ਹੀ ਜੁਗ: ਸਤਜੁਗ, ਤਰੇਤਾ, ਦੁਆਪਰ, ਕਲਿਜੁਗ, ਇਨ ਕੇ ਬਿਖੇ ਜੀਵਤੋ ਰਹੈ, ਵਾ ਇਨ ਤੇ ਦਸ ਗੁਣੀ: ਚਾਲੀਸ ਜੁਗ ਪ੍ਰਯੰਤ ਆਰਬਲਾ ਹੋਇ। ਜੀਵਨੇ ਕੋ ਲੋਕ ਬਡੋ ਮਾਨਤ ਹੈਂ, ਪਦਾਰਥ ਸੋਂ ਭੀ ਅਧਿਕ ਤੇ ਅਧਿਕ।

## ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥

ਜੰਬੂ ਦੀਪ ਕੇ ਜੋ ਨੌਂ ਖੰਡ ਹੈਂ: ੧. ਭਰਥ ਖੰਡ, ੨. ਕੁਰ ਖੰਡ, ੩. ਹਿਰਨ ਖੰਡ, ੪. ਹਰਵਰਖ ਖੰਡ, ੫. ਭਦ੍ਰ ਖੰਡ, ੬. ਰੰਮਕ ਖੰਡ, ੭. ਕੇਤਮਾਲ ਖੰਡ, ੮. ਕਿੰਪੁਰਖ ਖੰਡ, ੯. ਇਲਾਬ੍ਰਤ ਖੰਡ। ਇਨ ਸਭ ਖੰਡਨ ਮੈਂ ਜਾਣੀਐ ਜੋ ਅਮਕੋ ਹੈ, ਇਸ ਕੋ ਭੀ ਲੋਕ ਅਧਿਕ ਤੇ ਅਧਿਕ ਚਾਹਤੇ ਹੈਂ, ਅਪਨੀ ਪ੍ਰਗਟਤਾ ਕੋ, ਜੋ ਲੋਕ ਬਹੁਤੇ ਮੁਝੇ ਕਿਸੇ ਤਰ੍ਹਾਂ ਜਾਣੈ। ਇਸ ਵਾਸਤੇ ਭੀ ਬਲ ਤੇ, ਧਨ ਤੇ, ਬੁਧਿ ਤੇ ਅਨੇਕ ਜਤਨ ਕਰਤ ਹੈਂ,

---

੧. ਨੀਵੇਂ ਦਰਜੇ ਦਾ। ੨. ਮਨਘੜਤ ਢਕੋਂਸਲੇ।

†ਜਬ ਆਯੁ ਕੀ ਔਧ ਨਿਦਾਨ ਬਨੈ ਅਤਿ ਹੀ ਰਨ ਮੈਂ ਤਬ ਜੂਝਿ ਮਰੋਂ।

ਤਿਸੁ ਪਰ ਸਾਹਿਬ ਜੀ ਕਹਤ ਹੈਂ: ਸੋ ਏਕ ਖੰਡ ਮੈਂ ਕਿਆ ਨੌਖੰਡ ਬਿਖ ਪ੍ਰਗਟ ਹੋਇ, ਅਰੁ ਜਿਸ ਵਖਤੁ ਕਿਤੇ ਕੋ ਪ੍ਰਸਥਾਨ ਕਰਤ ਹੋਇ ਤਬ ਸਰਬ ਹੀ ਖੰਡਨ ਕੇ ਲੋਕ ਹਜ਼ਾਰ ਹੋਇ ਰਹੈਂ, ਭਾਵਾਰਥ ਐਸੇ: ਬਡੀ ਬੈਸ[1] ਹੋਇ ਅਰ ਨੌਖੰਡ ਕੋ ਰਾਜੋ ਭੀ ਹੋਇ।

## ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥

ਅਰ ਆਪਨੋ ਬਡੋ ਸਰੇਸ਼ਟ ਨਾਮ ਕਹਾਵੈ ਆਛੀ ਬਾਰਤਾ ਕੋ ਕਰਿ ਕਰਿ। 'ਜਸੁ ਕੀਰਤਿ ਜਗਿ ਲੇਇ'–ਜਸ ਕੀਰਤ ਕੋ ਪੁਨਰੁਕਤਿ ਦੋਖ ਤੇ ਐਸੇ ਅਰਥ ਕਰਨੋ: ਜਸੁ ਕੀ ਹੈ ਰਤਿ=ਪ੍ਰੀਤਿ, ਮੇਰੋ ਜਸ ਬਡੋ ਹੋਇ ਇਸ ਰੀਤਿ ਸੋਂ ਪ੍ਰੀਤ ਭੀ ਹੈ ਜਸ ਲੈਨੇ ਕੀ ਅਰ ਲੇਤ ਭੀ ਹੈ ਜਗਤ ਕੇ ਬਿਖੈ ਜਸੁ ਕੋ, ਸਭ ਕੋਈ ਤਿਸ ਕੋ ਭਲੋ ਭਲੋ ਹੀ ਕਹਤ ਹੈ। ਕਿਤਨੇ ਹੀ ਜਸ ਕਰਜੋ ਚਾਹਤ ਹੈਂ; ਪ੍ਰੰਤੂ ਹੋਤ ਨਹੀਂ ਹੈ। ਸੋ ਚਾਹਤੋ ਭੀ ਹੋਇ ਔਰ ਲੇਤੋ ਭੀ ਹੋਇ।

## ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਜੇਕਰਿ ਤਿਸ ਕੋ ਅਪਨੋ ਸਰੂਪ ਨਜ਼ਰ ਨਹੀਂ ਆਵੈ; 'ਸਰੂਪ' ਕੋ ਅਧਜਹਾਰ ਊਪਰ 'ਨਦਰਿ' ਪਦ ਤੇ, ਕਿਆ? ਅਪਣੇ ਸਰੂਪ ਕੋ ਲਖੈ ਨਹੀਂ, ਤਿਸਤੇ ਪੀਛੇ ਜੈਸੀ ਉਸ ਕੀ ਦਸ਼ਾ ਹੋਤ ਹੈ ਸੋ ਕਹਤ ਹੈਂ: ਤਿਸ ਕੀ ਬਾਤ ਭੀ ਕੋਈ ਨਹੀਂ ਪੂਛਤ ਹੈ। ਰੰਕ ਤੇ ਮਹਾਂ ਰੰਕ, ਸੂਖਮ ਤੇ ਮਹਾਂ ਸੂਖਮ, ਦੁਖੀਅਨ ਤੇ ਮਹਾਂ ਦੁਖੀ, ਐਸੇ ਕਰ ਦੇਤ ਹੈਂ ਅਰ ਪ੍ਰਤੱਖ ਜੈਸੇ ਪ੍ਰਤਾਪੀ ਕਿਸੇ ਮਨੁਖ ਕੋ ਦੁਖ ਹੋਤ ਹੈ ਤੋ ਉਸ ਕੇ ਸਨਬੰਧੀ ਅਰੁ ਮੁਲਾਹਜਾ ਕਰਨਵਾਰੇ ਅਰ ਮੇਲੀ ਸਭ ਆਨ ਕਰਿ ਤਿਸ ਕੀ ਬਾਤ ਬੂਝਤ ਹੈਂ, ਜੋ ਕਿਸ ਰੀਤਿ ਸੋਂ ਦੁਖ ਭਯੋ? ਅਬ ਰਾਜ਼ੀ ਸਰੀਰ ਆਪ ਕੋ ਹੈ? ਸੋ ਨੌਖੰਡ ਕੇ ਬਿਖੈ ਜੌਨ ਜਾਨੀਤਾ ਹੈ, ਸੋ ਪਰਮਾਤਮਾ ਕੀ ਤਰਫ ਤੇ ਭੂਲਜੋ ਹੋਯੋ ਜੋ ਹੈ ਤਿਸ ਕੇ ਦੁਖੀ ਹੋਏ ਕੀ ਬਾਤ ਕੋ ਭੀ ਕੋਈ ਨਹੀਂ ਪੂਛਤ ਹੈ। ਮਹਾਂ ਕੰਗਾਲ ਜੋ ਹੋਤ ਹੈ, ਸੋ ਭੂਖੋ ਰਹੈ ਵਾ ਦੁਖੀ ਹੋਇ ਤਿਸ ਕੋ ਕੌਨ ਬੂਝਤ ਹੈ? ਅਰ ਤਿਸ ਕੇ ਨੇੜੇ ਤੇ ਭੀ ਆਪ ਕੋ ਬਚਾਵਤ ਹੈਂ, ਜੋ ਸਪਰਸ਼ ਔਰ ਬੋਲਨੋ ਇਸ ਕੇ ਸੰਗ ਹਮਾਰੋ ਨਾ ਹੋਇ। ਜੋ ਨੌ ਖੰਡ ਬਿਖੈ ਜਾਣੀਤਾ ਹੈ, ਸੋ ਸਮਾ ਪਾਇਕੈ ਐਸੇ ਹੁਇ ਜਾਤ ਹੈ। ਇਤਜਰਥ।

ਇਨ ਚਾਰਨ ਤੁਕਨ ਬਿਖੈ ਬਿਨੋਕਤਿ ਅਲੰਕਾਰ ਹੈ।

ਲੱਛਨ–ਪ੍ਰਸਤੁਤ[2] ਬਰਨਨੀਯ ਹੈ ਜੋਇ।
ਏਕ ਵਸਤੁ ਬਿਨੁ ਨੂਨ ਜਿ ਹੋਇ।
ਤਾਂਹਿ 'ਬਿਨੋਕਤਿ' ਕਹੈਂ ਬਿਚਾਰ।
ਕਵਿ ਸੰਤੋਖ ਸਿੰਘ ਕਰਹਿ ਉਚਾਰ।

ਪ੍ਰਸਤੁਤ ਬਰਨਨੀਯ ਜੋ ਬਡੋ ਐਸ਼੍ਵਰਜ ਵਾਰੋ, ਤਿਸ ਮੈਂ ਗਜਾਨ ਕੀ ਨੂਨਤਾ। ਅਰ ਇਨ ਚਾਰਨਿ ਹੂੰ ਤੁਕੋਂ ਬਿਖੈ ਬ੍ਰਿਸ਼ੇਖੋਕਤਿ ਉਕਤਿਨਮਿਤਾ ਅਲੰਕਾਰ ਭੀ ਹੈ।

---

੧ ਉਮਰ। ੨. ਪ੍ਰਸੰਸਾ, ਖਾਸ ਜ਼ਿਕਰ।

ਕਾਰਨ ਇਹਾਂ ਐਸ੍ਵਰਜ ਹੈ, ਕਾਰਜ ਬਾਤ ਬੂਝਨੀ, ਸੋ ਨਹੀਂ ਭਯੋ; ਗਯਾਨ ਕੀ ਨੂਨਤਾ ਤੇ ਕਾਰਜ ਨਹੀਂ ਭਯੋ, ਯਹ ਕਹਿ ਦੀਓ: ਯਾਂਤੇ ਉਕਤਿਨਮਿੱਤਾ ਬਿਸ਼ੇਖੋਕਤਿ ਅਲੰਕਾਰ ਹੈ। 'ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ' ਇਸ ਤੁਕ ਮੈਂ ਸੰਭਾਵਨਾਲੰਕਾਰ ਭੀ ਬਨਤ ਹੈ। ਜੇ ਨਜ਼ਰਿ ਨਹੀਂ ਆਵੈ ਤੌ ਬਾਤ ਭੀ ਕੋਈ ਨਹੀਂ ਬੂਝੈ, ਯਾਂਤੇ ਸੰਭਾਵਨਾ। ਇਨ ਤੀਨ ਅਲੰਕਾਰਨ ਕਰਿ ਸੰਸ੍ਰਿਸ਼ਟ ਅਲੰਕਾਰ ਭਯੋ।

ਲੱਛਨ-ਦੋਹਿਰਾ। ਅਲੰਕਾਰ ਇਕ ਥਲ ਬਹੁਤ ਜੁਦੇ ਜੁਦੇ ਲਖਿ ਜਾਂਹਿ।
ਤਿਲੁ ਤੰਦੁਲ ਕੀ ਰੀਤਿ ਸੋਂ 'ਸੰਸ੍ਰਿਸ਼ਟ' ਕਹੀਏ ਤਾਂਹਿ।

ਔਰ 'ਜਸੁ ਕੀਰਤਿ' ਇਨ ਬਰਨੋਂ ਮੈਂ ਪੁਨਰੁਕਤਿਵਦਾਭਾਸ ਅਲੰਕਾਰ। 'ਜਸੁ' 'ਕੀਰਤਿ' ਪੁਨਰੁਕਤਿ ਕੋ ਆਭਾਸ ਹੈ, ਅਰਥ ਕਰੇ ਮਿਟ ਜਾਤ ਹੈ। ਲੱਛਨ ਪੀਛੇ ਕਹਿ ਹੀ ਆਏ ਹੈਂ। ਅਰ ਇਨ ਤੁਕੋਂ ਮੈਂ ਪ੍ਰਯਾਯੋਕਤਿ ਅਲੰਕਾਰ ਭੀ ਹੈ।

ਲੱਛਨ-ਰਚਨਾ ਸੇ ਜਹਿੰ ਬਚਨ ਜੁ ਹੋਇ।
'ਪਰਯਾਯੋਕਤਿ' ਕਹਿਯੇ ਸੋਇ।

ਇਹਾਂ ਪਰਮੇਸੁਰ ਕੀ ਪ੍ਰਾਪਤਿ, ਤਿਸ ਕੀ ਮਹਿਮਾ ਕਹਿਨੀ ਹੋਤੀ, ਸੋ ਏਕ ਜੁਗਤਿ ਸੰਗ ਬਰਨਨ ਕਰੀ; ਐਸ੍ਵਰਜ ਕੇ ਗਿਨਾਵਨੇ ਸੇ; ਯਾਂਤੇ ਪਰਯਾਯੋਕਤਿ ਅਲੰਕਾਰ।

ਪੂਰਬ ਜਿਸ ਕੋ ਐਸ੍ਵਰਜ ਗਿਨਯੋ ਹੈ। ਤਿਸ ਕੀ ਔਰ ਮਹਾਂ ਖੋਟੀ ਦਸ਼ਾ ਕੋ ਕਹਤ ਹੈਂ:-

## ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥

ਕਿਤਨੇ ਹੀ ਜੀਵ ਕੀਟ ਆਦਿ ਐਸੇ ਹੋਤ ਹੈ, ਤਿਨ੍ਹੋਂ ਕੇ ਅੰਦਰਿ ਕੀਟ ਹੋਇ ਜਾਤ ਹੈ। ਸੋ ਪਿਛਲੇ ਐਸ੍ਵਰਜ਼ ਵਾਰੋ ਜੋ ਹੈ, ਨੌ ਖੰਡ ਮੈਂ ਜੋ ਜਾਨੀਤਾ ਹੈ, ਸੋ ਕੀਟੋਂ ਕੇ ਅੰਦਰਿ ਕੀਟ ਕਰਿ ਦਈਤਾ ਹੈ, ਔਰ ਕੋਈ ਤਿਸ ਕੋ ਕਿਆ ਜਾਣ ਸਕੈਗੋ, ਜਿਸ ਕੇ ਅੰਤਰ ਹੋਤ ਹੈ ਸੋ ਭੀ ਨਹੀਂ ਜਾਨ ਸਕਤ ਹੈਂ। 'ਦੋਸੀ ਦੋਸੁ ਧਰੇ' ਦੋਖਨ ਕੇ ਧਾਰਨਵਾਰੇ ਐਸੋ ਦੋਖੀ ਹੁਇ ਜਾਤ ਹੈ। ਵਾ ਦੋਖਵਾਰੇ ਪ੍ਰਾਨੀ, ਸੋ ਭੀ ਤਿਸ ਪਰ ਦੋਖ ਕੋ ਧਰਨਵਾਰੇ ਹੋਇ ਜਾਤ ਹੈਂ, ਅਰਥ ਇਹ ਕਿ ਦੋਖ ਵਾਰਯੋਂ ਤੇ ਭੀ ਹੀਨ ਹੋਇ ਜਾਤ ਹੈ। ਪੂਰਬ ਜਿਸ ਕੋ ਦੀਰਘ ਤੇ ਅਤਿ ਦੀਰਘ ਕਹਯੋ, ਸੋ ਏਕ ਗੁਣ ਸਰੂਪ ਕੀ ਪ੍ਰਾਪਤਿ ਬਿਹੀਨ ਨੀਚ ਤੇ ਅਤਿ ਨੀਚ ਹੁਇ ਗਯੋ। ਕਰਮ ਕੇ ਬੰਧਨੋਂ ਕਰਿ ਕਦੇ ਬਡੇ ਤੇ ਬਡੇ ਹੋਇ ਜਾਤ ਹੈ, ਕਰਮ ਕੇ ਬੰਧਨੋਂ ਤੇ ਨੀਚ ਤੇ ਅਤਿ ਨੀਚ ਬਨ ਜਾਤ ਹੈ। ਸਰਬ ਕਿਸੇ ਤੇ ਭਲੇ ਨਹੀਂ ਹੋਤ ਹੈ, ਸਰਬ ਕਿਸੇ ਤੇ ਬੁਰੇ ਨਹੀਂ ਹੋਤ ਹੈ। ਸੁਭ ਕਰਮਨ ਤੇ ਸੁਖ, ਜੋ ਨਾਸ਼ਵੰਤ, ਸੋ ਭੋਗਤ ਹੈ। ਕੁਕਰਮਨ ਤੇ ਦੁਖ ਜੋ ਹੈਂ ਤਿਨ ਕੋ ਪ੍ਰਾਪਤਿ ਹੋਤ ਹੈ। 'ਨੌਂ ਖੰਡ ਮੈਂ ਜਾਣਿਓ' ਸੁਭ ਕਰਮਨ ਕੋ ਫਲ। 'ਕੀਟ ਮੈਂ ਕੀਟ' ਕੁਕਰਮ ਕੋ ਫਲ; ਸੋ ਦੋਊ ਕਰਮ ਬੰਧਨ ਹੈਂ, ਜਨਮ ਮਰਨ ਕੇ ਦੇਨਹਾਰੇ, ਇਨ ਤੇ ਛੂਟਨ ਕੋ ਉਪਾਇ ਹੈ: ਸਰੂਪ ਕੀ ਪ੍ਰਾਪਤਿ। ਜੋ ਸਰੂਪ ਲਖਤ ਹੈ ਸੋ ਸੰਸਾਰ ਚੱਕ੍ਰ ਕੇ ਭ੍ਰਮਣ ਤੇ ਛੂਟਤ ਹੈ। ਇਤਯਰਥ।

ਇਸ ਤੁਕ ਬਿਖੈ ਅਨਗੁਨਾਲੰਕਾਰ ਹੈਂ:—

ਲੱਛਨ-ਪੂਰਬ ਕੋ ਗੁਨ ਸੰਗਤ ਪਾਇ।
ਬਧੈ ਜੁ 'ਅਨਗੁਨ' ਤਾਂਹਿ ਬਤਾਇ।

ਬਾਤ ਨਾ ਬੂਝਨੀ ਦਰਿਦ੍ਰ ਹੁਤੋ, ਤਿਸ ਤੇ ਕੀਟ ਕੇ ਅੰਦਰਿ ਕੀਟ ਭਯੋ, ਤਿਸ ਤੇ ਭੀ ਦੋਖ ਧਰਨਹਾਰੋ ਭਯੋ। ਦੂਖ ਤੇ ਮਿਲਕੈ ਦੂਖ ਅਧਿਕ ਹੀ ਅਧਿਕ ਬਧਯੋ, ਯਾਂਤੇ ਅਨਗੁਨਾਲੰਕਾਰ।

ਪ੍ਰਥਮੇ ਤੋਂ ਅਧਿਕ ਤੇ ਅਧਿਕ ਕੋ ਬਿਨਾ ਗਯਾਨ ਤੇ ਨੀਚ ਤੇ ਅਤਿ ਨੀਚ ਬਤਾਯੋ, ਅਬ ਅਗਾਰੀ ਰੰਕ ਤੇ ਜੋ ਅਤਿ ਰੰਕ ਹੈ ਤਿਸ ਕੋ ਗਯਾਨ ਪ੍ਰਾਪਤਿ ਤੇ ਮਹਾਨ ਤੇ ਅਤਿ ਮਹਾਨ ਕਹਤ ਹੈ :-

## ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥

ਸ੍ਰੀ ਨਾਨਕ ਜੀ ਕਹਤ ਹੈਂ: ਨਿਰਗੁਣ ਜੋ ਮਾਨੁਖ ਹੈ; ਨਹੀਂ ਹੈ ਜਿਸ ਕੇ ਬਿਖੈ ਗੁਣ ਕੋਈ ਸੋ ਨਿਰਗੁਣ: ਸਤਿ ਸੰਤੋਖਾਦਿ ਗੁਣ ਵਾ ਸੁਰੱਤਣ ਬਿਦਯਾ ਤੇ ਆਦਿ ਗੁਣ, ਵਾ ਆਸ਼ੈ ਨਿਰਗੁਣ ਕਹਣੇ ਕੋ ਇਹ: ਜੋ ਬਲ ਤੇ ਅਰੁ ਬੁਧਿ ਤੇ ਅਰੁ ਧਨ ਤੇ ਅਰੁ ਰੂਪ ਤੇ ਔਰੁ ਐਸ਼ੂਰਜ ਸੰਪੂਰਨ ਜਗਤ ਕੀ ਬਡਯਾਈ ਕੇ ਗੁਣ ਜੇਤੇ ਹੈਂ, ਸੋ ਏਕ ਭੀ ਤਿਸ ਕੇ ਬਿਖੈ ਨਹੀਂ ਹੈ। ਐਸਾ ਜੋ ਨਿਰਗੁਣ ਸੋ ਗੁਣ ਕਰੇ, ਕਿਆ ? ਗਯਾਨ ਜੋ ਗੁਣ ਹੈ ਤਿਸ ਕੋ ਗ੍ਰਹਣ ਕਰੇ। 'ਗ੍ਰਹਣ' ਕੋ ਪਦ ਅਧਯਾਹਾਰ ਊਪਰ ਤੇ ਕਰੈ, ਸੋ ਕਿਸਤੇ ਗਯਾਨ ਰੂਪੀ ਗੁਣ ਕੋ ਗ੍ਰਹਣ ਕਰੈ ? ਸੋ ਕਹਤ ਹੈ: 'ਗੁਣਵੰਤਿਆ ਗੁਣੁ ਦੇ'। 'ਗੁਣਵੰਤਿ' ਕੋ ਅਰਥ ਗੁਣਵੰਤੇ। ਤਕਾਰ ਲਘੂ ਤੇ ਦੀਰਘ ਭਯੋ। ਸੋ ਕੌਨ ਗਯਾਨਵਾਨ ? 'ਆ ਗੁਣੁ ਦੇ' ? 'ਆ' ਕੋ ਅਰਥ 'ਸਰਬ ਓਰ ਤੇਂ' ਹੋਤ ਹੈ। ਜੈਸੇ 'ਮੋਦ' ਨਾਮ ਅਨੰਦ ਕੋ ਹੈ, ਜੋ ਅਨੰਦ ਸਰਬ ਓਰ ਤੇ ਹੋਇ ਤਿਸ ਕੋ ਨਾਮ 'ਆਮੋਦ' ਕਹਤ ਹੈਂ; ਤੈਸੇ ਈਹਾਂ 'ਆ' ਕੋ ਅਰਥ ਸਰਬ ਓਰ ਤੇ; ਆਪਣੋ ਗੁਣ ਜੋ ਗਯਾਨ ਤਿਸ ਨਿਰਗੁਣ ਕੋ ਦੇਇ। ਅਰਥ ਇਹ: ਜੋ ਸਤਿਗੁਰ ਕੋ ਗਯਾਨ ਉਪਦੇਸਯੋ ਹੋਇ, ਐਸੋ ਨ ਹੋਇ ਜੋ ਆਪ ਤੇ ਹੀ ਪੜ੍ਹਿਕੈ ਗਯਾਨਵਾਨ ਹੋਇ ਬੈਠੇ, ਵਾ ਪੰਡਤੋਂ ਤੇ ਕਥਾ ਸੁਨਿ ਕਰਿ ਗਯਾਨ ਕੀ ਬਾਤਾਂ ਕਹਨਵਾਰੋ ਹੁਇ ਜਾਇ। ਮੁਖਯ ਗਯਾਨੀ ਕੋ ਬਰਨਨ ਇਹਾਂ ਨਹੀਂ ਹੈ। ਦ੍ਰਿੜ ਨਿਸ਼ਚਾ ਜਿਨ ਕੇ ਰਿਦੇ ਬਿਖੇ ਹੋਇ ਆਵੈ, ਤਿਨ ਕੋ ਕਥਨ ਹੈ; ਔਰ ਤੇ ਸਰਬ ਗੁਣ ਤੇ ਹੀਨ ਹੈਂ, ਏਕ ਸਤਿਗੁਰੋਂ ਤੇ ਗਯਾਨ ਕੀ ਪ੍ਰਾਪਤੀ ਹੁਇ ਗਈ ਹੈ। ਸੋਈ ਸਰਬੋਤਮ ਹੋਤ ਹੈ। ਜੇ ਕੋਈ ਕਹੈ ਕੈਸੇ ਸਰਬੋਤਮ ਹੋਤ ਹੈ ? ਸੋਈ ਬਤਾਵਤ ਹੈਂ:-

## ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ ੭॥

ਬ੍ਰਹਮਾ ਅਰ ਕੀਟੀ ਪ੍ਰਯੰਤ ਇਨ ਕੇ ਬੀਚ ਐਸੋ ਕੋਈ ਨਹੀਂ ਦੀਸਤ ਹੈ, ਜੋ ਤਿਸ ਗਯਾਨਵਾਨ ਕੇ, 'ਗੁਣ' ਨਾਮ 'ਤਨ' ਕੇ ਨਾਨਾ ਅਰਥਾਂ ਮੈਂ ਕਹਯੋ ਹੈ, ਉਸ ਕੇ ਸਰੀਰ ਕੀ ਉਤਪਤਿ ਕਰੇ; ਸੋ ਤੋ ਸਮੁੰਦਰ ਮੈਂ ਬੂੰਦ ਜਲ ਕੀ ਮਿਲ ਗਈ। ਐਸੋ ਕੌਣ ਹੈ

ਜੇ ਉਸ ਬੂੰਦ ਕੋ ਨਿਰਾਲੀ ਕਰਿ ਸਕੈ, ਐਸੇ ਕਹਨੇ ਕਰਿ ਸਰਬ ਤੇ ਅਧਿਕ ਜਨਾਯੋ। ਜੋ ਕਿਸੀ ਕੋ ਭੀ ਉਪਾਇ ਤਿਸ ਕੇ ਸਰੀਰ ਦੇਨ ਮੈਂ ਨਹਿ ਭਯੋ, ਐਸੋ ਸਰੂਪ ਹੋਇ ਜਾਤ ਹੈ। ਵਾ ਗੁਣ ਕੇ ਅਰਥ: ਰਜ, ਤਮ, ਸਤ, ਇਨ ਤੀਨੋਂ ਗੁਣ ਕੋ ਤਜ ਕਰਿ ਚੌਥੇ ਪਦ ਬਿਖੈ ਲੀਨ ਜੋ ਭਯੋ ਹੈ, ਸੋ ਐਸੋ ਕੋਈ ਨਹੀਂ ਜੋ ਤੀਨ ਗੁਣ ਬਿਖੈ ਉਸ ਕੀ ਬ੍ਰਿਤਿ ਕੋ ਲਿਆਵੇ। ਏਕ ਵਾਰ ਅਪਣੇ ਸਰੂਪ ਕੋ ਗਯਾਨ ਭਯੋ ਜਿਸ ਕੋ, ਸੋ ਫੇਰ ਕਦਾਚਿਤ ਨਹੀਂ ਜਾਤ ਹੈ, ਯਾਂਤੇ ਮਹਾਨ ਤੇ ਮਹਾਨ ਭਯੋ। ਜੋ ਦ੍ਰਿਸ਼ਯਮਾਨ ਹੈ: ਨਰ; ਸੁਰ, ਅਸੁਰ, ਤਿਸਕੋ ਕੋਈ ਗੁਣ ਨਹੀਂ ਕਰ ਸਕਤ ਹੈਂ। ਇਤਯਰਥ।

ਇਨ ਦੋਊ ਤੁਕਨਿ ਮੈਂ ਯਮਕਾਲੰਕਾਰ ਹੈ। ਗੁਣ ਪਦ ਬਹੁਤ ਬੇਰ ਆਯੋ, ਅਰਥ ਭਿੰਨ ਭਿੰਨ ਭਯੋ। ਲਛਨ ਪੂਰਬ ਕਹਿ ਆਏ ਹੈਂ। ਔਰ ਕਾਵ੍ਯਲਿੰਗ ਅਲੰਕਾਰ ਭੀ ਹੈ। ਗਯਾਨਵਾਨ ਨੇ ਸਿਖ ਨਿਰਗੁਣ ਕੋ ਗਯਾਨ ਦੀਓ, ਯਾ ਅਰਥ ਕੋ ਸਮਰਥਨ ਕਰਯੋ। ਤਿਸ ਕੋ ਗੁਣ ਕੋਈ ਭੀ ਨਹੀਂ ਕਰਿ ਸਕਤ ਹੈ, ਐਸੋ ਹੋਇ ਜਾਤ ਹੈ। ਐਸੇ ਸਪਸ਼ਟ ਕਰਨੇ ਕਰ ਕਾਵ੍ਯਲਿੰਗ ਅਲੰਕਾਰ ਹੋਤ ਹੈ।

ਅਬ ਸੰਪੂਰਨ ਜਗਤ ਕੇ ਪਦਾਰਥ ਨਾਸਵੰਤ ਦਿਖਾਏ, ਇਸ ਤੇ ਤੋ ਸਿਖ ਕੋ ਬੈਰਾਗਵਾਨ ਕਰਯੋ, ਅਰ ਗਯਾਨ ਕੋ ਅਬਿਨਾਸ਼ੀ ਬਤਾਇ ਕਰਿ ਚੋਂਪ ਬਧਾਈ[1]। ਸਿਖ ਕੀ ਬ੍ਰਿਤਿ ਨਿਸ਼ਚਲ ਟਿਕਾਇਕੈ ਅਗਾਰੀ ਸ੍ਰਵਣਾਂਦਿਕ ਕੋ ਕਹਤ ਹੈਂ। ਸਰੂਪ ਕੀ ਪ੍ਰਾਪਤਿ ਕੇ ਕਾਰਣ ਭੀ ਏਹੀ ਹੈਂ। ਪ੍ਰਸ਼ਨ:-ਸ੍ਰਵਣਾਦਿ ਕੋ ਉਪਦੇਸ਼ ਤੋ ਤਬ ਬਨਤ ਹੈ ਜਬ ਚਤੁਸ਼ਟੈ ਸਾਧਨ ਸੰਪੰਨ ਸਿਖ ਕੋ ਕਰ ਲੀਓ ਹੋਇ? ਈਹਾਂ ਬਿਹੀਨ ਚਤੁਸ਼ਟੈ ਸਾਧਨ[2] ਕੇ ਜੋ ਸ੍ਰਵਣਾਦਿ ਕਹਤ ਹੋ ਇਹ ਬੇਮ੍ਰਿਜਾਦ ਬਿਧਿ ਬਨਤ ਹੈ? ਸਤਿਗੁਰ ਸਰਬਗਯ ਐਸੇ ਨਹੀਂ ਕਹਿਤੇ। ਉੱਤਰ:-ਸ੍ਰੀ ਨਾਨਕ ਜੀ ਨੇ ਇਨ ਸਪਤ ਪੌੜੀ ਮੈਂ ਚਤੁਸ਼ਟੈ ਸਾਧਨ ਭੀ ਕਹਿ ਕਰਿ ਸਿਖ ਕੋ ਸੰਪੰਨ ਕੀਓ ਹੈ। ਸੋਈ ਕਹਤ ਹੈ: ਬੈਰਾਗ, ਬਿਬੇਕ, ਖਟਸੰਪਦਾ, ਮੁਮੋਖਯਾ। 'ਬੈਰਾਗ' ਇਹ ਜੋ ਬ੍ਰਹਮ ਲੋਕ ਆਦਿ ਸੁਖ ਕੀ ਵਾਸ਼ਨਾ ਨਹੀਂ ਕਰਣੀ। 'ਬਿਬੇਕ' ਏਹ ਜੋ ਸਤਿ ਅਸੱਤਿ ਕੋ ਬਿਚਾਰਨਾਂ। 'ਖਟ ਸੰਪਦਾ' ਇਹ ਜੋ ਸਮ; ਦਮ, ਉਪ੍ਰਤਿ, ਤਤਿਖਯਾ, ਸ਼੍ਰਧਾ, ਸਮਾਧਾਨਤਾ। 'ਮੁਮੋਖਯਾ' ਇਹ ਜੋ ਬੰਧਨ ਤੇ ਛੂਟਨ ਕੀ ਇਛਾ। ਇਹ ਚਤੁਸ਼ਟੈ ਸਾਧਨ ਜਹਾਂ ਜਹਾਂ ਕਹੇ ਹੈਂ ਅਬ ਸੋਈ ਪ੍ਰਗਟਾਵਤ ਹੈ:-'ਜੇ ਜੁਗ ਚਾਰੇ ਆਰਜਾ' ਇਨ ਚਾਰ ਤੁਕੋਂ ਬਿਖੇ ਤੋ ਬੈਰਾਗ ਬਰਨਯੋ। ਪਦਾਰਥ ਮਿਥਯਾ[3] ਦਿਖਾਏ, ਜੋ ਇਨ ਤੇ ਕਾਜ ਕਛੁ ਨਹੀਂ ਸਰਤ ਹੈ, ਇਹ ਤੋ ਅਸਤਿ ਬਿਚਾਰਿਕੈ ਜਾਣੈ। 'ਗਾਵੈ' ਕੀ ਸਰਬ ਪਉੜੀ ਮੈਂ, 'ਥਾਪਿਆ ਨ ਜਾਇ ਕੀਤਾ ਨ ਹੋਇ' ਇਤਯਾਦਿ ਔਰ ਅਸਥਾਨੋਂ ਮੈਂ ਜਹਾਂ ਸਚੁ ਕੋ ਬਰਨਨ ਕਰਯੋ ਹੈ, ਯਾਂ ਸੋ ਬਿਬੇਕ ਸੰਪੰਨ ਸਿਖ ਕੀਓ, ਸਤਿ ਅਸਤਿ ਕੋ ਬਿਚਾਰ ਬਤਾਯੋ। ਆਗੇ 'ਖਟ ਸੰਪਦਾ' ਕਹਤ ਹੈਂ। 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਇਸ ਤੁਕ ਮੈਂ 'ਸਮ' ਕੇ ਸੰਪੰਨ ਕੀਓ, ਦੁਖ ਸੁਖ ਇਕ ਸਾਰ ਜਾਣੈ,

---

੧. ਸ਼ੌਕ ਵਧਾਇਆ। ੨. ਚਾਰ ਸਾਧਨ ਜਿਨ੍ਹਾਂ ਦਾ ਵੇਰਵਾ ਅਗੇ ਦਿੰਦੇ ਹਨ।
੩. ਝੂਠੇ, ਨਾਸ਼ਵੰਤ।

ਹੁਕਮ ਕੋ ਮਾਨਿਕੈ ਪ੍ਰਸੰਨ ਰਹੈ, ਦੁਖ ਸੁਖ ਮੈਂ ਸਮ ਬੁਧਿ ਕਰੈ । 'ਅੰਮ੍ਰਿਤੁ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਇਸ ਤੁਕ ਮੈਂ 'ਦਮ' ਕੇ ਸੰਪੰਨ ਸਿਖ ਕੀਓ, ਜੋ ਸਰਬ ਓਰ ਤੇ ਇੰਦ੍ਰੀਓਂ ਕੋ ਰੋਕਿ ਕੈ ਸਤਿਨਾਮ ਸਿਮਰੈ । 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਇਸ ਤੁਕ ਮੈਂ 'ਉਪਰਤਿ' ਸੰਪੰਨ ਸਿਖ ਕੀਓ, ਜੋ ਬਿਸ਼ਜਨ ਕੇ ਭੂਖੇ ਹੈਂ ਤਿਨੋਂ ਕੀ ਭੂਖ ਕੈਸੇ ਨਹੀਂ ਜਾਤ ਹੈ, ਤਿਨ ਕੋ ਤਜਾਗ ਕੇ ਹੀ 'ਤ੍ਰਿਪਤ' ਮਾਨ। ਜਿਨ ਪਾਦਰਥੋਂ ਕੇ ਪਾਸ ਆਵਨ ਤੇ ਬਹੁਰ ਭੂਖ ਹੀ ਰਹੈ ਤਿਨ ਕੀ, ਯਾਂ ਤੇ ਤਿਨ੍ਹੋਂ ਕਾ ਤਜਾਗ ਕਰਿ। 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ' ਇਸ ਮੈਂ 'ਤਤਿਖਜਾ' ਸੰਪੰਨ ਕੀਓ। ਹਉਮੈ ਕੋ ਤਜਾਗ ਕਰਿ ਹੁਕਮ ਕੇ ਅਨੁਸਾਰੀ ਜਾਨ ਕਰਿ ਦੁਖ ਸੁਖ ਸਹਿ ਰਹੈ। 'ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ' ਇਤਜਾਦੀ ਤੁਕਨਿ ਮੈਂ 'ਗੁਰ ਮਹਿਮਾ' ਕੋ ਬਰਨਨ ਕਰਿਕੈ 'ਸ਼ਰਧਾ' ਸੰਪੰਨ ਸਿਖ ਕੀਓ। ਗੁਰੂ ਐਸੇ ਹੈਂ ਜਿਨ ਕੀ ਬਰੋਬਰ ਕੋ ਔਰ ਕੋਊ ਨਹੀਂ, ਐਸੋ ਸੁਨਿਕਰ ਸਿਖ ਗੁਰ ਸ਼ਰਧਾ ਕੋ ਧਾਰਨ ਕਰੈ। 'ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥' ਇਨ ਤੁਕਨਿ ਸੋਂ 'ਸਮਾਧਾਨਤਾ' ਸੰਪੰਨ ਸਿਖ ਕੀਓ। ਜੋ ਊਚ ਤੇ ਊਚ ਸੋ ਨੀਚ ਤੇ ਨੀਚ ਭਯੋ। ਜੋ ਨੀਚ ਤੇ ਨੀਚ ਗੁਰੋਂ ਕੇ ਗਜਾਨ ਕਰਿ ਊਚ ਤੇ ਊਚ ਬਨਤ ਹੈ । ਇਹ ਸੁਨਿ ਸਿਖ ਕੋ ਚੋਂਪ ਭਈ: ਜੋ ਨਿਰਗੁਣ ਕੋ ਭੀ ਗੁਰ ਗੁਣਵਾਨ ਕਰ ਦੇਤ ਹੈਂ । 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥' 'ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ।' ਇਨ ਤੁਕਨਿ ਮੈਂ 'ਮੁਮੋਖਜਾ' ਪ੍ਰਗਟ ਹੀ ਹੈ । ਇਨ ਚਤੁਸ਼ਟੈ ਸਾਧਨ ਮੈਂ ਅਗਾਰੀ ਪਿਛਾਰੀ ਕ੍ਰਮ ਕੋ ਵਿਕਲਪ[1] ਨਹੀਂ ਬਨਤ ਹੈ । ਸਿਖ ਕੋ ਚਤੁਸ਼ਟੈ ਮੈਂ ਪਹਿਲੇ ਕੋਈ ਉਪਜਿ ਪਰੈ ਯਾਂਕੋ ਨੇਮ ਨਹੀਂ ਹੈ, ਇਸ ਬਾਤ ਕੇ ਸਿਧ ਕਰਨਿ ਮੈਂ ਗ੍ਰੰਥ ਬਧਤ ਹੈ, ਯਾਂਤੇ ਨਹੀਂ ਕੀਓ । ਆਗੇ ਸ੍ਵਨ, ਮਨਨ, ਨਿਧਜਾਸਨ, ਸਾਖਜਾਤਕਾਰ, ਇਨ ਕੋ ਕ੍ਰਮ ਜਥਾ ਜੋਗ ਚਾਹੀਏ ਸੋ ਤਿਸੀ ਰੀਤਿ ਸੋਂ ਅਬ ਕਹੈਂਗੇ। ਇਸ ਪ੍ਰਕਾਰ ਸਪਤ ਪਉੜੀ ਜੋ ਪੂਰਬ ਕਹੀ ਹੈਂ, ਤਿਨ੍ਹੋਂ ਕਰਿ ਚਤੁਸ਼ਟੈ ਸਾਧਨ ਸੰਪੰਨ ਕੀਓ। ਅਬ ਸਰੂਪ ਕੀ ਪ੍ਰਾਪਤਿ ਕੇ ਯੋਗ ਸਿਖ ਬਨਜੋ । ਯਾਂਤੇ ਸ੍ਵਣਾਦਿ ਕਹਤੇ ਹੈਂ । 'ਨਾਨਕ ਨਿਰੁਗੁਣਿ ਗੁਣੁ ਕਰੈ ਗੁਣਵੰਤਿਆ ਗੁਣੁ ਦੇ ॥' ਇਸ ਤੁਕ ਮੈਂ ਜੋ ਨਿਰਗੁਣ ਅਰਥ ਬ੍ਰਹਮ ਕੋ ਕਹਤ ਹੈਂ ਤਿਨ ਤੇ ਸੰਗਤਿ ਅਰਥ ਕੀ ਨਹੀਂ ਬੈਠਤ ਹੈ । ਨਿਰਗੁਣ ਨਾਮ ਬ੍ਰਹਮ ਕੋ ਰੂਢਿ ਹੋਇ ਰਹਜੋ ਹੈ, ਯਾਂਤੇ ਬਿਨਾ ਸਮਝੇ ਸੋਊ ਅਰਥ ਲੋਕ ਕਰਿ ਦੇਤ ਹੈਂ ਅਰ ਜੀਵ ਬਿਹੀਨ ਗੁਣ ਤੇ ਜੋ ਹੈ, ਸੋ ਭੀ ਨਿਰਗੁਣ ਨਾਮ ਗੁਰ ਜੀ ਨੇ ਬਹੁਤ ਸਥਾਨ ਕਹਜੋ ਹੈ; ਸੋ ਪ੍ਰਮਾਨ ਕਹਤ ਹੈ:-

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ ॥
[ਬਿਲਾਵਲ ਮ: ੫-੧੧੭

ਇਸ ਤੁਕ ਮੈਂ ਭੀ ਲੋਕ ਜੋ ਅਜਾਨ ਹੈਂ ਬ੍ਰਹਮ ਕੋ ਹੀ ਅਰਥ ਕਰਿ ਦੇਤ ਹੈਂ।

---

੧. ਭਰਮ, ਸੰਸਾ, ਵਿਰੁਧ ਕਲਪਨਾ ।

ਨਿਰਗੁਣ ਸਰਗੁਣ ਦੋਊ ਦੋ ਸਰੂਪ ਈਸੁਰ ਕੇ, ਤੀਸਰੋ ਕੇਲ ਕਰਨਵਾਰੋ ਦੋਊ ਮੈਂ ਕੌਨ ਠਹਿਰਜੋ, ਤਿਨ ਕੋ ਅਰਥ ਕਰਨ ਮੈਂ ? ਗੁਰੂ ਜੀ ਕੋ ਅਰਥ ਧਰਜੋ ਹੋਯੋ ਐਸੇ: ਈਘੇ ਨਿਰਗੁਨ = ਜੀਵ ਅਲਪਗਜ। 'ਈਘੇ' ਕੋ ਅਰਥ 'ਆਪਨੀ ਦਿਸ਼' । ਊਘੇ ਸਰਗੁਨ = ਈਸੁਰ ਸਰਬਗਜ, ਸੋ ਦੋਊਨ ਕੇ ਬਿਖੇ ਸਚਿਦਾਨੰਦ ਬ੍ਰਹਮ ਕੇਲ ਕਰਤ, ਕਿਆ ? ਦੋਊਨ ਕੇ ਬਿਖੇ ਬਸ ਭੀ ਰਹਜੋ ਹੈ ਅਰੁ ਚੇਤੰਨਤਾ ਦੇ ਕਰਿ ਸਰਬ ਕਾਰਜ ਸਿਧ ਕਰਤ ਹੈ। ਔਰੁ ਪ੍ਰਮਾਣ:-

ਸਰਗੁਣ ਨਿਰਗੁਣ ਥਾਪੈ ਨਾਉ ॥
ਦੁਹ ਮਿਲਿ ਏਕੈ ਕੀਨੋ ਠਾਉ ॥

[ਆਸਾ ਮ: ੫-੬੮

ਈਹਾਂ ਭੀ ਬ੍ਰਹਮ ਕੋ ਅਰਥ ਕਰਨੇ ਪਰ ਵਹੀ ਦੂਖਨ ਪੂਰਬ ਵਾਰੋ। ਇਨ ਦੋਊ ਤੁਕੋਂ ਬਿਖੈ ਗੁਰੂ ਜੀ ਨੇ ਤਤੰਮਸੀ ਮਹਾਂ ਵਾਕ ਕੋ ਬਰਨਜੋ ਹੈ। 'ਤਤ' ਈਸੁਰ ਸਰਬਗਜ, 'ਤੂੰ' ਜੀਵ ਅਲਪਗਜ। ਦੋਨੋਂ ਕੋ ਭਾਗ ਤਜਾਗ ਲੱਖਣਾ ਸੋਂ 'ਅਸੀ' ਪਦ ਸਥਾਨ ਭਜੋ।

'ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥'

[ਸਲੋਕ ਮ: ੫

ਇਸਤੇ ਆਦਿ ਔਰ ਸਥਾਨ ਮੈਂ ਭੀ ਗੁਰੂ ਜੀ ਨੇ ਨਿਰਗੁਨ ਨਾਮ ਜੀਵ ਕੋ ਕਹਜੋ ਹੈ। ਜੋ ਜਾਨਤ ਹੈਂ, ਜਹਾਂ 'ਜੀਵ' ਕੋ ਅਰਥ ਬਨਤ ਹੈ 'ਜੀਵ' ਕੋ ਕਹਤ ਹੈਂ। ਜਹਾਂ ਨਿਰਗੁਣ 'ਬ੍ਰਹਮ' ਕੋ ਅਰਥ ਧਰਜੋ ਹੈ, ਤਹਾਂ 'ਬ੍ਰਹਮ' ਕੋ ਅਰਥ ਕਰਤ ਹੈਂ । ਜੋ ਨਹੀਂ ਜਾਨਤ ਹੈਂ, 'ਰੂਢਿ' ਨਿਰਗੁਣ ਬ੍ਰਹਮ ਕੋ ਨਾਮ ਹੋਇ ਰਹਜੋ ਹੈ ਤਿਸੀ ਕੋ ਅਰਥ ਕਰ ਦੇਤ ਹੈਂ, ਅਨਜਾਨਪਨੇ ਸੋਂ ।

[ਪਉੜੀ ਅੱਠਵੀਂ]

ਅਬ ਮੂਲ ਕੋ ਹੀ ਕਹਤ ਹੈਂ । ਜਬ ਚਤੁਸ਼ਟੈ ਸਾਧਨ ਸੰਪੰਨ ਸਿਖ ਕੀਓ, ਸਾਖਜਾਤਕਾਰ ਜਿਨ ਕੇ ਅੰਤ ਮੇਂ ਹੈ, ਐਸੋ ਜੋ ਚਾਰ ਪ੍ਰਕਾਰ ਕੋ ਗਜਾਨ ਹੈ ਸੋ ਉਪਦੇਸ਼ਤ ਹੈਂ। ਚਾਰ ਪ੍ਰਕਾਰ ਮੈਂ ਯਥਾ ਕ੍ਰਮ ਪ੍ਰਥਮ 'ਸ਼੍ਰਵਣ' ਕੋ ਹੀ ਕਹਤ ਹੈ :-

## ਸੁਣਿਐ ਸਿਧ ਪੀਰ ਸੁਰਿ ਨਾਥ ॥

ਅਬ ਸ਼੍ਰਵਣ ਕੇ ਮਹਾਤਮ ਕੋ ਕਹਤ ਹੈਂ। ਸ਼੍ਰਵਣ ਕਰਣੇ ਤੇ ਹੀ ਸਿਧ ਪਦਵੀ ਕੋ ਸਿਧ ਪ੍ਰਾਪਤਿ ਭਏ ਅਰ ਸ਼੍ਰਵਣ ਤੇ ਹੀ ਤੁਰਕਨ ਮੈਂ ਪੀਰ, ਬਡੇ ਗਜਾਨਵਾਨ, ਭਏ। ਸ਼੍ਰਵਣ ਤੇ ਹੀ ਸੁਰ ਦੇਵਤਾ ਸੁਰਗ ਬਿਖੈ ਪ੍ਰਾਪਤਿ ਭਏ। ਸ਼੍ਰਵਣ ਕਰਣ ਤੇ ਹੀ ਸੁਭ ਕਰਮ ਜਗੁ ਔ ਸੂਰੱਤਣ ਕਰੇ ਹੈਂ, ਤਿਨ ਕੋ ਫਲੁ ਦੇਵਤਾ ਭਏ; ਮੂਲ ਸ਼੍ਰਵਣ ਹੀ ਹੈ। ਅਰੁ ਨਾਥ ਨੌ ਜੋ ਹੈਂ ਸੋ ਭੀ ਸ਼੍ਰਵਣ ਤੇ ਹੀ ਇਸ ਪਦ ਕੋ ਪ੍ਰਾਪਤ ਭਏ।

ਦੁਤਿਯ ਅਰਥ:—'ਸਿਧ ਪੀਰ' ਨਾਮ ਏਕ ਤੋ ਸਮਾਨ ਸਿਧ ਹੋਤੇ ਹੈਂ, ਅਸ਼ਟਦਸ ਜੋ ਸਿਧਿ, ਤਿਨ ਕੀ ਕਰਾਮਾਤ ਅਲਪ ਹੀ ਤਿਨੋਂ ਪਾਸ ਹੋਤ ਹੈ। ਏਕ 'ਸਿਧ ਪੀਰ' ਹੈਂ, 'ਪੀਰ' ਕੋ ਅਰਥ 'ਬਡੇ', ਬਡੇ ਮਹਾਨ ਭਾਵ ਵਾਰੇ ਸਿਧ ਹੈਂ; ਸੋ ਸਭ ਕਰਾਮਾਤ ਸਿਧਨ ਕੀ ਪਾਸ ਭੀ ਹੈ, ਪ੍ਰੰਤੂ ਤਿਨ ਕੋ ਪਰਚਾ ਛੋਰ ਕਰਿ ਜੋਗ ਹੀ ਕੋ ਰਸ ਲੇਤ ਹੈਂ; ਐਸੇ ਕੋ ਨਾਮ ਸਿਧ ਪੀਰ; ਸੋ ਇਸ ਪਦ ਕੋ ਪ੍ਰਾਪਤ ਸ਼੍ਰਵਣ ਤੇ ਹੀ ਭਏ । 'ਸੁਰਿ ਨਾਥ' ਨਾਮ

ਇੰਦ੍ਰ ਕੋ, ਸੋ ਭੀ ਸ੍ਰਵਣ ਤੇ ਹੀ ਸੁਰਗ ਕੋ ਰਾਜਾ ਭਯੋ। ਸੋ ਅਸੁਮੇਧ ਜਗਜ ਕਰਨ ਤੇ ਇੰਦ੍ਰ ਬਨਤ ਹੈ, ਪ੍ਰਥਮ ਇਸ ਬਾਤ ਕੋ ਸੁਣ ਕਰਿ ਹੀ ਜਗਜ ਕੀਏ ਹੋਇੰਗੇ। ਤ੍ਰਿਤੀ ਅਰਥ:—ਸਿਧ ਕੋ ਅਰਥ ਪੂਰਬਲੋ ਹੀ, 'ਪੀਰ ਸੁਰਿ' ਨਾਮ ਬ੍ਰਿਹਸਪਤ ਕੋ, ਪਾਰਸੀ ਮੈਂ ਗੁਰੂ ਕੋ ਨਾਮ ਪੀਰ ਹੀ ਕਹਤ ਹੈਂ, ਸੋ ਜੋ ਸਰਬ ਦੇਵਤਿਓਂ ਕੋ 'ਗੁਰ' ਬਨਜੋ, ਤਿਸ ਕੋ ਐਸੀ ਪਦਵੀ ਸ੍ਰਵਣ ਤੇ ਹੀ ਪ੍ਰਾਪਤਿ ਹੈ। 'ਨਾਥ' ਨਾਮ ਰਾਜਨ ਕੋ। ਪ੍ਰਿਥਵੀਪਤਿ ਭੀ ਸ੍ਰਵਣ ਤੇ ਹੀ ਭਏ। ਤਪ ਕੋ ਮਹਾਤਮ ਪ੍ਰਥਮ ਸ੍ਰਵਣ ਕਰਜੋ ਹੋਇਗੋ, ਤਬ ਹੀ ਤੌ ਤਪ ਤਪਜੋ ਹੈ; ਤਿਸ ਕੋ ਫਲ ਰਾਜ ਪ੍ਰਾਪਤ ਭਯੋ। ਚਤੁਰਾਰਥ:-ਜਬ ਸ੍ਰਵਣ ਕਰੈਗੋ, ਤਬ ਹੀ ਸਿਧ, ਪੀਰ, ਸੁਰਿ, ਨਾਥ, ਇਨ ਸਭਨ ਕੋ ਜਾਨੈਗੋ। ਤਿਨ ਕੋ ਸਰੂਪ ਪਰਖਨੋ ਤੇ ਕਿਤੇ ਰਹਜੋ, ਬਿਨ ਸ੍ਰਵਣ ਤੇ ਨਾਮ ਭੀ ਨਹੀਂ ਜਾਨਿ ਸਕੈਗੋ। ਪੰਚਮ ਅਰਥ:-ਪਰਮਾਤਮਾ ਕੇ ਸ੍ਰਵਣ ਕਰਣੇ ਕਰਿ ਸੁਰ, ਸਿਧ, ਪੀਰ, ਨਾਥ, ਇਨ ਕੇ ਸਦਰਸ਼ ਹੋਤ ਹੈ। ਹੋਰ ਬਹੁਤ ਘਾਲ ਘਾਲਣੇ ਤੇ ਹੋਤ ਹੈਂ, ਇਹ ਕੇਵਲ ਸ੍ਰਵਣ ਤੇ ਹੀ ਐਸੇ ਹੋਇ ਜਾਤ ਹੈ।

## ਸੁਣਿਐ ਧਰਤਿ ਧਵਲ ਆਕਾਸ॥

ਪ੍ਰਿਥਵੀ ਅਰ ਧਵਲ ਬ੍ਰਿਖਭ[1], ਪ੍ਰਿਥਵੀ ਤਲੇ ਜੋ ਹੈ, ਅਰੁ ਅਕਾਸ਼, ਇਨ ਕੋ ਭੀ ਭੇਦੁ ਤਬ ਹੀ ਜਾਨੈਗੋ ਜਬ ਸ੍ਰਵਣ ਕਰੈਗੋ। ਦੁਤਿਯ ਅਰਥ: ਧਰਤੀ ਧਵਲ ਨੇ ਅਕਾਸ਼ ਵਿਖੈ ਜੋ ਠਹਿਰਾਇ ਰਾਖੀ ਹੈ, ਏਤੀ ਜੋ ਸ਼ਕਤਿ ਹੈ ਸੋ ਸ੍ਰਵਣ ਕਰਣ ਤੇ ਹੀ ਪ੍ਰਾਪਤ ਭਈ ਹੈ। ਤ੍ਰਿਤੀ ਅਰਥ: ਧਰਤੀ ਕੋ ਭੀ ਸ਼ਕਤਿ ਸਰਬ ਜਗਤ ਧਾਰਣ ਕੀ, ਔ ਧਵਲ ਕੋ ਪ੍ਰਿਥਮੀ ਧਾਰਣ ਕੀ, ਅਕਾਸ਼ ਕੋ ਅਵਕਾਸ਼[2] ਕਰਣ ਕੀ ਜੋ ਸ਼ਕਤਿ ਹੈ, ਸੋ ਸੰਪੂਰਣ ਸ੍ਰਵਣ ਤੇ ਹੀ ਪ੍ਰਾਪਤਿ ਹੈ। ਚਤੁਰਾਰਥ: ਧਵਲ ਕੋ ਅਰਥ ਪੂਰਬਲੋ ਹੀ, ਔਰ ਧਰਤੀ ਅਕਾਸ਼ ਤੇ ਪੰਚ ਤੱਤ ਕੋ ਅਰਥ ਉਪਲਛਨਾ ਸੋਂ। ਉਪਲਛਨਾ ਕੋ ਲੱਛਨ-

ਏਕ ਕਹੈ ਬਹੁ ਅਰਥ ਅਨੀਜੈ। ਤਿਹ 'ਉਪਲਛਨਾ' ਨਾਮੁ ਜਨੀਜੈ।

'ਦਹੀ ਕਾਗ ਜਿਨ[3] ਖਾਇ' ਏਕ ਕਾਗ ਕੇ ਕਹੇ ਤੇ ਸਰਬ ਦਹੀ ਖਾਨ ਵਾਰਿਓਂ ਤੇ ਰਖਜਾ ਕਰਨੀ, ਐਸੇ ਜਾਨਿਯੇ। ਧਰਤੀ, ਨੀਰ, ਅਗਨਿ, ਪੌਨ, ਅਕਾਸ਼; ਆਦਿ ਅੰਤ ਧਰਨੀ ਆਕਾਸ਼ ਤੁਕ ਮੇਂ ਹੀ ਹੈਂ, ਮੱਧ ਕੇ ਜੋ ਹੈਂ ਉਪਰ ਤੇ ਅਰਥ ਆਯੋ। ਇਨ ਪੰਚ ਭੂਤ ਤੇ ਜਗਤ ਕੀ ਉਤਪਤੀ ਪੰਚੀ ਕਰਣ ਤੇ ਆਦਿ ਔਰ ਸ੍ਰਵਣ ਤੇ ਹੀ ਜਾਣੀਤੀ ਹੈ। ਵਾ ਪੰਚ ਭੂਤਨ ਕੀ ਉਤਪਤੀ ਸ੍ਰਵਣ ਤੇ ਹੀ ਜਾਣੀਤੀ ਹੈ। ਪੰਚਮ ਅਰਥ: ਜੈਸੇ ਧਰਤੀ ਕੋ ਧੀਰਜ ਧਰਮ ਹੈ, ਕੋਊ ਖੋਦ ਕਰਿ ਟੋਏ ਟਿੱਬੇ ਕਰੈ, ਕੋਊ ਚੰਦਨੁ ਸੋਂ ਛਿੜਕਾਵ ਕਰੈ, ਸਰਬ ਕੋ ਸਮਾਨ ਹੈ, ਐਸੀ ਸਮਤਾ ਜਗਜਾਸੀਕੋ ਸ੍ਰਵਣ ਤੇ ਹੀ ਸਿਧ ਹੋਤ ਹੈ, ਅਰ ਧਵਲ ਕੋ ਅਡੋਲ ਧਰਮ ਹੈ; ਸੋ ਜਗਜਾਸੀ ਕੋ ਅਡੋਲ ਹੋਨੋ ਸੁਖ ਦੁਖ ਤੇ ਸ੍ਰਵਣ ਤੇ ਹੀ ਪ੍ਰਾਪਤ ਹੋਤ ਹੈ। ਖਸ਼ਟਾਰਥ: ਧਰਤੀ ਅਕਾਸ਼ ਮੱਧ ਜਿਨ੍ਹੋਂ ਨੇ ਜਨਮ ਧਾਰਜੋ ਹੈ, ਸੋ ਤਿਨੋਂ ਬਿਖੈ ਬ੍ਰਹਮ ਕੋ ਸ੍ਰਵਣ ਕਰਜੋ ਜਿਸ ਨੇ, ਤੇਈ, 'ਧਵਲ' ਨਾਮ 'ਉਜਲ' ਕੋ, ਉਜਲ ਕਿਆ ?

---

੧. ਬੈਲ, ਬਲਦ। ੨. ਅਸਥਾਨ, ਖਾਲੀ ਜਗਾ, ਪੁਲਾੜ। (ਅ) ਸ਼ਮਾ, ਅਵਸਰ। ੩. ਨਾਂ। ਮਤਾਂ।

ਨਿਰਮਲ ਸੋਈ ਭਏ ਰਾਗ ਦ੍ਵੈਖ ਕੀ ਮਲ ਤੇ।

## ਸੁਣਿਐ ਦੀਪ ਲੋਅ ਪਾਤਾਲ ॥

ਸਪਤ ਢੀਪ: ਜੰਬੂ, ਪਲਖ, ਸ਼ਾਲਮਲੀ, ਕੁਸ਼, ਕ੍ਰੌਚ; ਸਾਖ, ਪੁਸ਼ਕਰੁ। 'ਲੋਅ' ਕੋ ਅਰਥ: ਸਪਤਲੋਕ: ਭੂਲੋਕ, ਭੁਵਲੋਕ, ਸ੍ਵਰਲੋਕ, ਮਹਰਲੋਕ, ਜਨਲੋਕ, ਤਪਲੋਕ, ਸਤਿਲੋਕ। ਸਪਤਿ ਪਤਾਲ: ਅਤਲ, ਵਿਤਲ, ਸੁਤਲ, ਰਸਾਤਲ, ਮਹਾਤਲ, ਤਲਾਤਲ, ਪਾਤਾਲ। ਇਨ ਇਕੀਸ ਕੋ ਭੇਦ ਤਬ ਹੀ ਜਾਨੈਗੋ ਜਬ ਕਿਸੀ ਪਾਸ ਤੇ ਸ਼੍ਰਵਣ ਕਰੈਗੋ। ਦੁਤਿਯਰਥ: ਤਿਨ ਇਕੀਸ ਅਸਥਾਨੋਂ ਬਿਖੈ ਰਹਿਨ ਵਾਰੇ ਜੋ ਪ੍ਰਾਨੀ ਹੈਂ, ਕਹੂੰ ਸੁਭ ਕਰਮ ਕਰਿਕੈ ਪਹੁੰਚਤ ਹੈਂ, ਕਹੂੰ ਕੁਕਰਮ ਕਰਿਕੇ ਪਹੁੰਚਤ ਹੈਂ, ਕਿਸ ਰੀਤਿ ਸੋਂ ਤਿਨ ਕੇ ਬਿਖੇ ਰਹਤ ਹੈਂ, ਸੁਖੀ ਵਾ ਦੁਖੀ, ਇਹ ਜੋ ਸੰਪੂਰਣ ਭੇਦ ਹੈ ਸੋ ਸ਼੍ਰਵਣ ਤੇ ਹੀ ਪ੍ਰਾਪਤਿ ਹੈ। ਤ੍ਰਿਤੀ ਅਰਥ: ਪੂਰਬ ਜੋ ਇਕੀਸ ਗਿਨੇ ਹੈਂ: ਸਪਤ ਦੀਪ, ਸਪਤ ਲੋਕ, ਸਪਤ ਪਾਤਾਲ, ਇਨ ਕੀ ਅਹੰਤਾ ਕੇ ਧਾਰਨ ਵਾਰੇ ਜੋ ਦੇਵਤਾ ਹੈਂ ਸੋ ਐਸੇ ਅਧਿਕਾਰ ਕੋ ਸ਼੍ਰਵਣ ਤੇ ਹੀ ਪਹੁੰਚਤੇ ਹੈਂ। ਚਤੁਰਾਰਥ: ਸ਼੍ਰਵਣ ਬ੍ਰਹਮ ਕੇ ਕਰਣ ਤੇ ਹੀ, ਦੀਪ ਨਾਮ ਪ੍ਰਕਾਸ਼ ਕੋ, ਪ੍ਰਕਾਸ਼ ਹੋਤ ਹੈ, ਕਿਆ ? ਪ੍ਰਗਟ ਹੋਇ ਹੈ; ਸਾਤੋਂ ਲੋਕ, ਸਾਤੋਂ ਪਾਤਾਲ, ਚੋਦਾ ਭਵਨ ਮੈਂ ਸੋਈ ਜਾਣੀਤਾ ਹੈ। ਪੰਚਮਾਰਥ: ਦੀਪ ਨਾਮ ਦੀਵੇ ਕੋ, ਲੋਅ ਪ੍ਰਕਾਸ਼ ਕੋ ਨਾਮ। ਪਾਤਾਲ='ਪਾ' ਕੋ ਅਰਥ ਪਰੇ ਹੈ, 'ਤਾਲ' ਨਾਮ ਦਸਵੇਂ ਦੁਆਰ ਕੋ, ਦਸਵੇਂ ਦੁਆਰ ਕੇ ਬਿਖੇ ਪ੍ਰਕਾਸ਼ ਜੋ ਹੋਤ ਹੈ ਦੀਪ ਜੈਸੇ, ਜੋਗ ਕਰਣੇ ਤੇ; ਜਬ ਜੋਗ ਕਰਣੇ ਕੀ ਬਿਧੀ ਕੋ ਸ੍ਰਵਣ ਕਰੈਗੋ ਤਬ ਹੀ ਪ੍ਰਕਾਸ਼ ਹੋਇਗੋ।

## ਸੁਣਿਐ ਪੋਹਿ ਨ ਸਕੈ ਕਾਲੁ ॥

ਜੇ ਪਰਮੇਸੁਰ ਕੇ ਗੁਣਾਨੁਵਾਦ ਸ਼੍ਰਵਣ ਕਰਤੇ ਰਹੈ ਤੋ ਕਾਲ ਪੋਹ ਨਹੀਂ ਸਕਤ ਹੈ। 'ਕਾਲ' ਕੋ ਅਰਥ 'ਜਮ' ਨਜੀਕ ਨਹੀਂ ਆਵਤ ਹੈ, ਸ੍ਰੀ ਪਰਮੇਸੁਰ ਕੇ ਗਣ ਆਨਿਕੈ ਸਹਿਤ ਆਦਰ ਕੇ ਲੇ ਜਾਤ ਹੈਂ। ਦੁਤੀ ਅਰਥ: ਜਿਸ ਕਰਿ ਕਾਲ ਜਮ ਪੋਹ ਨਹੀਂ ਸਕਤ ਹੈ, ਸੋ ਕੌਨ ? ਜੋ ਸਮਾਧਿ ਲਗਾਵਤ ਹੈਂ, ਦਸਵੇਂ ਦੁਆਰ ਪੌਨ ਚਢ ਇ ਰਾਖਤ ਹੈਂ, ਤਿਨ ਪਰ ਜਮ ਕੋ ਜੋਰ ਨਹੀਂ ਚਲਤ ਹੈ। ਸੋ ਪੌਨ ਕੋ ਰੋਕਨੋ ਸ਼੍ਰਵਨ ਤੇ ਹੀ ਪ੍ਰਾਪਤ ਹੋਤ ਹੈ। ਤ੍ਰਿਤੀ ਅਰਥ: 'ਕਾਲ' ਨਾਮ 'ਸਮੇਂ' ਕੋ, ਜਿਸ ਰੂਪ ਬਿਖੈ ਕਾਲ (ਸਮਾਂ) ਜਾਇਕੈ ਭੀ ਲੀਨ ਹੋ ਜਾਤ ਹੈ ਐਸੋ ਸਰੂਪ ਅਪਨੇ ਆਪ ਕੋ ਲਖਨੋ, ਚੈਤੰਨਸੱਤਾ ਮਾਤ੍ਰ, ਇਸ ਕੇ ਬਿਖੇ ਕਾਲ ਨਹੀਂ ਪੋਹ ਸਕਤ ਹੈ। ਸੋ ਸਰੂਪ ਕੀ ਪ੍ਰਾਪਤਿ ਸ਼੍ਰਵਨ ਤੇ ਹੀ ਹੈ। ਚਤੁਰ ਅਰਥ: 'ਕਾਲ' ਨਾਮ 'ਕਾਲਖ' ਕੋ, ਸੋ ਲੱਖਣਾ ਕਰਿ ਅਗਯਾਨ ਕੋ ਅਰਥ। ਸ਼੍ਰਵਣ ਕਰਣ ਤੇ ਅਗਜ਼ਾਨ ਜੋ ਹੈ ਸੋ 'ਪੋਹ' ਕਿਆ 'ਅਪਨੋ ਬਲ ਨਹੀਂ ਕਰ ਸਕਤ ਹੈ'। ਜਬ ਗਜ਼ਾਨ ਕੀ ਪ੍ਰਾਪਤਿ ਸ਼੍ਰਵਣ ਤੇ ਭਈ ਤਬ ਅਗਜ਼ਾਨ ਕਦਾਚਿਤ ਭੀ ਨਹੀਂ ਹੋਤ ਹੈ। ਇਤ੍ਯਰਥ।

ਲੱਛਣ-ਪ੍ਰਸਤੁਤ[1] ਮਹਿ ਗੁਨ ਕ੍ਰਿਆ ਕਿ ਰੂਪ।
ਕਿਧੌਂ ਧਰਮ ਇਕ ਕਹਿ ਕਵਿ ਭੂਪ।
'ਪਹਿਲੀ ਤੁਲਜ ਯੋਗਤਾ' ਸੋਈ।
ਸੁਮਤਿਵਾਨ ਲਖਿ ਹੈ ਸਭ ਕੋਈ।

ਇਹਾਂ ਸ੍ਰਵਣ ਕੇ ਮਹਾਤਮ ਕੋ ਪ੍ਰਸਤੁਤ, ਤਿਸ ਪ੍ਰਸਤੁਤ ਹੀ ਮੈਂ ਸਿਧ, ਪੀਰ, ਸੁਰ, ਨਾਥ, ਧਰਤਿ, ਧਵਲ, ਅਕਾਸ਼ ਆਦਿ ਸਰੇਸ਼ਟਤਾ ਧਰਮ ਏਕ ਕਰਿ ਕਹਜੋ;ਯਾਂਤ ਪਹਿਲੀ ਤੁਲਜ਼ਾਯੋਗਤਾ। ਦੂਸਰੋ ਉਭਜਾਬ੍ਰਿਤਦੀਪਕ ਅਲੰਕਾਰ ਹੈ:-

ਲੱਛਣ-ਪਦ ਅਰੁ ਅਰਥ ਆਇਂ ਬਹੁ ਬਾਰ।
'ਉਭਜਾਬ੍ਰਿਤ ਦੀਪਕ ਅਲੰਕਾਰ'।

ਇਹਾਂ 'ਸੁਣਿਐ' ਪਦ ਬਹੁਤ ਬੇਰ ਆਯੌ, ਅਰਥ ਭੀ ਵਹੀ ਰਹਾਯੋ, ਯਾਂਤੇ ਉਭਜਾਬ੍ਰਿਤ ਦੀਪਕ। ਔਰ ਤੀਸਰੋ ਹੇਤਾਲੰਕਾਰ ਭੀ ਹੈ:--

ਲੱਛਨ--ਕਾਰਨ ਕਾਰਜ ਹ੍ਵੈ ਇਕ ਥਾਇ।
ਅਲੰਕਾਰ ਸੋ 'ਹੇਤ' ਬਤਾਇ।

ਇਹਾਂ ਸ੍ਰਵਣ ਕਾਰਣ ਤਿਸ ਕੋ ਫਲ ਸੰਗ ਮੈਂ ਕਹਤ ਆਏ, ਯਾਂਤੇ 'ਹੇਤ' ਹੋਤ ਹੈ।

## ਨਾਨਕ ਭਗਤਾ ਸਦਾ ਵਿਗਾਸੁ ॥

ਸ੍ਰੀ ਨਾਨਕ ਜੀ ਕਹਤ ਹੈਂ: ਗੁਣ ਪਰਮੇਸੁਰ ਕੇ ਸ੍ਰਵਣ ਜੋ ਕਰਤ ਰਹਤ ਹੈਂ ਭਗਤ, ਸੋ 'ਸਦਾ' ਕਹੀਏ ਨਿਤ, ਬਿਗਾਸ ਨਾਮ ਪ੍ਰਸੰਨ ਕੋ, ਹਰਖ ਮੈਂ ਹੁਏ ਰਹਤ ਹੈਂ। ਜਿਉਂ ਜਿਉਂ ਸੁਨਤ ਹੈਂ ਤਿਉਂ ਤਿਉਂ ਪ੍ਰਸੰਨ ਹੋਤ ਹੈਂ; ਜੈਸੇ ਕੋਈ ਅਪਨੇ ਹਿਤਕਾਰੀ ਕੀ ਅੱਛੀ ਬਾਤ ਸੁਨਿਕੈ ਹਰਖਵਾਨ ਹੋਤ ਹੈ। ਐਸੇ ਜਾਨਿਯੇ। ਦੁਤਿਯਰਥ: ਬਿਗਾਸ ਨਾਮ ਪ੍ਰਕਾਸ਼ ਕੋ, ਸ੍ਰਵਣ ਜੋ ਬ੍ਰਹਮ ਕੋ ਕਰਤ ਰਹਤ ਹੈ, ਤਿਨ ਕੇ ਸਦਾ ਪ੍ਰਕਾਸ਼ ਗਜਾਨ ਕੋ ਹੁਯੋ ਜਾਤ ਹੈ, ਅਗਜਾਨ ਮਿਟਤ ਹੈ, ਅੰਧੇਰੇ ਕੀ ਨਜਾਂਈਂ। ਤ੍ਰਿਤਿਯ ਅਰਥ: 'ਸਦਾ' ਕੇ ਦਕਾਰ ਕੋ ਤਕਾਰ ਬਨਤ ਹੈ, ਸੋ ਦੀਰਘ ਤੇ ਲਘੁ ਹੋਤ ਹੈ:-

ਲਘੁ ਗੁਰ ਗੁਰ ਲਘੁ ਹੋਤ ਹੈ ਅਰਥ ਕਰਨ ਅਨੁਸਾਰ।

ਯਾਂਤੇ 'ਸਤ' ਕੋ ਅਰਥ ਹੋਤ ਹੈ: ਤਿਨ੍ਹੰ ਭਗਤੋਂ ਕੇ ਚਿਤ ਮੈਂ ਸਤ ਬਿਗਸਤ ਰਹਤ ਹੈ, ਮਿਥਜਾ ਕੋ ਤਜਾਗਤ ਹੈਂ। ਚਤੁਰਾਰਥ: 'ਭਗਤਾ' ਕੇ ਤਕਾਰ ਤੇ ਅਕਾਰ ਨਿਕਾਸਜੇ ਤਬ 'ਅਸਤ' ਹੋਤ ਹੈ। ਸਦਾ ਕੇ ਦਕਾਰ ਤੇ ਅਕਾਰ ਨਿਕਾਸਜੇ 'ਅਵਿਗਾਸ' ਭਯੋ; ਭਗਤ ਕੋ ਅਸਤਿ ਜੋ ਪ੍ਰਪੰਚ ਮਿਥਜਾ ਹੈ ਇਸਤੇ ਅਬਿਗਾਸ ਰਹਤ ਹੈ। ਅਬਿਗਾਸ ਕੋ ਅਰਥ ਹੰਤਾ ਮਮਤਾ, ਤਿਸ ਅਸਤਿ ਕੇ ਬਿਖੈ ਧਾਰਿਕੈ ਸੋ ਪ੍ਰਸੰਨ ਕਬਹੂੰ ਨਹੀਂ ਹੋਤ ਹੈਂ, ਅਸਤਿ ਕੇ ਬਿਖੈ ਨਹੀਂ ਬਿਗਸਨੋ, ਇਹ ਸਤਿ ਕੇ ਬਿਗਸਨ ਕੋ ਉਪ ਲਖਨ ਹੈ, ਕਿਆ? ਸਤਿ ਕੇ ਬਿਖੈ ਬਿਗਸਤ ਹੈ ਸੋ ਕਾਹੇ ਤੇ? ਤਿਸੀ ਕੋ ਕਹਤ ਹੈਂ :--

---

੧. ਪ੍ਰਸੰਸਾ, ਸਿਮ੍ਰਤੀ। ਜ਼ਿਕਰ।

## ਸੁਣਿਐ ਦੂਖ ਪਾਪ ਕਾ ਨਾਸੁ ॥ ੮॥

ਨਹੀਂ ਬਿਗਸਨ ਕੇ ਪ੍ਰਤਿਬੰਧਕ ਦੋਊ ਹੈਂ: ਏਕ ਤੋ ਦੁਖ, ਜੋ ਤੀਨ ਤਰਹ ਕੇ ਤਾਪ ਕਹੇ ਹੈਂ:-ਅਧ੍ਯਾਤਮਕ-ਜੋ ਮਨ ਮੈਂ ਦੁਖ ਹੋਤ ਹੈ। ਅਧਿਭੂਤਕ-ਜੋ ਦੇਹ ਮੈਂ ਦੁਖ ਹੋਤ ਹੈ। ਅਧਿਦੈਵਕ-ਜੋ ਦੇਵਤਨ ਕੇ ਦੀਓ ਦੁਖ ਹੋਇ। ਤੀਨ ਤਰਹ ਕੇ ਤਾਪ ਅਰੁ ਪਾਪ, ਏ ਦੋਊ, ਸ੍ਰਵਨ ਕਰਨ ਤੇ ਨਾਸ਼ ਕੋ ਪ੍ਰਾਪਤ ਹੋਤ ਹੈਂ। ਪ੍ਰਸ਼ਨ--ਜਿਨ ਕੋ ਸਤਿ ਬਿਗਸਤ ਹੈ ਸੋ ਤੋ ਸਰੀਰ ਕੇ ਦੁਖ ਸੋਂ ਦੁਖੀ ਨਹੀਂ ਹੋਤ ਹੈਂ, ਗ੍ਯਾਨਵਾਨ ਕੋ ਇਹੀ ਸਿੱਧਾਂਤ ਹੈ ? ਉੱਤਰ--ਈਹਾਂ ਸਿਧ ਅਵਸਥਾ ਗ੍ਯਾਨ ਕੀ ਨਹੀਂ, ਸਾਧਕ ਅਵਸਥਾ ਹੈ, ਯਾਂਤੇ ਦੁਖ ਸੋਂ ਰਹਤ ਹੋਇਕੈ ਬਿਗਸਤ ਹੈਂ। ਇਤ੍ਯਰਥ।

ਇਨ ਦੋਊ ਤੁਕਨਿ ਮੇਂ ਕਾਬ੍ਯਲਿੰਗ ਅਲੰਕਾਰ ਹੈ। ਈਹਾਂ ਬਿਗਸਨੋ ਅਰਥ ਪੂਰਬ ਕੀ ਤੁਕ ਮੇਂ, ਉੱਤਰ ਕੀ ਤੁਕ ਮੇਂ ਸਮਰਥਨਿ ਕਹੀਏ ਸਪਸ਼ਟ ਕਰਨੋ ਹੈ, ਦੂਖ ਪਾਪ ਕੇ ਨਾਸ਼ ਹੋਨ ਤੇ।

[ਪਉੜੀ ਨੌਵੀਂ]

ਬਹੁਰ ਸ੍ਰਵਣ ਕੇ ਮਹਾਤਮ ਕੋ ਕਹਤ ਹੈਂ:-

## ਸੁਣਿਐ ਈਸਰੁ ਬਰਮਾ ਇੰਦੁ॥

ਈਸਰ ਜੋ ਸ਼ਿਵਜੀ, ਸੋ ਕਈ ਵਾਰ ਜਾਲੰਧਰ ਭਸਮਾਂਗਦ ਤੇ ਆਦਿ ਜੋ ਅਸੁਰ ਹੈਂ, ਤਿਨ ਕੇ ਵਿਘਨ ਤੇ ਬਚੇ ਹੈਂ, ਬਿਸ਼ਨੁ ਜੀ ਕੇ ਉਪਾਇ ਬਤਾਵਨ ਕਰਿਕੈ, ਤਿਸ ਸ੍ਰਵਣ ਤੇ ਹੀ ਨਿਸਚਿੰਤ ਸ਼ਿਵਜੀ ਭਏ। ਅਰੁ ਬ੍ਰਹਮਾ ਜੀ ਕੋ ਜੋ ਸ਼ਕਤਿ ਭਈ ਹੈ ਜਗ ਸਿਰਜਣ ਕੀ ਸੋ ਭੀ ਸ੍ਰਵਣ ਤੇ ਹੀ ਹੋਈ ਹੈ, ਕਿਉਂਕਿ ਜਬ ਬ੍ਰਹਮਾ ਜੀ ਕਮਲ ਨਾਭਿ ਤੇ ਉਤਪਤਿ ਭਏ ਤਬ ਸ਼ੇਖ ਸਾਂਈ, ਜੋ ਨਾਰਾਇਣ, ਤਿਨ੍ਹੋਂ ਨੇ ਉਪਦੇਸ਼ ਕਰਯੋ: ਜੋ ਹੇ ਬ੍ਰਹਮਾ! ਤੂੰ ਤਪ ਕਰਿ, ਇਸ ਤੇ ਸ਼ਕਤਿ ਜਗਤ ਰਚਨੇ ਕੀ ਤੇਰੇ ਬਿਖੇ ਹੋਇਗੀ; ਸੋ ਸ੍ਰਵਣ ਕਰਨ ਤੇ ਹੀ ਇਸ ਪਦ ਕੋ ਬ੍ਰਹਮਾ ਪ੍ਰਾਪਤਿ ਭਯੋ। 'ਇੰਦੁ' ਨਾਮ ਚੰਦ੍ਰਮਾ ਕੋ, ਸੋ ਭੀ ਸ੍ਰਵਣ ਦੁਆਰੇ ਹੀ ਐਸੇ ਪਦ ਕੋ ਪ੍ਰਾਪਤਿ ਭਯੋ। ਜੋ ਸਿਖ੍ਯਾ ਬ੍ਰਿਹਸਪਤ ਕੀ ਸ੍ਰਵਣ ਕਰੀ ਹੈ, ਤਬ ਹੀ ਤੋ ਤਿਸ ਕੋ ਗੁਰ ਭਯੋ ਹੋਇਗੋ। ਜੋ ਤਿਸ ਕੇ ਮੰਤ੍ਰ ਨਹੀਂ ਸੁਨਤੇ ਤੋ ਗੁਰ ਕੈਸੇ ਚੰਦ੍ਰਮਾ ਕੋ ਬ੍ਰਿਹਸਪਤਿ ਭਨਤੇ ਸ਼ਾਸਤ੍ਰ। ਦੁਤਿਯਰਥ: ਸ਼ਿਵ ਕੇ ਜੋ ਉਪਾਸ਼ਕੀ ਸੋ ਸ਼ਿਵ ਕੇ ਗੁਣਾਨੁ-ਵਾਦ ਕੋ ਸ੍ਰਵਣ ਕਰਤੇ ਕਰਤੇ ਸਿਵ ਰੂਪ ਹੋਇ ਜਾਤ ਹੈਂ। ਅਰ ਬ੍ਰਹਮਾ ਕੇ ਉਪਾਸ਼ਕੀ ਬ੍ਰਹਮਾ ਕੇ ਗੁਣ ਸ੍ਰਵਣ ਤੇ ਅੰਤ ਕੋ ਬ੍ਰਹਮਾ ਰੂਪ ਹੋਇ ਜਾਤ ਹੈਂ। ਔਰ ਚੰਦ੍ਰਮਾ ਕੇ ਗੁਣ ਸ੍ਰਵਣ ਤੇ ਸੋਈ ਸਰੂਪ ਹੋਇ ਜਾਤ ਹੈਂ। ਤ੍ਰਿਤੀਅਰਥ: ਸ੍ਰਵਣ ਕਰਣੇ ਤੇ ਈਸ਼ੁਰ ਸ਼ਿਵ ਕੋ ਸਰੂਪ ਔਰ ਗੁਣ ਕ੍ਰਿਆ ਸੁਭਾਵ ਇਹ ਜਾਨੇ ਜਾਤ ਹੈਂ। ਬ੍ਰਹਮਾ ਕੋ ਸਰੂਪ ਗੁਣ ਕ੍ਰਿਆ ਇਹ ਭੀ ਸ੍ਰਵਣ ਤੇ ਹੀ ਜਾਣੇ ਜਾਤ ਹੈਂ। ਤਿਸੀ ਰੀਤਿ ਚੰਦ੍ਰਮਾਂ ਕੇ ਜਾਨੀਤੇ ਹੈਂ। ਚਤੁਰਾਰਥ: ਬ੍ਰਹਮਾ ਕੇ ਸ੍ਰਵਣ ਕਰਣੇ ਤੇ ਹੀ ਤੀਨੋਂ ਜੋ ਦੇਵਤਾ ਗ੍ਯਾਨਵਾਨ ਹੈਂ, ਤਿਨ ਕੇ ਸਦਰਸ਼ ਹੋਇ ਜਾਤ ਹੈਂ। ਇਤ੍ਯਰਥ।

ਇਸ ਤੁਕ ਮੈਂ ਭੀ ਤੁਲਜਯੋਗਤਾਲੰਕਾਰ ਹੈ। ਲੱਛਣ ਪੂਰਬ ਕਹਿ ਦੀਓ ਹੈ। ਪ੍ਰਸਤੁਤ ਸ੍ਰਵਣ ਕੋ ਇਸ ਮੈਂ ਸ਼ਿਵ, ਬ੍ਰਹਮਾ, ਚੰਦ ਕੋ ਇਨ ਸੋ ਮਿਲਾਇ ਉਚਤਾ ਧਰਮ ਏਕ ਕਹਜੋ, ਯਾਂਤੇ ਤੁਲਜਯੋਗਤਾ।

## ਸੁਣਿਐ ਮੁਖਿ ਸਾਲਾਹਣ ਮੰਦੁ ॥

ਜੋ ਮੰਦ ਹੈ, ਕਿਆ ? ਨਿੰਦ ਹੈ, ਨਿੰਦਾ ਕਰਨੇ ਜੋਗ ਹੈ, ਸੋ ਮੁਖ ਹੋਤ ਹੈ; 'ਮੁਖ' ਨਾਮ ਪ੍ਰਧਾਨ ਕੋ। ਪ੍ਰਧਾਨ ਪੁਰਖੁ ਸਰੇਸ਼ਟ ਕੋ ਨਾਮ ਹੈ। ਸੋ ਮੰਦ ਕੈਸੇ ਮੁੱਖ ਹੋਤ ਹੈ ? ਜੋ ਸਲਾਹੁਤਾ ਕਰਣੇ ਜੋਗ, ਕਿਆ ? ਜਿਨ ਕੀ ਹਰਿ ਕੋਈ ਉਸਤੁਤਿ ਕਰੇ ਐਸੇ ਹੋਇ ਜਾਤ ਹੈਂ। ਪ੍ਰਮਾਣ–ਜੈਸੇ ਬਾਲਮੀਕ ਬਟਵਾੜਾ ਮਹਾਂ ਮੰਦ ਹੁਤੋ, ਉਪਦੇਸ਼ ਕੋ ਸ੍ਰਵਣ ਕਰਿ ਸਰਬੋਤਮ ਹੋਤ ਭਯੋ, ਐਸੇ ਜਾਨਿਯੇ। ਦੁਤਿਯ ਅਰਥ: ਮੁਖ ਕਰਿਕੇ ਸਲਾਹਨਵੰਤ ਹੋਤ ਹੈਂ। ਮਕਾਰ ਕੋ ਵਕਾਰ ਬਨਤ ਹੈ, ਦਕਾਰ ਕੋ ਤਕਾਰ ਬਨਜੋ, ਸ੍ਰਵਣ ਜੋ ਕਰਤ ਹੈ ਸੋ ਸਲਾਹਣਵੰਤ ਹੈ। ਤ੍ਰਿਤਿਯ ਅਰਥ: ਮੁਖਿ ਜੋ ਹੈ ਸੋ ਸਲਾਹੁਤਾ ਕਰਣੇ ਜੋਗ। ਔਰ ਮੰਦ ਜੋ ਹੈ ਅਸਲਾਹੁਤ ਕਰਣੇ ਜੋਗ। ਸਲਾਹਨ ਪਦ ਮੁਖ ਸੋ ਭੀ ਲਗਜੋ, ਮੁਖ ਕੇ ਖਕਾਰ ਤੇ ਅਕਾਰ ਨਿਕਸੇ 'ਅਸਲਾਹਨ' ਭਯੋ, ਸੋ ਮੰਦ ਪਦ ਸੋਂ ਲਗਜੋ ਦੇਹੁਰੀ ਦੀਪਕ ਨਿਆਂਈਂ। ਅਰਥ ਏਹ; ਜੋ ਮੁਖਿ ਸਲਾਹਣ ਕੇ ਜੋਗ ਹੈਂ,ਤਿਨ੍ਹੋਂ ਕੀ ਸੰਗਤਿ ਕਰਣੀ; ਅਸਲਾਹਣ ਜੋਗ ਜੋ ਮੰਦ ਹੈਂ ਤਿਨ੍ਹੋਂ ਕਾ ਤਜਾਗ ਕਰਣਾ. ਇਹ ਦੋਊ ਬਾਤੈਂ ਭੀ ਸ੍ਰਵਣਤੇ ਹੀ ਪ੍ਰਾਪਤਿ ਹੋਤ ਹੈਂ। ਚਤੁਰਾਰਥ: ਸ੍ਰਵਣ ਕਰਿਕੈ ਮੁਖ ਤੇ ਪ੍ਰਮੇਸੁਰ ਕੋ ਸਲਾਹਨਵਾਰੇ ਹੋ ਜਾਤ ਹੈਂ। ਮੰਦ=ਮਧੁਰ ਸਹਜ ਸੋ ਬੋਲਨਵਾਰੇ ਬਨ ਜਾਤ ਹੈਂ । ਇਤਯਰਥ।

ਇਸ ਤੁਕ ਮੈਂ ਪ੍ਰਯਾਯਾਲੰਕਾਰ ਹੈ ।

ਲੱਛਣ–ਹੁਇ ਅਨੇਕ ਕੋ ਆਸਰੈ ਏਕ ।
ਕ੍ਰਮ ਸੋਂ ਕਹੈਂ 'ਪ੍ਰਯਾਯ' ਬਿਬੇਕ ।

ਸ੍ਰਵਨ ਤੇ ਪਹਿਲੇ ਮੰਦ ਹੋਤੇ, ਮੰਦਤਾ ਨਿੰਦਤਾ ਕੋ ਆਸ਼ਰੇ ਹੁਤੇ, ਬਹੁਰ ਸਲਾਹੁਤਾ ਉਸਤੁਤਿ ਤਿਸ ਕੋ ਆਸਰੇ ਕ੍ਰਮ ਸੋਂ ਏਕ ਹੀ ਨਰ ਭਯੋ, ਯਾਂਤੇ ਪ੍ਰਯਾਯ।

## ਸੁਣਿਐ ਜੋਗ ਜੁਗਤਿ ਤਨਿ ਭੇਦ ॥

ਜੋਗ ਕੀ ਜੋ ਜੁਗਤਾਂ ਹੈਂ, ਔ 'ਤਨਿ' ਪਦ ਤੇ ਅਜਹਿਤੀ ਲੱਛਣਾ ਸੋਂ ਤਨ ਬਿਖੇ ਜੋ ਖਟ ਚੱਕਰ ਹੈਂ, ਤਿਨ ਕੋ ਅਰਥ। ਪੌਣ ਤਿਨ ਖਟ ਚੱਕਰ ਕੋ ਭੇਦਿਕੈ ਦਸਵੇਂ ਦੁਆਰ ਕੋ ਪਹੁੰਚਤ ਹੈ। ਜੋਗ ਕੀ ਜੁਗਤਿ, ਕਿਆ ? ਰੀਤਿ, ਖਟ ਚੱਕਰ ਕੌ ਭੇਦਨੋ ਸੋ ਸ੍ਰਵਣ ਤੇ ਹੀ ਪ੍ਰਾਪਤਿ ਹੋਤ ਹੈ। ਦੁਤਿਯਰਥ: 'ਜੋਗ' ਨਾਮ ਮੇਲ ਕਰਨ ਕੋ, 'ਜੁਗ' ਨਾਮ ਦੋਇਕੋ, ਸੋ ਕੌਨ ? ਈਸ਼ੁਰ ਅਰੁ ਜੀਵ ਦੋਊ ਕੀ ਏਕਤਾ ਜੋ ਕਰਤ ਹੈ 'ਅਸੀ' ਪਦ ਵਿਖੇ। 'ਤਿਤ ਨ ਭੇਦ' ਤਿਤ ਕਹੀਏ ਤਿਨੋਂ ਵਿਖੇ ਭੇਦ ਨਹੀਂ ਰਾਖਤ ਹੈ, ਅਭੇਦ ਕਰਿ ਦੇਤ ਹੈ, ਸੋ ਐਸੀ ਅਦ੍ਵੈਤਤਾ ਸ੍ਰਵਣ ਤੇ ਹੀ ਪ੍ਰਾਪਤਿ ਹੋਤ ਹੈ। ਤ੍ਰਿਤੀਅਰਥ: 'ਤਨ ਭੇਦ' ਕਹੀਏ ਤਨ ਕੇ ਬਿਖੇ ਬਿਕਾਰ ਜੋ ਰੋਗ ਹੁਇ ਆਵਤ ਹੈਂ, ਇਸ ਕੇ ਭੇਦ ਕੋ ਸਮਝਕੇ ਤਿਸ ਕੀ ਜੁਗਤਿ ਕਹੀਏ

ਇਲਾਜ ਕਰਨਵਾਰੋ ਹੋਇ ਜਾਤਾ ਹੈ । ਰੋਗ ਕੇ ਖੈ ਕਰਨ ਕੇ ਜੋਗ ਕਿਆ ਉਚਿਤ ਹੋਇ ਹੈ, ਐਸੋ ਭੀ ਸ੍ਰਵਣ ਤੇ ਹੀ ਬਨਤਾ ਹੈ । ਇਤਜਰਥ ।

ਇਸ ਤੁਕ ਮੈਂ ਮੀਲਤ ਅਲੰਕਾਰ ਹੈ ।

ਲੱਛਣ–'ਮੀਲਤ' ਜੋ ਸਾਦਰਸ਼ ਤੈ ਭੇਦ ਪਰੈ ਨ ਲਖਾਯ ।

ਬੇਦਾਂਤ ਕੇ ਅਰਥ ਮੈਂ ਜੀਵ ਈਸ਼ੁਰ ਕੀ ਏਕਤਾ ਕਰੀ, ਭੇਦ ਜਾਨਜੋ ਨਹੀਂ ਪਰਤ ਹੈ ਜੀਵ ਈਸ਼ੁਰ ਮੈਂ, ਯਾਂਤੇ ਮੀਲਤ। ਔਰ ਅਰਥ ਮੈਂ ਕਾਵਜਲਿੰਗ ਅਲੰਕਾਰ ਹੈ । ਸ੍ਰਵਣ ਕਰਨ ਤੇ ਜੋਗ ਉਚਿਤ ਬਨਿ ਜਾਤ ਹੈ, ਯਹਿ ਤੌ ਅਰਥ ਇਸ ਕੋ ਸਪਸ਼ਟ ਕਰਜੋ 'ਜੁਗਤਿ' ਔ 'ਤਨਿ ਭੇਦ' ਸੋਂ, ਯਾਂਤੇ ਕਾਬਜਲਿੰਗ।

## ਸੁਣਿਐ ਸਾਸਤ ਸਿਮ੍ਰਿਤਿ ਵੇਦ ॥

ਖਟ ਜੋ ਸ਼ਾਸਤ੍ਰ ਹੈਂ, ਸਰਬ ਜੋ ਸਿੰਮ੍ਰਿਤਿ ਹੈਂ, ਚਾਰ ਜੋ ਬੇਦ ਹੈਂ, ਇਨ ਸਭਨ ਕੋ ਜੋ ਸਿੱਧਾਂਤ ਹੈ ਸੋ ਸ੍ਰਵਣ ਕਰਣ ਤੇ ਹੀ ਜਾਨ ਲੇਤ ਹੈਂ । ਵਾ ਸ੍ਰਵਣ ਤੇ ਹੀ ਇਨ ਕੋ ਪਠ ਲੇਤ ਹੈਂ । ਦੁਤਿਯਰਥ: ਖਟ ਸ਼ਾਸਤ੍ਰਨ ਕੇ ਜੋ ਦੇਵਤੇ, ਅਰੁ ਸਿੰਮ੍ਰਤੀ ਕੇ ਦੇਵਤੇ, ਚਾਰੋਂ ਵੇਦਨ ਕੇ ਜੋ ਦੇਵਤੇ ਹੈਂ, ਏ ਸਭ ਆਪਨੇ ਸਰੂਪ ਕੋ ਧਾਰ ਲੇਤ ਹੈਂ, ਏਹ ਸਭਨ ਕੇ ਜੋ ਪੂਜਜ ਭਏ ਸੋ ਭੀ ਸ੍ਰਵਣ ਤੇ ਹੀ ਹੋਤ ਭਏ। ਤ੍ਰਿਤਿਯਰਥ: ਸਾਸਤ ਕੇ 'ਸਾ' ਕੋ 'ਸੋ' ਬਨਤ ਹੈ ਅਰਥ ਕਰਤ ਮੈਂ, ਪ੍ਰਮਾਣ:–

ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤਿ ਪਿਆਰੀ ਜੀਉ ॥
[ਮਾਝ ਮਹਲਾ ੫–੧੧

ਪੁਨਾ:–ਨਾਨਕ ਸਾ ਸਭਰਾਈ ॥ [ਤਿਲੰਗ ਮਹਲਾ ੧–੪

ਐਸੇ ਹੀ ਇਨ ਕੋ ਭੀ 'ਸੋ' ਕੋ ਅਰਥ ਹੈ, ਤਿਸੀ ਰੀਤਿ ਸੋਂ ਇਹ 'ਸਾ' ਕੋ 'ਸੋ' ਅਰਥ; ਸੋ ਸਤਿ ਜੋ ਹੈ ਸੋ ਪੂਰਬ ਕੋ ਉਦਜੋਤਕ ਹੈ, ਸੋ ਪੂਰਬ ਜੋ ਸਤ ਰੂਪ ਆਪਨੋ ਭੂਲਜੋ ਹੋਯੋ ਹੈ। 'ਸਿੰਮ੍ਰਿਤਿ' ਕਹੀਏ ਸਿੰਮ੍ਰਤੀਓਂ, 'ਵੇਦ' ਕੋ ਅਰਥ ਗਿਆਤ, ਕਿਆ ? ਜਾਨਨਵਾਰੋ ਸਤਿ ਸਰੂਪ ਆਪਨੇ ਕੋ ਹੋਇ ਜਾਤ ਹੈ। ਅਰਥ ਕਿ: ਸਿਮਰਨ ਅਰੁ ਗਜਾਤ ਸਤ ਕੀ ਸ੍ਰਵਣ ਕਰਣ ਤੇ ਹੀ ਹੋਤ ਹੈ। ਚਤੁਰਥਅਰਥ: ਸਾਸਤ ਨਾਮ ਮੁਕਤਿ ਕੋ ਭੀ ਹੈ। ਸ੍ਰਵਣ ਪਰਮੇਸੁਰ ਕੇ ਗੁਣ ਕਰਨ ਤੇ ਨਰ ਮੁਕਤਿ ਹੋਤ ਹੈ। ਸਿੰਮ੍ਰਤ ਕੋ ਬੇਦ ਕਿਆ ਜਾਨਤ ਹੈ ? ਕਾਕ ਸੁਰ ਸੋਂ ਨਹੀਂ ਜਾਨਤ ਹੈ, ਨਿਰਭੈ ਰਹਤ ਹੈ। ਇਤਜਰਥ।

ਇਸ ਤੁਕ ਮੈਂ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ ।

ਲੱਛਣ–ਹੋਇ ਬਰਨ ਸਮਤਾ ਬਹੁ ਬਾਰ।
ਤਿਹ 'ਬ੍ਰਿਤਜਾਨੁਪ੍ਰਾਸ' ਉਚਾਰ।

ਇਹਾਂ ਸਕਾਰ ਬਰਨ ਬਹੁਤ ਬੇਰ ਆਯੋ । ਸੁਣਿਐ ਮੈਂ, ਸਾਸਤ ਮੈਂ, ਸਿਮ੍ਰਿਤਿ ਮੈਂ ਸਕਾਰ ਹੀ ਪਰਜੋ, ਯਾਂਤੇ ਬ੍ਰਿਤਜਾਨੁਪ੍ਰਾਸ ਭਯੋ।

## ਨਾਨਕ ਭਗਤਾ ਸਦਾ ਵਿਗਾਸੁ ॥
## ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

ਇਨ ਤੁਕਨ ਕੋ ਅਰਥ ਅਰ ਅਲੰਕਾਰ ਪੂਰਬ ਕਹਿ ਆਏ ਹੈਂ । ਯਾਂਤੇ ਈਹਾ ਨਹੀਂ ਕਹੇ । ਅਰ ਸਰਬ ਤੁਕਨ ਮੈਂ 'ਸੁਣਿਐ' ਪਦ ਬਾਰ ਬਾਰ ਆਯੋ ਅਰਥ ਭੀ ਵਹੀ ਰਹਜੋ, ਇਸ ਤੇ ਤੀਸਰੋ ਆਬ੍ਰਿਤਦੀਪਕ ਅਲੰਕਾਰ ਹੈ। ਦੂਸਰੋ ਸਰਬ ਤੁਕਨ ਮੈਂ ਪਹਿਲੋ ਹੇਤਾਲੰਕਾਰ ਭੀ ਹੈ ।

ਲੱਛਣ--ਕਾਰਨ ਕਾਰਜ ਇਕ ਸੰਗ ਬਰਨੈ ।
ਤਹਿਂ 'ਹੇਤਾਲੰਕਾਰ' ਉਚਰਨੈ ।

ਈਹਾਂ ਸ੍ਰਵਣ ਤੇ ਕਾਰਣ, ਤਿਸ ਕੋ ਫਲ ਸਰੇਸ਼ਟਤਾ ਕਾਰਜ, ਸੋ ਏਕ ਸੰਗ ਬਰਨਨ ਕਰੇ ਹੈਂ, ਯਾਂਤੇ ਹੇਤਾਲੰਕਾਰ ਭਯੋ ।

[ ਪਉੜੀ ਦਸਵੀਂ ]

ਅਗਾਰੀ ਸ੍ਰਵਣ ਕੀ ਮਹਿਮਾ ਸਤਿਗੁਰੂ ਬਹੁਰ ਬਰਨਤ ਹੈਂ:--

## ਸੁਣਿਐ ਸਤੁ ਸੰਤੋਖੁ ਗਿਆਨੁ ॥

ਸ੍ਰਵਣ ਕਰਣ ਤੇ ਹੀ ਝੂਠ ਕੋ ਤਯਾਗ ਕਰਿ ਸਾਚ ਬੋਲਨੋ ਪ੍ਰਾਪਤਿ ਹੋਤ ਹੈ, ਅਰੁ ਸੰਤੋਖ ਕਰਨੋ, ਯਥਾ ਲਾਭ ਸੰਤੁਸ਼ਟ ਰਹਿਨੋ, ਅਰੁ ਗਯਾਨਵਾਨ ਹੋਵਨੋ, ਜਥਾਰਥੁ ਵਸਤੁ ਕੋ ਜਾਨਨੋਂ, ਯਾਂਕੋ ਨਾਮ ਗਯਾਨ ਹੈ; ਹਰੁ ਕੋਈ ਵਸਤੁ ਕੇ ਜਾਨ ਲੈਣੋ ਜਥਾਰਥ ਜਗਤ ਕੇ ਬਿਖੈ, ਐਸੋ ਸ੍ਰਵਣ ਤੇ ਹੀ ਹੋਤ ਹੈ । ਦੁਤਿਯਰਥ: ਸਤਿ ਜੋ ਆਪਨੋ ਸਰੂਪ ਹੈ ਸ੍ਰਵਣ ਤੇ, ਗਯਾਨ ਕਿਆ ਤਿਸ ਕੋ ਜਾਣਕੈ, ਸੰਤੁਸ਼ਟ ਹੋਇ ਰਹਤ ਹੈ। ਭ੍ਰਮਣ ਤੇ ਮਿਟ ਜਾਤ ਹੈ। ਜਿਸ ਕੋ ਆਪਣੇ ਘਰ ਮੈਂ ਖ਼ਜ਼ਾਨੇ ਹਾਥ ਆਇ ਜਾਤ ਹੈ ਸੋ ਬਾਹਿਰ ਦੋਰਨ ਤੇ ਹਟ ਜਾਤ ਹੈ, ਸੰਤੋਖ ਕਰਿ ਬੈਠਤ ਹੈ। ਇਤਯਰਥ ।

ਇਸ ਤੁਕ ਮੈਂ ਸਕਾਰ ਕੀ ਬਰਣ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ।

## ਸੁਣਿਐ ਅਠਸਠਿ ਕਾ ਇਸਨਾਨੁ ॥

ਸ੍ਰਵਣ ਜੋ ਪਰਮਾਤਮਾ ਕੇ ਸਰੂਪ ਕੋ ਕਰਤਾ ਹੈ ਤਿਸ ਕੋ, 'ਅਠਸਠਿ' ਨਾਮ 'ਸੰਪੂਰਨ ਤੀਰਥਨ' ਕੋ, ਸਰਬ ਤੀਰਥਨ ਕੇ ਇਸ਼ਨਾਨ ਕੋ ਜੈਸੋ ਫਲ ਹੈ, ਤੈਸੋ ਪ੍ਰਾਪਤਿ ਹੋਤ ਹੈ। ਦੁਤਿਯਰਥ: ਸਰਬ ਜੋ ਤੀਰਥ ਹੈਂ ਪਾਪ ਮਲ ਕੋ ਦੂਰ ਕਰਿਕੈ ਪਵਿਤ੍ਰ ਕਰਿ ਦੇਤ ਹੈਂ। ਐਸੀ ਜੋ ਸ਼ਕਤਿ ਤਿਨ ਕੇ ਸ਼ਨਾਨ ਮੇਂ ਹੈ ਸੋ ਸ੍ਰਵਣ ਤੇ ਹੀ ਪ੍ਰਾਪਤਿ ਭਈ ਹੈ । ਸਰਬ ਤੀਰਥ ਰਿਖਿਨ ਕੋ ਅਰ ਸੁਰਨ ਕੇ ਸਰੂਪ ਹੀ ਹੈਂ, ਸੋ ਉਚੇ ਪਦ ਕੋ ਸ੍ਰਵਣ ਤੇ ਹੀ ਪ੍ਰਾਪਤਿ ਭਏ ਹੈਂ। ਤ੍ਰਿਤਿਯਰਥ: ਸ੍ਰਵਣ ਜੋ ਕਰਤ ਹੈਂ ਤੀਰਥਨ ਕੇ ਮਹਾਤਮਨ ਕੋ ਤਬੀ ਤੋ ਜਾਇਕੈ ਸਰਬ ਤੀਰਥਨ ਕੋ ਸ਼ਨਾਨ ਮਾਨੁਖ ਕਰਤ ਹੈਂ। ਸ਼ਨਾਨ ਤੀਰਥੋਂ ਕਾ ਭੀ ਸ੍ਰਵਣ ਕੋ ਹੀ ਕਾਰਜ ਹੈ। ਚਤੁਰਾਰਥ: ਜਿਨ੍ਹੋਂ ਨੇ ਬ੍ਰਹਮ ਕੇ ਸਰੂਪ ਕੋ ਸ੍ਰਵਣ ਕਰਯੋ ਹੈ ਤਿਨ ਕੋ ਸਰਬ ਤੀਰਥ ਕੋ ਸ਼ਨਾਨ 'ਕਾ' ਹੈ = ਕਿਆ ਹੈ, ਸੋ ਤੀਰਥਨ ਕੋ ਭੀ ਪਵਿਤ੍ਰ ਕਰਨਵਾਰੇ ਹੋ ਜਾਤ ਹੈਂ। 'ਕਿਆ' ਕੋ ਬ੍ਰਿਜਭਾਖਾ ਮੈਂ 'ਕਾ' ਕਹਤ ਹੈਂ। ਤੁਮਾਰੇ ਪਾਸ ਕਾ ਹੈ ? ਐਸੇ ਜਾਨਿਯੈ। ਇਤਯਰਥ।

ਇਸ ਤੁਕ ਕੇ ਪੂਰਬ ਕੇ ਅਰਥ ਮੈਂ ਰੂਪਕਾਲੰਕਾਰ ਹੈ।

ਲੱਛਣ-ਉਪਮੇਯ ਅਰੁ ਉਪਮਾਨਹਿ ਦੋਊ ।
ਏਕ ਰੂਪ ਕਰਿ ਬਰਨੇ ਸੋਊ ।

ਉਪਮੇਯ ਪਰਮਾਤਮਾ ਕੋ ਸ੍ਰਵਣ, ਉਪਮਾਨ ਤੀਰਥਨਿ ਕੋ ਸ਼ਨਾਨ । ਪਰਮਾਤਮਾ ਕੋ ਸ੍ਰਵਣ ਕਰਣ ਤੇ ਹੀ ਤੀਰਥਨ ਕੋ ਸ਼ਨਾਨ ਹੈ; ਜੈਸੇ ਕਹਤ ਹੈਂ: ਮੁਖ ਹੀ ਚੰਦ ਹੈ, ਐਸੇ ਜਾਨਿਯੈ । ਸਰਬ ਤੇ ਪਿਛਲੇ ਅਰਥ ਮੈਂ ਕਾਵ੍ਯਾਰਥਾਪਤਿ ਅਲੰਕਾਰ ਹੈ ।

ਲੱਛਣ:-"ਜਿਸ ਨੇ ਯਹਿ ਕੀਓ ਤਿਸ ਕੋ ਯਹਿ ਕਰਨੋ ਕਿਆ ਹੈ, ਐਸੀ ਕਹਿਨਾਵਤ ਮੈਂ ਕਾਵ੍ਯਾਰਥਾਪਸਿ ਅਲੰਕਾਰ ਹੋਤ ਹੈ ।" ਇਹਾਂ ਜਿਸ ਨੇ ਬ੍ਰਹਮ ਕੋ ਸ੍ਰਵਣ ਕਰਯੋ ਹੈ ਤਿਸ ਕੋ ਤੀਰਥ ਕਰਨ ਕਹਾਂ ਹੈ ? ਜਾਂਤੇ ਕਾਵ੍ਯਾਰਥਾਪਤਿ ਅਲੰਕਾਰ । ਸਰਬ ਜੋ ਅਰਥ ਕਰੇ ਹੈਂ ਤਿਨ੍ਹੋਂ ਕੇ ਅਲੰਕਾਰ ਨਿਕਾਸਨੇ ਤੇ ਗ੍ਰੰਥ ਬਧਤ ਹੈਂ; ਯਾਂਤੇ ਏਕ ਅਰਥ ਕੇ ਅਲੰਕਾਰ ਹੀ ਕਹਤੇ ਆਏ ਹੈਂ ।

## ਸੁਣਿਐ ਪੜਿ ਪੜਿ ਪਾਵਹਿ ਮਾਨੁ ॥

ਪ੍ਰਥਮੇ ਸ੍ਰਵਣ ਕਰਤ ਹੈ, ਬਹੁਰ ਪਢਤ ਹੈ, ਪਢ ਕਰਿ ਇਸ ਲੋਕ ਮੈਂ ਰਾਜ ਸਭਾ ਮੈਂ ਜਾਇ ਕਰਿ ਮਾਨ ਆਦਰ ਕੋ ਪਾਵਤ ਹੈ, ਵਾ ਪ੍ਰਲੋਕ, ਸੁਰ ਸਭਾ, ਮੈਂ ਜਾਇਕੈ ਮਾਨ ਸਤਿਕਾਰ ਕੋ ਪਾਵਤ ਹੈ । ਆਪ ਤੇ ਇਸ ਕੋ ਸਰੇਸ਼ਟ ਮਾਨਤ ਹੈ, ਸੋ ਭੀ ਸ੍ਰਵਣ ਕੋ ਹੀ ਕਾਰਜ ਹੈ । ਦੁਤਿਯਰਥ:-ਪ੍ਰਿਥਮ ਸ੍ਰਵਣ ਕਰਿ ਕੈ ਸਤਿ ਜੋ ਗ੍ਰੰਥ ਹੈਂ, ਜਿਨੋਂ ਮੈਂ ਸਤਿਚਿਤਾਨੰਦ ਕੋ ਨਿਰਨੇ ਕੀਓ ਹੈ, ਤਿਨ੍ਹੋਂ ਕੋ ਪਠਤ ਹੈ, ਪਠ ਕਰਿ, 'ਮਾਨ' ਨਾਮ 'ਗਯਾਨ' ਕੋ, ਸੋ ਗਯਾਨ ਕੋ ਪਾਵਤ ਹੈ । ਇਤਯਾਰਥ ।

ਇਸ ਤੁਕ ਮੈਂ ਕਾਰਨਮਾਲਾ ਅਲੰਕਾਰ ਹੈ । ਸ੍ਰਵਣ ਕੋ ਕਾਰਜ ਪਢਨ, ਪਢਨ ਕੋ ਕਾਰਜ ਗਯਾਨ ਪੂਰਬ ਪੂਰਬ ਕੇ ਕਾਰਨ ਭਏ, ਯਾਂਤੇ ਕਾਰਨ ਮਾਲਾ। ਪੜਿ ਪੜਿ ਪਦ ਦੋ ਬੇਰ ਕਹਿਨੇ ਤੇ ਬੀਪਸਾਲੰਕਾਰ ਹੋਤ ਹੈ ।

## ਸੁਣਿਐ ਲਾਗੈ ਸਹਜਿ ਧਿਆਨੁ ॥

ਸ੍ਰਵਣ ਜਿਸ ਵਸਤੁ ਕੋ ਸਦੀਵ ਹੀ ਕਰਤਾ ਹੈ ਤਿਸ ਮੈਂ ਸਹਜ ਸੁਭਾਇਕ ਧਯਾਨ ਲਗ ਜਾਤ ਹੈ । ਜਿਸ ਕਿਸੇ ਮੈਂ ਮਨ ਟਿਕ ਜਾਤ ਹੈ ਸੋ ਸ੍ਰਵਣ ਕੋ ਹੀ ਕਾਰਜ ਹੈ । ਦੁਤਿਯਰਥ:-ਸਹਜ ਨਾਮ ਸ਼ਾਂਤਿ ਕੋ ਭੀ ਹੈ, ਮਨ ਕੋ ਧਯਾਨ ਸ਼ਾਂਤਿਮਯ ਹੋ ਜਾਤ ਹੈ, ਕਿਆ ? ਤ੍ਰਿਪਤਿ ਹੋ ਜਾਤ ਹੈ, ਬਿਸ਼ਯਨ ਮੇਂ ਨਹੀਂ ਜਾਤ ਹੈ ਸ੍ਰਵਣ ਭਲੇ ਗੁਣ ਕਰਨ ਤੇ । ਤ੍ਰਿਤਿਯਰਥ:-ਸਹਜ ਨਾਮ ਬ੍ਰਹਮ ਕੋ ਭੀ ਸ੍ਰੀ ਗ੍ਰੰਥ ਜੀ ਮੈਂ ਕਹਯੋ ਹੈ, ਤਿਸੁ ਬ੍ਰਹਮ ਕੋ ਸ੍ਰਵਣ ਤੇ ਬ੍ਰਹਮ ਮੇਂ ਹੀ ਧਯਾਨ ਲਗ ਜਾਤ ਹੈ, ਸੰਪੂਰਨ ਜਗਤ ਮੇਂ ਬ੍ਰਹਮ ਬਿਨੁ ਔਰ ਨਹੀਂ ਦੇਖਤ ਹੈ, ਬ੍ਰਹਮ ਕੋ ਸਰੂਪ ਹੀ ਜਗਤ ਕੋ ਲਖਤ ਹੈ। ਇਤਯਾਰਥ।

ਇਸ ਤੁਕ ਮੈਂ ਭੀ ਅਰ ਸਰਬ ਪਉੜੀ ਮੈਂ ਹੇਤਾਲੰਕਾਰ ਹੈ । ਕਾਰਣ ਸ੍ਰਵਣ, ਕਾਰਜ ਧਯਾਨ ਲਗਨ, ਏਕ ਸੰਗ ਮੈਂ ਬਰਨਨ ਹੈ । ਇਸ ਰੀਤਿ ਸੋਂ ਪੂਰਬ ਕੀ ਤੁਕਨ ਮੇਂ ਸ੍ਰਵਣ ਕਾਰਣ ਤਿਸ ਕੋ ਫਲ ਕਾਰਜ ਏਕ ਸੰਗ ਮੇਂ ਹੀ ਬਰਨਨ ਹੈ, ਯਾਂਤੇ

ਹੇਤਾਲੰਕਾਰ ਭਇਓ। ਔਰ ਸਰਬ ਪਉੜੀ ਮੈਂ ਉਭਯਾਬ੍ਰਿਤ ਦੀਪਕਾਲੰਕਾਰ ਹੈ । ਸੁਣਿਐ ਪਦ ਬਹੁਤ ਬਾਰ ਆਯੋ, ਅਰਥ ਭੀ ਵਹੀ ਰਹਜੋ, ਐਸੇ ਜਾਨਿਯੇ ।

## ਨਾਨਕ ਭਗਤਾ ਸਦਾ ਵਿਗਾਸੁ ॥
## ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

ਇਨ ਤੁਕਨ ਕੋ ਅਰਥ ਭੀ ਅਰ ਅਲੰਕਾਰ ਪੂਰਬ ਰੀਤਿ ਸੋਂ ਜਾਨ ਲੈਨੇ ।

[ਪਉੜੀ ਗਿਆਰਵੀਂ]

ਅਗਾਰੀ ਸ਼੍ਰਵਣ ਕੀ ਮਹਿਮਾ ਸਤਿਗੁਰ ਔਰ ਕਹਿਤ ਹੈਂ:-

## ਸੁਣਿਐ ਸਰਾ ਗੁਣਾ ਕੇ ਗਾਹ ॥

ਸ਼੍ਰਵਣ ਕਰਨੇ ਤੇ, 'ਸਰਾ' ਕੋ ਅਰਥ ਸਾਰ' ਜੈਸੇ ਬਾਦਰ ਕੋ ਬਦਰਾ ਕਹਿ ਦੇਤ ਹੈਂ, ਤੈਸੇ ਸਰਾ ਕੋ ਸਾਰ। 'ਸਾਰ' ਗੁਣ ਜੋ ਹੈਂ ਤਿਨ ਕੋ 'ਗਾਹ' ਨਾਮ ਗ੍ਰਹਨ ਕਰਨੇ ਕੋ, ਗ੍ਰਾਹ ਕੋ ਗਾਹ ਪਾਠ ਤੁਕ ਮੈਂ ਹੈ; ਜੈਸੇ 'ਪ੍ਰੇਮ' ਕੋ ਕਿਤਨੇ ਸਥਾਨ 'ਪ੍ਰੇਮ' ਭੀ ਲਿਖਤ ਹੈਂ । ਜਹਾਂ ਸਾਰ ਗੁਣ ਸੁਨਤ ਹੈ ਵਾ ਦੇਖਤ ਹੈ ਤਹਾਂ ਹੀ ਤੇ ਗ੍ਰਹਣ ਕਰਿ ਲੇਤ ਹੈ; ਐਸੋ ਭੀ ਬੁਧਿਮਾਨ ਸ਼੍ਰਵਣ ਤੇ ਹੋਤ ਹੈ । ਦੁਤਿਯਰਥ:- 'ਸਰ' ਨਾਮ ਗ੍ਰੰਥ ਜੀ ਮੈਂ ਸਮੁੰਦ੍ਰ ਕੋ ਭੀ ਕਹਜੋ ਹੈ। ਸਰਾ ਕੇ ਰਕਾਰ ਤੇ ਅਕਾਰ ਨਿਕਸੈ 'ਅਗੁਣ' ਹੋਤ ਹੈ, ਔਗੁਣ ਕੇ ਸਮੁੰਦ੍ਰ ਮੈਂ ਤੇ ਜੋ ਨਿਕਸੈ ਨਹੀਂ ਸਕਤ ਹੈਂ ਤਿਨ ਕੋ ਅਗਾਹ ਸਮੁੰਦ੍ਰ ਕੀ ਨਜਾਂਈ ਡੁਬੋਇ ਰਖਜੋ ਹੈ । ਸ਼੍ਰਵਣ ਕਰਨ ਤੇ ਇਨ ਕੋ ਗਾਹ ਹੋਇ ਜਾਤ ਹੈ । ਅਰਥ ਇਹ ਕਿ ਸੁਖੇਨ ਹੀ ਤਿਸ ਤੇ ਨਿਕਸ ਜਾਤ ਹੈ । ਤ੍ਰਿਤਿਯਰਥ: ਸਰ ਨਾਮ ਤੀਰ ਕੋ, ਸ਼੍ਰਵਣ ਜੋ ਪਰਮੇਸੁਰ ਕੇ ਗੁਣ ਕਰੈਂ ਸੋਈ ਭਏ ਤੀਰ । ਔਗੁਣ ਕੇ ਗਾਹ ਕਹਾ, ਔਗੁਨ ਕੇ ਗਾਹਨ ਵਾਰੇ ਤੀਰ, ਲੱਛਨਾ ਸੋਂ ਮਾਰਨ ਵਾਲੇ ਜਾਨੀਏ । ਚਤੁਰਾਰਥ: ਜਲ ਕੇ ਸਰ ਜੋ ਤਲਾਉ ਹੈਂ, ਤਿਨ੍ਹੂੰ ਕੇ ਬਿਖੈ ਬੈਠ ਰਹਿਨਾ, ਗ੍ਰਾਹ ਨਾਮ ਪ੍ਰਵੇਸ਼ ਕਰਨ ਕੋ, ਜਲ ਕੇ ਬੀਚ ਗਮਨ ਕਰਨਾ, ਮੰਤ੍ਰ ਕੀ ਸ਼ਕਤਿ ਕਰਿ ਐਸੀ ਜਲ ਸਥੰਭਨੀ ਵਿਦਜਾ, ਸੋ ਭੀ ਸ਼੍ਰਵਣ ਤੇ ਹੀ ਪ੍ਰਾਪਤ ਹੋਤ ਹੈ। ਪੰਚਮਾਰਥ: ਸਰ ਜੋ ਤੀਰ ਹੈ, ਗੁਣ ਨਾਮ ਧਨੁਖ ਕੋ, ਚਿੱਲੇ ਕੋ, ਤਿਸ ਬਿਖੇ ਜੋਰਿਕੈ; ਗਾਹ ਕੋ ਅਰਥ 'ਗਮਨ' ਕੇ ਅਰਥ ਮੇਂ ਹੈ, ਤਿਸ ਤੇ ਚਲਾਵਨ ਕੋ ਅਰਥ । ਗਕਾਰ ਤੇ ਅਕਾਰ ਨਿਕਸੈ 'ਆਹਿ' ਹੋਤ ਹੈ । ਆਹ ਨਾਮ ਅਟਕਰ[1] ਕਰਨੇ ਕੋ । ਅਟਕਰ ਕੋ ਅਰਥ ਨਿਸ਼ਾਨੇ ਕੋ ਲਖਿਕੈ ਬੀਚ ਮਾਰਨੋ । ਤੀਰ ਜੋ ਧਨਚ[2] ਮੈਂ ਬਗੜਾਇਕੈ[3] ਚਲਾਵਨੋ, ਨਿਸ਼ਾਨੇ ਮੈਂ ਮਾਰਨੋ, ਐਸੀ ਜੋ ਧਨੁਖ ਬਿਦਜਾ ਹੈ ਸੋ ਸ਼੍ਰਵਨ ਤੇ ਹੀ ਪ੍ਰਾਪਤ ਹੋਤ ਹੈ । ਖਸ਼ਟਮਾਰਥ: 'ਸਰਾ ਗੁਣਾ' ਕੋ ਅਰਥ 'ਸਰਗੁਣ', ਦ੍ਵੈ ਅੱਖਰ ਦੀਰਘੁ ਤੇ ਲਘੁ ਭਏ । ਸੋ ਸਰਗੁਣ ਬਿਸ਼ਨੁ ਜੀ, ਤਿਨ ਕੇ ਅਵਤਾਰ ਕੇ ਜੋ ਗੁਣ ਹੈਂ ਤਿਨ ਕੋ ਗਾਹ ਕਿਆ ਬਾਰੰਬਾਰ ਬਿਚਾਰਣਾ ਸੋ ਭੀ ਸੁਣਿਕੈ ਹੀ ਬਿਚਾਰਤ ਹੈਂ । ਗੁਣ ਕੋ ਅਧਜਾਹਾਰ ਊਰਰ ਸੇ । ਇਤਜਾਰਥ।

---

੧. ਬਿਸਤ, ਨਿਸ਼ਾਨਾ ਸੇਧਣਾ । ੨. ਚਿੱਲਾ । ੩. ਚਿੱਲੇ ਵਿਚ ਤੀਰ ਦੀ ਬਾਗੜ ਜੋੜਕੇ ।

## ਸੁਣਿਐ ਸੇਖ ਪੀਰ ਪਾਤਿਸਾਹ ॥

ਸੇਖ ਜੋ ਫਰੀਦ ਆਦਿ, ਪੀਰ ਜੋ ਸ਼ਮਸ ਤਬਰੇਜ਼ ਆਦਿਕ, ਪਾਤਿਸ਼ਾਹ ਤਿਮਰਲੰਗ ਤੇ ਆਦਿ, ਏ ਸਰਬ ਜੋ ਹੈਂ ਬਡੀ ਬਡਿਆਈ ਵਾਰੇ, ਸੋ ਸਰਬ ਹੀ ਸ੍ਰਵਣ ਤੇ ਐਸੇ ਪਦ ਕੋ ਪ੍ਰਾਪਤ ਭਏ ਹੈਂ। ਦੁਤਿਯਰਥ:- ਸ਼ੇਖ਼ ਜੋ ਹੈਂ ਸੱਯਦ, ਮੁਗਲ, ਪਠਾਣ, ਇਨ ਤੇ ਹੀਨ ਹੋਤ ਹੈ, ਸੇਖ ਹੀਨ ਭੀ ਹੈ ਪਰੰਤੂ ਜੋ ਸਾਹਿਬ ਕੇ ਗੁਣ ਸ੍ਰਵਣ ਕਰੇ ਤੋ ਪੀਰਨ ਕੋ ਭੀ ਪਾਤਿਸ਼ਾਹ ਹੋਤ ਹੈ. ਸਰਬ ਤੇ ਉਚ ਬਨਤ ਹੈ। ਵਾ ਪੀਰ ਨਾਮ ਬਡੇ ਕੋਂ, ਬਡੋ ਪਾਤਿਸਾਹ ਹੋਤ ਹੈ। ਪਾਤਿਸ਼ਾਹ ਭੀ ਨਮਤ ਹੈ, ਐਸੋ ਹੋਤ ਹੈ। ਤ੍ਰਿਤਿਯਰਥ:-ਸੇਖ ਕੋ ਅਰਥ ਸ਼ੇਖਨਾਗ, ਸੋ ਪੀਰ ਕਹੀਏ ਸਰਬ ਤੇ ਬਡੋ ਭਯੋ, ਜਿਸ ਕੇ ਸਿਰ ਊਪਰ ਪ੍ਰਿਥਵੀ ਐਸੇ ਹੈ ਜੈਸੇ ਮਾਨੁਖ ਕੀ ਪਾਗ ਮੇਂ ਰਾਈ ਕੋ ਦਾਨੋ ਪਰਯੋ ਰਹਿਤ ਹੈ, ਇਤੋ ਭੀ ਬੋਝ ਨਹੀਂ ਜਾਨਤ ਹੈ। ਐਸੋ ਜੋ ਬਡੋ ਭਯੋ ਅਰ ਪਾਤਿਸਾਹ ਸਰਬ ਸਰਪਨ ਕੋ ਹੈ ਸੋ ਭੀ ਸ੍ਰਵਣ ਤੇ ਹੀ ਭਯੋ ਹੈ। ਇਤ੍ਯਾਰਥ।

ਇਸ ਤੁਕ ਕੇ ਪਹਿਲੇ ਅਰਥ ਮੈਂ ਤੁਲਜਯੋਗਤਾਲੰਕਾਰ ਹੈ। ਸ੍ਰਵਣ ਕੇ ਪ੍ਰਸਤੁਤ ਮੈਂ ਸੇਖਨ ਕੋ, ਪੀਰਨ ਕੋ, ਪਾਤਿਸਾਹਨ ਕੋ ਊਚਤਾ ਧਰਮ ਏਕ ਕਹਜੇ, ਯਾਂਤੇ ਤੁਲਜ ਯੋਗਤਾ।

## ਸੁਣਿਐ ਅੰਧੇ ਪਾਵਹਿ ਰਾਹੁ ॥

ਸੁਣ ਕਰਿ ਜੋ ਅੰਧੇ ਹੈਂ ਸੋ ਰਾਹ ਪਰਤ ਹੈਂ। 'ਅੰਧੇ' ਜੋ ਰਾਹ ਤੇ ਕੁਰਾਹ ਪਰ ਜਾਤ ਹੈਂ ਤੋ ਆਂਖਨਵਾਰੇ ਲੋਕ ਕਹਤ ਹੈਂ: ਦਾਹਨੇ ਹਾਥ ਕੋ ਜਾਹੋ, ਵਾ ਬਾਏਂ ਹਾਥ ਹੋ ਜਾਹੋ, ਸੋ ਸ੍ਰਵਣ ਕਰਿਕੈ ਹੀ ਰਾਹੁ ਪਰਤ ਹੈਂ। ਦੁਤਿਯਰਥ: ਬੁੱਧਿ ਰੂਪੀ ਨੇਤ੍ਰ ਤੇ ਜੋ ਅੰਧ ਹੈਂ, ਮਹਾਂ ਮੂਰਖ, ਧਰਮ ਕੇ ਰਾਹ ਕੋ ਛੋਡ ਕਰਿ ਅਧਰਮ ਕੇ ਕੁਰਾਹ ਚਲਤ ਹੈਂ ਸੋ ਭਲੇ ਪੰਡਤੋਂ ਤੇ ਸੁਨ ਕਰਿ ਸ਼ੁਭ ਕਰਮ ਕਰਨ ਕੇ ਰਾਹ ਪਰ ਜਾਤ ਹੈਂ। ਤ੍ਰਿਤਿਯਰਥ: ਤਨਹੰਤਾ ਜੋ ਧਾਰ ਰਾਖੀ ਹੈ ਯਹੀ ਭਯੋ ਕੁਰਾਹ। ਹੰਤਾ ਮਮਤਾ ਮੈਂ ਰਾਗ ਦ੍ਵੈਸ਼ ਕਲਪਨਾ। ਚਲਿਬੇ ਕੋ ਯਹੀ ਭਯੋ ਦੁਖ। ਆਪਨੇ ਸਰੂਪ ਕੋ ਨਹੀਂ ਦੇਖਤ, ਜਾਂਹੀ ਤੇ ਸੋ ਅੰਧਾ ਹੈ। ਸਤਿਗੁਰ ਤੇ ਸੁਨਿਕੈ ਆਪਨੋ ਸਰੂਪ ਦੇਖ ਲੇਤ ਹੈ ਸੋ ਰਾਹ ਚਲਨੋ ਹੋਤ ਹੈ। ਇਤ੍ਯਾਰਥ।

ਇਸ ਤੁਕ ਮੈਂ ਲਲਤਾਲੰਕਾਰ ਹੈ। ਲੱਛਣ-"ਜਹਾਂ ਪ੍ਰਸਤੁਤ ਕੋਈ ਹੋਇ ਤਾਂਕੋ ਕਛੂ ਬਚਨ ਕਹਜੇ ਚਾਹੀਏ। ਤਾਂਹੀ ਛਾਡ ਵਾਹੀ ਬਾਤ ਕੋ ਪ੍ਰਤਿਬਿੰਬ ਕੋਈ ਔਰ ਬਚਨ ਅਪ੍ਰਸਤੁਤ ਕਹੀਏ, ਤਹਾਂ ਲਲਤ।" ਇਹਾਂ ਕਹਿਨੋ ਹੁਤੋ ਸੁਨਿਕੈ ਆਪਨੋ ਸਰੂਪ ਜੋ ਨਹੀਂ ਦੀਸਤ ਹੈ ਤਿਸ ਕੋ ਦੇਖ ਲੇਤ ਹੈ, ਇਹ ਪ੍ਰਸਤੁਤ ਛੋਡ ਕਰਿ ਤਿਸ ਕੋ ਪ੍ਰਤਿਬਿੰਬ ਲੇ ਕਰਿ ਅਪ੍ਰਸਤੁਤ ਸ੍ਰਵਣ ਤੇ ਅੰਧੇ ਰਾਹ ਪਰ ਜਾਤ ਹੈਂ, ਸੋ ਕਹਿਓ, ਯਾਂਤੇ ਲਲਤਾਲੰਕਾਰ ਹੋਤ ਹੈ।

ਦੂਸਰੋ ਅਲੰਕਾਰ ਔਰ ਭੀ ਹੈ: ਚੌਥੀ ਬਿਭਾਵਨਾ। ਲੱਛਣ-"ਜਬਹਿ ਅਕਾਰਨ ਵਸਤੁ ਤੇ ਕਾਰਜ ਪ੍ਰਗਟ ਹੋਤ।" ਇਸ ਤੁਕ ਮੇਂ ਸੁਨਬੇ ਤੇ ਰਾਹ ਪਰਤ ਹੈਂ ਅੰਧੇ, ਰਾਹ ਪਰਨ ਤੋ ਆਂਖਨੁ ਕੋ ਕਾਰਜੁ ਹੁਤੋ, ਸੋ ਸ੍ਰਵਣ ਕੋ ਭਯੋ, ਜਾਂਤੇ ਚੌਥੀ ਬਿਭਾਵਨਾਲੰਕਾਰ ਹੈ।

## ਸੁਣਿਐ ਹਾਥੁ ਹੋਵੈ ਅਸਗਾਹੁ॥

ਹਾਥ ਹੈ ਜਿਨ੍ਹੋਂ ਕੀ ਬੁੱਧੀ, ਲੱਛਨਾਂ ਸੋਂ 'ਥੋਰੀ' ਕੋ ਅਰਥ। ਥੋਰੀ ਹੈ ਜਿਨ ਕੀ ਬੁੱਧੀ ਸੋ ਜੋ ਬੁਧਿਵਾਨੋਂ ਕੇ ਬਚਨ ਸੁਨਤ ਹੈਂ ਸੋ ਤਿਨ੍ਹੋਂ ਕੀ ਬੁਧਿ ਅਸਗਾਹ ਕਹੀਏ ਬਡੀ ਗੰਭੀਰ ਹੋ ਜਾਤ ਹੈ। ਬੁਧਿ ਕੋ ਅਧਯਾਹਾਰ ਊਪਰ ਸੇ। ਦੁਤਿਯਰਥ: ਅਸਗਾਹ ਜੋ ਸਮੁੰਦ੍ਰ ਹੈ ਸੋ ਥਾਹ ਹੋ ਜਾਤ ਹੈ ਸ੍ਰਵਣ ਕਰਣ ਤੇ। ਜੈਸੇ ਹਿਰਣਕਸਯਪ ਔ ਰਾਵਣ ਕੇ ਜਾਨੂ ਪ੍ਰਯੰਤ ਹੀ ਸਮੁੰਦ੍ਰ ਆਯੋ ਹੈ। ਸੋ ਸ੍ਰਵਣ ਤੇ ਹੀ ਏਤੇ ਸਰੀਰ ਦੀਰਘ ਭਏ ਹੈਂ। ਸਮੁੰਦ੍ਰ ਕੋ ਭੀ ਅਧਯਾਹਾਰ ਊਪਰ ਸੇ, ਐਸੇ ਜਾਨਿਯੈ। ਤ੍ਰਿਤਿਯਰਥ: ਅਸਗਾਹ ਨਾਮ ਸਮੁੰਦ੍ਰ ਤੇ ਜਗਤ ਕੋ ਅਰਥ ਸਾਧਯਵਸਾਨਾ ਲੱਛਨਾਂ ਸੋਂ।

ਲੱਛਣਾਂ ਲੱਛਣ-ਰੋਪਯਮਾਨ ਜਹ ਤੁਕ ਮੈਂ ਹੋਇ।
ਰੋਪਯ ਬਿਖੇ ਊਪਰ ਸੋ ਜੋਇ।
'ਸਾਧਯਵਸਾਨਾ' ਕੋ ਇਹ ਲੱਛਨ।
ਇਉਂ ਭਾਖਤ ਹੈਂ ਸੁਕਵਿ ਬਿਚੱਛਨ।

ਅਸਗਾਹ ਸਮੁੰਦ੍ਰ ਕੀ ਨਯਾਂਈਂ ਜੋ ਜਗਤ ਹੈ ਸ੍ਰਵਣ ਬ੍ਰਹਮ ਕੋ ਕਰੇ ਤੇ ਹਾਥ ਹੋ ਜਾਤ ਹੈ। ਅਰਥ ਇਹ ਕਿ ਸੁਖੇਨ ਹੀ ਤਿਸ ਤੇ ਨਿਕਸ ਜਾਤ ਹੈ।

ਇਸ ਤੁਕ ਮੈਂ ਰੂਪਕਾਤਿਸਯੋਕਤਿ ਅਲੰਕਾਰ ਹੈ।

ਲੱਛਣ-ਜਹ ਤੁਕ ਮੈਂ ਹੋਵਹਿ ਉਪਮਾਨ।
ਹੋਇ ਵਹਿਰ ਤੇ ਉਪਮੇਯ ਗਯਾਨ।
'ਰੂਪਕਾਤਿਸਯੋਕਤਿ ਅਲੰਕਾਰ'।
ਕਵਿ ਸੰਤੋਖ ਸਿੰਘ ਕਹਯੋ ਬਿਚਾਰ।

ਇਹਾਂ ਸਮੁੰਦ੍ਰ ਉਪਮਾ ਸੋਂ ਉਪਮੇਯ ਜਗਤ ਊਪਰ ਸੇ ਜਾਨਯੋ ਪਰਤ ਹੈ। ਇਸ ਪਉੜੀ ਮੈਂ ਭੀ ਪੂਰਬ ਰੀਤਿ ਸੋਂ ਉਭਯਾਬ੍ਰਿਤਦੀਪਕ ਅਲੰਕਾਰ ਹੈ। ਪੂਰਬ ਰੀਤਿ ਸੋਂ ਹੀ ਹੇਤਾਲੰਕਾਰ ਹੈ, ਦੋਊ ਨਿਕਸਤ ਹੈਂ।

## ਨਾਨਕ ਭਗਤਾ ਸਦਾ ਵਿਗਾਸੁ॥
## ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਇਨ ਤੁਕਨ ਕੋ ਅਰਥ, ਅਲੰਕਾਰ, ਪੂਰਬ ਰੀਤਿ ਸੋਂ ਜਾਨ ਲੇਣੇ।

ਪ੍ਰਸ਼ਨ-ਈਹਾਂ ਸ੍ਰਵਣ ਕੋ ਰੂਪ ਸੁਣਿਐ ਕੀ ਚਾਰੋਂ ਪਉੜੀ ਮੈਂ ਨਹੀਂ ਹੈ। ਸ੍ਰਵਣ ਕੋ ਮਹਾਤਮ ਸਭਨ ਮੈਂ ਆਯੋ ਹੈ, ਯਹ ਕੌਨ ਕਾਰਨ ? ਉੱਤਰ-ਗ੍ਰੰਥਕਾਰੋਂ ਕੀ ਯਹ ਰੀਤਿ ਹੈ ਜੋ ਬਨੇ ਹੋਏ ਗ੍ਰੰਥ ਅਗਾਰੀ ਹੋਇਂ ਤਿਨ ਮੈਂ ਜੋ ਬਰਨਨ ਕਰਯੋ ਹੋਤ ਹੈ ਸੋ ਬੋਰ

ਕਹਤ ਹੈਂ, ਜੋ ਤਿਨ ਮੈਂ ਥੋਰੇ ਹੋਇ ਤਿਸ ਕੋ ਬਿਸਥਾਰ ਸੋਂ ਕਹਤ ਹੈਂ । ਸ੍ਰਵਣ ਕੇ ਰੂਪ ਬੇਦਾਂਤ ਕੇ ਗ੍ਰੰਥਨ ਮੈਂ ਬਰਨੇ ਹੈਂ, ਸ੍ਰਵਣ ਕੀ ਮਹਿਮਾ ਨਹੀਂ ਕਹੀ ਹੈ, ਯਾਂਤੇ ਗੁਰੂ ਜੀ ਨੇ ਸ੍ਰਵਣ ਕੀ ਮਹਿਮਾ ਕੋ ਬਰਨਯੋ ਹੈ।

ਪੁਨਾ ਪ੍ਰਸ਼ਨ—ਜੋ ਮੁਮੱਖੀ ਹੋਇ ਸੋ ਸ੍ਰਵਣ ਕੀ ਮਹਿਮਾ ਤੋ ਸੁਣੀ ਜਪੁਜੀ ਤੇ, ਸ੍ਰਵਣ ਕੋ ਰੂਪ ਔਰ ਗ੍ਰਿੰਥਨ ਮੈਂ ਜਾਨਯੋ ਚਾਹੈਗੋ; ਯਾਂਤੇ ਜਪੁਜੀ ਕੇ ਪਠਨ ਤੇ ਗਯਾਨ ਕੀ ਪ੍ਰਾਪਤਿ ਮੈਂ ਨੂਨਤਾ ? ਉੱਤਰ-ਗੁਰੂ ਜੀ ਨੇ ਜਪੁਜੀ ਕੇ ਬਿਖੇ ਖਟ ਸ੍ਰਵਣ ਭੀ ਕਹੇ ਹੈਂ। ਅਰਥ ਕੇ ਸਮਝਨ ਤੇ ਪ੍ਰਾਪਤ ਹੋਤ ਹੈਂ। ਜੈਸੇ ਦਧਿ ਕੇ ਮਥਨੇ ਤੇ ਘ੍ਰਿਤ ਨਿਕਸਤ ਹੈ, ਐਸੇ ਜਾਨਿਯੇ । ਖਟ ਪ੍ਰਕਾਰ ਕੋ ਸ੍ਰਵਣ ਹੈ ਸੋ ਟੀਕਾ ਕੇ ਕਰਨਵਾਰੋ ਜਪੁਜੀ ਕੇ ਮਧ ਤੇ ਪ੍ਰਗਟ ਦਿਖਾਵਤ ਹੈ । ਅਥ ਖਟ ਸ੍ਰਵਣ:-ਸ੍ਰਵਣ ਨਾਮਕਿੰ:-ਖਟ ਪ੍ਰਕਾਰ ਲਿੰਗ ਜੋ ਹੈਂ ਤਿਨ੍ਹੋਂ ਕਰਿ ਸੰਪੂਰਨ ਜੋ ਬੇਦਾਂਤ ਹੈ ਤਿਸ ਕਰਿ ਅਦੁਤੀ ਚੇਤਨ ਬਿਖੇ ਪ੍ਰਪੱਕ ਨਿਸਚੈ ਜੋ ਹੈ ਸੋ ਕਹੀਏ ਸ੍ਰਵਣ । ਲਿੰਗਕਿੰ:- ਉਪਕ੍ਰਮ ਉਪਸੰਘਾਰ ੧, ਅਭਯਾਸ ੨, ਅਪੂਰਬਤਾ ੩, ਫਲ ੪, ਅਰਥਵਾਦ ੫, ਉਪਪਤਿ ੬, ਇਤਿ ਖਟਲਿੰਗ । ਪ੍ਰਕਰਣ ਕਰਿਕੈ ਜੌ ਪ੍ਰਤਿਪਾਦਯ ਅਰਥ, ਤਿਸ ਅਰਥ ਕਾ ਆਦਿ ਅੰਤਿ ਬਿਖੇ ਪ੍ਰਤਿਪਾਦਨ ਕਰਨਾ ਸੋ 'ਉਪਕ੍ਰਮ ਉਪਸੰਘਾਰ' । ਉਪਕ੍ਰਮ ਕਿਆ ? ਆਦਿ ਮੈਂ ਬਰਨਨ ਕਰੇ; ਉਪਸੰਘਾਰ ਕਿਆ ? ਤਿਸੀ ਅਰਥ ਮੈਂ ਸਮਾਪਤਿ ਕਰੇ । ਪ੍ਰਥਮ ਸ੍ਰਵਣ ਕੋ ਲੱਛਣ ਕਹਯੋ, ਇਸ ਕੋ ਉਦਾਹਰਣ ਜੋ ਗੁਰੂ ਜੀ ਨੇ ਕਹਯੋ ਹੈ ਸੋਈ ਦਿਖਾਵਤ ਹੈਂ :-'ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' ਆਦਿ ਮੈਂ ਸਤਿ ਕੋ ਹੀ ਪ੍ਰਤਿਪਾਦਨ ਕੀਯੋ, ਜਗਤ ਕੇ ਅੰਤ ਮੈਂ ਭੀ ਸਤਯ ਕੋ ਪ੍ਰਤਿਪਾਦਨ ਕੀਓ, ਯਾਕੋ ਨਾਮ 'ਉਪਕ੍ਰਮ ਉਪਸੰਘਾਰ' ਹੈ। ਦੂਤੀ ਸ੍ਰਵਣ ਹੈ 'ਅਭਯਾਸ', ਯਾਕੋ ਲੱਛਣ:-ਪ੍ਰਕਰਣ ਕਰਿਕੈ ਨਿਰੂਪਨ ਕਰਣੇ ਕੇ ਜੋਗ ਜੋ ਅਦੁਤੀ ਵਸਤੁ ਹੈ, ਤਿਸ ਅਦੁਤੀ ਵਸਤੁ ਕਾ ਤਿਸ ਪ੍ਰਕਰਣ ਮੇਂ ਪੁਨਹ ਪੁਨਹ ਕਹਿਨੋ ਸੋ 'ਅਭਯਾਸ'। ਜੈਸੇ ਜਪੁਜੀ ਮੇਂ ਬਾਰੰਬਾਰ ਨਿਰੂਪਣ ਕੀਆ ਹੈ 'ਸਾਚਾ ਸਾਹਿਬੁ ਸਾਚੁ ਨਾਇ ॥' 'ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥' 'ਗੁਰਮੁਖਿ ਰਹਿਆ ਸਮਾਈ ॥' 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥' 'ਤੂ ਸਦਾ ਸਲਾਮਤਿ ਨਿਰੰਕਾਰ ॥' ਇਸ ਤੇ ਆਦਿ ਅਨੇਕ ਔਰ ਸਥਾਨ ਮੇਂ ਅਦੁਤੀ ਕੋ ਪ੍ਰਤਿਪਾਦਨ ਕਰਯੋ ਹੈ, ਸੋ ਸ੍ਰਵਣ 'ਅਭਯਾਸ' ਹੈ। ਤੀਸਰੋ ਸ੍ਰਵਣ 'ਅਪੂਰਬਤਾ' । ਲੱਛਣ:-ਪ੍ਰਕਰਣ ਕਰਿਕੈ ਪ੍ਰਤਿਪਾਦਯ ਜੋ ਅਦੁਤੀ ਵਸਤੁ ਹੈ, ਤਿਸ ਅਦੁਤੀ ਵਸਤੁ ਕੋ ਪ੍ਰਮਾਣਾਂਤਰ ਕਰਿਕੈ ਅਵਿਸ਼ੈ ਹੋਇ, ਸੋ ਕਹੀਏ 'ਅਪੂਰਬਤਾ'। ਜੈਸੇ ਜਪੁਜੀ ਮੈਂ 'ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥' 'ਕਹਣਾ ਕਥਨੁ ਨ ਜਾਈ ॥' 'ਵਾਰਿਆ ਨ ਜਾਵਾ ਏਕ ਵਾਰ ॥' ਇਸ ਤੇ ਆਦਿ ਔਰ ਸਥਾਨ ਮੈਂ ਕਹਯੋ ਹੈ ਜਹਾਂ ਪ੍ਰਤੱਛ ਪ੍ਰਮਾਣ, ਸ਼ਬਦ ਪ੍ਰਮਾਣ, ਇਨ ਤੇ ਆਦਿ ਔਰ ਜੇ ਪ੍ਰਮਾਣ ਹੈਂ ਤਿਨ੍ਹੋਂ ਤੇ ਅਵਿਸ਼ੇ ਹੈ। ਐਸੇ ਜਹਾਂ ਕਥਨ ਹੈ ਤਹਾਂ 'ਅਪੂਰਬਤਾ' ਸ੍ਰਵਣ ਹੈ। ਚੌਥੇ ਸ੍ਰਵਣ 'ਫਲ' ਹੈ। ਲੱਛਣ:-ਪ੍ਰਕਰਣ ਕਰਿਕੇ ਪ੍ਰਤਿਪਾਦਨ ਕਰਨੇ ਕੇ ਯੋਗ ਜੋ ਆਤਮ ਗਯਾਨ ਹੈ, ਵਾ ਪ੍ਰਕਰਣ ਕਰਿਕੇ ਤਿਸ ਆਤਮ

ਗਜਾਨ ਕਾ ਜੌਨਸੋ ਅਨੁਸ਼ਟਾਨ ਸੇਵਣਾ ਜੋ ਹੈ, ਤਿਸ ਪ੍ਰਕਰਣ ਸੁਯਮਾਨ ਸੋ ਕਹੀਏ 'ਪ੍ਰਯੋਜਨ'; ਜੈਸੇ ਜਪੁਜੀ ਮੇਂ ਕਹਜੋ ਹੈ: 'ਗੁਰ ਪ੍ਰਸਾਦਿ ॥' 'ਗੁਰਮੁਖਿ ਨਾਦੰ ਗੁਰਮੁਖਿ ਵੇਦੰ ॥' 'ਗੁਰਾ ਇਕ ਦੇਹਿ ਬੁਝਾਈ ॥' 'ਜੇ ਇਕ ਗੁਰ ਕੀ ਸਿਖ ਸੁਣੀ'; ਇਸ ਤੇ ਆਦਿ ਔਰ ਜਹਾਂ ਕਹਿਓ ਹੈ: ਸਤਿਗੁਰਨ ਕੀ ਸੇਵਾ ਕਰਣੀ ਸਤਿਗੁਰਨ ਤੇ ਗਜਾਨ ਕੀ ਪ੍ਰਾਪਤਿ ਹੈ, ਆਤਮ ਸਰੂਪ ਕੋ ਬੁਝਾਇ ਦੇਤ ਹੈ । ਔਰ ਜਹਾਂ ਕਹਜੋ ਹੈ: ਆਤਮ ਗਜਾਨ ਤੇ ਮੁਕਤ ਹੈ। ਜੈਸੇ ਕਹਜੋ ਹੈ 'ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥' ਇਸੀ ਰੀਤਿ ਕੋ ਜਹਾਂ ਸ੍ਰਵਣ ਕਰਣੇ ਸੋ ਪ੍ਰਯੋਜਨ ਹੈ, ਐਸੀ ਅਦੁਤੀ ਗਜਾਨ ਕੀ ਜੋ ਪ੍ਰਾਪਤੀ ਸੋ ਕਹੀਏ 'ਫਲ'। ਪੰਚਮੋ ਸ੍ਰਵਣ 'ਅਰਥਵਾਦ' ਹੈ, ਲੱਛਣ:-ਪ੍ਰਕਰਣ ਕਰਿਕੈ ਜੋਗ ਜੋ ਵਸਤੁ ਤਿਸ ਪ੍ਰਕਰਣ ਮੇਂ ਤਿਸਕੀ ਉਸਤੁਤੀ ਜੋ ਹੈ ਸੋ ਅਰਥਵਾਦ ਹੈ । ਜੈਸੇ ਜਪੁਜੀ ਮੇਂ ਕਹਜੋ ਹੈ:- 'ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥' ਗਜਾਨਵਾਨ ਕੋ ਗੁਣ ਕਰੇ, ਐਸੋ ਔਰ ਕੋਈ ਨਹੀਂ ਦੀਸਤ ਹੈ। 'ਨਾਨਕ ਪਾਤਿਸਾਹੀ ਪਾਤਿਸਾਹੁ ॥' ਇਸ ਤੇ ਆਦਿ ਔਰ ਕਹੀ ਗਜਾਨਵਾਨ ਕੀ ਕੈ ਅਦੁਤੀ ਗਜਾਨ ਕੀ ਉਸਤੁਤੀ ਜੋ ਹੈ, ਸੋ ਹੈ 'ਅਰਥਵਾਦ' । ਖਸ਼ਟਮੋ ਸ੍ਰਵਣ 'ਉਪਪਤਿ', ਲੱਛਣ,—ਪ੍ਰਕਰਣ ਕਰਿਕੈ ਪ੍ਰਤਿਪਾਦਨ ਕੇ ਜੋਗ ਜੋ ਅਰਥ ਹੈ ਤਿਸ ਅਰਥ ਕੇ ਸਿਧ ਕਰਨ ਮੇਂ ਤਿਸੀ ਪ੍ਰਕਰਣ ਬਿਖੇ ਸ੍ਰਵਣ ਕਰੀ ਹੈ ਜੋ ਜੁਗਤਿ, ਤਿਸ ਜੁਗਤਿ ਸ੍ਰਵਣ ਕੋ ਨਾਮ 'ਉਪਪਤਿ' ਹੈ । ਜੈਸੇ ਜਪੁਜੀ ਮੇਂ ਕਹਜੋ ਹੈ:- 'ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ । ਸਮੁੰਦ ਸਾਹ ਸੁਲਤਾਨ' । ਨਦੀ ਔਰ ਵਾਹੇ ਸਭ ਸਮੁੰਦਰ ਰੂਪ ਹੈਂ, ਤੈਸੇ ਈ ਇਹ ਸਰਬ ਜੀਵ ਬ੍ਰਹਮ ਏਕ ਰੂਪ ਹੈਂ, ਐਸੀ ਜੁਗਤਿ ਕਰਿ ਜਹਾਂ ਏਕਤਾ ਦਿਖਾਈਏ ਸੋ 'ਉਪਪਤਿ'। ਇਹ ਜੋ ਖਟ ਸ੍ਰਵਣ ਹੈਂ, ਜੈਸੇ ਛਾਂਦੋਗ ਕੇ ਖਸ਼ਟਮੇ ਧਿਆਇ ਮੇਂ ਕਹੇ ਹੈਂ, ਤਿਸੀ ਰੀਤਿ ਸੋ ਈਹਾਂ ਉਦਾਹਰਣ ਦਿਖਾਏ ਹੈਂ ।

[ਪਉੜੀ ਬਾਰ੍ਹਵੀਂ]

ਸ੍ਰਵਣ ਗਜਾਨ ਕੀ ਤੋ ਸਮਾਪਤਿ ਭਈ ਹੈ। ਅਬ ਅਗਾਰੀ ਦੂਸਰੋ ਮਨਨ ਗਜਾਨ ਕੋ ਪ੍ਰਤਿਪਾਦਨ ਕਰੇ ਹੈਂ:-

## ਮੰਨੇ ਕੀ ਗਤਿ ਕਹੀ ਨ ਜਾਇ ॥

ਜਿਨ੍ਹੋਂ ਨੇ ਪ੍ਰਿਥਮ ਤੋ ਕੀਓ ਸਤਿਗੁਰ ਕੋ ਸਬਦ ਆਤਮ ਉਪਦੇਸ਼ ਕੋ ਸ੍ਰਵਣ ਬਹੁ ਮੰਨਨ ਕਰਤ ਹੈਂ, ਤਿਨਾ ਕੋ ਨਾਮ 'ਮੰਨਾ', ਤਿਸ ਕੀ 'ਗਤਿ' ਕਹੀਏ ਪ੍ਰਾਪਤਿ, ਸੋ ਕਿਸੇ ਰੀਤਿ ਸੇ ਕਹੀ ਨਹੀਂ ਜਾਤੀ ਹੈ। ਐਸੀ ਕੌਨ ਵਸਤੂ ? ਪਰਮਾਨੰਦ ਕੀ ਪ੍ਰਾਪਤਿ, ਸੋ ਤੋ ਮਨ ਬਾਣੀ ਕਾ ਪਰ ਹੈ, ਮਨ ਬਾਣੀ ਤਹਾਂ ਪਹੁੰਚ ਨਹੀਂ ਸਕਤ ਹੈ। ਪ੍ਰਮਾਣ ਇਸ ਪਰ ਬੇਦ ਕੋ: 'ਯਤੋ ਵਾਚੋ ਨ ਵਰਤੰ ਅਪ੍ਰਾਪਮਨਸਾਸਹਾ।' ਇਤਿ ਸ੍ਰੁਤੇ।

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇਕਰਿ ਕੋਈ ਕਹੈ ਮੰਨੇ ਕੀ ਪ੍ਰਾਪਤਿ ਸੰਪੂਰਨ ਕੋ ਮੈ ਕਹਿਤਾ ਹੂੰ ਸੋ ਕਹਤ ਕਹਤ ਪੀਛੈ ਸੇ ਪਛੁਤਾਵੈਗੋ, ਜੋ ਕਹਿਨੇ ਬਿਖੇ ਨਹੀਂ ਆਵਤ ਹੈ; ਸੰਪੂਰਨ ਤੌ ਕਿਉਹੂੰ ਨਹੀਂ ਕਹਿ ਸਕੈਗੋ।

## ਕਾਗਦਿ ਕਲਮ ਨ ਲਿਖਣਹਾਰੁ ॥

ਪ੍ਰਿਥਵੀ ਆਦਿ ਜੇ ਸਰਬ ਕਾਗਦ ਕਰੀਏ, ਕਲਮ ਜੋ ਲਿਖਣ ਹੈ ਸੋ ਸਰਬ ਬਨਾਸਪਤੀ ਕਰੀਏ, ਲਿਖਣਹਾਰ ਲਿਖਾਰੀ ਗਣੇਸ ਜੀ ਕਰੀਏ, ਇਨ ਤੀਨੋਂ ਕੀ ਇਹ ਤੀਨ ਹੀ ਅਵਧਿ ਹੈਂ, ਸੋ ਇਨ ਤੇ ਤੌ ਇਹ ਲਿਖੀ ਨਹੀਂ ਜਾਤ ਹੈ। ਇਨ ਤੇ ਉਪ੍ਰੰਤ ਔਰ ਕੌਨ ਗਨੀਏ ? ਯਾਂਹੀ ਤੇ ਕਹਜੋ ਹੈ: ਨਾ ਕਾਗਦ ਹੈ, ਨਾ ਕਲਮ ਹੈ, ਨਾ ਲਿਖਾਰੀ ਹੈ।

## ਮੰਨੇ ਕਾ ਬਹਿ ਕਰਨਿ ਵੀਚਾਰੁ ॥

ਮੰਨੇ ਕੇ ਅਨੰਦ ਕਾ ਬੈਠ ਕਰਿ ਬੀਚਾਰ ਕਹੀਏ 'ਗਿਨਤੀ' ਜੇ ਕਰੈਂ ਸੋ ਕਜੋਂਹੂੰ ਨਹੀਂ ਹੋ ਸਕਤ ਹੈ। ਇਤਿਜਰਥ।

ਇਨ ਚਾਰਨ ਹੂੰ ਤੁਕਨ ਮੇਂ ਕਾਵ੍ਯਲਿੰਗ ਅਲੰਕਾਰ। ਸਮਰਥਨੀਯ ਤੋ ਇਹ ਜੋ ਮੰਨੇ ਕੀ ਪ੍ਰਾਪਤਿ ਕਹੀ ਨਹੀਂ ਜਾਤ ਹੈ। ਸਮਰਥਨ ਪਿਛਲੀ ਤੁਕਨ ਸੋਂ ਕਰਜੋ। ਨਾ ਕੋਈ ਕਹਿਨਨਵਾਰੋ ਹੈ, ਨਾ ਕਾਗਦ ਹੈ, ਨਾ ਕਲਮ ਹੈ, ਨਾ ਲਿਖਣਹਾਰ ਹੈ, ਯਾਂਤੇ ਕਾਵ੍ਯਲਿੰਗ। ਦੂਸਰੋ ਅਲੰਕਾਰ ਉਕਤਨਿਮਿਤਾਵਿਸ਼ੇਸ਼ੋਕਤਿ ਹੈ। ਕਹਨਵਾਰੇ ਕਾਰਨ ਤਿਨ ਤੇ ਮੰਨੇ ਕੀ ਗਤਿ ਕਹਨੀ ਸੋ ਕਾਰਜ ਨਹੀਂ ਭਯੋ, ਨਾ ਕਾਗਦ ਹੈ ਨਾ ਕਲਮ ਹੈ ਨਾ ਲਿਖਨਵਾਰੋ ਹੈ, ਯਾਂਤੇ ਨਹੀਂ ਕਹੀ ਜਾਤ ਹੈ, ਯਾਂਤੇ ਉਕਤਿ ਨਮਿਤਾਵਿਸ਼ੇਸ਼ੋਕਤਿ ਹੋਤ ਹੈ।

ਏਕ ਤੋ ਅਰਥ ਇਨ ਤੁਕਨ ਕੇ ਸੁਖੇਨ ਰੀਤਿ ਸੋਂ ਐਸੇ ਹੈ, ਔਰ ਦੂਸਰੋ ਅਰਥ ਗੁਰੂ ਜੀ ਕੋ ਧਰਜੋ ਹੋਯੋ ਕਠਨ ਰੀਤਿ ਸੋਂ ਹੈ, ਅਬ ਸੋਈ ਕਹਤ ਹੈਂ:-

## ਮੰਨੇ ਕੀ ਗਤਿ ਕਹੀ ਨ ਜਾਇ ॥

ਇਸ ਅਰਥ ਮੈਂ ਗੁਰੂ ਜੀ ਮਨਨ ਕੋ ਰੂਪ ਦਿਖਾਵਤ ਹੈਂ। ਮੰਨੇ ਕੇ ਨਕਾਰ ਤੇ ਇਕਾਰ ਨਿਕਸੇ 'ਮੰਨ ਏਕੀ ਗਤਿ' ਹੋਤ ਹੈ। ਏਕ ਹੀ ਬਿਖੇ ਗਤਿ' ਪ੍ਰਾਪਤਿ ਕਰੀ ਹੈ ਮਨ ਕੀ, ਨਾਨੱਤ੍ਵ ਕੋ ਤਜਾਗਕਰਿ, ਸੈ 'ਮੰਨਾ', 'ਕਹੀ ਨਾ ਜਾਇ' ਯਾ ਕੋ ਅਰਥ:-ਬਹੁਰੋ ਮਨ ਕਹੂੰ ਨਹੀਂ ਜਾਤ ਹੈ। ਮਾਯਾ ਰਚਤ ਜੋ ਜਗਤ ਮੈਂ ਅਨੇਕਤਾ ਹੈ, ਤਿਸ ਕੇ ਸੰਕਲਪ ਉਠਾਵਨ ਤੇ ਮਿਟ ਜਾਤ ਹੈ, ਮਨ ਤੇ ਅਮਨ ਹੋਤ ਹੈ। ਮਨਨ ਕੋ ਅਰਥ ਭੀ ਯਹੀ ਹੈ = ਮਨ ਨਾ ਹੋਇ ਸੋ ਮਨਨ ! ਮਨਸਾ ਸਰਬ ਮਨ ਬਿਖੇ ਹੀ ਸਮਾਏ। ਸੋਈ ਤੁਕਨਿ ਕੋ ਅਰਥ ਭਯੋ। ਮੰਨੇ ਕੀ ਗਤਿ = ਮੰਨੇ ਨੇ, 'ਕੀ' ਕੋ ਅਰਥ 'ਕਰੀ ਹੈ', 'ਗਤਿ' ਕਹੀਏ 'ਨਸ਼ਟ', ਮਨ ਕੀ ਬ੍ਰਿਤੀ; ਜੋ ਬ੍ਰਿਤਿ ਦ੍ਵੈਤ ਕੇ ਸੰਕਲਪ ਵਿਕਲਪ ਕਰਤ ਹੁਤੀ ਤਿਸ ਕੋ ਕਰਜੋ ਹੈ ਨਾਸ਼। ਸੋ

ਫੇਰ ਕਹੂੰ ਨਹੀਂ ਜਾਤ ਹੈ। ਜਬ ਐਸੇ ਭਯੇ ਤਬ ਕਿਆ ਸਮਝਤ ਹੈ ? ਸੋਈ ਬਤਾਵਤ ਹੈਂ:--

## ਜੇਕੋ ਕਹੈ ਪਿਛੈ ਪਛੁਤਾਇ ॥

ਜਕਾਰ ਤੇ ਅਕਾਰ ਨਿਕਸੇ 'ਜ ਏਕੋ' ਹੋਤ ਹੈ, ਕਕਾਰ ਤੇ ਉਕਾਰ ਨਿਕਸੇ 'ਓਕ' ਭਯੋ, ਹੈ ਕੋ ਅਰਥ ਅਸਤਿ । 'ਜ ਏਕ ਓਕ ਅਸਤਿ' ਹੁਤੋ। ਜੀਵ ਈਸ਼ਰ ਕੋ ਏਕ ਓਕ ਕਹਾਂ, ਏਕ ਸਥਾਨ ਹੁਤੋ ਸਤ । 'ਪਿਛੈ ਪਛੁਤਾਇ' = ਪਿਛਲੀ ਆਰਬਲਾ ਜੋ ਬੀਤ ਗਈ ਹੈ ਤਿਸ ਕੋ ਪਛੁਤਾਵਤ ਹੈ: ਜੋ ਅਪਨਾ ਆਪ ਮੈਂ ਤਨ ਆਦਿ ਕੋ ਮਾਨਿ ਅਨੇਕ ਦੁਖ ਕੇ ਭਾਗੀ ਭਯੋ, ਅਰੁ ਮੇਰੋ ਸਰੂਪ ਤੌ ਔਰ ਹੁਤੋ; ਜੈਸੇ ਬਾਲਕ ਲੀਲਾ ਮੈਂ ਮ੍ਰਿਤਕਾ ਕੇ ਦੁਰਗ, ਘੋੜੇ, ਹਾਥੀ[1], ਤਿਨ੍ਹੋਂ ਕੇ ਮਮੱਤ ਕੋ ਧਾਰਿ ਦੁਖ ਸੁਖ ਮਾਨਤ ਹੈ, ਜਬ ਸਿਆਨੋ ਹੋਤ ਹੈ ਤਬ ਜਾਨਤ ਹੈ: ਯਹ ਤੋ ਕੁਛ ਭੀ ਵਸਤੁ ਨਹੀਂ, ਜਿਸ ਕੇ ਬਿਖੇ ਮੈਂ ਦੁਖ ਸੁਖ ਮਾਨਤ ਹੁਤੋ। ਐਸੇ ਜਾਨਿਯੈ।

## ਕਾਗਦਿ ਕਲਮ ਨ ਲਿਖਣਹਾਰੁ ॥

'ਕਾ' ਕੋ ਅਰਥ 'ਕਿਆ'। ਬ੍ਰਿਜਭਾਖਾ ਮੈਂ 'ਕਿਆ' ਕੋ 'ਕਾ' ਕਹਤ ਹੈਂ। ਕਿਸੇ ਕੋ ਬੂਝਤ ਹੈਂ: ਕਾ ਤੁਮਾਰੇ ਪਾਸ ਹੈ ? 'ਗਦ' ਨਾਮ ਰੋਗ ਕੋ; ਕਿਆ ਦੁਖ ਹੈ ? ਤਿਨ ਕੇ ਕਾਕੋਕਤਿ ਸੋਂ ਕੋਈ ਭੀ ਨਹੀਂ ਦੁਖ ਰਹਤ ਹੈ, ਤੀਨੋਂ ਤਾਪ ਬਿਖੈ ਤੇ। ਕਿਆ ਕੋ ਅੰਨ੍ਹੈ 'ਕਲ' ਸੋ ਭੀ। ਕਿਆ ਕਲ ਹੈ ਤਿਨ ਕੇ ਮਨ ਕੋ ? ਕਾਕੋਕਤਿ ਸੋਂ ਕਲਨਾ[2] ਭੀ ਨਹੀਂ; ਕਲਨਾ ਜੋ ਰਾਗ ਦ੍ਵੈਸ਼ ਕੀ ਹੁਤੀ ਤਿਸ ਤੇ ਮਨ ਸ਼ਾਂਤਿ ਹੋਯੋ ਹੈ। ਐਸੇ ਜਬ ਭਯੇ ਤਬ ਲਿਖਣਹਾਰ ਲਿਖਣ ਪਦੁ ਤੇ ਲਿਖਣਵਾਰੇ ਕੋ ਅਧਯਾਹਾਰ ਊਪਰ ਤੇ। ਲਿਖਨ ਵਾਰੋ ਕ੍ਰਮ ਸੁਭਾਸ਼ੁਭ ਜੋ ਲਿਖਤ ਹੈ ਚਿਤ੍ਰ ਗੁਪਤ, ਸੋ ਹਾਰ ਜਾਤ ਹੈ। ਅਰਥ ਏਹ ਕਿ ਫੇਰ ਨਹੀਂ ਲਿਖਤ ਹੈ; ਲਿਖਨ ਤੋ ਕਰਮਨ ਕਾ ਅਹੰਤਾ ਸਮੇਤ ਹੁਤੋ। ਅਹੰ ਕਰਤਾ, ਅਹੰ ਭੁਗਤਾ, ਸੋ ਅਹੰ ਤਨ ਆਦਿ ਕੋ ਨਹੀਂ ਮਾਨਤ ਹੈ, ਯਾਂਤੇ ਲਿਖਨ ਤੇ ਹਟ ਜਾਤ ਹੈ।

## ਮੰਨੇ ਕਾ ਬਹਿ ਕਰਨਿ ਵੀਚਾਰੁ ॥

ਮੰਨੇ ਕੇ ਨਕਾਰ ਤੇ ਇਕਾਰ ਨਿਕਸੇ 'ਮੰਨ ਏਕਾ'। ਕਕਾਰ ਤੇ ਅਕਾਰ ਨਿਕਸੇ 'ਮੰਨ ਏਕ ਅਬਹਿ' ਹੋਤ ਹੈ। ਮੰਨਕੈ ਮਨ ਕੋ ਏਕ ਕੇ ਬਿਖੇ ਬਹੁਰੋ ਮਨ ਅਬਹਿ ਹੋਤ ਹੈ। ਮਨ ਕੋ ਪ੍ਰਵਾਹ ਜੋ ਹੁਤੋ ਜਗਤ ਦਿਸ਼ ਤਿਸ ਤੇ ਅਬਹਿ ਹੋਕਰਿ ਠਹਿਰ ਜਾਤ ਹੈ। 'ਕਰਨਿ ਵੀਚਾਰੁ' = ਫੇਰ ਬੀਚਾਰਨਿ ਲਗ ਪਰਤ ਹੈ, ਸਜਾਤੀ ਪ੍ਰਵਾਹ ਮੈਂ ਪਰਤ ਹੈ, ਵਿਜਾਤੀ ਪ੍ਰਵਾਹ ਕੋ ਤਜਾਗਤ ਹੈ। ਇਤਰਰਥ। ਇਸ ਅਰਥ ਮੈਂ ਪ੍ਰਯਾਯ ਅਲੰਕਾਰ।

ਲੱਛਣ–ਇਕ ਕੇ ਆਸ਼੍ਰਯ ਹੋਇ ਅਨੇਕ।
ਕਿਧੌਂ ਬਹੁਤ ਕੇ ਆਸ਼੍ਰੈ ਏਕ।
ਦ੍ਵੈ ਬਿਧਿ ਕੋ ਭੂਖਨ 'ਪਰਯਾਯ'।
ਜਾਨਤ ਹੈਂ ਯੋ ਕਵਿ ਸਮੁਦਾਇ।

---

੧. ਮਿੱਟੀ ਦੇ ਕਿਲ੍ਹੇ, ਘੋੜੇ, ਹਾਥੀ ਖਿਡੌਣੇ। ੨. ਕਲਪਨਾ।

ਇਹਾਂ ਏਕ ਮਨ ਕੇ ਅਨੇਕ ਆਸ਼ਰੇ: ਪ੍ਰਿਥਮ ਦ੍ਵੈਤ ਹੁਤੀ, ਫੇਰ ਆਸ਼ਰੋ ਅਦ੍ਵੈਤ ਭਈ, ਯਾਂਤੇ ਪਰਯਾਯ ।

## ਐਸਾ ਨਾਮੁ ਨਿਰੰਜਨੁ ਹੋਇ ॥

ਐਸਾ ਨਾਮ ਨਿਰੰਜਨ ਕਾ ਹੈ। ਪ੍ਰਸ਼ਨ–ਇਸ ਤੁਕ ਮੈਂ 'ਹੋਇ' ਜੋ ਪਦ ਹੈ ਸੋ ਭਵਿਖਤ ਕਾਲ ਕੋ ਬਾਚੀ ਹੈ, ਅਰਥ ਜਾਂਕੋ ਬਰਤਮਾਨ ਕਾਲ ਕੋ ਭਯੋ ? ਇਤਆਸ਼ੰਕਾ। ਜੇ ਕੋ ਇਸ ਹੀ ਅਰਥ ਪਰ ਹਠ ਕਰੈ, ਤਹਾਂ ਅਵਾਚਕ ਦੋਖ ਆਵਤ ਹੈ।

ਲੱਛਣ--ਹੇਤ ਅਰਥ ਕੇ ਜੋ ਪਦ ਧਰਿਹੀ।
ਕਹੈ ਨ ਤਿਹ ਸੁ ਅਵਾਚਕ ਰਹਿਹੀ।

'ਹੋਇ' ਪਦ ਭੂਤ ਕਾਲ ਕੋ, ਯਾ ਬਰਤਮਾਨ ਕਾਲ ਕੋ ਨਹੀਂ ਦਜੇਕਤ ਹੈ; ਭਵਿਖਤ ਕੋ ਹੈ, ਯਾਂਤੇ ਅਵਾਚਕ ਦੋਖ। ਇਸੀ ਹੇਤ ਤੇ ਜਾਣੀਤਾ ਹੈ ਜੋ ਗੁਰ ਜੀ ਕੋ ਇਸ ਤੁਕ ਮੈਂ ਅਰਥ ਔਰ ਧਰਜੇ ਹੋਯੋ ਹੈ, ਸੋਈ ਪ੍ਰਗਟਾਵਤ ਹੈ:–ਇਸੀ ਦੂਖਨ ਕੇ ਹਟਾਵਨ ਹਿਤ ਐਸੇ ਮਨਨ ਹੈ, ਜੈਸੇ ਪੀਛੈ ਕਹਿ ਆਏ ਹੈਂ; ਪ੍ਰੰਤੂ ਕਬ ਹੈ 'ਨਾਮੁ ਨਿਰੰਜਨੁ ਹੋਇ ?' 'ਨਾਮੁ' ਕੇ ਅਰਥ 'ਨਾਮੈ' ਹੈ ਅਹੰਤਾ ਬਿਹੀਨ ਹੋਇ। 'ਨਿਰੰਜਨ' ਕੇ ਅਰਥ ਅੰਜਨ ਜੋ ਮਾਯਾ, ਤਿਸ ਤੇ ਬਿਨਾ ਹੋਇ। ਹੋਇ ਕੋ ਅੰਨ੍ਵੈ ਨਾਮ ਸੋਂ ਭੀ, ਨਿਰੰਜਨ ਸੋਂ ਭੀ; ਵਾ ਐਸਾ ਅਰੁ ਹੋਇਕੈ ਅੰਨ੍ਵੈ ਐਸਾ ਹੋਇ ਨਾਮੈ ਔ ਨਿਰੰਜਨ, ਐਸੇ ਜਬ ਮਨ ਕੀ ਬਿਤਿ ਹੋਇ ਤਬ ਜਾਨੀਏ ਜੋ ਮਨਨ ਅਬ ਪ੍ਰਾਪਤ ਭਯੋ ਹੈ। ਜੇ ਕੋਈ ਐਸੇ ਕਹੈ: ਨਿਰੰਜਨ ਪਦ ਸਿਖ ਕੋ ਉਪਦੇਸ਼ ਕਹੂ ਨਹੀਂ ਕਹਜੇ, ਤਿਸੁ ਪਰ ਪ੍ਰਮਾਣ:–

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥
[ਸੂਹੀ ਮਹਲਾ ੧-੮

ਇਸ ਤੁਕ ਮੈਂ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

ਜੇ ਕੋਈ ਮਨ ਬਿਖੇ ਜਾਣੈ ਅਰ ਮੰਨੈ ਕੋਈ। ਪ੍ਰਸ਼ਨ–ਈਹਾਂ ਭੀ ਪੁਨਰੁਕਤ ਦੋਸ਼ ਆਵਤ ਹੈ, ਏਕ ਤੌ 'ਕੋ' ਆਦਿ ਮੇਂ ਹੈ, ਦੂਸਰੋ 'ਕੋਈ' ਅੰਤ ਮੇਂ ਹੈ; ਜੇ ਐਸੇ ਅਰਥ ਕਰੀਏ: ਕੋਈ ਮਨ ਵਿਖੇ ਜਾਣੈ ਅਰ ਕੋਈ ਮੰਨੈ, ਦੋਨੋਂ ਪਦ ਦੋ ਪੁਰਖ ਪਰ ਲਗਾਈਏ ਤੌ ਭੀ ਆਛੇ ਅਰਥ ਨਹੀਂ ਬਨਤ ਹੈ। ਜਿਸ ਨੇ ਮਨ ਕੇ ਬਿਖੇ ਜਾਣਨੋ ਹੈ ਤਿਸਨੈ ਹੀ ਮਾਨਣੋ ਹੈ। ਜਿਸ ਨੇ ਮਾਨਣੋ ਹੈ ਤਿਸ ਨੇ ਹੀ ਜਾਨਣੋ ਹੈ, ਜਾਨਣੋ ਅਰ ਮਾਨਣੋ ਭਿੰਨ ਭਿੰਨ ਨਹੀਂ ਹੋਇੰਗੇ। ਇਸ ਦੋਸ਼ ਤੇ ਗੁਰੂ ਜੀ ਕੋ ਅਰਥ ਧਰਜੇ ਹੋਯੋ ਔਰ ਹੀ ਹੈ, ਸੋਈ ਕਹਤ ਹੈ:—'ਜੇ' ਮੈਂ ਤੇ ਇਕਾਰ ਨਿਕਸੇ 'ਜ ਇਕੋ' ਬਿਖੇ ਮਨਨ ਕਰੇ ਤੌ ਮਨ ਮੈਂ ਜਾਣੇ ਕੋਈ, ਇਸ ਰੀਤਿ ਕੇ ਅਰਥ ਕਰਣੇ ਮੈਂ ਸਰਬ ਖਟ ਤੁਕਨਿ ਮੈਂ ਮਨਨ ਕੋ ਹੀ ਰੂਪ ਪ੍ਰਕਾਸ਼ਜੇ, ਔਰ ਅਰਥਨ ਮੈਂ ਨਹੀਂ ਬਨਤ ਹੈ। ਇਤਜਰਥ।

ਇਸ ਤੁਕ ਮੈਂ ਯਮਕਾਲੰਕਾਰ ਹੈ, ਮਨ ਮਨ ਪਦ ਦੋ ਬੇਰ ਆਯੇ, ਅਰਥ ਭਿੰਨ

ਭਿੰਨ ਭਯੋ: ਏਕ ਮਨਨ ਕੋ, ਦੂਸਰੋ ਮਨ ਕੋ। 'ਕੋ, ਕੋਇ' ਪਦ ਮੈਂ ਪੁਨਰੁਕਤਿਵਦਾਭਾਸ ਅਲੰਕਾਰ ਭੀ ਹੈ।

[ਪਉੜੀ ਤੇਰਵੀਂ]

ਅਬ ਮਨਨ ਕੋ ਫਲ ਬਤਾਵਤ ਹੈਂ।

## ਮੰਨੈ ਸੁਰਤਿ ਹੋਵੈ ਮਨਿ ਬੁਧਿ ॥

ਮੰਨਨ ਕਰਨ ਕੋ ਨਾਉ ਮੰਨੈ, ਮਨਨ ਕਰਨ ਤੇ ਸੁਰਤ ਸੁਿਸ਼੍ਰਤ ਕਹੀਏ ਪ੍ਰੀਤੀ ਮਨ ਬਿਖੇ ਅਰ ਬੁਧਿ ਵਿਖੇ ਹੁਇ ਆਵਤ ਹੈ । ਸੋ ਪ੍ਰੀਤਿ ਕੌਨ ? ਬ੍ਰਹਮ ਕੇ ਬਿਚਾਰ ਕੀ ਆਛੀ ਪ੍ਰੀਤ ਹੁਇ ਆਵਤ ਹੈ । ਜਿਤ ਦਿਸ਼ ਸੰਕਲਪ ਮਨ ਉਠਾਵਤ ਹੈ ਤਹਾਂ ਬ੍ਰਹਮ ਕੇ ਬਿਨਾ ਔਰ ਨਹੀਂ ਕਛੂ ਜਾਨਤ ਹੈ । ਬੁਧਿ ਜਿਸ ਕੋ ਨਿਸ਼ਚਾ ਕਰਤ ਹੈ ਸੋ ਬ੍ਰਹਮ ਤੇ ਬਿਨਾ ਨਿਸ਼ਚਾ ਔਰ ਕਾਹੂੰ ਕੋ ਨਹੀਂ ਕਰਤ ਹੈ । ਸੰਤੋਂ ਕੇ ਮਤਿ ਮੈਂ ਯਹੀ ਆਛੀ ਪ੍ਰੀਤਿ ਹੈ, ਜੋ ਲੋਕ ਪ੍ਰਲੋਕ ਮੈਂ ਸੁਖ ਦੇਤ ਹੈ, ਔਰ ਕੋ ਆਛੀ ਨਹੀਂ ਮਾਨਤ ਹੈਂ । ਦੁਤਿਯਰਥ:- ਸੁਿਸ਼੍ਰਤ ਪ੍ਰੀਤਿ ਸਰਗੁਣ ਸਰੂਪ ਜੋ ਚਤੁਰਭੁਜ ਸ਼ਯਾਮ ਸੁੰਦਰ ਹੈ ਤਿਸ ਕੇ ਵਿਖੇ ਹੋਇ ਜਾਤ ਹੈ ਮਨ ਕੀ ਅਰ ਬੁਧਿ ਕੀ । ਤ੍ਰਿਤਯਰਥ:-ਸੁਰਤਿ ਨਾਮ ਗੁਰੂ ਜੀ ਕੀ ਬਾਣੀ ਮੈਂ ਸੋਝੀ ਕੋ ਭੀ ਹੈ । ਲੋਕ ਭੀ ਆਪ ਬੋਲਤੇ ਕਹਤੇ ਹੈਂ ਜੋ 'ਤੁਝ ਕੋ ਇਸ ਬਾਤ ਕੀ ਸੁਰਤਿ ਹੈ ਕਿ ਨਹੀਂ ਹੈ ?' ਮਨ ਕੋ ਅਰੁ ਬੁਧਿ ਕੋ ਸੋਝੀ, ਆਪਨੇ ਸਰੂਪ ਜੋ ਬ੍ਰਹਮ, ਤਿਸ ਕੀ ਹੋਇ ਆਵਤ ਹੈ; ਜੋ ਭੂਲਜੋ ਹੋਯੋ ਹੁਤੋ ਸੋ ਅਬ ਜਾਨਜੋ । ਚਤੁਰਥਅਰਥ:-ਮਨਨ ਕਰਨੇ ਤੇ ਮਨ ਕੀ ਅਰ ਬੁਧਿ ਕੀ ਸੋਝੀ ਹੁਇ ਜਾਤ ਹੈ: ਜੋ ਮਨ ਕੋ ਇਹ ਸਰੂਪ ਹੈ, ਬੁਧਿ ਇਸ ਕੋ ਕਹਤ ਹੈਂ । ਜਬ ਅੰਤ੍ਰਮੁਖ ਬ੍ਰਿਤਿ ਹੈ ਤਬ ਹੀ ਜਾਨਤ ਹੈ । ਜੇ ਕੋਈ ਕਹੈ ਮਨ ਕੀ, ਬੁਧਿ ਕੀ, ਹੀ ਸੋਝੀ ਹੋਤ ਹੈ, ਅਪਰ ਕੀ ਖਬਰ ਤੌ ਕੁਛ ਤਿਨ ਕੋ ਨਹੀਂ ਹੋਇਗੀ, ਤਿਸ ਪਰ ਸਾਹਿਬ ਜੀ ਕਹਤ ਹੈਂ:-

## ਮੰਨੈ ਸਗਲ ਭਵਣ ਕੀ ਸੁਧਿ ॥

ਮਨਨ ਕਰਨ ਤੇ ਸਗਲ ਭਵਨ ਕੋ ਅਰਥ ਚੌਦਹਿ ਲੋਕ, ਤਿਨ ਕੀ 'ਸੁਧਿ' ਕਹੀਏ 'ਗਯਾਤ' ਹੋਇ ਆਵਤ ਹੈ। ਜੋ ਐਸੇ ਪ੍ਰਾਨੀ ਤਿਨ ਕੇ ਬਿਖੇ ਰਹਿਤ ਹੈਂ ਐਸੇ ਕਰਮ ਕਰਿ ਤਹਾਂ ਪਹੁੰਚਤ ਹੈਂ, ਇਸ ਰੀਤਿ ਕੋ ਤਹਾਂ ਬਿਵਹਾਰ ਹੈ, ਵਾ ਜਿਸ ਰੀਤਿ ਚੌਦਹ ਲੋਕ ਕੀ ਉਤਪਤਿ ਭਈ ਸੋ ਜਾਨ ਜਾਤ ਹੈਂ । ਦੁਤਿਯਰਥ:-ਖਟੁ ਸ਼ਾਸਤ੍ਰਨ ਕੇ ਖਟ ਹੀ ਭਵਣ ਕਹੀਏ ਘਰ ਹੈਂ । ਪ੍ਰਮਾਣ:-

ਛਿਅ ਘਰ ਛਿਅ ਗੁਰ ਛਿਅ ਉਪਦੇਸ ॥

[ਆਸਾ ਮਹਲਾ ੧

ਖਟ ਸ਼ਾਸਤ੍ਰਨ ਕੋ ਜੋ ਮਤਿ ਹੈ, ਜਿਸ ਪਰ ਸਿੱਧਾਂਤ ਸਰਬ ਕਰਤ ਹੈਂ, ਤਿਨ ਸਰਬ ਕੋ ਜਾਨ ਜਾਤ ਹੈ । ਤ੍ਰਿਤਿਯਰਥ:-ਸੰਪੂਰਨ ਜੋ ਘਰ ਹੈਂ ਬ੍ਰਹਮੰਡ ਬਿਖੇ ਅਗਮ ਵਾ ਸੁਗਮ, ਤਿਨ ਸਰਬ ਕੀ 'ਸੁਧਿ' ਕਹੀਏ ਅੰਤਰਜਾਮਤਾ ਹੁਇ ਆਵਤ ਹੈ। ਏਕ ਸਥਾਨ ਮੈਂ ਬੈਠੇ ਸਭਨ ਕੀ ਸੁਧ ਬਤਾਇ ਦੇਤ ਹੈ । ਚਤੁਰਥਅਰਥ:—ਭਵਣ ਨਾਮ ਭ੍ਰਮਣ ਕੋ, ਮਨ ਕੋ

ਅਧਜਹਾਰ ਊਪਰ ਸੋਂ ਭ੍ਰਮਣ ਪਦ ਤੇ, ਸਗਲ ਕਹੀਏ ਸਰਬ ਮੈਂ ਜੋ ਭ੍ਰਮਤ ਹੁਤੋ ਮਨ ਤਹਾਂ ਤਹਾਂ ਕੀ ਸੁਧਿ ਹੋਇ ਆਈ ਹੈ, ਕਿਆ ? ਇਹ ਸਰਬ ਅਨਿੱਤ ਹੈਂ, ਏਕ ਆਤਮਾ ਸਰਬ ਬਜਾਪੀ, ਸੋ ਨਿਤ ਹੈ ਔਰ ਸਭਨ ਕੋ ਨਾਸ਼ਵੰਤ ਜਾਣ ਕਰਿ ਭ੍ਰਮਣ ਤੇ ਮਨ ਮਿਟ ਗਯੋ।

## ਮੰਨੈ ਮੁਹਿ ਚੋਟਾ ਨਾ ਖਾਇ॥

ਜੋ ਮਨਨ ਕਰਤ ਹੈਂ ਤਿਨ੍ਹੋਂ ਕੇ ਮੁਖੁ ਪਰ ਚੋਟ ਜੋ ਹੈ ਜਮਦੂਤਨ ਕੀ ਸੋ ਨਹੀਂ ਲਾਗਤ ਹੈ। ਜੋ ਕੋਟਾਨ ਕੋਟ ਜਨਮ ਧਾਰ ਕਰਿ ਮ੍ਰਿਤ ਸਮੇਂ ਮੈਂ ਮਾਰ ਹੁਤੀ ਸੋ ਹਟ ਜਾਤ ਹੈ। ਦੁਤਿਯਰਥ:– 'ਮੁਹਿ ਨਾ, ਚੋਟ ਨਾ' ਨਕਾਰ ਦੋਊ ਪਦਨ ਸੈਂ ਲਗਜੋ। 'ਮੁਹੇ' ਲੂਟਨ ਕੋ ਨਾਮ। ਪ੍ਰਮਾਣ:--

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥

[ਆਸਾ ਵਾਰ ਮ: ੧--੧੭

ਨ ਲੂਟਜੋ ਹੀ ਜਾਤ ਹੈ ਨਾ ਚੋਟ ਹੀ ਖਾਤ ਹੈ। ਜਮ ਮਾਰਗ ਮੈਂ ਲੋਕ ਲੂਟੇ ਜਾਤ ਹੈਂ। ਸੁਭ ਕਰਮ ਜੋ ਕਰੇ ਹੂਏ ਹੈਂ ਸੋ ਰਾਹ ਕੇ ਬਿਖੇ ਲੇਤ ਹੈਂ, ਜੋ ਅਮਕੋ ਕਰਮ ਤੈਨੇ ਕਰਿਓ ਹੈ ਸੋ ਦੇਹ ਤਿਸ ਕੋ ਮੋਲ ਏਕ ਕਟੋਰਾ ਪਾਨੀ ਕੋ ਹਾਥ ਆਵੇਗੋ, ਸੋ ਤ੍ਰਿਖਾਤੁਰ ਹੂਏ ਦੇਤ ਹੈਂ। ਇਸੀ ਰੀਤਿ ਅਹਾਰ ਕੇ ਹੇਤ ਛੁਧਾਤੁਰ ਹੋਇ ਦੇਤ ਹੈਂ। ਤਪਤ ਕੇ ਬਿਖੇ ਛਾਉਂ ਕੇ ਹੇਤ ਦੇਤ ਹੈਂ। ਜੇ ਕੋਈ ਇਸ ਬਾਤ ਕੋ ਨਹੀਂ ਮਾਨੈ ਤਿਸੁ ਪਰ ਪ੍ਰਮਾਣ ਸ੍ਰੀ ਗ੍ਰੰਥ ਜੀ ਕੇ:—

ਜਿਹ ਪੈਂਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥੧॥ ਸਤਿਗੁਰ ਪੂਰੈ
ਸਾਚੁ ਕਹਿਆ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ॥
੧॥ ਰਹਾਉ॥ ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥੨॥

[ਆਸਾ ਮਹਲਾ ੫--੯੧

ਅਰਥ:--ਪਨਿਹਾਰੀ=ਪਾਨ ਜੋ ਤੰਬੂਲ ਤਿਸ ਕੀ ਵਣਜੋਟੀ, ਜੋ ਏਕ ਦੇਸ ਤੇ ਲੇ ਕਰ ਦੂਸਰੇ ਦੇਸ ਜਾਇ ਬੇਚਤ ਹੈ, ਪੰਥ ਕੇ ਬਿਖੇ ਬਟਵਾਰੇ ਸੋ ਲੂਟ ਲੇ ਜਾਤ ਹੈਂ, ਤੈਸੇ ਸੁਭ ਕਰਮ ਅਹੰਤਾ ਸਮੇਤ ਕਰਨਹਾਰੇ ਜਮ ਮਾਰਗ ਮੈਂ ਲੂਟੇ ਜਾਤ ਹੈਂ, ਜੋ ਮਨਨ ਕਰਨਹਾਰੇ ਹੈਂ ਇਸੀ ਰੀਤਿ ਸੇ ਸੋ ਮੁਹੇ ਨਹੀਂ ਜਾਤ ਹੈਂ, ਪੂੰਜੀ ਸਾਬਤ ਲੈ ਕੈ ਪਹੁੰਚਤ ਹੈਂ। ਸੋ ਚੋਟ ਭੀ ਜਮਦੂਤਨ ਕੀ ਨਹੀਂ ਖਾਤ ਹੈਂ। ਜੇ ਕੋਈ ਕਹੇ ਲੂਟੇ ਨਹੀਂ ਜਾਤ ਹੈਂ ਅਰ ਚੋਟ ਜਮਦੂਤਨ ਕੀ ਨਹੀਂ ਖਾਤ ਹੈਂ, ਸੰਗ ਤੌ ਜਮਾਂ ਕੇ ਜਾਤ ਹੋਇੰਗੇ ? ਤਿਸ ਪਰ ਕਹਤ ਹੈਂ:--

## ਮੰਨੈ ਜਮ ਕੈ ਸਾਥ ਨ ਜਾਇ॥

ਮਨਨ ਕੇ ਕਰਨਹਾਰੇ ਜੋ ਹੈਂ, ਸੋ ਜਮ ਕੇ ਸੰਗ ਜਮਪੁਰੀ ਨਹੀਂ ਜਾਤ ਹੈ; ਸਨਮਾਨ ਕੇ ਸੰਗ ਬੈਕੁੰਠ ਤੀਕ ਪਹੁੰਚਤ ਹੈਂ। ਜਮ ਕੇ ਸੰਗ ਨਹੀਂ ਜਾਨੇ ਕੋ ਉਪਲਖਨ ਇਹੁ ਹੈ: ਸੁਰਗ ਲੋਕ, ਬ੍ਰਹਮ ਲੋਕ, ਬੈਕੁੰਠ ਤਹਾਂ ਜਾਤ ਹੈਂ। ਇਤਯਰਥ।

ਇਨ ਚਾਰਨ ਹੂੰ ਤੁਕਨ ਮੈਂ ਉਭਯਾਬ੍ਰਿਤਦੀਪਕ ਅਲੰਕਾਰ ਹੈ।

ਲੱਛਣ-ਪਦ ਇਕੁ ਅਰਥ ਆਇ ਬਹੁ ਬਾਰਿ ॥
'ਉਭਯਾਬ੍ਰਿਤ ਦੀਪਕ' ਅਲੰਕਾਰ ॥

ਇਹਾਂ 'ਮੰਨੈ' ਪਦ ਅਨੇਕ ਬਾਰ ਆਯੋ, ਅਰਥ ਵੀ ਵਹੀ ਰਹਯੋ। ਦੂਸਰੋ ਹੇਤਾਲੰਕਾਰ ਭੀ ਹੈ। ਈਹਾਂ ਕਾਰਨ ਮਨਨ ਕਰਨੋ, ਕਾਰਜ ਤਾਂਕੋ ਫਲ ਜੋ ਕਹਯੋ ਸੁ ਲਖਣੋ, ਯਾਂਤੇ ਹੇਤਾਲੰਕਾਰ।

## ਐਸਾ ਨਾਮੁ ਨਿਰੰਜਨੁ ਹੋਇ ॥

ਐਸਾ ਮਨਨ ਹੈ ਜਿਸ ਕੇ ਕਰਨ ਤੇ ਏਤਕ ਫਲ ਹੋਤ ਹੈ, ਪ੍ਰੰਤੂ ਕਬ ਹੋਤ ਹੈ ? ਜਬ ਨਾਮ ਨਿਰੰਜਨ ਹੋਇ=ਹਉਮੈ ਤੇ ਬਿਹੀਨ ਹੋਇ, ਮਾਯਾ ਤੇ ਰਹਤ ਹੋਇ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਜੇ ਇਕੋ ਬਿਖੇ ਮਨਨ ਕਰੇ ਤੌ ਤੋ ਮਨ ਮੈਂ ਜਾਣੇ ਕੋਈ। ਇਤਯਰਥ। ਪਹਿਲੀ ਤੁਕ ਮੈਂ ਨਕਾਰ ਕੀ ਵਰਣ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ, ਦੂਸਰੀ ਤੁਕ ਮੈਂ 'ਕੋ ਕੋਇ' ਤੇ ਦੂਸਰੋ ਯਮਕਾਲੰਕਾਰ ਭੀ ਹੈ। ਮਨ ਮਨ ਦੋ ਵੇਰ ਆਯੋ, ਅਰਥ ਭਿੰਨ ਭਿੰਨ ਭਯੋ; ਏਕ 'ਮਨ' ਕੋ ਅਰਥ ਦੂਸਰੋ 'ਮਨਨ' ਕੋ, ਯਾਂਤੇ ਯਮਕ ਹੈ।

[ਪਉੜੀ ਚੌਧਵੀਂ]

## ਮੰਨੈ ਮਾਰਗਿ ਠਾਕ ਨ ਪਾਇ ॥

ਮਨਨ ਕੇ ਕਰਨਹਾਰੇ ਜੋ ਹੈਂ, ਸੋ 'ਮਾਰਗ' ਜੋ ਰਾਹੁ ਹੈਂ ਬੈਕੁੰਠਾਦਿਕ ਕੇ, ਜਾਣੇ ਬਿਖੈ, 'ਠਾਕਿ' ਜੋ ਹੈ ਹਟਕਾਰ, ਤਿਸ ਕੋ ਨਹੀਂ ਪ੍ਰਾਪਤ ਹੋਤੇ। ਵਾ ਜੋ ਅਗਮ ਥਾਨ ਹੈਂ: ਸਮੁੰਦਰ ਪਰਬਤ ਦੇਵਤੇ ਦੈਂਤਨ ਕੇ, ਤਹਾਂ ਜਾਤਯੋਂ ਕੋ ਕੋਈ ਨਹੀਂ ਹਟਕਤ ਹੈ, ਜਹਾਂ ਜਾਤੇ ਹੈਂ ਤਹਾਂ ਸਨਮਾਨ ਸਹਿਤ ਸੋਹਤ ਹੈਂ।

## ਮੰਨੈ ਪਤਿ ਸਿਉ ਪਰਗਟ ਜਾਇ ॥

ਮਨਨ ਕਰਨਹਾਰੇ ਜੋ ਹੈਂ ਪਤ ਅਬਰੋ ਕੇ ਸਮੇਤ ਪ੍ਰਗਟ ਹੀ ਸਰਬ ਦੇਵਤਿਓਂ ਕੇ ਬਿਖੇ ਪੂਜਾਵਤੇ ਜਾਤ ਹੈਂ, ਵਾ ਇਸ ਲੋਕ ਮੈਂ ਪਤ ਕੇ ਸਮੇਤ ਪ੍ਰਗਟਤ ਹੈਂ। ਜਾਇ ਨਾਮ ਜਗਾ ਕੋ। ਆਪਨੇ ਹੀ ਸਥਾਨ ਮੈਂ ਬੈਠੇ ਸਰਬ ਮੈਂ ਪ੍ਰਗਟ ਹੋ ਜਾਤ ਹੈਂ। ਵਾ ਸਰਬ ਜਾਇ ਸਥਾਨ ਕੇ ਬਿਖੇ ਪ੍ਰਗਟ ਹੋਤ ਹੈਂ।

## ਮੰਨੈ ਮਗੁ ਨ ਚਲੈ ਪੰਥੁ ॥

ਮਨਨ ਕਰਨਹਾਰੇ ਜੋ ਹੈਂ ਸੋ ਮਗਨ ਅਨੰਦ ਬਿਖੇ ਚਲਤੇ ਹੈਂ ਪ੍ਰਲੋਕ ਕੇ ਪੰਥ ਕੋ। ਅਰਥ ਇਸ ਤੁਕ ਮੈਂ ਗੁਰੂ ਜੀ ਕੋ ਧਰਯੋ ਹੋਯੋ 'ਮਗਨ' ਅਨੰਦ ਕੋ ਹੀ ਹੈ; ਜੋ ਮਗ ਕੋ ਔ ਪੰਥ ਕੋ ਦੋਊ ਪਦਨ ਕੋ ਅਰਥ ਰਾਹੁ ਕੋ ਕਰੀਏ ਤੋ ਪੁਨਰੁਕਤ ਦੋਸ਼ ਆਵਤ ਹੈ। ਅਨੰਦਘਨ ਨੇ ਅਰਥ ਕਰਯੋ: ਮਗ ਨਾਮ 'ਇਸਥਾਈ'[1] ਕੋ ਹੈ, ਤਿਸ ਮੈਂ ਭੀ ਸ਼ੰਕਾ

---

੧. ਟਿਕਾਉ ਸਥਿਤੀ।

ਉਠਤ ਹੈ। ਪੂਰਬ ਕੀ ਦੋਊ ਤੁਕਮ ਮੈਂ ਮਨਨ ਕਰਨਹਾਰੇ ਕੋ 'ਜਾਨੋ' ਲਿਖਜੇ, ਈਹਾਂ ਇਸਥਿਤ ਕਹਜੇ, ਬਿਰੋਧ ਅਰਥ ਹੋਤ ਹੈ। ਨਹੀਂ ਆਵਨੋ ਜਾਨੋ ਸਾਖਜਾਤਕਾਰ ਮੈਂ ਬਨਤ ਹੈ, ਜੋ ਮਨਨ ਕਰਤ ਹੀ ਦੇਹ ਛੁਟ ਜਾਤ ਹੈਂ ਈਹਾਂ ਤਿਨ੍ਹੋਂ ਕੀ ਬਾਰਤਾ ਕਹੀਯਤ ਹੈ। ਯਾਂਤੇ ਪੰਥ ਚਲਨ ਕੋ ਹੀ ਅਰਥ ਹੈਂ, ਪ੍ਰੰਤੂ ਮਗਨ ਆਨੰਦ ਮੈਂ ਜਾਤ ਹੈਂ, ਜੈਸੇ ਇਸ ਲੋਕ ਮੈਂ ਸਭ ਲੋਕ ਪੰਥ ਚਲਤ ਹੈਂ; ਏਕ ਤੋ ਸਿਰ ਪਰ ਭਾਰ ਉਠਾਇਕੈ ਚਲਤ ਹੈਂ, ਤਿਨ ਕੋ ਚਲਣੇ ਮੈਂ ਅਧਿਕ ਦੁਖ ਹੈ, ਏਕ ਰਾਜੇ ਆਦਿਕ ਪਾਲਕੀ ਮੈਂ ਜਾਤ ਹੈਂ, ਸੋ ਮਗਨ ਅਨੰਦ ਮੈਂ ਜਾਤ ਹੈਂ। ਵਾ ਔਰ ਰੀਤਿ ਤੇ ਆਨੰਦ ਸੋਂ ਜਾਤ ਹੈਂ। ਜੋ ਮਹਾਰਾਜ ਹੋਤ ਹੈਂ ਤਿਨ੍ਹੋਂ ਕੇ ਪਾਸ ਏਕ ਤੋ ਐਸੇ ਜਾਤ ਹੈਂ। ਬਾਕੀ ਜਿਨ੍ਹੋਂ ਕੇ ਸਿਰ ਭਾਰੁ ਹੈ ਤਲਬ ਚਢਕੈ[1] ਬਾਂਧਿ ਕਰਿ ਲੇ ਜਾਤ ਹੈਂ, ਸੋ ਪੰਥ ਮੈਂ ਦੁਖੀ ਹੋਤੇ ਹੈਂ ਅਰੁ ਅਗਾਰੀ ਕੋ ਬਿਚਾਰਤ ਹੈਂ ਕਿ ਹਮ ਕੋ ਸਜਾਇ ਮਿਲੈਗੀ। ਔਰ ਏਕ ਐਸੇ ਚਲੇ ਜਾਤ ਹੈਂ : ਸੁਾਮੀ ਕੋ ਕਾਰਜ ਸੁਾਰਜੋ ਹੈ ਅਰ ਜਾਨਤ ਹੈਂ ਹਮ ਕੋ ਰਾਜਾ ਪ੍ਰਸੰਨ ਹੋ ਕਰਿ ਮਰਾਤਬਾ ਬਖ਼ਸ਼ੈਗੋ, ਐਸੇ ਅਨੰਦ ਸੋਂ ਜਾਤ ਹੈਂ। ਐਸੇ ਜਾਨਿਯੇ।

## ਮੰਨੈ ਧਰਮ ਸੇਤੀ ਸਨਬੰਧੁ ॥

ਮਨਨ ਕਰਨਹਾਰੇ ਜੋ ਹੈਂ, ਤਿਨ ਕੋ ਧਰਮਰਾਇ ਐਸੇ ਮਿਲਤ ਹੈ ਜੈਸੇ ਆਪਨੇ ਸਨਬੰਧੀ ਕੋ ਮਿਲ ਕਰਿ ਪ੍ਰਸੰਨ ਹੋਤ ਹੈ, ਅਰ ਸੇਵਾ ਆਦਰ ਕਰਤ ਹੈ। ਦੁਤਿਯਰਥ: ਮਨਨ ਕਰਨਹਾਰੇ ਇਸ ਲੋਕ ਮੈਂ, ਆਪਨੋ ਜੋ ਧਰਮ ਹੈ, ਤਿਸ ਕੇ ਸਨਬੰਧ ਸਮੇਤ ਹੈਂ, ਅਰਥ ਕਿਆ ? ਆਪਨੋ ਧਰਮ ਸੰਗ ਨਿਰਬਾਹਤੇ ਹੈਂ, ਤਜਾਗਤ ਨਹੀਂ ਹੈਂ।

## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

ਇਨ ਤੁਕਨਿ ਕੋ ਅਰਥ ਅਰ ਅਲੰਕਾਰ ਪੂਰਬ ਰੀਤਿ ਸੋਂ।

[ਪਉੜੀ ਪੰਦ੍ਰਵੀਂ]

## ਮੰਨੈ ਪਾਵਹਿ ਮੋਖ ਦੁਆਰੁ ॥

ਜਿਨ੍ਹੋਂ ਨੇ ਕਰਜੋ ਹੈ ਮਨਨ, ਤਿਨ ਕੋ ਮੋਖ ਪ੍ਰਾਪਤੁ ਹੋਤ ਹੈ। ਕੌਨ ਮੋਖ ? ਜੋ ਦੁਆਰ ਆਦਿ ਮੈਂ ਰਹਨਵਾਰੋ ਹੋਤ ਹੈ। ਅਰਥ ਕਿਆ ? ਚਾਰ ਮੁਕਤਿ ਜੋ ਸਾਮੀਪਾਦਿ ਹੈਂ ਤਿਨ ਕੋ ਪਾਵਤ ਹੈਂ। ਵਾ ਸਾਮੀਪਾਦਿ ਚਾਰਨ ਹੂ ਮੁਕਤਿ ਕੋ ਪਾਵਤ ਹੈਂ। ਵਾ ਆਪਣੇ ਦੁਆਰ ਕੀ ਮੁਕਤਿ ਕੋ ਪਾਵਤ ਹੈਂ। ਜੈਸੇ ਕਹਤ ਹੈਂ ਅਮਕੇ ਕੇ ਦਰ ਮੁਕਤ ਖਰੀ ਰਹਿਤ ਹੈ। ਕਿੰਵਾ ਮਨਨ ਕਰਨਹਾਰੇ ਜੋ ਹੈਂ ਤਿਨ ਕੋ ਮੋਖ ਦੁਆਰਾ ਗਿਆਨ ਸੋ ਪ੍ਰਾਪਤ ਹੋਤ ਹੈ।

## ਮੰਨੈ ਪਰਵਾਰੈ ਸਾਧਾਰੁ ॥

ਮਨਨ ਕਰਨਹਾਰੇ ਜੋ ਹੈਂ ਸੋ ਆਪਨੇ ਪਰਿਵਾਰ ਕੋ ਭੀ ਉਧਾਰਤੇ ਹੈਂ। ਜੋ ਸਨ-

---

੧. ਸੱਦਾ ਆਉਣ ਤੇ, ਹੁਕਮ ਚੜ੍ਹਨ ਤੇ। ਸੰਮਣ ਆਉਣਗੇ।

ਬੰਧੀ ਹੈਂ ਤਿਨ ਕੋ ਭੀ ਕਲਜਾਨ ਕਰਤ ਹੈਂ। ਜੇ ਕੋਈ ਕਹੈ ਆਪਨੇ ਪਰਿਵਾਰ ਕੋ ਹੀ ਉਧਾਰਤੇ ਹੈਂ ਕਿ ਔਰ ਕੋ ਭੀ ? ਤਿਸ ਪਰ ਕਹਤ ਹੈਂ:-

## ਮੰਨੈ ਤਰੈ ਤਾਰੇ ਗੁਰੁ ਸਿਖ ॥

ਮਨਨ ਕਰਨਹਾਰੇ ਆਪ ਤੋ ਤਰਤੇ ਹੈਂ ਜਗਤ ਰੂਪੀ ਸਮੁੰਦ੍ਰ ਤੇ, ਤਾਰਨ ਪਦ ਤੇ ਜਗਤ ਰੂਪੀ ਸਮੁੰਦ੍ਰ ਕੋ ਅਧਜਾਹਾਰ। 'ਤਾਰੇ ਗੁਰੁ ਸਿਖ' = ਜੋ ਕੋਈ ਆਇ ਕਰਿ ਸਿਖ ਹੋਤ ਹੈ ਤਿਸ ਕੋ ਗੁਰ ਹੋਇ ਕਰਿ ਉਧਾਰਤੇ ਹੈਂ।

## ਮੰਨੈ ਨਾਨਕ ਭਵਹਿ ਨ ਭਿਖ ॥

ਮਨਨ ਕਰਨਹਾਰੇ ਭਿਖਜਾ ਕੇ ਲੇਣੇ ਕੋ ਅਰਥੀਏ[1] ਹੋ ਕਰਿ ਭ੍ਰਮਤ ਨਹੀਂ ਹੈਂ। ਪਰਾਲਭਧ ਪਰ ਸੰਤੋਖ ਕਰਿ ਬੈਠਤ ਹੈਂ। ਵਾ ਦੇਵਤੇ ਸੂਰਜ ਚੰਦਾਦਿ ਪਾਸ ਵਰ ਕੀ ਭਿਖਯਾ ਕੇ ਲੈਣੇ ਹਿਤ ਮਨ ਕੋ ਨਹੀਂ ਭ੍ਰਮਾਵਤ ਹੈਂ, ਏਕ ਪਰਮਾਤਮਾ ਪਰ ਨਿਸਚਾ ਰਾਖਤ ਹੈਂ। ਵਾ ਭਿਖ ਨਾਮ ਭਵਿਖਤ ਕਾਲ ਕੋ, ਸੋ ਅਗਾਰੀ ਕੋ ਭੀ ਭ੍ਰਮਤ ਨਹੀਂ ਹੈਂ, ਚਰਾਸੀ ਜੂਨ ਮੈਂ। ਇਤਜਰਥ।

ਇਨ ਚਾਰਨਿ ਹੂੰ ਤੁਕਨ ਮੈਂ ਉਭਯਾਬ੍ਰਿਤ ਦੀਪਕ ਅਲੰਕਾਰ ਹੈ। ਮੰਨੈ ਪਦ ਬਹੁਤ ਬੇਰ ਆਯੋ, ਅਰਥ ਭੀ ਵਹੀ ਰਹਯੋ। ਦੂਸਰੋ ਹੇਤਾਲੰਕਾਰ ਹੈ। ਮਨਨ ਕਰਨੋ ਕਾਰਨ, ਤਿਸ ਤੇ ਫਲ ਹੋਨੋ ਸੋ ਕਾਰਜ ਏਕ ਸੰਗ ਮੈਂ ਬਰਨਨ ਤੇ ਹੇਤਾ ਹੋਤ ਹੈ।

## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਐਸਾ ਹੋ ਮਨਨ ਜੈਸਾ ਪੀਛੇ ਕਹਿ ਆਏ ਹੈਂ, ਪ੍ਰੰਤੂ ਕਬ ਹੈ ? ਨਾਮੈ ਹੋਇ, ਬਿਹੀਨ ਅੰਜਨ ਹੋਇ। ਜਾਂ ਇਕੋ ਬਿਖੇ ਮਨਨ ਕਰੇ ਤਬ ਮਨ ਮੈਂ ਜਾਣੈ ਕੋਈ।ਇਤਜਰਥ।

ਨਾਮੁ ਨਿਰੰਜਨੁ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ । ਦੂਸਰੀ ਤੁਕ ਮੈਂ 'ਮੰਨਿ ਮਨਿ' ਮੈਂ ਯਮਕ। 'ਕੋ ਕੋਇ' ਮੈਂ ਪੁਨਰੁਕਤਿਵਦਾਭਾਸ ਅਲੰਕਾਰ ਹੈ।

### [ਪਉੜੀ ਸੋਲ੍ਹਵੀਂ]

ਮਨਨ ਈਹਾਂ ਪੂਰੋ ਭਯੋ, ਸ੍ਰਵਨ ਮਨਨ ਕਰਕੇ ਸਿਖ ਜੇ ਬੂਝੈ ਸੰਦੇਹ ਕਰਿ ਸੋਧਨ ਪਿੰਡ ਬ੍ਰਹਮੰਡ ਕੀ ਸੁਧ ਕੋ, ਤਿਸ ਪਰ ਸ੍ਰੀ ਗੁਰ ਕਹਤ ਹੈਂ:-

## ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
## ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥

ਇਨ ਤੁਕਨ ਕੋ ਅਰਥ ਅਨੇਕ ਹੀ ਪ੍ਰਕਾਰ ਬੁਧਿਵਾਨ ਕਰਤ ਹੈਂ। ਅਰ ਪੂਰਬ ਸ੍ਰਵਣ ਮਨਨ ਕਹਯੋ ਹੈ ਈਹਾਂ ਅਬ ਨਿਦਧਯਾਸਨ ਕੋ ਭੀ ਬਰਨਨ ਹੈ, ਯਾਂਤੇ ਅਰਥ

---

੧. ਲੋੜਵੰਦ, ਮੰਗਣਹਾਰ, ਜਾਚਕ।

ਉਠਤ ਹੈ। ਪੂਰਬ ਕੀ ਦੋਊ ਤੁਕਮ ਮੈਂ ਮਨਨ ਕਰਨਹਾਰੇ ਕੋ 'ਜਾਨੋ' ਲਿਖਜੋ, ਈਹਾਂ ਇਸਥਿਤ ਕਹਜੋ, ਬਿਰੋਧ ਅਰਥ ਹੋਤ ਹੈ। ਨਹੀਂ ਆਵਨੋ ਜਾਨੋ ਸਾਖਸ਼ਾਤਕਾਰ ਮੈਂ ਬਨਤ ਹੈ, ਜੋ ਮਨਨ ਕਰਤ ਹੀ ਦੇਹ ਛੁਟ ਜਾਤ ਹੈਂ ਈਹਾਂ ਤਿਨ੍ਹੋਂ ਕੀ ਬਾਰਤਾ ਕਹੀਯਤ ਹੈ। ਯਾਂਤੇ ਪੰਥ ਚਲਨ ਕੋ ਹੀ ਅਰਥ ਹੈਂ, ਪ੍ਰੰਤੂ ਮਗਨ ਆਨੰਦ ਮੈਂ ਜਾਤ ਹੈਂ, ਜੈਸੇ ਇਸ ਲੋਕ ਮੈਂ ਸਭ ਲੋਕ ਪੰਥ ਚਲਤ ਹੈਂ; ਏਕ ਤੋ ਸਿਰ ਪਰ ਭਾਰ ਉਠਾਇਕੈ ਚਲਤ ਹੈਂ, ਤਿਨ ਕੋ ਚਲਣੇ ਮੈਂ ਅਧਿਕ ਦੁਖ ਹੈ, ਏਕ ਰਾਜੇ ਆਦਿਕ ਪਾਲਕੀ ਮੈਂ ਜਾਤ ਹੈਂ, ਸੋ ਮਗਨ ਅਨੰਦ ਮੈਂ ਜਾਤ ਹੈਂ। ਵਾ ਔਰ ਰੀਤਿ ਤੇ ਆਨੰਦ ਸੋਂ ਜਾਤ ਹੈਂ। ਜੋ ਮਹਾਰਾਜ ਹੋਤ ਹੈਂ ਤਿਨ੍ਹੋਂ ਕੇ ਪਾਸ ਏਕ ਤੋ ਐਸੇ ਜਾਤ ਹੈਂ। ਬਾਕੀ ਜਿਨ੍ਹੋਂ ਕੇ ਸਿਰ ਭਾਰੁ ਹੈ ਤਲਬ ਚਢਕੈ[1] ਬਾਂਧਿ ਕਰਿ ਲੇ ਜਾਤ ਹੈਂ, ਸੋ ਪੰਥ ਮੈਂ ਦੁਖੀ ਹੋਤੇ ਹੈਂ ਅਰੁ ਅਗਾਰੀ ਕੋ ਬਿਚਾਰਤ ਹੈਂ ਕਿ ਹਮ ਕੋ ਸਜਾਇ ਮਿਲੈਗੀ। ਔਰ ਏਕ ਐਸੇ ਚਲੇ ਜਾਤ ਹੈਂ : ਸੁਾਮੀ ਕੋ ਕਾਰਜ ਸੁਾਰਜੋ ਹੈ ਅਰ ਜਾਨਤ ਹੈਂ ਹਮ ਕੋ ਰਾਜਾ ਪ੍ਰਸੰਨ ਹੋ ਕਰਿ ਮਰਾਤਬਾ ਬਖ਼ਸ਼ੈਗੋ, ਐਸੇ ਅਨੰਦ ਸੋਂ ਜਾਤ ਹੈਂ। ਐਸੇ ਜਾਨਿਯੇ।

## ਮੰਨੈ ਧਰਮ ਸੇਤੀ ਸਨਬੰਧੁ ॥

ਮਨਨ ਕਰਨਹਾਰੇ ਜੋ ਹੈਂ, ਤਿਨ ਕੋ ਧਰਮਰਾਇ ਐਸੇ ਮਿਲਤ ਹੈ ਜੈਸੇ ਆਪਨੇ ਸਨਬੰਧੀ ਕੋ ਮਿਲ ਕਰਿ ਪ੍ਰਸੰਨ ਹੋਤ ਹੈ, ਅਰ ਸੇਵਾ ਆਦਰ ਕਰਤ ਹੈ। ਦੁਤਿਯਰਥ: ਮਨਨ ਕਰਨਹਾਰੇ ਇਸ ਲੋਕ ਮੈਂ, ਆਪਨੋ ਜੋ ਧਰਮ ਹੈ, ਤਿਸ ਕੇ ਸਨਬੰਧ ਸਮੇਤ ਹੈਂ, ਅਰਥ ਕਿਆ ? ਆਪਨੋ ਧਰਮ ਸੰਗ ਨਿਰਬਾਹਤੇ ਹੈਂ, ਤਜਾਗਤ ਨਹੀਂ ਹੈਂ।

## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

ਇਨ ਤੁਕਨਿ ਕੋ ਅਰਥ ਅਰ ਅਲੰਕਾਰ ਪੂਰਬ ਰੀਤਿ ਸੋਂ।

[ਪਉੜੀ ਪੰਦ੍ਰਵੀਂ]

## ਮੰਨੈ ਪਾਵਹਿ ਮੋਖੁ ਦੁਆਰੁ ॥

ਜਿਨ੍ਹੋਂ ਨੇ ਕਰਜੋ ਹੈ ਮਨਨ, ਤਿਨ ਕੋ ਮੋਖ ਪ੍ਰਾਪਤੁ ਹੋਤ ਹੈ। ਕੌਨ ਮੋਖ ? ਜੋ ਦੁਆਰ ਆਦਿ ਮੈਂ ਰਹਨਵਾਰੋ ਹੋਤ ਹੈ। ਅਰਥ ਕਿਆ ? ਚਾਰ ਮੁਕਤਿ ਜੋ ਸਾਮੀਪਾਦਿ ਹੈਂ ਤਿਨ ਕੋ ਪਾਵਤ ਹੈਂ। ਵਾ ਸਾਮੀਪਾਦਿ ਚਾਰਨ ਹੂੰ ਮੁਕਤਿ ਕੋ ਪਾਵਤ ਹੈਂ। ਵਾ ਆਪਣੇ ਦੁਆਰ ਕੀ ਮੁਕਤਿ ਕੋ ਪਾਵਤ ਹੈਂ। ਜੈਸੇ ਕਹਤ ਹੈਂ ਅਮਕੇ ਕੇ ਦਰ ਮੁਕਤ ਖਰੀ ਰਹਿਤ ਹੈ। ਕਿੰਵਾ ਮਨਨ ਕਰਨਹਾਰੇ ਜੋ ਹੈਂ ਤਿਨ ਕੋ ਮੋਖ ਦੁਆਰਾ ਗਿਆਨ ਸੋ ਪ੍ਰਾਪਤ ਹੋਤ ਹੈ।

## ਮੰਨੈ ਪਰਵਾਰੈ ਸਾਧਾਰੁ ॥

ਮਨਨ ਕਰਨਹਾਰੇ ਜੋ ਹੈਂ ਸੇ ਆਪਨੇ ਪਰਿਵਾਰ ਕੋ ਭੀ ਉਧਾਰਤੇ ਹੈਂ। ਜੋ ਸਨ-

---

੧. ਸੱਦਾ ਆਉਣ ਤੇ, ਹੁਕਮ ਚੜ੍ਹਨ ਤੇ। ਸੰਮਣ ਆਉਣਗੇ।

ਬੰਧੀ ਹੈਂ ਤਿਨ ਕੋ ਭੀ ਕਲਜਾਨ ਕਰਤ ਹੈਂ। ਜੇ ਕੋਈ ਕਹੈ ਆਪਨੇ ਪਰਿਵਾਰ ਕੋ ਹੀ ਉਧਾਰਤੇ ਹੈਂ ਕਿ ਔਰ ਕੋ ਭੀ ? ਤਿਸ ਪਰ ਕਹਤ ਹੈਂ:-

## ਮੰਨੈ ਤਰੈ ਤਾਰੇ ਗੁਰੁ ਸਿਖ ॥

ਮਨਨ ਕਰਨਹਾਰੇ ਆਪ ਤੋ ਤਰਤੇ ਹੈਂ ਜਗਤ ਰੂਪੀ ਸਮੁੰਦ੍ਰ ਤੇ, ਤਾਰਨ ਪਦ ਤੇ ਜਗਤ ਰੂਪੀ ਸਮੁੰਦ੍ਰ ਕੋ ਅਧਜਾਹਾਰ। 'ਤਾਰੇ ਗੁਰੁ ਸਿਖ' = ਜੋ ਕੋਈ ਆਇ ਕਰਿ ਸਿਖ ਹੋਤ ਹੈ ਤਿਸ ਕੇ ਗੁਰ ਹੋਇ ਕਰਿ ਉਧਾਰਤੇ ਹੈਂ।

## ਮੰਨੈ ਨਾਨਕ ਭਵਹਿ ਨ ਭਿਖ ॥

ਮਨਨ ਕਰਨਹਾਰੇ ਭਿਖਜਾ ਕੇ ਲੇਣੇ ਕੋ ਅਰਥੀਏ[1] ਹੋ ਕਰਿ ਭ੍ਰਮਤ ਨਹੀਂ ਹੈਂ। ਪਰਾਲਭਧ ਪਰ ਸੰਤੋਖ ਕਰਿ ਬੈਠਤ ਹੈਂ। ਵਾ ਦੇਵਤੇ ਸੂਰਜ ਚੰਦਾਦਿ ਪਾਸ ਵਰ ਕੀ ਭਿਖਯਾ ਕੇ ਲੈਣੇ ਹਿਤ ਮਨ ਕੋ ਨਹੀਂ ਭ੍ਰਮਾਵਤ ਹੈਂ, ਏਕ ਪਰਮਾਤਮਾ ਪਰ ਨਿਸਚਾ ਰਾਖਤ ਹੈਂ। ਵਾ ਭਿਖ ਨਾਮ ਭਵਿਖਤ ਕਾਲ ਕੋ, ਸੋ ਅਗਾਰੀ ਕੋ ਭੀ ਭ੍ਰਮਤ ਨਹੀਂ ਹੈਂ, ਚਰਾਸੀ ਜੂਨ ਮੈਂ। ਇਤਜਰਥ।

ਇਨ ਚਾਰਹਿ ਹੂੰ ਤੁਕਨ ਮੈਂ ਉਭਜਾਬ੍ਰਿਤ ਦੀਪਕ ਅਲੰਕਾਰ ਹੈ। ਮੰਨੈ ਪਦ ਬਹੁਤ ਬੇਰ ਆਯੋ, ਅਰਥ ਭੀ ਵਹੀ ਰਹਜੋ। ਦੂਸਰੋ ਹੇਤਾਲੰਕਾਰ ਹੈ। ਮਨਨ ਕਰਨੋ ਕਾਰਨ, ਤਿਸ ਤੇ ਫਲ ਹੋਨੋ ਸੋ ਕਾਰਜ ਏਕ ਸੰਗ ਮੈਂ ਬਰਨਨ ਤੇ ਹੇਤਾ ਹੋਤ ਹੈ।

## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਐਸਾ ਹੋ ਮਨਨ ਜੈਸਾ ਪੀਛੇ ਕਹਿ ਆਏ ਹੈਂ, ਪ੍ਰੰਤੂ ਕਬ ਹੈ ? ਨਾਮੈ ਹੋਇ, ਬਿਹੀਨ ਅੰਜਨ ਹੋਇ। ਜਾਂ ਇਕੋ ਬਿਖੇ ਮਨਨ ਕਰੇ ਤਬ ਮਨ ਮੈਂ ਜਾਣੈ ਕੋਈ।ਇਤਜਰਥ।

ਨਾਮੁ ਨਿਰੰਜਨੁ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ। ਦੂਸਰੀ ਤੁਕ ਮੈਂ 'ਮੰਨਿ ਮਨਿ' ਮੈਂ ਯਮਕ। 'ਕੋ ਕੋਇ' ਮੈਂ ਪੁਨਰੁਕਤਿਵਦਾਭਾਸ ਅਲੰਕਾਰ ਹੈ।

[ਪਉੜੀ ਸੋਲ੍ਹਵੀਂ]

ਮਨਨ ਈਹਾਂ ਪੂਰੋ ਭਯੋ, ਸ੍ਰਵਨ ਮਨਨ ਕਰਕੇ ਸਿਖ ਜੋ ਬੂਝੈ ਸੰਦੇਹ ਕਰਿ ਸੋਧਨ ਪਿੰਡ ਬ੍ਰਹਮੰਡ ਕੀ ਸੁਧ ਕੋ, ਤਿਸ ਪਰ ਸ੍ਰੀ ਗੁਰ ਕਹਤ ਹੈਂ:-

## ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
## ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥

ਇਨ ਤੁਕਨ ਕੋ ਅਰਥ ਅਨੇਕ ਹੀ ਪ੍ਰਕਾਰ ਬੁਧਿਵਾਨ ਕਰਤ ਹੈਂ। ਅਰ ਪੂਰਬ ਸ੍ਰਵਣ ਮਨਨ ਕਹਜੋ ਹੈ ਈਹਾਂ ਅਬ ਨਿਦਧਜਾਸਨ ਕੋ ਭੀ ਬਰਨਨ ਹੈ, ਯਾਂਤੇ ਅਰਥ

---

੧. ਲੈਣਵੰਦ, ਮੰਗਣਹਾਰ, ਜਾਚਕ।

ਇਨ ਤੁਕਨਿ ਕੇ ਹਮ ਭੀ ਜੇਤੀਕ ਬੁਧਿ ਹੈ ਸੋ ਪ੍ਰਗਟ ਕਰਤ ਹੈਂ । 'ਪੰਚ ਪਰਵਾਣ'= 'ਪੰਚ' ਕੋ ਅਰਥ ਪਰਮਾਤਮਾ, ਬ੍ਰਹਮ ਕੋ ਭੀ ਨਾਮ ਹੈ। ਪ੍ਰਪੰਚ ਰਚਤੀ ਸੋ ਪੰਚ:।ਪੰਚ ਜੋ ਬ੍ਰਹਮ ਹੈ ਸੋ ਪਰਮ ਅਣੂ ਹੈ । ਵਕਾਰ ਕੋ ਮਕਾਰ ਬਨਤ ਹੈ ਤਿਸ ਤੇ ਅਕਾਰ ਨਿਕਸੇ 'ਪਰਮ ਅਣੂ' ਹੋਤ ਹੈ । ਅਣੂ ਜੋ ਹੈ ਸੋ ਇੰਦ੍ਰੀ ਕੋ ਬਿਸ਼ੇ ਨਹੀਂ ਹੋਤਾ, ਐਸਾ ਜੋ ਅਣੂ ਹੈ ਤਿਸਤੇ ਭੀ ਬ੍ਰਹਮ ਸੂਖਮ ਹੈ । ਅਰਥ ਏਹ ਜੋ ਸੂਖਮ ਤੇ ਸੂਖਮ ਹੈ। 'ਪੰਚ ਪਰਧਾਨ' = ਸੋਈ ਬ੍ਰਹਮ ਪ੍ਰਧਾਨ ਹੈ, ਕਿਆ ? ਬਿਭੂ ਬਡੇ ਸੇ ਬਡਾ ਹੈ । ਪ੍ਰਧਾਨ ਨਾਮ ਮੁੱਖਜ ਕੋ ਭੀ ਹੈ। ਤਨ ਅੰਤਹਕਰਣ ਸਰਬ ਮੈਂ ਆਤਮਾ ਮੁਖਜ ਹੈ। 'ਪੰਚੇ ਪਾਵਹਿ ਦਰਗਹਿ ਮਾਨੁ ॥' ='ਪੰਚ' ਜੋ ਬ੍ਰਹਮ ਹੈ 'ਦਰ' ਇੰਦ੍ਰੀਓਂ ਕੇ ਹੋ ਕਰਿ ਗੇਯ ਕੋ ਗਯਾਨ ਪਾਵਤ ਹੈ । 'ਗਹਿ' ਕੋ ਅਰਥ ਗੇਯ, 'ਮਾਨੁ' ਕੋ ਅਰਥ ਗਿਆਨ । ਜਬ ਨੇਤ੍ਰ ਦੁਆਰਾ ਚੇਤਨ ਕੇ ਅਨਸੂਤ ਹੋ ਕਰਿ ਅੰਤਹਕਰਣ ਕੀ ਬ੍ਰਿਤਿ ਵਹਿਰ ਕੋ ਜਾਤ ਹੈ; ਅਗਾਰੀ ਪਦਾਰਥ ਜੋ ਗੇਯ ਤਿਸਕੇ ਤਦਾਕਾਰ ਹੋਇਕੈ ਗਯਾਨ ਪਾਵਤ ਹੈ । ਬ੍ਰਿਤਿ ਅਵਛਿੰਨ ਚਿਤ, ਘਟ ਅਵਛਿੰਨ ਚਿਤ, ਦੋਨੋਂ ਕੇ ਅਵਰਨ ਸੰਘਾਰ ਤੇ ਏਕਤਾ ਹੋਤ ਹੈ । ਗਯਾਤਾ ਗਯਾਨ ਗਯੇਯ ਤ੍ਰਿਪੁਟੀ ਜੋ ਹੈ ਤਿਸ ਮੈਂ ਬ੍ਰਹਮ ਮਿਲਜੋ ਹੋਯੋ ਹੈ । ਦ੍ਰਿਸ਼ਟਾਂਤ:—ਜੈਸੇ ਤਲਾਵ ਕੋ ਪਾਣੀ ਕੂਲ ਦੁਆਰਾ ਹੋ ਕਰਿ ਕਿਆਰੀ ਰੂਪ ਹੋ ਜਾਤ ਹੈ । ਅਕਾਸ਼ ਤੀਨੋਂ ਮੈਂ ਏਕ ਰਸ ਹੈ; ਐਸੇ ਜਾਨਿਯੇ। 'ਪੰਚੇ ਸੋਹਹਿ ਦਰਿ ਰਾਜਾਨੁ ॥' ='ਪੰਚ' ਹੀ ਜੋ ਬ੍ਰਹਮ ਹੈ, 'ਦਰਿ' ਕਹੀਏ ਬੀਚ, 'ਰਾਜਾਨੁ' ਰਾਜਾ ਬਨਜੋ ਸੋਹਤ ਹੈ । ਵਾ ਦਰਿ ਇੰਦ੍ਰੀਓਂ ਕੇ ਜੋ ਹੈਂ ਤਹਾਂ ਰਾਜਾ ਬਨਜੋ ਸੋਹਤ ਹੈ । ਸਭਨ ਕੋ ਚੇਤਨ ਸੱਤਾ ਦੇ ਰਹਜੋ ਹੈ, ਜੈਸੇ ਰਾਜਾ ਸੈਨਾ ਕੋ ਦੇ ਕਰਿ ਪੋਖਤ ਹੈ । 'ਪੰਚਾ ਕਾ ਗੁਰੁ ਏਕੁ ਧਿਆਨੁ' ='ਪੰਚ' ਜੋ ਪ੍ਰਾਨ, ਤਿਨ ਕੋ ਭੀ 'ਗੁਰੁ' ਨਾਮ ਚੇਤਨਤਾ ਦੇਨਵਾਰੇ ਕੋ; ਚੇਤਨਤਾ ਦੇ ਰਹਜੋ ਹੈ ਏਕ ਬ੍ਰਹਮ ਹੀ, ਹੇ ਸਿਖ ! ਤਿਸ ਕੋ ਧਯਾਨ ਕਰਿ। ਏਕ ਅਰਥ ਤੋ ਐਸੇ ਭਯੋ, ਯਾਂ ਮੈਂ ਭੀ ਨਿਦਧਯਾਸਨ ਬਨਜੋ, ਜੋ ਸਰਬ ਮੈਂ ਬ੍ਰਹਮ ਕੋ ਹੀ ਨਿਰਨੇ ਕਰਜੋ ।

ਦੁਤਿਯਰਥ:-ਪੰਚ ਨਾਮ ਸਰੇਸ਼ਟ ਪੁਰਖੋਂ ਕਾ ਭੀ ਹੈ। ਇਹ ਨਾਮ ਜਗਤ ਮੈਂ ਰੂਢ ਹੀ ਹੈ, ਸੋ ਕੌਨ ? 'ਸੰਤ' ਸਰਬ ਤੇ ਸਰੇਸ਼ਟ ਹੈਂ, ਸੋਈ ਸਰਬ ਜਗਤ ਮੈਂ ਪ੍ਰਮਾਣ ਹੈਂ; ਕਿਆ ? ਮਾਨਨੀਯ ਹੈਂ । ਸੋਈ ਪ੍ਰਧਾਨ ਮੁੱਖ ਹੈਂ, ਰਿਖੋਂ ਮੁਨੋਂ ਮੇਂ ਸੇ ਪੰਚ ਹੀ ਪ੍ਰਲੋਕ ਮੇਂ ਮਾਨ ਪਾਵਤ ਹੈਂ, ਆਦਰ ਹੋਤ ਹੈ। 'ਰਾਜਾਨੁ' ਜੋ ਪਰਮੇਸਰ ਹੈ ਤਿਸ ਕੇ ਦਰ ਪਰ ਸੋ ਸੰਤ ਹੀ ਸੋਹਤੇ ਹੈਂ। ਤਿਨ ਸੰਤਹੁ ਕਾ ਗੁਰ ਏਕ ਪਰਮੇਸਰ ਕੋ ਧਿਆਨ ਹੈ। ਅਰਥ ਇਹ: ਜਿਨ੍ਹੋਂ ਨੇ ਮਨ ਇੰਦ੍ਰੇ ਵੱਸ ਕੀਏ ਹੈਂ, ਸੋਈ ਸੰਤ ਹੈਂ; ਆਪਨੇ ਸਰੂਪ ਕੀ ਦਿਸ਼ ਬ੍ਰਿਤਿ ਕਰੀ ਹੈ ਜਿਨ੍ਹੋਂ ਨੇ । ਯਾ ਅਰਥ ਮੈਂ ਨਿਦਧਯਾਸਨ ਕਰਨ ਵਾਰਜੋਂ ਕੀ ਮਹਿਮਾ: ਜੈਸੇ ਸ੍ਰਵਣ ਮਨਨ ਕਰਨਵਾਰਜੋਂ ਕੀ ਮਹਿਮਾ ਪੂਰਬ ਕਹਿ ਆਏ ਹੈਂ ।

ਤ੍ਰਿਤੀਅਰਥ:-'ਪੰਚ ਪਰਵਾਣ' ਪੰਚ ਜੋ ਤਤ ਹੈਂ ਤਿਨ ਕਰਿ ਇਹ ਤਨੁ ਪ੍ਰਮਾਣ ਹੈ। ਯਾਂਤੇ ਪੰਚ ਤਤ ਹੀ ਪੰਚੀਕਰਣ ਹੋਇ ਜਗਤ ਕੋ ਸਿਰਜਤੇ ਭਏ । ਔਰ ਗ੍ਰਿਥਨ ਮੇਂ ਪੰਚੀਕਰਣ ਕੋ ਬਿਸਤਾਰ ਸੋਂ ਕਹਜੋ ਹੈ, ਤਹਾਂ ਦੇਖ ਲੈਨੋ । ਪੰਚ ਪਰਧਾਨ = ਗਯਾਨ

ਇੰਦ੍ਰੇ ਪੰਚ ਸੋ ਸਰੀਰ ਮੈਂ ਪਰਧਾਨ ਕਹੀਏ ਮੁੱਖਜ ਹੈਂ, ਤਿਨ ਕਰਿ ਸਰਬ ਬਿਵਹਾਰ ਸਿਧ ਹੋਤਾ ਹੈ। 'ਪੰਚੇ ਪਾਵਹਿ ਦਰਗਹਿ ਮਾਨੁ' = ਪੰਚ ਜੋ ਸਤੁ ਸੰਤੋਖ ਆਦਿ ਗੁਣ ਹੈਂ, ਸੋ ਦਰਗਹ ਮੋਂ ਮਾਨ ਪਾਵਤੇ ਹੈਂ। ਅਰਥ ਇਹ: ਜੋ ਇਨੋ ਕਰਿ ਹੀ ਸੰਤ ਬਨਤ ਹੈਂ। 'ਪੰਚੇ ਸੋਹਹਿ ਦਰਿ ਰਾਜਾਨੁ' = ਰਾਜਾਨੁ ਕਹੀਏ ਸਰਬ ਕੋ ਰਾਜਾ, ਤਿਸ ਕਾ ਦੁਆਰ ਦਸਮ ਸਥਾਨ, ਤਹਾ ਪੰਚ ਸ਼ਬਦ ਸੋਹਤ ਹੈਂ। ਦਸਵੇਂ ਦੁਆਰ ਕੇ ਵਿਖੇ ਪੰਚ ਸਬਦ ਭੀ ਕਹਤ ਹੈਂ, ਕਹੂੰ ਦਸ ਭੀ ਗਿਨਤ ਹੈਂ, ਸੋ ਦੋਨੋਂ ਹੀ ਬਨਤ ਹੈਂ, ਸੋ ਨਿਰੰਤਰ ਹੀ ਬਾਜਤੇ ਰਹਤ ਹੈਂ। ਜੇ ਕਹੋ ਸਭ ਕੋਈ ਕਜੋਂ ਨਹੀਂ ਸੁਨਤ ਹੈ, ਤੋ ਤਿਸ ਪਰ ਕਹਤ ਹੈਂ: 'ਪੰਚਾ ਕਾ ਗੁਰੁ ਏਕੁ ਧਿਆਨੁ॥' ਜਿਸ ਕਾ ਮਨ ਇਕਾਗਰੁ ਹੋਇ ਸੋ ਸੁਨਤ ਹੈ। ਇਸ ਅਰਥ ਮੈਂ ਭੀ ਨਿਦਧਜਾਸਨ ਯਾਂਤੇ ਭਯੋ ਜੋ ਸਰੂਪ ਕੋ ਧਜਾਨ ਕਰੇ ਇਕਾਗਰੁ ਹੋਇਕੇ।

ਚਤੁਰਥਅਰਥ:-'ਪੰਚ ਪਰਵਾਣ' = ਪੰਚ ਪਰਮਾਣੁ ਕੌਣ? ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਪੰਚ ਪਰਮਅਣੁ ਕਹੀਏ ਅਤੇ ਸੂਖਮ ਤਨ ਮਾਤ੍ਰਾ-ਪ੍ਰਿਥਮੈ ਭਈ। ਬਹੁਰ ਪੰਚ ਪਰਧਾਨ = ਪੰਚ ਮਹਾਂ ਭੂਤ, ਤਿਨ ਤੇ ਹੋਤ ਭਏ: ਏਕ 'ਅਕਾਸ਼', 'ਸ਼ਬਦ' ਜਿਸ ਕੋ ਗੁਣ। ਦੂਸਰੋ 'ਬਾਯੂ', ਤਿਸ ਮੈਂ ਦ੍ਵੈਗੁਣ: ਏਕ ਅਕਾਸ਼ ਕੋ 'ਸ਼ਬਦ', ਆਪਨੋ 'ਸਪਰਸ਼'। ਤੀਸਰੋ ਤਤੁ 'ਅਗਨਿ', ਇਸ ਮੈਂ ਤੀਨ ਗੁਣ: ਦ੍ਵੈ ਪੂਰਬਲੇ, ਏਕ ਆਪਨੋ ਗੁਣ 'ਰੂਪ'। ਚੋਥੋ ਤਤੁ 'ਜਲ', ਚਾਰ ਇਸ ਮੈਂ ਗੁਣ: ਸ਼ਬਦ ਸਪਰਸ਼ ਰੂਪ ਪੂਰਬਲੇ, ਤੀਨ, ਆਪਨੋ ਗੁਣ 'ਪਸ'। ਪੰਚਮੋ ਤਤੁ 'ਪ੍ਰਿਥਵੀ', ਪੰਚ ਗੁਣ ਇਸ ਮੈਂ: ਚਾਰ ਪੂਰਬਲੇ, ਆਪਨੋ ਗੁਣ 'ਗੰਧ'। ਐਸੇ ਪੰਚ ਤਕ ਮਾਤ੍ਰਾ ਤੇ ਪੰਚ ਮਹਾਂ ਭੂਤ ਹੋਤ ਭਏ। 'ਪੰਚੇ ਪਾਵਹਿ ਦਰਗਹਿ ਮਾਨੁ'=ਪੰਚ ਜੋ ਗਜਾਨ ਇੰਦ੍ਰੇ: ਸ਼੍ਰਵਣ, ਤੁਚਾ, ਚਖੁ, ਜਿਹਵਾ, ਘ੍ਰਾਣ, ਤਿਨ੍ਹੋਂ ਕੇ ਦਰ ਵਿਖੇ 'ਗਹ' ਕੋ ਅਰਥ ਗੇਯ, ਮਾਨ ਨਾਮ ਗਜਾਨ ਕੋ, ਬਜਾਕਰਣ ਰੀਤਿ ਸੋਂ, ਗੇਯ ਕੋ ਗਜਾਨ ਪਾਵਤ ਹੈ, ਕਿਆ? ਸੋਈ ਕਹਤ ਹੈਂ:-ਅਕਾਸ਼ ਕੀ ਇੰਦ੍ਰੀ ਸ਼੍ਰਵਣ, ਆਕਾਸ਼ ਕੋ ਗੁਣ ਸ਼ਬਦ, ਅਕਾਸ਼ ਕੀ ਇੰਦ੍ਰੀ ਅਕਾਸ਼ ਕੇ ਗੁਣ ਕੋ ਗ੍ਰਹਣ ਕਰਤ ਹੈ। ਵਾਯੂ ਕੀ ਇੰਦ੍ਰੀ ਤੁਚਾ, ਵਾਉ ਕੋ ਗੁਣ ਸਪਰਸ਼, ਸੋ ਤਿਸ ਕੋ ਗਜਾਨ ਪਾਵਤ ਹੈ। ਅਗਨਿ ਕੀ ਇੰਦ੍ਰੀ ਚਖੁ, ਅਗਨਿ ਕੋ ਗੁਣ ਰੂਪ, ਸੋ ਤਿਸ ਕੋ ਗ੍ਰਹਣ ਕਰਤ ਹੈ। ਜਲ ਕੀ ਇੰਦ੍ਰੀ ਜਿਹਵਾ, ਰਸ ਗੁਣ, ਸੋ ਤਿਸ ਗੇਯ ਕੋ ਗਜਾਨ ਪਾਵਤ ਹੈ। ਪ੍ਰਿਥਵੀ ਕੀ ਇੰਦ੍ਰੀ ਘ੍ਰਾਣ, ਗੁਣ ਗੰਧ, ਸੋ ਤਿਸ ਕੋ ਗ੍ਰਹਣ ਕਰਿ ਲੇਤ ਹੈ। ਪੰਚ ਜੋ ਇੰਦ੍ਰੇ 'ਦਰ' ਕਹਿਯੇ ਸਥਾਨ ਪੰਚ ਤਿਨ ਮੈਂ ਗੇਯ ਗਜਾਨ ਕੋ ਪਾਵਤ ਹੈਂ। 'ਪੰਚੇ ਸੋਹਹਿ ਦਰਿ ਰਾਜਾਨੁ' = ਪੰਚ ਜੋ ਪ੍ਰਾਣ ਹੈਂ ਸੋ ਸੋਹਤ ਹੈਂ 'ਦਰਿ' ਕਹੀਏ ਬੀਚ ਸਥਾਨ ਕੇ। ਫੇਰ ਕੈਸੇ ਹੈਂ? ਰਾਜਾਨੁ ਹੈਂ। ਪੂਰਬਲੇ ਜੋ ਗਿਨੇ ਹੈਂ ਤਿਨ੍ਹੋਂ ਕੇ ਰਾਜਾ ਹੈਂ। ਪ੍ਰਾਣੋ ਬਿਨਾਂ ਇਨੋਂ ਮੈਂ ਕੁਛ ਸ਼ਕਤਿ ਨਹੀਂ ਹੈ; ਜੇ ਪ੍ਰਾਣ ਰਹਤ ਹੈਂ ਤੋ ਸਰਬ ਇੰਦ੍ਰੀਨ ਕੀ ਚੇਸ਼ਟਾ ਹੋਤ ਹੈ, ਯਾਂਤੇ ਪ੍ਰਾਣ ਰਾਜਾ ਹੈਂ; ਇਸੁ ਪਰ ਪ੍ਰਮਾਣ ਵੇਦ ਕੋ। ਬੇਦ ਮੈਂ ਕਥਾ ਹੈ: ਏਕ ਸਮੇਂ ਮੋ ਪ੍ਰਾਣ ਔ ਪੰਚ ਇੰਦ੍ਰੇ ਪਰਸਪਰ ਝਗਰ ਪਰੇ ਹੈਂ, ਤਿਨ ਕੋ ਬਾਦ[1] ਆਪਸ ਮੋਂ ਤੋ ਨਿਬਰਜੋ ਨਹੀਂ, ਬ੍ਰਹਮਾ ਜੀ ਕੇ ਪਾਸ

---

੧. ਝਗੜਾ।

ਇਨ ਤੁਕਨਿ ਕੇ ਹਮ ਭੀ ਜੇਤੀਕ ਬੁਧਿ ਹੈ ਸੋ ਪ੍ਰਗਟ ਕਰਤ ਹੈਂ । 'ਪੰਚ ਪਰਵਾਣ'= 'ਪੰਚ' ਕੋ ਅਰਥ ਪਰਮਾਤਮਾ, ਬ੍ਰਹਮ ਕੋ ਭੀ ਨਾਮ ਹੈ। ਪ੍ਰਪੰਚ ਰਚਤੀ ਸੋ ਪੰਚ:।ਪੰਚ ਜੋ ਬ੍ਰਹਮ ਹੈ ਸੋ ਪਰਮ ਅਣੂ ਹੈ । ਵਕਾਰ ਕੋ ਮਕਾਰ ਬਨਭ ਹੈ ਤਿਸ ਤੇ ਅਕਾਰ ਨਿਕਸੇ 'ਪਰਮ ਅਣੁ' ਹੋਤ ਹੈ । ਅਣੁ ਜੋ ਹੈ ਸੋ ਇੰਦ੍ਰੀ ਕੋ ਬਿਸ਼ੇ ਨਹੀਂ ਹੋਤਾ, ਐਸਾ ਜੋ ਅਣੁ ਹੈ ਤਿਸਤੇ ਭੀ ਬ੍ਰਹਮ ਸੂਖਮ ਹੈ । ਅਰਥ ਏਹ ਜੋ ਸੂਖਮ ਤੇ ਸੂਖਮ ਹੈ। 'ਪੰਚ ਪਰਧਾਨ' = ਸੋਈ ਬ੍ਰਹਮ ਪ੍ਰਧਾਨ ਹੈ, ਕਿਆ ? ਬਿਭੂ ਬਡੇ ਸੇ ਬਡਾ ਹੈ । ਪ੍ਰਧਾਨ ਨਾਮ ਮੁੱਖਜ ਕੋ ਭੀ ਹੈ। ਤਨ ਅੰਤਹਕਰਣ ਸਰਬ ਮੈਂ ਆਤਮਾ ਮੁਖਜ ਹੈ। 'ਪੰਚੇ ਪਾਵਹਿ ਦਰਗਹਿ ਮਾਨੁ ॥' ='ਪੰਚ' ਜੋ ਬ੍ਰਹਮ ਹੈ 'ਦਰ' ਇੰਦ੍ਰੀਓਂ ਕੇ ਹੋ ਕਰਿ ਗੇਯ ਕੋ ਗਜਾਨ ਪਾਵਤ ਹੈ । 'ਗਹਿ' ਕੋ ਅਰਥ ਗੇਯ, 'ਮਾਨੁ' ਕੋ ਅਰਥ ਗਿਆਨ । ਜਬ ਨੇਤ੍ਰ ਦੁਆਰਾ ਚੇਤਨ ਕੇ ਅਨਸੂਤ ਹੋ ਕਰਿ ਅੰਤਹਕਰਣ ਕੀ ਬ੍ਰਿਤਿ ਵਹਿਰ ਕੋ ਜਾਤ ਹੈ; ਅਗਾਰੀ ਪਦਾਰਥ ਜੋ ਗੇਯ ਤਿਸਕੇ ਤਦਾਕਾਰ ਹੋਇਕੈ ਗਜਾਨ ਪਾਵਤ ਹੈ । ਬ੍ਰਿਤਿ ਅਵਛਿੰਨ ਚਿਤ, ਘਟ ਅਵਛਿੰਨ ਚਿਤ, ਦੋਨੋਂ ਕੇ ਅਵਰਨ ਸੰਘਾਰ ਤੇ ਏਕਤਾ ਹੋਤ ਹੈ । ਗਜਾਤਾ ਗਜਾਨ ਗਜੇਯ ਤ੍ਰਿਪੁਟੀ ਜੋ ਹੈ ਤਿਸ ਮੈਂ ਬ੍ਰਹਮ ਮਿਲਜੋ ਹੋਯੋ ਹੈ । ਦ੍ਰਿਸ਼ਟਾਂਤ:—ਜੈਸੇ ਤਲਾਵ ਕੋ ਪਾਣੀ ਕੂਲ ਦੁਆਰਾ ਹੋ ਕਰਿ ਕਿਆਰੀ ਰੂਪ ਹੋ ਜਾਤ ਹੈ । ਅਕਾਸ਼ ਤੀਨੋਂ ਮੈਂ ਏਕ ਰਸ ਹੈ; ਐਸੇ ਜਾਨਿਯੈ। 'ਪੰਚੇ ਸੋਹਹਿ ਦਰਿ ਰਾਜਾਨੁ ॥' ='ਪੰਚ' ਹੀ ਜੋ ਬ੍ਰਹਮ ਹੈ, 'ਦਰਿ' ਕਹੀਏ ਬੀਚ, 'ਰਾਜਾਨੁ' ਰਾਜਾ ਬਨਜੋ ਸੋਹਤ ਹੈ । ਵਾ ਦਰਿ ਇੰਦ੍ਰੀਓਂ ਕੇ ਜੋ ਹੈਂ ਤਹਾਂ ਰਾਜਾ ਬਨਜੋ ਸੋਹਤ ਹੈ । ਸਭਨ ਕੋ ਚੇਤਨ ਸੱਤਾ ਦੇ ਰਹਜੋ ਹੈ, ਜੈਸੇ ਰਾਜਾ ਸੈਨਾ ਕੋ ਦੇ ਕਰਿ ਪੋਖਤ ਹੈ । 'ਪੰਚਾ ਕਾ ਗੁਰੁ ਏਕੁ ਧਿਆਨੁ' ='ਪੰਚ' ਜੋ ਪ੍ਰਾਨ, ਤਿਨ ਕੋ ਭੀ 'ਗੁਰੁ' ਨਾਮ ਚੇਤਨਤਾ ਦੇਨਵਾਰੇ ਕੋ; ਚੇਤਨਤਾ ਦੇ ਰਹਜੋ ਹੈ ਏਕ ਬ੍ਰਹਮ ਹੀ, ਹੇ ਸਿਖ ! ਤਿਸ ਕੋ ਧਜਾਨ ਕਰਿ। ਏਕ ਅਰਥ ਤੋ ਐਸੇ ਭਯੋ, ਯਾਂ ਮੈਂ ਭੀ ਨਿਦਧਜਾਸਨ ਬਨਜੋ, ਜੋ ਸਰਬ ਮੈਂ ਬ੍ਰਹਮ ਕੋ ਹੀ ਨਿਰਨੇ ਕਰਜੋ ।

ਦੁਤਿਯਰਥ:-ਪੰਚ ਨਾਮ ਸਰੇਸ਼ਟ ਪੁਰਖੋਂ ਕਾ ਭੀ ਹੈ। ਇਹ ਨਾਮ ਜਗਤ ਮੈਂ ਰੂੜ ਹੀ ਹੈ, ਸੋ ਕੌਨ ? 'ਸੰਤ' ਸਰਬ ਤੇ ਸਰੇਸ਼ਟ ਹੈਂ, ਸੋਈ ਸਰਬ ਜਗਤ ਮੈਂ ਪ੍ਰਮਾਣ ਹੈਂ; ਕਿਆ ? ਮਾਨਨੀਯ ਹੈਂ । ਸੋਈ ਪ੍ਰਧਾਨ ਮੁੱਖ ਹੈਂ, ਰਿਖੋਂ ਮੁਨੋਂ ਮੇਂ ਸੇ ਪੰਚ ਹੀ ਪ੍ਰਲੋਕ ਮੈਂ ਮਾਨ ਪਾਵਤ ਹੈਂ, ਆਦਰ ਹੋਤ ਹੈ। 'ਰਾਜਾਨੁ' ਜੋ ਪਰਮੇਸਰ ਹੈ ਤਿਸ ਕੇ ਦਰ ਪਰ ਸੋ ਸੰਤ ਹੀ ਸੋਹਤੇ ਹੈਂ। ਤਿਨ ਸੰਤਹੁ ਕਾ ਗੁਰ ਏਕ ਪਰਮੇਸਰ ਕੋ ਧਿਆਨ ਹੈ। ਅਰਥ ਇਹ: ਜਿਨ੍ਹੋਂ ਨੇ ਮਨ ਇੰਦ੍ਰੋਂ ਵੱਸ ਕੀਏ ਹੈਂ, ਸੋਈ ਸੰਤ ਹੈਂ; ਆਪਨੇ ਸਰੂਪ ਕੀ ਦਿਸ਼ ਬ੍ਰਿਤਿ ਕਰੀ ਹੈ ਜਿਨ੍ਹੋਂ ਨੇ । ਯਾ ਅਰਥ ਮੈਂ ਨਿਦਧਜਾਸਨ ਕਰਨ ਵਾਰਜੋਂ ਕੀ ਮਹਿਮਾ: ਜੈਸੇ ਸ੍ਰਵਣ ਮਨਨ ਕਰਨਵਾਰਜੋਂ ਕੀ ਮਹਿਮਾ ਪੂਰਬ ਕਹਿ ਆਏ ਹੈਂ।

ਤ੍ਰਿਤੀਅਰਥ:-'ਪੰਚ ਪਰਵਾਣ' ਪੰਚ ਜੋ ਤਤ ਹੈਂ ਤਿਨ ਕਰਿ ਇਹ ਤਨੁ ਪ੍ਰਮਾਣ ਹੈ। ਯਾਂਤੇ ਪੰਚ ਤਤ ਹੀ ਪੰਚੀਕਰਣ ਹੋਇ ਜਗਤ ਕੇ ਸਿਰਜਤੇ ਭਏ । ਔਰ ਗ੍ਰਿਥਨ ਮੇਂ ਪੰਚੀਕਰਣ ਕੋ ਬਿਸਤਾਰ ਸੋਂ ਕਹਜੋ ਹੈ, ਤਹਾਂ ਦੇਖ ਲੈਨੋ । ਪੰਚ ਪਰਧਾਨ = ਗਜਾਨ

ਇੰਦ੍ਰੇ ਪੰਚ ਸੋ ਸਰੀਰ ਮੇਂ ਪਰਧਾਨ ਕਹੀਏ ਮੁੱਖਜ ਹੈਂ, ਤਿਨ ਕਰਿ ਸਰਬ ਬਿਵਹਾਰ ਸਿਧ ਹੋਤਾ ਹੈ। 'ਪੰਚੇ ਪਾਵਹਿ ਦਰਗਹਿ ਮਾਨੁ' = ਪੰਚ ਜੋ ਸਤੁ ਸੰਤੋਖ ਆਦਿ ਗੁਣ ਹੈਂ, ਸੋ ਦਰਗਹ ਮੇਂ ਮਾਨ ਪਾਵਤੇ ਹੈਂ। ਅਰਥ ਇਹ: ਜੋ ਇਨੋ ਕਰਿ ਹੀ ਸੰਤ ਬਨਤ ਹੈਂ। 'ਪੰਚੇ ਸੋਹਹਿ ਦਰਿ ਰਾਜਾਨੁ' = ਰਾਜਾਨੁ ਕਹੀਏ ਸਰਬ ਕੋ ਰਾਜਾ, ਤਿਸ ਕਾ ਦੁਆਰ ਦਸਮ ਸਥਾਨ, ਤਹਾ ਪੰਚ ਸ਼ਬਦ ਸੋਹਤ ਹੈਂ। ਦਸਵੇਂ ਦੁਆਰ ਕੇ ਵਿਖੇ ਪੰਚ ਸਬਦ ਭੀ ਕਹਤ ਹੈਂ, ਕਹੂੰ ਦਸ ਭੀ ਗਿਨਤ ਹੈਂ, ਸੋ ਦੋਨੋਂ ਹੀ ਬਨਤ ਹੈਂ, ਸੋ ਨਿਰੰਤਰ ਹੀ ਬਾਜਤੇ ਰਹਤ ਹੈਂ। ਜੇ ਕਹੋ ਸਭ ਕੋਈ ਕਜੋਂ ਨਹੀਂ ਸੁਨਤ ਹੈ, ਤੋ ਤਿਸ ਪਰ ਕਹਤ ਹੈਂ: 'ਪੰਚਾ ਕਾ ਗੁਰੁ ਏਕੁ ਧਿਆਨੁ ॥' ਜਿਸ ਕਾ ਮਨ ਇਕਾਗਰੁ ਹੋਇ ਸੋ ਸੁਨਤ ਹੈ। ਇਸ ਅਰਥ ਮੈਂ ਭੀ ਨਿਦਧਜਾਸਨ ਯਾਂਤੇ ਭਯੋ ਜੋ ਸਰੂਪ ਕੋ ਧਜਾਨ ਕਰੇ ਇਕਾਗਰੁ ਹੋਇਕੈ।

ਚਤੁਰਥਅਰਥ:–'ਪੰਚ ਪਰਵਾਣ' = ਪੰਚ ਪਰਮਾਣੂ ਕੋਣ? ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਪੰਚ ਪਰਮਅਣੂ ਕਹੀਏ ਅਤੇ ਸੂਖਮ ਤਨ ਮਾਤ੍ਰ-ਪ੍ਰਿਥਮੈ ਭਈ। ਬਹੁਰ ਪੰਚ ਪਰਧਾਨ = ਪੰਚ ਮਹਾਂ ਭੂਤ, ਤਿਨ ਤੇ ਹੋਤ ਭਏ: ਏਕ 'ਅਕਾਸ਼', 'ਸ਼ਬਦ' ਜਿਸ ਕੋ ਗੁਣ। ਦੂਸਰੋ 'ਬਾਯੂ', ਤਿਸ ਮੈਂ ਦ੍ਵੈਗੁਣ: ਏਕ ਅਕਾਸ਼ ਕੋ 'ਸ਼ਬਦ', ਆਪਨੋ 'ਸਪਰਸ਼'। ਤੀਸਰੋ ਤਤੁ 'ਅਗਨਿ', ਇਸ ਮੈਂ ਤੀਨ ਗੁਣ: ਦ੍ਵੈ ਪੂਰਬਲੇ, ਏਕ ਆਪਨੋ ਗੁਣ 'ਰੂਪ'। ਚੋਥੋ ਤਤੁ 'ਜਲ', ਚਾਰ ਇਸ ਮੈਂ ਗੁਣ: ਸ਼ਬਦ ਸਪਰਸ਼ ਰੂਪ ਪੂਰਬਲੇ, ਤੀਨ, ਆਪਨੋ ਗੁਣ 'ਪਸ'। ਪੰਚਮੋ ਤਤੁ 'ਪ੍ਰਿਥਵੀ', ਪੰਚ ਗੁਣ ਇਸ ਮੈਂ: ਚਾਰ ਪੂਰਬਲੇ, ਆਪਨੋ ਗੁਣ 'ਗੰਧ'। ਐਸੇ ਪੰਚ ਤਕ ਮਾਤ੍ਰ ਤੇ ਪੰਚ ਮਹਾਂ ਭੂਤ ਹੋਤ ਭਏ। 'ਪੰਚੇ ਪਾਵਹਿ ਦਰਗਹਿ ਮਾਨੁ'=ਪੰਚ ਜੋ ਗਜਾਨ ਇੰਦ੍ਰੇ: ਸ੍ਰਵਣ, ਤੁਚਾ, ਚਖੁ, ਜਿਹਵਾ, ਘ੍ਰਾਣ, ਤਿਨ੍ਹੋਂ ਕੇ ਦਰ ਵਿਖੇ 'ਗਹ' ਕੋ ਅਰਥ ਗੇਯ, ਮਾਨ ਨਾਮ ਗਜਾਨ ਕੋ, ਬਜਾਕਰਣ ਰੀਤਿ ਸੋਂ, ਗੇਯ ਕੋ ਗਜਾਨ ਪਾਵਤ ਹੈ, ਕਿਆ? ਸੋਈ ਕਹਤ ਹੈਂ:–ਅਕਾਸ਼ ਕੀ ਇੰਦ੍ਰੀ ਸ੍ਰਵਣ, ਆਕਾਸ਼ ਕੋ ਗੁਣ ਸ਼ਬਦ, ਅਕਾਸ਼ ਕੀ ਇੰਦ੍ਰੀ ਅਕਾਸ਼ ਕੇ ਗੁਣ ਕੋ ਗ੍ਰਹਣ ਕਰਤ ਹੈ। ਵਾਯੂ ਕੀ ਇੰਦ੍ਰੀ ਤੁਚਾ, ਵਾਉ ਕੋ ਗੁਣ ਸਪਰਸ਼, ਸੋ ਤਿਸ ਕੋ ਗਜਾਨ ਪਾਵਤ ਹੈ। ਅਗਨਿ ਕੀ ਇੰਦ੍ਰੀ ਚਖੁ, ਅਗਨਿ ਕੋ ਗੁਣ ਰੂਪ, ਸੋ ਤਿਸ ਕੋ ਗ੍ਰਹਣ ਕਰਤ ਹੈ। ਜਲ ਕੀ ਇੰਦ੍ਰੀ ਜਿਹਵਾ, ਰਸ ਗੁਣ, ਸੋ ਤਿਸ ਗੇਯ ਕੋ ਗਜਾਨ ਪਾਵਤ ਹੈ। ਪ੍ਰਿਥਵੀ ਕੀ ਇੰਦ੍ਰੀ ਘ੍ਰਾਣ, ਗੁਣ ਗੰਧ, ਸੋ ਤਿਸ ਕੋ ਗ੍ਰਹਣ ਕਰਿ ਲੇਤ ਹੈ। ਪੰਚ ਜੋ ਇੰਦ੍ਰੇ 'ਦਰ' ਕਹਿਯੇ ਸਥਾਨ ਪੰਚ ਤਿਨ ਮੇਂ ਗੇਯ ਗਜਾਨ ਕੋ ਪਾਵਤ ਹੈਂ। 'ਪੰਚੇ ਸੋਹਹਿ ਦਰਿ ਰਾਜਾਨੁ' = ਪੰਚ ਜੋ ਪ੍ਰਾਣ ਹੈਂ ਸੋ ਸੋਹਤ ਹੈਂ 'ਦਰਿ' ਕਹੀਏ ਬੀਚ ਸਥਾਨ ਕੇ। ਫੇਰ ਕੈਸੇ ਹੈਂ? ਰਾਜਾਨੁ ਹੈਂ। ਪੂਰਬਲੇ ਜੋ ਗਿਨੇ ਹੈਂ ਤਿਨ੍ਹੋਂ ਕੇ ਰਾਜਾ ਹੈਂ। ਪ੍ਰਾਣੋ ਬਿਨਾਂ ਇਨੋਂ ਮੈਂ ਕੁਛ ਸ਼ਕਤਿ ਨਹੀਂ ਹੈ; ਜੇ ਪ੍ਰਾਣ ਰਹਤ ਹੈਂ ਤੌ ਸਰਬ ਇੰਦ੍ਰੀਨ ਕੀ ਚੇਸ਼ਟਾ ਹੋਤ ਹੈ, ਯਾਂਤੇ ਪ੍ਰਾਣ ਰਾਜਾ ਹੈਂ; ਇਸੁ ਪਰ ਪ੍ਰਮਾਣ ਵੇਦ ਕੋ। ਬੇਦ ਮੇਂ ਕਥਾ ਹੈ: ਏਕ ਸਮੇਂ ਮੋ ਪ੍ਰਾਣ ਔ ਪੰਚ ਇੰਦ੍ਰੇ ਪਰਸਪਰ ਝਗਰ ਪਰੇ ਹੈਂ, ਤਿਨ ਕੋ ਬਾਦ[1] ਆਪਸ ਮੋਂ ਤੋ ਨਿਬਰਜੋ ਨਹੀਂ, ਬ੍ਰਹਮਾ ਜੀ ਕੇ ਪਾਸ

---

੧. ਝਗੜਾ।

ਝਗਰਤ ਪਹੁੰਚੇ । ਜਾਇਕੈ ਪੂਛਨ ਕੀਓ: ਹੇ ਬ੍ਰਹਮਾ ਜੀ ! ਤੁਮ ਸਰਬ ਕੇ ਕਰਤਾ ਹੋ, ਹਮਾਰੇ ਬਿਖੇ ਬਾਦ ਹੋ ਰਹਜੋ ਹੈ, ਆਪ ਆਪ ਕੋ ਹਮ ਸਰਬ ਬਡੋ ਮਾਨਤ ਹੈਂ, ਸੋ ਤੁਮ ਕਹੋ ਜੋ ਹਮਾਰੇ ਮੈਂ ਬਡੋ ਕੌਨ ਹੈ ? ਐਸੇ ਸੁਣ ਕਰਿ ਬ੍ਰਹਮਾ ਜੀ ਨੇ ਕਹਜੋ: ਤੁਮਾਰੇ ਬਿਖੇ ਬਡੋ ਸੋ ਹੈ ਜੋ ਆਪਨੀ ਸ਼ਕਤਿ ਕਰਿ ਸਰੀਰ ਕੋ ਥੰਭੇ, ਏਕ ਏਕ ਮੇਰੇ ਪਾਸ ਆਵਤੇ ਜਾਹੋ । ਐਸੇ ਸੁਣਿਕੈ ਪ੍ਰਿਥਮੈ ਚਖੁ[1] ਗਏ, ਤੌ ਭੀ ਸਰੀਰ ਨਹੀਂ ਗਿਰਜੋ । ਬਹੁਰ ਸ੍ਰਵਣ[2] ਗਏ, ਤੌ ਭੀ ਸਰੀਰ ਨਹੀਂ ਗਿਰਜੋ । ਬਹੁਰ ਜਿਹਵਾ ਗਈ, ਤੌ ਭੀ ਨਹੀਂ ਗਿਰਜੋ । ਤੁਚਾ[3] ਕੇ ਜਾਨੇ ਤੇ ਭੀ ਨਹੀਂ ਗਿਰਜੋ। ਘ੍ਰਾਣ[4] ਤੇ ਭੀ ਨਹੀਂ ਗਿਰਜੋ। ਬਹੁਰੋ ਜਬ ਪ੍ਰਾਣ ਗਏ ਤਬ ਸਰੀਰ ਸਮੇਤ ਇੰਦ੍ਰੀਓਂ ਕੇ ਗਿਰ ਪਰਜੇ। ਐਸੇ ਦੇਖ ਬ੍ਰਹਮਾ ਜੀ ਨੇ ਕਹਜੋ: ਤੁਮਾਰੇ ਸਭਨਿ ਬਿਖੇ ਪ੍ਰਾਣ ਹੈਂ ਬਡੇ, ਜਿਸ ਤੇ ਬਿਨਾ ਤੁਮ ਸਰਬ ਹੀ ਅਸ਼ਕਤ ਹੋ ਗਏ ਹੋ। ਯਾਂਤੇ ਬ੍ਰਹਮਾ ਕੇ ਕਹਨੇ ਸੇ ਭੀ ਅਰ ਪ੍ਰਤੱਖ ਭੀ ਦੇਖੀਤਾ ਹੈ। ਯਾਂਤੇ ਪ੍ਰਾਣ ਸਭਨ ਕੇ ਰਾਜਾਨੁ ਹੈਂ । ਪੰਚਾ ਕਾ ਗੁਰੁ ਏਕੁ ਧਿਆਨੁ ॥ ਸਰੇਬ ਕੇ ਪ੍ਰਾਣ ਤੋ ਰਾਜਾਨ ਹੁਤੇ, ਤਿਨ ਪੰਚੋਂ ਪ੍ਰਾਣੋਂ ਕਾ ਗੁਰੁ ਏਕ। ਗੁਰੁ ਕੋ ਅਰਥ ਚੇਤਨਤਾ ਦੇਨਹਾਰੋ ਏਕ 'ਬ੍ਰਹਮ' ਹੀ ਹੈ । ਇਸ ਅਰਥ ਮੈਂ ਨਿਦਧਜਾਸਨ:—ਜੋ ਸਰਬ ਕੋ ਸੱਤਾ ਦੇਨਹਾਰੋ ਬ੍ਰਹਮ ਤਿਸ ਕੇ ਬਿਖੈ ਬ੍ਰਿਤਿ ਕਰਿ ਹੇ ਸਿਖ ! ਧਜਾਨ, ਅਭਜਾਸ, ਸਿਮਰਨ, ਨਿਦਧਜਾਸਨ ਏ ਚਾਰੋਂ ਨਾਮ ਏਕ ਹੀ ਕੇ ਹੈਂ ਸਜਾਤੀ ਪ੍ਰਤਜ ਪ੍ਰਵਾਹ ਕੇ ।

ਪੰਚਮਅਰਥ:--ਪੰਚ ਪਰਵਾਣ ਪੰਚ ਪਰਧਾਨ ॥ ਪਰਮਾ ਗਜਾਨੰ ਕਰਣੰ ਪ੍ਰਮਾਣੰ । ਅਰਥ: ਪ੍ਰਮਾਣੰ ਕਹੀਏ ਜਥਾਰਥ ਗਜਾਨ, ਤਿਸਕਾ ਮੁਖਜ ਸਾਧਨ ਹੋਇ ਸੋ ਪ੍ਰਮਾਣ । ਨਿਦਧਜਾਸਨ ਮੈਂ ਜਿਨਹੁ ਕਾ ਮਨ ਹੂਆ ਹੈ । ਪੰਚ ਜੋ ਸਤਿ, ਸੰਤੋਖੁ, ਦਯਾ, ਧਰਮ, ਸੁਚ ਹੈਂ, ਇਨ੍ਹੋਂ ਕਰਿ ਜਿਨ ਕਾ ਮਨ ਪ੍ਰਵਾਣ ਹੂਆ ਹੈ । ਪੰਚ ਪਰਧਾਨ = ਤੇਈ ਪੰਚ ਕਹੀਏ ਸੰਤ, ਤਿਨ੍ਹੋਂ ਮੈਂ ਪ੍ਰਧਾਨ ਕਹੀਏ ਸਰੇਸ਼ਟ । ਅਰਥ ਇਹ: ਜਿਨ੍ਹੋਂ ਮੈਂ ਏਕ ਦੋ ਗੁਣ ਪਾਏ ਜਾਤੇ ਹੈਂ ਤੇ ਭੀ ਸੰਤ ਕਹੀਤੇ ਹੈਂ, ਜੋ ਪੰਚੋਂ ਕਰਿ ਸੰਪੰਨ ਹੈਂ ਤੇ ਪਰਮ ਸਰੇਸ਼ਟ ਹੈਂ । ਪੰਚੇ ਪਾਵਹਿ ਦਰਗਹਿ ਮਾਨੁ ॥ ਏਹੀ ਪੰਚ ਕਹੀਏ ਸੰਤ, ਸੋ ਦਰਗਹ = ਪ੍ਰਲੋਕ, ਤਿਸ ਮੈਂ ਮਾਨ ਪਾਵਤੇ ਹੈਂ। ਪੰਚੇ ਸੋਹਹਿ ਦਰਿ ਰਾਜਾਨੁ ॥ ਰਾਜਾਨ ਪਰਮੇਸੁਰ ਤਿਸ ਕੇ ਦਰ ਸ਼ੋਭਾ ਕੋ ਭੀ ਸੋਈ ਸੰਤ ਪਾਵਤੇ ਹੈਂ । ਸੋ ਕੋਨ ਦਰ ? ਸਤਿਸੰਗ । ਤਹਾਂ ਸ਼ੋਭਤੇ ਹੈਂ । ਜੋ ਕਹੋ ਨਿਦਧਜਾਸਨ ਕੇ ਕਾਰਣ ਜੋ ਏ ਪੰਚ ਗੁਣ ਤਿਨ ਕੀ ਪ੍ਰਾਪਤਿ ਕੈਸੇ ਹੋਤੀ ਹੈ ? ਸੋ ਕਹਤ ਹੈ:--ਪੰਚਾ ਕਾ ਗੁਰੁ ਏਕੁ ਧਿਆਨੁ ॥ ਇਨ ਪੰਚੋਂ ਕਾ ਗੁਰੁ ਕਹੀਏ ਪ੍ਰਕਾਸ਼ਕ, ਅਥਵਾ ਉਤਪਤਿ ਕਾਰਣ ਸੋ ਏਕ ਧਜਾਨ ਕਹੀਏ ਬ੍ਰਿਤਿ ਕੀ ਏਕਾਗ੍ਰਤਾ, ਅਥਵਾ ਏਕ ਕਹੀਏ ਅਦੁਤਿਯ ਬ੍ਰਹਮ, ਤਿਸ ਕਾ ਧਜਾਵਣਾ ਇਹੀ ਹੈ ।

ਏਹ ਪੰਚ ਜੋ ਅਰਥ ਚਾਰ ਤੁਕਨਿ ਕੇ ਭਏ ਇਨ ਸਰਬ ਮੈਂ ਨਿਧਦਜਾਸਨ ਕੋ ਸਮਝਨੇ। ਨਿਦਧਜਾਸਨ ਕੋ ਸਰੂਪ ਕਹਤ ਹੈਂ: ਵਿਜਾਤੀ ਪ੍ਰਤਜਯਾਨੰਤ ਸਜਾਤੀਯ ਪ੍ਰਤਜਯ ਪ੍ਰਵਾਹ ਰੂਪ ਬ੍ਰਿਤੀ । ਅਰਥ: ਜੋ ਦੇਹ ਆਦਿਕ ਪ੍ਰਤੀਤੋਂ ਕਰਿ ਖੰਡੀ ਨਾ ਜਾਇ, ਐਸੀ

---

੧. ਅੱਖਾਂ । ੨. ਕੰਨ । ੩. ਚਮੜੀ । ੪. ਨੱਕ ।

ਸਰੂਪ ਅਭਯਾਸਨੀ ਜੋ ਬ੍ਰਿਤਿ ਹੈ ਸੋ ਕਹੀਏ ਨਿਦਧਯਾਸਨ । ਤਾਤਪਰਜ ਇਹ ਸਿਧ ਭਯਾ ਜੋ ਲੋਭ ਮੋਹਾਦਿਕ ਵਿਕਾਰੋਂ ਸੇ ਰਹਤ ਹੋ ਕਰਿ ਸਤੁ ਸੰਤੋਖਾਦਿ ਸੰਯੁਕਤਿ ਬ੍ਰਹਮ ਸਰੂਪ ਕੇ ਅਭਯਾਸ ਮੈਂ ਜੋ ਬ੍ਰਿਤਿ ਲਗੀ, ਅਲਖ ਕੋ ਲਖਨੋ, ਲਖੇ ਕੋ ਤਜਨੋ, ਕਾਰਨ ਕਾਰਜ ਕੀ ਏਕਤਾ ਕਰਣੀ, ਜੈਸੇ ਜਲ ਤਰੰਗ; ਇਸ ਤੇ ਉਪ੍ਰੰਤ ਬ੍ਰਿਤਿ ਸਰੂਪ ਮੈਂ ਸੋ ਨਿਦਧਯਾਸਨ । ਵਾ ਤਨ ਇੰਦ੍ਰੀ ਆਦਿ ਜੀਵ ਕੋ ਵਾਚ ਤਯਾਗਿ ਕੈ ਏਕ ਆਪਨੋ ਸਰੂਪ ਜਾਨਣੋ, ਜਿਸ ਕੋ ਕਹਯੋ ਹੈ: ਧਯਾਨ ਕਰਿ, ਏਹ ਨਿਦਧਯਾਸਨ ਭਯੋ । ਜੇ ਕਰਿ ਕੋਈ ਕਹੈ ਈਹਾਂ ਪੰਚੀਕਰਣ ਗੁਰੂ ਜੀ ਨੇ ਕਿਉਂ ਨਹੀਂ ਕਹੇ ? ਤਿਸ ਕਾ ਉਤ੍ਰ:-ਗੁਰੂ ਜੀ ਕੋ ਹਿਤ ਏਕ ਲੋਕਨਿ ਕੇ ਕਲਯਾਨ ਕੋ ਹੈ । ਅੱਖਰ ਤੋ ਸੁਗਮ ਅਰੁ ਥੋਰੇ ਕਹਤ ਹੈਂ ਅਰ ਅਰਥ ਅਗੰਮ ਔ ਬਹੁਤ ਸੇ ਬਹੁਤ ਨਿਕਸਤਿ ਹੈਂ, ਜਿਤਨੋ ਕੋਈ ਫੈਲਾਵਤ ਹੈ ਸੁਮਤਿਵਾਨ ਤਿਤਨੋ ਹੀ ਫੈਲਤ ਹੈ। ਇਨ ਚਾਰੋਂ ਤੁਕਨਿ ਮੈਂ ਪੰਚੀਕਰਣ ਭੀ ਅਰਥ ਕਰਨ ਵਾਰੇ ਕਰਿ ਦੇਤ ਹੈਂ । ਔਰ ਗ੍ਰੰਥਨ ਮੇਂ ਪੰਚੀਕਰਣ ਬਹੁਤੇਰੋ ਕਹਯੋ ਹੈ, ਗੁਰੂ ਜੀ ਨੇ ਸੰਖੇਪ ਸੋਂ ਸੁਨਾਇਓ । ਤਿਸੁ ਪਰ ਦ੍ਰਿਸ਼ਟਾਂਤ—ਸ਼ਾਹੂਕਾਰ ਜੋ ਬਡੇ ਹੈਂ ਤਿਨ੍ਹੋਂ ਕੇ ਪਾਸ ਦ੍ਵੈ ਵਹੀ ਹੋਤ ਹੈਂ, ਏਕ ਤੌ ਖਾਤਾ ਹੋਤ ਹੈ, ਦੂਸਰੀ ਰੋਜਨਾਵਾਂ ਹੋਡ ਹੈ । ਖਾਤਾ ਮੈਂ ਤੌ ਰਕਮ ਕਾ ਨਾਮ ਮਾਤ੍ਰ ਲਿਖਤ ਹੈਂ; ਸੋ ਸ਼ਾਹੂਕਾਰ ਬਡੇ ਅਪਨੇ ਗੋਚਰੀ ਰਾਖਤ ਹੈਂ, ਰੋਜ ਨਾਵਾਂ ਗੁਮਾਸ਼ਤੇ ਕ ਸੌਂਪਤ ਹੈਂ, ਤਿਸ ਮੈਂ ਰੁਪਯੇ ਪੈਸੇ ਕੌਡੀਨ ਕੋ ਲੇਖੋ ਸਰਬ ਹੋਤ ਹੈ । ਜੋ ਪੁਰਖ ਬਡੇ ਸ਼ਾਹੂਕਾਰ ਤੇ ਰਕਮ ਕੇ ਨਾਮ ਕਹਨੇ ਕਰਿ ਸਮਝਯੋ ਚਾਹੈ ਤਿਸ ਕੋ ਤੌ ਸਮਝਾਇ ਦੇਤ ਹੈਂ, ਐਸੇ ਪੁਰਖੁ ਮਹਾਨ ਹੋਤ ਹੈਂ । ਜੋ ਤਿਨ ਤੇ ਨਹੀਂ ਸਮਝਤੁ, ਲੇਖੇ ਕੀ ਚਤੁਰਾਈ ਮੇਂ ਬ੍ਰਿਤਿ ਹੈ, ਸੋ ਗੁਮਾਸ਼ਤਯੋਂ ਕੇ ਅਧੀਨ ਜਾਇ ਹੋਤ ਹੈ, ਸੋ ਸਮਝਾਵਤ ਹੈਂ । ਫੇਰ ਰਕਮ ਕੋ ਸ਼ਾਹੂਕਾਰ ਤੇ ਸਮਝਤ ਹੈ। ਤੈਸੇ ਹੀ ਬੇਦ ਅਰੁ ਸਤਿਗੁਰੂ ਕੀ ਬਾਣੀ ਬਡੇ ਸ਼ਾਹੁ ਹੈਂ, ਇਨ ਤੇ ਜੋ ਨਹੀਂ ਸਮਝਤ, ਔਰ ਸ਼ਾਸਤ੍ਰ ਸਦ ਗ੍ਰਿੰਥ ਜੋ ਤਿਨੋਂ ਕੇ ਗੁਮਾਸ਼ਤੇ ਹੈਂ ਤਹਾਂ ਤੇ ਸਮਝ ਕੈ ਬੇਦ ਔਰ ਸਤਿਗੁਰੂ ਕੀ ਬਾਣੀ ਪਰ ਨਿਸਚਾ ਕਰਤ ਹੈ । ਯਾਤੇ ਸ੍ਰੀ ਨਾਨਕ ਜੀ ਸੰਖੇਪ ਹੀ ਸੋਂ ਕਹਯੋ ਹੈ । ਬੁਧਿਵਾਨ ਇਸ ਰੀਤਿ ਕੋ ਸਮਝਤ ਹੈਂ । ਅਰੁ ਜੇ ਕੋਈ ਈਹਾਂ ਨਿਦਧਯਾਸਨ ਨਾ ਬਣਾਵੇ, ਤਿਸੁ ਪਰ ਆਸ਼ੰਕਾ: ਜੋ ਗ੍ਰਿੰਥ ਕਾਰ ਹੈਂ ਸ੍ਰਵਣ ਮਨਨ ਨਿਦਧਯਾਸਨ ਸਾਖਯ ਤਕਾਰ ਚਾਰਹੂੰ ਕੋ ਕਹਤ ਹੈਂ, ਈਹਾਂ ਨਿਦਧਯਾਸਨ ਸਾਖਯਾਤਕਾਰ ਕਹਾਂ ਹੈ ? ਜੇ ਕੋਈ ਕਹੈ 'ਤੀਰਥੁ ਤਪੁ' ਕੀ ਪਉੜੀ ਮੇਂ ਕਹਾ ਹੈ, ਸੋ ਏਸ ਕਥਨ ਮੇਂ ਏਕ ਦੋਸ਼ ਏਹ ਹੈ ਜੋ ਅਤਿ ਦੂਰ ਹੋਤਾ ਹੈ, ਕ੍ਰਮ ਭੰਗ ਹੋਤ ਹੈ, ਤਿਸ ਮੇਂ ਭੀ ਸਾਂਗੋ ਪਾਂਗ ਬਿਵਸਥਾ ਨਹੀਂ ਲਗਤ: ਤਾਂਤੇ ਇਸ ਪਉੜੀ ਮੇਂ ਨਿਦਧਯਾਸਨ ਕਹਨੋ ਜੋਗ ਹੈ। ਇਤਯਰਥ।

'ਪੰਚ ਪਰਵਾਣ ਪੰਚ ਪਰਧਾਨ ।' ਇਸ ਤੁਕ ਮੇਂ ਪਕਾਰ ਕੀ ਬਰਨ ਮੈਤ੍ਰੀ, ਚਾਰ ਵੇਰ ਆਯੋ ਯਾਂਤੇ ਬ੍ਰਿਤਯਾਨੁਪ੍ਰਾਸ । 'ਪਰਵਾਣ ਪਰਧਾਨ'-ਇਨ ਮੈਂ ਛੇਕਾਨੁਪ੍ਰਾਸ । ਲੱਛਣ:-'ਜਹਾਂ ਪਦ ਔਰ ਬੀਚ ਪਰ ਕੇ ਬਰਨ ਕੀ ਸਮਤਾ ਹੋਇ ਸੋ ਛੇਕਾਨੁਪ੍ਰਾਸ ॥ ਯਾਂ ਮੈਂ ਪੰਚ ਪਦ ਬੀਚ ਹੈ ਪ੍ਰਵਾਨ ਪ੍ਰਧਾਨ ਮੈਂ ਯਾਂਤੇ ਛੇਕਾਨੁਪ੍ਰਾਸ । ਜਹਾਂ ਪਦ ਬੀਚ ਨਹੀਂ ਪਰੇ, ਬਰਨ ਕੀ ਸਮਤਾ ਆਵੇ, ਤਹਾਂ ਬ੍ਰਿਤਯਾਨੁਪ੍ਰਾਸ ਹੋਤ ਹੈ। ਇਤਨੋ ਭੇਦ ਹੈ ਇਨ ਦੋਊਨ ਕੋ। ਪੰਚ ਪਦ ਦੋ ਬੇਰ ਆਵਨੇ ਤੇ ਲਾਟਾਨੁਪ੍ਰਾਸ ਭੀ ਹੋ ਜਾਤ ਹੈ। ਭਾਵ ਭਿੰਨ ਹੈਂ

ਪ੍ਰਵਾਨ ਪ੍ਰਧਾਨ ਮੇਂ। ਅਗਲੀ ਤੁਕਨਿ ਮੈਂ ਉਭਯਾਬ੍ਰਿਤਦੀਪਕ ਅਲੰਕਾਰ ਹੈ 'ਪੰਚ' ਪਦ ਤੇ। ਅਰਥ ਭੀ ਵਹੀ ਸ਼ਬਦ ਭੀ ਵਹੀ। ਔਰ ਪੰਚ ਜੋ ਅਰਥ ਬ੍ਰਹਮ ਕੋ ਭਯੋ ਹੈ ਯਾਂ ਮੈਂ ਜਾਤਿ ਅਲੰਕਾਰ ਹੈ। ਸੂਖਮ ਸਥੂਲ ਸਰੂਪ ਕੋ ਬਰਨਨ ਮੈਂ। ਔਰ ਜਹਾਂ ਤਹਾਂ ਰੂਪ ਬਰਨਨ ਮੇਂ ਤੀਸਰੋ ਬਿਸ਼ੇਖਾਲੰਕਾਰ ਹੈ।

ਲੱਛਣ–ਏਕ ਵਸਤੁ ਬਰਨੈ ਬਹੁ ਥਾਇ।
ਤਾਕੋ ਸੁਕਵਿ 'ਬਿਸ਼ੇਖ' ਬਤਾਇ।

ਏਕ ਬ੍ਰਹਮ ਕੋ ਸਰੂਪ ਸਰਬ ਸਥਾਨ ਮੈਂ ਬਰਨਯੋ ਯਾਂਤੇ ਬਿਸ਼ੇਖ। ਔਰ ਪੰਚ ਪਰਵਾਣ ਪੰਚ ਪਰਧਾਨ' ਇਨ ਕੋ ਅਰਥ ਤਨਮਾਤ੍ਰਾ ਔ ਤਤਨ ਕੋ ਭਯੋ ਹੈ ਤਿਸ ਅਰਥ ਮੈਂ ਸਾਧਯਵਸਾਨਾ ਲੱਛਣਾ ਲਗੀ ਹੈ। 'ਪੰਚ ਪਰਵਾਣ' ਇਹ ਤੋ ਰੋਪਯਮਾਨ ਰੋਪਯ ਬਿਖੈ ਊਪਰ ਸੋਂ ਆਯੋ। ਤਨਮਾਤ੍ਰਾ: ਸ਼ਬਦ ਸਪਰਸ਼ਾਦਿਕ, ਇਸੀ ਰੀਤਿ 'ਪੰਚ ਪਰਧਾਨ' ਮੇਂ ਅਪ ਤੇਜ ਆਦਿ। ਅਗਾਰੀ ਇੰਦ੍ਰੀ ਪ੍ਰਾਣ ਕੋ ਅਰਥ ਤੈਸੇ ਹੀ, ਇਹਾਂ ਕਾਰਨ ਕਾਰਜ ਏਕ ਸੰਗ ਮੈਂ ਬਰਨਨ ਤੇ ਹੇਤਾਲੰਕਾਰ ਹੋਤ ਹੈ। ਐਸੇ ਨਿਧਯਾਸਨ ਕੋ ਸੁਣਿ ਕਰਿ ਜੋ ਵਾਦੀ ਸ਼ੰਕਾ ਕਰੈ ਜੋ ਤੁਮ ਨੇ ਕਹਾ ਹੈ ਨਿਦਧਯਾਸਨ ਕੋ ਰੂਪ ਏਤਾ ਹੀ ਹੈ ਵਾ ਔਰ ਭੀ ਹੈ? ਅਰ ਨਿਦਧਯਾਸਨ ਕੇ ਕਰਨਹਾਰੇ ਕੇਤਕ ਹੈਂ? ਵਾ ਔਰ ਇਸ ਪ੍ਰਕਾਰ ਆਸ਼ੰਕਾ ਕਰੇ ਜੋ ਪਰਮੇਸ਼ੁਰ ਕੇ ਕਰਤਬ ਪੰਚ ਤਤਨ ਤੇ ਜਾਨੀਏ ਜੋ ਏਤੇ ਹੀ ਹੈ ਕਿ ਔਰ ਭੀ ਹੈ? ਔਰ ਤ੍ਰਾਨ ਔ ਸੁੰਦਰਤਾ ਔ ਦਾਤਿ ਤਿਸਕੋ ਭੀ ਬਰਨਨ ਕਰਿਕੈ ਸੁਨਾਈਏ ਸੋ ਏਤਨੀ ਕ ਹੈ ਵਾ ਪਰਮੇਸ਼ੁਰ ਕੇ ਸਰੂਪ ਕੋ ਪ੍ਰਮਾਣ ਬਤਾਈਏ? ਇਸ ਆਸ਼ੰਕਾ ਕੋ ਲੀਏ ਹੂਏ ਸ੍ਰੀ ਸਤਿਗੁਰ ਜੀ ਕਹਿਤ ਭਏ :—

## ਜੇ ਕੋ ਕਹੈ ਕਰੈ ਵੀਚਾਰੁ ॥

ਜੇ ਕੋਈ ਇਸ ਰੀਤਿ ਸੋਂ ਕਹਿਕੈ ਬਹੁਰੋ ਬੀਚਾਰ ਕਹੀਏ ਗਣਨਾ ਕਰਨ ਲਗੇ ਅੰਤ ਲੈਬੇ ਕੋ ਕਿਸੀ ਰੀਤਿ ਸੋਂ, ਤੋ ਤਿਸ ਕੋ ਜਤਨ ਬਿਅਰਥ ਹੈ; ਕਾਹੇ ਤੇ? ਸੋ ਕਹਤ ਹੈਂ :-

## ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਕਰਤਾ ਜੋ ਪਰਮੇਸ਼ੁਰ ਹੈ ਤਿਸ ਕੇ ਕਰਣੇ ਕਾ ਕੁਛ ਅੰਤ ਨਾਹੀਂ। ਜਿਸ ਕੇ ਕਰਤਬ ਕੇ ਕਿਸੀ ਅੰਸ਼ ਕੋ ਭੀ ਅੰਤ ਨਹੀਂ ਪਾਯੋ ਜਾਤ ਹੈ, ਔਰ ਸਰਬ ਕਰਤਬ ਕੋ ਤੋ 'ਸੁਮਾਰੁ' ਕਹੀਏ 'ਅੰਤ' ਕਹਾਂ ਪਾਵਨੇ ਹੈ। ਜਿਸ ਕੇ ਕਰਤਬ ਕੇ ਕਿਸੀ ਅੰਸ਼ ਕੋ ਅੰਤ ਨਹੀਂ ਪਾਯੋ! ਤਿਸੁ ਕਰਣਹਾਰੇ ਕੋ ਅੰਤ ਕੌਨ ਜਾਨ ਸਕੈ? ਅਨੇਕ ਹੀ ਨਿਦਧਯਾਸਨ ਕਰਨਹਾਰੇ ਹੈਂ। ਅਨੇਕ ਹੀ ਸਾਧਨ ਹੈਂ ਨਿਦਧਯਾਸਨ ਕੇ, ਔਰ ਤਿਸ ਕੇ ਕਰਤਬ ਕੋ ਭੇਦੁ ਭੀ ਨਹੀਂ ਜਾਨਯੋ ਜਾਤ ਹੈ। ਸੋ ਪਰਮੇਸ਼ੁਰ ਕੀ ਅਨੰਤ ਸ਼ਕਤਿ ਹੈਂ; ਅਨੰਤ ਹੀ ਸ੍ਰਿਸ਼ਟਿ ਜਿਸ ਕੇ ਆਸਰੇ ਹੈ। ਅਨੰਤ ਸ਼ਕਤਿ ਮੈਂ ਤੇ ਪ੍ਰਥਮ ਤੋ ਏਕ ਬਲ 'ਸ਼ਕਤਿ' ਧਰਤੀ ਧਾਰਣ-

ਹਾਰਿਓ ਕੇ ਮਿਸ[1] ਕਰ ਬਰਨਤ ਹੈਂ। ਸ਼ੇਖ, ਕੂਰਮ, ਬਰਾਹ, ਧਵਲ[2] ਇਤਯਾਦਿਕ ਲੋਕ ਪ੍ਰਿਥਵੀ ਕਾ ਅਧਾਰ ਕਹਤੇ ਹੈਂ। ਨਿਦਧ੍ਯਾਸਨ ਕੇ ਕਰਨਹਾਰੇ ਸੰਤ ਸਰਬ ਕੋ ਆਸ਼ਰੇ ਪਰਮੇਸੁਰ ਕੋ ਹੀ ਲਖਤ ਹੈਂ, ਇਸੀ ਕੋ ਨਿਰਨੈ ਕਰਤ ਹੈਂ:-

## ਧੌਲੁ ਧਰਮੁ ਦਇਆ ਕਾ ਪੂਤੁ ॥

ਸੰਤ ਜੋ ਹੈਂ ਧੌਲ ਕੋ ਬੈਲ ਨਹੀਂ ਮਾਨਤੇ; ਧੌਲ ਧਰਮੁ ਹੈ ਅਰੁ ਦਯਾ ਕਰਿ ਉਤਪਤਿ ਹੋਤਾ ਹੈ, ਸੋ ਦਯਾ ਅਰੁ ਧਰਮ ਸਰਬ ਚੇਤਨ ਸੱਤਾ ਕੇ ਆਸ਼ਰੇ ਹੈਂ। ਇਸ ਕੋ ਔਰ ਸਪਸ਼ਟ ਕਰਤ ਹੈਂ:-

## ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਏਕ ਧੌਲ ਧਰਮ ਕੀ ਤੌ ਕਿਆ ਬਾਤ ਹੈ ਜਿਸ ਪ੍ਰਭੂ ਨੇ ਏਕ ਸੰਤੋਖ ਦੇ ਕਰਿ 'ਸੂਤ' ਕਹੀਏ ਮਿਰਜਾਦਾ ਸੋਂ ਇਸਥਿਤ ਸਰਬ ਕਰ ਰਾਖੇ ਹੈਂ, ਸੋ ਕੌਨ ਮਿਰਜਾਦਾ ? ਪ੍ਰਿਥਵੀ ਕੋ ਜਲ ਨਹੀਂ ਗਾਲ ਸਕਤੋ, ਜਲ ਕੋ ਅਗਨਿ ਸੁਕਾਇ ਨਹੀਂ ਸਕਤੀ, ਅਗਨਿ ਕੋ ਪਵਨ ਨਹੀਂ ਉਡਾਇ ਸਕਤੀ, ਇਸੀ ਰੀਤਿ ਸਪਤ ਆਵਰਣ ਜਿਸ ਕੀ ਸੱਤਾ ਕਰਿ ਪਰਸਪਰ ਸੰਤੁਸ਼ਟ ਹੈਂ; ਅਰਥ ਇਹ: ਜੋ ਮਹਾਂ ਬਿਰੋਧੀ ਹੁਤੇ ਸੋ ਅਵਿਰੁਧ ਰਹਤ ਹੈਂ। ਜੇ ਕਰਿ ਬਾਦੀ[3] ਕਹੇ; ਹਮ ਸਥੂਲ ਪ੍ਰਿਥਵੀ ਕੋ ਆਧਾਰੁ ਸੂਖਮ ਭੂਤ ਸੰਤੋਖ ਕੋ ਨਹੀਂ ਮਾਨਤੇ, ਅਧਭੂਤਕ ਰੂਪ ਧਵਲਾਦਿਕ ਕੋ ਹੀ ਮਾਨੈਂਗੇ; ਤਿਨ ਪਰ ਕਹਤ ਹੈ:-

## ਜੇ ਕੋ ਬੁਝੈ ਹੋਵੈ ਸਚਿਆਰੁ ॥

ਭ੍ਰਾਂਤ ਮਤੀ ਜੋ ਹੈਂ ਬੈਲਾਦਿਕ ਕੋ ਆਸ਼ਰੇ ਪ੍ਰਿਥਵੀ ਕੇ ਮਾਨ ਕਰਿ ਆਪਨੇ ਪੱਖ ਕੋ ਸਾਚਾ ਕੀਆ ਚਾਹੈਂ ਤੌ ਤਿਨ ਸੋਂ ਹਮ ਪੂਛਤੇ ਹੈਂ:-

## ਧਵਲੈ ਉਪਰਿ ਕੇਤਾ ਭਾਰੁ ॥

ਏਕ ਬੈਲ ਕੇ ਊਪਰ ਕੇਤਾਕੁ ਭਾਰ ਪਰੈਗੋ ? ਤਾਤਪਰਜ ਇਹ: ਗਿਰ ਪੁਰਿ[4] ਬਨ ਸਮੇਤ ਪ੍ਰਿਥਵੀ ਕੋ ਕੈਸੇ ਉਠਾਇ ਸਕੈਗੋ ? ਜੇ ਕਹੋ ਜੈਸੇ ਪ੍ਰਿਥਵੀ ਕਾ ਬਡਾ ਬਿਸਥਾਰ ਹੈ ਤੈਸੇ ਹੀ ਹਮ ਬੈਲ ਕੋ ਭੀ ਬਡਾ ਮਾਨਤ ਹੈਂ, ਤਿਸ ਪਰ ਕਹਤ ਹੈਂ:-

## ਧਰਤੀ ਹੋਰੁ ਪਰੈ ਹੋਰੁ ਹੋਰੁ ॥

ਜੰਬੂ ਦੀਪ ਤੇ ਸਪਤ ਦੀਪਨ ਕੀ ਪ੍ਰਿਥਵੀ ਔਰ ਔਰ ਹੈ। ਜੇ ਸਪਤ ਦੀਪ ਕੀ ਏਕ ਹੀ ਹੈ ਤੌ ਔਰ ਬ੍ਰਹਮੰਡ ਤੇ ਔਰ ਬ੍ਰਹਮੰਡ ਕੀ ਅਨੇਕ ਪ੍ਰਿਥਵੀਆਂ ਹੈ, ਤਿਨ ਕੋ ਕੋਨ ਉਚਾਇ[5] ਰਹਯੋ ਹੈ ? ਜੇਕਰ ਕਹੈਂ ਜੇਤੀ ਪ੍ਰਿਥਵੀਆਂ ਹੈਂ ਤੇਤੇ ਹੀ ਬੈਲ ਹੈਂ, ਤੌ ਇਹ ਬਾਤ ਹਮ ਮਾਨ ਲੇਤੇ ਹੈਂ, ਪ੍ਰੰਤੂ ਐਸੇ ਕਹਨਵਾਰੇ ਪਰ ਹਮਾਰੋ ਪ੍ਰਸ਼ਨ ਹੈ:-

---

੧. ਹਾਰੈ। ੨. ਸ਼ੇਸ਼ ਨਾਗ, ਯਾ ਕੱਛੂ, ਯਾ ਸੂਰ, ਯਾ ਬਲਦ। ੩. ਸੰਸਾ ਯਾ ਝਗੜਾ ਕਰਨ ਵਾਲਾ।
੪. ਪਹਾੜ ਤੇ ਨੱਗਰ। ੫. ਉਠਾਇ।

# ਤਿਸਤੇ ਭਾਰੁ ਤਲੈ ਕਵਣੁ ਜੋਰੁ॥

ਧਰਨੀ ਕੋ ਭਾਰ ਉਚਾਵਨਵਾਰੋ ਤੌ ਬੈਲ ਭਯੋ, ਤਿਸ ਬੈਲ ਕੇ 'ਤਲੈ' ਕਹੀਏ ਨੀਚੇ ਜ਼ੋਰ ਦੇਨਹਾਰੋ ਸੋ ਕੌਨ ਹੈ ? ਸੋ ਬੈਲ ਤੌ ਨਿਰਾਧਾਰ ਹੈ ਨਹੀਂ, ਸੋ ਕਿਸੀ ਆਸਰੇ ਕੇ ਊਪਰ ਹੀ ਹੋਇਗੋ ? ਜੇ ਕਹੋ ਤਿਸ ਕੇ ਤਲੇ ਔਰ ਧਰਤੀ ਹੈ ਸੋ, ਤਿਸ ਧਰਤੀ ਕੇ ਨੀਚੇ ਕੌਨ ? ਜੋ ਕਹੋ ਔਰ ਬੈਲ, ਤੌ ਪੁਨਹਿ ਤਿਸ ਕੇ ਤਲੇ ਕੌਨ ? ਇਸ ਪ੍ਰਕਾਰ ਅਨਵਸਥਾ ਦੋਸ਼ ਆਵਤ ਹੈ। ਖਟ ਸ਼ਾਸ਼ਤ੍ਰੰ ਮੈਂ ਇਸੀ ਰੀਤਿ ਕੇ ਦੋਸ਼ ਲਿਖੇ ਹੈਂ। ਤੀਨ ਪਰ ਚਕ੍ਰ ਕਾ ਦੋਸ਼ ਤੀਨ ਤੇ ਉਪਰੰਤ ਚੌਥੇ ਪਰ ਅਨਵਸਥਾ ਦੋਸ਼ ਹੋਤ ਹੈ। ਅਰੁ ਦੋਇ ਪਰ ਅੰਨਯੋਅੰਨਯ ਆਸ਼ਰੈ ਦੋਸ਼ ਹੋਤ ਹੈ। ਜੋ ਐਸੇ ਦੋਸ਼ਨ ਤੇ ਡਰੁ ਕਰਿ ਕਹੋ ਪਰਮੇਸੁਰ ਆਸਰਾ ਹੈ ਬੈਲ ਕੋ ਤੌ ਹਮਾਰੇ ਹੀ ਸਿੱਧਾਂਤ ਸਿਧ ਭਯੋ। ਪ੍ਰੰਤੁ ਬੈਲ ਕੋ ਧਰਤੀ ਕਾ ਆਸ਼ਰਾ ਮਾਨਾ, ਤਿਸ ਬੈਲ ਕੋ ਪਰਮੇਸ਼ਰ ਆਸ਼ਰਤ ਮਾਨਯੇ, ਐਸੇ ਕਹਿਨ ਤੇ ਪਹਿਲੇ ਹੀ ਪਰਮੇਸ਼ਰ ਆਧਾਰ ਕਿਉਂ ਨ ਮਾਨੈ ? ਇਨ ਤੁਕਨਿ ਮੈਂ ਪਰਮੇਸ਼ਰ ਕੀ ਬਲ ਸ਼ਕਤਿ ਕਹੀ, ਜੋ ਅਨੇਕ ਹੀ ਬ੍ਰਹਮੰਡ, ਦ੍ਰਿਸ਼ਯਮਾਨ ਜੋ ਕਿਛੁ ਸਰਬ ਹੈ ਸੋ ਪਰਮੇਸ਼ਰ ਕੇ ਆਸਰੇ ਹੈ। ਇਤ੍ਯਰਥ।

'ਜੇਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥' ਇਨ ਦੋਊ ਤੁਕਨ ਮੈਂ ਕਕਾਰ ਕੀ ਬਰਣ ਮੈਤ੍ਰੀ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ। ਦੂਸਰੋ ਉਤਰਾਲੰਕਾਰ ਭੀ ਹੈ, [ਸ਼ੁਮਾਰ ਕਿਉਂਹੂੰ ਨਹੀਂ ਆਵਤ ਹੈ ? ਪੂਛੇ ਤੇ ਉੱਤਰ ਦੀਓ ਕਰਣੇ ਦਾ ਸੁਮਾਰ ਨਹੀਂ ਹੈ। [ਤੀਸਰੋ ਕਾਵ੍ਯ ਲਿੰਗ; ਪਹਿਲੀ ਤੁਕ ਕੋ ਅਰਥ ਸਮਰਥਨੀਯ, ਪਿਛਲੀ ਤੁਕ ਸੋਂ ਸਮਰਥਨ ਕਰਯੋ। 'ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥' ਇਨ ਦੋਊ ਤੁਕਮ ਮੈਂ ਸ਼੍ਰੁਤ੍ਯਾਨੁਪ੍ਰਾਸ ਅਲੰਕਾਰ ਹੈ। ਏਕ ਹੀ ਬਰਗ ਕੇ ਜਹਾਂ ਅਖਰ ਹੋਇੰ ਤਹਾਂ ਸ਼੍ਰੁਤ੍ਯਾਨੁਪ੍ਰਾਸ ਹੋਤ ਹੈ। ਤਵਰਗ ਕੇ ਬਰਨ ਇਨ ਤੁਕਨ ਮੈਂ ਹੈਂ। ਪਹਿਲੇ ਧਕਾਰ, ਦਕਾਰ, ਤਕਾਰ, ਥਕਾਰ, ਨਕਾਰ, ਪੰਚ ਹੀ ਬਰਨ ਹੈਂ। ਔਰ ਦੋਨੋਂ ਇਹ ਤੁਕ, ਚਾਰ ਅਗਲੀ, ਇਨ ਖਟ ਤੁਕਮ ਮੈਂ ਉੱਤਰਾਲੰਕਾਰ ਹੈ; ਪ੍ਰਸ਼ਨ ਊਪਰ ਤੇ ਹੋਤ ਹੈ, ਉੱਤਰ ਤੁਕਨ ਮੈਂ ਹੈ। ਔਰ ਪ੍ਰਯਾਯੋਕਤ ਅਲੰਕਾਰ ਹੈ। ਪਰਮੇਸੁਰ ਕੋ ਬਲ ਬਰਨਨ ਕਰਨੋ ਹੁਤੋ,ਸੋ ਏਕ ਪ੍ਰਿਥਵੀ ਕੀ ਜੁਗਤਿ ਲੇ ਕਰਿ ਬਰਨਨ ਕਰਯੋ, ਯਾਂਤੇ ਪ੍ਰਯਾਯੋਕਤਿ। ਇਨ ਅਲੰਕਾਰਨ ਤੇ ਅਧਿਕਾਲੰਕਾਰ ਨਿਕਸਤ ਹੈ।

ਲੱਛਨ:-ਜਹ ਅਧੇਯ ਤੇ ਅਧਿਕ ਅਧਾਰ। ਕਿਧੋਂ ਅਧਾਰ ਸੁ 'ਅਧਿਕ' ਬਿਚਾਰ।

ਰਹਿਨਵਾਰੋ ਅਧੇਯ ਜਾ ਮੈਂ ਰਹੈ। ਸੋ ਈਹਾਂ ਪਰਮੇਸ਼ਰ ਕੀ ਸ਼ਕਤਿ ਆਧਾਰ ਹੈ। ਅਨੇਕ ਹੀ ਬ੍ਰਹਮੰਡ ਅਧੇਯ ਤੌ ਭੀ ਆਧਾਰ, ਬਡੋ, ਯਾਂਤੇ ਅਧਿਕਾਲੰਕਾਰ ਹੋਤ ਹੈ। ਔਰ ਇਨ ਅਰਥਨ ਮੈਂ ਪ੍ਰਸੰਖਯਾਲੰਕਾਰ ਭੀ ਹੈ। ਧਰਨੀ ਕੀ ਸਥਿਰਤਾ ਔਰਨ ਤੇ ਬਰਜ ਕਰਿ ਏਕ ਪਰਮੇਸੁਰ ਕੀ ਸ਼ਕਤਿ ਮੈਂ ਰਾਖੀ; ਯਾਂਤੇ ਪ੍ਰਸੰਖਯਾ।

ਇਨ ਸਰਬ ਤੁਕਨ ਮੈਂ ਬਲ ਸ਼ਕਤਿ ਪਰਮੇਸ਼ਰ ਕੀ ਕਹੀ ਅਬ ਅਗਾਹੀ ਕ੍ਰਿਆ ਸ਼ਕਤਿ ਕੋ ਨਿਰੂਪਨ ਕਰੀਤਾ ਹੈ।

## ਜੀਅ ਜਾਤਿ ਰੰਗਾ ਕੇ ਨਾਵ ॥

ਅਨੇਕ ਜਾਤਨ ਕੇ ਜੋ ਜੀਵ ਹੈਂ, 'ਰੰਗਾ ਕੇ' ਕਹੀਏ ਅਨੇਕ ਰੰਗਨ ਕੇ, ਵਾ ਕਹਿਬੇ ਮੇਂ ਲੋਕਨ ਕੀ ਕਹਿਨਾਵਤ ਹੈ, ਸਭ ਕੋਈ ਕਹਤ ਹੈ: ਹਰਿ ਰੰਗਾ ਵਾ ਹਰ ਕੋਈ, ਚਉਰਾਸੀ ਲਖ ਜੋ ਜੂਨ ਹੈ, ਵਾ ਅਨੇਕੋਂ ਬ੍ਰਹਮੰਡੋਂ ਮੈਂ ਅਨੇਕ ਹੀ ਜੂਨ ਕੇ ਧਾਰਨਹਾਰੇ ਜੋ ਜੀਵ ਹੈਂ ਸੋ ਤਿਨੋਂ ਕੀ ਗਣਨਾ ਕਿਸੀ ਪਾਸ ਤੇ ਨਹੀਂ ਹੋਇ ਆਵਤ ਹੈ, ਜੋ ਏਤੇ ਕੁ ਜੀਵਨ ਕੇ ਨਾਮ ਹੈਂ, ਏਤੇਕ ਜਾਤਿ ਹੈਂ, ਏਤੇਕ ਜੀਵ ਹੈਂ।

## ਸਭਨਾ ਲਿਖਿਆ ਵੁੜੀ ਕਲਾਮ ॥

ਤਿਨ ਅਨੇਕੋਂ ਜੀਵੋਂ ਤੇ ਅਗਾਰੀ ਅਨੇਕ ਹੀ ਗਨੋਂ ਤਿਨੋਂ ਕੇ ਕਰਮ ਹੈਂ, ਤਿਨਹੀ ਕਰਮੋਂ ਮੂਜਬ ਅਗਾਰੀ ਪਿਛਾਰੀ ਕੇ ਕਰਮ ਸੋਂ ਕ੍ਰਿਯਮਾਨ ਸੰਚਿਤ, ਪ੍ਰਾਰਭਧ, ਇਸ ਕਰਮ ਸੋਂ ਸਭਨੋ ਕੇ ਮਸਤ ਬਿਖੇ ਲਿਖਿਓ ਹੈ; 'ਵੁੜੀ' ਕਹੀਏ ਵਗੀ ਹੈ ਕਲਮ । ਏਕ ਜੀਵ ਕੇ ਕਰਮ ਗਿਨਨ ਮੈਂ ਮੁਸ਼ਕਲਾਤ ਹੈਂ, ਸੋ ਪਰਮੇਸ਼ਰ ਕੋਟਾਨਿ ਕੋਟ ਜੀਵੋਂ ਕੇ ਕਰਮ ਫਲ ਕੋ ਭਿੰਨ ਭਿੰਨ ਰਾਖਤ ਹੈ, ਏਕ ਕੇ ਦੂਸਰੇ ਸੰਗ ਅਭਿੰਨ[1] ਨਹੀਂ ਹੋਨੇ ਦੇਤ ਹੈ; ਐਸੋ ਸਮਰਥ ਹੈ। ਸਰਬ ਜੀਵ ਆਪੋ ਆਪਣੇ ਕਰਮ ਕੇ ਅਧੀਨ ਕਰਿ ਛੋਰੇ ਹੈਂ। ਜੇ ਕੋਈ ਕਹੈ ਗਨੇਸ਼ ਆਦਿ ਔਰ ਭੀ ਲਿਖਾਰੀ ਹੈਂ ਬਡੇ ਜਗਤ ਮੈਂ; ਤਿਸ ਪਰ ਕਹਤ ਹੈਂ :-

## ਏਹੁ ਲੇਖਾ ਲਿਖਿ ਜਾਣੈ ਕੋਇ ॥

ਇਸ ਲੇਖੇ ਬਿਖੇ ਲਿਖਬੇ ਕੀ ਸ਼ਕਤਿ ਔਰ ਕਿਸੇ ਮੈਂ ਨਹੀਂ ਹੈ, ਐਸੇ ਲੇਖੇ ਕੋ ਔਰ ਕੋਈ ਭੀ ਨਹੀਂ ਲਿਖ ਸਕੈਗੋ।

## ਲੇਖਾ ਲਿਖਿਆ ਕੇਤਾ ਹੋਇ ॥

ਲਿਖਨੋ ਤੋਂ ਲੇਖੇ ਕੋ ਕਿਤੇ ਰਹਜੋ, ਤਿਸ ਲੇਖੇ ਕੋ ਅੰਦਾਜ਼ਾ ਭੀ ਕਰਨਵਾਰੋ ਕੋਈ ਨਹੀਂ ਹੈ, ਜੋ ਇਤਨੋ ਲੇਖੋ ਸਾਰੋ ਹੋਇਗੋ । ਐਸੋ ਪ੍ਰਮਾਣ ਭੀ ਕਿਸੇ ਪਾਸ ਨਹੀਂ ਹੋ ਸਕਤਿ ਹੈ, ਜੈਸੇ ਸਮੁੰਦਰ ਤਰਨ ਕੋ ਕੋਈ ਪੁਰਖ ਸਮਰਥ ਨਹੀਂ ਹੈ, ਪੈ ਪ੍ਰਮਾਨ[2] ਤੋਂ ਜਾਨਤ ਹੈ ਜੋ ਲਾਖ ਜੋਜਨ[3] ਕੋ ਸਮੁੰਦਰ ਹੈ, ਐਸੇ ਜਾਨਿਯੇ। ਇਤਯਰਥ।

ਇਨ ਚਾਰਹੂ ਤੁਕਨ ਮੈਂ ਪ੍ਰਯਾਯੋਕਤ ਅਲੰਕਾਰ ਹੈ । ਕ੍ਰਿਆ ਸ਼ਕਤਿ ਅਨੰਤ ਕਹਿਨੀ ਹੁਤੀ ਸੋ ਏਕ ਰੀਤਿ ਲਾਲਤਯ ਸੋਂ ਜੀਅ ਜਾਤਿ ਬਰਨਨ ਕਰਿ ਕਹੀ, ਯਾਂਤੇ ਪ੍ਰਯਾਯੋਕਤਿ । ਪੂਰਬ ਕੀ ਦੋਊ ਤੁਕਨ ਮੈਂ ਬਿਸੇਖਾਲੰਕਾਰ ਭੀ ਹੋਤ ਹੈ । ਕਲਮ ਏਕ ਸਭਨੋਂ ਪਰ ਵੁੜੀ, ਏਕ ਕਲਮ ਵੁੜੀ ਹੋਈ ਜਹਾਂ ਕਹਾਂ ਦੇਖੀਤੀ ਹੈ । ਅਗਲੀ ਦੋਊ ਤੁਕਨ ਮੈਂ ਲਾਟਾਨੁਪ੍ਰਾਸ ਹੈ, ਲੇਖਾ ਪਦ ਦੋਊ ਤੁਕਨ ਮੈਂ ਆਯੋ, ਭਾਵ ਭਿੰਨ ਹੈਂ; ਲੇਖਾ ਲਿਖਯਾ ਨਹੀਂ ਜਾਤ ਹੈ ਕੋਈ, ਲੇਖੇ ਕੋ ਪ੍ਰਮਾਨ ਭੀ ਨਹੀਂ ਜਾਨ ਸਕਤੇ, ਯਹ ਭਾਵ ਭਿੰਨ, ਧਰਤੀ ਆਦਿਕ ਕੇ ਧਾਰਨ ਮੈਂ ਤਾਨ ਕਹਜੋ ਹੁਤੋ, ਕਲਮ ਸੋਂ ਲਿਖਨ ਮੈਂ ਦਾਤ

੧. ਰਲਣ। ੨. ਅੰਦਾਜ਼ਾ। ੩. ਅੱਠ ਕੋਹ ਦਾ ਜੋਜਨ ਮੰਨਿਆ ਜਾਂਦਾ ਹੈ।

ਐ ਕ੍ਰਿਯਾ ਸ਼ਕਤਿ ਕਹੀ। ਅਬ ਅਗਾਰੀ ਸਮੁੱਚੈ ਗਿਨਤ ਹੈਂ, ਸੁੰਦਰਤਾ ਕੋ ਸੰਗ ਲੇ ਕਰਿ ਵਜੰਗ ਇਨ ਸਰਬ ਤੁਕਨ ਕੋ ਏਕ ਪਰਮਾਤਮਾ ਕੇ ਬਿਅੰਤ ਕਹਨ ਪਰ। ਧੁਨ ਨਿਦਧਜਾਸਨ ਕੀ ਜੋ ਐਸੋ ਪਰਮਾਤਮਾ ਅਪਨੋ ਸਰੂਪ ਸਜਾਤੀ ਪ੍ਰਵਾਹ ਮੈਂ ਲਗਜੋ ਰਹੈ।

## ਕੇਤਾ ਤਾਣੁ ਸੁਆਲਿਹੁ ਰੂਪੁ ॥

ਤਿਸ ਪਰਮੇਸ਼ੁਰ ਕੇ ਬਿਖੈ ਕਿਤਨੋਕੁ ਬਲ ਹੈ ਜੋ ਐਸੇ ਐਸੇ ਬ੍ਰਹਮੰਡ ਜਿਸ ਨੇ ਅਨੇਕ ਹੀ ਧਾਰ ਰਾਖੇ ਹੈਂ। ਔਰ ਕੇਤੋਕ ਰੂਪ ਕਾ ਸੁਆਲਿਹੁ ਕਹੀਏ ਸੌਂਦਰਜ[1] ਹੈ।

## ਕੇਤੀ ਦਾਤਿ ਜਾਣੈ ਕੌਣੁ ਕੂਤੁ ॥

ਔਰ ਕੇਤੀਕ ਕਰਮ ਕੇ ਅਨੁਸਾਰ ਦਾਤ ਕਹੀਏ ਦਾਨ ਦੇਤ ਹੈਂ। ਤਾਣ ਕੋ ਅਰੁ ਸੌਂਦਰਜ ਕੋ ਅਰੁ ਦਾਨ ਕੋ ਇਸਤੇ ਆਦਿ ਔਰ ਜੇ ਸ਼ਕਤਿ ਹੈਂ ਸੋ ਪਰਮਾਤਮਾ ਕੇ ਕੌਣ ਅੰਦਾਜਾ ਕਰਿ ਸਕੈ ਜੋ ਏਤਨੇਕੁ ਪਰਮੇਸ਼ੁਰ ਬਿਖੇ ਹੈਂ। ਕੂਤੁ[2] ਕੋ ਅਰਥ 'ਕੁੱਬਤਿ', ਬਲ ਕੋ ਨਾਮ, ਸੋ ਐਸੋ ਬਲ ਬੁਧਿ ਕੋ, ਵਾ ਸਰੀਰ ਕੋ ਕਿਸ ਬਿਖੇ ਹੈ ਜੋ ਪ੍ਰਮਾਣ ਕਰਿ ਸਕੇ। ਵਾ 'ਕੂਤ' ਨਾਮ ਅਰਬੀ ਮੈਂ ਅਹਾਰ ਕੋ ਕਹਤ ਹੈਂ, ਜਿਸ ਕੇ ਅਹਾਰ ਕੋ ਕੌਣ ਜਾਣੇ। ਵਾ 'ਕੂਤ' ਨਾਮੁ ਕਿਸੇ ਦੇਸ ਮੋਂ ਕਾਛੂ ਕੋ ਭੀ ਕਹਤ ਹੈਂ, ਜੋ ਆਪਣੀ ਅਟਕਰ ਸੋਂ ਅਨਾਜ ਆਦਿਕੋਂ ਕੋ ਪ੍ਰਮਾਣ ਕਰਿ ਲੇਤ ਹੈ। ਸੋ ਪਰਮੇਸ਼ੁਰ ਕੇ ਤਾਣ ਕੋ ਪ੍ਰਮਾਣ, ਅਰੁ ਸੌਂਦਰਜ ਕੋ ਪ੍ਰਮਾਣ, ਅਰੁ ਦਾਨ ਕੋ ਪ੍ਰਮਾਣ ਸੋ ਐਸੋ ਕਾਛੂ ਕੌਨ ਹੈ ਸੋ ਮਤਿਵਾਰੋ ਜੋ ਕਰ ਸਕੈ? ਅਰਥ ਇਹ: ਪਰਮੇਸ਼ੁਰ ਕੀ ਬਿਭੂਤਿ ਕੋ ਪਰਮੇਸ਼ੁਰ ਹੀ ਜਾਣੈ ਔਰ ਕੋਈ ਨਹੀ' ਜਾਨਤੋ । ਇਤਜਰਥ।

ਇਨ ਦੋਊ ਤੁਕਨ ਮੈਂ ਸਮੁਚਜ ਅਲੰਕਾਰ ਹੈ।

ਲੱਛਣ–ਮੂਲ ਅਰਥ ਕੋ ਸਿਧ ਕਰੈ ਏਕ।
ਪੁਨ ਪਦ ਪਾਵਹਿ ਔਰ ਅਨੇਕ।

ਈਹਾਂ ਬਿਅੰਤ ਕਹਿਨੋ ਮੂਲ ਅਰਥ, ਤਿਸ ਕੋ ਬਲ ਸ਼ਕਤੀ ਜੋ ਕਹੀ ਹੁਤੀ ਸੋਈ ਸਿਧ ਕਰਤ ਹੈਂ, ਤਿਸ ਪਰ ਸੌਂਦਰਜ ਅਰ ਦਾਤਿ ਦੋ ਔਰ ਕਹੇ, ਯਾਂਤੇ ਸਮੁਚਜ। ਸਮੁਚੈ ਅਲੰਕਾਰ ਕੇ ਭੇਦ ਬਹੁਤ ਹੈਂ, ਤਿਨੋਂ ਮੈਂ ਏਕ ਰੀਤਿ ਕੋ ਸਮੁਚਜ ਇਹ ਭੀ ਹੋਤ ਹੈ।

ਅਬ ਤਿਸ ਕੀ ਅਨੰਤ ਸ਼ਕਤੀ ਕੋ ਕੈਮੁਕਤਿਕ ਨਜਾਇ ਕਰਿ ਕਹਤ ਹੈਂ:—

## ਕੀਤਾ ਪਸਾਉ ਏਕੋ ਕਵਾਉ ॥

'ਪਸਾਉ' ਕਹੀਏ ਦੇਖਨੋ, 'ਕਵਾਉ' ਕਹੀਏ ਮਾਯਾ। ਤਿਸ ਮਾਯਾ ਪਰ ਜਬ ਏਕ ਬੇਰ ਦ੍ਰਿਸ਼ਟਿ ਕਰੀ, ਅਰਥ ਇਹ: ਤਿਸ ਕੋ ਚੇਤਨ ਸੱਤਾ ਜਬ ਦਈ, ਵਾ ਇਸ ਤੁਕ ਕੋ ਬਿਸਤਾਰ ਭਾਈ ਗੁਰਦਾਸ ਜੀ ਨੇ ਭੀ ਆਪਣੀ ਬਾਣੀ ਮੋਂ ਕਹਾ ਹੈ:–ਇਕ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ। [ਵਾਰ ੬--੪

---

੧. ਸੁੰਦਰਤਾ। ੨. [ਅ:, ਕੂਤ] ਕੁਵਤ, ਤਾਕਤ। (ਅ) ਖੁਰਾਕ, ਖਾਣਾ। (ੲ) ਕੂਤੀਆ— ਕਾਛੂ, ਪਟਵਾਰੀ।

'ਕਵਾਉ' ਨਾਮੁ ਦੇਸ਼ ਭਾਖਾ ਮੈਂ 'ਸ਼ਬਦ' ਕੋ ਭੀ ਕਹਤ ਹੈਂ ਅਰੁ 'ਪਸਾਉ' ਨਾਮ 'ਪਸਾਰੇ' ਕੋ ਹੈ । ਏਕੁ ਸਬਦੁ ਕਹੀਏ ਓਅੰਕਾਰ, ਤਿਸ ਤੇ ਸੰਕਲਪ ਕਰਿਕੈ ਪਸਾਰਾ ਕੀਆ ਹੈ । ਵਾ ਕੋਸ਼ ਮੈਂ 'ਕੋ' ਨਾਮ ਆਤਮਾ ਕੋ ਹੈ, ਸੋ ਆਤਮਾ ਕਹੀਏ ਮਾਯਾ ਸਬਲ ਬ੍ਰਹਮ, ਤਿਸ ਕੋ, 'ਵਾਉ' ਕਹੀਏ ਪ੍ਰਾਣ, ਓਅੰਕਾਰ ਰੂਪ ਸ਼ਬਦ, ਵਾ ਪ੍ਰਾਣ ਰੂਪ ਸ਼ਬਦ ਏਹ ਜੋ ਸ੍ਰੁਤਿ ਨੇ ਕਹਾ ਹੈ: 'ਏਕੋਹੰ ਬਹੁ ਸ਼ਯਾਮਾ ।

## ਤਿਸਤੇ ਹੋਏ ਲਖ ਦਰੀਆਉ ॥

ਏਕ ਬਾਰ ਕੇ ਦੇਖਨੇ ਤੇ, ਵਾ ਏਕ ਬਾਰ ਕੇ ਬੋਲਨੇ ਤੇ, ਵਾ ਏਕ ਇੱਛਾ ਤੇ ਲਾਖੋਂ ਹੀ 'ਦਰੀਆਉ' ਕਹੀਏ ਜਗਤ, ਸਾਧਜਵਸਾਨਾ ਲੱਛਨਾ ਸੋ ਅਰਥ। ਜਗਤ ਰੋਪਜ ਬਿਖੇ ਦਰੀਆਉ ਰੋਪਜਮਾਨ ਨਿਤ ਨਵੇ ਹੀ ਹੋਨੇ, ਇਸੁ ਧਰਮ ਤੇ ਅਨੇਕ ਹੀ ਜਗਤ ਹੋਤੇ ਭਏ। ਇਨ ਦੋਊ ਤੁਕਨਿ ਕੇ ਅਰਥ ਤੇ ਵਜੰਗ ਇਹ ਸਿਧ ਭਯੋ: ਜਿਸ ਕੇ ਏਕ ਸ਼ਬਦ ਤੇ ਵਾ ਏਕ ਇਛਾ ਤੇ ਵਾ ਏਕ ਦ੍ਰਿਸ਼ਟਿ ਤੇ ਅਨੇਕ ਹੀ ਜਗਤ ਭਏ ਤਿਨੋਂ ਕੋ ਤੌ ਜਾਨਜੋ ਨਹੀਂ ਜਾਤ ਹੈ, ਜਿਸ ਕੇ ਏਕ ਬੋਲ ਕੋ ਅੰਤੁ ਨਹੀਂ ਜਾਨਜੋ, ਤਿਸ ਬੋਲਨਹਾਰੇ ਕੋ ਅੰਤੁ ਕੋਈ ਕੈਸੇ ਜਾਨ ਸਕੈਗੋ ? ਇਤਜਰਥ।

ਪਹਿਲੀ ਤੁਕ ਮੈਂ ਪਸਾਉ ਕਵਾਉ ਇਨ ਪਦਨ ਕੀ ਸਮਤਾ ਤੇ ਛੇਕਾਨੁਪ੍ਰਾਸ। ਦੂਸਰੀ ਤੁਕ ਮੈਂ ਦਰੀਆਉ ਉਪਮਾਨ ਤੇ ਉਪਮੇਯ ਜਗਤ ਕੋ ਅਰਥ ਜਾਨਜੋ ਪਰਜੋ, ਯਾਂਤੇ ਰੂਪਕਾਤਿਸ਼ਜੋਕਤਿ ਅਲੰਕਾਰ ਹੈ । ਇਨ ਦੋਊ ਤੁਕਨ ਮੈਂ ਚੌਥੀ ਬਿਭਾਵਨਾ ਲੰਕਾਰ ਭੀ ਹੈ । ਲੱਛਨ-ਜਬੈ ਅਕਾਰਨ ਵਸਤੁ ਤੇ ਕਾਰਜ ਪਰਗਟ ਹੋਇ । ਏਕ ਬੋਲ ਤੇ ਲਾਖੋਂ ਜਗਤ ਭਏ। ਬੋਲਿਬੋ ਕਛੁ ਜਗਤ ਕੋ ਕਾਰਣ ਨਹੀਂ, ਜਗਤ ਤੇ ਜਗਤ ਉਤਪਤਿ ਹੋਤਾ ਹੈ, ਬੋਲਿਬੋ ਅਕਾਰਨ ਹੁਤੋ ਤੌ ਭੀ ਕਾਰਜ ਜਗਤ ਭਯੋ। ਕਾਰਨ ਕਾਰਜ ਏਕ ਸੰਗ ਮੈਂ ਕਹਿਨ ਤੇ ਹੇਤਾਲੰਕਾਰ ਭੀ ਹੋਤ ਹੈ।

ਪ੍ਰਿਥਮੇ ਐਸੇ ਬਜੰਤਤਾਈ ਕੋ ਦ੍ਰਿੜ ਕਰਿ ਕੇ ਸਰਬ ਓਰ ਤੇ ਅਬ ਬਜੰਤ ਕਹਤ ਹੈਂ ਬ੍ਰਹਮ ਕੋ:-

## ਕੁਦਰਤਿ ਕਵਣ ਕਹਾ ਵੀਚਾਰੁ ॥

ਜਿਸ ਕੀ ਕਿਸੀ ਏਕ ਅੰਸ਼ ਕਾ ਅੰਤ ਨਹੀਂ ਪਾਯੋ ਜਾਇ, ਤਿਸ ਕੀ 'ਕੁਦਰਤਿ' ਕਹੀਏ 'ਸਮਸ਼ਟ ਮਾਯਾ' ਤਿਸ ਕੋ ਪ੍ਰਮਾਣ ਕੈਸੇ ਕੋਈ ਕਹਿ ਸਕੈ । ਵਾ 'ਕਵਣ'=ਕੌਨ ਕੇ ਬਿਖੇ 'ਕੁਦਰਤਿ' ਕਹੀਏ ਸ਼ਕਤਿ ਹੈ ਜੋ ਗਣਨਾ ਕਰਿ ਪਰਮੇਸ਼ਰ ਕੇ ਅੰਤ ਕੋ ਜਾਨ ਸਕੈ! ਇਤਜਰਥ।

ਇਸ ਤੁਕ ਮੈਂ ਕਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਹੈ।

## ਵਾਰਿਆ ਨ ਜਾਵਾ ਏਕ ਵਾਰ ॥

ਵਾਰਿਆ ਨਾਮ ਬਰਨਨ ਕੋ ਬਯਾਕਰਨ ਰੀਤੀ ਸੋਂ ਭੀ ਹੋਤ ਹੈ। ਵਾ ਕਿਸੇ ਦੇਸ

ਕੀ ਭਾਖਾ ਹੈ; ਐਸੋ ਜੋ ਪਰਮੇਸ਼ੁਰ ਹੈ ਤਿਸਕੋ ਬਰਨਨ ਨਹੀਂ ਕਰਯੋ ਜਾਤ ਹੈ। 'ਏਕ ਵਾਰ' ਏਕ ਰੋਮ ਕੋ ਭੀ ਨਹੀਂ ਕੋਈ ਜਾਨ ਸਕਤ ਹੈ। ਏਕ ਹੀ ਰੋਮ ਮੈਂ ਅਨੇਕ ਬ੍ਰਹਮੰਡ ਹੈਂ, ਏਕ ਬ੍ਰਹਮੰਡ ਕੀ ਰਚਨਾ ਅਨੇਕ ਰੀਤਿ ਸੋਂ, ਤਿਸੀ ਕੋ ਅੰਤ ਨਹੀਂ ਪਾਯੋ ਜਾਤ ਹੈ, ਅਨੇਕ ਬ੍ਰਹਮੰਡ ਕੀ ਕੈਸੇ ਕੋਈ ਜਾਨੇਗੋ। ਵਾ ਜਹਾਂ ਬੈਰਾਠ ਰੂਪ ਬਰਨਨ ਕਰਤ ਹੈਂ ਤਹਾਂ ਰੋਮ ਤਿਸ ਬੈਰਾਠ ਰੂਪ ਕੇ ਬ੍ਰਿਛ ਹੈਂ, ਏਕ ਬ੍ਰਿਖ ਕੀ ਉਤਪਤਿ, ਜੋ ਬਟ ਕੋ ਬ੍ਰਿਛ ਮੂਲ ਟਾਸ ਫੂਲ ਫਲ ਦਲ ਇਤਨੋ ਅਕਾਰ ਏਕ ਤਨਕ ਸੇ ਬੀਜ ਮੈਂ ਕਿਸ ਰੀਤਿ ਸੋਂ ਧਰ ਰਾਖਯੋ ਹੈ ਅਰੁ ਕਿਸ ਰੀਤਿ ਸੋਂ ਉਪਜਤ ਹੈ ? ਵਾ ਤਿਸ ਬਟ ਕੇ ਪਤ੍ਰ ਕੇ ਸੂਤ੍ਰ ਇਸ ਤੇ ਆਦਿ ਔਰ ਜੋ ਸੂਖਮਤਾਈ ਹੈ ਤਿਸ ਕੋ ਕੌਨ ਬਰਨਨ ਕਰੈਗੋ ? ਕਿਸੀ ਤੇ ਨਹੀਂ ਹੁਇ ਸਕੈਗੋ। ਏਕ ਰੋਮ ਕੋ ਭੀ ਭੇਦ ਸਰਬ ਨਹੀਂ ਜਾਨਯੋ ਜਾਤ ਹੈ, ਸਪਸ਼ਟ ਸ਼ਕਤਿ ਕੋ ਕੋਈ ਕੈਸੇ ਜਾਨੈਗੋ ? ਇਤਯਰਥ।

ਇਸ ਤੁਕ ਮੈਂ ਯਮਕਾਲੰਕਾਰ ਹੈ। ਵਾਰ ਵਾਰ ਪਦ ਮੈਂ ਦੋ ਅਰਥ ਭਏ, ਪਦ ਏਕ ਹੀ ਹੈ, ਦੋ ਬੇਰ ਆਯੋ।

ਇਸ ਤੁਕ ਕੋ ਜੋ ਔਰ ਅਰਥ ਕਰਤ ਹੈਂ ਸੋ ਸਰਬ ਮੈਂ ਦੂਖਨ ਆਵਤ ਹੈਂ। ਅਨੰਦਘਨ ਨੇ ਤੋ ਅਰਥ ਕਰਯੋ ਹੈ: 'ਹਟਾਯੋ ਮੈਂ ਏਕ ਵਾਰ ਭੀ ਨਹੀਂ ਜਾਤੋ ਕਿਸੀ ਤੇ'। ਸੋ ਬੀਚਾਰ ਕਰਿ ਦੇਖਾ ਚਾਹੀਏ: ਪਰਮੇਸ਼ੁਰ ਕੋ ਬਿਅੰਤ ਕਹਨ ਮੈਂ ਬਰਜਨ ਕੌਨ ਲਗਯੋ ਹੈ ਗੁਰੂ ਜੀ ਨੂੰ, ਜੋ ਕਹਿਤੇ ਹੈਂ ਮੈਂ ਹਟਾਯੋ ਨਹੀਂ ਜਾਤੋ ਏਕ ਵਾਰ ਭੀ, ਜੋ ਹਟਾਵਨਵਾਰੋ ਨਹੀਂ ਹੈ ਤੋ ਗੁਰੂ ਜੀ ਨੇ ਇਸ ਤੁਕ ਕੋ ਬਿਅਰਥ ਕਯੋਂ ਕਹਯੋ ਹੈ ? ਐਸੇ ਐਸੇ ਅਰਥ ਕਰਨ ਤੇ ਅਨੰਦਘਨ ਕੋ ਜਾਨੀਤਾ ਹੈ ਗੁਰੂ ਜੀ ਕੀ ਬਾਨੀ ਕੇ ਅਰਥ ਸੁਨੇ ਨਹੀਂ, ਮਨ ਆਵਤੇ ਲਗਾਵਤੋ ਗਯੋ ਹੈ। ਏਕ ਅਰਥ ਔਰ ਰੀਤਿ ਸੋਂ ਕਰਤ ਹੈ: ਹੇ ਪਰਮੇਸ਼ੁਰ ! ਤੇਰੇ ਊਪਰ ਕੋ ਮੈਂ ਏਕ ਵਾਰ ਭੀ ਵਾਰਿਓ ਨਹੀਂ ਜਾਤ, ਕਿਆ ? ਬਲਿਹਾਰ ਨਹੀਂ ਹੋ ਸਕਤਿ। ਅਗਾਰੀ ਗ੍ਰਿੰਥ ਸਾਹਿਬ ਜੀ ਮੈਂ ਸੌ ਸੌ ਵਾਰੀ ਬਲਿਹਾਰਨੇ ਕਹਯੋ ਹੈ, ਈਹਾਂ ਏਕ ਤੁਕ ਕੋ ਅਰਥ ਸੈਂਕਰੇ ਤੁਕਨ ਸੋਂ ਬਿਰੋਧ। ਏਕ ਔਰ ਅਰਥ ਕਰਤ ਹੈ: ਮੈਂ ਏਕ ਵਾਰ ਬਲਿਹਾਰ ਨਹੀਂ ਹੋਤ, ਸੈਂਕਰੇ ਵਾਰ ਬਲਿਹਾਰ ਹੋਤ ਹੌਂ। ਇਸ ਰੀਤਿ ਊਪਰ ਤੇ ਅਰਥ ਲਗਾਏ ਜਾਤ ਹੈਂ। ਕਾਹੇ ਤੇ ? ਵਾਸਤਵਅਰਥ ਪ੍ਰਾਪਤੁ ਨਹੀਂ, ਇਸ ਹੇਤੁ ਤੇ ਏਹ ਤੀਨੋਂ ਅਰਥ ਔਰਨ ਕੇ ਜੋ ਕਰੇ ਹੋਏ ਹੈਂ, ਤਿਨ ਸਬਨ ਪਰ ਏਕ ਬਡੋ ਪ੍ਰਸ਼ਨ:– 'ਵਾਰਿਆ ਨ ਜਾਵਾ ਏਕ ਵਾਰ' ਤੁਕ ਕੇ ਅੰਤ ਕੋ ਜੋ ਰਕਾਰ ਹੈ, ਇਸ ਮੈਂ ਇਕਾਰ ਨਹੀਂ ਹੈ, 'ਵਾਰੀ' ਕੇ ਅਰਥ ਮੈਂ ਬਡੀ ਇਕਾਰ ਨਹੀਂ, ਜੋ ਛੋਟੀ ਹੋਤੀ ਤੌ ਅਰਥ ਬਨਤੇ। ਸ੍ਰੀ ਅਰਜਨ ਜੀ ਨੇ ਲਗਾਂ ਜੋ ਐਸੀਆਂ ਹੈਂ ਸੋ ਨਿਰਨੇ ਕਰਿ ਕਰਿ ਲਗਵਾਇ ਦਈ ਹੈਂ, ਇਸੀ ਹੇਤ ਤੇ ਜਾਣੀਤਾ ਹੈ ਜੋ 'ਵਾਰੀ' ਕੋ ਅਰਥ ਨਹੀਂ, ਜੋ ਰਕਾਰ ਮੈਂ ਇਕਾਰ ਹੋਤੀ ਤੌ ਤੀਨੋਂ ਅਰਥ ਬਨਤੇ। ਇਹ ਪ੍ਰਸ਼ਨ ਤੀਨੋਂ ਅਰਥਨ ਪਰ। ਔਰ ਹਮ ਨੇ ਜੋ ਅਰਥ ਕਰਯੋ ਹੈ ਰੋਮ ਕੋ, ਸੋਈ ਗੁਰੂ ਜੀ ਕੋ ਧਰਯੋ ਹੋਯੌ ਹੈ। ਬਜੰਤਤਾ ਕੋ ਬਰਨਨ ਕੋ ਪ੍ਰਸੰਗ ਹੈ। ਇਸ ਪ੍ਰਸੰਗ ਮੈਂ ਇਸ ਅਰਥ ਕੀ ਸੰਗਤ ਬੈਠਤ ਹੈ। ਇਸ ਪ੍ਰਕਾਰ ਬਜੰਤ ਕਹਿ ਕਹਿ ਸਰਬ ਸ਼ਕਤਿ ਮੈਂ ਪਰਮਾਤਮਾ ਕੋ ਮਾਨ ਕਰਿ ਅਰ ਸਰਬ ਬਿਵਹਾਰੁ ਤਿਸ ਮੈਂ ਕਲਪਤਿ ਲਖਨੋ ਇਹ ਨਿਸ਼ਚਾ ਨਿਦਧਯਾਸਨਵਾਨੋਂ ਕੋ ਕਹਯੋ ਹੈ। ਅਬ ਅਗਾਹੀ ਭਗਤਿ ਅਰ ਗਯਾਨ ਦੋਨੋਂ ਪੱਖੋਂ ਕਾ ਸਿੱਧਾਂਤ ਬਰਨਨ ਕਰਤ ਹੈਂ। ਸਵਾਮੀ ਅਰੁ ਦਾਸ ਜਬ ਲੌ ਬਨੇ ਰਹੈਂ

ਤਬ ਲੌਂ ਐਸੇ ਲਖੈਂ :-

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜਿਨੋਂ ਨੇ ਨਵਧਾ ਪ੍ਰੇਮਾ ਭਗਤਿ ਆਦਿਕ ਸਾਧਨ ਕਰੇ ਹੈਂ, ਤਿਨ ਕੋ ਨਿਸਚਾ ਇਹ ਜੋ ਪਰਮੇਸ਼ੁਰ ਕੋ ਕਰਤੱਬਜ ਜਾਨਜੋ ਤੋ ਨਹੀਂ ਜਾਤ ਹੈ ਪਰੰਤੂ ਕਰੇ ਕੋ ਆਛੋ ਮਾਨਤ ਹੈਂ। ਕਰਤਬ ਕਰਨੇ ਮੈਂ ਤਰਕੁ ਤੋ ਤਿਸ ਪਰ ਹੋਤ ਹੈ ਜਿਸ ਕੇ ਕਰਤਬ ਕਰਨੇ ਵਾਰੇ ਕੋ ਅਰ ਕਰਤਬ ਕੋ ਸਰਬ ਓਰ ਤੇ ਜਾਨਜੋ ਜਾਇ। ਜਿਸ ਕੋ ਕਰਤਬ ਨਹੀਂ ਜਾਨਜੋ ਜਾਇ ਅਰੁ ਕਰਨਵਾਰੋ ਬਜੰਤ ਹੋਇ, ਤਾਂਤੇ ਐਸੋ ਨਿਸਚੋ ਰਾਖੈ ਜੋ ਕਰੈਗੋ ਸੋ ਆਛੀ ਹੀ ਹੋਇਗੀ, ਜੋ ਆਛੀ ਹੋਇਗੀ ਸੋਈ ਕਰੈਗੋ। ਇਹ ਰੀਤਿ ਪ੍ਰਾਕ੍ਰਿਤ ਰਾਜਨ ਮੈਂ ਭੀ ਹੈ ਜੋ ਦਾਸ ਹੋਇ ਕੈ ਤਿਸ ਕੇ ਕਰਤਬ ਕੋ ਆਛੇ ਮਾਨੇ ਹੈ ਤਿਸੁ ਪਰ ਪ੍ਰਸੰਨ ਹੋਤ ਹੈਂ। ਪਰਮੇਸਰ ਤੋ ਰਾਜਨ ਕੋ ਰਾਜਾ ਮਹਾਰਾਜ ਹੈ, ਬਹੁਰੁ ਅਨਜਾਇ ਨਹੀਂ ਕਰਤ ਹੈ, ਤਿਸ ਕੇ ਕਰਤਬ ਮੈ ਦਾਸ ਕੋ ਕੈਸੇ ਤਰਕ ਬਨਤ ਹੈ। ਤਾਂਤੇ ਯਹੀ ਨਿਸਚੋ ਰਾਖੈ ਜੋ ਤੁਝ ਕੋ ਹੇ ਪਰਮੇਸੁਰ ਭਾਵਤ ਹੈ ਸੋਈ ਕਾਰ ਕਹੀਏ ਕਰਤਬ ਭਲੋ ਆਛੈ ਹੈ। ਜਬ ਲੌ ਸੁਆਮੀ ਦਾਸ ਭਾਵ ਹੋਇ ਤਿਨ ਕੋ ਨਿਸਚੋ ਇਹ ਕਹਜੋ ਅਰ ਜਿਨੋਂ ਨੇ ਸਰਵਨ ਮਨਨਾਦਿ ਗਜਾਨ ਕੇ ਸਾਧਨ ਕਰੇ ਹੁਤੇ ਤਿਨੋਂ ਕੋ ਗੁਰੋਂ ਕੇ ਮੁਖ ਦੁਆਰਾ ਜੋ ਭਯਾ ਤਤ੍ਵਮਸਿ ਮਹਾਂ ਵਾਕਜ ਕਾ ਉਪਦੇਸ਼, ਤਿਸ ਕਰਿ ਪਰਮਾਨੰਦ ਮਯ ਹੂਏ ਸੋ ਤਿਸ ਮਹਾਂ ਵਾਕ ਕੇ ਅਰਥ ਰੂਪ ਵਾਕਜ ਸਤਿਗੁਰ ਆਪਨੇ ਮੁਖ ਸੋਂ ਕਹਤ ਹੈਂ।

## ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਇਸ ਤੁਕ ਮੈਂ ਮਹਾਂ ਵਾਕਜ ਐਸੇ 'ਤੂ' ਪਦ ਸੇ 'ਤ੍ਵੰ' ਪਦ, ਸਦਾ ਸਲਾਮਤ' ਪਦ ਸੇ 'ਤਤ' ਪਦ, 'ਨਿਰੰਕਾਰ' ਪਦ ਸੇ 'ਅਸਿ' ਪਦ, 'ਤਤ' ਪਦ ਕਾ ਅਰ 'ਤ੍ਵੰ' ਪਦ ਕਾ ਅੰਨ੍ਵੈ ਹੋਤ ਹੈ। ਅਗਾਰੀ ਪਿਛਾਰੀ ਕੋ ਅਰਥ ਐਸੇ: ਜੋ ਸਦਾ ਇਸਥਿਤੁ ਨਿਰੰਕਾਰ ਸਰੂਪ ਬ੍ਰਹਮ ਤੁਹੀ ਹੈਂ।

ਅਗਾਰੀ ਅਸੰਖ ਕੀ ਪਉੜੀ ਤਿੰਨ। ਤਿਨੋਂ ਮੈਂ ਆਤਮਾ ਕੀ ਸ਼ਾਂਤਕੀ ਤਾਮਸੀ ਸ਼ਕਤਿ ਕੋ ਬਰਨਨ, ਤਿਨ ਕੇ ਅੰਤ ਮੋਂ ਸਰਬ ਕੋ ਆਸ਼੍ਰਯ ਬ੍ਰਹਮ, ਤਿਸ ਕੋ ਪ੍ਰਤਿਪਾਦਨ ਰੂਪ ਮਹਾਂ ਵਾਕਜ ਕਾ ਅਰਥ ਤੀਨੋਂ ਸਥਾਨੋਂ ਮੈਂ ਇਸੀ ਤੁਕ ਕੇ ਰੂਪ ਕਰ ਕਹੈਂਗੇ। ਇਨ ਤੇ ਸਿਧ ਭਯੋ ਜੋ ਚਾਰੋਂ ਪੌੜੀਨਿ ਕੇ ਅੰਤੁ ਮੈਂ ਚਾਰ ਜੋ ਮਹਾਂ ਵਾਕਜ ਬੇਦ ਮੈਂ ਹੈਂ ਤਿਨ ਕੋ ਅਰਥ ਬਨਾਯੋ। ਜੱਦਜਪ ਮਹਾਂ ਵਾਕਜ ਕੋ ਪਾਠ ਅੰਨਜ ਅੰਨਜ[1] ਹੈ, ਤੱਦਜਪ ਅਰਥ ਚਾਰਨਿ ਕੋ ਏਕ ਹੀ ਹੈ। ਜੀਵ ਈਸੁਰ ਕੀ ਏਕਤਾ ਬ੍ਰਹਮ ਮੈਂ, ਐਸੇ ਜਾਨਿਯੈ। ਸੋ ਚਾਰੋਂ ਮਹਾਂ ਵਾਕਯ ਕੋ ਭੀ ਲਿਖ ਦੇਤ ਹੈਂ:-ਤਤ੍ਵਮਸੀ, ਪ੍ਰਗਯਾਨੰਦ, ਬ੍ਰਹਮ, ਅਯੰਆਤਮਾ ਬ੍ਰਹਮ,

---

੧. ਹੋਰ ਹੋਰ, ਵਖਰਾ ਵਖਰਾ ਪਾਠ।

ਅਹੰਬ੍ਰਹਮਾਸਮੀ । ਵਾ ਜੈਸੇ ਬੇਦ ਮੈਂ ਸ੍ਵੇਤ ਕੇਤੁ ਨੇ ਤਤ੍ਵਮਸੀ ਕੋ ਉਪਦੇਸ਼ ਨੌ ਵਾਰੀ ਸਿਖ ਪ੍ਰਤਿ ਕੀਓ ਹੈ, ਤੈਸੇ ਗੁਰੂ ਜੀ ਨੇ ਉਸੀ ਮਹਾਂ ਵਾਕਯ ਕੋ ਉਪਦੇਸ਼ ਚਾਰ ਵੇਰ ਕਹਜੋ ਹੈ, ਐਸੇ ਜਾਨਿਯੇ । ਇਤਯਰਥ: ।

'ਜੋ ਤੁਧੁ ਭਾਵੈ ਸਾਈ ਭਲੀ ਕਾਰ' ਇਸ ਤੁਕ ਮੈਂ ਸਮਾਲੰਕਾਰ ਹੈ ।

ਲੱਛਣ–ਜਥਾ ਜੋਗ ਜਹਿਂ ਹੋਵਹਿ ਸੰਗ ।
ਤਿਸ ਕੋ 'ਸਮ' ਕਹਿਂ ਸੁਮਤਿ ਉਤੰਗ ।

ਜੈਸੇ ਸ੍ਵਾਮੀ ਕਰਨ ਵਾਰੋ ਕਰਤਬ ਤੈਸੋ ਭਯੋ ਦਾਸ, ਤਿਸ ਕੋ ਆਛੇ ਮਾਨਿਨ ਵਾਰੋ ਯਾਂਤੇ ਸਮ । ਕਾਵਯਲਿੰਗ ਭੀ ਹੈ। 'ਜੋ ਤੁਧੁ ਭਾਵੈ' ਪਦਨਿ ਕੋ ਸਮਰਥਨਿ ਕਰਯੋ 'ਸਾਈ ਭਲੀ ਕਾਰ' ਪਦ ਸੋਂ । 'ਤੂ ਸਦਾ ਸਲਾਮਤਿ ਨਿਰੰਕਾਰ' ਇਸ ਤੁਕ ਮੈਂ ਪ੍ਰਯਾਯ ਅਲੰਕਾਰ ਹੈ ।

ਲੱਛਣ–ਜਹ ਅਨੇਕ ਕੋ ਆਸ਼੍ਰੈ ਏਕ।
ਸੋ ਪ੍ਰਯਾਯ ਕੋ ਕਰਤ ਬਿਬੇਕ ।

ਈਸ਼ੁਰ ਜੀਵ ਕੋ ਏਕ ਬ੍ਰਹਮ ਆਸਰੋ ਯਾਂਤੇ ਪ੍ਰਯਾਯਾਲੰਕਾਰ।

ਪੂਰਬ ਕੀ ਤੁਕਨ ਮੈਂ ਪ੍ਰਸ਼ਨ: ਈਹਾਂ ਨਿਦਧਯਾਸਨ ਤੇ ਅਗਾਰੀ ਸਾਖਯਾਤਕਾਰ ਕੇ ਨੇਰੇ ਲੌ ਭਗਤਿ ਕਾ ਨਿਰੂਪਨ ਕੈਸੇ ? ਜੋ ਕਰਤਬ ਕੋ ਆਛੇ ਮਾਨੈ ਸ੍ਵਾਮੀ ਅਰ ਦਾਸ ਬਨੇ ਹੋਇ ਰਹੈ, ਈਹਾਂ ਇਹ ਭਗਤਿ ਪੱਖ ਬਰਨਨ ਕੋ ਅਜੋਗ ? ਉੱਤਰ:—ਇਸ ਆਸ਼ੰਕਾ ਕੋ ਉਧਾਰ ਅਗਾਰੀ 'ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ' ਇਸ ਪਉੜੀ ਮੈਂ ਨਿਰਨੇ ਨੀਕੀ ਰੀਤਿ ਸੋਂ ਹੋਇਗੋ, ਤਹਾਂ ਤੇ ਸਮਝ ਲੈਨੋ। ਸ਼੍ਰਵਨ ਗਯਾਨ ਤੋ ਦਾਵਾ[1] ਕੀ ਅਗਨਿ ਹੈ ਸੋ ਮਾਯਾ ਰੂਪ ਜਲ ਤੇ ਬੁਝ ਭੀ ਜਾਤ ਹੈ । ਮਨਨ ਗਯਾਨ ਬਿਜੁਰੀ ਕੀ ਅਗਨਿ ਹੈ, ਕਦੇ ਹਟ ਜਾਤ ਹੈ ਕਦੇ ਹੋ ਜਾਤ ਹੈ; ਪਰੰਤੂ ਵਾਸਤਵ ਤਿਸ ਕੋ ਨਾਸ਼ ਨਹੀਂ ਹੈ। ਨਿਦਧਯਾਸਨ ਬੜਵਾ[2] ਅਗਨਿ ਹੈ ਸੋ ਏਹ ਨਹੀਂ ਜਾਤ ਹੈ । ਅਗਯਾਨ ਰੂਪੀ ਸਮੁੰਦ੍ਰ ਕੋ ਪਚਾਇ ਦੇਤ[3] ਹੈ ।

[ਸਤ੍ਰਾਰਵੀਂ ਪਉੜੀ]

ਅਬ ਅਗਾਰੀ ਪ੍ਰਥਮੈ ਸਾਂਤਿਕੀ ਸ਼ਕਤਿ ਜੋ ਹੈ ਪਰਮਾਤਮਾ ਕੀ, ਤਿਸ ਕੋ ਬਰਨਨ ਕਰਤ ਹੈਂ :–

## ਅਸੰਖ ਜਪ ਅਸੰਖ ਭਾਉ ॥

ਸੰਖਯਾ ਨਾਮੁ ਗਿਨਤੀ ਕੋ, ਗਿਨਤੀ ਮੈਂ ਜੋ ਨਹੀਂ ਗਿਨਯੋ ਜਾਇ ਤਿਸ ਕੋ ਨਾਮ 'ਅਸੰਖ'। ਅਸੰਖ ਰੀਤਿ ਕੇ ਜਪੁ ਹੈਂ; ਤਿਨ੍ਹੋਂ ਕੇ ਜਾਪਕ ਸੋ ਭੀ ਅਨੇਕ ਹੈਂ, ਜਿਨ ਕੋ ਜਪ ਕਰੀਤਾ ਹੈ ਸੋ ਭੀ ਅਨੇਕ ਹੈਂ। ਅਸੰਖ ਹੀ ਭਾਉ ਹੈਂ, ਅਸੰਖ ਹੀ ਭਾਉ ਕੇ ਕਰਨਹਾਰੇ ਹੈਂ, ਜਿਨ ਕੋ ਭਾਉ ਕਰੀਤਾ ਹੈ ਸੋ ਭੀ ਅਸੰਖ ਹੈਂ।

---

੧. ਜੰਗਲ ਦੀ ਅੱਗ । ੨. ਸਮੁੰਦਰ ਦੀ ਅੱਗ । ੩. ਖਤਮ ਕਰ ਦਿੰਦੀ ਹੈ ।

## ਅਸੰਖ ਪੂਜਾ ਅਸੰਖ ਤਪ ਤਾਉ ॥

ਅਸੰਖ ਹੀ ਪੂਜਾ ਹੈਂ । ਪੂਜਾ ਕੇ ਅਰਥ ਤੇ ਪੂਜਕ ਕੋ ਭੀ ਅਧਯਾਹਾਰ ਅਰ ਪੂਜਯ ਕੋ ਭੀ, ਜੌਨ ਪੂਜਾਵਤੇ ਹੈਂ । ਅਸੰਖ ਹੀ ਰੀਤਿ ਕੀ ਪੂਜਾ ਹੈ, ਅਸੰਖ ਹੀ ਪੂਜਯ ਹੈਂ, ਅਸੰਖ ਹੀ ਪੂਜਾ ਕਰਨਵਾਰੇ ਹੈਂ । ਪੂਜਾ ਤਬ ਹੀ ਹੋਇਗੀ ਜਬ ਪੂਜਯ ਔ ਪੂਜਕ ਹੋਇਗੋ; ਯਾਂਤੇ ਏਕ ਪੂਜਾ ਮੈਂ ਦੋਊ ਕਾ ਅਧਯਾਹਾਰ । ਵਾ ਅਜਹਿਤੀ ਲੱਛਣਾ–ਪੂਜਾ ਕੇ ਸੰਗ ਪੂਜਯ ਅਰ ਪੂਜਕ ਕੋ ਲੈ ਕੇ ਅਰਥ ਭਯੋ । ਗੁਰੂ ਜੀ ਅਖਯਰ ਥੋਰੇ ਕਹਤ ਹੈਂ ਅਰਥ ਅਧਿਕ ਤੇ ਅਧਿਕ ਰਾਖਤ ਹੈਂ । ਇਹ ਉਤਮ ਕਾਬਯ ਕੀ ਰੀਤਿ ਹੈ । ਅਸੰਖ ਹੀ ਤਪਨ ਕੇ ਤਾਉ ਹੈਂ; ਕਿਆ ? ਸੰਕਟ ਹੈਂ । ਇਹਾਂ ਭੀ ਤੈਸੇ ਹੀ ਅਰਥ: ਅਸੰਖ ਹੀ ਤਪ ਕੇ ਤਾਉ ਹੈਂ, ਅਸੰਖ ਤਪ ਕਰਨਵਾਰੇ ਹੈਂ, ਅਸੰਖ ਹੀ ਜਿਨ ਕੇ ਹੇਤ ਤਪ ਕਰੀਤਾ ਹੈ, ਸੋ ਹੈਂ । ਇਤਯਰਥ ।

ਇਨ ਦੋਊ ਤੁਕਨ ਮੈਂ ਅਸੰਖ ਪਦ ਚਾਰ ਵੇਰ ਆਵਨ ਤੇ ਉਭਯਾਬ੍ਰਿਤੁਦੀਪਕ ਅਲੰਕਾਰ ਹੈ ।

## ਅਸੰਖ ਗਰੰਥ ਮੁਖਿ ਵੇਦ ਪਾਠ ॥

ਅਸੰਖ ਹੀ ਗ੍ਰਿੰਥ ਹੈਂ, ਅਸੰਖ ਹੀ ਗ੍ਰਿੰਥਨ ਕੇ ਕਰਤਾ, ਅਸੰਖ ਹੀ ਪਠਨਿਹਾਰੇ ਹੈਂ । ਕੈਸੇ ਹੈਂ ਗ੍ਰਿੰਥ ? ਜਿਨ੍ਹੋਂ ਮੈਂ ਮੁਖਯ ਵੇਦ ਕੋ ਪਾਠ ਧਰਯੋ ਹੈ, ਅਰਥ ਏਹ: ਜੋ ਵੇਦ ਕੀ ਸ੍ਰੁਤਿਨ ਕੇ ਊਪਰ ਗ੍ਰਿੰਥ ਬਨੇ ਹੈਂ ਸੋ ਭੀ ਅਸੰਖ ਹੀ ਹੈਂ । ਵਾ ਗ੍ਰਿੰਥ ਕੋ ਅਰਥ ਜੁਦੋ, ਅਗਾਰੀ ਕੋ ਅਰਥ ਜੁਦੋ । ਅਸੰਖ ਹੀ ਗ੍ਰੰਥ ਹੈਂ, ਅਸੰਖ ਮੁਖਾਗਰ ਜਿਨ ਕੇ ਵੇਦ ਕੋ ਪਾਠ ਹੈ, ਕਿਆ ? ਕੰਠ ਹੀ ਕਰ ਰਾਖਤੇ ਹੈਂ, ਐਸੇ ਪੁਰਖ ਹੈਂ । ਇਤਯਰਥ ।

ਇਸ ਤੁਕ ਕੇ ਪਹਿਲੇ ਅਰਥ ਮੈਂ ਕਾਵਯਲਿੰਗ ਅਲੰਕਾਰ ਹੈ । ਸਮਰਥਨੀਯ ਤੋ 'ਗਰੰਥ' ਪਦ ਸਮਰਥਨ ਕਰਯੋ 'ਮੁਖਿ ਵੇਦ ਪਾਠ' ਸੋਂ ।

## ਅਸੰਖ ਜੋਗ ਮਨਿ ਰਹਹਿ ਉਦਾਸ ॥

ਅਸੰਖ ਹੀ ਜੋਗੀ ਜੋਗ ਕਹਤ ਹੈਂ, ਕੈਸੇ ਜੋਗੀ ਹੈਂ ? ਜੋ ਸਦੀਵ ਹੀ ਮਨ ਜਿਨ੍ਹੋਂ ਕਾ ਜਗਤ ਤੇ ਬੈਰਾਗਵਾਨ ਰਹਤ ਹੈ । ਜੋਗ ਪਦ ਤੇ ਜੋਗੀ ਕੋ ਅਰਥ ਜੁਦੋ, ਅਸੰਖ ਹੀ ਜੋਗੀ ਹੈਂ, ਕਯਾ ? ਧਯਾਨ ਮੈਂ ਜੁਟੇ ਰਹਤ ਹੈਂ ਸੋ ਜੋਗੀ । ਅਸੰਖ ਹੀ ਪੁਰਖ ਹੈਂ ਬੈਰਾਗਵਾਨ ਜੋ ਬਿਸ਼ਯਨ ਤੇ ਉਦਾਸ ਰਹਤ ਹੈਂ । ਇਤਯਰਥ ।

ਇਸ ਤੁਕਨ ਮੈਂ ਭੀ ਕਾਵਯਲਿੰਗ ਅਲੰਕਾਰ ਹੈ । ਜੋਗ ਪਦ ਕੋ ਸਮਰਥਨ ਕਰਯੋ ਉਦਾਸ ਰਹਨ ਕੇ ਅਰਥ ਸੋਂ । ਪਹਿਲੇ ਜੋ ਅਰਥ ਭਯੋ ਹੈ ਤਿਸ ਮੈਂ ਇਹ ਅਲੰਕਾਰ ਬਨਤ ਹੈ ।

## ਅਸੰਖ ਭਗਤ ਗੁਣ ਗਿਆਨ ਵੀਚਾਰ ॥

ਅਸੰਖ ਹੀ ਭਗਤ ਹੈਂ, ਕੈਸੇ ਹੈਂ ? ਪਰਮੇਸੁਰ ਕੇ ਗੁਣ ਗਾਵਨਹਾਰੇ । ਗਾਵਨ

## ਅਸੰਖ ਸਤੀ ਅਸੰਖ ਦਾਤਾਰ ॥

ਅਸੰਖ ਹੀ ਸਤੀ ਹੈਂ, ਕੌਨ ? ਸਤਿ ਬੋਲਨਵਾਰੇ, ਜੋ ਝੂਠ ਕੋ ਬੋਲਤ ਨਹੀਂ ਹੈਂ। ਅਸੰਖ ਹੀ ਦਾਤਾਰੁ ਹੈਂ, ਕੈਸੇ ? ਮਹਾਂ ਦਾਨੀ ਹੈਂ, ਸੀਸ ਆਦਿ ਕੇ ਦੇਨਵਾਰੇ ਹੈਂ । ਇਤ੍ਯਰਥ । ਇਸ ਤੁਕ ਮੈਂ 'ਸਤੀ ਦਾਤਾਰੁ' ਮੈਂ ਤਕਾਰ ਆਵਨ ਤੇ ਛੇਕਾਨੁਪ੍ਰਾਸ ਹੈ 'ਅਸੰਖ' ਪਦੁ ਬੀਚ ਆਵਨ ਤੇ ।

## ਅਸੰਖ ਸੂਰ ਮੁਹ ਭਖ ਸਾਰ ॥

ਅਸੰਖ ਹੀ ਜੋਧਾ ਹੈਂ। ਸੋ ਕੈਸੇ ਹੈਂ ? 'ਸਾਰ' ਨਾਮ ਸ਼ਸਤ੍ਰਨ ਕੋ। ਸ਼ਸਤ੍ਰ ਕੋ ਸਾਮੁਹੇ ਹੋ ਕਰਿ ਅਪਨੇ ਸਰੀਰ ਮੇਂ ਖਾਤ ਹੈਂ, ਪੀਠ ਨਹੀਂ ਫੇਰਤ; ਇਸ ਧਰਮ ਕੋ ਦ੍ਰਿੜ ਕਰਿ ਰਾਖਤ ਹੈਂ। ਇਤ੍ਯਰਥ । ਇਸ ਤੁਕ ਮੈਂ ਭੀ ਕਾਵ੍ਯਲਿੰਗ ਅਲੰਕਾਰ ਹੈ । 'ਸੂਰ' ਪਦ ਕੋ ਸਮਰਥਨ ਕਰ੍ਯੋ 'ਮੁਹ ਭਖ ਸਾਰ' ਸੋਂ ।

## ਅਸੰਖ ਮੋਨਿ ਲਿਵਲਾਇ ਤਾਰ ॥

ਅਸੰਖ ਹੀ ਮੋਨੀ ਹੈਂ, ਕਿਆ ? ਬਚਨ ਨਹੀਂ ਬੋਲਤ, ਤੂਸ਼ਨ ਹੀ ਰਹਤ ਹੈਂ । ਅਸੰਖ ਹੀ ਲਿਵ ਲਾਇ ਤਾਰ, ਸੋ ਸਮਾਧੀ ਕਰਨਵਾਰੇ ਕੋ ਅਰਥ । ਕੈਸੀ ਸਮਾਧਿ ਕੇ ਬਿਖੇ ਲਿਵ ਲਗਾਵਤ ਹੈਂ ? ਏਕ ਤਾਰ, ਕਬਹੂੰ ਉਥਾਨ ਨਹੀਂ ਹੋਨ ਦੇਤ ਹੈਂ, ਵਹਿਰਮੁਖੀ ਬ੍ਰਿਤਿ ਨਹੀਂ ਕਰਤ ਹੈਂ । ਵਾ ਮੋਨ ਧਾਰਿਕੈ ਸੋਈ ਸਮਾਧਿ ਲਗਾਵਤ ਹੈਂ; ਏਕ ਤਾਰ ।

ਇਸ ਤੁਕ ਕੇ ਪਿਛਲੇ ਅਰਥ ਮੈਂ ਕਾਵ੍ਯਲਿੰਗ ਹੈ । 'ਮੋਨ' ਪਦ ਕੋ 'ਲਿਵ ਲਾਇ ਤਾਰ' ਸੋਂ ਸਮਰਥਨ ਕਰ੍ਯੋ । ਔਰ ਸਰਬ ਪਉੜੀ ਮੇਂ ਉਭ੍ਯਾਬ੍ਰਿਤ ਦੀਪਕ ਅਲੰਕਾਰ ਹੈ, ਅਸੰਖ ਪਦ ਸਰਬ ਤੁਕਨਿ ਮੈਂ ਆਯੋ, ਅਰਥ ਭੀ ਵਹੀ ਰਹ੍ਯੋ । ਔਰ ਪਹਿਲੀ ਤੁਲ੍ਯ ਯੋਗਤਾ ਅਲੰਕਾਰ ਹੈ ।

ਲੱਛਣ–ਪ੍ਰਸਤੁਤ ਮਹਿ ਗੁਣ ਕ੍ਰਿਆ ਕਿ ਰੂਪ ।
ਕਿਧੋਂ ਧਰਮ ਇਕ ਕਹਿ ਕਵਿ ਭੂਪ ।
'ਪਹਿਲੀ ਤੁੱਲ੍ਯ ਯੋਗਤਾ' ਸੋਈ ।
ਕਵਿ ਸੰਤੋਖ ਸਿੰਘ ਇਹ ਬਿਧਿ ਹੋਈ ।

ਇਸ ਪਉੜੀ ਮੈਂ ਪ੍ਰਸਤੁਤਿ ਪਰਮੇਸੁਰ ਕੀ ਸਤਿ ਕੀ ਸ਼ਕਤਿ ਕੋ ਬਰਨਨ। ਅਸੰਖਤਾ ਧਰਮ ਜੇਤੇ ਗਿਨੇ ਹੈਂ ਸੋ ਸਭਨਿ ਕੋ ਏਕ ਭਯੋ, ਯਾਂਤੇ ਤੁਲ੍ਯਯੋਗਤਾ ਅਲੰਕਾਰ ਹੈ।

## ਕੁਦਰਤਿ ਕਵਣ ਕਹਾ ਵੀਚਾਰੁ ॥

ਕੁਦਰਤਿ ਕਹੀਏ ਸਮਸ਼ਟ ਮਾਯਾ, ਐਸੇ ਕੋਨ ਹੈ ਜੋ ਕਹਿ ਸਕੈ । 'ਵੀਚਾਰੁ'

ਕਹੀਏ ਗਨਣਾ ਕਰਿ ਸਕੈ । ਵਾ 'ਕੁਦਰਤਿ' ਕਹੀਏ ਕਿਸ ਕੇ ਬਿਖੇ ਸ਼ਕਤਿ ਹੈ, ਜੋ ਪਰਮੇਸ਼ੁਰ ਕੀ ਗਨਣਾ ਕਹਿ ਸਕੈ ।

## ਵਾਰਿਆ ਨ ਜਾਵਾ ਏਕ ਵਾਰ ॥

'ਵਾਰਿਆ' ਕਹੀਏ ਬਰਨਿਆ ਨਹੀਂ ਜਾਤਾ ਏਕ ਵਾਰ ਭੀ, ਕਿਆ ? ਏਕ ਰੋਮ ਭੀ। ਸਰਬ ਸ਼ਕਤਿ ਪਰਮੇਸ਼ੁਰ ਬਿਅੰਤ ਹੈ ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਯਾਂਤੇ ਭਗਤ ਜਨ ਕੋ ਨਿਸ਼ਚਾ ਐਸੇ ਹੈ: ਜਿਸ ਕੋ ਕਿਸੀ ਸ਼ਕਤਿ ਕੋ ਅੰਤੁ ਨਹੀਂ ਪਾਯੋ ਜਾਤ ਹੈ, ਤਾਂਤੇ ਜੋ ਤੁਝ ਕੋ ਭਾਵਤ ਹੈ ਸੋਈ ਭਲੀ ਕਾਰ ਹੈ । ਕਿਆ ? ਸੋਈ ਕਰਤਬ ਆਛੋ ਹੈ । ਬਜੰਤਤਾ ਕੇ ਬਰਨਨ ਮੈਂ ਭਗਤਨ ਕੋ ਉਪਦੇਸ਼ ਤੋਂ ਭਾਣਾ ਆਛੇ ਮਾਨਣੋ ਹੈ ਬਨਤ ਹੈ। ਗ੍ਯਾਨਵਾਨ ਕੋ ਉਪਦੇਸ਼ ਤਤ੍ਵਮਸੀ ਕੋ ਬਨਤ ਹੈ, ਜੋ ਐਸੋ ਸਰੂਪ ਸਰਬ ਮੈਂ ਏਕ ਜਾਣਿਕੈ ਦ੍ਵੈਤ ਕੋ ਦੂਰ ਕਰੈ । ਦ੍ਵੈਤ ਮੇਂ ਖੋਜਨ ਤੇ ਅੰਤ ਕਾਹੂੰ ਕੋ ਭੀ ਨਹੀਂ ਹੈ, ਸੋਈ ਕਹਤ ਹੈਂ:-

## ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਸਦਾ ਸਲਾਮਤਿ ਪਦ ਮੈਂ ਤੇ ਤਤ ਕੋ ਅੰਨ੍ਵੈ ਹੋਨ ਤੇ : ਤਤ ਤੂ ਨਿਰਾਕਾਰ ਬ੍ਰਹਮੁ । ਤਤੁ ਈਸ਼੍ਵਰ ਤੂੰ ਜੀਵ ਬ੍ਰਹਮੁ ਰੂਪ ਹੀ ਹੈ । ਇਤ੍ਯਰਥ ।

ਅਲੰਕਾਰ ਇਨ ਤੁਕਨ ਕੇ ਕਹਿ ਆਏ ਹੈਂ ।

[ਅਠਾਰਵੀਂ ਪਉੜੀ]

ਅਬ ਅਗਾਰੀ ਤਮੋ ਗੁਣੀ ਜੋ ਸ਼ਕਤਿ ਹੈ ਤਿਸ ਕੋ ਬਰਨਨ ਕਰਤ ਹੈਂ :-

## ਅਸੰਖ ਮੂਰਖ ਅੰਧ ਘੋਰ ॥

ਅਸੰਖ ਹੀ ਮੂਰਖ ਹੈਂ, ਮਤਿ ਕੇ ਅੰਧੇ, ਘੋਰ ਭਯਾਨਕ। ਵਾ ਮੂਰਖ ਅਸੰਖ ਹੈਂ । ਕੈਸੇ ਹੈਂ ? ਜੈਸੇ ਅੰਧ ਕੋ ਅਰਥ ਅੰਧੇਰੇ ਕੋ, ਘੋਰ ਕਹੀਏ ਸਘਨ, ਭਯਾਨਕ। ਜੈਸੇ ਅੰਧੇਰੇ ਸਘਨ ਮੇਂ ਕੁਛ ਨਹੀਂ ਲਖੀਤਾ ਤੈਸੇ ਹੀ ਤਿਨ ਮੂਰਖੋਂ ਕੋ ਭਲੋ ਬੁਰੋ ਕੁਛ ਨਹੀਂ ਲਖਤ ਹੈ। ਜੋ ਬੁਰੋ ਕਰਮ ਹੋਤ ਹੈ ਸੁ ਸਭੁ ਮੂਰਖਤਾਈ ਤੇ ਹੋਤ ਹੈ। ਇਸੀ ਹੇਤ ਤੇ ਤਾਮਸੀ ਜੀਵਨ ਮੇਂ ਮੁੱਖ੍ਯ ਪਹਿਲੇ ਮੂਰਖਤਾ ਸਾਹਿਬ ਜੀ ਨੇ ਕਹੀ । ਇਤ੍ਯਰਥ ।

ਪਹਿਲੇ ਅਰਥ ਮੈਂ ਕਾਵ੍ਯਲਿੰਗ ਅਲੰਕਾਰ ਹੈ। ਮੂਰਖ ਪਦੁ ਕੋ ਸਮਰਥਨ ਕਰਯੋ ਅੰਧ ਘੋਰ ਸੋਂ । ਦੂਸਰੇ ਅਰਥ ਮੈਂ ਰੂਪਕ ਹੈ । ਮੂਰਖ ਉਪਮੇਯ, ਉਪਮਾਨ ਅੰਧੇਰਾ ਘੋਰ।

## ਅਸੰਖ ਚੋਰ ਹਰਾਮ ਖੋਰ ॥

ਅਸੰਖ ਹੀ ਚੋਰੁ ਹੈਂ, ਅਰ ਹਰਾਮਖੋਰ ਕੋ ਅਰਥ ਚੋਰ ਪਰ ਲਗਾਈਏ ਤੌ ਦੂਖਨ ਆਵਤ ਹੈ। ਚੋਰ ਕਹਨ ਤੇ ਹੀ ਹਰਾਮਖੋਰ ਜਾਨ੍ਯੋ ਜਾਤ ਹੈ । ਅਧਿਕ ਪਦ ਦੂਖਨ ਹੋਤ

ਹੈ । ਜੈਸੇ ਕਹੈਂ: ਸੰਖ ਸੁਪੇਦ ਲੈ ਆਵੋ । ਸੰਖ ਤੋ ਸੁਪੇਦ ਹੈ ਹੀ, ਤੈਸੇ ਹੀ ਚੋਰ ਜੋ ਹੋਇਗੋ ਸੋ ਹਰਾਮਖੋਰੁ ਹੀ ਹੋਇਗੋ। ਬਹੁਰ ਹਰਾਮਖੋਰ ਕਹਿਨੋ ਅਧਿਕ ਪਦ, ਯਾਂਤੇ ਗੁਰੂ ਜੀ ਕੋ ਅਰਥ ਧਰਯੋ ਹੋਯੋ ਔਰ ਹੋਇਗੋ, ਸੋਈ ਕਹਤ ਹੈਂ: ਹਰਾਮਖੋਰ ਨਾਮ ਬਾਟਪਾਰ ਕੋ ਧਰਯੋ ਹੈ । ਜੋ ਬਾਟਪਾਰ ਹੈਂ ਸੋ ਭੀ ਅਸੰਖ ਹੀ ਹੈਂ । ਇਤ੍ਯਰਥ ।

'ਚੋਰ ਹਰਾਮਖੋਰ' ਰਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ।

## ਅਸੰਖ ਅਮਰ ਕਰਿ ਜਾਹਿ ਜੋਰ ॥

ਅਸੰਖ ਹੀ 'ਅਮਰ' ਕਹੀਏ 'ਹੁਕਮ' ਕੋ ਕਰਿਕੈ ਜੋਰ ਕੈ ਸੰਗ ਜੁਲਮ ਕਰਨਹਾਰੇ ਹੈਂ। ਜੁਲਮ ਕੋ ਅਧ੍ਯਾਹਾਰ ਜੋਰ ਪਦ ਤੇ । ਇਤ੍ਯਰਥ।

ਇਸ ਤੁਕ ਮੈਂ ਕਾਵ੍ਯਲਿੰਗ । ਅਮਰ ਕਰਨੋ ਅਰਥ 'ਜੋਰ' ਪਦ ਸੋਂ ਸਮਰਥਨਿ ਕਰ੍ਯੋ ।

## ਅਸੰਖ ਗਲ ਵਢ ਹਤਿਆ ਕਮਾਹਿ ॥

ਅਸੰਖ ਹੀ ਜੀਵਨ ਕੇ ਗਰੇ ਕਾਟ ਕਰਿ ਹਤ੍ਯਾ ਕੋ ਸੰਚਤ ਹੈਂ। ਗਰੇ ਕਾਟਨੇ ਤੌ ਜੁੱਧ ਮੈਂ ਭੀ ਹੋਤ ਹੈਂ, ਪ੍ਰੰਤੂ 'ਹਤਿਆ ਕਮਾਹਿ' ਇਨ ਪਦਨ ਤੇ ਜੋ ਬਿਸ੍ਵਾਸਘਾਤੀ ਆਦਿ ਲੋਭ ਤੇ ਅਚਾਨਕ ਆਇ ਮਾਰੈ ਤਿਨ ਕੋ ਅਰਥ ਹੈ। ਇਸ ਰੀਤਿ ਸੋਂ ਪੂਰਬ ਕੀ ਤੁਕ ਕੋ ਅਰਥ ਭਯੋ ਹੈ। ਅਮਰ ਤੋ ਧਰਮਾਤਮਾ ਭੀ ਕਰਤ ਹੈਂ, ਪ੍ਰੰਤੂ ਜੋਰ ਪਦ ਤੇ ਜੁਲਮੀ ਕਰਨਵਾਰੇ । ਇਤ੍ਯਰਥ।

ਇਸ ਤੁਕ ਮੈਂ ਭੀ ਕਾਵ੍ਯਲਿੰਗ ਅਲੰਕਾਰ ਹੈ । 'ਗਲ ਵਢ' ਪਦ ਕੌ ਸਮਰਥਨਿ ਕਰ੍ਯੋ 'ਹਤਿਆ ਕਮਾਹਿ' ਇਸ ਪਦ ਸੋਂ ।

## ਅਸੰਖ ਪਾਪੀ ਪਾਪੁ ਕਰਿ ਜਾਹਿ ॥

ਅਸੰਖ ਹੀ ਪਾਪੀ ਹੈਂ, ਅਸੰਖ ਹੀ ਪਾਪ ਹੈਂ, ਤਿਨ ਕੋ ਕਰਿ ਕਰਿ ਚਲੇ ਜਾਤ ਹੈਂ; ਕਿਆ ? ਮਰਤੇ ਚਲੇ ਜਾਤ ਹੈਂ । ਇਤ੍ਯਰਥ।

ਇਸ ਤੁਕ ਮੇਂ ਬਿਧਿ ਅਲੰਕਾਰ ਹੈ।

ਲੱਛਣ-ਸਿਧ ਅਰਥ ਕੌ ਸਾਧੈ ਫੇਰਿ ।
ਭੂਖਨ 'ਬਿਧਿ' ਤਾਕੌ ਹਿਯ ਹੇਰਿ ।

ਇਹਾਂ ਅਰਥ 'ਪਾਪੀ' ਨਾਮ ਸਿਧ ਹੁਯੋ ਹੁਤੋ, 'ਪਾਪੁ ਕਰਿ ਜਾਹਿ' ਪੁਨਹ ਸਿਧ ਕਰ੍ਯੋ; ਜੋ ਪਾਪ ਕਰਿ ਮਰ ਕਰਿ ਚਲੇ ਜਾਤ ਹੈਂ। ਜੇ ਇਸ ਅਲੰਕਾਰ ਕੋ ਨਹੀਂ ਮਾਨੈਂ ਤੌ ਵਹੀ ਕਾਵ੍ਯਲਿੰਗ ਅਲੰਕਾਰ ਹੈ। 'ਪਾਪੀ' ਪਦ ਕੋ ਸਮਰਥਨਿ ਕਰ੍ਯੋ 'ਪਾਪੁ ਕਰਿ ਜਾਹਿ' ਇਸ ਪਦ ਸੋਂ ।

## ਅਸੰਖ ਕੂੜਿਆਰ ਕੂੜੇ ਫਿਰਾਹਿ ॥

ਅਸੰਖ ਹੀ ਨਰ ਕੂੜ ਝੂਠ ਕੋ, 'ਆਰ' ਨਾਮ 'ਪ੍ਰਾਪਤਿ' ਕੋ, ਝੂਠੁ ਕੋ ਪ੍ਰਾਪਤ ਹੂਏ ਝੂਠੇ ਫਿਰਤ ਹੈਂ । ਇਤ੍ਯਰਥ । ਇਸ ਤੁਕ ਮੈਂ ਭੀ ਬਿਧਿ ਅਲੰਕਾਰ ਹੈ । ਕੂੜੇ ਪਦ ਸਿਧ ਭੀ ਹੁਤੋ ਫੇਰ ਤਿਸ ਕੋ ਸਿਧ ਕਰ੍ਯੋ ਕੂੜ ਕੇ ਬਿਖੈ ਪ੍ਰਾਪਤ ਹੂਏ। ਵਾ ਵਹੀ ਕਾਵ੍ਯਲਿੰਗ,

ਕੂੜਿਆਰ ਪਦ ਕੋ ਸਮਰਥਨ ਕਰਜੋ ਕੂੜੇ ਪਦ ਤੇ।

## ਅਸੰਖ ਮਲੇਛ ਮਲੁ ਭਖਿ ਖਾਹਿ ॥

ਅਸੰਖ ਹੀ ਮਲੇਛ ਹੈਂ, ਜਨਮ ਮਲੇਛ ਕੋ ਹੈ, ਅਰਥ: ਮਲੁ ਕੀ ਇਛਾ ਜਿਨ ਕੋ ਹੋਇ ਸੋ ਮਲੇਛ; ਸੋ ਕੈਸੇ ਮਲੇਛ ਹੈਂ ? ਸਦੀਵ ਹੀ ਮਲ ਕੋ ਹੀ ਭਖਤ ਹੈਂ। ਮਲ ਕੋ ਅਰਥ ਸਰਬ ਕੋ ਮਲ ਮਾਸ ਸੋ ਖਾਤੇ ਹੈਂ, ਕਾਹੂ ਕੋ ਮਾਸ ਨਹੀਂ ਛਾਡਤ ਹੈਂ। ਇਤਜਰਥ।

ਇਸ ਤੁਕ ਮੈਂ ਭੀ ਬਿਧਿ ਅਲੰਕਾਰ ਹੈ। ਮਲੇਛ ਪਦ ਕੋ ਫੇਰ ਸਾਧਜੋ, ਮਲੁ ਸਦਾ ਖਾਤੇ ਰਹਤ ਹੈਂ, ਇਨ ਪਦਨ ਸੋਂ। ਇਸ ਮੈਂ ਕਾਵਜਲਿੰਗ ਭੀ ਹੈ। ਮਲੇਛ ਪਦ ਕੋ ਸਮਰਥਨ ਕਰਜੋ 'ਮਲੁ ਖਾਹਿ' ਇਸ ਪਦ ਸੋਂ।

## ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

ਅਸੰਖ ਹੀ ਨਿੰਦਕ ਹੈਂ ਜੋ ਪਰਾਈ ਨਿੰਦਾ ਕਰਤੇ ਹੈਂ, ਅਪਨੇ ਸਿਰ ਪਰ ਪਰਾਏ ਪਾਪੋਂ ਕਾ ਭਾਰ ਧਰਤੇ ਹੈਂ। ਜਿਸ ਕੀ ਨਿੰਦਾ ਕਰਤੇ ਹੈਂ, ਸੋ ਤਿਸ ਕੇ ਪਾਪ ਨਿੰਦਾ ਕਰਨਵਾਰੇ ਕੋ ਲਾਗਤ ਹੈਂ। ਸਰਬ ਤੇ ਪਾਪ ਇਹ ਭੀ ਅਧਿਕ ਹੈ, ਔਰ ਜੋ ਪਾਪ ਹੈਂ, ਕਿਸੀ ਲਾਲਚੁ ਪੀਛੇ ਹੀ ਕਰਤ ਹੈਂ, ਨਿੰਦਾ ਕਰਬੇ ਮੇਂ ਹਾਥ ਭੀ ਕਛੁ ਨਹੀਂ ਆਵਤ ਹੈ, ਬਜਰਥ ਹੀ ਪਾਪ ਹੋਤ ਹੈ।

ਇਸ ਤੁਕ ਮੈਂ ਕਾਵਜਲਿੰਗ। ਨਿੰਦਾ ਪਦ ਕੋ ਸਮਰਥਨਿ ਕਰਜੋ 'ਸਿਰਿ ਕਰਹਿ ਭਾਰੁ' ਇਨ ਪਦਨ ਸੋਂ। ਔਰ ਅਸੰਖ ਪਦ ਬਹੁਤੇ ਬੇਰ ਆਵਨ ਤੇ ਅਰਥ ਭੀ ਵਹੀ ਰਹਜੋ ਯਾਂਤੇ ਉਭਜਾਬ੍ਰਿਤੁ ਦੀਪਕੁ ਅਲੰਕਾਰ ਹੈ। ਔਰੁ ਸਰਬ ਪਉੜੀ ਮੇਂ ਪਹਿਲੀ ਤੁੱਲਜ ਯੋਗਤਾਲੰਕਾਰ ਭੀ ਹੈ। ਲੱਛਣ ਪੀਛੇ ਕਹਿ ਆਏ ਹੈਂ। ਆਤਮਾ ਕੀ ਸ਼ਕਤਿ ਤਾਮਸੀ ਬਰਨਨ ਕੋ ਪ੍ਰਸਤੁਤ। ਅਸੰਖਤਾ ਧਰਮ ਜੇਤੇ ਕਹੇ ਹੈਂ, ਤਿਨ੍ਹੋਂ ਸਭਨੋਂ ਮੇਂ ਆਯੋ ਹੈ ਇਸੁ ਰੀਤਿ ਤੁਲਜਯੋਗਤਾ ਹੋਤ ਹੈ।

## ਨਾਨਕੁ ਨੀਚੁ ਕਹੈ ਵੀਚਾਰੁ ॥

ਸ੍ਰੀ ਨਾਨਕ ਜੀ ਕਹਤ ਹੈਂ: ਇਸ ਤੇ ਅਦਿ ਨੀਚੁ ਜੋ ਪ੍ਰਾਨੀ ਹੈਂ ਤਿਨੋਂ ਕਾ ਬਿਚਾਰਨਾ ਅਸੰਖ ਹੀ ਹੈ, ਕੁਛ ਗਨਨਿ ਮੇਂ ਨਹੀਂ ਆਵਤ ਹੈ।

ਇਸ ਤੁਕ ਮੈਂ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਹੈ। 'ਨੀਚੁ ਵੀਚਾਰੁ' ਚਕਾਰ ਤੇ ਛੇਕਾਨੁਪ੍ਰਾਸ ਹੈ।

## ਵਾਰਿਆ ਨ ਜਾਵਾ ਏਕ ਵਾਰ ॥

ਵਾਰਿਆ ਕਹੀਏ ਬਰਨਿਆਂ ਨਹੀਂ ਜਾਤਾ ਏਕ ਵਾਰ=ਏਕ ਰੋਮ ਭੀ। ਬਜਸ਼ਟ ਜੋ ਬੁਧਿ ਹੈ ਸੋ ਸਮਸ਼ਟ ਬੁਧਿ ਕੇ ਅੰਤਰਭੂਤ ਹੀ ਰਹਤ ਹੈ, ਤਿਸ ਸਮਸ਼ਟ ਤੇ ਵਹਿਰ ਨਿਕਸੇ ਤੌ ਬਰਨਨ ਕਰਜੋ ਜਾਇ। ਜੈਸੇ ਪੰਚ ਤੱਤ ਹੈਂ ਇਨ ਮੈਂ ਹੀ ਜੁਕਤਿ ਉਕਤਿ ਸਭਨਿ ਕੀ ਹੋਤ ਹੈ। ਪੰਚ ਤੇ ਉਪਰੰਤ ਕੋਈ ਨਹੀਂ ਕਹਤ ਹੈ, ਜੋ ਅਮਕੋ ਤਤ ਛਠਵੇਂ

ਇਸੁ ਰੀਤਿ ਕੋ ਔਰ ਚਾਹੀਤੋ ਹੁਤੋ; ਐਸੇ ਜਾਨਿਯੇ ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਤਾਂਤੇ ਭਗਤ ਜਨ ਜਾਨਤੇ ਹੈਂ: ਜਿਸ ਈਸੁਰ ਕੋ ਅੰਤ ਕਿਸੀ ਅੰਸ਼ ਕੋ ਨਹੀਂ ਪਾਯੋ ਜਾਤ ਹੈ, ਤੋ ਜੋ ਕਿਛੁ ਕਰੈਗੋ, ਅਰ ਜੋ ਕਿਛੁ ਤਿਸ ਕੋ ਭਾਵੈਗੋ ਸੋਈ ਭਲੀ ਕਾਰ ਹੈ ।

## ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਸਦਾ ਸਲਾਮਤੁ ਤਤੁ ਅਰ ਤੂੰ ਦੋਊਨ ਕੀ ਏਕਤਾ ਨਿਰੰਕਾਰ ਬ੍ਰਹਮੁ ਮੇਂ ।
ਅਲੰਕਾਰ ਪੂਰਬ ਕਹਿ ਆਏ ਹੈਂ ਇਨ ਤੁਕਨਿ ਕੇ ।

[ ਉਨ੍ਹੀਵੀਂ ਪਉੜੀ]

ਅਬ ਅਗਾਰੀ ਸ਼ਾਂਤਿਕੀ ਸ਼ਕਤਿ ਅਰ ਤਾਮਸੀ ਦੋਊਨ ਕੋ ਕੁਛਕ ਮਿਸ੍ਰਤ ਕਹਤ ਹੈਂ ।

## ਅਸੰਖ ਨਾਵ ਅਸੰਖ ਥਾਵ ॥

ਅਸੰਖ ਕਹੀਏ ਅਨਗਿਨਤ ਹੀ ਨਾਮ ਹੈਂ । ਇਹ ਅਰਥ ਸ਼ਾਂਤਿਕੀ ਅਰੁ ਤਾਮਸੀ ਦੋਊਨ ਮੈਂ । ਨੀਚਨ ਕੇ ਭੀ ਨਾਮ ਅਨੇਕ ਹੈਂ, ਗਨਿਬੇ ਮੈਂ ਨਹੀਂ ਆਵਤੇ; ਔਰ ਊਚਨ ਕੇ ਨਾਮ ਭੀ ਅਨੇਕ ਹੈਂ, ਗਨਿਬੇ ਮੇਂ ਨਹੀਂ ਆਵਤੇ । ਦੋ ਪਉੜੀ ਮੈਂ ਦੋਊਨ ਕੋ ਜਤਾਇ ਦਇਓ ਹੈ ਕੁਛ, ਸਰਬ ਹੀ ਨਹੀਂ ਕਹਿ ਦੀਏ ਹੈਂ । ਇਸ ਅਰਥ ਕੋ ਪੋਖਿਬੇ ਹਿਤ ਸਾਹਿਬ ਜੀ ਕਹਤ ਹੈਂ:-ਊਚਨ ਕੇ ਅਰੁ ਨੀਚਨ ਕੇ ਨਾਮੁ ਅਨੇਕ ਹੀ ਹੈਂ, ਕੁਛ ਕਹਿਬੇ ਮੇਂ ਨਹੀਂ ਆਵਤ । ਅਨਗਿਨਤ ਹੀ ਥਾਂਵ, ਕਜਾ ? ਸਥਾਨ ਹੈਂ ਰਹਿਨ ਕੇ, ਊਚਨ ਕੈ ਅਰੁ ਨੀਚਨ ਕੇ । ਕਿੰਵਾ ਬ੍ਰਹਮ ਲੋਕ ਤੇ ਆਦਿ ਜਹਾਂ ਸੁਭ ਕਰਮ ਕਰਿਕੇ ਪਹੁੰਚਤ ਹੈਂ । ਅਰੁ ਬੁਰੇ ਕਰਮ ਕਰਿ ਜਹਾਂ ਪਹੁੰਚਤ ਹੈਂ, ਰੌਰਵ[1] ਨਰਕ ਤੇ ਆਦੀ । ਸੋ ਦੋਊਨ ਕੇ ਨਾਮ ਅਰੁ ਥਾਂਵ ਅਨੇਕ ਹੀ ਹੈਂ, ਗਨਨ ਮੇਂ ਕੁਛ ਨਹੀਂ ਆਵਤਾ। ਇਤਜਰਥ ।

ਇਸ ਤੁਕ ਮੇਂ 'ਨਾਵ ਥਾਵ' ਬਰਨ ਕੀ ਸਮਤਾ ਹੈ ਬੀਚ ਪਦ 'ਅਸੰਖ' ਪਰਿਕੈ; ਯਾਂਤੇ ਛੇਕਾਨੁਪ੍ਰਾਸ ਹੈ ।

## ਅਗੰਮ ਅਗੰਮ ਅਸੰਖ ਲੋਅ ॥

ਅਗਮ ਤੇ ਭੀ ਅਗਮ, ਕਜਾ ? ਕਠਨ ਤੇ ਭੀ ਕਠਨ, ਅਨਗਿਨਤ ਹੀ ਲੋਕ ਹੈਂ । ਇਸ ਤੁਕ ਕੋ ਭੀ ਅਰਥ ਦੋਉ ਸ਼ਾਂਤਿਕੀ ਤਾਮਸੀ ਜੀਵਨ ਪਰ । ਆਛੇ ਸੁਖਦਾਇਕ ਲੋਕ ਮੇਂ ਭੀ ਪਹੁੰਚਨੋ ਕਠਨ ਹੈ, ਐਸੇ ਹੀ ਦੁਖਦਾਇਕ ਸਥਾਨੋਂ ਮੇਂ ਭੀ ਪਹੁੰਚਨੋ ਕਠਨ ਹੈ। ਜੋ ਪੰਚਾਸ ਕ੍ਰੋੜ ਧਰਤੀ ਹੈ, ਉਸ ਮੇਂ ਏਕ ਕ੍ਰੋੜ ਤਾਂਮੇ ਕੀ ਹੈ । ਜੋ ਮਹਾਂ ਪਾਪੀ ਹੈਂ, ਨਾਮ ਤੇ ਬੇਮੁਖ, ਸੋ ਸਰਪ ਕੀ ਦੇਹ ਧਾਰ ਤਹਾਂ ਰਹਤ ਹੈਂ । ਊਪਰ ਸੇ ਸੂਰਜ ਤਪਤਾ ਹੈ, ਨੀਚੇ ਸੇ ਧਰਤੀ ਤਪੀ ਹੋਤੀ ਹੈ, ਤਿਸ ਮੇਂ ਪਰੇ ਵਿਆਕੁਲ ਹੋਤ ਹੈਂ । ਇਸ ਬਾਤ ਮੇਂ ਪ੍ਰਮਾਣ

---

੧. ਇਕ ਕਿਸਮ ਦਾ ਨਰਕ ।

ਸ੍ਰੀ ਗ੍ਰੰਥ ਜੀ ਕੋ:- ਤੇ ਤਸਕਰ ਜੋ ਨਾਮੁ ਨ ਲੇਵਹਿ
ਵਾਸਹਿ ਕੋਟ ਪੰਚਾਸਾ ॥
[ਪ੍ਰਭਾਤੀ ਮਹਲਾ ੧-੩

ਇਸਤੇ ਆਦਿ ਅਗੰਮ ਤੇ ਅਗੰਮ ਲੋਕ, ਕੁਛ ਤਿਨ੍ਹੋਂ ਕੀ ਗਿਨਤੀ ਕਰਜੋ ਚਾਹੈ ਤੋ ਨਹੀਂ ਹੋਤ ਹੈ । ਇਤਜਰਥ ।

ਇਸ ਤੁਕ ਮੈਂ ਬੀਪਸਾ ਅਲੰਕਾਰ, ਅਗੰਮ ਅਗੰਮ ਪਦ ਦੋ ਬੇਰ ਆਵਨ ਤੇ । ਅਰੁ ਅਕਾਰ ਸਰਬ ਪਦ ਮੈਂ ਆਯੋ ਯਾਂਤੇ ਬ੍ਰਿਤਜਾਨੁਪ੍ਰਾਸ ਹੈ ।

## ਅਸੰਖ ਕਹਹਿ ਸਿਰਿ ਭਾਰੁ ਹੋਇ ॥

ਇਹਾਂ ਨਿੰਦਾ ਕਹਿਨੇ ਕੋ ਅਰਥ ਨਹੀਂ ਬਨਤ ਹੈ । ਪੂਰਬ ਕਹਿ ਆਏ ਹੈਂ, ਯਾਂਤੇ ਔਰ ਅਰਥ ? ਅਸੰਖ ਹੀ ਪ੍ਰਾਨੀ ਐਸੇ ਹੈਂ, ਪਰਮੇਸ਼ੁਰ ਕੇ ਭਾਣੇ ਮੇਂ ਤਰਕ ਕਰਤ ਹੈਂ, ਸੋ ਬਹੁਤ ਔਗੁਨ ਕੋ ਭਾਰੁ; ਕਿੰਵਾ ਪਾਪਨ ਕੋ ਭਾਰ ਅਪਨੇ ਸਿਰ ਚੜ੍ਹਾਤੇ ਹੈਂ । ਜੇ ਕਰਿ ਸਾਂਤਕੀ ਤਾਮਸੀ ਦੋਊਨ ਕੋ ਅਰਥ ਕਰਨੋ ਹੋਇ ਤੋ ਐਸੇ ਕਰੀਏ:-ਕਹਹਿ ਕੋ ਅਰਥ ਸੁਖ ਕੋ, ਸੁਖ ਤੇ ਸੁਖੀ ਲੋਕ ਲੈਨੇ, ਅਜਹਿਤੀ ਲਛਨਾਂ ਸੋਂ । ਅਸੰਖ ਸੁਖੀ ਹੈਂ, ਅਸੰਖਨ ਕੇ ਸਿਰ ਭਾਰ ਹੋਤ ਹੈ ਪਾਪਨ ਕੋ; ਯਾਂਤੇ ਦੁਖੀ ਕੋ ਅਰਥ । ਅਨਗਿਨਤ ਹੀ ਸੁਖੀ ਅਰੁ ਦੁਖੀ ਜੀਵ ਹੈਂ । ਐਸੋ ਕੌਨ ਹੈ ਜੋ ਗਨਨਾ ਕਰਿ ਸਕੈ । ਇਤਜਰਥ ।

ਪਹਿਲੇ ਅਰਥ ਮੇਂ ਕਾਵਜਲਿੰਗ ਹੈ । 'ਕਹਹਿ' ਪਦ ਕੋ ਸਮਰਥਨ ਕਰਜੋ 'ਸਿਰਿ ਭਾਰੁ ਹੋਇ' ਇਨਿ ਪਦਨ ਸੋਂ । ਇਨ ਸਰਬ ਤੁਕਨ ਮੇਂ ਭੀ ਉਭਜਾਬ੍ਰਿਤ ਦੀਪਕ ਅਲੰਕਾਰ ਹੈ ਅਸੰਖ ਪਦ ਆਵਨ ਤੇ ।

ਐਸੇ ਅਸੰਖ ਕੇ ਕਹਿਨ ਤੇ ਜੋ ਕੋਊ ਪ੍ਰਸ਼ਨ ਕਰੇ ਜੋ ਅਖਜਰ ਬਨਾਏ ਹੈਂ, ਇਨ ਕੇ ਬਨਾਵਨ ਕੋ ਕਾਰਨ ਕੌਨ ? ਇਨ ਕੋ ਮੁੱਖ ਕਾਰਜ ਤੋ ਯਹੀ ਹੁਤੋ, ਜੋ ਪਰਮੇਸ਼ੁਰ ਕੀ ਕੁਦਰਤਿ ਅਰੁ ਪਰਮੇਸ਼ੁਰ ਕੇ ਸਰੂਪ ਸਰਬ ਕੋ ਜਾਨਣੋ । ਔਰ ਕਾਰਜ ਜੋ ਅਖਜਰੋਂ ਮੇਂ ਕਰਤ ਹੈਂ ਸੋ ਗੌਨ ਹੈਂ । ਤਾਂਤੇ ਮੁੱਖ ਕਾਰਜ ਤੋ ਤਿਨ ਤੇ ਭਇਓ ਹੀ ਨਹੀਂ, ਯਾਂਤੇ ਨਿਸਫਲ ਭਏ । ਪਰਮੇਸ਼ੁਰ ਅਰੁ ਕੁਦਰਤਿ ਅਸੰਖ ਹੀ ਰਹੇ, ਬੀਚਾਰਨੇ ਮੇਂ ਨਹੀਂ ਆਏ ? ਇਸ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਕਹਤ ਹੈਂ:-

## ਅਖਰੀ ਨਾਮੁ ਅਖਰੀ ਸਾਲਾਹ ॥

ਅਖਜਰ ਤੌਂ ਸਫਲ ਹੀ ਬਨੇ ਹੈਂ; ਜਿਨ ਕਰਿ ਪਰਮੇਸੁਰ ਕੋ ਨਾਮ ਚਿਤ ਆਵਤ ਹੈ । ਅਨੇਕ ਬਿਧਨ ਸੋ ਅਖਜਰਨ ਕੋ ਸੰਗ ਸਤਿਨਾਮੁ ਕੋ ਉਪਦੇਸਤ ਹੈਂ । ਪਰਮੇਸਰ ਕੀ ਸਾਲਾਹ ਕਹੀਏ ਉਸਤੁਤਿ ਅਨੇਕ ਗੀਤਿ ਅਖਜਰਨਿ ਮੇਂ ਲਿਖਤ ਹੈਂ, ਪਠਤ ਹੈਂ ।

## ਅਖਰੀ ਗਿਆਨੁ ਗੀਤ ਗੁਣਗਾਹ ॥

ਅਖਰੋਂ ਤੇ ਗਜਾਨ ਕੀ ਪ੍ਰਾਪਤੀ ਹੋਤ ਹੈ । ਅਨੇਕ ਬਿਧਿਨ ਸੋਂ ਸਤਿਗੁਰ ਅਖਰੋਂ ਮੇਂ ਲਿਖ ਲਿਖ ਸਿੱਖਨ ਕੋ ਉਪਦੇਸ਼ਤ ਹੈਂ । ਅਪਨੋ ਸਰੂਪ ਪਠਿ ਪਠਿ ਲਖਤ ਹੈਂ । ਅਰੁ ਗੋਬਿੰਦ ਕੇ ਗੁਣ ਬਿਸਨਪਦੇ ਬਨਾਇ ਬਨਾਇ ਰਾਗ ਮੇਂ ਗਾਵਤ ਹੈਂ । ਅਖਰੋਂ ਮੇਂ ਲਿਖਿ

ਬੀਚਾਰਤੁ ਹੈਂ। ਗਾਹ ਨਾਮ ਬੀਚਾਰਨ ਕੋ।

ਇਸ ਤੁਕ ਮੈਂ ਗਕਾਰ ਕੀ ਬਰਣ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ।

## ਅਖਰੀ ਲਿਖਣੁ ਬੋਲਣੁ ਬਾਣਿ ॥

ਅਖਰੋਂ ਕੇ ਲਿਖਣ ਤੇ ਬਾਣੀ ਜੋ ਬੇਦ ਕੀ ਹੈ ਸੋ ਬੋਲਨੇ ਮੇਂ ਆਵਤ ਹੈ। ਜੋ ਅਖਜਰ ਨਾ ਹੋਤੇ ਤੌ ਕੌਨ ਲਿਖਤੋ, ਪਠਤੋ। ਮਹਾਂ ਅੰਧ ਧੁੰਦ ਜਗਤ ਮੈਂ ਹੋ ਜਾਤੋ। ਕਿੰਵਾ ਸਤਿਗੁਰਨ ਕੀ ਬਾਣੀ ਲਿਖਨਿ ਤੇ ਬੋਲਨਿ ਕਹੀਏ ਪਠਨ ਮੈਂ ਆਵਤ ਹੈ। ਅਖਜਰ ਬਿਨਾ ਤੌ ਜਗਤ ਹੀ ਗਰਕ ਹੋ ਜਾਤੋ। ਸਰਬ ਬਾਤ ਕੀ ਮਿਰਜਾਦ ਅਖਜਰੋਂ ਤੇ ਹੀ ਬਨੀ ਰਹੀ ਹੈ। ਅਰ ਹੇ ਪ੍ਰਸ਼ਨ ਕੇ ਕਰਤਾ! ਇਸ ਤੇ ਤੂੰ ਬਿਚਾਰਿਕੈ ਦੇਖ, ਅਖਜਰ ਸਫਲ ਲੋਕਨ ਕੇ ਕਲਿਆਨ ਕਰਨ ਮੇਂ ਹੈਂ, ਕਿ ਪਰਮੇਸਰ ਕੋ ਅੰਤ ਲੈਬੇ ਮੇਂ ਹੈਂ, ਜੈਸੇ ਕੀਟੀ ਕੋ ਮਿਸਰੀ ਕੇ ਪਰਬਤ ਕੇ ਨਿਕਟ ਪਹੁੰਚਬੋ ਆਪਨੋ ਤ੍ਰਿਪਤਿ ਹੋਨੇ ਸਫਲ ਹੈ ਕਿ ਪਰਬਤ ਕੇ ਉਚਾਵਨ ਮੇਂ ਸਫਲ ਹੈ। ਸੋ ਲੋਕਨ ਕੇ ਕਲਜਾਨ ਹੇਤ ਪਰਮੇਸੁਰ ਨੇ ਰਚੇ ਹੈਂ। ਅਖਜਰ ਦ੍ਵਾਰਾ ਹੀ ਕੋਟਾਨ ਕੋਟਿ ਜੀਵੋਂ ਕੇ ਉਧਾਰ ਹੋਯੇ ਹੈ। ਇਤਜਰਥ।

ਇਸ ਤੁਕ ਮੈਂ ਨਕਾਰ ਪਦਾਂਤ ਕੇ ਆਵਨ ਮੇਂ ਬ੍ਰਿਤਜਾਨੁਪ੍ਰਾਸ ਹੈ।

ਅਗਾਰੀ ਅਖਰਨ ਕੋ ਕਾਰਨ ਔਰ ਕਹਤ ਹੈਂ:-

## ਅਖਰਾ ਸਿਰਿ ਸੰਜੋਗੁ ਵਖਾਣਿ ॥

ਅਖਰੁ ਜੋ ਹੈਂ ਸਿਰ ਕਹੀਏ ਮਸਤਕਿ ਬਿਖੇ ਲਿਖੇ ਹੈਂ, ਤਿਨ ਅਖਜਰਨ ਕੇ ਮੂਜਬ ਜਗਤ ਮੈਂ ਸਭ ਕਾਹੇ ਕੋ ਸੰਜੋਗ ਵਿਜੋਗ ਸਨਬੰਧਨਿ ਕੋ ਅਰ ਪਦਾਰਥਨ ਕੋ ਹੋਤ ਹੈ। 'ਵਖਾਣਿ' ਬਰਨਨ ਕਰਤ ਹੈਂ ਸਰਬ ਹੀ। ਇਤਯਰਥ।

ਇਨ ਚਾਰਨ ਹੂੰ ਤੁਕਨ ਮੇਂ ਉਭਯਾਬ੍ਰਿਤ ਦੀਪਕ ਅਲੰਕਾਰ ਹੈ। ਅਖਯਰ ਪਦ ਬਹੁਤ ਬੇਰ ਆਵਨ ਤੇ ਅਰਥ ਭੀ ਵਹੀ ਰਹਯੋ। ਦੂਸਰੋ ਪ੍ਰਯਾਯਾਲੰਕਾਰ ਹੈ।

ਲੱਛਣ-ਹੁਇ ਅਨੇਕ ਕੋ ਆਸ਼ਰੇ ਏਕ।
ਸੋ ਪ੍ਰਯਾਯ ਕੋ ਕਰਤ ਬਿਬੇਕ।

ਇਹਾਂ ਏਕ ਅਖਜਰਨ ਮੇਂ ਨਾਮ ਔ ਸਲਾਹ, ਗਜਾਨ ਅਰੁ ਗੁਣ ਅਰ ਲਿਖਨੌਂ ਬੋਲਣੌਂ ਸਭਨ ਕੋ ਆਸਰੋ ਅਖਜਰ ਭਏ, ਯਾਂਤੇ ਪ੍ਰਜਾਯ ਅਲੰਕਾਰ।

## ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਜਿਸ ਨੇ ਏਹੁ ਅਖਰ ਲਿਖਿ ਕੇ ਬਨਾਏ ਹੈਂ, ਵਾ ਜੋ ਸਰਬ ਕੇ ਸਿਰ ਊਪਰ ਲਿਖਤ ਹੈ, ਤਿਸ ਕੇ ਸਿਰ ਪਰ ਅਖਜਰੋਂ ਕੀ ਲਿਖਤਿ ਨਹੀਂ ਹੈ। ਤਿਸ ਤੇ ਊਪਰ ਔਰ ਕੋਈ ਕਰਤਾ ਹੋਇ ਤੋ ਲਿਖਤੋ। ਸਰਬ ਤੇ ਊਪਰ ਤੋ ਸੋਈ ਹੈ।

## ਜਿਵ ਫੁਰਮਾਏ ਤਿਵ ਤਿਵ ਪਾਹਿ ॥

ਜਿਸ ਰੀਤਿ ਫੁਰਮਾਨ ਹੋਆ ਹੈ ਨੇਤਿ ਮੈਂ ਸੋ ਤਿਸ ਰੀਤਿ ਸਰਬ ਪ੍ਰਾਨੀਓਂ ਕੇ

ਮਸਤਕ ਬਿਖੇ ਪਰਤਿ ਜਾਤ ਹੈ; ਸੁਕਰਮਨ ਤੇ ਸੁਖ, ਕੁਕਰਮਨ ਤੇ ਦੁਖ ਲਿਖਯੋ ਜਾਤਿ ਹੈ। ਇਹ ਰੀਤਿ ਬਿਪਰਜੈ ਕਬਹੂੰ ਨਹੀਂ ਹੋਤ ਹੈ। ਇਤ੍ਯਰਥ।

'ਤਿਵ ਤਿਵ' ਪਦ ਮੈਂ ਬੀਪਸਾ ਹੋਤ ਹੈ। ਔਰ ਫੁਰਮਾਨ ਕਾਰਨ ਹੈ, ਸਿਰ ਪਰ ਲਿਖਨੋ ਕਾਰਜ ਏਕ ਸੰਗ ਮੈਂ ਲਿਖਨ ਤੇ ਹੇਤਾਲੰਕਾਰ ਹੋਤ ਹੈ। ਅਬ ਅਗਾਰੀ 'ਕੀਤਾ ਪਸਾਉ ਏਕੋ ਕਵਾਉ' ਇਸ ਤੁਕ ਕੇ ਅਰਥ ਕੋ ਸਮਾਪਤਿ ਕਰਤੇ ਹੁਏ ਦੋਇ ਤੁਕ ਔਰ ਕਹਤ ਹੈਂ।

## ਜੇਤਾ ਕੀਤਾ ਤੇਤਾ ਨਾਉ ॥

ਏਹ ਜਿਤਨੀ ਅਸੰਖ ਸ਼ਾਂਤਿਕੀ ਤਾਮਸੀ ਜੋ ਬਰਨਨ ਕਰੀ ਹੈ, ਜਿਸ ਕੋ ਅੰਤ ਕਿਸੀ ਰੀਤਿ ਸੋਂ ਨਹੀਂ ਪਾਯੋ ਗਯੋ, ਸੋ ਸੰਪੂਰਨ ਏਕ ਨਾਉ ਰੂਪ ਹੈ, ਸੋ ਕੌਨ ਨਾਮ ? ਓਅੰਕਾਰ ਨਾਮ। ਸੋ ਏਕ ਜੋ ਓਅੰਕਾਰ ਹੈ ਤਿਸ ਕਰਿ ਸਰਬ ਕੀ ਉਤਪਤਿ ਹੈ। ਅਰਥ ਇਹ ਏਕ ਨਾਮ ਕੇ ਬੋਲਨ ਤੇ ਏਤਨੀ ਅਸੰਖਤਾ ਭਈ ਹੈ, ਜੋ ਕਿਸੀ ਤੇ ਅੰਤ ਨਹੀਂ ਪਾਯੋ ਜਾਤ ਹੈ, ਔਰ ਤਿਸ ਕੋ ਅੰਤ ਕੋਈ ਕੈਸੇ ਜਾਨੇਗੋ ? ਤਿਸ ਨਾਉ ਕੀ ਬਾਤ ਫੇਰ ਕਹਤ ਹੈਂ:-

## ਵਿਣੁ ਨਾਵੈ ਨਾਹੀ ਕੋ ਥਾਉ ॥

ਬਿਨਾ ਓਅੰਕਾਰ ਤੇ ਕਹੂੰ ਔਰ ਸਥਾਨ ਨਹੀਂ ਦੀਸਤ ਹੈ, ਜੋ ਇਹ ਓਅੰਕਾਰ ਤੇ ਵਹਿਰ ਕੋ ਬਨਾਯੋ ਹੋਯੋ ਹੈ। ਜਿਸ ਰੀਤਿ ਸੋਂ ਪ੍ਰਥਮ ਉਤਪਤਿ ਭਈ ਓਅੰਕਾਰ ਤੇ: ਤੀਨ ਗੁਣ, ਤੀਨ ਦੇਵਤਾ, ਤੀਨ ਕਾਲ, ਤੀਨ ਅਵਸਥਾ, ਪੰਚ ਤਤ, ਪਚੀਸ ਪ੍ਰਕ੍ਰਿਤਿ, ਇਸਤੇ ਆਦਿ ਔਰੁ ਜੋ ਕੁਛ ਇਨ ਤੇ ਉਤਪਤੀ ਹੈ ਯਹੀ ਸਰਬ ਮੈਂ ਦੀਸਤ ਹੈ। ਇਸ ਓਅੰਕਾਰ ਕੀ ਉਤਪਤੀ ਤੇ ਬਿਨਾ ਔਰ ਰੀਤਿ ਕਹੂੰ ਸਥਾਨ ਦੇਖਬੇ ਮੇਂ ਨਹੀਂ ਆਵਤ ਹੈ, ਯਾਂਤੇ ਜੋ ਕਛੁ ਬਨਯੋ ਸੋ ਓਅੰਕਾਰ ਏਕ ਨਾਮ ਤੇ ਬਨਯੋ ਹੈ। ਤਿਸ ਬਨਾਉ ਮੈਂ ਕੋਟਾਨਕੋਟ ਰੀਤਿ ਬਨੀ ਹੈ। ਸੋ ਸਰਬ ਹੀ ਅਸੰਖ ਹੀ ਹੈਂ ਤਿਨ ਕੇ ਨਾਮ, ਸੁਭਾਉ ਜਾਤਿ ਇਸਤੇ ਆਦਿ ਔਰ ਜੇਤੇ ਹੈਂ ਸੋ ਸਰਬ ਹੀ ਅਸੰਖ ਹੈਂ। ਇਤ੍ਯਰਥ।

'ਜੇਤਾ ਕੀਤਾ ਤੇਤਾ ਨਾਉ' ਇਸ ਤੁਕ ਮੈਂ ਤਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤ੍ਯਾਨੁਪ੍ਰਾਸ ਹੈ। ਇਨ ਦੋਊ ਤੁਕਨ ਮੈਂ ਨਾਉ ਪਦ ਦੋ ਬੇਰ ਆਵਨ ਤੇ ਲਾਟਾਨੁਪ੍ਰਾਸ ਅਲੰਕਾਰ ਹੈ, ਭਾਉ ਭਿੰਨ ਹੈਂ। ਤੇਤਾ ਨਾਉ ਬਿਨਾ ਨਾਵ ਤੇ ਥਾਨ ਔਰ ਕੋਈ ਨਹੀਂ! ਔਰ ਪ੍ਰਯਾਯਾਲੰਕਾਰ ਭੀ ਹੈ, ਲਛਨ ਪੂਰਬ ਕਹਯੋਈ ਹੈ। ਏਕ ਨਾਉ ਆਸਰੋ ਸਰਬ ਜੋ ਬਨਾਉ ਹੈ ਤਿਸਕੋ। ਔਰ ਕਾਵ੍ਯਲਿੰਗ ਭੀ ਹੈ। 'ਜੇਤਾ ਕੀਤਾ ਤੇਤਾ ਨਾਉ' ਇਸ ਤੁਕ ਕੋ ਪਿਛਲੀ ਤੁਕ ਸੋਂ ਸਮਰਥਨ ਕਰ, ਸਪਸ਼ਟ ਕਰਯੋ, ਯਾਂਤੇ ਕਾਵ੍ਯਲਿੰਗ ਹੈ। ਬਹੁਤ ਅਲੰਕਾਰ ਮਿਲਨੇ ਤੇ ਸੰਸ੍ਰਿਸ਼ਟ ਅਲੰਕਾਰ ਬਨਤ ਹੈ।

ਏਕ ਹੀ ਵਾਕ੍ਯ ਮੇਂ ਇਤਨੀ ਅਸੰਖਤਾ ਕਹਿ ਕਰਿ ਬਅੰਤਤਾਈ ਲਖਾਈ। ਤਿਸ ਬਅੰਤਤਾ ਕੋ ਸਮਾਪਤਿ ਕਰਤੇ ਹੁਏ ਕਹਤੇ ਹੈਂ:-

## ਕੁਦਰਤਿ ਕਵਣ ਕਹਾ ਵੀਚਾਰੁ ॥

'ਕੁਦਰਤਿ' ਤੇਰੀ 'ਸਮਸ਼ਟ ਮਾਯਾ' ਕੋ ਐਸੇ ਕੌਨ ਹੈ, 'ਬੀਚਾਰ' ਕਹੀਏ ਗਨਨਾ ਕਰਿ

ਸਕੇ। ਵਾ ਕੌਨ ਕੀ 'ਕੁਦਰਤਿ' ਕਹੀਏ ਸ਼ਕਤਿ ਹੈ ਜੋ ਤੇਰੀ ਗਨਣਾ ਕਰਿ ਸਕੈ।

**ਵਾਰਿਆ ਨ ਜਾਵਾ ਏਕ ਵਾਰ ॥**

ਬਰਨਿਆ ਨਹੀਂ ਜਾਤੋ ਤੇਰਾ ਇਕ ਰੋਮ ਭੀ।

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

ਜਾਂਤੇ ਤੂੰ ਬਜੰਤ ਹੈਂ ਤਾਂਤੇ ਤੁਝ ਕੋ ਜੋ ਭਾਵਤ ਹੈ ਸੋਈ ਭਲੀ ਕਾਰ ਹੈ।

## ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਸਦਾ ਸਲਾਮਤਿ ਤਤੁ ਅਰ ਤੂੰ ਨਿਰਾਕਾਰ ਬ੍ਰਹਮ ਹੀ ਹੈਂ। ਇਹ ਜੋ ਤਤ੍ਵਮਸੀ ਉਪਦੇਸ਼ ਕੋ ਮਹਾਂਵਾਕਜ ਹੈ ਯਾਂਕੋ ਅਰਥ ਬਹੁਤ ਵਿਸਤਾਰ ਸੋਂ ਹੈ, ਜੇ ਸਰਬ ਕਰੀਏ ਤੋ ਗ੍ਰਿੰਥ ਵਧਤ ਹੈ। ਤਥਾਪਿ ਸੰਖੇਪ ਸੋਂ ਕਹਤ ਹੈਂ। ਯਾਂਕੇ ਤੀਨ ਪਦ ਹੈਂ 'ਤਤੁ' ਈਸ੍ਵਰ: 'ਤ੍ਵੰ' ਜੀਵ ਨਿਰਾਕਾਰ ਬ੍ਰਹਮੁ। ਇਸ ਵਾਕਜ ਕੋ ਅਰਥ ਜਾਨਣੇ ਕਰਿ ਜੀਵ ਈਸ਼ੁਰ ਕੀ ਏਕਤਾ ਭਾਸਤੀ ਹੈ; ਸੋਈ ਕਹਤ ਹੈਂ:-ਜੀਵ ਈਸ਼ਰ ਪਰਸਪਰ ਬਿਰੋਧੀ ਹੈਂ, ਵਾਚਜ ਕਰ ਜੀਵ ਅਲਪੱਗ ਹੈ, ਖਟ ਉਰਮੀ ਕੇ ਸੰਜੁਗਤਿ ਹੈ, ਦੋ ਉਰਮੀ ਦੇਹ ਕੀ: ਜਨਮ ਔ ਮ੍ਰਿਤੁ, ਦੋ ਪ੍ਰਾਣੋਂ ਕੀ: ਛੁਧਾ ਔ ਤ੍ਰਿਖਾ, ਦੋ ਮਨ ਕੀ: ਹਰਖ ਔ ਸ਼ੋਕ। ਅਰ ਈਸ਼ੁਰ ਸਰਬੱਗਜ ਹੈ, ਖਟ ਗੁਣ ਕਰਿ ਸੰਪੰਨ ਹੈ; ਗਜਾਨ, ਵੈਰਾਗ, ਉਦਾਰ, ਐਸ਼੍ਵਰਜ, ਬਲ, ਲੱਛਮੀ; ਖਟ ਹੀ ਜਿਸ ਕੇ ਸੰਪੂਰਣ ਹੈਂ। ਹੋਰ ਜੀਵੋਂ ਕੇ ਬਿਖੇ ਇਨ ਖਟਨ ਕੋ ਅੰਸ਼ ਮਾਤ੍ਰ ਕਹੂੰ ਕਹੂੰ ਹੈ। ਅਰ ਈਸ਼ੁਰ ਕੇ ਬਿਖੇ ਇਨ ਕੀ ਸਮਸ਼ਟਤਾ ਹੈ, ਯਾਂਤੇ ਸੋ ਈਸ਼ੁਰ ਹੈ। ਸ੍ਰਿਸ਼ਟਿ ਕੋ ਉਪਜਾਵਨ, ਪਾਲਨ, ਸੰਘਾਰਨ, ਇਸਤੇ ਆਦ ਸ਼ਕਤਿ ਸੰਪੰਨ ਹੈ, ਜੀਵ ਪਰਤੰਤ੍ਰ ਔ ਦੁਖੀ ਹੈ, ਇਨ ਕੀ ਏਕਤਾ ਕੈਸੇ ਹੋਵੇ ਹੈ? ਤਾਂਤੇ ਇਨ ਕੀ ਵਾਚਜ ਕਰਿ ਏਕਤਾ ਨਹੀਂ ਹੋਤੀ, ਲੱਖਣਾ ਕਰਿ ਲਖਜ ਕੇ ਵਿਖੇ ਹੋਤੀ ਹੈ। ਸੋ ਲੱਖਣਾ ਤੀਨ ਹੈਂ: ਏਕ ਤੋ ਜਹਤਿ ਹੈ, ਇਸ ਤੇ ਏਕਤਾ ਨਹੀਂ ਹੋਤੀ, ਕਾਹੇ ਤੇ? ਜੋ ਆਤਮਾ ਸਤਿ ਸਰੂਪ ਹੈ, ਤਿਜ ਕਾ ਸਰਬਥਾ ਸਰਬ ਪ੍ਰਕਾਰ ਤਜਾਗ ਕਿਉਂ ਕਰਿ ਹੋਵੈ। ਜੈਸੇ ਕਹੀਏ ਗੰਗਾ ਵਿਖੇ ਗ੍ਰਾਮ ਹੈ, ਗੰਗਾ ਵਿਖੇ ਤੋ ਗ੍ਰਾਮ ਨਹੀਂ ਹੋਤਾ। ਜੈਸੇ ਏਹ ਸ਼ਬਦ ਆਪਣੇ ਅਰਥ ਕੋ ਤਜਾਗ ਦੇਤਾ ਹੈ, ਪ੍ਰਵਾਹ[1] ਕੋ ਛੋਰ ਕਰਿ ਤੀਰ[2] ਬਿਖੇ ਲੱਖਨਾ ਕਰਿ ਅਰਥ ਹੋਤ ਹੈ। ਅਰ ਅਜਹਿਤੀ ਭੀ ਨਹੀਂ ਬਨਤ ਹੈ, ਜੈਸੇ ਕਹੀਏ: ਮੰਚਾਯਾਂ ਕ੍ਰੋਸਤੀ; ਸੋ ਮੰਚ ਤੋ ਕਬਹੀ ਨਹੀਂ ਬੋਲਤ, ਮੰਚ ਕੇ ਉਪਰ ਬੈਠਨਵਾਰੇ ਬੋਲਤ ਹੈ। ਇਸ ਮੇਂ ਸਰਬ ਕਾ ਗ੍ਰਹਨ ਹੀ ਹੈ। ਜੀਵ ਈਸ਼ੁਰ ਕੋ ਸਰਬ ਕੁਛ ਗ੍ਰਹਨ ਕਰੀਏ ਤੋ ਏਕਤਾ ਨਹੀਂ ਹੋਤੀ ਹੈ; ਤਾਂਤੇ ਭਾਗ ਤਜਾਗ, ਜੋ ਜਹਿਤਾਜਹਿਤੀ ਕਹਤ ਹੈਂ; ਤਿਸ ਲੱਖਣਾ ਤੇ ਏਕਤਾ ਹੋਤ ਹੈ। ਵਾਚਜ ਈਸ਼ੁਰ ਕੀ ਅਰ ਜੀਵ ਕੀ ਤਜਾਗ ਕਰੀਏ, ਕਿਆ? ਸਰਬੱਗਤਾ, ਖਟ ਗੁਣ, ਸਮਸ਼ਟਤਾ, ਸੁਖੀ ਇਹ ਤੋ ਵਾਚਜ ਈਸ਼ੁਰ ਕੀ ਤਜਾਗੇ; ਖਟੁ ਉਰਮੀ, ਅਲਪੱਗਜਤਾ, ਦੁਖੀ, ਇਹ ਵਾਚਜ ਜੀਵ ਕੀ ਤਜਾਗੇ, ਇਸ ਮੇਂ ਤੋ ਜਹਤੀ ਕੋ ਅੰਸ਼, ਲਖਜ ਦੋਊਨ ਕੀ ਗ੍ਰਹਨ ਕਰੇ। ਸਤਿਚਿਦਾਨੰਦ ਸੋਈ ਜੀਵ ਮੇਂ ਹੈ

---

੧. ਵੇਗ, ਵਹਾਉ। ੨. ਕਿਨਾਰਾ।

ਸੋਈ ਈਸ਼ੁਰ ਮੇਂ ਹੈ, ਇਸ ਮੇਂ ਅਜਹਿਤੀ ਕੋ ਅੰਸ਼। ਜੈਸੇ ਏਕ ਅਗਨ ਮੇਂ ਤੀਨ ਗੁਣ ਹੈਂ: ਦਾਹਕ, ਉਸ਼ਨ, ਪ੍ਰਕਾਸ਼ । ਤਿਸ ਅਗਨਿ ਕੇ ਤੀਨ ਰੂਪ: ਏਕ ਬਨ ਕੋ ਦੌ, ਦੂਜੋ ਮਸਾਲ, ਤੀਸਰੋ ਦੀਵਾ; ਸੋ ਤੀਨੋਂ ਸਰੂਪ ਮੇਂ ਤੀਨੋਂ ਹੀ ਗੁਣ ਪਾਏ ਜਾਤ ਹੈਂ । ਜੈਸੇ ਅਕਾਸ਼ ਏਕ, ਘਟ ਮਟ ਮਹਾਂਕਾਸ਼ ਉਪਾਧਿ ਤੇ ਛੋਟੋ ਬਡੋ ਹੈ, ਉਪਾਧਿ ਕੇ ਨਸ਼ਟ ਤੇ ਏਕ ਹੀ ਰੂਪ ਹੋਤ ਹੈ । ਇਨ ਦੋਊਨ ਕੀ ਏਕਤਾ ਐਸੇ ਹੋਤ ਹੈ; ਸੰਖੇਪ ਸੋਂ ਕਹੀ ਹੈ। ਔਰ ਸਰਬ ਗ੍ਰਿੰਥ ਜੋ ਹੈਂ ਬੇਦਾਂਤਿ ਕੇ ਤਿਨ੍ਹੋਂ ਮੈਂ ਬਿਸਤਾਰ ਸੋਂ ਕਹਜੋ ਹੈ, ਤਹਾਂ ਤੇ ਜਾਨ ਲੈਨੋ, ਇਤ੍ਯਰਥ ।

ਇਨ ਕੋ ਅਲੰਕਾਰ ਪੂਰਬ ਕਹਿ ਆਏ ਹੈਂ ।

[ਵੀਹਵੀਂ ਪਉੜੀ]

ਇਹਾਂ ਅਬ ਏਕਤਾ ਕਰ ਦਿਖਾਈ, ਚਾਰ ਪ੍ਰਕਾਰ ਕੋ ਜੋ ਗਜਾਨ, ਸੋ ਬਰਨਨੁ ਕਰ ਦੀਓ ਹੈ । ਜੋ ਕੋਈ ਸੁਨਿ ਕਰਿ ਬਹੁਰ ਤਤ੍ਵਮਸੀ ਉਪਦੇਸ਼ ਕੇ ਜੋਗ ਬਨਨ ਕੋ ਉਪਾਇ ਬੂਝੈ ਕਿ ਨਾਮ ਕੋ ਸਿਮਰਨ ਹੈ ਵਾ ਕਰਮ ਕਰਨੇ ਮੁਖ੍ਯ ਹੈਂ ? ਇਸ ਪ੍ਰਸ਼ਨ ਕੋ ਲੀਏ ਹੂਏ ਅਬ ਅਗਾਰੀ ਨਾਮ ਕੋ ਮਹਾਤਮ ਦ੍ਰਿਸ਼ਟਾਂਤ ਪੂਰਬਕ ਕਹਿਕੈ ਬਹੁਰ ਬਜੰਤਤਾ ਲਖਾਇ ਕਰਿ ਦ੍ਰਿਸ਼ਟਾਂਤ ਸਮੇਤ ਜਗ੍ਯਾਸੀ ਕੋ ਅਨੁਭਵ ਕਹੈਂਗੇ:-

## ਭਰੀਐ ਹਥੁ ਪੈਰੁ ਤਨੁ ਦੇਹ ॥

ਮ੍ਰਿਤਕਾ ਆਦਿ ਔਰ ਮਲਿਨਤਾ ਸੋਂ ਹਾਥ ਔ ਪੈਰ, 'ਤਨ' ਨਾਮ 'ਸਾਥ' ਕੋ, ਸਾਥਿ ਦੇਹ ਕੇ ਲਗੈ । ਵਾ ਤਨ ਨਾਮ 'ਵਿਸਤਾਰ' ਕੋ ਤਿਸਤੇ ਸੰਪੂਰਣ ਦੇਹ ਕੋ ਅਰਥ, ਸਰਬ ਦੇਹ ਕੋ ਜੋ ਕਿਛੁ ਲਗ ਜਾਇ। ਵਾ ਤਨ ਨਾਮ 'ਤਨਕ' ਕੋ, ਤਨਕ[੧] ਭਰ ਦੇਹ ਕੇ ਸੰਗ ਲਗ ਜਾਇ। ਇਤ੍ਯਰਥ।

'ਤਨੁ ਦੇਹ' ਪਦ ਮੈਂ ਪੁਨਰੁਕਤਿਵਦਾਭਾਸ ਅਲੰਕਾਰ ਹੈ । ਪੁਨਿਰੁਕਤ ਕੋ ਅਭਾਸ ਅਰਥ ਕਰੇ ਮਿਟ ਜਾਤ ਹੈ ।

## ਪਾਣੀ ਧੋਤੈ ਉਤਰਸੁ ਖੇਹ ॥

ਸੋ ਮ੍ਰਿਤਕਾ ਆਦਿ ਜੋ ਕਿਛੁ ਲਗ੍ਯੋ ਹੋਇ ਜਲ ਕੇ ਸੰਗ ਧੋਵਨ ਤੇ ਉਤਰ ਜਾਤ ਹੈ, ਨਿਰਮਲ ਬਨਤ ਹੈ । ਏਕ ਤੌ ਇਹ ਦ੍ਰਿਸ਼ਟਾਂਤ ਕਹ੍ਯੋ, ਦੂਸਰੋ ਔਰ ਕਹਤ ਹੈਂ:-

## ਮੂਤ ਪਲੀਤੀ ਕਪੜੁ ਹੋਇ ॥

ਮਲ ਮੂਤ੍ਰ ਕੇ ਲਗਨ ਤੇ ਬਸਤ੍ਰ ਮਹਾਂ ਅਪਵਿਤ੍ਰ ਹੋ ਜਾਤ ਹੈਂ; ਊਪਰ ਲੈਬੇ ਕੇ ਕਾਮ ਕੇ ਨਹੀਂ ਰਹਤ ਹੈ ।

## ਦੇ ਸਾਬੂਣੁ ਲਈਐ ਓਹੁ ਧੋਇ ॥

ਜੋ ਉਸ ਬਸਤ੍ਰ ਕੋ ਸਵਾਰਨੋ ਹੋਇ ਤੌ ਸਾਬੂਣ ਕੇ ਸੰਗਿ ਮਲਨੇ ਤੇ ਪਵਿਤ੍ਰ ਹੋ ਜਾਤ ਹੈ, ਵਿਸ਼ੇਸ਼ ਉੱਜਲਤਾ ਕੋ ਧਾਰਤ ਹੈ। ਦ੍ਰਿਸ਼ਟਾਂਤ ਤੌ ਕਹ੍ਯੋ ਅਬ ਦ੍ਰਿਸ਼ਟਾਂਤ ਕਹਤ ਹੈਂ:-

---

੧. ਥੋੜਾ ਜਿਹਾ ।

## ਭਰੀਐ ਮਤਿ ਪਾਪਾ ਕੈ ਸੰਗਿ ॥

ਤਿਸੀ ਰੀਤਿ ਸੋਂ ਮਤਿ ਤੇ ਆਦਿ ਸਰਬ ਅੰਤਹਕਰਣ ਮਲੀਨ ਜੋ ਭਯੋ ਹੈ ਪੁੰਜ ਪਾਪਨ ਸੋਂ, ਜਿਸ ਤੇ ਅਪਨੇ ਸਰੂਪ ਕੋ ਨਹੀਂ ਲਖੁ ਸਕਤਿ ਹੈ, ਜੋ ਮੈਂ ਕੌਨ ਹੋਂ।

## ਓਹੁ ਧੋਪੈ ਨਾਵੈ ਕੈ ਰੰਗਿ ॥

ਸੋਈ ਜੋ ਮਤਿ ਮਲੀਨ ਉੱਜਲ ਕਰਨੀ ਹੋਇ ਤੌ ਨਾਮ ਕੋ ਰੰਗ ਕਹੀਏ ਸਤਿਨਾਮ ਮੇਂ ਪ੍ਰੇਮ ਕਰਣੇ ਕਰਿ ਨਿਰਮਲ ਹੋਇ ਆਵਤ ਹੈ। ਪੂਰਬ ਕੇ ਕਰੇ ਹੋਏ ਪਾਪ ਸੋਂ ਤੌ ਸਤਿਨਾਮ ਸਿਮਰਨ ਕੇ ਮਹਾਤਮ ਸੋਂ ਨਸ਼ਟ ਹੋ ਜਾਤ ਹੈਂ। ਅਗਾਰੀ ਪਰਮੇਸੁਰ ਕੋ ਭਾਣੋ ਆਛੋ ਲਾਗਯੋ, ਹਉਮੈਂ ਨਿਵਰਤ ਭਈ, ਫੇਰ ਪਾਪ ਨਹੀਂ ਕਰਤੌ, ਮਨ ਸਥਿਰਤਾ ਕੋ ਪ੍ਰਾਪਤ ਭਯੋ, ਸਤਿਨਾਮ ਕੀ ਪ੍ਰੀਤਿ ਸੋਂ। ਐਸੇ ਮਤਿ ਤੇ ਆਦਿ ਅੰਤਹਕਰਨ ਕੋ ਪਾਵਨ ਹੋ ਜਾਤ ਹੈ। ਬਹੁਰ ਸਰੂਪ ਕੋ ਤਤਕਾਲ ਹੀ ਲਖਤ ਹੈ। ਇਤਯਰਥ।

ਇਨ ਤੁਕਨਿ ਮੈਂ ਦ੍ਰਿਸ਼ਟਾਂਤਾਲੰਕਾਰ ਹੈ।

ਲੱਛਣ–ਬਿੰਬ ਪ੍ਰਤਿਬਿੰਬ ਵਾਕਯ ਦੁਹ ਮਾਂਹੀ।
ਉਪਮੇਓ ਉਪਮਾ ਦ੍ਵੈ ਜਾਂਹੀ।
ਧਰਮ ਜੁਦੋ ਦੋਊਨ ਕੇ ਆਹੀ।
ਲਖਹੁ 'ਦ੍ਰਿਸ਼ਟਾਂਤ' ਨਾਮ ਹਹਿ ਤਾਂਹੀਂ।

ਵਾਕਯ ਉਪਮਾਨ ਅਰ ਵਾਕਯ ਉਪਮੇਯ ਜਹਾਂ ਦੋਊਨ ਕੋ ਧਰਮ ਜੁਦੋ ਜੁਦੋ ਹੋਇ, ਪ੍ਰੰਤੂ ਬਿੰਬ ਪ੍ਰਤਿਬਿੰਬ ਕਰ ਭਾਵ ਦਿਖਾਯੋ ਹੋਇ, ਏਕ ਬਾਤ ਕੀ ਛਾਯਾ ਦੂਸਰੀ ਬਾਤ ਮੇਂ ਪਰੇ ਸੋ ਦ੍ਰਿਸ਼ਟਾਂਤ। ਈਹਾਂ ਹਾਥ ਪੈਰ ਦੇਹ ਅਰ ਬਸਤਰ ਪਾਨੀ ਅਰ ਸਾਬੂਨ ਕੇ ਸੰਗ ਉੱਜਲ ਹੋਨੇ, ਯਹ ਧਰਮ ਜੁਦੋ; ਮਤਿ ਨਾਮ ਕੇ ਸੰਗ ਉੱਜਲ ਯਹ ਧਰਮ ਜੁਦੋ, ਪੈ ਬਿੰਬ ਪ੍ਰਤਿਬਿੰਬ ਭਾਵ ਮਿਲਯੋ ਹੋਯੋ ਹੈ। ਇਸ ਰੀਤਿ ਸਤਿਨਾਮ ਤੇ ਹੀ ਗਯਾਨ ਕੌ ਅਧਿਕਾਰੀ ਹੋਤ ਹੈ। ਅਗਾਰੀ ਕਰਮ ਕਾਂਡ ਕੀ ਬਾਤ ਕੋ ਕਹਤ ਹੈਂ।

## ਪੁੰਨੀ ਪਾਪੀ ਆਖਣੁ ਨਾਹਿ ॥

ਸੰਤੋਂ ਕੇ ਮਤ ਮੇਂ ਕਰਮ ਕਾਂਡ ਮੁਖ੍ਯ ਨਹੀਂ ਹੈ। ਇਹ ਤੌ ਬੰਧਨ ਹੈ। ਬੰਧਨ ਤੇ ਛੁਟਣੋਂ ਇਹ ਮਤਿ ਹਮਾਰੋ। ਪੁੰਨ ਕਰਕੇ ਅਨੇਕਾਨ ਅਨੇਕ ਇਸ ਲੋਕ ਕੇ ਸੁਖ, ਵਾ ਸੁਰਗ ਲੋਕ ਕੇ ਸੁਖ ਭੋਗਤਾ ਹੈ; ਅਪਨੋ ਪੁੰਨ ਭੋਗ ਕਰਿ ਬਹੁਰ ਜਨਮ ਮਰਨ ਚੌਰਾਸੀ ਮੇਂ ਪਰੋ ਭਰਮਤ ਹੈ, ਇਹ ਤੌ ਸੁਇਨੇ ਕੀ ਬੇੜੀ ਕੋ ਬੰਧਨ ਹੈ। ਅਨੇਕਾਨਿ ਅਨੇਕ ਪਾਪਨ ਕੋ ਕਰਿਕੇ ਨਰਕ ਕੋ ਜਾਤ ਹੈ, ਫੇਰੁ ਚੌਰਾਸੀ ਮੇਂ ਜਨਮਤ ਮਰਤ ਹੈ, ਇਹ ਹੈ ਲੋਹੇ ਕੀ ਬੇੜੀ ਕੋ ਬੰਧਨ। ਇਨ ਕੋ 'ਆਖਣੁ ਨਾਹਿ' ਕਿਆ ? 'ਪ੍ਰਤਿਪਾਦਨ ਨਹੀਂ ਹੈ'। ਜੋ ਸੰਤਨ ਕੋ ਮਤ ਹੈ ਸੋ ਪੀਛੇ ਕਹਯੋ ਹੈ: ਸਤਿਨਾਮ ਕੋ ਸਿਮਰਨ। ਅਬ ਜੋ ਪੁੰਨੀ ਪਾਪੀ ਹੈਂ, ਤਿਨ ਕੀ ਦਸ਼ਾ ਕੋ ਕਹਤ ਹੈਂ:–

## ਕਰਿ ਕਰਿ ਕਰਣਾ ਲਿਖਿ ਲੈ ਜਾਹ ॥

ਕਰਿ ਕਰਿ ਆਪੁਨੇ ਕਰਤਬ ਕੋ, ਤਿਸ ਕੋ ਫਲ ਸੁਖ ਦੁਖ ਲਿਖਾਇ ਕਰਿ ਲੈ ਜਾਤ ਹੈਂ। ਇਤਯਰਥ।

ਪੂਰਬ ਕੀ ਤੁਕ ਮੈਂ ਪਰਕਰਾਲੰਕਾਰ ਹੈ।

ਲੱਛਣ–ਸਾਭਿਪ੍ਰਾਯ ਬਿਸ਼ੇਖ਼ਨ ਜਹਾਂ।
'ਪਰਕਰ ਅਲੰਕਾਰ' ਕਹਿੰ ਤਹਾਂ।

ਈਹਾਂ ਪੁੰਨੀ ਪਾਪੀ ਬਿਸ਼ੇਖ਼ਨ ਸਹਿਤ ਅਭਿਪ੍ਰਾਯ ਕੇ ਹੈਂ, ਯਾਂਤੇ ਪਰਕਰ ਹੈ। ਦੂਸਰੀ ਤੁਕ ਮੇਂ ਕਰਿ ਕਰਿ ਪਦ ਮੇਂ ਵੀਪਸਾ ਔਰ ਹੇਤਾਲੰਕਾਰ ਹੈ। ਪੁੰਨ ਪਾਪ ਕਰਨੇ ਕਾਰਨ, ਲਿਖਿ ਲੈਜਾਨੇ ਕਾਰਜ ਏਕ ਸੰਗ ਮੈਂ ਬਰਨਨ ਹੈ।

## ਆਪੇ ਬੀਜਿ ਆਪੇ ਹੀ ਖਾਹੁ ॥

ਆਪਨੇ ਆਪ ਹੀ ਪੁੰਨ ਅਰ ਪਾਪ ਅਹੰਤਾ ਕੇ ਸਮੇਤ ਕਰਨੇ ਇਸ ਬੀਜ ਕੋ ਬੀਜ਼ਤੇ ਹੈਂ। ਬਹੁਰ ਤਿਨ ਕੋ ਫਲ ਸੁਖ ਅਰ ਦੁਖ ਭੋਗਤ ਹੈਂ।

## ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਹੁਕਮ ਕੇ ਬਾਧੇ ਹੂਏ ਆਵਤੇ ਹੈਂ ਅਰ ਜਾਤੇ ਹੈਂ। ਸਦੀਵ ਜੈਸੇ ਹਰਹਟ ਕੀ ਕੋਊ ਘਟੀ ਊਪਰ ਕੋ ਜਾਤ ਹੈ ਬਹੁਰ ਤਰੇ ਕੋ ਜਾਤ ਹੈ, ਤਿਸੀ ਰੀਤਿ ਜਗਤ ਮੈਂ 'ਆਵਤੇ' ਕਿਆ ? ਜਨਮਤ ਹੈਂ, ਅਰੁ 'ਜਾਹੁ' ਮ੍ਰਿਤ ਹੋਤ ਹੈਂ। ਬਯੰਗ ਇਸ ਤੁਕ ਕੋ ਇਹ: ਕਰਮਕਾਂਡ ਕੇ ਕਰਨ ਤੇ ਸੰਸਾਰ ਚਕ੍ਰ ਤੇ ਕਬ ਹੀ ਨਹੀਂ ਛੂਟਤ ਹੈਂ। ਪਰੇ ਜਨਮਤੇ ਮਰਤੇ ਰਹਿਤੇ ਹੈਂ। ਇਤਯਰਥ।

ਦੋਊ ਤੁਕਨ ਮੇਂ ਕਾਰਕਦੀਪਕੁ ਅਲੰਕਾਰ ਹੈ।

ਲੱਛਣ–ਕ੍ਰਿਆ ਅਨੇਕ ਏਕ ਮਹਿ ਜਹਾਂ।
ਕ੍ਰਮ ਤੇ 'ਕਾਰਕ ਦੀਪਕੁ' ਤਹਾਂ।

ਇਹਾਂ ਏਕ ਪ੍ਰਾਨੀ ਮੈਂ ਬੀਜਨੋ ਅਰ ਖਾਨੋ, ਆਵਨੋ ਅਰੁ ਜਾਨੋ, ਕ੍ਰਮ ਤੇ ਕ੍ਰਿਆ ਉਪਜੀ, ਯਾਂਤੇ ਕਾਰਕਦੀਪਕ। 'ਸਮੁਚਯ' ਮੇਂ ਕ੍ਰਿਆ ਏਕਠੀ ਹੋਤ ਹੈ, ਇਤਨੋ ਭੇਦ ਹੈ।

[ਇਕੀਹਵੀਂ ਪਉੜੀ]

ਅਬ ਅਗਾਰੀ ਜੇ ਕੋਈ ਐਸੇ ਪ੍ਰਸ਼ਨ ਕਰੈ: ਜੋ ਸੁਭ ਕਰਮ ਹੈਂ ਤਿਨ ਕੋ ਕੁਕਰਮਨ ਕੇ ਸਮਾਨ ਕਹਯੋ ਹੈ ਇਹ ਬਾਤ ਕੈਸੇ ਬਨੇ ? ਵਾ ਸੁਭ ਕਰਮਨ ਤੇ ਤੋ ਮਹਾਂ ਸੁਖ ਪ੍ਰਾਪਤ ਹੋਤ ਹੈ, ਤੁਮ ਤਿਸ ਕੋ ਆਖਣੁ ਕਿਉਂ ਨਹੀਂ ਕਰਤੇ ? ਜੇ ਐਸੇ ਕੋਈ ਸ਼ੰਕਾ ਕਰੇ ਤਿਸ ਪਰ ਕਹਤ ਹੈਂ:–

## ਤੀਰਥੁ ਤਪੁ ਦਇਆ ਦਤੁ ਦਾਨੁ ॥

ਤੀਰਥਨਿ ਮੇਂ ਸ਼ਨਾਨ ਕਰਨੇ, ਜੇਸ਼ਠ ਮੇਂ ਅਗਨਿ ਤਾਪਨੇ, ਸੀਤ ਕਾਲ ਜਾਲੁ ਮੇਂ

ਬੈਠਨੋ, ਊਰਧ ਬਾਹੂ ਖਰੇ ਰਹਨ ਤੇ ਆਦਿ ਔਰ ਜੋ ਤਪ ਹੈਂ, ਔਰ ਦਇਆ ਕਰਨੀ। 'ਦਤੁ ਦਾਨੁ' ਦੇਨੇ ਦਾਨ ਕੋ, ਵਾ ਦਇਆ ਕਰਕੇ ਦਾਨ ਦੇਨੋ, ਇਸ ਤੇ ਆਦਿ ਔਰ ਜੋ ਸ਼ੁਭ ਕਰਮ ਕਰਨੇ ਹੈਂ ਕਾਮਨਾ ਕੇ ਸਹਿਤ ਅਹੰਤਾ ਕੋ ਲੀਏ ਹੂਏ, ਤਿਨ ਤੇ ਜੋ ਕਿਛੁ ਹੋਤ ਹੈ ਸੋ ਕਹਤ ਹੈਂ:-

## ਜੇ ਕੋ ਪਾਵੈ ਤਿਲ ਕਾ ਮਾਨੁ ॥

ਜੇ ਕੋਈ ਕਰਤ ਹੈ, ਤਿਨ ਕੋ ਤਿਲੁ ਭਰਿ ਮਾਨ, ਕਹੀਏ ਲੱਛਨਾ ਸੇ ਥੋਰੋ ਸਨਮਾਨ, 'ਕਾ' ਕੋ ਅਰਥ ਕਿਆ ਮਾਨ ਪ੍ਰਾਪਤੁ ਹੋਤ ਹੈ ? ਕਾਕੋਕਤਿ ਸੋਂ ਕੁਛ ਭੀ ਨਹੀਂ। ਜੇਤੋ ਕਰਜੋ ਸ਼ੁਭ ਕਰਮ ਅਹੰਤਾ ਕੋ ਧਾਰਿ ਕਰਿ, ਤਿਸ ਕੋ ਫਲੁ ਭੋਗੁ ਕਰਿ ਫੇਰ ਚੌਰਾਸੀ ਮੇਂ ਪਰਜੋ, ਜਿਸੁ ਕਰਨੇ ਤੇ ਜਨਮ ਮਰਨ ਨਹੀਂ ਛੁਟੇ। ਸੋ ਸਰਬ ਹੀ ਤਿਲ ਭਰੁ ਮਾਨ ਹੈ, ਕਿਉਂਕਿ ਫੇਰ ਦੁਖ ਮੇਂ ਪਰਤ ਹੈ। ਸੋ ਸੰਤਨ ਕੇ ਮਤ ਮੇਂ ਆਛੋ ਨਹੀਂ ਹੈ। ਜੇ ਕੋਈ ਕਹੈ ਤਿਲੁ ਭਰੁ ਥੋਰੋ ਸਨਮਾਨ ਕੈਸੇ ਹੈ ? ਜਿਸ ਮੇਂ ਤ੍ਰਿਪਤਿ ਨਹੀਂ ਹੋਇ ਸੋ ਥੋਰੋ ਈ ਹੈ। ਕੋਟਿ ਬਰਖ ਸੁਰਗ ਮੇਂ ਰਹਜੋ ਸੋ ਕਿਸੇ ਹੀ ਬਿਸ਼ੇ ਸੋਂ ਤ੍ਰਿਪਤਿ ਨਹੀਂ ਹੋਤ ਹੈ, ਜਨਮ ਮਰਨ ਕੋ ਦੁਖ ਜਬ ਆਨ ਪਰਜੋ ਸੋ ਸੰਪੂਰਨ ਬਿਸਰ ਜਾਤ ਹੈ, ਐਸੇ ਜਾਨਤ ਹੈ: ਜੋ ਸਦੀਵ ਕੋ ਮੈਂ ਦੁਖੀ ਹੋਂ, ਤਿਸ ਸੁਖ ਨੇ ਕੁਛ ਭੀ ਸਹਾਇਤਾ ਨਹੀਂ ਕਰੀ। ਬਹੁਰ ਦੁਖੀ ਕੋ ਦੁਖੀ। ਇਤਜਰਥ।

ਪੂਰਬ ਕੀ ਤੁਕ ਮੇਂ ਸ਼੍ਰੁਤਜਾਨੁਪ੍ਰਾਸ ਅਲੰਕਾਰ ਹੈ।
ਲੱਛਣ-ਏਕ ਬਰਗ ਕੇ ਅਖਜਰ ਜਹਾਂ।
'ਸ਼੍ਰੁਤਜਾਨੁਪ੍ਰਾਸ' ਹੋਤ ਹੈ ਤਹਾਂ।

ਇਹਾਂ ਤਵਰਗ ਹੈ, 'ਤ ਥ ਦ ਨ' ਚਾਰ ਅਖਜਰ ਏਕ ਹੀ ਬਰਗ ਕੇ ਹੈਂ, ਯਾਂਤੇ ਸ਼੍ਰੁਤਜਾਨੁਪ੍ਰਾਸ ਹੈ। ਔਰੁ ਦੋਊ ਤੁਕ ਮੇਂ ਹੇਤਾਲੰਕਾਰੁ ਹੈ । ਸ਼ੁਭ ਕਰਮ ਕਰਨੇ ਕਾਰਨ, ਤਿਲ ਭਰ ਮਾਨ ਪਾਵਨੋ ਕਾਰਜ, ਏਕੁ ਸੰਗਿ ਮੈਂ ਬਰਨੇ ਯਾਂਤੇ 'ਹੇਤ'। ਐਸੇ ਕਰਮਨ ਕੋ ਫਲੁ ਅਨਿਤ ਬਤਾਇ ਕਰਿ ਬਹੁਰ ਜਿਸ ਕੋ ਨਾਮ ਸਿਮਰਨ ਤੇ ਚਿਤੁ ਥਿਰੁ ਭਯੋ ਅਬ ਤਿਸ ਕੋ ਜੋ ਕਰਤਬ ਕਰਨੋ ਸੋ ਕਹਤ ਹੈਂ, ਫਲ ਅਬਿਨਾਸ਼ੀ ਬਤਾਇ ਕਰਿ:-

## ਸੁਣਿਆ ਮੰਨਿਆ ਮਨਿ ਕੀਤਾ ਭਾਉ ॥

ਸੋਈ ਜੋ ਪ੍ਰਾਨੀ ਹੈ, ਜਿਸ ਨੇ ਨਾਮ ਸੋਂ ਕਰੀ ਹੈ ਮਤਿ ਉੱਜਲ, ਸ਼੍ਰੋਤਬਜ, ਆਤਮਾ ਕੋ ਸ਼੍ਰਵਣ ਕਰੇ ਬਹੁਰ ਮਨਤਬਜ, ਬ੍ਰਹਮ ਕੋ ਮਨਨ ਕਰੇ। 'ਮਨਿ ਕੀਤਾ ਭਾਉ' ਬਹੁਰਿ ਮਨ ਕੀ ਬ੍ਰਿਤਿ ਸੋਂ ਨਿਦਧਜਾਸਨ ਕਰੇ।

## ਅੰਤਰਿਗਤਿ ਤੀਰਥਿ ਮਲਿ ਨਾਉ ॥

ਨਿਦਧਜਾਸਨ ਤੇ ਉਪ੍ਰੰਤ ਸਾਖਜਾਤਕਾਰ ਹੋਤ ਹੈ। 'ਅੰਤਰਿ ਗਤਿ' ਆਪਨੇ ਅੰਤਰ ਹੀ ਪ੍ਰਾਪਤਿ ਭਯੋ ਤੀਰਥ, ਕੌਨ ? ਬ੍ਰਹਮ, ਤਿਸ ਮੈਂ ਦ੍ਵੈਤ ਰੂਪੀ ਮਲ ਕੋ ਨਿਵਰਤੁ ਕਰੇ । 'ਨਾਉ' ਅਰਥ ਤਿਸ ਮੈਂ ਬ੍ਰਿਤਿ ਕੋ ਮਿਲਾਇ ਦੇਇ। ਵਾ 'ਅੰਤਰਿ' ਨਾਮ ਫਰਕ

ਕੋ ਭੀ ਹੈ, ਭੇਦ ਕੋ, ਜੋ ਸਰੂਪ ਮੈਂ ਹੁਤੋ ਫਰਕ, ਸੋ ਭਯੋ ਗਤਿ, ਕਯਾ ? ਨਾਸ਼। ਔਰੁ ਅਰਥ ਵੈਸੇ ਹੀ। ਇਤਯਰਥ।

ਇਨ ਦੋਊ ਤੁਕਨਿ ਮੈਂ ਕਾਰਨਮਾਲਾਲੰਕਾਰ ਹੈ। ਇਹਾ ਸ੍ਰਵਨ ਕਾਰਨ ਮਨਨ ਕੋ, ਮਨਨ ਕਾਰਨ ਨਿਦਧਯਾਸਨ ਕੋ, ਨਿਦਧਯਾਸਨ ਸਾਖਯਾਤਕਾਰ ਕੋ। ਇਨ ਕੇ ਇਕਤ੍ਰ ਕਹਨ ਤੇ ਕਾਰਨਮਾਲਾਲੰਕਾਰ ਹੋਤ ਹੈ। ਜਬ ਸਾਖਯਾਤਕਾਰ ਭਯਾ ਤਬ ਜੋ ਸਮਝਤ ਹੈ ਸੋ ਕਹਿਯਤੁ ਹੈ।

## ਸਭਿ ਗੁਣ ਤੇਰੇ ਮੈ ਨਾਹੀ ਕੋਇ ॥

ਸਰਬ ਜੋ ਗੁਨ ਹੈਂ ਤੇਰੇ ਮੇਂ, ਕਹੀਏ, ਹੇ ਪਾਰਬ੍ਰਹਮੁ! ਤੇਰੇ ਬਿਖੇ ਪਾਏ ਜਾਤੇ ਹੈਂ ਕਲਪਨਾ ਕਰਿਕੈ। ਅਰਥ ਇਹ ਜੋ ਤੀਨੋਂ ਗੁਣ ਕਲਪਤ ਹੈਂ, ਜੈਸੇ ਰੱਸੀ ਮੇਂ ਸਰਪ ਅਰੁ ਫੂਲਮਾਲ ਅਰ ਭੂਮ ਦਰਾਰ ਕਲਪਤ ਹੈਂ, ਇਨ ਸਬਨ ਕੋ ਆਸਰੋ ਏਕ ਰੱਸੀ ਹੈ, ਜੋ ਨੀਕੀ ਭਾਂਤਿ ਤਿਸ ਕੋ ਦੇਖਿਯੇ ਤੋ ਰੱਸੀ ਤੇ ਬਿਨਾ ਔਰ ਕਛੁ ਭੀ ਨਹੀਂ, 'ਨਾਹੀ ਕੋਇ' ਵਾਸਤਵ ਤੇ ਬੀਚਾਰੀਏ ਤੋ ਤੇਰੇ ਮੈਂ ਕੋਈ ਭੀ ਨਹੀਂ। ਜੋ ਕੋਈ ਬੂਝੇ ਬ੍ਰਹਮ ਮੈਂ ਤੋ ਗੁਨ ਕੋਈ ਭੀ ਨਹੀਂ ਹੈ ਕਲਪਤੇ ਕਿਉਂ ਹੈ ? ਤਿਸ ਪਰ ਕਹਤ ਹੈਂ:-

## ਵਿਣੁ ਗੁਣ ਕੀਤੇ ਭਗਤਿ ਨ ਹੋਇ ॥

ਕਲਪਨੇ ਕੋ ਕਾਰਨ ਕਹਤ ਹੈਂ:-ਬਿਨਾ ਬ੍ਰਹਮ ਮੇਂ ਗੁਨ ਆਰੋਪੇ ਭਗਤਿ ਸੇਵਕ ਤੇ ਨਹੀਂ ਹੋਇ ਆਵਤ ਹੈ। ਗੁਨਵਾਨ ਈਸ਼ੁਰ ਬਨੇ, ਤਿਸ ਪਰ ਚਿਤ ਕੋ ਠਹਿਰਾਇ ਕਰਿ ਭਗਤਿ ਨੌਧਾ ਤੇ ਆਦਿ ਕੋ ਕਰਤ ਹੈ ਭਗਤ। ਬਿਨਾ ਗੁਨਵਾਨ ਈਸ਼ੁਰ ਕੇ ਬਨੇ ਤੇ ਭਗਤ ਚਿਤ ਕੋ ਕਹਾਂ ਠਹਿਰਾਵੈ ? ਬ੍ਰਹਮ ਵਿਚਾਰ ਮੈਂ ਤੋ ਠਹਿਰਨੋ ਪ੍ਰਥਮ ਹੀ ਮੁਸ਼ਕਲ ਹੈ। ਮੂਰਤਿ ਈਸ਼ੁਰ ਕੀ ਪਰ ਮਨ ਕੋ ਠਹਿਰਾਇ ਕਰਿ ਬਹੁਰ ਬ੍ਰਹਮ ਬੀਚਾਰ ਪਰਿ ਸੁਖਾਰੋ ਲਗ ਜਾਤ ਹੈ। ਇਤਯਰਥ।

ਇਨ ਦੋਊ ਤੁਕਨ ਮੇਂ ਲਾਟਾਨੁਪ੍ਰਾਸ ਹੈ, ਗੁਣ ਪਦ ਦੋ ਵਾਰੀ ਆਇਓ, ਭਾਵ ਭਿੰਨ ਹੈਂ, ਗੁਨ ਤੇਰੇ ਮੈਂ ਕਲਪਤਿ ਹੈਂ, ਬਿਨਾ ਗੁਣ ਕਲਪੇ ਭਗਤਿ ਨਹੀਂ ਹੋਤ ਹੈ, ਯਹ ਭਾਵ ਭਿੰਨ। ਯਹ ਸਿਧ ਅਵਸਥਾ ਕੀ ਬਾਤ ਕਹੀ, ਤੁਰੀਆ ਪਦ ਜਿਸ ਕੋ ਕਹਤ ਹੈਂ। ਇਨ ਦੋਊ ਤੁਕਨਿ ਕੋ ਅਰਥ ਔਰ ਲੋਕ ਐਸੇ ਕਰਤ ਹੈਂ:-ਸਭੁ ਗੁਣ ਤੇਰੇ ਵਿਚ ਹੈਂ, 'ਮੈ' ਮੇਰੇ ਬਿਖੇ ਕੋਈ ਨਹੀਂ ਹੈ, ਬਿਨਾ ਤੇਰੇ ਗੁਣ ਕਰੇ ਤੇ ਮੇਰੇ ਪਾਸ ਭਗਤਿ ਨਹੀਂ ਹੋਇ ਆਵਤ ਹੈ। ਇਸ ਅਰਥ ਮੇਂ ਦੂਖਨ ਆਵਤ ਹੈ। ਸਾਖਯਾਤਕਾਰ ਕਹਿਕੈ ਫੇਰ ਕਹਤ ਹੈਂ: ਮੇਰੇ ਮੇਂ ਗੁਣ ਭੀ ਨਹੀਂ ਜੋ ਭਗਤਿ ਕਰੋਂ; ਪ੍ਰਸੰਗ ਤੇ ਬਿਰੁੱਧ ਬਾਤ ਹੋਤ ਹੈ। ਇਸੀ ਹੇਤ ਤੇ ਹਮਾਰੋ ਕੀਓ ਅਰਥ ਆਛੋ, ਗੁਰੂ ਜੀ ਕੋ ਧਰਯੋ ਹੋਯੋ ਭੀ ਯਹੀ ਹੈ। ਅਬ ਅਗਾਰੀ ਅਧਯਾਰੋਪ ਕਰਿਕੈ ਜਗਤ ਕੀ ਉਤਪਤਿ ਮੇਂ ਭੀ ਬਜੰਤਤਾ ਲਖਾਵਤ ਹੈਂ।

## ਸੁਅਸਤਿ ਆਥਿ ਬਾਣੀ ਬਰਮਾਉ ॥

ਸੋ ਜੋ ਅਖਯਰ ਹੈਂ ਪੂਰਬ ਕੇ ਅਰਥ ਕੋ ਲਖਾਵਤ ਹੈਂ। ਜਿਸ ਮੇਂ ਗੁਣ ਕਲਪਤਿ

ਕਹਿ ਆਏ ਹੈਂ ਸੋਈ ਜੋ ਬ੍ਰਹਮੁ 'ਅਸਤਿ' ਸਚੁ ਜੋ 'ਹੈ' ਅਰ 'ਆਥਿ'=ਮਾਯਾ ਦੋਊਨ ਕੇ ਮਿਲਨਿ ਤੇ ਬਾਣੀ ਬਰਮਾਉ। 'ਬਾਣੀ' ਸ਼ਬਦ, ਬ੍ਰਹਮ ਨਾਮ ਓਅੰਕਾਰ ਕੋ, ਮਾਯਾ ਸਵਲ ਹੋ ਕਰਿ ਓਅੰਕਾਰੁ ਸ਼ਬਦ ਕਹਤ ਭਯੋ। ਵਾ 'ਬਰ' ਨਾਮ ਸਰੇਸ਼ਟ ਕੋ, ਵਾ ਬਲ ਕੋ । ਸਰੇਸ਼ਟ ਬਾਣੀ ਕੋ ਉਚਾਰ ਕਿਯੋ; ਵਾ ਜੋਰ ਮੇਂ ਜੋ ਪੂਰਬ ਬਾਣੀ ਹੈ ਸੋ ਕਹੀ, ਕੈਸੀ ਹੈ ਬਾਣੀ ? ਮਾਉ=ਇਸ ਮੈਂ ਤੀਨ ਅਖਰ: ਮਕਾਰ, ਕੰਨੇ ਕੋ ਅਕਾਰ, ਅਰ ਉਕਾਰ, ਅਗਾਰੀ ਪਿਛਾਰੀ ਕੇ ਅੰਨ੍ਹੈ ਹੋਨ ਤੇ ਇਨ ਤੀਨ ਅਖਰ ਕੋ ਹੀ ਓਅੰਕਾਰ ਹੋਤ ਹੈ । ਤੀਨ ਹੀ ਗੁਨ, ਤੀਨ ਹੀ ਦੇਵਤਾ ਜਿਸ ਤੇ ਉਤਪਤਿ ਭਏ। ਅਗਾਰੀ ਓਅੰਕਾਰ ਕੇ ਅਰਥ ਬਿਸਤਾਰ ਸੋਂ ਕਹਿ ਆਏ ਹੈਂ, ਸੋ ਤਿਸ ਤੇ ਸਪੂਰਨ ਜਗਤਿ ਕੀ ਉਤਪਤੀ ਹੋਤ ਭਈ। ਇਸੀ ਅਧਜਾਰੋਪ ਮੇਂ ਹੀ ਬ੍ਰਹਮ ਕੇ ਤੀਨ ਅੰਸ਼ ਕਲਪਤਿ ਹੈਂ ਸੋ ਕਹਤ ਹੈਂ:-

## ਸਤਿ ਸੁਹਾਣੁ ਸਦਾ ਮਨਿ ਚਾਉ ॥

ਮੁਮੋਖੀ ਕੇ ਦ੍ਵੈਤ ਮਿਟਾਵਨ ਕੇ ਹੇਤ ਹੀ ਤੀਨ ਅੰਸ਼ ਬ੍ਰਹਮ ਕੇ ਬਨਾਵਨਿ ਮੇਂ ਆਵਤ ਹੈਂ, ਵਾਸਤਵ ਨਹੀਂ ਹੈਂ। 'ਸਤਿ' ਕਿਆ ? ਅਸਤੀ ਬ੍ਰਹਮ ਹੈ, ਦ੍ਵੈਤ ਕੇ ਝੂਠ ਲਖਾਵਨ ਕੇ ਹੇਤ ਜਗਤ ਝੂਠੋ ਹੈ, ਬ੍ਰਹਮ ਸਤਿ ਹੈ, 'ਸੁਹਾਣੁ' ਕਿਆ ? ਪ੍ਰਿਯ ਹੈ; ਚੇਤਨ ਹੈ। ਜਗਤ ਜੜ ਹੈ, ਬ੍ਰਹਮ ਚੇਤਨ ਹੈ। 'ਸਦਾ ਮਨਿ ਚਾਉ', ਸਦਾ ਹੀ ਬ੍ਰਹਮੁ ਅਨੰਦ ਰੂਪ ਹੈ, ਜਗਤ ਦੁਖ ਰੂਪ ਹੈ। ਮੁਮੋਖੀ ਕੇ ਉਪਦੇਸ਼ ਹੇਤ ਤੀਨ ਅੰਸ਼ ਬਨਾਵਤ ਹੈਂ ਬ੍ਰਹਮ ਕੇ; ਵਾਸਤਵ ਏਕ ਬੀ ਕਹਨੇ ਨਹੀਂ ਹੈ। ਜੇ ਕੋਈ ਕਹੈ: ਪੂਰਬ ਕੀ ਤੁਕ ਮੇਂ ਉਤਪਤੀ ਕਹੀ, ਇਸ ਮੇਂ ਫੇਰ ਕਿਮ ਬ੍ਰਹਮ ਕੋ ਹੀ ਬਰਨਨ ਕੀਯੋ ? ਉੱਤਰ:-ਪੂਰਬ ਕੀ ਤੁਕ ਮੇਂ ਭੀ ਬਜੰਤ ਕਹਨੇ ਕੋ ਕਾਰਜ ਹੈ, ਇਸ ਮੇਂ ਭੀ ਹੈ, ਔਰ ਉਤਪਤੀ ਕੇ ਅਰਥ ਮੇਂ ਭੀ । ਔਰ ਦੂਸਰੋ ਅਰਥ ਇਸ ਤੁਕ ਕੋ ਬਨਤ ਹੈ ਸੋਈ ਕਹਤ ਹੈਂ: ਮਾਯਾ ਸਵਲ ਹੋ ਕਰਿ ਓਅੰਕਾਰ ਕਹਿਨੇ ਤੇ ਜੋ ਜਗਤਿ ਉਤਪਤਿ ਭਯੋ ਸੋ ਸਭ ਹੀ ਅਸਤਿ ਭਾਂਤਿ ਪ੍ਰਿਯ ਹੈ। ਇਸ ਤੇ ਭਿੰਨ ਔਰ ਕਛੁ ਨਹੀਂ ਹੈ। ਤਿਸੀ ਕੋ ਸਿਧ ਕਰਤ ਹੈਂ। ਅਸਤਿ ਕੋ ਨਾਮ ਹੈ: 'ਹੋਤ ਹੈ' । ਸੋ ਜੋ ਕੁਛ ਬਨਾਉ ਬਨਿਓ ਹੈ, ਸੋ ਸਰਬ ਮੇਂ 'ਹੈ' ਪਦ ਹੈ । ਯਹ ਤੋ 'ਅਸਤਿ' ਸਰਬ ਮੇਂ ਭਯੋ । ਕਾਰੇ ਪੀਰੇ ਰੰਗ ਆਦਿ ਔਰ ਜੇ ਪ੍ਰਕਾਸ਼ਤ ਹੈਂ, ਸਰਬ ਮੇਂ ਸੋ; ਯੇਹ 'ਭਾਂਤਿ'। ਅਰੁ ਜੋ ਕਿਛੁ ਦੇਖਿਕੈ ਚਿਤੁ ਅਨੰਦੁ ਪਾਵਣ ਹੈ, ਯਹ 'ਪ੍ਰਿਯ' ਹੈ। ਯਹ ਤੀਨ ਵਸਤੂ ਸਰਬ ਮੇਂ ਹੈਂ ਯਾਂਤੇ ਸਰਬ ਰੂਪ ਬ੍ਰਹਮ ਹੀ ਹੈ । ਅਸਤਿ ਭਾਂਤਿ ਪ੍ਰਿਯ ਮੇਂ ਹੀ ਜਗਤ ਆਰੋਪਤ ਹੈ । ਨਾਮ ਰੂਪ ਸਰਬ ਜਗਤ ਮੇਂ ਪੰਚ ਵਸਤੂ ਹੈਂ: ਅਸਤਿ ਭਾਂਤਿ ਪ੍ਰਿਯ ਨਾਮ ਰੂਪ। ਪੂਰਬ ਕੇ ਤੀਨ ਬ੍ਰਹਮ ਰੂਪ ਹੈਂ । ਅਗਲੇ ਦੋ 'ਨਾਮ' 'ਰੂਪ' ਸੋ ਝੂਠੇ ਹੈਂ । ਸੋ ਨਾਮ ਰੂਪ ਕਲਪਤਿ ਹੈਂ, ਯਾਂਤੇ ਨਾਸ਼ਵਿੰਤ। ਇਤਜਰਥ।

ਪੂਰਬ ਕੀ ਤੁਕ ਮੈਂ ਹੇਤਾਅਲੰਕਾਰ।

ਮਾਯਾ ਸਵਲ ਹੋਨੋ ਕਾਰਨ, ਓਅੰ ਤੇ ਜਗਤ ਹੋਨੋ ਕਾਰਜ, ਏਕ ਸੰਗ ਮੈਂ ਬਰਨਨ ਤੇ ਹੇਤ ਹੋਤ ਹੈ । ਦੂਸਰੀ ਤੁਕ ਮੇਂ 'ਸਤਿ' 'ਸੁਹਾਣੁ' 'ਸਦਾ' ਸਕਾਰ ਕੀ ਬਰਨ ਮੈਤ੍ਰੀ ਤੇ

ਬ੍ਰਿਤਜਾਨੁਪ੍ਰਾਸ ਹੈ । ਵਾ ਬ੍ਰਹਮੁ ਕੋ ਸਤਿਚਿਦਾਨੰਦ ਸਰੂਪ ਕਥਨ ਤੇ ਜਾਤਿ ਸੁਭਾਵੋਕਤਿ ਅਲੰਕਾਰ ਹੋਤ ਹੈ । ਵਾ ਸਰਬ ਮੈਂ ਅਸਤਿ ਭਾਂਤਿ ਪ੍ਰਿਯ ਹੀ ਹੈ ਯਾਂਤੇ ਬਿਸ਼ੇਖਾਲੰਕਾਰ ਹੋਤ ਹੈ। ਏਕ ਬਸਤੁ ਕੋ ਅਨੇਕ ਠੌਰ ਬਰਨੇ, ਇਹ ਲਛਨ ਹੈ । ਸਰਬ ਮੈਂ ਬ੍ਰਹਮ ਹੀ ਨਿਰੂਪਨ ਕੀਓ ।

ਅਬ ਅਗਾਰੀ ਕਹਤ ਹੈਂ: ਇਸ ਰੀਤਿ ਕੋ ਜੋ ਬ੍ਰਹਮ ਕੋ ਨਿਰੂਪਨ ਔਰ ਮਾਯਾ ਸਵਲ ਹੋ ਕਰਿ ਓਅੰ ਤੇ ਜਗਤਿ ਉਤਪਤਿ, ਇਸਤੇ ਆਦਿ ਔਰ ਜੇਤੋ ਬ੍ਰਹਮ ਕੋ ਬਰਨਨ ਹੈ ਸੋ ਆਪ ਹੀ ਪਾਰਬ੍ਰਹਮ ਨੇ ਲਖਾਯੋ ਹੈ । ਅਰ ਜੀਵ ਸਮਰਥ ਬ੍ਰਹਮ ਕੇ ਨਿਰੂਪਨ ਮੇਂ ਕਿਸੀ ਰੀਤਿ ਸੋ ਭੀ ਨਹੀਂ, ਜੇਤੋ ਕੁਛ ਬੇਦੁ ਮਹਾਂਵਾਕ ਮੇਂ ਕਹਯੋ ਹੈ ਸੋਈ ਪ੍ਰਾਨੀ ਆਦਿ ਤੇ ਤਿਸੀ ਰੀਤਿ ਸੋਂ ਕਹਿਤੇ ਰਹੇ ਹੈਂ। ਨਹੀਂ ਤੋ ਸਮੇਂ ਤਿਥਿ ਵਾਰ ਰੁਤਿ ਇਹ ਨਹੀਂ ਕਹੀ ਹੈ, ਯਾਂਤੇ ਲੋਕ ਭੀ ਨਹੀਂ ਜਾਨਤ ਹੈਂ, ਤਿਸ ਪਰ ਕਹਤ ਹੈਂ:–

## ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

ਸੋ ਪੂਰਬ ਕੇ ਅਰਥ ਕੋ ਜਨਾਵਤ ਹੈਂ: ਮਾਯਾ ਸੋ ਮਿਲਿ ਜਗਤਿ ਕੀ ਉਤਪਤੀ। ਔ, 'ਸਤਿ ਸੁਹਾਣਿ ਚਾਉ' ਜਿਸ ਕੋ ਕਹਿ ਆਏ ਹੈਂ, ਤਿਸੀ ਕੋ ਬੂਝਤ ਹੈਂ, ਜੋ ਕੋਈ ਜਾਨਤ ਹੈ ਸੋ ਬਤਾਵੇ ? ਕਵਣੁ ਵੇਲਾ ਹੁਤੋ ਤਬ: ਪ੍ਰਭਾਤ, ਦੁਪਹਿਰੀ, ਪਿਛਲੋ ਪਹਿਰ। ਇਹ ਤੋ ਹਿੰਦੂਅਨ ਪ੍ਰਤਿ ਪੂਛਨ। ਆਗੇ ਤੁਰਕਨ ਸੋਂ ਬੂਝਤ ਹੈਂ: ਤੁਮ ਕਹੋ ਕੌਨ ਵਖਤ ਹੁਤੋ ? ਸੰਧਯਾ, ਰਾਤਿ, ਅਰਧਰਾਤਿ, ਕਿਧੋਂ ਰਾਤਿ ਕੋ ਪਿਛਲੋ ਪਹਿਰ ? ਕੌਨ ਤਿਥ: ਏਕਮ, ਦੂਜ ਤੇ ਆਦਿ ? ਇਹਾਂ ਤੁਰਕਨਿ ਕੋ ਤਰੀਕ ਬੂਝਨੇ ਕੋ ਅਧਯਾਹਾਰ। ਅਰੁ ਵਾਰ ਕੌਨ ਹੁਤੋ ਸੋ ਬਤਾਵੇ। ਵੇਲਾ ਵਖਤੁ ਮੈਂ ਪੁਨਰੁਕਤਿ ਨਹੀਂ, ਦੋਊ ਪਖਯਨ ਕੇ ਨਾਮ ਸੋਂ ਬੂਝਤ ਭਏ। ਅਗਲੀ ਤੁਕਨਿ ਮੈਂ ਸੋਈ ਰੀਤਿ ਕਹਿਨੀ ਹੈ ਵੇਲਾ ਵਖਤੁ ਕੀ। ਇਤਯਰਥ।

ਵੇਲਾ ਵਖਤ ਮੈਂ ਅਰਥਾਬ੍ਰਿਤਦੀਪਕ ਅਲੰਕਾਰ ਹੈ।

ਲੱਛਣ–ਦੋਇ ਪਦ ਏਕ ਅਰਥ ਕੋ ਕਹੈਂ ।<br>
'ਅਰਥਾਬ੍ਰਿਤ ਦੀਪਕੁ' ਸੋ ਅਹੈ ।

ਵੇਲਾ ਵਖਤ ਇਕ ਸਮੇਂ ਕੋ ਅਰਥ ਕਹਤ ਹੈ, ਯਾਂਤੇ ਅਰਥਾਬ੍ਰਿਤ ਦੀਪਕ ਕਵਣੁ ਕਵਣੁ ਪਦ ਮੈਂ ਉਭਯਾਬ੍ਰਿਤ ਦੀਪਕੁ ਅਲੰਕਾਰ ਹੈ । ਅਰਥ ਭੀ ਵਹੀ, ਪਦ ਭੀ ਵਹੀ ।

## ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

ਬਸੰਤੁ, ਗ੍ਰੀਖਮ, ਪਾਵਸ, ਸ਼ਰਦ, ਹਿਮ, ਸ਼ਿਸ਼ਰ ਇਨ ਖਟ ਰੁਤਿਨ ਮੇਂ ਰੁਤਿ ਕਉਣੁ ਹੁਤੀ ? ਅਰੁ ਮਾਹੁ ਮਹੀਨੇ ਦੁਆਦਸ਼ ਮੇਂ ਮਹੀਨਾ ਕੌਨ ਹੁਤੋ ? ਜਿਸ ਮੈਂ ਮਾਯਾ ਸਵਲ ਹੋਕਰਿ ਨਿਰਾਕਾਰ ਤੇ ਸਾਕਾਰ ਭਯੋ ਤਬ ਕਯਾ ਹੁਤੋ ? ਵਾ ਜਗਤ ਕੋ ਆਕਾਰ ਜਬ ਬਨਯੋ ਹੈ ਸੋ ਭੀ ਨਹੀਂ ਕਿਸੀ ਤੇ ਜਾਨਯੋ ਜਾਤਿ ਹੈ। ਇਤਯਰਥ।

ਇਸ ਤੁਕ ਮੇਂ ਲਾਟਾਨੁਪ੍ਰਾਸਲੰਕਾਰ ਹੈ। ਕਵਣੁ ਕਵਣੁ ਪਦੁ ਦੋ ਬਾਰੀ ਆਵਨ

੩। ਵਾ ਸਮੁੱਚੈ ਅਲੰਕਾਰ ਹੈ ਦੋਉ ਤੁਕਨਿ ਮੇਂ।

ਲੱਛਣ-ਮੂਲ ਅਰਥ ਜਹਿ ਇਕ ਪਦ ਕਰਿਹੀ।
ਪੋਖਕ ਬਹੁਰ ਔਰ ਤਹਿੰ ਧਰਿਹੀ।
ਪ੍ਰਥਮ 'ਸਮੁੱਚੈ' ਭੇਦ ਪਛਾਨ।
ਕਵਿ ਸੰਤੋਖ ਸਿੰਘ ਕਹਜੋ ਪ੍ਰਮਾਨ।

ਈਹਾਂ ਏਕ ਵੇਲਾ ਬੂਝਤੇ ਹੈਂ ਜੋ ਅਕਾਰ ਕਿਸ ਵੇਲਾ ਭਯੋ ? ਸੋਈ ਨਹੀਂ ਜਾਨਣੇ ਕੋ ਸਿਧ ਕਰਤ ਹੈਂ। ਤਿਸ ਕੋ ਪੋਖਿਬੇ ਹਿਤ ਤਿਥਿ ਵਾਰੁ ਰੁਤਿ ਮਾਂਹ ਬੂਝੇ; ਯਾਂਤੇ ਸਮੁੱਚੈ ਹੋਤ ਹੈ।

## ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਅਕਾਰ ਬਨਿਨਿ ਕੋ 'ਵੇਲਾ' ਜੋ 'ਸਮੋ' ਹੈ ਤਿਸ ਕੋ ਪੰਡਤ ਭੀ ਨਹੀਂ ਜਾਨਤ ਹੈਂ। ਕੈਸੇ ਪੰਡਤ ਹੈਂ ? ਜੇ ਲਿਖਨਵਾਰੇ ਹੈਂ ਪੁਰਾਣੋਂ ਕੇ, ਬਜਾਸ ਤੇ ਆਦਿ ਪੁਰਾਣੋਂ ਕੇ ਲਿਖਣ ਤੇ ਬਜਾਸ ਜੀ ਕੋ ਨਾਮ ਜਾਨਣੇਂ।

## ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

ਸਾਕਾਰ ਹੋਨੇ ਕੋ ਵਖਤੁ ਕਾਜ਼ੀ ਭੀ ਨਹੀਂ ਜਾਨਤ ਹੈ। ਕਾਜ਼ੀ ਕੇ ਕਹਨ ਤੇ ਮੁੱਲਾਂ ਆਦਿ ਸਰਬ ਕੋ ਅਰਥ। 'ਜਿ ਲਿਖਨਿ ਲੇਖੁ ਕੁਰਾਣੁ' ਜੋ ਲਿਖਤ ਹੈਂ ਲੇਖ ਕਹੀਏ ਕਲਮ ਸੋਂ ਕੁਰਾਨ ਕੋ। ਕੁਰਾਨ ਕੇ ਲਿਖਨੇ ਤੇ ਮੁਹੰਮਦ ਕੋ ਅਰਥ। ਇਨ ਮੈਂ ਤੇ ਕੋਈ ਭੀ ਵਖਤੁ ਕੋ ਨਹੀਂ ਜਾਨਤ ਹੈ ਜੋ ਕਿਸ ਵਖਤ ਸਾਕਾਰ ਭਯੋ ਹੈ। ਇਤ੍ਯਰਥ।

ਇਨ ਦੋਊ ਤੁਕਨਿ ਮੈਂ ਵਿਸ਼ੇਸ਼ੋਕਤਿ ਅਨੁਕਤਿ ਨਿਮਿਤਾਲੰਕਾਰ ਹੋਤ ਹੈ।

ਲੱਛਣ-ਕਾਰਨ ਤੇ ਜਹਿੰ ਕਾਜ ਨ ਹੋਇ।
ਕਹੈਂ 'ਵਿਸ਼ੇਸ਼ੋਕਤਿ ਬੁਧਿ ਸੋਇ।

ਇਹਾਂ ਪੁਰਾਣੁ ਕੁਰਾਣੁ ਲਿਖਣੋਂ ਕਾਰਣ ਵੇਲਾ ਵਖਤੁ ਜਾਨਣੇ ਕੋ, ਸੋ ਤਿਨ ਤੇ ਕਾਰਜ ਵੇਲਾ ਵਖਤੁ ਬੂਝਣ ਕੋ ਨਹੀਂ ਭਯੋ, ਅਰ ਯਹ ਨਹੀਂ ਕਹਯੋ ਕਾਹੇ ਤੇ ? ਨਹੀਂ ਜਾਨਯੋ ਗਯੋ, ਯਾਂਤੇ ਅਨੁਕਤਿ ਨਮਿਤਾ ਵਿਸ਼ੇਸ਼ੋਕਤਿ ਹੋਤ ਹੈ।

## ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥

ਹਿੰਦੂ ਤੁਰਕਨ ਸੋਂ ਕਹਿ ਕਰਿ ਜੋਗੀ, ਜੋ ਸਮਾਧਿ ਜੋਗ ਕਰਿ ਲਗਾਵਤ ਹੈਂ, ਸੋ ਭੀ ਭੂਤ ਭਵਿਖਜ ਕੀ ਬਾਤ ਜਾਨ ਲੇਤ ਹੈਂ, ਤਿਨ ਸੋਂ ਕਹਤ ਹੈਂ: ਸਾਕਾਰ ਹੋਨੋਂ ਬ੍ਰਹਮ ਕੋ ਤਿਸ ਤਿਥਿ ਵਾਰ ਮਾਹੁ ਇਨ ਕੋ ਜੋਗੀ ਭੀ ਨਹੀਂ ਜਾਨਤੇ ਹੈਂ ਸੋ ਕਿਸ ਵਖਤ ਭਯੋ ਹੈ। 'ਨ ਕੋਈ' ਪਦ ਤੇ ਔਰੁ ਸਰਬ ਬੁਧਿਵਾਰੇ ਤੇ ਬਿਦਯਾਵਾਰੇ ਆਦਿ ਜੋ ਕੋਈ ਹੈਂ ਜਗਤ ਮੈਂ ਸੋ ਕੋਈ ਭੀ ਨਹੀਂ ਜਾਨਤੇ ਹੈਂ। ਇਤਨੇ ਕਹਨ ਸੋਂ ਸਿਧ ਕਯਾ ਭਇਓ ? ਜੋ ਜਿਤਨੋਂ ਪਰਮੇਸਰ ਨੇ ਇਨ ਪ੍ਰਾਨੀਅਨ ਕੋ ਲਖਾਯੋ ਹੈ ਤਿਤਨੋਂ ਹੀ ਜਾਨਤ ਹੈਂ, ਪਰਮੇਸਰ ਕੇ

ਬਿਨਾ ਲਖਾਵਨੇ ਤੇ ਇਤਨੀ ਬਾਤ: ਰੁਤਿ ਮਾਂਹ ਆਦਿ ਹੈਂ, ਇਸ ਕੋ ਭੀ ਕੋਈ ਨਹੀਂ ਜਾਨ ਸਕਤ ਹੈ। ਇਤਯਰਥ।

ਇਸ ਤੁਕ ਮੈਂ ਭੀ ਪੂਰਬ ਰੀਤਿ ਸੋਂ ਸਮੁੱਚੇ ਹੈ। ਤਿਥਿ ਵਾਰ ਰੁਤਿ ਮਾਂਹ ਏ ਬਹੁਤ ਬੂਝੈ ਇਨ ਮੈਂ ਤੇ ਏਕ ਬੂਝ ਤੇ ਨਹੀਂ ਜਾਨਣੋ ਸੋ ਭੀ ਸਿਧ ਕਰਤ ਹੈਂ ਯਾਂਤੇ ਸਮੁਚੈ ਅਲੰਕਾਰ।

## ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

ਜਬ ਕਰਤਾ ਪੁਰਖ ਮਾਯਾ ਸਵਲ ਹੋ ਕਰ ਸ੍ਰਿਸ਼ਟਿ ਕੋ ਉਤਪਤਿ ਕਰਤ ਹੈ ਤਿਸ ਵੇਲਾ, ਰੁਤਿ, ਤਿਥਿ, ਮਾਹੁ ਕੋ ਆਪ ਹੀ ਕਰਤਾ ਪੁਰਖ ਜਾਨਤ ਹੈ; ਔਰੁ ਜੋ ਪ੍ਰਾਨੀ ਹੈਂ ਸੋ ਨਹੀਂ ਜਾਨਤੇ ਹੈਂ। ਜੇ ਆਪਿ ਹੀ ਵੇਲਾ ਤੇ ਆਦਿ ਔਰੁ ਲਖਾਵਤੇ ਤੌ ਲਖਤੇ। ਇਤਯਰਥ।

ਇਸ ਤੁਕ ਮੈਂ ਕਰਤਾ ਬਿਸ਼ੇਖ੍ਯ ਸਾਭਿਪ੍ਰਾਯ ਹੈ ਸ੍ਰਿਸ਼ਟਿ ਉਤਪਤਿ ਕੇ ਪ੍ਰਸੰਗ ਮੈਂ, ਯਾਂਤੇ ਪਰਕਰਾਕੁਰ ਅਲੰਕਾਰ ਹੈ। ਔਰ ਸਰਬ ਤੇ ਜਾਨਣੋਂ ਹਟਾਇ ਕਰ ਏਕ ਕਰਤਾ ਪੁਰਖ ਮੈਂ ਰਾਖ੍ਯੋ, ਯਾਂਤੇ ਪ੍ਰਸੰਖ੍ਯਾਲੰਕਾਰ ਹੋ ਜਾਤ ਹੈ।

## ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥

ਜਿਸ ਕੋ ਕਰਤਬ ਨਹੀਂ ਜਾਨ੍ਯੋ ਜਾਇ, ਔਰ ਸਮੇਂ ਰੁਤਿ ਥਿਤ ਵਾਰ ਆਦਿ ਨਹੀਂ ਜਾਨੇ ਜਾਇਂ, ਸ਼ਕਤਿ ਨਹੀਂ ਜਾਨੀ ਜਾਇ, ਤਿਸ ਕੌ ਕਿਸ ਰੀਤਿ 'ਆਖਾ' ਕਹੀਏ ਕਥਨ ਕਰੀਏ; ਜੋ ਐਸੋ ਰੰਗ ਰੂਪ ਹੈ। ਅਰ ਕਿਸ ਰੀਤਿ ਸਾਲਾਹੀਏ, ਉਸਤਤਿ ਕਰੀਏ, ਜੋ ਇਸੁ ਜੈਸਾ ਹੈ; ਤਿਸ ਕੇ ਸਮ ਕੋਈ ਨਹੀਂ ਹੈ। ਔਰ ਕਿਸ ਰੀਤਿ ਬਰਨਨ ਕਰੀਏ ਜੋ ਏਤਾਕੁ ਬਿਸਤਾਰ ਹੈ ਤਿਸ ਕੋ, ਇਤਨੀ ਤਿਸ ਮੈਂ ਸ਼ਕਤਿ ਹੈ, ਕੁਛ ਬਰਨਨ ਮੈਂ ਨਹੀਂ ਆਵਤ ਹੈ। ਅਰੁ ਜਾਣੀਏ ਕਿਸੁ ਰੀਤਿ ਤਿਸ ਕੇ ਕਰਤਬ ਕੋ, ਵਾ ਸਰੂਪ ਕੋ, ਵਾ ਬਲ ਕੋ, ਕੁਛ ਭੀ ਲਖਨ ਮੈਂ ਨਹੀਂ ਆਵਤੁ ਹੈ। ਜਿਸ ਕੋ ਕਿਸੀ ਰੀਤਿ ਸੋਂ ਭੇਦੁ ਨਹੀਂ ਜਾਨ੍ਯੋ ਜਾਇ, ਤੌ ਬਰਨਨ ਮੈਂ ਕੈਸੇ ਆਵਤ ਹੈ। ਮਨ ਬਾਣੀ ਤੇ ਪਰੇ ਹੈ। ਜੇ ਕੋਈ ਕਹੈ ਬੇਦੁ ਅਰ ਬਹੁਤੇ ਗ੍ਰੰਥ ਕਰੇ ਹੈਂ ਰਿਖ਼ੋਂ ਮੁਨੋਂ ਨੇ, ਤਿਸ ਮੇਂ ਪਰਮੇਸੁਰ ਕੋ ਕਰਤਬ, ਸਰੂਪ, ਸ਼ਕਤਿ, ਸਰਬ ਬਰਨਨ ਕਰੇ ਹੈਂ, ਤੁਮ ਕੈਸੇ ਕਹਤ ਹੋ ਜੋ ਨਹੀਂ ਜਾਨ ਸਕੀਤਾ? ਇਸ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਕਹਤ ਹੈਂ:-

## ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: 'ਆਖਣਿ ਸਭੁ ਕੋ ਆਖੈ' ਜੋ ਕੁਛ ਬੇਦ ਮੇਂ ਪ੍ਰਥਮ ਹੀ ਕਰਤਾ ਪੁਰਖ ਨੇ ਕਹ੍ਯੋ ਹੈ ਤਿਸ ਕਹੇ ਹੂਏ ਹੀ ਕੋ ਅਗਾਰੀ ਕਹਤ ਹੈਂ। ਪ੍ਰਥਮ ਦ੍ਵਾਦਸ਼ ਮਹਾਂ ਵਾਕ੍ਯ ਬ੍ਰਹਮਾ ਜੀ ਕੋ ਉਪਦੇਸ਼ਨ ਕਰੇ, ਤਿਸ ਤੇ ਤਿਨ੍ਹੋਂ ਨੇ ਚਾਰ ਬੇਦ ਬਿਸਤਾਰੇ। ਬਹੁਰ ਤਿਨ੍ਹੋਂ ਬੇਦੋਂ ਕੋ ਦੇਖ ਦੇਖ ਰਿਖੋਂ ਮੁਨੋਂ ਨੇ ਸਿਮਰਤੈਂ ਬਨਾਈ। ਬਹੁਰੋ ਤਿਨ ਕੇ ਅਨੁਸਾਰ ਹੀ ਸ਼ਾਸਤ੍ਰ ਅਰ ਪੁਰਾਣ ਔਰ ਹਜ਼ਾਰੋਂ ਹੀ ਗ੍ਰੰਥ ਬਨੇ। ਆਸ਼ੈ ਸਭ ਹੀ ਪਹਿਲੋ ਦੇਖਿ ਬਨਾਵਤੇ ਗਏ ਹੈਂ। ਸਿੱਧਾਂਤ ਇਹ: ਜੋ ਪ੍ਰਥਮ ਪਾਰਬ੍ਰਹਮ ਨੇ ਜੇਤੋ ਕੁਛ ਕਹ੍ਯੋ ਹੈ ਸੋਈ ਅਗਾਰੀ ਗ੍ਰੰਥਨ ਮੈਂ ਕਹਤ ਹੈਂ। ਜੋ ਪੂਰਬ ਹਮ ਕਹਿ ਆਏ ਹੈਂ ਗੁਨ

ਕਲਪਤ੍ਰ ਹੈਂ: ਅਸਤਿ ਆਖਿ ਮਿਲ ਕਰਿ ਓਅੰਕਾਰ ਕਹਜੇ ਹੈ, ਇਸ ਤੇ ਆਦਿ ਅਰੁ ਜੇਤੀ ਪਰਮੇਸ਼ੁਰ ਕੀ ਬਾਰਤਾ ਹੈ ਸੋ ਤਿਸ ਕੀ ਬੁਝਾਈ ਹੋਈ ਬੂਝੀ ਹੈ । ਨਹੀਂ ਤੋ ਤਿਥ ਵਾਰ ਰੁਤਿ ਮਾਹੁ ਨਾਹੀ ਕਹੇ। ਜੇ ਕੋਈ ਬਤਾਵੈ ਜੋ ਇਸ ਮੇਂ ਆਕਾਰ ਬਨਜੇ । ਸੋ ਕਿਸੀ ਨੇ ਭੀ ਨਹੀਂ ਬਤਾਏ, ਯਾਂਤੇ ਪਰਮੇਸ਼ਰ ਕੇ ਆਖੇ ਹੂਏ ਕੋ ਬਿਸਤਾਰ ਆਪਨੀ ਮਤਿ ਅਨੁਸਾਰ ਸਰਬ ਆਖਤੇ ਹੈਂ, 'ਇਕਦੂ ਇਕੁ ਸਿਆਣਾ' ਏਕ ਸਿਆਣੇ ਕੋ ਮਿਲ ਕਰਿ ਜੋ ਅਗਲੇ ਅਨਜਾਨ ਹੈਂ ਸੋ ਸਿਆਣੇ ਬਨਤੇ ਆਵਤੇ ਹੈਂ, ਆਪ ਤੇ ਕਿਸੀ ਮੈਂ ਸ਼ਕਤਿ ਨਹੀਂ ਹੈ ਜੇ ਸਿਆਨੇ ਹੋਇ ਬੈਠੇ, ਇਸ ਰੀਤਿ ਸੋਂ ਪਰੰਪਰਾ ਉਪਦੇਸ਼ ਆਖਣੇ ਔਰ ਗਯਾਨਵਾਨ ਕੋ ਮਿਲ ਕਰਿ ਗਯਾਨਵਾਨ ਹੋਨੇ ਚਲਜੇ ਆਵਤ ਹੈ। ਇਤਯਰਥ।

ਪੂਰਬ ਕੀ ਤੁਕ ਮੈਂ 'ਕਿਵ ਕਿਵ' ਪਦ ਤੇ ਉਭਯਾਬ੍ਰਿਤਦੀਪਕ ਅਲੰਕਾਰ । ਦੂਸਰੀ ਤੁਕ ਮੇਂ ਆਖੇ ਹੂਏ ਕੋ ਸਭੁ ਆਖਤ ਹੈਂ । ਇਸ ਮੇਂ ਐਤਿਹਯ ਅਲੰਕਾਰ ਹੈ।

ਲੱਛਣ-ਪਰੰਪਰਾ ਕਹਿਨਾਵਤਿ ਜੋਈ ।
ਤਿਹ 'ਐਤਿਹਯ' ਕਹਤ ਸਭ ਕੋਈ ।

ਇਹਾਂ ਆਖੇ ਹੂਏ ਕੋ ਸਭ ਆਖਤ ਹੈਂ। ਪ੍ਰਥਮ ਬਕਤਾ ਬ੍ਰਹਮਾਦਿ ਤੇ ਕੋਈ ਨਹੀਂ ਪਾਈਅਤ ਹੈ, ਯਾਂਤੇ ਐਤਿਹਯ। ਵਾ ਦੋਊ ਤੁਕਨ ਮੇਂ ਕਾਵਯਲਿੰਗ। 'ਕਿਵ ਕਰਿ ਆਖਾ ਕਿਵ ਸਾਲਾਹੀ' ਇਸ ਤੁਕ ਕੋ ਅਰਥ ਤੌ ਸਮਰਥਨੀਯ। 'ਨਾਨਕ ਆਖਣਿ ਸਭੁ ਕੋ ਆਖੈ' ਇਸ ਤੁਕ ਮੈਂ ਜੁਗਤਿ ਸੇ ਸਮਰਥਨਿ ਕਰਜੇ; ਜੋ ਆਏ ਹੂਏ ਕੋ ਆਖਤ ਹੈਂ, ਔਰ ਨਵੀਂ ਬਾਤ ਪਰਮੇਸ਼ੁਰ ਕੀ ਕੋਈ ਨਹੀਂ ਜਾਨ ਸਕਤਿ ਹੈ । ਜੇ ਕੋਈ ਜਾਨੈ ਤੌ ਆਖੈ, ਔਰੁ ਸਲਾਹੈ, ਔਰ ਬਰਨਨ ਕਰੈ, ਅਰੁ ਜਾਣੈ। ਐਸੇ ਕਾਵਯਲਿੰਗ ਹੋਤ ਹੈ।

## ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ ॥

ਇਸੀ ਬਾਤ ਤੇ ਵਡਾ ਸਾਹਿਬੁ ਹੈ ਔਰ ਤਿਸ ਤੇ ਸਰਬ ਲਘੁ ਹੈਂ। ਜਿਸ ਕੋ ਰੂਪ ਰੰਗ ਕ੍ਰਿਆ ਕਰਤਬ ਕਛੁ ਕਿਸੀ ਪਾਸ ਤੇ ਨਹੀਂ ਜਾਨਜੇ ਜਾਤਿ ਹੈ, ਬੁਧਿ ਸੋਂ, ਨ ਬਲ ਸੋਂ। 'ਵਡੀ ਨਾਈ' ਵਡਜੇਂ ਨਾਮੋਂ ਕਰਿ ਭੀ ਵਡਾ ਹੈ। ਜਿਸ ਕੇ ਨਾਮ ਕੀ ਸਮਤਾ ਕੋਈ ਨਹੀਂ ਕਰ ਸਕਤਿ ਹੈ। ਪਰਮੇਸ਼ੁਰ ਨਿਰੰਕਾਰ ਸਤਿਚਿਦਾਨੰਦ ਇਸ ਤੇ ਆਦਿ ਜੋ ਨਾਮ ਹੈ ਤਿਨ੍ਹੋਂ ਕਰਿ ਵਡਾ ਹੈ। ਵਾ ਤਿਸੁ ਪਰਮੇਸ਼ੁਰ ਕੋ ਨਾਮੁ ਇਸੁ ਕਰਕੇ ਬਡਾ ਹੈ ਜੋ ਸਤਜ ਨਾਮ ਕੋ ਸਿਮਰਨ ਕਰਤ ਹੈ ਤਿਨ ਕੋ ਸਤਿ ਪਦ ਕੋ ਪਹੁੰਚਾਇ ਦੇਤਿ ਹੈ। ਇਸ ਰੀਤਿ ਸੇ ਅਪਨੇ ਨਾਮੋਂ ਕਰਿ ਬਡਾ ਹੈ। ਬਹੁਰ ਕੈਸਾ ਹੈ ? 'ਕੀਤਾ ਜਾਕਾ ਹੋਵੈ' ਜੜ ਜੰਗਮ ਕੀਟੀ ਅਰ ਬ੍ਰਹਮਾ ਪ੍ਰਯੰਤ ਇਨ ਸਰਬ ਮੈਂ ਜਿਸ ਕੋ ਕਰਜੋ ਹੋਤ ਹੈ । ਤਿਸ ਕੇ ਹੁਕਮ ਤੇ ਬਿਨਾ ਪਤ੍ਰ ਭੀ ਚੰਚਲੁ ਨਹੀਂ ਹੋ ਸਕਤਿ ਹੈ । ਔਰੁ ਕਰਨੇ ਵਾ ਨਹੀਂ ਕਰਨੇ ਤਿਸ ਕੀ ਤੋ ਕਯਾ ਬਾਤ ਹੈ ਜੋ ਪਰਮੇਸ਼ੁਰ ਬਿਨਾ ਹੋਇ ਸਕੈ । ਇਤਯਰਥ।

ਇਸ ਤੁਕ ਮੈਂ 'ਵਡਾ ਸਾਹਿਬੁ' ਤੋ ਹੁਤੋ ਤਿਸ ਕੋ ਬਹੁਰ ਸਿਧ ਕਰਜੇ 'ਵਡੀ ਨਾਈ' ਪਦ ਸੋਂ, ਯਾਂਤੇ ਬਿਧ ਅਲੰਕਾਰ ਹੋਤ ਹੈ। ਲੱਛਨ ਪੂਰਬ ਕਹਿ ਆਏ ਹੈਂ । ਵਾ

'ਵਡਾ ਸਾਹਿਬੁ ਵਡੀ ਨਾਈ' ਇਸ ਅਰਥ ਕੋ ਸਪਸ਼ਟ ਕਰਯੋ 'ਕੀਤਾ ਜਾਕਾ ਹੋਵੈ' ਇਸ ਵਾਕ ਸੋਂ; ਯਾਂਤੇ ਕਾਵ੍ਯਲਿੰਗ ਭੀ ਹੈ।

## ਨਾਨਕ ਜੇਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ ੨੧ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ ਜੋ ਪ੍ਰਾਨੀ ਜਾਨਤੇ ਹੈਂ ਜੋ ਅਮੁਕੋ ਕਾਰਜ ਮੈਨੇ ਕਰਯੋ ਹੈਂ: ਕਿਸੇ ਕੋ ਬਖਸ਼ਯੋ, ਮਾਰਿਓ; ਵਾ ਪਦਾਰਥ ਮੈਨੇ ਬੁਧਿ ਸੋਂ; ਵਾ ਬਡੇ ਬਲ ਸੋ ਰਾਜ ਮੈਂ ਲੀਓ ਇਤ੍ਯਾਦਿ ਔਰ ਸਰਬ ਕਾਰਜ ਹਾਨ ਲਾਭ ਕੇ ਜੋ ਹੈਂ ਆਪਦਾ ਕੇ ਵਾ ਸੰਪਦਾ ਕੇ। ਜੋ ਮਾਨੁਖ ਜੇ 'ਆਪੌ ਜਾਣੈ' ਕਿ ਆਪਨੇ ਆਪ ਤੇ ਜਾਨੈ ਜੋ ਕਰਨਿਵਾਰੇ ਮੈਂ ਹੋ, ਇਹ ਸਰਬ ਕਾਰਜ ਮੇਰੇ ਤੇ ਹੋਤ ਹੈਂ, ਐਸੇ ਜੋ ਪੁਰਖ ਹੈਂ 'ਅਗੈ ਗਇਆ ਨ ਸੋਹੈ'=ਪ੍ਰਲੋਕ ਮੈਂ ਸੋ ਜੌ ਪੁਰਖ ਹੈਂ ਸ਼ੋਭਾ ਕੋ ਨਹੀਂ ਪ੍ਰਾਪਤੁ ਹੋਤ ਹੈਂ। ਪ੍ਰਸ਼ਨ:-ਇਹਾਂ ਪਰਮੇਸ਼ੁਰ ਕੇ ਕਰੇ ਹੂਏ ਕੋ ਜੋ ਨਹੀਂ ਜਾਨਤ ਹੈਂ, ਤਿਨ ਕੋ ਸ਼ੋਭਾ ਨਹੀਂ ਪ੍ਰਾਪਤੁ ਹੋਤ ਹੈ, ਯਹ ਕਿਉਂ ਕਹਯੋ ? ਤਿਨ ਕੋ ਨਰਕ ਜਾਨੋ ਕਿਉਂ ਨ ਲਿਖਯੋ ? ਉੱਤਰ:-ਈਹਾਂ ਸ਼ੁਭ ਕਰਮ ਕਰਨਿਹਾਰੇ ਔ ਕੁਕਰਮ ਕਰਨਿਹਾਰੇ ਸਰਬ ਪਰ ਕਹਿਨ ਹੈ। ਸ਼ੁਭ ਕਰਮ ਕਰਨਹਾਰੇ ਜੋ ਹੈਂ ਸੋ ਨਰਕ ਤੋ ਨਹੀਂ ਜਾਤੇ ਹੈਂ, ਪ੍ਰੰਤੂ ਪਰਮੇਸ਼ੁਰ ਕੋ ਕਰਯੋ ਜੋ ਜਾਨਤ ਹੈਂ ਸੰਤ, ਸੋ ਸਮੇਤ ਸ਼ੋਭਾ ਕੇ ਜਾਤ ਹੈਂ, ਔਰ ਸ਼ੁਭ ਕਰਮ ਜੇ ਕਰਤ ਹੈਂ, ਸ਼ੋਭਾ ਤਿਨ ਕੀ ਨਹੀਂ ਹੋਤ ਹੈ। ਕਿਤਨੇ ਸਥਾਨ ਮੈਂ ਤਿਨ ਕੋ ਨਿਰਾਦਰੁ ਹੋ ਜਾਤ ਹੈ, ਜੈਸੇ ਬਡੇ ਸ਼ਾਹੁ ਹੈਂ। ਜਹਾਂ ਜਗਾਤ ਲਾਗਤਿ ਹੈ ਤਹਾਂ ਅਟਕੇ ਜਾਤ ਹੈਂ। ਜਗਾਤੀਓਂ ਕੇ ਅਧੀਨ ਹੋਕਰਿ ਛੁਟਤ ਹੈਂ, ਐਸੇ ਸ਼ੋਭਾ ਨਹੀਂ ਪਾਵਤੁ ਹੈਂ। ਜੋ ਪਰਮੇਸ਼ੁਰ ਕੋ ਕਰਯੋ ਜਾਨਤ ਹੈਂ ਸੰਤ, ਸੋ ਐਸੇ ਜਾਤ ਹੈਂ ਜੈਸੇ ਪਾਤਿਸ਼ਾਹ ਕੋ ਖਜ਼ਾਨਚੀ ਜਾਤਿ ਹੈਂ। ਤਿਸ ਕੋ ਜਗਾਤੀਏ ਭੀ ਭੇਟ ਦੇ ਮਿਲਤ ਹੈਂ, ਸੋ ਸ਼ੋਭਾ ਕੇ ਸੰਯੁਕਤਿ ਜਾਤੇ ਹੈਂ ਦਰਬਾਰ ਮੇਂ। ਜੋ ਸ਼ੁਭ ਕਰਮੀਂ ਹੈ ਆਪਨੇ ਕਰਮ ਕੋ ਸੁਖ ਭੋਗ ਬਹੁਰ ਆਵਾਗੌਨ ਮੈਂ ਪਰਤ ਹੈਂ। ਇਤ੍ਯਰਥ।

ਇਸ ਤੁਕ ਮੈਂ ਬਿਕਸ੍ਵਰ ਅਲੰਕਾਰ ਹੈ।

ਲੱਛਣ-ਜਹਿ ਬਿਸ਼ੇਖ ਪਦ ਪਰ ਸਾਮਾਨ੍ਯ।
ਬਹੁਰ ਬਿਸ਼ੇਖ ਸੁ ਪਦ ਕੋ ਆਨ੍ਯ।
ਇਸ ਬਿਧਿ ਤੀਨ ਸੁਪਦ ਜਹਿਂ ਆਵਹਿ।
'ਬਿਕਸ੍ਵਰ' ਸੋ ਸੰਤੋਖ ਸਿੰਘ ਗਾਵਹਿ।

'ਵਡਾ ਸਾਹਿਬ ਵਡੀ ਨਾਈ ਕੀਤਾ ਜਾਕਾ ਹੋਵੈ' ਯਹ ਬਿਸ਼ੇਖ ਪਦ। ਜੋ ਲੋਕ ਬਾਤ ਥੋਰੀ ਜਾਨਤ ਹੋਇ ਸੋ ਵਿਸ਼ੇਖ ਪਰਮੇਸ਼ੁਰ ਲੇਨ ਦੇਨ, ਮਾਰਨ ਜੀਵਾਵਨਹਾਰ ਹੈ ਇਸ ਬਾਤ ਕੋ ਸੰਤ ਹੀ ਜਾਨਤ ਹੈ ਔਰ ਨਹੀਂ ਜਾਨਤ, ਯਾਂਤੇ ਬਿਸ਼ੇਖ। 'ਨਾਨਕ ਜੇਕੋ ਆਪੌ ਜਾਣੈ, ਯਹ ਵਾਕ੍ਯ ਸਾਮਾਨ੍ਯ। ਜੋ ਅਪਨੇ ਆਪ ਕੋ ਹੀ ਸਰਬ ਜਾਨਤ ਹੈ: ਮੈਂ ਅਮੁਕੋ ਆਛੋ ਕਰਮ ਕਰਯੋ, ਅਮੁਕੋ ਮੈਂ ਪ੍ਰਤਿਪਾਰ੍ਯੋ, ਅਮਕੋ ਮੈਨੇ ਮਾਰ੍ਯੋ, ਯਹ ਸਭ ਕਹਤ ਹੈ, ਯਾਂਤੇ ਸਾਮਾਨ੍ਯ। 'ਆਗੈ ਗਇਆ ਨ ਸੋਹੈ, ਯਹ ਵਾਕ ਬਹੁਰੋ ਬਿਸ਼ੇਖ। ਜੋ

ਹਮ ਅਪਨੇ ਆਪਕੋ ਦੇਨਹਾਰੋ ਮਾਨਤ ਹੈਂ, ਅਗਾਰੀ ਹਮ ਸ਼ੋਭਾ ਸਹਤ ਹੋਹਿੰਗੇ ਕਿ ਨਹੀਂ ਹੋਹਿੰਗੇ, ਯਹ ਕੋਈ ਜਾਨਤ ਹੈ, ਯਾਂਤੇ ਬਿਸ਼ੇਖ। ਇਸ ਰੀਤਿ ਸੋਂ ਬਿਕਸ੍ਵਰ ਅਲੰਕਾਰ ਹੋਤ ਹੈ।

[ਬਾਈਵੀਂ ਪੌੜੀ]

ਅਬ ਅਗਾਰੀ ਜੋ ਕਥਤ ਹੈਂ ਹਿੰਦੂ ਔ ਤੁਰਕ: ਸਪਤ ਅਕਾਸ਼ ਹੈਂ, ਸਪਤ ਪਤਾਲ ਹੈਂ, ਇਤਨੋ ਹੀ ਕਰਤਬ ਮੇਂ ਪਰਮੇਸ਼ੁਰ ਕੋ ਅੰਤ ਜਾਨਤ ਹੈਂ ਤਿਨ੍ਹੋਂ ਪ੍ਰਤਿ ਕਹਤ ਹੈਂ:-

## ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

ਪਰਮੇਸ਼ੁਰ ਇਸ ਰੀਤਿ ਸੋ ਭੀ ਬਅੰਤ ਹੈ। ਪਾਤਾਲੋਂ ਕੇ ਪਰੇ ਪਾਤਾਲ ਭੀ ਲਾਖੋਂ ਹੈਂ, ਆਕਾਸ਼ੋਂ ਕੇ ਊਪਰ ਆਕਾਸ਼ ਭੀ ਲਾਖੋਂ ਹੈਂ। ਲਾਖ ਜੋ ਪਦ ਹੈ ਸੋ ਦੇਹੁਰੀ ਦੀਪਕ ਹੈ, ਦੋਊ ਤਰਫ ਲਗਜੋ। ਇਤਯਰਥ।

ਇਸ ਤੁਕ ਮੇਂ ਪਾਤਾਲ ਆਕਾਸ਼ ਦੋ ਦੋ ਬੇਰ ਆਵਨ ਤੇ ਬੀਪਸਾਲੰਕਾਰ ਹੈ।

ਜੇ ਕੋਈ ਕਹੈ ਲਾਖ ਹੀ ਹੈ ਤੌ ਭੀ ਅੰਤ ਆਯੋ! ਤਿਹ ਪਰ ਕਹਤ ਹੈਂ।

## ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

ਲਾਖ ਤੇ ਭੀ ਪਰੇ ਜੇ ਓੜਕਿ 'ਅੰਤ' ਦੇਖਯੋ ਚਾਹੈ ਤੌ ਭੀ ਅੰਤ ਨਹੀਂ ਹੈ। 'ਭਾਲਿ' ਕਹੀਏ ਖੋਜਿ ਖੋਜਿ ਕੈ ਥਕਿ ਪਰੇ ਹੈਂ ਅਨੇਕ ਹੀ ਸ਼ਕਤਿ ਵਾਰੇ, ਪਰੇ ਤੇ ਪਰੇ ਬਅੰਤ ਹੀ ਹੈ। ਇਹ ਬਾਕਯ ਕੇਵਲ ਕਹਿਨ ਪਰ ਹੀ ਨਹੀਂ ਹੈ, ਸ੍ਰੀ ਨਾਨਕ ਸਾਹਿਬ ਨੇ ਬਗਦਾਦ ਕੇ ਪੀਰ ਕੋ ਦਿਖਾਏ ਭੀ ਹੈਂ। ਹਮਾਰੋ ਕੀਓ ਸ੍ਰੀ ਨਾਨਕ ਪ੍ਰਕਾਸ਼ ਗ੍ਰਿੰਥ ਹੈ, ਤਿਸ ਮੇਂ ਸਰਬ ਕਥਾ ਹੈ ਬਿਸਥਾਰ ਸੋਂ, ਈਹਾਂ ਸੰਖੇਪ ਸੇ ਕਹਤ ਹੈ;-ਏਕ ਸਮੇਂ ਬਗਦਾਦਿ ਗਏ, ਤਹਾਂ ਇਹ ਤੁਕ ਪਢੀ, ਸੋ ਸੁਣਿਕੈ ਦਸਤਗੀਰ ਨੇ ਸੰਗਸਾਰ ਕਰਬੇ ਕੋ ਹੁਕਮ, ਸ਼ਹਿਰ ਮੇਂ ਜਿਤਨੇ ਤੁਰਕ ਥੇ, ਤਿਨ ਕੋ ਦੀਓ। ਜਬ ਸਰਬ ਤੁਰਕ ਆਏ, ਗੁਰੂ ਜੀ ਕੇ ਚਾਰੋਂ ਓਰ, ਏਕ ਏਕ ਪਾਹਨ ਹਾਥ ਮੇਂ ਲੀਓ, ਜਬ ਮਾਰਬੇ ਕੋ ਲਗੇ ਤਬ ਹੁੰਕਾਰ ਗੁਰੂ ਜੀ ਨੇ ਕਹਯੋ, ਤਿਸ ਤੇ ਸਭੁ ਕੀ ਬਾਂਹੈ ਊਪਰ ਕੋ ਕਾਸ਼ਟ ਕੇ ਸਮ ਕਰ ਦਈ ਹੈਂ। ਤਰੇ ਕੋ ਉਤਰੈਂ ਨਹੀਂ। ਐਸੀ ਕਰਾਮਾਤ ਦੇਖੀ ਪੀਰ ਨੇ ਆਨ ਬੂਝੇ: ਤੁਮ ਕੁਫਰ ਕਿਉਂ ਕਹਤ ਹੋ? ਚੌਦਾਂ ਲੋਕ ਸਰਬ ਕਹੇ ਹੈਂ, ਚੌਦਾਂ ਹੀ ਤਬਕ ਕੁਰਾਨ ਮੇਂ ਲਿਖੇ ਹੈਂ? ਗੁਰੂ ਜੀ ਨੇ ਕਹਯੋ: ਜੇਤੀ ਜਿਸ ਕੋ ਖ਼ਬਰ ਹੈ ਤੇਤੋ ਹੀ ਬਤਾਵਤ ਹੈ। ਕੁਰਾਨ ਕੇ ਕਰਨਹਾਰੇ ਕੋ ਚੌਦਹਿ ਕੀ ਸੁਧਿ ਹੈ, ਹਮ ਕੋ ਲਾਖੋਂ ਕੀ ਹੈ, ਕੁਫਰ ਨਹੀਂ ਬੋਲਤੇ ਹੈਂ। ਸੁਨਿਕੇ ਤਿਸਨੇ ਮਾਨੇ ਨਹੀਂ। ਕਹਿਨ ਲਗਯੋ: ਜੋ ਤੁਮ ਕੋ ਸੁਧ ਹੈ ਤੌ ਹਮ ਕੋ ਦਿਖਾਇ ਦੇਹੁ! ਤਬ ਸ੍ਰੀ ਨਾਨਕ ਜੀ ਨੇ ਤਿਸ ਕੇ ਪੁਤ੍ਰ ਕੀ ਬਾਂਹ ਪਕਰਿਕੈ ਕਹਯੋ: ਨੇਤ੍ਰ ਮੂੰਦ ਲੇਹੁ। ਤਿਸਿ ਛਿਨ ਮੈਂ ਲਾਖ ਹੀ ਪਾਤਾਲ ਅਰ ਲਾਖ ਹੀ ਅਕਾਸ਼ ਤਿਸ ਕੋ ਦਿਖਾਏ ਹੈਂ। ਏਕ ਏਕ ਬਰਖ ਅਕਾਸ਼ ਮੇਂ ਅਰ ਪਾਤਾਲ ਮੇਂ ਬਿਤਾਯੋ, ਜਬ ਅਸੰਖ ਹੀ ਬਰਖ ਬੀਤ ਗਏ ਤਬ ਥਕਿ ਪਰਯੋ, ਕਹਨੇ ਲਗਯੋ; ਮੁਝ ਕੋ ਮੇਰੇ ਪਿਤਾ ਪਾਸ ਪਹੁੰਚਾਈਏ, ਤਬ ਤਹਾਂ ਸੋ ਆਏ।

ਅਪਨੇ ਪਿਤਾ ਕੋ ਕਹਿਨ ਲਾਗਜੋ: ਏਹ ਤੋ ਖ਼ੁਦਾਇ ਕੋ ਸਰੂਪ ਹੈ, ਅਸੰਖ ਹੀ ਬਰਖ ਬੀਤ ਗਏ ਹੈਂ ਮੁਝ ਕੋ ਅਕਾਸ਼ ਪਤਾਲ ਦੇਖਤੇ, ਤੁਮ ਕਹਤ ਹੋ ਏਕ ਮਹੂਰਤ ਭਯੋ। ਇਨ ਕੋ ਅੰਤੁ ਨਹੀਂ ਜਾਨਜੋ ਜਾਤ ਹੈ, ਇਨ ਸੋਂ ਬੰਦਗੀ[1] ਹੀ ਬਨਤ ਹੈ। ਐਸੇ ਤਹਾਂ ਲਾਖ ਪਾਤਾਲ ਅਕਾਸ਼ ਪੀਰ ਕੋ ਦਿਖਾਏ ਹੈਂ, ਤੋ ਭੀ ਓੜਕੁ ਅੰਤੁ ਨਹੀਂ ਜਾਨਜੋ। 'ਵੇਦ ਕਹਨਿ ਇਕ ਵਾਤ' ਬੇਦ ਕਹਤੇ ਹੈਂ ਏਕ ਬਾਤ, ਏਕ ਵਾਕ-ਓਅੰਕਾਰ। ਏਕ ਵਾਕਜ 'ਓਅੰਕਾਰ ਓਅੰਕਾਰ' ਕਹਨ ਮੇਂ ਏਤੋ ਹੋਤ ਭਯੋ; ਸੋ ਏਕ ਵਾਕ ਕੋ ਭੀ ਅੰਤ ਨਹੀਂ ਪਾਯੋ ਜਾਤ ਹੈ। ਵਾ 'ਵੇਦ ਕਹਨਿ ਇਕ ਵਾਤ'=ਵਾਤ ਨਾਮ ਪੌਨ ਕੋ, ਏਤੋ ਜੋ ਬਿਸਥਾਰ ਹੈ ਸੋ ਏਕ ਬ੍ਰਹਮ ਹੀ ਹੈ। ਜੈਸੇ ਪੌਨ ਏਕ ਹੀ ਹੈ ਤਿਸ ਕੇ ਨਾਮ ਅਨੇਕ ਹੈਂ: ਪਰਵਾ, ਪਛਵਾ, ਅੰਧੇਰੀ, ਬਘੂਰਾ[2] ਇਤਜਾਦੀ। ਸੋ ਏਕ ਪੌਨ ਹੀ ਹੈ, ਇਹ ਨਾਮ ਲੋਕੋਂ ਨੇ ਭ੍ਰਮ ਕਰਿ ਕਲਪ ਲੀਏ ਹੈਂ। ਤਿਸੀ ਰੀਤਿ ਬ੍ਰਹਮ ਮੈਂ ਪਾਤਾਲ ਆਕਾਸ਼ ਕਲਪ ਰਾਖੇ ਹੈਂ, ਜਿਸ ਕੋ ਅੰਤ ਨਹੀਂ ਹੈ। ਵਾ 'ਵੇਦ ਕਹਨਿ ਇਕ ਵਾਤ' ਕਜਾ ? ਬਿਅੰਤ ਹੈ, ਬਿਅੰਤ ਹੈ, ਇਹੀ ਏਕ ਬਾਤ ਕਹਤ ਹੈਂ। ਵਾ 'ਵੇਦ' ਨਾਮ ਜਾਨਣੇ ਕੋ, ਜੋ 'ਓੜਕ' ਖੋਜਿ ਭਾਲਿ ਥਕੇ, ਬਹੁਰ ਜਾਨਿਕੇ ਬਿਅੰਤ ਕਹਤ ਹੈਂ। ਇਤਜਰਥ।

ਓੜਕ ਓੜਕ ਪਦ ਮੈਂ ਬੀਪਸਾ, ਔਰ ਦੋਊ ਤੁਕਨ ਮੈਂ ਬਿਸ਼ੇਖੋਕਤਿ ਅਲੰਕਾਰ ਹੈ। ਅੰਤਿ ਖੋਜਨਵਾਰੇ ਕਾਰਨ, ਅੰਤਿ ਖੋਜਨੋ ਕਾਰਜ ਨਹੀਂ ਭਯੋ।

## ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥

ਹਿੰਦੂਓਂ ਕੇ ਪੁਰਾਣੋਂ ਮੇਂ ਚੁਰਾਸੀ ਲਾਖ ਜੋਨਿ ਲਿਖਤ ਹੈਂ, ਤੁਰਕਨ ਕੇ ਅਠਾਰਹ ਹਜ਼ਾਰ ਆਲਮ ਕਤੇਬਨ ਮੇਂ ਲਿਖਤ ਹੈਂ; ਤਿਨ ਪ੍ਰਤਿ ਸਾਹਿਬੁ ਜੀ ਕਹਤ ਹੈਂ: 'ਅਸੁਲੂ' ਕਾ ਅਸਲੂ ਪਾਠ ਹੈ: ਅਸੁਲੋ ਨਾਮ ਲੋਕੋਂ ਕੀ ਕਹਿਨਾਵਤ ਮੇਂ ਵਾਸਤਵ ਕੋ ਹੈ। ਵਾਸਤਵ ਜੋ ਬਿਚਾਰੀਏ ਇਕ ਧਾਤ ਹੈ, ਕਿਆ ? ਇਕ ਮਾਯਾ ਕੀ ਬਚਿਤ੍ਰਤਾ ਸਰਬ ਹੈ; ਇਕੁ ਮਾਯਾ ਹੀ ਸਰਬ ਰੂਪ ਹੋ ਰਹੀ ਹੈ। ਵਾ 'ਇਕੁ ਧਾਤੁ', ਕੰਚਨ ਆਦਿ ਜੋ ਧਾਤ ਹੈਂ ਤਿਨ ਤੇ ਅਨੇਕ ਭੂਖਨ ਬਨਤ ਹੈਂ, ਨਾਮ ਰੂਪ ਕਲਪਤਿ ਹੋ ਜਾਤ ਹੈ, ਵਾਸਤਵ ਜੋ ਬੀਚਾਰੀਏ ਸੂਰਨ ਰੂਪ ਹੀ ਸਰਬ ਹੈ; ਔਰ ਜੋ ਕਲਪੇ ਹੈਂ ਸਰਬ ਮਿਥਜਾ ਹੈਂ। ਤੈਸੇ ਹੀ ਏਕ ਬ੍ਰਹਮ ਮੇਂ ਅਨੇਕ ਹੀ ਜੂਨਿ ਕਲਪਤ ਹੈਂ, ਵਾਸਤਵ ਜੋ ਬੀਚਾਰੀਏ ਏਕ ਬ੍ਰਹਮ ਹੀ ਹੈ, ਕਲਪਤਿ ਤਿਸ ਮੈਂ ਸਰਬ ਮਿਥਿਆ ਹੈ। ਜੈਸੇ ਏਕ ਰੱਸੀ ਮੇਂ ਭੁਜੰਗ, ਫੂਲ ਮਾਲ, ਭੂਮ ਦਰਾਰ ਆਦਿ ਕਲਪਤਿ ਮਿਥਜਾ ਹੈਂ, ਵਾਸਤਵ ਕੋ ਏਕ ਰੱਸੀ ਹੀ ਹੈ। ਸੋ ਰੱਸੀ ਕਛੁ ਭੀ ਨਹੀਂ ਬਨੀ ਅਰ ਜੋ ਕਲਪੇ ਹੈਂ ਤਿਸ ਮੇਂ ਤਿਨ ਕੋ ਭੀ ਰੱਸੀ ਆਸਰੋ ਹੈ ਸਰਬ ਕੋ ਸਈ ਜਨਾਵਤ ਹੈ। ਇਤਜਰਥ।

ਇਸ ਤੁਕ ਮੇਂ ਦ੍ਰਿਸ਼ਟਾਂਤਾਲੰਕਾਰ ਹੈ।

ਲੱਛਣ-ਬਿੰਬ ਪ੍ਰਤਿਬਿੰਬ ਵਾਕਜ ਦੁਹ ਮਾਂਹੀ।
ਉਪਮੇਯ ਉਪਮਾ ਦ੍ਵੈ ਜਾਂਹੀ।

---

੧. ਨਮਸਕਾਰ। ਮੱਥਾ ਟੇਕਣਾ। ੨. ਪੁਰੇ ਦੀ ਹਵਾ, ਪੱਛਮ ਦੀ ਹਵਾ, ਅੰਨ੍ਹੇਰੀ ਤੇ ਵਾ-ਵਰੋਲਾ।

ਧਰਮ ਜੁਦੋ ਦੋਊਨ ਕੋ ਆਹੀ।
ਲਖਹੁ ਦ੍ਰਿਸ਼ਟਾਂਤ ਨਾਮ ਹਹਿ ਤਾਹੀ।

ਇਸ ਤੁਕ ਮੈਂ ਅਠਾਰਹ ਹਜ਼ਾਰ ਜੂਨਿ ਜੋ ਕਹਤ ਹੈਂ ਸੋ ਵਾਸਤਵ ਕੋ ਏਕ ਬ੍ਰਹਮ ਹੀ ਹੈ; ਜੂਨਿ ਕੋ ਅਰੁ ਬ੍ਰਹਮ ਕੋ ਅਧਜਾਹਾਰ ਹੈ। ਇਹ ਤੌ ਵਾਕ ਉਪਮੇਯ ਦ੍ਰਾਸ਼ਟਾਂਤ ਭਯੋ, 'ਅਸੁਲੂ ਇਕੁ ਧਾਤੁ' ਜੈਸੇ ਭੂਖਨ ਸਰਬ, ਭੂਖਨ ਕੋ ਭੀ ਅਧਜਾਹਾਰ, ਵਾਸਤਵ ਸੋਂ ਸਰਬ ਕੰਚਨ ਹੀ ਹੈ, ਇਹ ਵਾਕਯ ਉਪਮਾ ਦ੍ਰਿਸ਼ਟਾਂਤ। ਧਰਮ ਜੁਦੋ ਜੁਦੋ ਹੈ ਧਾਤ ਕੋ ਔ ਬ੍ਰਹਮ ਕੋ, ਯਾਂਤੇ ਦ੍ਰਿਸ਼ਟਾਂਤਾਲੰਕਾਰ ਹੈ। ਪੂਰਬ ਕੀ ਤੁਕ ਮੈਂ ਜੋ ਪੌਨ ਕੋ ਅਰਥ ਕਰਿਓ ਹੈ ਤਿਸ ਮੇਂ ਭੀ ਦ੍ਰਿਸ਼ਟਾਂਤਾਲੰਕਾਰ ਹੈ।

ਇਸ ਪਉੜੀ ਕੀ ਜੋ ਤੀਨ ਤੁਕ ਆਈ ਹੈਂ ਅਖਰਾਰਥ ਤੋ ਤਿਨ ਕੋ ਕਹਿ ਦੀਓ ਹੈ ਅਰ ਸਰਬ ਕੋ ਬਿਅੰਗ ਇਹ: ਅਗਜਾਨ ਪ੍ਰਮਾਣ ਕਰਿ ਬਚਿਤ੍ਰਤਾ ਕੋ ਅੰਤਿ ਲੀਓ ਚਾਹੈ ਤੌ ਕਯੋਂਹੂ ਨਹੀਂ ਆਵਤ ਹੈ। ਜੋ ਗਜਾਨ ਦ੍ਰਿਸ਼ਟਿ ਕਰਿ ਦੇਖੀਏ ਤਬ ਏਕ ਬ੍ਰਹਮ ਬਿਨਾ ਕੁਛ ਭੀ ਨਹੀਂ ਭਾਸਤ ਹੈ। ਇਸੀ ਬਯੰਗ ਤੇ ਧੁਨਿ ਭੀ ਹੋਤ ਹੈ। ਜਿਸ ਬਯੰਗ ਮੇਂ ਚਮਤਕਾਰ ਨਿਕਸੇ, ਤਾਂ ਕੋ ਨਾਮ ਧੁਨਿ ਹੋਇ ਜਾਤ ਹੈ। ਇਸ ਮੇਂ ਚਮਤਕਾਰ ਇਹੁ: ਜੋ ਮੁਮੋਖੀ ਕੋ ਉਪਦੇਸ਼ ਨਿਕਸਤ ਹੈ। ਸਰਬ ਨਾਨੱਤ੍ਵ ਦ੍ਰਿਸ਼ਟਿ ਕੋ ਤਿਆਗੇ, ਸਰਬ ਮੈਂ ਬ੍ਰਹਮ ਰੂਪ ਏਕ ਕਰਿ ਜਾਣੇ। ਇਸੀ ਮੇਂ ਆਵਾਗੌਨ ਤੇ ਬਚਤ ਹੈ। ਅਗਾਰੀ ਇਸੀ ਬਾਤ ਕੋ ਬਹੁਰ ਪ੍ਰਤਿਪਾਦਨ ਕਰਤ ਹੈਂ :-

## ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥

ਜੋ ਤਿਸ ਕੋ ਲੇਖਾ ਲਿਖਬੇ ਮੇਂ ਆਵੈ ਤੌ ਲਿਖੇਂ। ਸੋ ਕਿਸੀ ਤਰ੍ਹਾਂ ਸੋਂ ਲੇਖਾ ਨਹੀਂ ਹੋ ਸਕਤ ਹੈ ਤਿਸ ਕੇ ਕਰਤਤੁ ਕੋ, ਕਿੰਵਾ ਤਿਸ ਕੇ ਸਰੂਪ ਕੋ, ਕਿੰਵਾ ਤਿਸ ਕੇ ਬਲ ਕੋ, ਵਾ ਸੌਂਦਰਜ ਕੋ, ਵਾ ਤਿਸ ਕੀ ਦਾਤ ਕੋ; ਇਨ ਤੇ ਆਦਿ ਔਰ ਜੇਤੀ ਕਿਛ ਵਸਤੂ ਹੈਂ ਪ੍ਰਮਾਣ ਗੋਚਰੀ ਸੋ ਕਯੋਂਹੂ ਨਹੀਂ ਤਿਨ ਕੋ ਅਤ ਆਵਤ ਹੈ। ਜੋ ਲੇਖਾ ਲਿਖਬੇ ਮੇਂ ਆਵੇ ਤੌ ਲਿਖੀਏ। ਸੋ ਤੌ ਮਨ ਬਾਣੀ ਕਾ ਪਰਾ ਹੈ। ਤਿਸ ਕੋ ਕੈਸੇ ਲਖਿਕੈ ਲਿਖਿ ਸਕੈ, ਜੋ ਲੇਖੇ ਮੈਂ ਆਵੈਗੋ ਸੋ ਤੋ ਅਨਿਤ ਹੋ ਜਾਇਗੋ; ਪਰਮੇਸ਼ੁਰ ਨਿਤ ਹੈ। ਇਤਯਰਥ।

ਇਸ ਤੁਕ ਮੇਂ ਲਾਟਾਨੁਪ੍ਰਾਸ ਅਲੰਕਾਰ ਹੈ, 'ਲੇਖਾ ਹੋਇ' ਪਦਨ ਕੇ ਦੋ ਬੇਰ ਆਵਨ ਤੇ, ਭਾਉ ਭਿੰਨ ਹੈ। ਲੇਖਾ ਹੋਤਾ ਤੌ ਲਿਖਤੇ, ਜੇ ਲੇਖਾ ਹੋਤਾ ਤੌ ਅਨਿਤਯ ਹੋ ਜਾਤੋ। ਯੇ ਭਾਵ ਭਿੰਨ ਹੈ।

ਅਬ ਅਗਾਰੀ ਇਸ ਕਥਨ ਕੋ ਸਮਾਪਤ ਕਰਤੇ ਹੁਏ ਕਹਿਤ ਹੈਂ:-

## ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

ਸ੍ਰੀ ਨਾਨਕ ਜੀ ਕਹਿਤ ਹੈਂ:-ਸੋ ਜੋ ਪਰਮੇਸ਼ੁਰ ਹੈ ਤਿਸ ਕੋ ਵਡਾ ਆਖੀਦਾ ਹੈ, ਪ੍ਰੰਤੂ ਜਾਨਤੇ ਕੋਈ ਨਹੀਂ ਜੋ ਏਤੋ ਬਡੋ ਹੈ; ਕਹਿ ਦੇਤੇ ਹੈਂ ਸਰਬ ਹੀ ਪਰਮੇਸ਼ੁਰ ਵਡੋ ਹੈ। ਏਕ ਤੇ ਸੁਣਿਕੈ ਦੂਸਰੋ ਕਹਿ ਦੇਤ ਹੈ ਜੋ ਬਡੋ ਹੈ। ਔਰ ਅਸਥਾਨ ਮੇਂ ਭੀ ਗੁਰੂ

ਜੀ ਨੇ ਐਸੋ ਕਹਿਓ ਹੈ। ਪ੍ਰਮਾਣ :-

ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
[ਆਸਾ ਮਹਲਾ ੧

ਇਸੀ ਹੇਤ ਤੇ ਸਾਹਿਬ ਜੀ ਕਹਤ ਹੈਂ:-ਪਰਮਾਤਮਾ ਅਪਨੇ ਆਪ ਕੋ ਆਪ ਹੀ ਜਾਣਤਾ ਹੈ, ਜੋ ਮੈਂ ਏਤੋ ਹੋਂ। ਇਸ ਕਹਨ ਮੇਂ ਸਰਬ ਰੀਤਿ ਸੋਂ ਬਡੋ ਲਖਨੋ ਕਰਤਤ ਆਦਿ ਜੋ ਪੂਰਬ ਗਿਨੇ ਹੈਂ, ਇਨ ਤੇ ਆਦਿ ਔਰ ਜੇਤੀ ਬਹੁਲਤਾ ਹੈ, ਸੋ ਆਪ ਕੋ ਆਪ ਹੀ ਜਾਨਤ ਹੈ। ਔਰ ਕਿਸੀ ਮੇਂ ਸ਼ਕਤਿ ਨਹੀਂ ਹੈ ਲਖਨੇ ਕੀ। ਕਿੰਵਾ ਔਰ ਅਰਥ: ਵਡਾ ਸਰਬ ਮੈਂ ਸੋਈ ਕਹੀਅਤ ਹੈ, ਜੋ ਆਪ ਜਲ ਤਿਸ ਕੇ ਤਰੰਗ ਕੋ ਭੀ ਆਪ ਜਲ ਹੀ ਜਾਨੈ। ਸੋ ਵਡਾ ਕੌਨ ? ਗਯਾਨੀ। ਇਤ੍ਯਰਥ।

ਇਸ ਤੁਕ ਮੈਂ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ 'ਅਕਾਰ' ਅਨੇਕ ਵਾਰੀ ਆਵਨ ਤੇ। ਕਿੰਵਾ ਪ੍ਰਸੰਖਯਾਲੰਕਾਰ ਹੈ। ਈਹਾਂ ਔਰਨ ਤੇ ਜਾਨਣੋ ਹਟਾਇ ਕਰਿ ਏਕ ਈਸ਼੍ਵਰ ਮੈਂ ਠਹਿਰਾਯੋ, ਯਾਂਤੇ ਪ੍ਰਸੰਖਯਾ ਹੈ।

[ਤੇਈਵੀਂ ਪਉੜੀ]

ਅਬ ਅਗਾਰੀ ਜੇ ਕੋਈ ਬੂਝਨ ਕਰੇ: ਇਸ ਜੀਵ ਕੀ ਕਲਿਆਨ ਕੈਸੇ ਹੈ ? ਅਰ ਗਿਆਨ ਕੀ ਪ੍ਰਾਪਤੀ ਕੈਸੇ ਹੈ ? ਤਿਸੀ ਪਰਿਪਾਟੀ ਕੋ ਫੇਰ ਕਹਿਤੇ ਹੈਂ:-

## ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥

ਸਾਲਾਹੀ ਜੋ ਪਰਮੇਸ਼ਰ ਕੇ ਹੈਂ, ਤਿਨ ਕੋ ਸਾਲਾਹ। ਜਿਨ ਸੋਂ ਪਾਤਿਸ਼ਾਹ ਤੇ ਆਦਿ ਏਕਾਕੀ ਹੋਇ ਕਰਿ ਸਾਲਾਹ, ਕਿਆ ? ਮਸਲਤ ਕਰਤ ਹੈ, ਸੋ ਸਲਾਹੀ ਕਹਾਵਤ ਹੈਂ। ਤੈਸੇ ਹੀ ਪਰਮੇਸੁਰ ਕੇ ਸਾਲਾਹੀ ਕੌਨ ? ਸੰਤ। ਜਿਨ ਸੋਂ ਹਰ ਵਖਤ ਹੀ ਪਰਮੇਸੁਰ ਮਿਲਯੋ ਰਹਿਤ ਹੈ, ਤਿਨ ਸੰਤੋਂ ਕੀ ਸਾਲਾਹ, ਕਿਆ ? ਉਸਤੁਤਿ ਸਦੀਵ ਹੀ ਕਰਤਾ ਰਹੁ। ਕਿੰਵਾ ਤਿਨ ਸੰਤੋਂ ਕੀ ਸਾਲਾਹਿ, ਕਿਆ ? ਤਿਨ ਕੋ ਮੰਤ੍ਰ ਗ੍ਰਹਣ ਕਰਿ। ਕਿੰਵਾ ਸਾਲਾਹੀ ਕਹੀਏ ਪਰਮੇਸਰ ਕੀ ਸਿਫਤੀ ਕੋ ਸੰਬੂਹ, ਤਿਸ ਕੀ ਸਾਲਾਹੁਤਾ ਕਰਤਿ ਰਹੁ, ਉਸਤੁਤਿ ਕੋ ਆਛੀ ਮਾਨਤ ਰਹੁ। ਕਿੰਵਾ ਪਰਮੇਸਰ ਕੇ ਨਾਮ ਲੇ ਕਰਿ ਸਾਲਾਹੁਤਾ ਹੀ ਸਾਲਾਹੁਤਾ ਰਹੁ; ਕਦਾਚਿਤ ਭੀ ਤਿਸ ਕੋ ਤਿਆਗਨਾ ਨਹੀਂ। ਜੇਕਰ ਸਿਖ ਬੂਝੈ: ਕਬ ਤੀਕ ਸਾਲਾਹੋ ? ਤਿਸ ਪਰ ਕਹਤ ਹੈਂ:-'ਏਤੀ ਸੁਰਤਿ ਨ ਪਾਈਆ'। ਇਕਾਰ ਕੋ ਯਕਾਰ ਬਨਤ ਹੈ। ਜੈਸੇ 'ਨੈਨ' ਹੈਂ ਨਕਾਰ ਮੇਂ ਇਕਾਰ ਹੈ। ਤਿਸ ਕੋ 'ਨਯਨ' ਕਹਿਤ ਹੈਂ। ਇਕਾਰ ਜੋ ਨਕਾਰ ਕੇ ਊਪਰ ਕੀ ਸੋ ਯਕਾਰ ਹੋ ਗਈ ਹੈ। ਤਿਸ ਯਕਾਰ ਕੋ ਜਕਾਰ ਬਨਤ ਹੈ। ਜੈਸੇ 'ਯਗਯ' ਕੋ 'ਜਗਯ' ਕਹਿਤ ਹੈਂ। 'ਜੋਧਾ' ਕੋ ਯੋਧਾ' ਕਹਿਤ ਹੈਂ। ਯਕਾਰ ਜਕਾਰ ਸਵਰਣੀ ਹੈਂ। ਯਿਹ ਤੋ ਬਹੁਤ ਅਸਥਾਨੋਂ ਮੇਂ ਪ੍ਰਸਿਧ ਹੈ। ਤੈਸੇ ਇਹਾਂ **ਇਕਾਰ ਤੇ ਜਕਾਰ ਕੋ ਅਰਥ ਗੁਰੂ ਜੀ ਕਹਿਤ ਹੈਂ। ਤਬਲੌ ਸਾਲਾਹਿ।** 'ਜੇਤੀ' ਕਹੀਏ **ਜਦ ਤੀਕ ਸੁਰਤ ਨ ਪਾਈਆ:** ਜਬ ਲੌ 'ਸੁਰਤ' ਕਹੀਏ, ਹੇ ਸਿਖ ! 'ਸੋਝੀ' ਤੇਰੀ ਬ੍ਰਹਮ **ਰੂਪ ਨਾ ਹੋਇ, ਜਬ ਲੌ ਬ੍ਰਿਤੀ ਬ੍ਰਹਮ ਰੂਪ ਨਾ ਹੋਇ, ਤਬ ਲੌ** ਸਾਲਾਹੁਤਾ ਰਹੁ ; ਸਬੂਲ

ਲਿੰਗ ਕਾਰਨ ਤੀਨ ਦੇਹ ਕੀ ਹੰਗਤਾ ਜਬ ਲੌ ਨਹੀਂ ਮਿਟੇ, ਜਾਗ੍ਰਤ ਸੁਪਨ ਸੁਖੋਪਤ ਇਨ ਤੀਨ ਅਵਸਥਾ ਕੋ ਛੋਰ ਕਰਿ ਜਬ ਲੌ ਤੁਰੀਆ ਕੌ ਪ੍ਰਾਪਤ ਬ੍ਰਿਤਿ ਨ ਹੋਇ । ਪ੍ਰਸ਼ਨ:- ਈਹਾਂ ਜਬ ਲੌ ਏਕ ਰੂਪ 'ਅਹੰ ਬ੍ਰਹਮਾਸਮੀ' ਕਹਿਨ ਉਚਿਤ ਨਾ ਹੋਇ, ਤਬ ਲੌ 'ਸਤਿਨਾਮੁ' ਸਿਮਰੇ; ਏਹੁ ਬਾਤ ਕੈਸੇ ਬਨਤ ਹੈ ? ਸੁਭ ਕਰਮ ਕੇ ਪੁੰਜ ਤੇ ਤੋ ਅੰਤਹਿ-ਕਰਣ ਸੁਧ ਹੋਤਾ ਹੈ, ਨਾਮ ਸਿਮਰਣ ਤੇ ਚਿਤ ਥਿਰਤਾ ਕੋ ਪਾਵਤ ਹੈ, ਤਿਸ ਤੇ ਉਪਰੰਤ ਗਿਆਨ ਕਹਿਓ ਹੈ ਸਰਬ ਗ੍ਰੰਥਨ ਮੈਂ । ਸ਼੍ਰਵਣ ਮਨਨ ਨਿਦਧਜਾਸਨ ਸਾਖਜਾਤਕਾਰ । ਤੁਮ ਕਹਿਤੇ ਹੋ ਸਾਖਜਾਤਕਾਰ ਲੌ ਸਿਮਰਨ ਕਰੇ ? ਇਤਜਾਸ਼ੰਕਾ । ਉੱਤਰ:-ਜੌਨਸੇ ਗ੍ਰਿੰਥ ਮੈਂ ਪਖਜ ਕੀ ਬਾਤ ਨਹੀਂ ਹੈ, ਕੇਵਲ ਪ੍ਰਾਨੀ ਕੋ ਕਲਜਾਨ ਕਹਤ ਹੈਂ, ਤਿਨ੍ਹੋਂ ਕੀ ਰੀਤਿ ਐਸੇ ਹੀ ਹੈ ਜੈਸੇ ਗੁਰੂ ਜੀ ਨੇ ਕਥਜੋ ਹੈ । ਸ਼ੁਭ ਕਰਮ ਕਰਣ ਤੇ ਆਦਿ ਸ਼੍ਰਵਣ ਮਨਨ ਨਿਦਧਜਾਸਨ ਕੇ ਅੰਤ ਲੌ, ਸਾਖਜਾਤਕਾਰ ਕੇ ਹੋਵਤ ਲੌ, ਨਾਮ ਕੋ ਸਿਮਰਨ ਕਦਾਚਿਤ ਭੀ ਨਹੀਂ ਤਜਾਗੇ । ਜਬ ਲੌ ਗਜਾਨ ਪ੍ਰਪੱਕ ਨਹੀਂ ਹੋਤਾ ਤਬ ਲੌ ਅਨੇਕ ਬਿਘਨ ਹੈਂ, ਤਿਨ੍ਹੋਂ ਕਰਿ ਮਾਰਯੋ ਜਾਤ ਹੈ ਬਿਨਾ ਸਹਾਇਤਾ ਤੇ, ਯਾਂਤੇ ਸਤਿਨਾਮੁ ਸਹਾਇਕ ਹੈ, ਸਰਬ ਤੇ ਬਚਾਵਤ ਹੈ, ਬਿਘਨ ਨਹੀਂ ਹੋਨ ਦੇਤੇ । ਇਸ ਪਰ ਦ੍ਰਿਸ਼ਟਾਂਤ ਹੈ: ਜੈਸੇ ਏਕ ਜੋਧਾ ਰਥੀ ਹੋਤ ਹੈ, ਜੋ ਏਕ ਸੰਗ ਏਕਲੋ ਜੁੱਧ ਕਰੈ ਸੋ ਰਥੀ । ਏਕ ਮਹਾਂ ਰਥੀ ਹੋਤਾ ਹੈ, ਜੋ ਦਸ ਹਜ਼ਾਰ ਕੇ ਸੰਗ ਜੁੱਧ ਕਰੇ ਏਕਲੋ ਹੀ ਸੋ ਮਹਾਂ ਰਥੀ । ਤੀਸਰੋ ਅਤਿ ਰਥੀ, ਜੈਸੇ ਕ੍ਰਿਸ਼ਨ ਜੀ ਬਿਨਾ ਸਹਾਇਤਾ ਤੇ ਅਸੰਖ ਹੀ ਜੋਧਯੋਂ ਕੇ ਸੰਗ ਜੁੱਧ ਕਰਤੇ ਰਹੇ ਹੈਂ । ਤੈਸੇ ਰਥੀ ਕੇ ਸਥਾਨ ਸ਼੍ਰਵਨ ਗਜਾਨ ਹੈ, ਸੋ ਭੀ ਸਤਿਨਾਮ ਕੇ ਸਿਮਰਨ ਕੀ ਸਹਾਇਤਾ ਚਾਹਤ ਹੈ । ਅਗਜਾਨ ਕੀ ਅਨੇਕ ਜੋ ਸੈਨਾ ਹੈ ਤਿਸ ਕੋ ਏਕਲੋ ਨਹੀਂ ਜੀਤ ਸਕਤ ਹੈ । ਅਗਾਰੀ ਮਨਨ ਔ ਨਿਦਧਜਾਸਨ, ਇਹ ਮਹਾਂ ਰਥੀ ਜੈਸੇਂ ਹੈਂ, ਇਹ ਭੀ ਸਹਾਇਤਾ ਚਾਹਤ ਹੈਂ, ਬਿਨਾ ਸਹਾਇਤਾ ਕੇ ਅਗਯਾਨ ਕੋ ਨਹੀਂ ਜੀਤ ਸਕਤ ਹੈਂ । ਅਰ ਜਬ ਨਿਦਧਜਾਸਨ ਅਭਜਾਸ ਗਜਾਨ ਦੁਆਰਾ ਸਾਖਜਾਤਕਾਰ ਭਯੋ ਤਬ ਤਿਸ ਅਤ ਰਥੀ ਰੂਪ ਬ੍ਰਹਮ ਗਜਾਨ ਕੋ ਕਿਸੀ ਕੀ ਸਹਾਇਤਾ ਨਹੀਂ ਚਾਹੀਤੀ। ਸੋਈ ਬਿਧਿ ਸਤਿਗੁਰ ਅਪਨੀ ਬਾਨੀ ਮੇਂ ਕਥਤ ਹੈਂ। ਇਸ ਮੇਂ ਸ਼ੰਕਾ ਨਹੀਂ ਬਨਤ ਹੈ। ਪੂਰਬ ਭੀ ਸਾਖਜਾਤਕਾਰ ਕੀ ਜੋ ਤੁਕ ਕਹੀ ਹੈ: 'ਤਤੰ ਮਸੀ' ਉਪਦੇਸ਼ ਪਰਿ, ਤਿਸ ਤੇ ਪੂਰਬ ਨਿਕਟ ਹੀ ਕਹਿਤੇ ਆਏ ਹੈਂ: 'ਜੋ ਤੁਧੁ ਭਾਵੈ ਸਾਈ ਭਲੀ ਕਾਰ'। ਨਿਦਧਜਾਸਨ ਤੇ ਪਿਛਾਰੀ ਸਾਖਜਾਤਕਾਰ ਕੇ ਪੂਰਬ ਐਸੇ ਜਾਣੀਏ, ਯਾਂਤੇ ਮੁਮੱਖੀ ਤਬ ਲੌ ਸਤਿਨਾਮ ਸਿਮਰੇ, ਜਬ ਲੌ ਸੁਰਤਿ, ਕਿਆ ? ਬ੍ਰਿਤਿ ਬ੍ਰਹਮਾਕਾਰ ਨਹੀਂ ਹੋਵੈ। ਕੈਸੇ ਨਹੀਂ ਹੋਵੈ ? ਤਿਸ ਪਰ ਅਗਾਰੀ ਦ੍ਰਿਸ਼ਟਾਂਤ ਕਹਤ ਹੈਂ :-

## ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਜੈਸੇ ਨਦੀ 'ਅਤੇ' ਕਹੀਐ 'ਔਰ' ਵਾਹੇ ਪਰਿਕੇ ਸਮੁੰਦਰ ਮੈਂ ਸਮੁੰਦਰ ਰੂਪ ਨਹੀਂ ਹੋਇ, ਐਸੇ ਜਬ ਲੌ ਨਹੀਂ ਹੋਇ, ਤਬ ਲੌ ਸਾਲਾਹੇ । ਪ੍ਰਸ਼ਨ:-ਇਹਾਂ ਨਦੀ ਔਰ ਵਾਹ

ਦੋ ਕੈਸੇ ਕਹਨੇ ਬਨਤ ਹੈਂ ? ਜੀਵ ਕੀ ਬ੍ਰਿਤੀ ਤੋਂ ਏਕ ਹੈ, ਅਗਾਰੀ ਸਮੁੰਦਰ ਰੂਪ ਬ੍ਰਹਮ ਸੇ ਏਕ ਹੈ, 'ਨਦੀ' ਕਹਿਤੇ ਤੋਂ ਭੀ ਅਰਥ ਬਨਤ ਹੈ, 'ਵਾਹ' ਕਹਿਤੇ ਤੋਂ ਭੀ ਬਨਤ ਹੈ, ਇਹਾਂ ਨਦੀ ਅਰ ਵਾਹੇ ਦੋ ਕਹਿਨੇ ਦ੍ਰਿਸ਼ਟਾਂਤ ਮੇਂ ਅਸਮੰਜਸ[1] ਹੋਤ ਹੈ। ਇਤਯਾਸ਼ੰਕਾ। ਉੱਤਰ:-ਈਹਾਂ ਭੀ ਸਾਹਿਬ ਜੀ ਨੇ ਤੀਨ ਪਦ ਕੋ ਪ੍ਰਯੋਗ ਕਰਯੋ ਹੈ। ਜੈਸੇ ਤਤ੍ਵਮਸੀ ਕੇ ਤੀਨ ਪਦ ਹੈਂ। ਨਦੀ ਬਡੀ ਹੋਤ ਹੈ ਗੰਗਾ ਜਮਨਾ ਆਦਿ, ਵਾਹੜੇ ਛੋਟੇ ਹੋਤ ਹੈ। 'ਆ' ਜੋ ਨਦੀ ਪਦ ਤੇ ਅਗਾਰੀ ਹੈ ਤਿਸ ਕੋ ਅਰਥ 'ਆਇਕੈ ਪਵਹਿ' ਜੋ ਦੋਊ ਸਮੁੰਦਰ ਰੂਪ ਹੋ ਜਾਤ ਹੈਂ। ਨਦੀ ਤੋਂ ਈਸ਼ੁਰ ਸਰਬਗਯ ਸਮਸ਼ਟਤਾ ਕੋ ਅਭਿਮਾਨੀ, ਜੋ ਵਾਹੜੇ ਲਘੁ ਹੈ ਜੀਵ ਅਲਪਗਯ ਬਯਸ਼ਟਤਾਕੋ ਅਭਿਮਾਨੀ, ਜਬ ਲੋਂ ਇਨਦੋਊਨ ਕੀ ਏਕਤਾ, ਸਮੁੰਦਰ ਰੂਪ ਜੋ ਬ੍ਰਹਮ ਹੈ, ਤਿਸ ਕੇ ਬਿਖੇ ਨਹੀਂ ਹੋਇ, ਤਬ ਲੋਂ ਸਤਿਨਾਮ ਕੋ ਸਿਮਰੇ। ਇਤਯਰਥ।

'ਸਾਲਾਹੀ ਸਾਲਾਹਿ' ਮੇ ਯਮਕ ਅਲੰਕਾਰ ਹੈ। ਸਾਲਾਹੀ=ਸੰਤ, ਸਾਲਾਹਿ=ਉਸਤੁਤਿ, ਅਰਥ ਦੋ ਭਏ, ਪਦੁ ਏਕ ਹੀ ਰਹਯੋ। ਵਾ ਵੀਪਸਾਲੰਕਾਰ ਹੈ ਦੋ ਬੇਰ ਮੇਂ। ਸਾਲਾਹੀ ਬਿਸ਼ੇਖਨ ਸੰਤ ਸਭਿਪ੍ਰਾਯ ਕੇ ਹੈ, ਯਾਂਤੇ ਪਰਕਰ ਅਲੰਕਾਰ ਹੈ। ਅਗਾਰੀ ਦੋਊ ਤੁਕਨ ਮੈਂ ਦ੍ਰਿਸ਼ਟਾਂਤਾਲੰਕਾਰ ਹੈ, ਲੱਛਣ ਪੂਰਬ ਕਹਿ ਆਏ ਹੈਂ। ਬੁਧਿ ਬਲ ਸੋ ਤਿਸੀ ਰੀਤਿ ਸਮਝਨੋ। ਜੀਵ ਈਸ਼ਰ ਬ੍ਰਹਮ ਇਹ ਤੋ ਦਾਸ਼ਟਾਂਤ, ਨਦੀ ਵਾਹ ਸਮੁੰਦ੍ਰ ਦ੍ਰਿਸ਼ਟਾਂਤ ਹੈ।

ਆਗੇ ਜਬ ਸਾਖਯਾਤਕਾਰ ਭਯੋ ਬਹੁਰੋ ਗਯਾਨਵਾਨ ਕੋ ਅਨੁਭਵ ਕਹਤ ਹੈਂ:-

## ਸਮੁੰਦ ਸਾਹ ਸੁਲਤਾਨ

ਜਬ ਬ੍ਰਹਮਾਕਾਰ ਬ੍ਰਿਤਿ ਭਈ, ਤਬ 'ਅਹੰਬ੍ਰਹਮਾਸਮੀ' ਗਯਾਨਵਾਨ ਕਹੇ। ਜੈਸੇ ਨਦੀ ਔਰ ਵਾਹੇ ਸਮੁੰਦਰ ਰੂਪ ਹੋਇ ਰਹਤ ਹੈਂ, ਆਪਨੇ ਆਪ ਕੋ ਸਮੁੰਦਰ ਹੀ ਮਾਨਤ ਹੈਂ। ਕੈਸੇ ਹੈ ਸਮੁੰਦਰ ? ਸ਼ਾਹ ਸੁਲਤਾਨ ਹੈ। ਪਾਤਿਸ਼ਾਹੋਂ ਕਾ ਪਾਤਿਸ਼ਾਹ ਹੈ। ਲਘੁ ਨਦੀਓਂ ਕੇ ਪਾਤਿਸ਼ਾਹ ਬਡੇ ਨਦ ਹੈਂ, ਤਿਨ ਕੋ ਪਾਤਿਸ਼ਾਹ ਸਮੁੰਦਰ ਹੈ। ਬ੍ਰਹਮ ਗਯਾਨੀ ਬ੍ਰਹਮ ਹੀ ਬਨਿ ਜਾਤ ਹੈ, ਕੈਸੇ ਬ੍ਰਹਮੁ ਹੈ ? ਪਾਤਿਸ਼ਾਹੋਂ ਕਾ ਪਾਤਿਸ਼ਾਹ ਹੈ। ਜਗਤ ਪਤਿ ਬ੍ਰਹਮਾ ਬਿਸ਼ਨੁ ਸ਼ਿਵ ਹੈਂ, ਤਿਨ ਕੋ ਭੀ ਸੱਤਾ ਦੇਨਹਾਰੋ 'ਬ੍ਰਹਮ' ਹੀ ਹੈ, ਸਚਿਦਾਨੰਦ। ਇਤਯਰਥ।

'ਸਮੁੰਦ ਸਾਹ ਸੁਲਤਾਨ' ਇਨ ਅਖਰਨਿ ਮੈਂ ਸਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੋਤ ਹੈ। ਔਰ ਮੀਲਤ ਅਲੰਕਾਰ ਭੀ ਹੋਤ ਹੈ।

ਲੱਛਣ-ਦੋਇ ਵਸਤੁ ਮਿਲਿ ਭੇਦ ਨ ਫੁਰੈ।
'ਮੀਲਤ' ਅਲੰਕਾਰ ਸੋ ਉਚਰੈ।

ਈਹਾਂ ਜੀਵ ਬ੍ਰਹਮੁ ਕੀ ਏਕਤਾ ਮੇਂ ਭੇਦ ਨਹੀਂ ਫੁਰੈ। ਨਦੀ ਵਾਹੜੇ ਤੇ ਸਮੁੰਦਰ ਮੈਂ ਭੇਦੁ ਨਹੀਂ ਫੁਰੈ; ਯਾਂਤੇ ਮੀਲਤ। 'ਸਮੁੰਦ ਸਾਹ ਸੁਲਤਾਨ' ਇਤਨੇ ਅਖਯਰੋਂ ਮੈਂ ਰੂਪਕਾਤਿਸ਼ਯੋਕਤਿ ਅਲੰਕਾਰ ਭੀ ਹੋਤ ਹੈ। ਉਪਮੇਯ 'ਬ੍ਰਹਮ' ਊਪਰਿ ਤੇ ਜਾਨਯੋ ਜਾਤਿ,

---

੧. ਅਯੋਗ।

ਉਪਮਾਨ 'ਸਮੁੰਦ' ਪਾਠ ਮੇਂ ਹੈ। ਜਬ ਐਸੇ ਬ੍ਰਹਮ ਗਜ਼ਾਨ ਪ੍ਰਪੱਕ ਭਯੋ ਤਿਸ ਬ੍ਰਹਮ ਗਜ਼ਾਨੀ ਕੀ ਨਿਰਲੇਪਤਾ ਬਰਨਨ ਕਰਤ ਹੈਂ:-

## ਗਿਰਹਾ ਸੇਤੀ ਮਾਲੁ ਧਨੁ ॥
## ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰੈ ॥ ੨੩ ॥

ਜਿਸ ਕੋ ਭਯੋ ਬ੍ਰਹਮ ਗਜ਼ਾਨ ਬਹੁਰ ਬ੍ਰਹਮ ਗਜ਼ਾਨੀ 'ਗਿਰਹਾ ਸੇਤੀ'=ਘਰਿਨ ਕੇ ਸਮੇਤਿ ਭੀ ਹੈ। 'ਗਿਰਹਾ' ਪਦ ਤੇ ਬਹੁਤ ਘਰ: ਸਾਹੁਰੇ ਘਰ, ਭਾਈ ਬੰਧਪ ਔਰ ਸਰਬ ਸਨਬੰਧੀ ਕੇ ਘਰ, ਕਹੀਏ ਇਨ ਕੇ ਬਿਵਹਾਰ ਸਮੇਤ ਭੀ ਹੈ। ਵਾ 'ਗਿਰਹਾ' ਨਾਮ ਇਸਤ੍ਰੀ ਕੋ ਭੀ ਹੈ, ਜੈਸੇ: ਮਹਲਾ, ਹਰਮਾ, ਏਹ ਨਾਮ ਦੋਊ ਹੈਂ; ਤੈਸੇ ਗਿਰਹਾ ਭੀ ਇਸਤ੍ਰੀ ਕੋ ਨਾਮ ਹੋਤ ਹੈ, ਸੋਈ ਅਰਥ ਮਹਲਾ ਹਰਮਾ 'ਗਿਰਹਾ' ਕੋ ਹੋਤ ਹੈ। ਜੋ ਕੋਈ ਕਹੈ ਔਰ ਇਸਤ੍ਰੀ ਨਾਮ ਕਜੋਂ ਨਹੀਂ ਕਹਜੋ ? ਤਿਸ ਕੋ ਉੱਤਰ ਇਸ ਨਾਮ ਤੇ ਗ੍ਰਿਹ ਕੋ ਭੀ ਨਾਮ ਆਯੋ, ਇਸੀ ਹੇਤ ਤੇ ਗਿਰਹਾ ਨਾਮ ਧਰਜੋ, ਦੋਊ ਕੋ ਅਰਥ ਬਨਤ ਹੈ। ਗ੍ਰਿਹ ਭੀ ਅਰੁ ਗਿਰਹਾ ਇਸਤ੍ਰੀ ਭੀ। ਏਕ ਐਸੇ ਭੀ ਹੈਂ ਅਗਸਤ ਆਦਿ ਜੋ ਇਸਤ੍ਰੀ ਬਨ ਮੈਂ ਹੀ ਰਾਖਤ ਹੈਂ, ਤਹਾਂ ਬ੍ਰਹਮ ਗਜ਼ਾਨ ਪਾਇ ਰਹਤ ਹੈਂ, ਸੋ ਨਹੀਂ ਹੈਂ, ਘਰ ਕੇ ਬਿਖੇ ਭੀ ਹੈਂ, ਇਸਤ੍ਰੀ ਭੀ ਸੰਗ ਹੈ, ਸੋਈ ਬ੍ਰਹਮ ਗਜ਼ਾਨੀ; ਵਹਿਰ ਕੇ ਬੇਸ ਮੈਂ ਵਾ ਬਿਵਹਾਰ ਮੈਂ ਬੈਰਾਗੀ ਆਦਿ ਨਹੀਂ ਭੀ ਬਨਜੋ। ਗ੍ਰਿਹ ਅਰੁ ਇਸਤ੍ਰੀ ਕੇ 'ਸੇਤੀ' ਕਹੀਏ ਸਮੇਤ ਭੀ ਹੈ। ਮਾਲ ਘੋਰਾ ਗਊ ਮਹਿਖੀ ਆਦਿ ਸੋ ਭੀ ਪਾਸ ਰਾਖਤ ਹੈਂ। ਧਨ ਦਰਬ ਭੀ ਲਾਖਨ ਤੇ ਆਦਿ ਪਾਸ ਹੈ, ਸਭ ਬਿਵਹਾਰ ਜੈਸੇ ਅਗਜ਼ਾਨੀ ਬਰਤਤ ਹੈ ਤੈਸੇ ਹੀ ਬ੍ਰਹਮ ਗਜ਼ਾਨਵਾਰੇ ਭੀ ਕਰਮ ਕਰਤ ਹੈ, ਪ੍ਰੰਤੂ 'ਕੀੜੀ ਤੁਲਿ ਨ ਹੋਵਨੀ' ਕੀੜੀ ਕੋ ਅਰਥ ਜਹਿਤੀ ਲਛਨਾ ਸੋਂ 'ਥੋਰੇ', ਜੈਸੇ ਪੂਰਬ ਕਹਿ ਆਏ ਹੈਂ 'ਜੇ ਕੋ ਪਾਵੈ ਤਿਲ ਕਾ ਮਾਨੁ' ਤਿਲ ਕਾ ਕਜਾ ? ਤਿਲ ਕੋ ਮਾਨ ਥੋਰੇ ਪਾਵਤ ਹੈ, ਯਾਂਤੇ ਜਹਿਤੀ ਲਛਨਾ ਸੋਂ 'ਥੋਰੇ' ਕੋ ਅਰਥ। ਤੈਸੇ ਹੀ ਕੀਟੀ ਜੋ ਛੋਟੀ ਹੈ ਤਿਸ ਤੇ ਥੋਰੇ ਕੋ ਅਰਥ ਕਹਤ ਹੈਂ। ਰੰਚ, ਤਿਲੁ, ਕੀਟੀ ਇਤਜ਼ਾਦੀ ਪਦ ਕੋ 'ਥੋਰੇ' ਕੋ ਅਰਥ। ਜਹਿਤੀ ਲਛਨਾ ਕੋ ਲੱਛਣ:-

ਤੁਕ ਕੇ ਬਿਖੇ ਜੋਇ ਪਦ ਹੋਇ।
ਅਰਥ ਕਰਤ ਸੋ ਦੀਜੈ ਖੋਇ।
ਔਰ ਅਰਥ ਜਹਿਂ ਮੁਖਤਾ ਪਾਵੈ।
'ਜਹਿਤੀ ਲਖਨਾ' ਸੋਇ ਕਹਾਵੈ।

ਇਸੀ ਤੇ ਕੀੜੀ ਕੋ ਅਰਥ ਥੋਰੇ, ਬੰਧਨ ਕੋ ਅਧਜ਼ਾਹਾਰ, ਥੋਰੇ ਭੀ ਬੰਧਨ ਬੁਰੇ ਭਲੇ ਕਰਮ ਕੋ, ਬਹੁਰ ਬ੍ਰਹਮ ਗਜ਼ਾਨੀ ਕੋ ਨਹੀਂ ਹੋਤ ਹੈ। ਪ੍ਰੰਤੂ 'ਜੇ ਤਿਸੁ ਮਨਹੁ ਨ ਵੀਸਰਹਿ' ਜੋ ਨਿਦਧਜ਼ਾਸਨੁ ਅਭਜ਼ਾਸ ਦ੍ਵਾਰਾ ਬ੍ਰਿਤੀ ਬ੍ਰਹਮਾਕਾਰ ਭਈ ਹੈ, ਸੋਈ ਰਹੇ। ਕਜਾ ? ਤਿਸ ਤੇ ਬ੍ਰਿਤਿ ਗਿਰੈ ਨਹੀਂ, ਸਿਥਿਤ ਰਹੇ। ਜੇ ਕੋਈ ਪ੍ਰਸ਼ਨ ਕਰੇ: ਅਗਜ਼ਾਨੀ ਕੇ ਤੁੱਲ ਹੀ ਕਰਮ ਕਰਤ ਹੈ ਗਜ਼ਾਨੀ, ਤਿਸ ਕੋ ਕਰਮ ਕਾ ਬੰਧਨ ਕਜੋਂ ਨਹੀਂ ਹੋਤ ਹੈ ?

ਅਗ੍ਯਾਨੀ ਕੋ ਬੰਧਨ ਕੈਸੇ ਕਰਤ ਹੈ ? ਇਸ ਉੱਤਰ ਕੋ ਭੀ ਸੰਖੇਪ ਤੇ ਕਹਤ ਹੈਂ। ਕਰਮ ਜੋ ਹੈਂ ਸੋ ਤੀਨ ਪ੍ਰਕਾਰ ਕੇ ਹੈਂ। ਏਕ ਸੰਚਿਤ, ਦੂਸਰੇ ਪ੍ਰਾਰਬਧ, ਤੀਸਰੇ ਕ੍ਰਿਯਮਾਣ। ਏਹ ਤੀਨੋਂ ਕਰਮ ਰੂਪੀ ਜੋ ਬਾਣ ਹੈਂ, ਅੰਤਹਕਰਣ ਰੂਪੀ ਜੋ ਤਰਕਸ਼ ਹੈ ਤਿਸ ਕੇ ਬਿਖੇ ਰਹਣਹਾਰੇ ਹੈਂ । ਸੋ ਅੰਤਹਕਰਣ ਭੀ ਕੈਸੋ ਹੈ ? ਜੋ ਚੇਤੰਨ ਆਤਮਾ ਕੀ ਛਾਯਾ ਪ੍ਰਤਿਬਿੰਬ ਕਰਿ ਯੁਕਤਿ ਹੈ, ਅਰੁ ਅਗ੍ਯਾਨ ਅੰਸ਼ ਕਰਿ ਯੁਕਤਿ ਹੈ । ਤਿਸ ਅੰਤਹਕਰਣ ਮੇਂ ਕਰਮ ਰੂਪੀ ਬੀਜ ਰਹਤ ਹੈ । ਆਪ ਤੌ ਅੰਤਹਕਰਣ ਜੜ ਹੈ, ਬਿਨਾ ਚੇਤਨ ਕੀ ਸੱਤਾ ਕਰਮ ਧਾਰਨ ਕੋ ਸਮਰਥ ਹੈ, ਜਬ ਚੇਤਨ ਕੀ ਛਾਯਾ ਕਰਿ ਯੁਕਤਿ ਹੋਇ ਹੈ ਤਬ ਕਰਮ ਬੀਜ ਧਾਰਣੇ ਕੋ ਸਮਰਥ ਹੈ । ਅਰੁ ਮਨ ਜੋ ਹੈ ਅੰਤਹਕਰਣ ਜਬ ਅਗ੍ਯਾਨ ਕਰਿ ਜੁਕਤਿ ਹੋਤਾ ਹੈ ਤਬ ਕਰਮ ਕੇ ਧਾਰਣੇ ਕੋ ਸਮਰਥ ਹੈ । ਜੇ ਅਗ੍ਯਾਨ ਜੁਕਤਿ ਨਹੀਂ ਹੋਵੈ, ਤਬ ਭੀ ਕਰਮੋਂ ਕੋ ਨਹੀਂ ਧਾਰ ਸਕਤਾ । ਅੰਤਹਕਰਣ ਅਰੁ ਆਤਮਾ, ਚੇਤਨ ਅਰੁ ਅਗ੍ਯਾਨ ਇਨ ਕੋ ਦ੍ਰਿਸ਼ਟਾਂਤ ਪੂਰਬਕ ਕਹਤ ਹੈਂ, ਜਿਸ ਤੇ ਨਿਰਸੰਦੇਹ ਹੋਇ ਸੁਨਨਿਵਾਰੋ । ਅੰਤਹਕਰਣ ਤੋ ਏਕ ਸਤੋਗੁਣ ਰੂਪ ਮ੍ਰਿਤਕਾ ਕੋ ਪਿੰਡ ਮਾਤ੍ਰ ਹੈ, ਆਤਮਾ ਚੇਤਨ ਰੂਪ ਅਕਾਸ਼ ਹੈ ਅਰੁ ਅਗ੍ਯਾਨ ਰੂਪ ਜਲ ਹੈ, ਜਬ ਮ੍ਰਿਤਕਾ ਪਿੰਡ ਜਲ ਕਰਿ ਘਟ ਰੂਪ ਹੋਤਾ ਹੈ, ਅਕਾਸ਼ ਕੋ ਅੰਤਰ ਲੀਏ ਹੂਏ, ਤਬ ਕਰਮ ਰੂਪ ਅਨਾਜ ਆਦਿ ਕੇ ਧਾਰਨ ਕੋ ਸਮਰਥ ਹੋਇ ਹੈ । ਕੇਵਲ ਅਕਾਸ਼ ਪਦਾਰਥ ਕੋ ਨਹੀਂ ਧਾਰ ਸਕਤੇ, ਅਰੁ ਕਵਲ ਮ੍ਰਿਤਕਾ ਪਿੰਡ ਭੀ ਨਹੀਂ ਧਾਰ ਸਕਤੇ; ਜਬ ਤੀਨੋਂ ਕੋ ਸੰਜੋਗ ਹੋਤ ਹੈ ਤਬ ਪਦਾਰਥ ਕੇ ਧਾਰਨ ਕੋ ਸਮਰਥ ਹੋਤੇ ਹੈਂ । ਤਿਸੀ ਪ੍ਰਕਾਰ ਕੇਵਲ ਆਤਮਾ ਭੀ ਕਰਮੋਂ ਕੋ ਨਹੀਂ ਧਾਰ ਸਕਤੋ, ਅੰਤਹਕਰਣ ਭੀ ਇਕੱਲੇ ਨਹੀਂ ਧਾਰਤੇ, ਅਰੁ ਕੇਵਲ ਅਗ੍ਯਾਨ ਭੀ ਨਹੀਂ ਧਾਰਤੋ; ਜਬ ਤੀਨੋਂ ਇਕਤ੍ਰ ਹੋਤ ਹੈਂ ਤਬ ਕਰਮੋਂ ਕੇ ਧਾਰਣ ਕੋ ਸਮਰਥ ਹੋਤ ਹੈਂ । ਸੋ ਇਹ ਕਰਮ ਰੂਪੀ ਬਾਣ ਅੰਤਹਕਰਣ ਤਰਕਸ਼ ਬਿਖੇ ਸਥਿਤ ਹੈਂ, ਜੈਸੇ ਬਾਨ ਕਮਾਨ ਕੇ ਗੁਨ ਤੇ ਛੁਟਿ ਕਰਿ ਚਲਾ ਹੈ ਸੋ ਤੋ ਆਪਨੇ ਬੇਗ ਕਰਕੇ ਹੀ ਗਿਰੇਗਾ; ਇਸ ਕੋ ਨਾਮ ਹੈ 'ਪ੍ਰਾਰਬਧ' । ਅਰੁ ਜੋ ਤਰਕਸ਼ ਮੇਂ ਹੈ ਬਾਣ, ਤਿਸ ਕੋ ਨਾਮ 'ਸੰਚਿਤ' ਹੈ । ਅਰੁ ਜੋ ਬਾਣ ਚਿੱਲੇ ਕਮਾਨ ਕੇ ਸਾਥ ਜੋਰਜੇ ਹੈ, ਤਿਸ ਕੋ ਨਾਮ 'ਕ੍ਰਿਯਮਾਨ' ਹੈ । ਜਿਨ੍ਹੋਂ ਕਰਮੋਂ ਕੇ ਸਰੀਰ ਦੀਓ ਹੈ ਸੋ ਤੋ ਪ੍ਰਾਰਬਧ । ਜੋ ਅਨੇਕ ਜਨਮ ਕੇ ਇਕਤ੍ਰ ਕੀਏ ਹੂਏ ਹੈਂ ਸੋ ਸੰਚਿਤ । ਜੋ ਬਰਤਮਾਨ ਸਰੀਰ ਮੈਂ ਅਭਿਮਾਨ ਪੂਰਬਕ ਕ੍ਰਿਆ ਹੋਤੀ ਹੈ ਸੋ ਕ੍ਰਿਯਮਾਨ । ਇਹ ਜੋ ਕ੍ਰਿਯਮਾਨ ਹੈਂ ਸੋਈ ਤੀਨ ਸੰਗ੍ਯਾ ਕੋ ਪ੍ਰਾਪਤ ਹੋ ਜਾਤ ਹੈ । ਕਰਮ ਕਰਕੇ ਪ੍ਰਥਮ ਅਵਸਥਾ ਮੈਂ ਕ੍ਰਿਯਮਾਨ ਸੰਗ੍ਯਾ ਹੋਤੀ ਹੈ, ਦੁਤਿਯ ਮੈਂ ਸੰਚਿਤ ਕਰਮ ਰੂਪ ਉਸ ਕੀ ਸੰਗ੍ਯਾ ਹੋਤੀ ਹੈ । ਤ੍ਰਿਤਿਯ ਅਵਸਥਾ ਮੈਂ ਪ੍ਰਾਰਬਧ ਉਸ ਕੀ ਸੰਗ੍ਯਾ ਹੋਤੀ ਹੈ । ਜੈਸੇ ਏਕ ਕਾਲ ਹੀ ਪ੍ਰਥਮ ਭਵਿਖ੍ਯਤ ਰੂਪ ਹੋਤਾ ਹੈ, ਸੋਈ ਬਰਤਮਾਨ ਹੋਤ ਹੈ, ਫਿਰ ਸੋਈ ਭੂਤ ਹੋ ਜਾਤ ਹੈ; ਐਸੇ ਜਾਨਿਯੇ । ਪ੍ਰਾਰਬਧ ਜੋ ਹੈ ਤਿਸ ਕੇ ਫਲ ਤੀਨ: ਜਾਤਿ, ਆਰਬਲ, ਭੋਗ । ਜਾਤਿ ਕਹੀਏ ਸੁਰ ਨਰ ਆਦਿ ਜੜ ਜੰਗਮ ਸਰੀਰ, ਸੋ ਸਭਨ ਮੈਂ ਉੱਤਮ ਮੱਧਮ ਅਧਮ ਹੈਂ । ਔਰੁ ਆਰਬਲ

ਜੋ ਹੈ ਨਿਮੇਖ ਤੇ ਆਦਿ ਜੀਵਣ ਕੀ, ਔਰ ਭੋਗ ਜੋ ਹੈਂ ਸੁਖ ਦੁਖ ਕਾ ਅਨੁਭਵ ਰੂਪ । ਸੋ ਇਹ ਤੀਨ ਪ੍ਰਕਾਰ ਕੇ ਜੋ ਕਰਮ ਹੈਂ ਤਿਨ ਕੇ ਮੱਧ ਵਿਖੇ 'ਸੰਚਤ' ਅਰ 'ਕ੍ਰਿਯਮਾਨ' ਇਹ ਦੋਨੋਂ ਕਰਮ ਤੋ ਗਜਾਨਵਾਨ ਕੇ ਨਸ਼ਟ ਹੋ ਜਾਤ ਹੈਂ; ਅਰੁ ਪ੍ਰਾਰਬਧ ਕਰਮ ਰਹਿਤਾ ਹੈ; ਜੈਸੇ ਤਰਕਸ਼ ਕੇ ਸਮੇਤ ਬਾਣ । ਤਿਨ ਕੌ ਭੀ ਸੂਰਮਾ ਨਾਸ਼ ਕਰ ਦੇਤ ਹੈ। ਅਰ ਜੋ ਚਿੱਲੇ ਮੇਂ ਜੋੜਜੋ ਹੈ ਤਿਸ ਕੇ ਭੀ ਨਾਸ਼ ਕਰਨੇ ਕੋ ਸਮਰਥ ਹੈ । ਅਰੁ ਜੋ ਬਾਣ ਪ੍ਰਾਰਬਧ ਰੂਪ ਛੁਟਾ ਹੈ ਤਿਸ ਕੇ ਨਾਸ਼ ਕਰਣ ਕੋ ਸਮਰਥ ਨਹੀਂ ਹੋਤਾ। ਉਹ ਜਬ ਆਪਣਾ ਬੇਗ ਕਰਿ ਰਹਿਤਾ ਹੈ ਤਬ ਹੀ ਨਾਸ਼ ਹੋਤਾ ਹੈ। ਤਾਂਤੇ ਪ੍ਰਾਰਬਧ ਕਰਮ ਗਿਆਨ ਕੇ ਪ੍ਰਾਪਤ ਹੋਯਾਂ ਭੀ ਦੂਰ ਨਹੀਂ ਹੋਤਾ ਹੈ। ਸੋ ਗਿਆਨੀ ਕੋ ਭੀ ਅਰੁ ਅਗਜਾਨੀ ਕੋ ਭੀ ਏਕ ਸਮਾਨ ਹੈ । 'ਗਿਰਹਾ ਸੇਤੀ ਮਾਲੁ ਧਨੁ' ਜੈਸੇ ਕਹਿ ਆਏ ਹੈਂ ਸੋ ਦੋਨੋਂ ਕੋ ਤੁੱਲ ਹੈਂ । ਅਗਾਰੀ ਦੋ ਜੋ ਕਰਮ ਹੈਂ: ਸੰਚਿਤ ਕੋ ਤੋ ਗਜਾਨ ਕੇ ਪ੍ਰਭਾਵ ਸੇਂ ਨਾਸ਼ ਕਰਿ ਡਾਰਤ ਹੈ, ਜੈਸੇ ਸੰਚਿਤ ਅੰਨ ਕੇ ਮੰਦਰ ਕੋ ਅਗਨਿ ਕਰਿ ਜਲਾਇ ਡਾਰੇ ਹੈ ਕੋਊ ਪੁਰਖ ਸਮਰਥ; ਤਬ ਮੰਦਰ ਕੇ ਸੰਜੁਕਤਿ ਹੀ ਅੰਨ ਕੇ ਬੀਜ ਭੀ ਜਲ ਜਾਤ ਹੈ । ਫੇਰ ਜਲੇ ਹੋਏ ਬੀਜ ਅੰਕੁਰ ਕੋ ਸਮਰਥ ਨਹੀਂ ਹੋਤੇ । ਤੈਸੇ ਹੀ ਅੰਤਹਕਰਣ ਰੂਪ ਮੰਦਰ ਸੰਚਿਤ ਕਰਮੋਂ ਸੰਜੁਕਤਿ ਗਜਾਨ ਅਗਨਿ ਸੇਂ ਨਾਸ਼ ਕੋ ਪ੍ਰਾਪਤ ਹੋਤਾ ਹੈ, ਫੇਰ ਕਰਮ ਜਨਮ ਦਾਇਕ ਨਹੀਂ ਰਹਿਤੇ । ਅਰ ਅੰਤਹਕਰਣ ਕਾ ਨਾਮ 'ਚਿਤਸਤਿ' ਹੋ ਜਾਤਾ ਹੈ । 'ਚਿਤਸਤਿ' ਕੋ ਅਰਥ ਕਹਤ ਹੈਂ:-ਅੰਤਹਕਰਣ ਕਾ ਰੂਪ ਇਹ ਜਿਸ ਕਰਿ ਅਸੰਮਕ ਦਰਸ਼ਨ ਹੋਵੈ, ਅਨਾਤਮ ਵਿਖੇ ਆਤਮ ਬੁਧਿ ਹੋਵੈ। ਜਿਸ ਕਰਿਕੇ ਰੂਪ ਜਗਤ ਵਿਖੇ ਸਤਿ ਬੁਧ ਹੋਵੈ ਅਰ ਸਤਿ ਰੂਪ ਆਤਮਾ ਮੇਂ ਅਸਤਿ ਬੁਧਿ ਹੋਵੈ, ਇਸ ਕਰਿਕੈ ਮਨ ਕਹੀਤਾ ਹੈ । ਇਸ ਕਾ ਨਾਮ ਮਨ ਹੈ। ਜਬ ਗਜਾਨ ਪ੍ਰਾਪਤ ਹੋਤਾ ਹੈ ਤਬ ਇਹ ਭਾਵ ਨਸ਼ਟ ਹੋ ਜਾਤ ਹੈ, ਜਿਉਂ ਕਾ ਤਿਉਂ ਪਦਾਰਥ ਭਾਸਤਾ ਹੈ, ਸੋ 'ਚਿਤੁਸਤਿ' ਕਹੀਤਾ ਹੈ। ਜਬ ਚਿਤ ਸਤ ਹੋਯਾ ਤਬ ਮਨ ਸੰਚਿਤ ਕਰਮੋਂ ਸੰਜੁਕਤਿ ਨਾਸ਼ ਹੋ ਜਾਤਾ ਹੈ । ਅਰੁ ਜੋ ਕ੍ਰਿਯਮਾਨ ਕਰਮ ਹੈਂ ਸੋ ਉਪਜਤੇ ਨਹੀਂ, ਪ੍ਰਾਰਬਧ ਕਰਕੇ ਜੋ ਕ੍ਰਿਆ ਹੋਤੀ ਹੈ । ਜੋ ਓਹੀ ਕ੍ਰਿਆ ਅਨਾਤਮ ਅਭਿਮਾਨ ਪੂਰਬਕ ਹੋਤੀ ਹੈ ਤਬ ਓਹੀ ਕ੍ਰਿਆ ਕ੍ਰਿਯਮਾਣ ਕਰਮ ਹੋ ਕਰਿ ਪ੍ਰਣੰਮਤੀ ਹੈ। ਅਰ ਜੋ ਅਭਿਮਾਨ ਪੂਰਬਕ ਕ੍ਰਿਯਾ ਨਹੀਂ ਹੋਤੀ ਤਬ ਕ੍ਰਿਯਮਾਨ ਉਪਜਤੇ ਨਹੀਂ, ਪ੍ਰਾਰਬਧ ਤੇ ਹੀ ਕ੍ਰਿਯਮਾਨ ਭੀ ਉਪਜਤੇ ਹੈਂ; ਜੈਸੇ ਭੋਜਨ ਰੂਪ ਜੋ ਕ੍ਰਿਯਾ ਹੈ ਸੋ ਪ੍ਰਾਰਬਧ ਰੂਪ ਹੈ ਅਰ ਤਿਸ ਭੋਜਨ ਤੇ ਜੋ ਪੁਸ਼ਟਤਾ ਉਪਜਤੀ ਹੈ ਸੋ ਕ੍ਰਿਯਮਾਨ ਰੂਪ ਹੈ । ਜੋ ਦੇਹ ਰੋਗ ਕਰਿ ਜੁਕਤਿ ਹੋਤੀ ਹੈ ਤਬ ਪੁਸ਼ਟ ਨਹੀਂ ਹੋਤੀ । ਅਰੁ ਜੋ ਰੋਗ ਤੇ ਰਹਤ ਹੋਤੀ ਹੈ ਤਬ ਪੁਸ਼ਟਤਾ ਹੋਤੀ ਹੈ । ਤਿਸੀ ਪ੍ਰਕਾਰ ਜਬ ਦੇਹ ਅਭਿਮਾਨ ਯੁਕਤਿ ਹੋਤਾ ਹੈ ਤਬ ਕ੍ਰਿਯਮਾਨ ਉਪਜਤੇ ਹੈਂ ਅਰੁ ਗਜਾਨਵਾਨ ਜੋ ਅਭਿਮਾਨ ਤੇ ਰਹਤ ਹੋਤਾ ਹੈ ਤਿਸ ਕਰਿ ਤਿਸ ਕੇ ਕ੍ਰਿਯਮਾਨ ਕਰਮ ਨਹੀਂ ਉਪਜਤੇ । ਗਜਾਨੀ ਕੋ ਕਰਮ ਕੌ ਬੰਧਨ ਨਹੀਂ, ਗ੍ਰਿਹਸਤੀ ਭੀ ਹੈ, ਅਗਜਾਨੀ ਕੀ ਰੀਤਿ ਸਰਬ ਬਿਵਹਾਰ ਕਰਤ ਭੀ ਹੈ, ਪ੍ਰੰਤੂ ਅਲੇਪ ਰਹਤ ਹੈ। ਇਸ ਅਰਥ ਕੇ ਸਿਧ ਕਰਬੇ ਹਿਤ ਕਰਮਨਿ ਕੋ ਭੀ ਨਿਰਨੈ ਭਯੋ । 'ਗਿਰਹਾ ਸੇਤੀ ਮਾਲੁ ਧਨੁ' ਇਸ ਤੁਕ ਕੋ ਔਰ ਜੋ ਅਰਥ ਕਰਤ ਹੈਂ ਤਿਨ ਸਰਬ ਮੇਂ ਦੂਖਨ ਆਵਤ ਹੈ । ਕੋਈਕ ਅਰਥ ਕਰਤ ਹੈਂ:-ਕੀਟੀ ਕੋ ਮਨ ਤੇ ਨਹੀਂ ਬਿਸਰੇ ਤੋ ਇੰਦ੍ਰ ਭੀ ਤਿਸ ਕੇ ਤੁੱਲ ਨਹੀਂ ਹੈ। ਸੋ ਬੀਚਾਰ ਕਰਿ ਦੇਖਾ ਚਾਹੀਏ: ਪ੍ਰਸੰਗ ਕੌਨ ਹੈ ? ਈਹਾਂ

ਸਾਖਯਾਤਕਾਰ ਕੇ ਉਪ੍ਰੰਤ ਉਪਾਸ਼ਨਾ ਕੈਸੇ ਬਨਤ ਹੈ ? ਬਹੁਰੋ ਏਕ ਪਉੜੀ ਮੇਂ ਇਹ ਬਿਧਿ ਨਹੀਂ ਬਨਤ ਹੈ, ਦੂਸਰੀ ਪਉੜੀ ਕੋ ਪ੍ਰਸੰਗ ਚਲੇ ਤੌ ਭੀ ਸਹੀ। ਈਹਾਂ ਏਕ ਰੂਪ ਕਰਿਕੈ ਬਹੁਰ ਦ੍ਵੈਤ ਕੈਸੇ ? ਇਸ ਤੇ ਆਦਿ ਔਰ ਭੀ ਜੇ ਅਰਥ ਹੈਂ ਸਰਬ ਮੈਂ ਦੂਸ਼ਨ ਆਵਤ ਹੈਂ। ਗ੍ਰੰਥ ਬਢਨ ਤੇ ਨਹੀਂ ਕਹੇ, ਬੁਧਿਵਾਨ ਆਪ ਹੀ ਬੀਚਾਰ ਲੇਂਹਿਗੇ, ਜੋ ਗੁਰੂ ਜੀ ਕੋ ਧਰਜੋ ਹੋਯੋ ਅਰਥ ਕੌਨ ਸੋ ਹੈ। ਇਤਯਰਥ।

ਇਸ ਤੁਕ ਮੇਂ ਬਿਸ਼ੇਖੋਕਤਿ ਅਲੰਕਾਰ ਹੈ।

ਲੱਛਣ–ਕਾਰਨ ਹੈ ਜਹਿਂ ਕਾਰਜ ਨਾਂਹੀ।
ਕਹੈਂ ਬਿਸ਼ੇਖੋਕਤਿ ਬੁਧਿ ਤਾਂਹੀ।

ਗਯਾਨੀ ਕਰਮ ਕਰਤ ਹੈ, ਇਹ ਕਾਰਨ ਹੈ, ਬੰਧਨ ਕਾਰਜ ਨਹੀਂ ਭਯੋ। 'ਜੇ ਤਿਸੁ ਮਨਹੁ ਨ ਵੀਸਰਹਿ' ਇਸ ਕਹਨ ਤੇ ਉਕਤਿ ਨਮਿਤਾ ਵਿਸ਼ੇਖੋਕਤਿ ਹੋਤ ਹੈ। ਜਹਾਂ ਕਹਿ ਦੇਈਏ ਇਸ ਬਾਤ ਤੇ ਕਾਰਨ ਤੇ ਕਾਰਜ ਨਹੀਂ ਹੋਇ, ਤਹਾਂ ਤੌ ਉਕਤਿ ਨਮਿਤਾ, ਜਹਾਂ ਨਾਮ ਕਹੀਏ ਤਹਾਂ ਅਨੁਕਤਿ ਨਿਮਿਤਾ। ਜਹਾਂ ਜਾਨਜੇ ਨਹੀਂ ਪਰੈ ਅਚਿੰਤਨਿਮਿਤਾ। ਇਹ ਤੀਨ ਭੇਦ ਵਿਸ਼ੇਖੋਕਤਿ ਕੇ ਹੈਂ। ਵਾ ਬਿਭਾਵਨਾਲੰਕਾਰ ਹੈ।

ਲੱਛਣ–ਪ੍ਰਤਿਬੰਧਕ ਕੇ ਹੋਤ ਹੀ ਕਾਰਜ ਪੂਰਨ ਮਾਨ।
ਕਰਮ ਜੋ ਹੈਂ ਮੁਕਤਿ ਕੇ ਪ੍ਰਤਿਬੰਧਕ ਹੈਂ ਤੇ ਭੀ ਮੁਕਤਿ ਭਈ।

[ਪਉੜੀ ਚਉਵੀਵੀਂ]

ਅਬ ਅਗਾਰੀ 'ਸਰਬ ਰੀਤਿ ਸੇਂ ਪਰਮੇਸੁਰ ਕੋ ਅੰਤ ਨਹੀਂ ਪਾਈਯਤ ਹੈ', ਯਾਂਕੋ ਬਰਨਨ ਕਰਤ ਹੈਂ :–

## ਅੰਤੁ ਨ ਸਿਫਤੀ ਕਹਣਿ ਨ ਅੰਤੁ ॥

ਪਰਮੇਸ਼ੁਰ ਕੀ ਜੋ 'ਸਿਫਤ', ਕਿਆ ? ਉਸਤਤਿ। ਉਸਤਤਿ ਨਾਮੇਂ ਕੇ ਸੰਜੁਕਤਿ, ਤਿਸ ਕੋ ਭੀ ਅੰਤੁ ਨਹੀਂ ਜੋ ਏਤੀਕ ਹੈ। ਸ਼ੇਸ਼ਨਾਗ ਤੇ ਆਦਿ ਕਹਿਤ ਕਹਿਤ ਹਾਰ ਰਹੇ ਹੈਂ, ਪ੍ਰੰਤੂ ਅੰਤੁ ਨਹੀਂ ਪਾਈਯਤ ਹੈ। ਜੇ ਕੋਈ ਕਹੇ: ਸਿਫਤ ਕੇ ਕਹਿਨਹਾਰੇ ਥੋਰੇ ਹੈਂ ਯਾਂਤੇ ਅੰਤ ਨਹੀਂ ? ਤਿਸ ਪਰ ਕਹਤ ਹੈਂ: 'ਕਹਿਣ ਨ ਅੰਤੁ'। ਕਹਣ ਪਦ ਤੇ ਅਜਹਿਤੀ ਲੱਛਣਾ ਸੋਂ ਕਹਨਿ ਵਾਰੇ, ਤਿਸ ਕੋ ਭੀ ਅੰਤੁ ਨਹੀਂ, ਜੋ ਕੇਤੇ ਪਰਮੇਸ਼ੁਰ ਕੇ ਗੁਣ ਕਹਨ ਵਾਰੇ ਹੈਂ, ਸੋ ਭੀ ਥੋਰੇ ਨਹੀਂ; ਓਹ ਭੀ ਬਅੰਤੁ ਹੀ ਹੈਂ। ਇਤਯਰਥ।

ਇਸ ਤੁਕ ਮੈਂ ਭੀ ਵਿਸ਼ੇਖੋਕਤਿ। ਕਹਿਨਵਾਰੇ ਜੋ ਬਅੰਤ ਹੈਂ ਸੋ ਕਾਰਨ, ਸਿਫਤਿ ਕੋ ਅੰਤ ਲੈਬੋ ਕਾਰਜ ਨਹੀਂ ਭਯੋ।

## ਅੰਤੁ ਨ ਕਰਣੈ ਦੇਣਿ ਨ ਅੰਤੁ ॥

ਪਰਮੇਸ਼ਰ ਕੋ ਜੋ ਕਰਤਬ ਹੈ ਤਿਸ ਕੋ ਭੀ ਅੰਤੁ ਨਹੀਂ ਹੈ, ਜੋ ਕੇਤੇ ਕੀਓ ਹੈ। ਸੋ ਜੇਤੋ ਕੁਛ ਸਕਾਰ ਕੀਓ ਹੈ ਸੋ ਸਰਬ ਹੀ ਲੈਨਵਾਰੇ ਹੈ, ਕੋਈ ਕੁਛ ਚਾਹਤ ਹੈ, ਕੋਈ ਕੁਛ ਚਾਹਤ ਹੈ ਅਪਨੇ ਨਿਰਬਾਹ ਕੇ ਹੇਤ। ਸੋ ਪਰਮੇਸੁਰ ਹਰ ਤਰਹ ਦੇ ਕਰਿ ਸਰਬ ਕੀ ਪਾਲਨਾ ਕਰਤਾ ਹੈ। ਤਿਸ ਦੇਬੇ ਕੋ ਭੀ ਅੰਤੁ ਨਹੀਂ ਹੈ। ਇਤਯਰਥ।

ਇਸ ਤੁਕ ਮੈਂ ਣਕਾਰ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਹੋਤ ਹੈ।

## ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥

ਪਰਮੇਸੁਰ ਕੀ ਸ਼ਕਤਿ ਕੀ ਜੋ ਚਿੱਤ੍ਰਤਾ ਹੈ ਤਿਸ ਕੇ ਦੇਖਿਬੇ ਕੋ ਭੀ ਅੰਤੁ ਨਹੀਂ ਆਵਤ ਹੈ, ਜੋ ਏਤੀਕ ਚਿੱਤ੍ਰਤਾ ਹੈ, ਅਰੁ ਪਰਮੇਸਰ ਕੇ ਰਚਿਤ ਜੋ ਸ਼ਬਦ ਹੈ ਤਿਸ ਮੈਂ ਅਨੇਕਾਨ ਅਨੇਕ ਜੁਗਤਿ ਜੋ ਹੈਂ ਤਿਨ ਕੋ ਅੰਤੁ ਭੀ ਨਹੀਂ ਹੈ, ਸੁਣਿਤੇ ਸੁਣਿਤੇ ਅਨੇਕਾਂਨਿ ਅਨੇਕ ਸੁਮਤੀ ਚਲੇ ਗਏ ਹੈਂ, ਪ੍ਰੰਤੂ ਅੰਤੁ ਨਹੀਂ ਪਾਯੋ ਗਯੋ। ਵਾ ਪਰਮੇਸਰ ਕੋ ਸਰੂਪ ਵਾ ਨਾਨੱਤ੍ਵ, ਵਾ ਸ਼ਕਤਿ ਇਸ ਤੇ ਆਦਿ ਔਰੁ ਜੇਤੀ ਪਰਮੇਸਰ ਕੀ ਬਾਰਤਾ ਹੈਂ ਸੁਣਿਤੇ ਸੁਣਿਤੇ ਸਰਬ ਹੀ ਹਾਰਿ ਕਰਿ ਚਲੇ ਗਏ ਹੈਂ, ਅੰਤੁ ਨਹੀਂ ਪਾਯੋ। ਇਤਯਰਥ।

ਇਸ ਤੁਕ ਮੈਂ ਭੀ ਣਕਾਰ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਹੈ। ਵਾ ਵਿਸ਼ੇਖੋਕਤਿ ਹੈ; ਕਾਰਜ ਵੇਖਣ ਅਰ ਸੁਨਨ ਸਰਬ ਸੋ ਨਹੀਂ ਭਏ।

## ਅੰਤੁ ਨ ਜਾਪੈ ਕਿਆ ਮਨਿ ਮੰਤੁ ॥

ਪਰਮੇਸਰ ਕੇ ਮਨ ਮੈਂ ਕਿਆ ਮੰਤ ਹੈ ? ਜੈਸੇ ਪਾਤਿਸ਼ਾਹ ਆਦਿ ਸਲਾਹ ਮਿਲਿ ਕੈ ਕਰਤ ਹੈਂ ਤਿਸ ਕੋ ਨਾਮ 'ਮੰਤ੍ਰ' ਹੈ। ਮੰਤ੍ਰ ਬਤਾਵਨ ਤੇ ਤਿਸ ਕੋ ਨਾਮ 'ਮੰਤ੍ਰੀ' ਹੋਤ ਹੈ। ਸੋ ਪਰਮੇਸੁਰ ਨੇ ਜੋ ਅਗਾਰੀ ਕਰਤਬ ਕਰਨੋਂ ਹੈ, ਸੋਈ ਮੰਤ੍ਰ, ਤਿਸ ਕੋ ਕੋਈ ਨਹੀਂ ਜਾਨ ਸਕਤਿ ਹੈ, ਜੋ ਕਯਾ ਕਰੇ ਗੋ।

## ਅੰਤੁ ਨ ਜਾਪੈ ਕੀਤਾ ਆਕਾਰੁ ॥

ਪ੍ਰਸ਼ਨ :-ਪੂਰਬ ਕਰਣੋ ਤੋ ਕਹਿ ਆਏ ਹੈਂ ਅਕਾਰਵਾਨ ਹੀ ਸਭ ਕਰੇ ਹੈਂ, ਬਹੁਰ ਅਕਾਰ ਕਰਨੋਂ ਕੈਸੇ ਕਹਯੋ ਹੈ ? ਉੱਤਰ:-ਪੂਰਬ ਜੋ ਕਰਨੋਂ ਕਹਯੋ ਸੋ ਜੜ ਜੰਗਮ ਜੀਵ ਕੋ ਬਰਨਯੋ, ਦੇਣ ਪਦ ਤੇ ਜਾਨਯੋ ਪਰੇ ਹੈ; ਈਹਾਂ ਅਪਨੋ ਜੋ ਅਕਾਰ ਆਪ ਹੀ ਕਰਯੋ, ਤਿਸ ਕੋ ਅਰਥ ਹੈ; ਤਿਸ ਕੋ ਭੀ ਅੰਤੁ ਨਹੀਂ ਜਾਨਯੋ ਜਾਤ ਹੈ ਜੋ ਕੈਸੇ ਕਰਯੋ ਹੈ ਰੂਪ ਰੰਗ ਸੇ ਬਿਹੀਨ, ਇੰਦ੍ਰੀਨ ਤੇ ਅਗੋਚਰੁ,[ਮਨ ਬਾਣੀ ਤੇ ਪਰੇ।

## ਅੰਤੁ ਨ ਜਾਪੈ ਪਾਰਾਵਾਰੁ ॥

ਆਪਨੋ ਜੋ ਸਰੂਪ ਕਰਯੋ ਤਿਸ ਕੋ 'ਪਾਰ', ਪਰਲੋ ਪਾਸੋ, ਨਹੀਂ ਜਾਨ ਪਰਤ ਹੈ, ਜੋ ਕਹਾਂ ਤਕ ਹੈ। 'ਵਾਰ' ਉਰਾਰ ਭੀ ਨਹੀਂ ਜਾਨਯੋ ਪਰਤ ਹੈ ਜੋ ਈਹਾਂ ਤੇ ਯਾਕੋਂ

ਸਰੂਪ ਅਗਾਰੀ ਕੋ ਪ੍ਰਮਾਨ ਚਲਜੋ ਹੈ। ਵਾ 'ਪਾਰਾਵਾਰ' ਨਾਮ ਸਮੁੰਦਰ ਕੋ ਭੀ ਹੈ, ਜੈਸੇ ਸਮੁੰਦਰ ਕੇ ਅੰਤੁ ਨਹੀਂ ਹੈ ਤੈਸੇ ਬ੍ਰਹਮ ਕੋ ਸਰੂਪ ਬਿਅੰਤ ਹੈ। ਇਤਯਰਥ।

ਇਸ ਅਰਥ ਮੇਂ ਰੂਪਕਾਤਿਸ਼ਯੋਕਤਿ ਹੈ।

ਜੇ ਕੋਈ ਕਹੈ ਅੰਤ ਤੌ ਆਇ ਜਾਤੋ ਕੋਈ ਲੈਬੇ ਕੋ ਜਤਨ ਨਹੀਂ ਕਰਤ ਹੈ। ਤਿਸ ਪਰ ਕਹਤ ਹੈਂ:-

## ਅੰਤ ਕਾਰਣਿ ਕੇਤੇ ਬਿਲਲਾਹਿ ॥

ਤਿਸ ਪਰਮੇਸ਼ਰ ਕੇ ਅੰਤ ਲੈਬੇ ਹਿਤ ਅਨੇਕ ਹੀ ਤਰਲੇ ਲੇਤ ਹੈਂ। ਜੋਗੀ ਜੋਗ ਕਰਿਕੈ, ਬਿਦਜਾਵਾਨ ਬਿਦਜਾ ਕਰਿਕੈ, ਇਸ ਤੇ ਆਦਿ ਔਰੁ ਸਰਬ ਹੀ ਰੀਤਿ ਸੋਂ ਅਨੇਕ ਜਤਨ ਕਰਤ ਹੈਂ, ਪ੍ਰੰਤੂ ਅੰਤੁ ਨਹੀਂ ਪਾਯੌ ਜਾਤ ਹੈ; ਸੋਈ ਕਹਤ ਹੈਂ:-

## ਤਾਕੇ ਅੰਤ ਨ ਪਾਏ ਜਾਹਿ ॥

ਤਿਸ ਪਰਮੇਸ਼ੁਰ ਕੇ ਅੰਤੁ ਪਾਏ ਨਾਹੀ ਜਾਤਿ ਹੈਂ। 'ਤਾਕੇ' ਅਰੁ 'ਪਾਏ' ਦੋਊ ਜੋ ਪਦ ਹੈਂ ਬਹੁ ਬਾਚੀ ਸ਼ਬਦ ਹੈਂ, ਤਾਂਤੇ ਅੰਤ ਭੀ ਬਹੁਤ ਹੈਂ। ਸ਼ਕਤਿ ਕੋ ਅੰਤੁ ਨਹੀਂ ਆਕਾਰ ਕੇ ਅੰਤੁ ਕੋਈ ਭੀ ਨਹੀਂ ਜਾਨਤ ਹੈ, ਹਰ ਤਰਹ ਕੋ ਅੰਤਿ ਲੈਬੇ ਵਾਰੇ ਅਨੇਕ ਜਤਨ ਕਰਤੇ ਹਾਰ ਗਏ ਹੈਂ, ਸੋ ਕਿਉਂਹੂੰ ਕਿਸੀ ਵਸਤੁ ਕੋ ਅੰਤੁ ਨਹੀਂ ਜਾਨ ਸਕੇ ਹੈਂ। ਇਤਜਰਥ।

ਇਸ ਸਰਬ ਪਉੜੀ ਮੈਂ ਉਭਜਾਬ੍ਰਿਤ ਦੀਪਕ ਅਲੰਕਾਰ ਹੈ।

'ਅੰਤ' ਪਦੁ ਬਹੁਤ ਬੇਰ ਆਵਨ ਤੇ ਪਦ ਭੀ ਵਹੀ ਅਰਥ ਭੀ ਵਹੀ। ਔਰ ਅਲੰਕਾਰ ਬਿਸ਼ੇਖੋਕਤਿ ਹੈ: ਅੰਤ ਲੈਨ ਵਾਰੋ ਸਰਬ ਸੋ ਕਾਰਨ, ਅੰਤ ਲੈਬੋ ਕਾਰਜ ਨਹੀਂ ਭਯੋ।

## ਏਹੁ ਅੰਤੁ ਨ ਜਾਣੈ ਕੋਇ ॥

'ਏਹੁ' ਕਹੀਏ 'ਇਸੁ' ਅੰਤੁ ਕੋ ਕੋਈ ਨਹੀਂ ਜਾਨ ਸਕਤ ਹੈ। 'ਜਾਤਿ' ਮੈਂ ਏਕ ਸ਼ਬਦੁ ਹੋ ਜਾਤ ਹੈ ਅੰਤ, ਜੋ ਸਰਬ ਰੀਤਿ ਕੋ ਕਿਸੇ ਤੇ ਨਹੀਂ ਪਾਯੋ ਜਾਤਿ ਹੈ। ਜਾਤਿ ਮੈਂ ਏਕ ਸ਼ਬਦ ਕੋ ਅਰਥ ਨਹੀਂ ਕਰੇ ਤੌ ਪੂਰਬ ਕੀ ਤੁਕ ਸੋਂ ਬਿਰੋਧ ਆਵਤ ਹੈ। ਪਹਿਲੇ ਬਹੁਤੇ ਅੰਤੁ ਕਹੇ ਹੈਂ ਬਹੁਰ ਕਹਜੋ 'ਏਹੁ ਅੰਤੁ', ਏਕ ਅੰਤ ਕੋ ਅਰਥ ਐਸੇ ਜਾਨਿਯੇ।

## ਬਹੁਤਾ ਕਹੀਐ ਬਹੁਤਾ ਹੋਇ ॥

ਕਿਉਂ ਨਹੀਂ ਅੰਤੁ ਆਵਤ ਹੈ ? ਸੋ ਕਹਤ ਹੈਂ: ਜੇ ਬਹੁਤਾ ਕਹੀਏ, ਅਸੰਖ ਹੀ ਕਾਗਦੁ ਲਿਖ ਕਰਿ ਬਹੁਤਾ ਕਹਜੋ, ਤਿਸ ਥੀਂ ਫੇਰ ਜਿਸ ਕੋ ਗਿਨਜੋ ਸੋ ਬਹੁਤ ਹੀ ਹੋਤ ਹੈ, ਪਾਰ ਨਹੀਂ ਪਾਯੋ ਜਾਤ ਹੈ, ਸਰਸ[1] ਹੀ ਰਹਤ ਹੈ। ਇਤਜਰਥ।

ਇਨ ਦੋਊ ਤੁਕਨ ਮੈਂ ਉਕਤਿਨਮਿਤਾਵਿਸ਼ੇਖੋਕਤਿ ਅਲੰਕਾਰੁ ਹੋਤ ਹੈ। ਬਹੁਤ ਗਿਨਨ ਤੇ ਬਹੁਰ ਬਹੁਤ ਹੋਤ ਹੈ, ਯਾਂਤੇ ਅੰਤੁ ਨਹੀਂ ਪਾਯੋ ਜਾਤ ਹੈ, ਜਿਸ ਹੇਤ ਤੇ ਕਾਰਨ ਤੇ ਕਾਰਜ ਨਹੀਂ ਹੋਇ, ਸੋ ਜਹਾ ਐਸੇ ਕਹਿ ਦੇਈਏ ਤਹਾਂ ਉਕਤਿ ਨਮਿਤਾ ਹੋਤ ਹੈ।

---

੧. ਬਹੁਤਾ। ਵੱਧ।

## ਵਡਾ ਸਾਹਿਬੁ ਊਚਾ ਥਾਉ ॥

ਇਸੀ ਹੇਤ ਤੇ ਬਡਾ ਸਾਹਿਬੁ ਹੈ, ਜਿਸ ਕੋ ਕਿਸੀ ਰੀਤਿ ਸੋਂ ਅੰਤ ਕਿਸੀ ਪਾਸ ਤੇ ਨਹੀਂ ਪਾਯੋ ਗਯੋ। ਊਚਾ ਸਰਬ ਤੇ ਸਥਾਨ ਹੈ ਜਿਸ ਕੋ; ਜੇ ਦੇਹ ਮੈਂ ਲਖੀਏ ਤੌ ਅੰਤਹਕਰਣ ਕੀ ਬ੍ਰਿਤਿ ਜਹਾਂ ਨਹੀਂ ਪਹੁੰਚੇ ਤਹਾਂ ਤੇ ਊਚੇ ਸਥਾਨ ਹੈ। ਵਹਿਰ ਦੇਖੀਏ ਤੌਂ ਇੰਦ੍ਰੀਓਂ ਸੇ ਅਗੋਚਰ ਹੈ, ਐਸੇ ਸਰਬ ਤਰਹ ਸੋਂ ਊਚੋ ਸਥਲ ਹੈ ਤਿਸ ਕੋ।

## ਊਚੇ ਉਪਰਿ ਊਚਾ ਨਾਉ ॥

ਸਰਬ ਜੇ ਜਗਤ ਮੇਂ ਊਚੇ ਗਿਨੇ ਜਾਤ ਹੈਂ ਤਿਨ ਊਚਯੋਂ ਤੇ ਊਚਾ ਸਤਿਨਾਮ ਹੈ। ਕੈਸਾ ਸਤਿਨਾਮ ਹੈ ? ਜੋ ਆਪਨੇ ਜਾਪਕ ਕੋ ਅਭੇਦ ਸਰੂਪ ਕੀ ਪ੍ਰਾਪਤਿ ਕਰਤੁ ਹੈ, ਜਿਸ ਤੇ ਬਹੁਰ ਆਵਾਗੌਨ ਨਹੀਂ ਹੋਤ ਹੈ, ਇਤਯਾਦੀ ਜੋ ਬਡਾਈ ਹੈ ਤਿਨ੍ਹੋਂ ਕਰਿ ਸਤਿਨਾਮ ਸਰਬ ਤੇ ਊਚਾ ਹੈ। ਵਾ ਔਰ ਅਰਥ ਭਗਤ ਪੱਖਯ ਮੈਂ: ਨਾਮੀ ਸੇ ਨਾਮ ਮੇਂ ਅਧਿਕਤਾ ਰਾਖਤ ਹੈ, ਸੋਈ ਕਹਤ ਹੈਂ। ਵਡਾ ਸਾਹਿਬ ਜੋ ਹੈ ਸਰਬ ਤੇ ਊਚੋ, ਸਤਿਨਾਮ ਤਿਸ ਊਚੇ ਨਾਮੀ ਤੇ ਭੀ ਊਚੋ ਹੈ। ਕਿਸ ਰੀਤਿ ਊਚੋ ਹੈ ? ਊਚੋ ਐਸੇ ਹੈ: ਜੋ ਪਰਮੇਸੁਰ ਸਰਬ ਥਾਨ ਮੇਂ ਸਰਬ ਦੇਹਨ ਮੈਂ ਬਸਤ ਹੈ; ਜੀਵ ਤਿਸ ਕੋ ਲਖਿ ਨਹੀਂ ਸਕਤਿ ਹੈ। ਜੋ ਅਤਿ ਸਮੀਪ ਤੇ ਅਤਿ ਸਮੀਪ ਭੀ ਹੈ ਤੌ ਭੀ ਸਰਬ ਦੁਖੀ ਹੈਂ ਸੰਸਾਰ ਮੇਂ। ਜੋ ਸਤਿਨਾਮ ਕੋ ਸਿਮਰਨ ਕਰੇ ਤਿਸ ਤੇ ਸਰੂਪ ਕੀ ਲੱਖਤਾ ਹੋਇ ਆਵਤ ਹੈ; ਇਤਯਾਦੀ ਰੀਤਿ ਤੇ ਨਿਰਗੁਨ ਸਰਗੁਣ ਦੋਉਨਿ ਤੇ ਨਾਮ ਕੋ ਊਚਾ ਨਾਮੀ ਸੇ ਕਹਤੇ ਹੈਂ। ਇਤਯਰਥ।

ਇਨ ਤੁਕਨ ਮੈਂ ਕਾਵਯਲਿੰਗ ਅਲੰਕਾਰ ਹੈ। ਵਡਾ ਸਾਹਿਬ ਤੋ ਸਮਰਥਨੀਯ ਊਚੇ ਪਦ ਸੋਂ ਸਮਰਥਨ ਕਰਯੋ।

## ਏਵਡੁ ਊਚਾ ਹੋਵੈ ਕੋਇ ॥

ਜੈਸੇ ਸਰਬ ਓਰ ਤੇ ਊਚਾ ਪਰਮੇਸੁਰ ਕਹਯੋ ਤੈਸੋ ਊਚਾ ਔਰ ਜੇ ਕੋਈ ਹੋਇ ਸ਼ਕਤਿ ਮੈਂ, ਵਾ ਅਕਾਰ ਮੈਂ, ਇਸ ਤੇ ਆਦਿ ਔਰ ਜੇ ਉਚਾਈ ਹੈਂ, ਤਿਸ ਪਰਮੇਸੁਰ ਜੈਸੀ ਔਰ ਮੈਂ ਹੋਇ।

## ਤਿਸੁ ਊਚੇ ਕਉ ਜਾਣੈ ਸੋਇ ॥

ਤਬ ਕੋਈ ਤਿਸੁ ਪਰਮੇਸ਼ੁਰ ਕੋ ਜਾਣ ਸਕੈ ਆਛੀ ਰੀਤਿ ਸੋਂ। ਜੋ ਕੋਈ ਬਡੋ ਹੋਇ ਸੋ ਜਾਣੈ। ਪਾਰਬ੍ਰਹਮ ਕੀ ਤੋ ਬਰੋਬਰ ਕੋ ਕੋਈ ਭੀ ਨਹੀਂ ਹੈ ਤੋ ਅੰਤ ਤਿਸ ਕੋ ਕੋਈ ਕੈਸੇ ਜਾਣੈ ? ਇਤਯਰਥ।

ਇਨ ਦੋਊ ਤੁਕਨ ਮੈਂ ਲਾਟਾਨੁਪ੍ਰਾਸ ਅਲੰਕਾਰ ਹੈ। ਊਚੇ ਪਦ ਦੋ ਬੇਰ ਆਵਨ ਤੇ, ਭਾਵ ਭਿੰਨ ਹੈਂ: ਏਵਡ ਊਚੋ ਹੋਇ ਤੋ ਤਿਸ ਊਚੇ ਕਉ ਜਾਣੈ, ਯਹ ਭਾਵ ਭਿੰਨ।

## ਜੇਵਡੁ ਆਪਿ ਜਾਣੈ ਆਪਿ ਆਪਿ ॥

ਜੇਤੋ ਬਡੋ ਆਪ ਹੈ ਤਿਸ ਆਪਣੇ ਵਡੱਤ ਕੋ ਆਪ ਹੀ ਜਾਨਤ ਹੈ ਔਰ ਕੋਈ ਭੀ ਨਹੀਂ ਜਾਨ ਸਕਤਿ ਹੈ; ਜੋ ਏਤੇਕੁ ਹੈ। ਔਰਨ ਤੇ ਬਡੋ ਸੁਨਿਕੈ ਆਪ ਭੀ ਲੋਕ ਬਡਾ ਕਹਿ ਦੇਤ ਹੈਂ, ਪ੍ਰੰਤੂ ਜਾਨਤੋ ਕੋਈ ਨਹੀਂ, ਜੋ ਏਤੋ ਪ੍ਰਮਾਣ ਹੈ।

## ਨਾਨਕ ਨਦਰੀ ਕਰਮੀ ਦਾਤਿ॥ ੨੪ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਆਪਨੀ ਕ੍ਰਿਪਾ ਦ੍ਰਿਸ਼ਟਿ ਕਰਿ ਅਰ ਕਰਮਨ ਕੋ ਦੇਖ ਕਰਿ ਦਾਤਿ ਦੇਤ ਹੈ। ਜਹਾਂ ਕੁਛ ਦੇਨੋ ਕਰਤ ਹੈ ਕਰਮ ਕੋ ਦੇਖ ਕਰਿ ਅਰ ਕ੍ਰਿਪਾ ਦ੍ਰਿਸ਼ਟਿ ਕਰਿ ਸੁਖ ਦੁਖ ਦੇਤ ਹੈ। ਪ੍ਰਸ਼ਨ:-ਕ੍ਰਿਪਾ ਦ੍ਰਿਸ਼ਟਿ ਕੋ ਦੇਖ ਕਰਿ ਦੇਤ ਹੈ ਤਬ ਕਰਮਨ ਕੋ ਕਹਿਨ ਨਹੀਂ ਬਨਤ ਹੈ, ਜੇ ਕਰਮਨ ਕੋ ਪਛਾਨ ਕਰਿ ਦੇਤ ਹੈ ਤੋ ਕ੍ਰਿਪਾ ਦ੍ਰਿਸ਼ਟਿ ਕਹਿਨ ਨਹੀਂ ਬਨਤ ਹੈ ? ਉੱਤਰ:-ਅਗਲੀ ਜੋ ਪਉੜੀ ਹੈ ਤਿਸ ਮੇਂ ਦੋਊ ਰੀਤਿ ਕੀ ਦਾਤਿ ਬਰਨਨ ਕਰਨੀ ਹੈ, ਯਾਂਤੇ ਨਦਰਿ ਕਰਨਵਾਰੋ ਜੋ ਨਦਰੀ ਹੈ, 'ਕ੍ਰਿਪਾ' ਕੋ ਅਧਜਾਹਾਰ 'ਨਦਰਿ' ਪਦ ਸੇ, ਜਹਾਂ ਕ੍ਰਿਪਾ ਸੋਂ ਦੇਖਨੋ ਹੋਇਗੋ, ਤਹਾਂ ਨਦਰਿ ਪਦੁ ਬਨਤ ਹੈ, ਤਾਂਤੇ ਆਪਨੇ ਸੇਵਕ ਕੋ ਕ੍ਰਿਪਾ ਦ੍ਰਿਸ਼ਟੀ ਦੇਖ ਕਰਿ ਸਤਿ ਸੰਤੋਖੁ ਆਦਿ ਗੁਣ ਬਖਸ਼ਤੇ ਹੈਂ ਸਮੇਤ ਸਤਿਨਾਮ ਕੇ; ਸੇਵਕ, ਜੋ ਭਾਣੇ ਮਨਨਵਾਰੇ। ਅਰੁ ਕਰਮਨ ਕੋ ਦੇਖ ਕਰਿ ਸੁਖ ਦੁਖ ਦੇਤ ਹੈ। ਇਸੀ ਹੇਤ ਤੇ ਸਤਿਗੁਰੋਂ ਨੇ ਦੋਊ ਪਦ ਧਰੇ ਹੈਂ ; ਨਦਰੀ ਅਰ ਕਰਮੀ; ਐਸੇ ਜਾਨੀਐ। ਇਤਯਰਥ।

ਪੂਰਬ ਕੀ ਤੁਕ ਮੇਂ ਪਰਸੰਖਯਾਲੰਕਾਰ ਹੈ, ਔਰਨ ਤੇ ਜਾਨਣੋ ਬਰਜਿ ਕਰਿ ਏਕ ਪਾਰਬ੍ਰਹਮ ਮੇਂ ਠਹਿਰਾਯੋ। ਦੂਸਰੀ ਤੁਕ ਮੇਂ 'ਨਦਰੀ' 'ਕਰਮੀ' ਏ ਦੋਊ ਕਾਰਣ ਹੈਂ, ਦਾਤਿ ਕਾਰਜ ਹੈ, ਏਕ ਸੰਗ ਮੈਂ ਕਹਨ ਤੇ ਹੇਤਾਲੰਕਾਰ।

[ ਪਉੜੀ ਪੰਝੀਵੀਂ ]

## ਬਹੁਤਾ ਕਰਮੁ ਲਿਖਿਆ ਨਾ ਜਾਇ ॥

ਕਰਮ ਜੋ ਹੈ ਪਰਮੇਸੁਰ ਕੋ, ਕ੍ਰਿਪਾ ਦ੍ਰਿਸ਼ਟਿ ਕੋ ਦੇਖਨੋ, ਸੋ ਬਹੁਤ ਹੈ, ਲਿਖਯੋ ਕਿਉਂਹੂ ਨਹੀਂ ਜਾਤਿ ਹੈ। ਬੇਸ਼ੁਮਾਰ ਹੀ ਲੈਨਵਾਰੇ ਹੈਂ, ਤਿਨ ਕੋ ਅਨੇਕ ਹੀ ਰੀਤਿ ਕੀ ਦਾਤ ਦੇਤ ਹੈ।

## ਵਡਾ ਦਾਤਾ ਤਿਲੁ ਨ ਤਮਾਇ ॥

ਸਭਨਿ ਸੇ ਬਡੋ ਦਾਤਾ ਹੈ, ਤਿਸ ਜੈਸੋ ਔਰ ਕੋਈ ਨਹੀਂ ਦੇਤ ਹੈ। ਬਹੁਰ ਕੈਸੋ ਹੈ? ਤਿਲ ਕੋ ਅਰਥ ਜਹਿਤੀ ਲਛਣਾ ਸੋਂ ਥੋਰੀ, ਥੋਰੀ ਭੀ ਚਾਹਿ ਕਿਸੇ ਕੇ ਪਾਸ ਤੇ ਨਹੀਂ ਰਾਖਤ ਹੈ, ਜੋ ਮੈਂ ਇਨ ਕੋ ਸਭ ਕੁਛ ਦੇਤ ਹੋਂ ਇਹੁ ਮੇਰੇ ਕੁਛ ਕਾਜ ਸਵਾਰੇਗੋ; ਇਸ ਤੇ ਆਦਿ ਔਰ ਜੋ ਚਾਹਿ ਹੈਂ, ਸੋ ਥੋਰੀ ਭੀ ਨਹੀਂ ਰਾਖਤ ਹੈ। ਇਤਯਰਥ।

ਪਹਿਲੀ ਤੁਕ ਮੇਂ ਬਿਸੇਖੋਕਤਿ ਅਲੰਕਾਰ। ਕਰਮ ਬਹੁਤ ਹੈਂ ਯਾਂਤੇ ਕਾਰਨ ਜੋ ਹੈ

ਲੇਖਕ ਤਿਨੋਂ ਤੇ ਲਿਖਨੇ ਕੋ ਕਾਰਜ ਨਹੀਂ ਭਯੋ। ਦੂਸਰੇ 'ਦਾਤਾ' ਬਿਸ਼ੇਖ਼ਨ ਸਾਭਿਪ੍ਰਾਯ ਕੇ ਹੈ, ਯਾਂਤੇ ਪਰਕਰਾਲੰਕਾਰ। ਜੇ ਦਾਤਾ ਨਾਮ ਬਿਸ਼ੇਖ਼ਜ ਹੋ ਤੋ ਪਰਕਰਾਂਕੁਰ ਅਲੰਕਾਰ ਹੋ ਜਾਤ ਹੈ। ਔਰ ਤਿਲੁ ਭੀ ਤਮਾਇ ਨਹੀਂ, ਐਸੋ ਦਾਤਾ ਹੈ, ਯਾਂਤੇ ਦੂਸਰੀ ਬਿਨੋਕਤਿ ਭੀ ਹੋਤ ਹੈ। ਲਛਣ-ਕਿਸੀ ਕੁ ਬਾਤ ਬਿਨਾ ਕੋਈ ਆਛੋ ਹੋਇ, ਤਹਾਂ ਦੂਸਰੀ ਬਿਨੋਕਤਿ ਹੋ ਜਾਤ ਹੈ।

ਆਨੰਦ ਘਨ ਨੇ ਇਸ ਤੁਕ ਕੋ ਅਰਥ ਕਰਮਨ ਕੇ ਊਪਰ ਲਗਾਯੋ ਹੈ। ਤਿਸੁ ਪਰ ਪ੍ਰਸ਼ਨ: ਜੇ ਗੁਰੂ ਜੀ ਕਰਮਨ ਕਾ ਅਰਥ ਰਾਖਤੇ ਤੋਂ ਐਸੇ ਲਿਖਤੇ: 'ਬਹੁਤੇ' ਕਰਮ ਲਿਖੇ ਨ ਜਾਇ। ਕਰਮ ਤੋ ਬਹੁਤ ਹੈਂ, ਤਿਨੋਂ ਪਰ ਬਹੁ ਬਾਚੀ ਪਦ ਰਾਖਤੇ। ਕਰਮੁ ਪਾਰਸੀ ਪਦ 'ਕ੍ਰਿਪਾ', ਸੋ ਏਕ ਬਚਨ, ਯਾਂਤੇ ਗੁਰੂ ਜੀ ਨੇ ਏਕ ਬਾਚੀ ਪਦ ਰਾਖਜੋ। ਬਹੁ ਬਾਚੀ ਔ ਏਕ ਬਾਚੀ ਜੋ ਪਦ ਹੈਂ ਐਸੀ ਬਾਤ ਭੀ ਨਹੀਂ ਬੁਧਿ ਮੈਂ ਆਈ ਆਨੰਦ ਘਨ ਕੇ; ਔਰ ਅਰਥ ਤੋਂ ਕਹਾਂ ਸਮਝਨੇ ਥੇ। ਜੇ ਕੋਈ ਹਠ ਕਰੇ, ਕਰਮਨਿ ਕੋ ਹੀ ਅਰਥ ਲਗਾਵੈ, ਤਿਸ ਅਰਥ ਪਰ ਗਤਿ ਸੰਸਕ੍ਰਿਤ ਦੋਖ ਹੋਤ ਹੈ।

ਲੱਛਣ-ਸ਼ਬਦ ਸ਼ੁੱਧਿ ਨਹਿ ਕਵਿਤਾ ਮਾਂਹੀ।
'ਗਤਿ ਸੰਸਕ੍ਰਿਤ' ਕਹਤ ਹੈਂ ਤਾਂਹੀ।

ਬਹੁ ਬਾਚੀ ਅਰਥ ਪਰ ਏਕ ਬਾਚੀ ਪਦ ਹੋਤ ਹੈ।

## ਕੇਤੇ ਮੰਗਹਿ ਜੋਧ ਅਪਾਰ ॥

ਅਬ ਕਰਮਨਿ ਕੋ ਦੇਖ ਕਰਿ ਜੋ ਦੇਤ ਹੈ ਸੋ ਕਹਤ ਹੈਂ। ਅਨੇਕਾਨਿ ਅਨੇਕ ਜੋ ਜੋਧਾ ਹੈਂ ਸੋ ਸਰਬ ਹੀ ਪਰਮੇਸਰ ਕੇ ਅਧੀਨ ਹੋਏ ਮਾਂਗਤੇ ਹੈਂ। ਪ੍ਰਸ਼ਨ:-ਕੇਤੇ ਔ ਅਪਾਰ ਪੁਨਰੁਕਤਿ? 'ਕੇਤੇ' ਕਹਨੋ ਤੋਂ 'ਅਪਾਰ' ਨਹੀਂ ਕਹਨੋ ਥੋ, 'ਅਪਾਰ' ਕਹਨ ਤੇ 'ਕੇਤੇ ਨਹੀਂ' ਕਹਨੋ ਥੋ; ਏਕ ਪਦ ਮੈਂ ਅਰਥ ਬਨਤ ਹੈ, ਦੂਜਰੋ ਕੈਸੇ ਕਹਜੋ? ਉੱਤਰ:-ਤਾਂਤੇ ਐਸੇ ਅਰਥ ਕਰਨੋ: ਪਦਾਰਥੁ ਅਪਾਰ ਹੀ ਕਹੀਏ ਅਸੰਖ ਹੀ, ਜੋਧਾ ਅਧੀਨ ਹੋ ਕਰਿ ਕੇਤੇ ਮਾਂਗਤੇ ਹੈਂ। 'ਪਦਾਰਥ' ਕੋ ਅਧਜਾਹਾਰ 'ਮੰਗਹਿ' ਪਦ ਸੋਂ। ਇਤਜਰਥ।

ਇਸ ਤੁਕ ਮੇਂ 'ਕੇਤੇ' ਔ 'ਅਪਾਰ' ਪਦਨਿ ਮੈਂ ਅਰਥਾਬ੍ਰਿਤਦੀਪਕ ਅਲੰਕਾਰ ਹੈ। 'ਕੇਤੇ' ਔ 'ਅਪਾਰ' ਦੋਊ ਪਦ ਅਰਥ ਏਕ।

## ਕੇਤਿਆ ਗਣਤ ਨਹੀ ਵੀਚਾਰੁ ॥

ਜੋਧਿਆਂ ਤੇ ਆਦਿ ਔਰ ਜੇਤੇ ਬਰਨ ਆਸ਼੍ਰਮ ਹੈਂ, ਸੋ ਸਰਬ ਹੀ ਸਦੀਵ ਮਾਂਗਤੇ ਰਹਿਤੇ ਹੈਂ, ਕੋਈ ਕੁਛ ਜਾਚਤੁ ਹੈ, ਕੋਈ ਕੁਛ ਜਾਚਤ ਹੈ। ਤਿਨੋਂ ਕੀ ਗਣਨਾ ਕੋ ਬੀਚਾਰ ਜੇ ਕਰੀਏ ਤੋ ਨਹੀਂ ਹੋਇ ਆਵਤ ਹੈ। ਪ੍ਰਸ਼ਨ:-ਈਹਾਂ ਜੋਧਾ ਕਹਿ ਕਰਿ ਬਹੁਰ ਸਮੁੱਚੈ ਕਹਿ ਦੀਓ। ਔਰ ਸਰਬ ਧਰਮ ਵਾਰੇ ਭੀ ਮਾਂਗਤ ਹੈਂ; ਆਦਿ ਤੋ ਬ੍ਰਹਮਣ ਜਾਤਿ ਕਹੀ ਹੁਤੀ, ਜੋਧਜੋਂ ਤੇ ਆਦਿ ਕੈਸੋ ਕਹਜੋ? ਜੈਸੇ ਕਹਤ ਹੈਂ ਮੇਰ ਤੇ ਆਦਿ ਔਰ ਪਰਬਤ, ਇੰਦ੍ਰ ਆਦਿ ਔਰ ਦੇਵਤੇ, ਜੋ ਸਭ ਸੇ ਮੁੱਖ ਹੋਤ ਹੈ ਤਿਸ ਤੇ ਆਦਿ ਕਹਤ ਹੈਂ;

ਸੋ ਈਹਾਂ ਬਰਨੋਂ ਤੇ ਆਦਿ ਦਿਜ ਕਜੋਂ ਨਹੀਂ ਕਹਜੋ ? ਉੱਤਰ:-ਗੁਰੂ ਜੀ ਕੋ ਅਭਿਪ੍ਰਾਯ ਜੋਧਿਓਂ ਤੇ ਆਦਿ ਕਹਨੇ ਕੋ ਐਸੇ: ਦਿਜ ਜੋ ਹੈਂ ਸੋ ਤੌ ਸਦੀਵ ਹੀ ਜਾਚਕ ਹੈਂ, ਤਿਨ ਕੇ ਕਹਨ ਤੇ ਅਰਥ ਕੀ ਅਧਿਕਤਾ ਨਹੀਂ ਨਿਕਸਤ ਹੈ, ਛੱਤ੍ਰੀ ਕੋ ਧਰਮ ਜਾਚਨ ਕੋ ਨਹੀਂ ਹੈ, ਜੋ ਕਰਿ ਕੈ ਪਦਾਰਥ ਭੋਗਤ ਹੈਂ, ਜੋ ਨਹੀਂ ਜਾਚਤੇ ਹੈਂ, ਅਜਾਚ ਹੈ ਜਿਨ ਕੋ ਧਰਮ। ਐਸੇ ਐਸੇ ਜੋਧਾ ਜਿਸੁ ਪਰਮੇਸਰ ਤੇ ਅਨੇਕ ਹੀ ਸਰਬ ਕਿਛੁ ਮਾਂਗਤ ਹੈਂ, ਔਰਨੋ ਨੇ ਤੌ ਮਾਂਗਨੋ ਹੀ ਹੁਤੋ; ਇਸ ਅਧਿਕਤਾ ਕੇ ਹੇਤ ਕਰਿ ਗੁਰੂ ਜੀ ਨੇ ਜੋਧਿਓਂ ਤੇ ਆਦਿ ਸਰਬ ਕਹੇ।

## ਕੇਤੇ ਖਪਿ ਤੁਟਹਿ ਵੇਕਾਰ ॥

ਕੇਤੇ ਜੋ ਪ੍ਰਾਨੀ ਹੈਂ ਪਰਮੇਸੁਰ ਕੇ ਦੀਏ ਹੂਏ ਬਿਸ਼ਜੋਂ ਕੇ ਸੰਗ ਖਪਿਕੈ ਟੂਟਿ ਰਹਤ ਹੈਂ, ਬਿਕਾਰਨ ਪਰ ਤ੍ਰਿਪਤ ਹੋਨੇ ਮੇਂ ਨਹੀਂ ਆਵਤ ਹੈਂ, ਸਦੀਵ ਹੀ ਬਿਕਾਰਨ ਕੋ ਜਾਚਤੇ ਰਹਤ ਹੈਂ।

## ਕੇਤੇ ਲੈ ਲੈ ਮੁਕਰੁ ਪਾਹਿ ॥

ਔਰ ਕਿਤਨੇ ਐਸੇ ਪ੍ਰਾਨੀ ਭੀ ਹੈਂ, ਸਰਬ ਕੁਛ ਤੋ ਪਰਮੇਸੁਰ ਨੇ ਤਿਨ ਕੋ ਦੀਓ ਹੈ, ਬਹੁਰ ਕਹਤ ਹੈਂ: ਹਮ ਕੋ ਕਿਆ ਦੀਓ ਹੈ, ਔਰ ਜੋ ਕਿਛੁ ਹਮਾਰੇ ਪਾਸ ਹੈ ਤਿਸ ਕੋ ਹਮ ਨੇ ਪੁਰਸ਼ਾਰਥ ਕਰਿਕੇ ਲੀਓ ਹੈ; ਆਪਨੋ ਅਹੰਮਤ ਆਰੋਪਤੇ ਹੈਂ, ਇਹ ਨਹੀਂ ਜਾਨਤੇ ਜੋ ਪਰਮੇਸੁਰ ਨੇ ਤਨ ਆਦਿ ਸਰਬ ਕੁਛ ਦੀਓ ਹੈ।

ਇਸ ਤੁਕ ਮੈਂ ਬੀਪਸਾਲੰਕਾਰ ਹੈ, 'ਲੈ' 'ਲੈ' ਪਦ ਦੋ ਬੇਰ ਕਹਨ ਤੇ।

## ਕੇਤੇ ਮੂਰਖ ਖਾਹੀ ਖਾਹਿ॥

'ਕੇਤੇ' ਕਹੀਏ ਅਨੇਕ ਹੀ ਜੋ ਮੂਰਖ ਹੈਂ ਸੋ ਖਾਤੇ ਹੀ ਖਾਤੇ ਰਹਤ ਹੈਂ। ਈਹਾਂ ਮੂਰਖ ਤਿਸ ਕੋ ਕਹਜੋ ਹੈ ਜੋ ਪਰਮੇਸ਼ਰ ਕੇ ਭਾਣੇ ਪਰ ਤਰਕ ਕਰਤ ਹੈ: ਇਹ ਬਾਤ ਪਰਮੇਸ਼ਰ ਨੇ ਆਛੀ ਨਹੀਂ ਕਰੀ ਹੈ। ਗੁਰੂ ਜੀ ਕੇ ਮਤਿ ਮੇਂ ਜੋ ਭਾਣੇ ਕੋ ਆਛੋ ਨਹੀਂ ਮਾਨਤ ਹੈਂ ਸੋ ਮਹਾਂ ਅਧਮ ਗਿਨੇ ਜਾਤ ਹੈਂ। ਜੇ ਕੋਈ ਪੂਛੇ ਮੂਰਖ ਜੋ ਭਾਣਾ ਆਛੋ ਨਹੀਂ ਮਾਨਤੇ ਅਰ ਖਾਤੇ ਹੀ ਖਾਤੇ ਰਹਤ ਹੈਂ, ਤੌ ਭਾਣਾ ਨਹੀਂ ਆਛੋ ਮਾਨਣੇ ਕਾ ਫਲ ਤਿਨ ਕੋ ਕਿਆ ਭਯੋ ? ਤਿਸ ਪਰ ਗੁਰੂ ਜੀ ਕਹਤ ਹੈਂ :-

## ਕੇਤਿਆ ਦੂਖ ਭੂਖ ਸਦ ਮਾਰ ॥

ਪ੍ਰਿਥਮ ਤੌ ਸੋ ਪ੍ਰਾਨੀ ਨਰਕ ਭੋਗਤ ਹੈਂ ਅਸੰਖ ਹੀ ਬਰਖ, ਬਹੁਰੋ ਜਨਮ ਐਸੇ ਸਥਾਨ ਮੇਂ ਹੋਤ ਹੈ ਜਹਾਂ ਸਦੀਵ ਹੀ ਦਰਦ੍ਰੀ ਰਹੈਂ। ਬਹੁਰ ਸਰੀਰ ਕੋ ਸਦਾ ਹੀ ਦੂਖ ਰੋਗ ਲਗਜੋ ਹੀ ਰਹਤ ਹੈ, ਕਿਸੇ ਰੀਤਿ ਸੋਂ ਭੀ ਸੁਖ ਨਹੀਂ ਪ੍ਰਾਪਤੁ ਹੋਤ ਹੈ। ਪ੍ਰਸ਼ਨ- ਇਹਾਂ ਤੁਕ ਮੈਂ ਨਰਕ ਜਾਨੇ ਕੋ ਪਦ ਤੌ ਨਹੀਂ ਕਹਜੋ, ਅਰਥ ਨਰਕ ਪਰਨ ਕੋ ਕੈਸੇ ਕੀਯੋ ? ਉੱਤਰ-ਇਹ ਰੀਤਿ ਪਰਮੇਸਰ ਨੇ ਅਪਨੀ ਨੇਤ ਮੈਂ ਆਦਿ ਤੇ ਰਚੀ ਹੈ: ਭਲੇ

ਕਰਮ ਕਰ ਸੁਖ ਸਥਾਨ ਮੇਂ ਪਹੁੰਚਤ ਹੈ ਸੁਰਗ ਆਦਿ, ਬੁਰੇ ਕਰਮ ਕਰ ਨਰਕ ਮੇਂ ਪਹੁੰਚਤ ਹੈ; ਤਹਾਂ ਦੋਊ ਸਥਾਨ ਮੇਂ ਅਪਨੇ ਸੁਖ ਦੁਖ ਭੋਗਤੇ ਹੈਂ, ਜਬ ਤਿਨ ਕਰਮਨਿ ਕਾ ਦਸਵਾਂ ਭਾਗ ਰਹਿ ਜਾਤ ਹੈ ਤਬ ਭਾਰਤ ਖੰਡ ਮੇਂ ਬਹੁਰ ਜਨਮ ਧਾਰਤ ਹੈਂ । ਸੋ ਦਸਵਾਂ ਈਹਾਂ ਜਨਮ ਧਾਰਿਕੈ ਭੋਗਤ ਹੈਂ । ਜੋ ਭਾਣੋ ਆਛੋ ਨਹੀਂ ਮਾਨਤ ਹੈਂ ਤਿਨ ਕੀ ਐਸੀ ਦਸ਼ਾ ਹੋਤੀ ਹੈ, ਨਰਕ ਭੋਗ ਕੇ ਬਹੁਰ ਦੂਖ ਭੂਖ ਮੇਂ ਬੈਸ ਬਿਤਾਵਤ ਹੈਂ। ਇਤ੍ਯਰਥ ।

ਇਨ ਦੋਊ ਤੁਕਨ ਮੇਂ ਖਕਾਰ ਕੀ ਬਰਨਮੈਤ੍ਰੀ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ । ਔਰ ਮੂਰਖ ਹੋਨੋ ਭਾਣੇ ਕੋ ਨਹੀਂ ਮਾਨੇ ਤੇ, ਸੋ ਕਾਰਨ, ਦੂਖ ਭੂਖ ਪ੍ਰਾਪਤਿ ਤਿਨ ਕੋ, ਸੋ ਕਾਰਜ, ਦੋਨੋਂ ਕੋ ਏਕ ਸੰਗ ਕਹਿਨ ਤੇ ਹੇਤਾਲੰਕਾਰ ਹੋਤ ਹੈ। ਔਰ 'ਕੇਤੇ' ਪਦ ਸਰਬ ਮੇਂ ਆਵਨ ਤੇ ਉਭਯਾਬ੍ਰਿਤ ਦੀਪਕ ਅਲੰਕਾਰ ਹੈ । ਔਰ ਪਹਿਲੀ ਤੁਲ੍ਯ ਯੋਗਤਾ ਅਲੰਕਾਰ ਭੀ ਹੈ ਦਾਤਿ ਕੋ ਪਸੰਗ ਬਰਨਨ, ਤਿਸ ਮੇਂ ਅਪ੍ਰਸੰਗ ਲੈਬੇ ਕੀ ਕ੍ਰਿਆ ਸਬਨਿ ਮੇਂ ਭਈ, ਯਾਂਤੇ ਤੁਲ੍ਯਯੋਗਤਾ ਹੋਤ ਹੈ।

## ਏਹਿ ਭਿ ਦਾਤਿ ਤੇਰੀ ਦਾਤਾਰ ॥

ਏਹਿ ਜੋ 'ਦਾਤਿ' ਕਹੀਏ ਦੇਨੋ, ਸੋ ਭੀ ਹੇ ਪਰਮੇਸ਼ੁਰ ਤੇਰੋ ਹੀ ਹੈ ! ਜੋ ਪੀਛੇ ਦੂਖ ਭੂਖ ਔਰ ਸਰਬ ਕਹ੍ਯੋ ਹੈ ਇਸ ਤੁਕ ਕੇ ਅਰਥ ਤੇ ਐਸੇ ਜਾਨਣੋ: ਸੰਪੂਰਨ ਜੋ ਪ੍ਰਾਨੀਓਂ ਕੋ ਪ੍ਰਾਪਤਿ ਹੋਤ ਹੈ ਸੁਖ ਦੁਖ ਸਰਬ, ਸੋ ਪਰਮੇਸ਼ੁਰ ਹੀ ਦੇਨਹਾਰੋ ਹੈ, ਸਭ ਕਾਹੇ ਕੋ ਦਾਤਾ ਸੋਈ ਹੈ, ਔਰ ਦੂਸਰੋ ਕੋਈ ਨਹੀਂ । ਅਗ੍ਯਾਨੀ ਜੋ ਨਰ, ਤਿਨ ਕੋ ਉਪਦੇਸ਼ਨ ਕਹ੍ਯੋ, ਜੋ ਜਾਨਤੇ ਹੈਂ ਅਮਕੋ ਪ੍ਰਾਨੀ ਹਮ ਕੋ ਸੁਖ ਦੇਤ ਹੈ, ਅਮਕੋ ਦੁਖ ਦੇਤ ਹੈ, ਪ੍ਰਭ ਕੋ ਦੇਨਹਾਰੋ ਨਹੀਂ ਜਾਨਤ ਹੈਂ, ਤਿਨ ਪ੍ਰਾਨੀਓਂ ਕੋ ਦੇਨਹਾਰੋ ਜਾਨ ਕਰਿ ਅਪਨੇ ਇਸ਼ਟ ਅਨਿਸ਼ਟ ਕਲਪ ਕਰਿ ਰਾਗ ਦ੍ਵੇਖ ਮੇਂ ਪਚਿਤ ਹੈਂ । ਸੋ ਏਕ ਪ੍ਰਭੂ ਕੋ ਦਾਤਾ ਜਾਨੇ ਜੇ ਕਲ੍ਯਾਨ ਕੋ ਚਾਹਤ ਹੈ ਇਤ੍ਯਰਥ।

ਦਾਤਾਰੁ ਪਦ ਸੇ ਬਿਸ਼ੇਖਨ ਪ੍ਰਭ ਕੋ ਸਾਭਿਪ੍ਰਾਯ ਕੋ ਹੈ, ਦਾਤਿ ਕੇ ਪ੍ਰਸੰਗ ਮੇਂ ਹੈ ਯਾਂਤੇ ਪਰਕਰਾਲੰਕਾਰ । ਤਕਾਰ ਬਹੁਤ ਬੇਰਿ ਆਵਨ ਤੇ ਬ੍ਰਿਤ੍ਯਾਨੁਪ੍ਰਾਸ ਹੈ । ਦਾਤਿ ਕਾਰਜ ਦਾਤਾ ਕਾਰਨ, ਇਕਤ੍ਰ ਕਹਿਨ ਤੇ ਹੇਤਾਲੰਕਾਰ।

ਪਿਛਾਰੀ ਕ੍ਰਿਪਾ ਸੋਂ ਦੇਨੋ ਨਹੀਂ ਕਹ੍ਯੋ ਥੋ, ਦੋ ਤੁਕ ਮੇਂ ਐਸੇ ਕਹ੍ਯੋ ਹੁਤੋ 'ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥' ਕ੍ਰਿਪਾ: ਕਰਿਕੈ ਕਿਆ ਦੇਤ ਹੈ ਸੋ ਨਹੀਂ ਕਹ੍ਯੋ ਥੋ, ਬਹੁਰ ਕਰਮ ਜੈਸੇ ਕਰੇ ਹੈਂ ਤੈਸੀ ਦਾਤਿ ਦੇਤ ਹੈ ਯਹ ਬਰਨਨ ਸਰਬ ਤੁਕਨ ਮੇਂ ਭਯੋ, ਅਗਾਰੀ ਕ੍ਰਿਪਾ ਦ੍ਰਿਸ਼ਟਿ ਸੋਂ ਜੋ ਦੇਤ ਹੈ ਸੋ ਕਹੀਅਤੁ ਹੈਂ। ਪੂਰਬ ਕੇ ਅਰਥਨਿ ਪਰ ਜੇ ਕੋਊ ਅਸ਼ੰਕਾ ਕਰੇ: ਜੋ ਸਰਬ ਮਾਂਗਤੇ ਹੈਂ ਤੌ ਦੇਤ ਹੈ, ਇਸ ਮੇਂ ਕਰਮਨਿ ਕੋ ਅਰਥ ਕੈਸੇ ਜਾਨਿਯੇ ? ਤਿਸ ਪਰ ਉੱਤਰ:- ਜੈਸੇ ਪੂਰਬਲੇ ਜਨਮ ਕੇ ਕਰਮ ਕਰੇ ਹੈਂ ਤਿਨ੍ਹੂੰ ਨੇ ਤੈਸੇ ਹੀ ਫਲ ਦੇਨੋ ਹੈ । ਸੋਈ ਕਰਮ

ਆਪਨੇ ਫਲ ਕੇ ਅਨੁਸਾਰ ਸਰਬ ਕ੍ਰਿਯਾ ਕਰਾਵਤ ਹੈਂ ਪ੍ਰਾਨੀਓਂ ਤੇ । ਤੈਸੇ ਹੀ ਪਰਮੇਸ਼ੁਰ ਤੇ ਮੰਗਵਾਵਤ ਹੈਂ, ਯਾਂਤੇ ਮੂਲ ਕਰਮ ਹੀ ਹੈਂ ਤਿਸ ਦਾਤ ਕੇ, ਅਬ ਕ੍ਰਿਪਾ ਦ੍ਰਿਸ਼ਟਿ ਕੀ ਦਾਤ ਕੋ ਕਹਤ ਹੈਂ।

## ਬੰਦਿ ਖਲਾਸੀ ਭਾਣੈ ਹੋਇ ॥

ਕਰਮ ਕੇ ਜੋ ਬੰਧਨ ਹੈਂ ਤਿਸ ਬੰਧ ਤੇ 'ਖਲਾਸੀ' ਕਹੀਏ 'ਛੂਟਨੋ' ਸੋ ਤੇਰੈ ਭਾਣੈ ਕਰਿਕੈ ਹੋਤ ਹੈ । ਜਿਸ ਪਰ ਅਪਨੀ ਦ੍ਰਿਸ਼ਟਿ ਕਰਤ ਹੈ ਤਿਸ ਕੋ ਕਰਮ ਕੀ ਅਹੰਤਾ ਤੇ ਨਿਵਿਰਤ ਕਰ ਦੇਤ ਹੈ । ਜਬ ਅਹੰਤਾ ਕਰਮ ਕਰਨੇ ਕੀ ਹਟੀ ਤਬ ਬੰਧਨ, ਜੋ ਜਨਮ ਮਰਨ ਕੇ ਦੇਨਹਾਰੇ, ਸੋ ਮਿਟ ਜਾਤ ਹੈਂ । ਬੰਧਨ ਕੋ ਮੂਲ ਅਹੰਤਾ ਹੀ ਹੈ । ਇਹ ਬਾਤ ਜਬ ਤੁਝ ਕੋ ਭਾਵਤੀ ਹੈ ਤਬ ਬੰਦ ਤੇ ਖਲਾਸ ਹੋਤਾ ਹੈ।

## ਹੋਰੁ ਆਖਿ ਨ ਸਕੈ ਕੋਇ ॥

ਜੇ ਤੁਝ ਕੋ ਬੰਦ ਤੇ ਖਲਾਸ ਕਰਨ ਕਿਸ਼ੀ ਕੋ ਨਹੀਂ ਭਾਵੈ ਤੌ ਦੂਸਰੋ ਐਸੋ ਔਰ ਕੋਈ ਨਹੀਂ ਹੈ ਜੋ ਕਹੈ: ਹੇ ਪ੍ਰਭੂ ਜੀ ਇਸ ਕੀ ਬੰਦ ਖਲਾਸੀ ਕਰ ਦੇ। ਐਸੇ ਤੋ ਸੋਈ ਕਹੈਗੋ ਜੌ ਸਮਾਨ ਹੋਇਗੋ; ਕੈ ਅਧਿਕ ਹੋਇਗੋ; ਸੋ ਅਧਿਕ ਅਰ ਬਰੋਬਰ ਕੋ ਔਰ ਕੋਈ ਨਹੀਂ । ਵਾ ਔਰ ਅਰਥ ਇਨ ਤੁਕਨ ਕੋ: 'ਬੰਦਿ ਖਲਾਸੀ ਭਾਣੈ ਹੋਇ' ਬੰਧਨ ਕਿਸੇ ਕੋ ਕਰਨੋ, ਕਿਸੇ ਕੋ ਖਲਾਸ ਕਰਨੋ, ਸੋ ਆਪਨੀ ਮਰਜ਼ੀ ਸੈਂ ਕਰਤ ਹੈ, ਜੋ ਭਾਵਤ ਹੈ । 'ਹੋਰੁ ਆਖਿ ਨ ਸਕੈ ਕੋਇ' ਬੰਧਨ ਕਰਨ ਵਾ ਖ਼ਲਾਸ ਕਰਨ ਇਸ ਕੋ ਔਰ ਕੋਈ ਭੀ ਨਹੀਂ ਕਹਿ ਸਕਤਿ ਹੈ । ਵਾ ਔਰ ਅਰਥ:-ਬੰਦ ਤੇ ਖਲਾਸ ਤੇਰੇ ਭਾਣੈ ਆਛੋ ਮਾਨੇ ਤੇ ਹੋਤ ਹੈ । 'ਹੋਰੁ ਆਖਿ ਨ ਸਕੈ ਕੋਇ' ਭਾਣੇ ਆਛੇ ਮਾਨਣੇ ਤੇ ਕਿਉਂ ਖਲਾਸ ਕਰਤ ਹੈ, ਔਰ ਤੇ ਕਿਉਂ ਨਹੀਂ ਕਰਤ ? ਇਸ ਬਾਤ ਕੋ ਕੋਈ ਭੀ ਨਹੀਂ ਕਹਿ ਸਕਤ ਹੈ। ਇਤਜਰਥ।

ਇਨ ਦੋਊ ਤੁਕਨ ਮੇਂ ਕਾਵਜਲਿੰਗ ਅਲੰਕਾਰ । ਬੰਦ ਔ ਖਲਾਸੀ ਤੇਰੇ ਭਾਣੇ ਮੇਂ ਹੈ, ਇਹ ਤੌ ਅਰਥ ਸਮਰਥਨੀਯ, ਇਹ ਬਾਤ ਹੋਰ ਕੋਈ ਆਖਿ ਨਹੀਂ ਸਕਤ ਹੈ: ਜੋ ਇਉਂ ਨਹੀਂ ਕਰੇ, ਪੂਰਬਲੇ ਭਾਣੇ ਕੋ ਅਰਥ ਸਪਸ਼ਟ ਕਰਜੋ, ਯਾਂਤੇ ਕਾਵਜਲਿੰਗ । ਔਰ ਸਰਬ ਤੇ ਬਰਜ ਕਰਿ ਭਾਣੇ ਤੇ ਬੰਦ ਖਲਾਸ ਹੋਨ ਠਹਿਰਾਯੋ, ਯਾਂਤੇ ਪ੍ਰਸੰਖਜਾਲੰਕਾਰ ਭੀ ਹੈ।

## ਜੇ ਕੋ ਖਾਇਕੁ ਆਖਣਿ ਪਾਇ ॥

'ਖਾਇਕੁ' ਨਾਮ ਤਿਨ ਕੋ ਜੋ ਪਰਮੇਸਰ ਕੇ ਭਾਣੇ ਪਰ ਤਰਕ ਕਰੇ ਹੈਂ । ਸ੍ਰੀ ਗ੍ਰੰਥ ਸਾਹਿਬ ਮੇਂ ਯਹ ਨਾਮ ਏਕ ਸਥਾਨ ਔਰ ਭੀ ਹੈ:-

'ਬਾਉ ਨਾਹੀ ਖਾਇਕਾ ॥' [ਵਾਰ ਸਿਰੀ ਰਾਗੁ ਮ: ੧-੨

ਤਹਾਂ ਭੀ ਯਹੀ ਅਰਥ । ਜੋ ਜੇ ਕਹਿਨ ਕੋ ਪਰੈ: ਕਿਆ ? ਜੋ ਪਰਮੇਸਰ ਯਹ ਬਾਤ ਆਛੀ ਨਹੀਂ ਕਰਤ, ਇਸ ਤੇ ਆਦਿ ਆਪਨੇ ਦੁਖ ਸੁਖ ਦੇਖ ਕਰਿ, ਵਾ ਪਰ ਕੇ ਦੁਖ ਸੁਖ ਦੇਖ ਕਰਿ, ਵਾ ਬੰਧਨ ਮੁਕਤਿ ਕਰਨ ਮੇਂ ਆਪਿ ਔ ਪਰ ਕੋ ਦੋਸ਼ ਅਰੋਪਤਿ ਹੈ

ਈਸ਼ੁਰ ਮੇਂ; ਸੋ ਤਿਸ ਕੇ ਕਹੇ ਤੇ ਹੋਤਾ ਤੌ ਕੁਛ ਭੀ ਨਹੀਂ ਪਰੰਤੂ ਜੋ ਤਿਸ ਕੀ ਦਸ਼ਾ ਹੋਤ ਹੈ ਸੋ ਕਹਿਤ ਹੈਂ ।

## ਓਹੁ ਜਾਣੈ ਜੇਤੀਆ ਮੁਹਿ ਖਾਇ ॥

ਜਿਤਨੀ ਸਜਾਇ ਤਿਸ ਕੇ ਮੁਖ ਪਰ ਮਿਲਤੀ ਹੈ ਤਿਸ ਸਜਾਇ ਕੋ ਸੋਈ ਜਾਨਤ ਹੈ, ਕਛੁ ਕਹਿਨ ਮੇਂ ਨਹੀਂ ਆਵਤ ਜੋ ਏਤੀਕ ਦੇਤਾ ਹੈ । ਜੋ ਅਤਿ ਅਧਿਕ ਦੁਖ ਵਾ ਅਤਿ ਅਧਿਕ ਸੁਖ, ਤਿਸ ਕੋ ਸੋਈ ਜਾਨਤ ਹੈ ਜਿਸ ਕੋ ਹੋਤ ਹੈ, ਔਰ ਨਹੀਂ ਲਖ ਸਕਤਿ ਹੈ । ਪ੍ਰਸ਼ਨ-ਮੁਹ ਪਰ ਸਜਾਇ ਹੋਤ ਹੈ ਯਹ ਕੌਨ ਕਾਰਨ ? ਉੱਤਰ-ਪਰਮੇਸੁਰ ਕੇ ਦਰਬਾਰ ਨਜਾਂਇਂ ਹੋਤ ਹੈ, ਜਿਸ ਇੰਦ੍ਰੀ ਸੇਂ ਜੈਸੋ ਪਾਪ ਕਰਤ ਹੈ ਤਿਸ ਇੰਦ੍ਰੀ ਦਵਾਰਾ ਤਿਸ ਕੋ ਤੈਸੋਈ ਦੁਖ ਭੋਗਾਈਤਾ ਹੈ । ਪ੍ਰਾਣੀ ਜੋ ਅਸਮਰਥ ਹੈਂ ਸੋ ਪਰਮੇਸਰ ਸਮਰਥ ਕੋ ਕਾਰਜ ਕੁਛ ਭੀ ਨਹੀਂ ਬਿਗਾਰ ਸਕਤ ਹੈਂ, ਇਕ ਜ਼ੁਬਾਨ ਸੇ ਨਿੰਦਾ ਪਰੇ ਕਰੈਂ; ਸੋ ਮੁਖ ਕਰਿ ਕੈ ਨਿੰਦਾ ਕਰੀ ਹੁਤੀ ਤਿਸ ਮੁਖ ਪਰ ਹੀ ਸਜ਼ਾਇ ਅਨੇਕ ਤਰਹ ਕੀ ਮਿਲਤ ਹੈ । ਇਤਯਰਥ।

'ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥' ਇਨ ਦੋਊ ਤੁਕਨ ਮੇਂ 'ਆਖਿ ਨ' 'ਆਖਣਿ' ਪਦ ਤੇ ਲਾਟਾਨੁਪ੍ਰਾਸੁ ਅਲੰਕਾਰ, ਭਾਵ ਭਿੰਨ ਹੈਂ: 'ਆਖਿ ਨ ਸਕੈ' 'ਆਖਣਿ ਪਾਹਿ' । ਔਰ ਖਾਇਕੁ ਜੋ ਕਹਤ ਹੈਂ ਪਰਮੇਸੁਰ ਕੋ ਦੋਸ਼, ਸੋ ਤੌ ਕਾਰਨ, ਅਗਲੀ ਤੁਕ ਮੇਂ ਸਜਾਇ ਤਿਨ ਕੋ, ਸੋ ਕਾਰਜ, ਦੋਊ ਸੰਗ ਮੈਂ ਕਹਿਨ ਤੇ ਹੇਤਾਲੰਕਾਰ ।

## ਆਪੇ ਜਾਣੈ ਆਪੇ ਦੇਇ ॥

ਪ੍ਰਾਨੀ ਕੇ ਕਰਮ ਕੋ ਆਪ ਹੀ ਪਰਮੇਸੁਰ ਜਾਨਤਾ ਹੈ, ਤਿਨ ਕਰਮਨ ਕੇ ਅਨੁਸਾਰ ਤਿਨ ਕੋ ਸੁਖ ਦੁਖ ਦੇਤ ਹੈ । ਇਸ ਪ੍ਰਕਾਰੁ ਸਰਬਗਜ ਈਸ਼ਰ ਕੇ ਭਾਣੇ ਕੋ ਜਾਣਿਕੈ ਪ੍ਰਾਨੀ ਸਦਾ ਹੀ ਆਛੋ ਮਾਨੇ, ਤਨਕ ਭੀ ਤਰਕ ਨਾ ਕਰੇ; ਐਸੇ ਬਿਚਾਰੇ: ਜੋ ਮੈਂ ਅਲਪਗ ਹੌਂ, ਕਿਸੀ ਬਾਤ ਕੀ ਭੂਤ ਭਵਿਖਤ ਕੀ ਮੋ ਕੋ ਗਜਾਤਾ ਨਹੀਂ, ਕਰਨਵਾਰੋ ਸਰਬ ਗਜਾਤਾ-ਵਾਨ ਹੈ, ਸਰਬ ਕੋ ਈਸੁਰ ਹੈ, ਫੇਰ ਸਰਬ ਕੌ ਸਾਮਾਨ ਹੈ, ਬਹੁਰ ਅਨਜਾਇ ਨਹੀਂ ਕਰਤ ਹੈ, ਜੋ ਕਰਤ ਹੈ ਸੋ ਭਲੀ ਹੀ ਕਰੈਗੋ। ਐਸੇ ਜਾਨਿਕੈ ਸਦਾ ਹੀ ਆਨੰਦ ਰਹੈ, ਪਰਮੇਸੁਰ ਕੀ ਤਰਫ ਤੇ ਕਬਹੀ ਦੁਖਤ ਨਹੀਂ ਹੋਇ । ਜੇ ਕੋਈ ਪੂਛੈ: ਭਾਣੇ ਕੋ ਮਾਨਿਕੈ ਆਛੋ ਭੀ ਕਹਤ ਹੈ ਕੋਈ ? ਇਸ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਕਹਤ ਹੈਂ:-

## ਆਖਹਿ ਸਿ ਭਿ ਕੇਈ ਕੇਇ ॥

ਪਰਮੇਸੁਰ ਕੇ ਕਰਤਬ ਕੋ 'ਆਖਹਿ ਸਿ' ਕਹੀਏ ਕਹਤ ਹੈਂ 'ਭਿ ਕੇਈ ਕੇਇ' ਅਰਥ ਇਹ ਕਿ ਬਿਰਲੇ ਹੀ ਪੁਰਖ ਐਸੇ ਹੈਂ ਜੋ ਪਰਮੇਸੁਰ ਕੇ ਭਾਣੇ ਕੋ ਆਛੋ ਕਹਤ ਹੈਂ। ਵਾ ਜੋ ਕੋਈ ਕਹੈ ਇਸ ਰੀਤਿ: ਸੋ ਤੌ ਬਹੁਤ ਕਹਤ ਹੈਂ : ਜੋ ਆਪ ਹੀ ਜਾਨਤਾ ਹੈ ਸਰਬ ਕੋ, ਆਪ ਹੀ ਦੇਤਾ ਹੈ; ਤਿਸ ਪਰ ਸਾਹਿਬ ਜੀ ਕਹਤ ਹੈਂ: 'ਭਿ ਕੇਈ ਕੇਇ' ਤਿਨ ਕਹਿਨ-

ਵਾਰਜੋਂ ਮੇਂ ਭੀ ਕੋਈ ਕੋਈ ਭਾਣੇ ਕੋ ਆਛੇ ਮਾਨਤ ਹੈ । ਅਰਥ ਇਹ ਕਿ ਕਹਿਨਵਾਰੇ ਤੇ ਅਨੇਕ ਹੋ ਜਾਤ ਹੈਂ, ਤਿਨ ਮੈਂ ਕਮਾਵਨ ਵਾਰੇ ਕੋਈ ਕੋਈ ਹੋਤ ਹੈ। ਏਕ ਤੇ ਕਹਨਿਵਾਰੇ ਤਿਨ੍ਹੋਂ ਮੈਂ ਬਿਸ਼ੇਖ ਕਮਾਵਨਹਾਰੇ । ਤਿਨ੍ਹੋਂ ਕੇ ਬੀਚ ਭੀ ਔਰ ਵਿਸ਼ੇਸ਼ਤਾ ਵਾਰੇ ਜੋ ਹੈਂ ਤਿਨ ਕੋ ਸਤਿਗੁਰ ਕਹਤ ਹੈਂ:-

## ਜਿਸਨੋ ਬਖਸੇ ਸਿਫਤਿ ਸਾਲਾਹ ॥

ਤਿਨ ਭਾਣਾ ਮਾਨਨਿਵਾਰਜੋਂ ਮੇਂ ਤੇ ਜਿਸ ਕੋ ਆਪਣੀ ਸਿਫਤਿ ਬਖਸ਼ਤ ਹੈ ਸੋ ਆਛੇ ਹੈਂ । ਨਿਤਪ੍ਰਤਿ ਪਰਮੇਸ਼ੁਰ ਕੀ ਜੋ ਸਿਫਤ ਹੈ, ਤਿਸ ਕੋ ਸਾਲਾਹਤ ਰਹਤ ਹੈਂ । ਅਰਥ ਇਹ ਕਿ ਪਰਮੇਸ਼ੁਰ ਕੋ ਜੋ ਜਸ ਹੈ ਤਿਸ ਕੀ ਉਸਤਤਿ ਕਰਤੇ ਰਹਤ ਹੈਂ । ਸੋ ਕੈਸੇ ਜਸੁ ਹੈ ? ਅਨੇਕ ਬ੍ਰਹਮੰਡੋਂ ਮੇਂ ਪੂਰਨ ਹੋਇ ਰਹਜੋ ਹੈ। ਜੀਵ ਜੇ ਨਿਰਗੁਨ ਹੈਂ ਤਿਨ ਕੋ ਸਰਬ ਕੁਛ ਦੇਤ ਹੈ, ਤਮਾਇ ਤੇ ਬਿਨਾ, ਐਸੇ ਜਾਨ ਕਰਿ ਗੁਨ ਬਰਨਨ ਸਦਾ ਕਰਤ ਹੈਂ; ਸਤਿਨਾਮ ਕੇ ਸਿਮਰਨ ਸੋਂ ਲਗੇ ਹੈਂ । ਐਸੇ ਸੁਨ ਕਰਿ ਜੇ ਸਿਖ ਬੂਝੈ: ਪ੍ਰਥਮ ਤੋ ਤੁਮ ਨੇ ਕਹਜੋ 'ਆਪੇ ਜਾਣੈ ਆਪੇ ਦੇਇ' ਇਸ ਬਾਤ ਕੋ ਕੋਈ ਕਹਤ ਹੈ, ਬਹੁਰ ਕਹਯੋ: ਤਿਨ ਮੇਂ ਭਾਣਾ ਮਾਨ ਕਰਿ ਪ੍ਰਸੰਨ ਬਿਰਲੇ ਹੀ ਰਹਤੇ ਹੈਂ, ਪੁਨਾ ਕਹਜੋ: ਤਿਨ ਮੈਂ ਤੇ ਭੀ ਜਿਸ ਕੋ ਸਿਫਤਿ ਸਤਿਨਾਮੁ ਕੀ ਬਖਸ਼ਤ ਹੈ, ਇਤਨੀ ਦੁਰਲੱਭਤਾ ਸਰਬ ਮੇਂ ਜਤਾਈ; ਪੁਨਾ: ਜਿਸ ਕੋ ਸਭੁ ਕਿਛੁ ਪ੍ਰਾਪਤਿ ਭਯ ਤਿਸ ਕੋ ਲਾਭ ਕੌਨ੍ ? ਸੋਈ ਸਤਿਗੁਰ ਕਹਤ ਹੈ:-

## ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਤਿਸ ਕੋ ਸਰਬ ਕੁਛ ਹੀ ਪ੍ਰਾਪਤ ਹੋਤ ਹੈ, ਐਸੀ ਵਸਤੁ ਕੋਈ ਨਹੀਂ ਜੋ ਤਿਸ ਕੋ ਅਲਭੁ ਹੋਇ, ਪਾਤਿਸ਼ਾਹੀ, ਅਨੇਕ ਜੋ ਪਾਤਿਸ਼ਾਹ ਜਗਤ ਕੇ ਹੈਂ । ਕਿੰਵਾ ਅਨੇਕ ਬ੍ਰਹਮੰਡੋਂ ਕੇ ਜੋ ਪਾਤਿਸ਼ਾਹ ਹੈਂ ਤਿਨ ਸਭ ਕੋ ਪਾਤਿਸ਼ਾਹ ਹੋਤ ਹੈ । 'ਪਾਤਿਸਾਹੀ' ਪਦ ਮੇਂ ਜੋ 'ਹੀ' ਹੈ ਤਿਸ ਕੇ ਦੀਰਘ ਇਕਾਰ ਮੇਂ ਬਹੁ ਸ਼ਬਦ ਹੋਤ ਹੈ, ਬਿੰਦੁ ਕੇ ਸਮੇਤ, ਸੋ ਬਿੰਦਾ ਔਰ ਅਧਿਕ ਊਪਰਲੀ, ਇਨ ਦੋਊ ਕੋ ਆਦਿ ਗ੍ਰੰਥ ਸਾਹਿਬ ਮੇਂ ਅਭਾਵ ਹੈ, ਪਠਨਿ ਮੇਂ ਆਵਤ ਹੈ, ਜੇ ਨਾ ਪੜੇ ਤੋ ਅਰਥ ਤੇ ਅਨਰਥ ਹੋਤ ਹੈ। ਪ੍ਰਮਾਣ:- 'ਵਡਾ ਸਾਹਿਬੁ ਵਡੀ ਨਾਈ ॥'

ਇਸ ਮੇਂ 'ਨਾਂਈ' ਪਠਨ ਮੇਂ ਅਰਥ ਆਛੇ ਹੋਤ ਹੈ । ਤੇ 'ਨਾਈ' ਕੋ ਅਰਥ ਨਹੀਂ ਬਨਤ ਹੈ । ਐਸੇ ਹੀ ਅਨੇਕ ਸਥਾਨੋਂ ਮੇਂ ਯਹਿ ਰੀਤਿ ਹੈ । ਗੁਰੂ ਅਰਜਨ ਜੀ ਕੋ ਭੀ ਬਚਨ ਹੈ, ਜਿਸ ਸਮੇਂ ਗ੍ਰੰਥ ਸਾਹਿਬੁ ਪੂਰੋ ਲਿਖਜੋ ਗਯੋ ਹੈ, ਤਬ ਕਿਸੀ ਸਿਖ ਨੇ ਅਰਦਾਸ ਕਰੀ ਹਜ਼ੂਰ ਮੇਂ: ਬਿੰਦਾ ਔਰ ਅਧਿਕ ਇਨ ਕੋ ਘਾਟੋ ਰਹਜੋ ਗ੍ਰੰਥ ਸਾਹਿਬ ਮੇਂ । ਸਾਹਿਬ ਜੀ ਨੇ ਕਹਜੋ: ਅਬ ਨਹੀਂ ਲਗਤ ਹੈ, ਸਿਖਜ ਬੁਧਿਵਾਨ ਅਗਾਰੀ ਆਪ ਹੀ ਤਿਸੀ ਰੀਤਿ ਪਠਿ ਕਰਿ ਅਰਥ ਕੋ ਕਰੈਂਗੇ। ਯਾਂਤੇ ਈਹਾਂ 'ਪਾਤਿਸਾਹੀਂ' ਕੋ ਅਰਥ ਹੋਤ ਹੈ । ਕਿੰਵਾ ਪਾਤਿਸਾਹੀ ਨਾਮ ਪਾਤਿਸ਼ਾਹਿਤ ਕੋ; ਸਰਬ ਪਾਤਿਸ਼ਾਹਿਤ ਕੋ ਪਾਤਿਸ਼ਾਹ ਹੋਤ ਹੈ । ਅਰਥ ਇਹ ਜੋ ਬ੍ਰਹਮ ਸਰਬ ਕੋ ਪ੍ਰੇਰਕ ਨਾਇਕ ਹੈ, ਸੋ ਸਰੂਪ ਹੋ ਜਾਤ ਹੈ । ਜੋ

ਬਖ਼ਸ਼ੀਸ਼ ਪੂਰਬ ਕਹੀ ਹੋਈ ਹੋਈ ਬਨਤੰ ਹੈ, ਸੋ ਐਸੇ ਹੋਇ ਜਾਤ ਹੈ, ਅਰੁ ਕਰਮਨ ਕੀ ਦਾਤਿ ਜੈਸੇ ਕੋਈ ਕਰੇ ਹੈ ਤੈਸੀ ਬਨਤ ਹੈ ਤਹਾਂ, ਬਖ਼ਸ਼ਿਸ਼ ਕਹਿਨ ਮੇਂ ਨਹੀਂ ਆਵਤ ਹੈ। ਜੈਸੇ ਕਿਸੇ ਕੀ ਮਜੂਰੀ ਜੇਤੀ ਹੈ ਤੇਤੀ ਹੀ ਦੇ ਦਈ, ਦਾਤਿ ਤੌਂ ਸੋਂ ਭੀ ਹੈ ਪਰੰਤੂ ਬਖ਼ਸ਼ੀਸ਼ ਨਹੀਂ। ਬਖ਼ਸ਼ੀਸ਼ ਯਾਂਕੋ ਨਾਮ: ਜੋ ਏਕ ਗੁਨ ਕਿਸੀ ਕੋ ਦੇਖ ਕਰਿ ਰਾਜਾ ਜੋ ਹੈ ਕੋਟਿ ਤੇ ਆਦਿ ਰਤਨ, ਧਨ, ਸਿਰੋਪਾਓ ਬਖ਼ਸ਼ੇ; ਯਾਂਕੋ ਨਾਮ ਬਖ਼ਸ਼ੀਸ਼। ਤੈਸੇ ਈਹਾਂ ਭੀ ਕਰਮਨਿ ਕੇ ਕਰਨਵਾਰੇ ਮਜੂਰ ਜੋ ਹੈਂ, ਜਿਸ ਕੀ ਜੇਤੀ ਮਿਹਨਤ ਦੇਖਤ ਹੈ ਪਰਮੇਸੁਰ ਸਰਬਗਯ, ਤੇਤੋ ਹੀ ਸੁਖ ਤੇ ਆਦਿ ਦੇਤ ਹੈ। ਜਹਾਂ ਭਾਣਾ ਆਛੇ ਮਾਨਣ, ਇਹ ਗੁਣ ਜਿਸ ਮੇਂ ਦੇਖਤ ਹੈ ਤਿਸ ਕੋ ਬਖ਼ਸ਼ੀਸ਼ ਸਤਿਨਾਮ, ਜੋ ਰਤਨ ਹੈ, ਤਿਸ ਕੀ ਹੋਤ ਹੈ। ਕੈਸਾ ਇਹ ਰਤਨ ਹੈ? ਜਿਸ ਕੋ ਪਾਇ ਕਰਿ ਪਾਤਿਸ਼ਾਹੋਂ ਕਾ ਪਾਤਿਸ਼ਾਹ ਹੋਤ ਹੈ; ਅਰਥ: ਬ੍ਰਹਮ ਰੂਪ ਹੀ ਹੋ ਜਾਤ ਹੈ। ਇਤ੍ਯਰਥ।

ਇਨ ਤੁਕਨ ਚਾਰੋਂ ਮੇਂ ਸਾਰਾਲੰਕਾਰ ਹੋਤ ਹੈ।

ਲਛਣ:-ਜਹ ਉਤਰੋਤਰ ਹੁਇ ਅਧਿਕਾਈ।
ਅਲੰਕਾਰ ਸੋ 'ਸਾਰ' ਕਹਾਈ।

ਇਹਾਂ ਕਹਨ ਵਾਰਜੋਂ ਮੈਂ ਤੇ ਕਮਾਵਨਵਾਰੇ ਬਿਸ਼ੇਸ਼, ਭਾਣੇ ਮੈਂ ਪ੍ਰਸੰਨ ਰਹਿਣੇ ਤਿਨ ਮੈਂ ਜਿਸ ਕੋ ਸਿਫਤ ਕੀ ਬਖ਼ਸ਼ੀਸ਼ ਹੋਇ ਸੋ ਬਿਸ਼ੇਸ਼, ਇਸ ਰੀਤਿ ਸਾਰ ਹੋਤ ਹੈ। 'ਆਪੇ ਜਾਣੈ ਆਪੇ ਦੇਇ' ਇਸ ਤੁਕ ਮੇਂ ਪਰਸੰਖਯਾਲੰਕਾਰ। ਔਰਨ ਤੇ 'ਜਾਨਣੋ' ਅਰ 'ਦੇਨ' ਬਰਜਿ ਕਰਿ ਏਕ ਪਰਮੇਸੁਰ ਮੇਂ ਠਹਿਰਾਯੋ। 'ਆਖਹਿ ਸਿ ਭਿ ਕੇਈ ਕੇਇ'। ਇਸ ਤੁਕ ਮੇਂ 'ਕੇਈ ਕੇਇ' ਤੇ ਬੀਪਸਾਲੰਕਾਰ ਹੈ। 'ਸਿਫਤਿ' ਸਾਲਾਹ' ਮੇਂ ਪੁਨਰੁਕਤਿ-ਵਦਾਭਾਸ ਅਲੰਕਾਰ। ਔਰੁ ਬਖ਼ਸ਼ੀਸ਼ ਸਿਫਤ ਕੀ ਕਾਰਨ ਪਾਤਿਸ਼ਾਹਿ ਬਨਨੋ ਕਾਰਜ ਏਕ ਸੰਗ ਮੇਂ ਕਹਿਨ ਤੇ ਹੇਤਾਲੰਕਾਰ।

[ਪਉੜੀ ਛੱਬੀਵੀਂ]

'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥' 'ਤੂੰ ਸਦਾ ਸਲਾਮਤਿ ਨਿਰੰਕਾਰ ॥' 'ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥' 'ਨਾਨਕ ਪਾਤਿਸਾਹੀ ਪਾਤਿਸਾਹੁ ॥' ਇਨ ਤੇ ਆਦਿ ਔਰ ਭੀ ਪਉੜੀਨ ਕੇ ਅੰਤ ਮੈਂ ਸਾਖ੍ਯਾਤਕਾਰ ਕਹ੍ਯੋ ਹੈ। ਬਾਰਤਾ ਅਬ ਸਮਾਪਤਿ ਭਈ। ਅਬ ਅਗਾਰੀ ਸਾਖ੍ਯਾਤਕਾਰ ਕੇ ਮਹਾਤਮ ਕੋ, ਕਿੰਵਾ ਸ੍ਰਵਨ, ਮਨਨ, ਨਿਦਧ੍ਯਾਸਨ, ਸਾਖ੍ਯਾਤਕਾਰ ਸਰਬ ਕੇ ਮਹਾਤਮ ਕੋ ਬਰਨਨ ਕਰਤ ਹੈਂ:-

## ਅਮੁਲ ਗੁਣ ਅਮੁਲ ਵਾਪਾਰ ॥

ਇਹਾਂ ਸ਼ਾਹੁ ਜੋ ਰਤਨ ਜਵਾਹਰ ਕੇ ਪਾਰਖੂ ਲੇਨ ਦੇਨ ਵਾਰੇ ਹੈਂ, ਤਿਨ ਕੇ ਮਿਸ ਕਰਿ ਸਰੂਪ ਕੀ ਪ੍ਰਾਪਤਿ, ਤਿਸ ਕੀ ਮਹਿਮਾ ਕਹਤ ਹੈਂ। ਮੋਲ ਜਿਸ ਕੋ ਕਰਨ ਅਰ ਕਰਨ ਮੇਂ ਨਹੀਂ ਆਵਤ, ਸੁ ਵਸਤੁ ਅਮੋਲਕ ਹੋਤ ਹੈ। ਕਿੰਵਾ ਮੋਲ ਤਿਸ ਕੋ ਕਹਿਨਿ ਮੇਂ

ਆਵਤ ਹੈ ਜਿਸ ਕੇ ਸਦਰਸ਼ ਔਰ ਭੀ ਹੋ, ਜੋ ਏਕ ਹੀ ਵਸਤੁ ਹੋਇ ਸੋ ਅਮੋਲ ਹੋਤ ਹੈ। ਐਸਾ ਜੋ ਕੋਈ ਜਵਾਹਰ, ਜਿਸ ਕੇ ਸਮਾਨ ਔਰ ਕੋਈ ਨਹੀਂ, ਤਿਸ ਕੇ ਗੁਣ ਪ੍ਰਕਾਸ਼ ਆਦਿ ਸੋ ਭੀ ਅਮੋਲਕ ਹੈਂ, ਕਿਉਂਕਿ ਔਰ ਵਸਤੁ ਜੈਸੇ ਤਿਸ ਮੇਂ ਹੈ ਨਹੀਂ। ਅਰੁ ਵਾਪਾਰੁ ਤਿਸੁ ਜਵਾਹਰੁ ਕੋ ਸੋ ਭੀ ਅਮੋਲਕ ਹੈ, ਕਾਹੇ ਤੇ ? ਦੇਨਵਾਰੇ ਕੋ ਤੋ ਅਨੰਦ ਮਹਾਂ ਹੋਤ ਹੈ ਬਹੁਤ ਦਰਬ ਲੈਕੇ। ਜਵਾਹਰ ਕੋ ਗਾਹਕ ਤਿਸ ਕੇ ਗੁਣ ਦੇਖਿਕੈ ਪ੍ਰਸੰਨ ਹੋਤ ਹੈ: ਐਸੋ ਔਰ ਸਥਾਨ ਮੈਂ ਨਹੀਂ, ਇਹ ਤੋ ਅਰਥ ਬਿਵਹਾਰਕ। ਦੂਸਰੋ ਅਰਥ ਪਰਮਾਰਥ ਪੱਖ:-ਸਾਖਜਾਤਕਾਰ ਜੋ ਮੁਮੋਖੀ ਕੋ ਭਯੋ ਹੈ, ਤਿਸ ਮੇਂ ਜੋ ਗੁਣ, ਸੋ ਅਮੋਲ ਗੁਣ ਕੇ ਲੱਛਣ। ਦਰਬ ਤੇ ਨਜਾਰੇ ਨਹੀਂ ਹੋਇ, ਇੰਦ੍ਰੀ ਗ੍ਰਾਹਯ ਸੋਇ, ਐਸੇ ਹੋਇ ਸੋ ਗੁਣ। ਸੋ ਗੁਣ ਤੀਨ ਪ੍ਰਕਾਰ ਕੇ: ਏਕ ਤੋ ਸਹਜ ਗੁਣ, ਦੂਸਰੇ ਅਹਾਰਜ ਗੁਣ, ਤੀਸਰੋ ਅਵਸਥਾ ਗੁਣ। ਸਹਜ ਗੁਣ ਕੋ ਰੂਪ ਏਹ: ਜੈਸੇ ਛੱਤ੍ਰੀ ਮੇਂ ਸੂਰਤਾ, ਹੰਸ ਮੇਂ ਉੱਜਲਤਾ। ਅਹਾਰਜ ਕੋ ਰੂਪ ਏਹ: ਅਭਯਾਸ ਤੇ ਜੋ ਹੋਇ, ਸ਼ਾਸਤ੍ਰ ਔ ਬਿਦਯਾ ਪਠਨਿ। ਅਵਸਥਾ ਇਹ: ਜੋ ਅਵਸਥਾ ਕਰਕੇ ਹੋਇ, ਜਰਾ ਆਦਿ ਔ ਫਲ ਲਾਲ ਹੋਤ ਹੈ। ਈਹਾਂ ਸਾਖਜਾਤਕਾਰ ਤੇ ਸਹਜ ਗੁਨ ਕੋ ਅਰਥ ਬਨਤ ਹੈ। ਜਬ ਸਾਖਜਾਤਕਾਰ ਭਯੋ ਤਬ ਰਾਗ ਦ੍ਵੈਖ ਕੋ ਤਜ ਕਰਿ ਮਨ ਜੋ ਭਯੋ ਸ਼ਾਂਤਿ, ਤਿਸ ਤੇ ਜੋ ਭਯੋ ਅਨੰਦੁ, ਖੇਦ ਤੇ ਰਹਤ ਹੋਨੋ, ਸੋਈ ਭਏ ਗੁਨ, ਸੋ ਅਮੋਲ ਹੀ ਹੈਂ। ਤਿਨ ਗੁਨੋਂ ਕੇ ਸਮ ਜਗਤ ਮੇਂ ਔਰ ਕੁਛ ਨਹੀਂ ਦੇਖੀਤਾ ਹੈ, ਯਾਂਤੇ ਅਮੋਲ ਹੈਂ। 'ਅਮੁਲ ਵਾਪਾਰ', ਵਾਪਾਰ ਤਿਸ ਕੋ ਕਹਤ ਹੈਂ: ਕੁਛ ਦੈਨੋ ਕੁਛ ਲੈਨੋ। ਈਹਾਂ ਮੁਮੋਖੀ ਅਹੰਤਾ ਅੰਤਹਕਰਣ ਆਦਿ ਕੀ, ਔ ਮਮਤਾ, ਸਤਿਗੁਰੋਂ ਕੋ ਦੇ ਕਰਿ ਸਰੂਪ ਕੀ ਪ੍ਰਾਪਤਿ ਲੇਨੀ, ਐਸੋ ਜੋ ਵਾਪਾਰ ਭਯੋ ਹੈ, ਸੋ ਭੀ ਅਮੋਲ ਹੈ। ਮੁਮੋਖੀ ਭੀ ਅਨੰਦ ਹੋਤ ਹੈ, ਸਤਿਗੁਰ ਭੀ ਬ੍ਰਹਮ ਗਿਆਨੀ ਸਿਖ ਕੋ ਦੇਖ ਅਨੰਦ ਹੋਤ ਹੈਂ। ਇਸੁ ਵਾਪਾਰ ਕੇ ਸਮ ਜਗਤ ਮੈਂ ਔਰੁ ਵਾਪਾਰ ਕਿਤੇ ਨਹੀਂ, ਯਾਂਤੇ ਅਮੋਲ।

## ਅਮੁਲ ਵਾਪਾਰੀਏ ਅਮੁਲ ਭੰਡਾਰ ॥

ਜੋ ਜਵਾਹਰ ਕੋ ਖਰੀਦਤੇ ਹੈਂ ਸੋ ਭੀ ਅਮੋਲ ਹੈਂ, ਕਾਹੇ ਤੇ ? ਜੋ ਐਸੇ ਜਵਾਹਰੁ ਖਰੀਦੈਗੋ, ਜਿਸ ਕੇ ਸਦਰਸ਼ ਔਰ ਨਹੀਂ, ਸੋ ਖਰੀਦਨ ਵਾਰੋ ਭੀ ਧਨ ਦੇਨ ਕੋ ਸਮਰਥ ਏਕ ਹੀ ਹੋਇਗੋ। ਪ੍ਰਥਮ ਤੋ ਏਤੋ ਧਨ ਬੀ ਬਡੇ ਸ਼ਾਹੁ ਕੇ ਪਾਸ ਹੀ ਹੋਇਗੋ, ਜੋ ਔਰ ਪੈ ਏਤੋ ਧਨ ਹੋਇਗੋ ਸੋ ਖਰੀਦੁ ਨਹੀਂ ਸਕੈਗੋ, ਯਾਂਤੇ ਕੋਈ ਬਿਰਲੋ ਹੀ ਬਾਪਾਰੀ ਖਰੀਦਨਵਾਰੋ ਹੈ। ਇਸੀ ਹੇਤ ਤੇ ਸੋ ਅਮੋਲ ਭਯੋ। 'ਅਮੁਲ ਭੰਡਾਰ' = ਅਰੁ ਜਹਾਂ ਖ਼ਜ਼ਾਨੇ ਮੇਂ ਜਵਾਹਰ ਧਰਯੋ ਹੈ ਸੋ ਭੀ ਬਿਕੀਮਤਿ ਹੈ, ਕਿਉਂਕਿ ਜਹਾਂ ਜੈਸੀ ਵਸਤੁ ਧਰੀਤੀ ਹੈ ਤੈਸੋ ਹੀ ਸਥਾਨ ਬਨਨ ਮੇਂ ਆਵਤ ਹੈ। ਦੂਤੀ ਅਰਥ: 'ਅਮੁਲ ਵਾਪਾਰੀਏ' ਕੌਨ ? ਮੁਮੋਖੀ, ਸੋ ਭੀ ਅਮੋਲ ਹੈਂ, ਜਿਨ੍ਹੋਂ ਨੇ ਬ੍ਰਹਮਲੋਕ ਤੇ ਆਦਿ ਸੰਪੂਰਨ ਬਿਸ਼ੇ ਸੁਖ ਕਾਕ ਵਿਸ਼ਟਾ ਕੀ ਨਯਾਈਂ ਜਾਨਿਓ; ਐਸੇ ਹੋਨੋ ਭੀ ਦੁਰਲਭੁ ਹੈ, ਕਿਉਂਕਿ ਪ੍ਰਿਥਮੇ ਤੋ ਜਗਤ ਕੇ ਇਸਤ੍ਰੀ ਆਦਿ ਕੇ ਸੁਖ ਤਿਨ੍ਹੋਂ ਹੀ ਮੇਂ ਫਸ ਜਾਤਿ ਹੈ।

ਇਨ੍ਹੋਂ ਤੇ ਬਚੇ ਪਰਮ ਸੁਖ ਸੁਰਗ ਕੇ, ਅਪੱਸਰਾਂ ਆਦਿ, ਤਿਨ੍ਹੋਂ ਕੋ ਦੇਖਿਕੈ ਫਸ ਜਾਤ ਹੈ। ਤਹਾਂ ਤੇ ਬਚੇ ਬ੍ਰਹਮਲੋਕ ਕੇ ਸੁਖ ਫਸਾਇਂ। ਜੋ ਇਨ ਸਰਬ ਸੁਖੋਂ ਕਾ ਪਰੀਤਯਾਗ ਕਰੇ ਸੋ 'ਵਾਪਾਰੀ' ਕਹੀਏ ਮੁਮੋਖੀ ਬਨਤ ਹੈ, ਐਸੋ ਜੋ ਹੋਤ ਹੈ ਸੋ ਭੀ ਅਮੋਲ ਹੈ। 'ਅਮੁਲ ਭੰਡਾਰ' ਸਤਿਗੁਰੋਂ ਕਾ ਜੋ ਰਿਦਾ ਹੈ, 'ਭੰਡਾਰ' ਕਹੀਏ ਖ਼ਜ਼ਾਨੇਂ ਸੋ ਭੀ ਅਮੋਲ ਹੈ। ਜਹਾਂ ਸਮਤਾ ਤੇ ਆਦਿ ਸਰਬ ਗੁਣ ਸੰਜੁਗਤ ਹੈਂ ਤਹਾਂ ਜਵਾਹਰ ਰੂਪ ਸਾਖਯਾਤਕਾਰ ਸਥਿਤ ਹੈ, ਤਿਸ ਕੇ ਸਮ ਔਰ ਕੁਛ ਨਹੀਂ, ਯਾਂਤੇ ਬਿਕੀਮਤ ਹੈ।

## ਅਮੁਲ ਆਵਹਿ ਅਮੁਲ ਲੈ ਜਾਹਿ ॥

ਤਿਸ ਜਵਾਹਰੁ ਕੇ ਗਾਹਕ ਜੋ ਹੈਂ ਬਡੇ ਸ਼ਾਹੁ, ਤਿਨ ਕੋ ਆਵਨੋ ਭੀ ਸ਼ਾਹੁ ਕੇ ਪਾਸ ਔਰ ਜਵਾਹਰ ਕੋ ਲੈ ਜਾਨੋ, ਸੋ ਭੀ ਅਮੋਲ ਹੀ ਹੈ। ਕਾਹੇ ਤੇ ? ਜੋ ਅਦਭੁਤ ਵਸਤੁ ਹਾਥ ਆਵਤ ਹੈ ਤਹਾਂ ਕੋ ਜਾਨੋ ਆਵਨੋ ਮਹਾਂ ਸਫਲ ਗਿਨਤੇ ਹੈਂ, ਯਾਂਤੇ ਅਮੋਲ। ਦੂਤੀ ਅਰਥ:-ਸਤਿਗੁਰੋਂ ਕੇ ਪਾਸ ਸ਼ਰਧਾ ਧਾਰ ਕਰਿ ਮੁਮੋਖੀ ਜੋ ਗਯੋ ਹੈ ਬਹੁਰ ਆਤਮ ਉਪਦੇਸ਼ ਕੋ ਗ੍ਰਹਨ ਕਰਿ ਆਯੋ ਹੈ, ਇਸ ਜੈਸੋ ਆਵਨੋ ਜਾਨੋ, ਔਰ ਵਸਤੁ ਕੇ ਹੇਤ ਕਰੇ ਤੋ ਇਸ ਕੇ ਸਮ ਨਹੀਂ ਹੈ, ਯਾਂਤੇ ਅਮੋਲ ਹੈ। ਕਿੰਵਾ ਮੁਮੋਖੀ ਕੋ ਜੋ ਜਨਮ, ਜਗਤ ਮੇਂ ਆਵਨੋ ਭਯ ਹੈ, ਸੋ ਆਤਮ ਰੂਪ ਜਾਨਿਕੈ ਲੀਨ ਭਏ ਹੈਂ; ਸੋ ਤਿਨ ਕੋ ਜਨਮ ਭੀ ਅਮੋਲ ਹੈ, ਕਿਉਂਕਿ ਅਨੇਕ ਹੀ ਜਨਮ ਅਨੇਕ ਤਰਹ ਕੇ ਧਾਰੇ ਹੈਂ, ਤਿਨ ਤੇ ਆਵਾਗੌਨ ਨਹੀਂ ਮਿਟਯੋ; ਇਸ ਜਨਮ ਮੇਂ ਸਥਿਤ ਪਦ ਪ੍ਰਾਪਤੁ ਭਯੋ; ਯਾਂਤੇ ਬਿਕੀਮਤ ਹੈ।

## ਅਮੁਲ ਭਾਇ ਅਮੁਲਾ ਸਮਾਹਿ ॥

ਤਿਸ ਜਵਾਹਰੁ ਕੇ ਹੇਤ, ਜੋ ਪਹੁੰਚਕੈ ਮਿਲੇ ਹੈ, ਸੇ ਪਰਸਪਰ 'ਭਾਉ' ਜੋ ਕਰਤ ਹੈਂ, ਸਨਮਾਨ, ਸੋ ਭੀ ਅਮੋਲ ਹੈ। ਔਰ ਜੋ ਦੋਊ ਦਿਸ਼ 'ਸਮਾਹਿ' ਕਹੀਏ ਮਿਲਨੋ ਭਯੋ, ਸੋ ਭੀ ਬਿਕੀਮਤਿ ਹੈ। 'ਸਮਾਹਿ' ਨਾਮ ਮਿਲਨ ਕੋ ਹੈ ਜੈਸੇ ਕਹਤ ਹੈਂ ਜਲ ਮੇਂ ਜਲੁ ਸਮਾਇ ਗਯੋ ਹੈ। ਦੂਤੀ ਅਰਥ:-ਜਬ ਮੁਮੋਖੀ ਕੋ ਉਪਦੇਸ਼ ਸਤਿਗੁਰ ਕੋ ਭਯੋ, ਤਬ ਤਿਸ ਉਪਦੇਸ਼ ਕੋ ਠਹਿਰਾਵਨੋ, ਬ੍ਰਿਤਿ ਕੋ ਉਥਾਨ ਨਹੀਂ ਹੋਨ ਦੇਨੋ, ਯਾਂਕੋ ਨਾਮੁ 'ਭਾਇ'। ਸੋ ਨਿਦਧ੍ਯਾਸਨ ਬਿਕੀਮਤ ਹੈ। 'ਅਮੁਲਾ ਸਮਾਹਿ' ਬ੍ਰਹਮਾਕਾਰ ਬ੍ਰਿਤਿ ਜੋ ਮਿਲਾਇ ਦਈ ਸੋ ਭੀ ਅਮੋਲ ਹੈ। ਕਾਹੇ ਤੇ ? ਜੋ ਅਗਾਰੀ ਅਨੇਕ ਬਿਵਹਾਰੋਂ ਮੇਂ ਬ੍ਰਿਤਿ ਮਿਲਤ ਹੁਤੀ, ਜਬ ਬ੍ਰਹਮ ਮੇਂ ਮਿਲੀ, ਇਸ ਕੇ ਸਮ ਔਰ ਕਹੂੰ ਭੀ ਨਹੀਂ ਭਈ, ਯਾਂਤੇ ਬਿਕੀਮਤ।

## ਅਮੁਲੁ ਧਰਮੁ ਅਮੁਲੁ ਦੀਬਾਣੁ ॥

ਸ਼ਾਹੁ ਜੌਹਰੀ ਹੈਂ, ਤਿਨ ਕੋ ਧਰਮ ਭੀ ਬਿਕੀਮਤ ਹੈ। ਕਿਆ ? ਸਾਚੁ ਬੋਲਤ ਹੈਂ। ਕਿੰਵਾ ਜਿਸ ਜਿਸ ਬਿਵਹਾਰ ਮੇਂ ਜੋ ਕੋਈ ਹੈ ਸੋ ਬਿਵਹਾਰ ਹੀ ਤਿਸ ਕੋ ਧਰਮ ਹੈ। ਜੈਸੇ ਛਤ੍ਰੀ ਕੋ ਧਰਮ ਸ਼ਸਤ੍ਰ ਬਾਂਧਨ ਕੋ ਹੈ, ਵੈਸ਼ ਕੋ ਧਰਮ ਬਨਜ ਕਰਨ ਕੋ ਹੈ,

ਤੈਸੇ ਜਵਾਹਰ ਦੇਨੇਂ ਲੇਨੇ ਤਿਨ ਜੌਹਰੀਨ ਕੋ ਧਰਮ ਹੈ, ਤਿਸ ਧਰਮ ਤੇ ਬਿਕੀਮਤ ਹੀ ਪੈਦਾਇਸ਼ ਤਿਨ ਕੋ ਹੋਤੀ ਹੈ, ਯਾਂਤੇ ਸੋ ਅਮੋਲ। ਅਮੁਲ ਤਿਨ ਕੋ ਦੀਵਾਨ ਹੈ, ਕਯਾ? ਸਭਾ ਲਗਾਇ ਕਰਿ ਜਵਾਹਰ ਕੋ ਜੋ ਪਰਖ ਕਰਤ ਹੈਂ ਖੋਟੇ ਖਰੇ ਕੀ, ਤਹਾਂ ਜੇ ਕੋਈ ਔਰ ਆਇ ਬੈਠੇ ਸੋ ਭੀ ਪਰਖਨੇ ਜਾਨ ਜਾਤ ਹੈ, ਯਾਂਤੇ ਦੀਬਾਣੁ ਭੀ ਬਿਕੀਮਤ ਹੈ। ਕਿੰਵਾ ਅਮੋਲ 'ਦੀ' ਤਿਨ ਕੀ 'ਬਾਣ' ਹੈ, ਕਯਾ? ਤਿਨ ਕੋ ਜੋ ਸੁਭਾਵ ਹੈ ਸੋ ਬਿਕੀਮਤ ਹੈ: ਮਧੁਰ ਬੋਲਬੇ ਤੇ, ਸਰਬ ਕੋ ਸਨਮਾਨ ਕਰਬੇ ਤੇ। ਦੂਤੀ ਅਰਥ:-ਸਤਿਗੁਰ ਜੋ ਹੈਂ ਤਿਨ ਕੋ ਧਰਮ ਸਿਖ੍ਯ ਕੋ ਉਧਾਰ ਕਰਬੇ ਕੋ। ਕਿੰਵਾ ਸਤਿ ਕੋ ਗ੍ਰਹਨ ਕਰਬੋ, ਅਸਤਿ ਕੋ ਤਿਆਗਬੋ, ਸੋ ਭੀ ਬਿਕੀਮਤ ਹੈ। ਕਾਹੇ ਤੇ? ਇਸ ਧਰਮ ਕੀ ਸਮਤਾ ਔਰ ਨਹੀਂ ਕਰ ਸਕਤ ਹੈਂ। ਜੈਸੇ ਜਵਾਹਰ ਕੇ ਰਾਖਨਹਾਰੇ ਤਿਨ ਕੀ ਸ਼ਮਤਾ ਕੋਈ ਨਹੀਂ ਕਰ ਸਕਤ ਹੈ 'ਅਮੁਲੁ ਦੀਬਾਣੁ'-ਤਿਨ ਸਤਿਗੁਰੋਂ ਪਾਸ ਜੋ ਸੰਤਨ ਕੀ ਸਭਾ ਹੈ ਸੋ ਭੀ ਅਮੋਲ ਹੈ, ਜਹਾਂ ਕੇਵਲ ਸਰੂਪ ਕੀ ਹੀ ਬੀਚਾਰ ਹੋਤ ਹੈ। ਕਿੰਵਾ ਸੁਭਾਵ ਤਿਨ ਸਤਿਗੁਰੋਂ ਕਾ ਬਿਕੀਮਤ ਹੈ।

## ਅਮੁਲੁ ਤੁਲੁ ਅਮੁਲੁ ਪਰਵਾਣੁ ॥

'ਤੁਲੁ' ਨਾਮ ਕੰਡੇ ਕੋ, ਜਿਸ ਮੇਂ ਜਵਾਹਰ ਕੋ ਧਰਿਕੈ ਤੋਲਬੋ ਕਰੇ ਹੈਂ, ਸੋ ਭੀ ਬਿਕੀਮਤ ਹੈ। ਅਨੇਕ ਜੋ ਮਾਣਿਕੁ ਤਿਨ੍ਹੋਂ ਕਰ ਜਰਜੇ ਹੋਯੋ ਹੈ। 'ਅਮੁਲੁ ਪਰਵਾਣੁ'- 'ਪਰਵਾਣੁ' ਨਾਮ ਬੱਟੇ ਕੋ ਹੈ; ਜਿਸ ਕੀ ਬਰੋਬਰ ਤੋਲਤ ਹੈਂ, ਘਾਟਾ ਬਾਧਾ ਜਾਨ ਲੇਤ ਹੈਂ, ਸੋ ਭੀ ਬਿਕੀਮਤ ਹੈ। ਕਾਹੇ ਤੇ? ਅਨੇਕ ਉੱਤਮ ਰਤਨ ਮੇਂ ਜਟਜੇ ਹੋਯੋ ਹੈ ਬਡੇ ਜੋ ਧਨਾਢਿ ਲੋਕ ਹੈਂ ਸੋ ਆਪਨੇ ਨਜੀਕ ਵਸਤੁ ਸਭ ਹੀ ਅਤਿ ਉੱਤਮ ਸੁੰਦਰ ਕਰਿ ਰਾਖਤ ਹੈਂ, ਜੋ ਔਰ ਕਿਸੀ ਕੇ ਪਾਸ ਐਸੀ ਹੋਵੈ ਨਹੀਂ, ਯਾਂਤੇ ਅਮੋਲ ਹੈਂ। ਦੂਤੀ ਅਰਥ:- ਸਤਿਗੁਰ ਕੋ ਉਪਦੇਸ਼ ਜੋ ਹੈ ਸੋ ਤੋ ਕੰਡੋ ਹੈ, ਸਤਿਗੁਰ ਕੋ ਰਿਦਾ ਸੋ ਬੱਟਾ ਹੈ, ਤਿਸ ਕੇ ਸੰਗ ਜਬ ਮੁਮੋਖੀ ਅਪਨੇ ਮਨ ਕੋ ਤੋਲ ਕਰਿ ਪੂਰੋ ਉਤਾਰਤ ਹੈ, ਤਬ ਸਰੂਪ ਕੋ ਜਾਨਤ ਹੈ। ਜੈਸੇ, ਰਾਗ ਦ੍ਵੈਸ਼ ਤੇ, ਹੰਤਾ ਮਮਤਾ ਤੇ ਸਤਿਗੁਰ ਕੋ ਮਨ ਸ਼ਾਂਤਿ ਭਯੋ ਹੈ; ਤਿਸ ਉਪਦੇਸ਼ ਦੁਆਰਾ ਬਹੁਰ ਆਪਨੇ ਮਨ ਕੋ ਮੁਨਸਬ ਹੋਇ ਕਰਿ ਲਖਤ ਹੈ। ਉਪਦੇਸ਼ ਰੂਪੀ ਕੰਡੇ ਮੇਂ ਸਤਿਗੁਰ ਕੇ ਰਿਦੇ ਸਮ ਜਬ ਪੂਰੋ ਉਤਰਯੋ ਫੇਰ ਅਬਿਨਾਸੀ ਪਦੁ ਕੋ ਪ੍ਰਾਪਤਿ ਹੋਤ ਹੈ; ਯਾਂਤੇ ਤੁਲ ਔ ਪਰਵਾਣ ਦੋਊ ਬਿਕੀਮਤ ਹੈਂ ਦੋਊ ਅਰਥਨ ਮੇਂ।

## ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਤਿਸ ਜਵਾਹਰ ਕੇ ਖਰੀਦਨਿ ਪਰ ਬਖਸ਼ੀਸ਼ ਜੋ ਭਈ ਪਾਤਿਸਾਹਿ ਕੀ, ਸੋ ਭੀ ਬਿਕੀਮਤ ਹੈ। ਕਾਹੇ ਤੇ? ਜੋ ਐਸੋ ਜਵਾਹਰੁ ਖਰੀਦ ਕੈ ਮੇਰੇ ਪਾਸ ਲਯਾਯੋ, ਜੈਸੋ ਔਰ ਦੂਸਰੋ ਨਹੀਂ ਹੈ ਕਹੂੰ। ਇਸ ਹੇਤ ਤੇ ਪਾਤਿਸ਼ਾਹ ਪ੍ਰਸੰਨ ਹੋ ਕਰਿ ਬਖਸ਼ੀਸ਼ ਬਹੁਤੁ ਕਰੀ। ਔਰ 'ਅਮੁਲੁ ਨੀਸਾਣੁ' ਅਮੁਲ ਨਿਸ਼ਾਨੀ ਤਿਸ ਜੌਹਰੀ ਪਰ ਪਾਈ, ਜੋ ਕਹੀਂ ਭੀ ਜਗਾਤ

੧. ਮਸੂਲ।

ਹਿਤ ਜਗਾਤੀਏ[1] ਅਟਕਾਵੇਂ ਨਹੀਂ। ਸੋ ਤਿਸ ਨਿਸ਼ਾਨੀ ਜੈਸੀ ਔਰ ਨਿਸ਼ਾਨੀ ਨਹੀਂ, ਯਾਂਤੇ ਬਿਕੀਮਤ। ਦੂਤੀ ਅਰਥ:-ਜਬ ਮੁਮੋਖੀ ਅਪਨੇ ਸਰੂਪ ਮੇਂ ਸ਼ਾਂਤਿ ਭਯੋ ਸਤਿਗੁਰ ਕੋ ਉਪਦੇਸ਼ ਪਾਇ ਕਰਿ, ਤਬ ਤਿਸ ਕੋ ਬਖਸ਼ੀਸ਼ ਹੋਤ ਹੈ। ਕਯਾ ? ਅਬਿਚਲ ਪਦ, ਤਿਸ ਪਦ ਕੇ ਸਮ ਔਰ ਪਦਵੀ ਨਹੀਂ; ਯਾਂਤੇ ਬਿਕੀਮਤ। ਬਹੁਰ ਨਿਸ਼ਾਨੀ ਜੋ ਬ੍ਰਹਮ ਗਿਆਨ ਕੀ ਹੈ ਤਿਸ ਤੇ ਕਰਮਨ ਕੋ ਲੇਖਾ ਦੇਨੋ ਧਰਮਰਾਇ ਕੋ, ਤਿਸ ਨਿਸ਼ਾਨੀ ਕੋ ਦੇਖ ਕਰਿ ਕਛੁ ਨਹੀਂ ਕਹਤ ਹੈ, ਇਸ ਨਿਸ਼ਾਨੀ ਜੈਸੀ ਔਰ ਨਹੀਂ, ਯਾਂਤੇ ਬਿਕੀਮਤ।

## ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਤਿਸ ਜੌਹਰੀ ਪਰ 'ਕਰਮੁ' ਕਹੀਏ ਕ੍ਰਿਪਾ ਪਾਤਿਸ਼ਾਹ ਕੀ, ਬਿਕੀਮਤ ਹੀ ਹੋਤ ਹੈ, ਜਵਾਹਰ ਕੋ ਦੇਖ ਕਰਿ, ਜਿਸ ਕ੍ਰਿਪਾ ਜੈਸੀ ਔਰ ਕ੍ਰਿਪਾ ਨਹੀਂ ਹੈ। ਔਰੁ 'ਫੁਰਮਾਣੁ' ਕਹਿਨੋ ਸੋ ਭੀ ਬਿਕੀਮਤ ਹੈ; ਜੋ ਕ੍ਰਿਪਾ ਕਰ ਕਹਤ ਹੈ। ਦੂਤੀ ਅਰਥ:-ਮੁਮੋਖੀ ਜੋ ਹੈ ਤਿਸ ਪਰ 'ਕਰਮੁ' ਕ੍ਰਿਪਾ ਸਤਿਗੁਰੋਂ ਕੀ ਅਮੋਲ ਹੈ, ਉਪਦੇਸ਼ ਕੋ ਫੁਰਮਾਵਨੋ, ਸੋ ਭੀ ਬਿਕੀਮਤ ਹੈ; ਜਿਸ ਤੇ ਐਸੋ ਪਦ ਪ੍ਰਾਪਤ ਭਯੋ ਹੈ। ਇਤ੍ਯਰਥ।

ਇਨ ਆਠਨ ਹੂੰ ਤੁਕਨ ਮੇਂ ਰੂਪਕਾਤਿਸ਼ਜੋਕਤਿ ਅਲੰਕਾਰ। ਵਪਾਰੀ ਤੇ ਆਦਿ ਉਪਮਾਨ ਹੈਂ, ਉਪਮੇਯ ਮੁਮੋਖੀ, ਅਰੁ ਸਤਿਗੁਰ ਊਪਰ ਸੇ ਜਾਨਜੇ ਪਰਤ ਹੈ। ਕਿੰਵਾ ਸ਼ਲੇਖਾਲੰਕਾਰ ਹੈ।

ਲੱਛਨ-ਇਕ ਪਦ ਕੇ ਦ੍ਵੈ ਅਰਥ ਲਖੀਜੈ।
ਸੋ 'ਸ਼ਲੇਖ' ਭੂਖਨ ਕਹਿ ਦੀਜੈ।

ਗੁਣ ਤੇ ਆਦਿ ਜੋ ਪਦ ਹੈਂ ਸੋ ਜਵਾਹਰੁ ਮੇਂ ਭੀ ਲਗਤ ਆਏ ਹੈਂ, ਅਰ ਸਤਿਗੁਰੋਂ ਕੇ ਪਖ ਮੇਂ ਭੀ ਲਗਤ ਆਏ ਹੈਂ, ਯਾਂਤੇ ਸ਼ਲੇਖ। ਕਿੰਵਾ ਆਠਨ ਹੂੰ ਤੁਕਨ ਮੇਂ 'ਅਮੁਲ' ਪਦ ਖੋੜਸ ਬੇਰ ਆਯੋ ਹੈ, ਅਰਥ ਭੀ ਵਹੀ ਰਹਯੋ ਹੈ, ਯਾਂਤੇ ਉਭਯਾਬ੍ਰਿਤ ਦੀਪਕ, ਅਲੰਕਾਰ ਹੈ।

## ਅਮੁਲੋ ਅਮੁਲੁ ਆਖਿਆ ਨ ਜਾਇ॥

ਤਿਨ ਸਤਿਗੁਰੋਂ ਕੋ ਅਰ ਮੁਮੋਖੀ ਕੋ ਜੋ ਸਰਬ ਹੀ ਬਿਵਹਾਰ ਹੈ ਸੋ ਅਮੋਲ ਹੀ ਅਮੋਲ ਹੈ, ਕੁਛ ਕਹਿਬੇ ਮੇਂ ਨਹੀਂ ਆਵੇ ਹੈ ਜੋ ਤਿਨ ਕੇ ਸਦਰਸ਼ ਔਰ ਕਹਿ ਦੇਈਏ। ਕਿੰਵਾ ਬ੍ਰਹਮਾ ਜੋ ਹੈ ਪਰਮਾਤਮਾ ਸਰੂਪ, ਤਿਸ ਮੇਂ ਪ੍ਰਾਪਤਿ ਹੋਨੋ ਸਰਬ ਰੀਤਿ ਸੋ ਅਮੋਲ ਹੀ ਅਮੋਲ ਹੈ, ਕੁਛ ਕਹਿਬੇ ਮੇਂ ਨਹੀਂ ਆਵਤ ਹੈ। ਐਸੇ ਸੁਨਿ ਕਰਿ ਜੇ ਕੋਈ ਕਹੈ: ਜੋ ਕਹਿਬੇ ਮੇਂ ਨਹੀਂ ਆਵਤ ਹੈ ਤਿਸ ਕੋ ਆਪੋ ਆਪਣੀ ਮਤਿ ਕੇ ਅਨੁਸਾਰ ਕਿਉਂ ਕਹਿਤੇ ਰਹੇ ਹੈਂ ? ਅਗਾਰੀ ਔਰ ਕਿਉਂ ਕਹੈਂ ? ਸੰਪੂਰਨ ਕਹਿਬੇ ਮੇਂ ਤੋ ਆਵਤ ਨਹੀਂ ? ਯਾਂਤੇ ਤਿਨ ਕੋ ਕਹਿਨੋ ਨਿਸ਼ਫਲ ਭਯੋ ਤਿਸ ਪਰ ਸਾਹਿਬ ਜੀ ਕਹਤ ਹੈਂ:-

## ਆਖਿ ਆਖਿ ਰਹੇ ਲਿਵ ਲਾਇ॥

ਅਗਾਰੀ ਜੋ ਕਹਿਤੇ ਰਹੇ ਹੈਂ ਔਰ ਕਹੈਂਗੇ ਸੋ ਕਹਿਤ ਕਹਿਤ ਤਿਸ ਸਰੂਪ ਮੇਂ

---

੧. ਮਸੂਲੀਏ, ਕਰ ਲੈਣਹਾਰ।

'ਲਿਵ' ਕਹੀਏ ਧਯਾਨ ਲਗਾਇ ਰਹਤ ਹੈਂ, ਤਿਨ ਕੋ ਕਹਿਨੋ ਸਫਲ ਹੋਇ ਜਾਤ ਹੈ। ਕਹਿਨੇ ਕੋ ਅੰਤ ਤੋ ਨਹੀਂ ਆਵਤ ਹੈ, ਪ੍ਰੰਤੁ ਆਵਾ ਗੌਨ ਤਿਨ ਕੋ ਮਿਟ ਜਾਤ ਹੈ। ਇਤਯਰਥ। ਇਨ ਦੋਊ ਤੁਕਨ ਮੇਂ 'ਅਮੁਲੋ ਅਮੁਲੁ' ਔਰ 'ਆਖਿ ਆਖਿ' ਪਦ ਤੇ ਬੀਪਸਾਲੰਕਾਰ ਹੋਤ ਹੈ। ਕਿੰਵਾ 'ਆਖਿਆ ਨ ਜਾਇ' 'ਆਖਿ ਆਖਿ ਰਹੇ ਲਿਵ ਲਾਇ' ਦੋਊ ਤੁਕਨਿ ਮੇਂ 'ਆਖਿ' ਪਦ ਤੇ ਲਾਟਾਨੁਪ੍ਰਾਸ ਅਲੰਕਾਰ ਹੈ। ਭਾਉ ਭਿੰਨ ਹੀ ਹੈ। ਔਰ ਆਖਨਵਾਰੇ ਕਾਰਨ ਤਿਨ ਤੇ ਆਖਨੋ ਕਾਰਜ ਨਹੀਂ ਭਯੋ, ਯਾਂਤੇ ਬਿਸ਼ੇਖੋਕਤ ਔਰ ਪ੍ਰਹਰਖਨਾਲੰਕਾਰ ਹੈ।

ਲੱਛਣ–ਜਹਿਂ ਇਛਾ ਤੇ ਫਲੁ ਅਧਿਕਾਈ।
ਕੋ ਪਾਵਹਿ 'ਪਰਹਰਖਨ' ਗਾਈ।

ਈਹਾਂ ਆਖਨ ਕੀ ਇੱਛਾ ਹੁਤੀ, ਲਿਵ ਲਗੀ, ਤਿਸ ਤੇ ਅਧਿਕ ਫਲ ਪਾਯੋ, ਯਾਂਤੇ ਪ੍ਰਹਰਖਨ।

ਅਬ ਅਗਾਰੀ ਜੇ ਕੋਈ ਬੂਝੈ: ਪਰਮਾਤਮਾ ਕੇ ਸਰੂਪ ਕੋ ਕਹਿ ਲੇਤੋ ਜੇ ਕੋਈ ਕਹਿਨਵਾਰੋ ਹੁਤੋ, ਪ੍ਰੰਤੂ ਕੋਈ ਕਹਿਬੇ ਕੋ ਨਹੀਂ ਲਾਗਯੋ ਹੋਇਗੋ ? ਇਸ ਰੀਤਿ ਕੋ ਪ੍ਰਸ਼ਨ ਲੀਏ ਹੂਏ ਸਤਿਗੁਰ ਕਹਤ ਹੈਂ:–

## ਆਖਹਿ ਵੇਦ ਪਾਠ ਪੁਰਾਣ ॥

ਬ੍ਰਹਮ ਕੇ ਸਰੂਪ ਕੋ ਪੂਰਬ ਭੀ ਕਹਿਤੇ ਰਹੇ ਹੈਂ, ਅਬ ਭੀ ਕਹਿਤੇ ਹੈਂ, ਅਗਾਰੀ ਭੀ ਕਹੈਂਗੇ, ਸੋ ਕੌਨ ਹੈਂ ? ਤਿਨ ਕੋ ਬਤਾਬਤ ਹੈਂ, ਵੇਦ ਚਾਰੋਂ ਹੀ; ਅਠਾਰਹ ਪੁਰਾਣ, ਔਰ ਪਾਠ ਕਰਣਹਾਰ ਸਰਬ ਹੀ ਬਿਚਾਰਤ ਹੈਂ, ਔਰ ਬਜੰਤ ਕਹਤ ਹੈਂ। ਕਿੰਵਾ ਵੇਦ ਅਰੁ ਪੁਰਾਣੋ ਕੋ ਪਠਨਵਾਰੇ ਅੰਤੁ ਨਹੀਂ ਪਾਵਤ ਹੈਂ, ਬਜੰਤ ਹੀ ਕਹਤ ਹੈਂ।

## ਆਖਹਿ ਪੜੇ ਕਰਹਿ ਵਖਿਆਣ ॥

ਤਿਨ੍ਹ ਵੇਦ ਪੁਰਾਣੋਂ ਕੋ ਪੜ੍ਹਿ ਕਰਿ ਅਗਾਰੀ ਟੀਕਾਕਾਰ ਸਾਰੀਰਕ ਭਾਸ਼ ਤੇ ਆਦਿ ਜਿਨ੍ਹੋਂ ਨੇ ਕਰੇ ਹੈਂ, ਸੋ ਭੀ ਬਜੰਤ ਹੀ ਕਹਿਤੇ ਰਹੇ ਹੈਂ। 'ਵਖਿਆਣ' ਨਾਮ ਬਿਸਤਾਰ ਕਰਿ ਕੈ ਕਹਨ ਕੋ ਹੈ, ਜੈਸੇ ਟੀਕਾ ਕਰਤ ਹੈਂ।

## ਆਖਹਿ ਬਰਮੇ ਆਖਹਿ ਇੰਦ ॥

ਬ੍ਰਹਮਾ ਜੋ ਹੈ ਸਰਬ ਸ੍ਰਿਸ਼ਟਿ ਕੋ ਰਚਨਵਾਰੋ, ਔ ਇੰਦ ਜੋ ਹੈ ਇੰਦਰ, ਕਿੰਵਾ ਇੰਦ ਨਾਮ ਚੰਦ੍ਰਮਾ ਕੋ ਭੀ ਹੈ, ਸੋ ਏ ਸਰਬ ਹੀ ਕਹਿਤੇ ਰਹਤ ਹੈਂ ਬ੍ਰਹਮ ਕੇ ਸਰੂਪ ਕੋ।

## ਆਖਹਿ ਗੋਪੀ ਤੈ ਗੋਵਿੰਦ ॥

ਸਰਬ ਜੇ ਗੋਪੀਆਂ ਹੈਂ, ਜਿਨ ਕੋ ਗਿਆਨ ਪ੍ਰਾਪਤਿ ਭਯੋ ਹੈ; ਅਰੁ ਗੋਬਿੰਦ ਜੋ ਹੈ, ਸ੍ਰੀ ਬਿਸ਼ਨੁ ਕੇ ਅਵਤਾਰ ਸ੍ਰੀ ਕ੍ਰਿਸ਼ਨ, ਸੋ ਭੀ ਬ੍ਰਹਮ ਕੋ ਨਿਰਨੈ ਗੀਤਾ ਆਦਿਕ ਮੇਂ ਕਰਤੇ ਰਹੇ ਹੈਂ।

## ਆਖਹਿ ਈਸਰ ਆਖਹਿ ਸਿਧ ॥

'ਈਸਰ' ਜੋ ਹੈ ਸ਼ਿਵਜੀ, ਔਰ 'ਸਿਧ' ਜੋ ਹੈਂ ਗੋਰਖ ਤੇ ਆਦਿ, ਜੋਗ ਸਾਧਨਾ ਕੇ ਕਰਨਵਾਰੇ, ਸੋ ਸਰਬ ਹੀ ਪਰਮੇਸਰ ਕੇ ਪਾਰ ਕੋ ਨਹੀਂ ਪਾਵਤ ਹੈਂ।

## ਆਖਹਿ ਕੇਤੇ ਕੀਤੇ ਬੁਧ ॥

'ਬੁਧ' ਨਾਮ ਕਵੀਅਨ ਕੋ ਹੈ, ਸੋ ਜੇਤੇ ਪਰਮੇਸੁਰ ਨੇ ਕਵਿ ਕ ਹੈਂ, ਸੋ ਭੀ ਬ੍ਰਹਮ ਕੋ ਬਰਨਨ ਕਰਤੇ ਹੈਂ; ਪ੍ਰੰਤੂ ਅੰਤ ਨਹੀਂ ਪਾਯੋ ਹੈ।

## ਆਖਹਿ ਦਾਨਵ ਆਖਹਿ ਦੇਵ ॥

ਦਾਨਵ ਜੋ ਹੈਂ, ਇਨ ਤੇ ਆਦਿ ਦੈਤਨ ਕੋ ਭੀ ਅਰਥ, ਸਰਬ ਕੋ, ਔ ਦੇਵ, ਉੱਤਮੁ ਜੋ ਦੇਵਤਾ ਸੂਰਜ ਆਦਿ, ਸੋ ਸਰਬ ਹੀ ਕਹਿਤੇ ਹੈਂ। ਦਾਨਵ, ਦੈਤ, ਰਾਖਸ, ਇਨ ਕੋ ਪਰਸਪਰ ਭੇਦ ਹੈ। ਕੱਸਜਪ ਰਿਖਿ ਤੇ ਦਨੁ ਇਸਤ੍ਰੀ ਤੇ ਜੋ ਭਏ ਸੋ ਦਾਨਵ। ਦਿਤੀ ਅਰ ਕੱਸਜਪ ਤੇ ਜੋ ਭਏ ਸੋ ਦੈਂਤ ਹਰਨਾਖ਼ਸ਼ ਆਦਿ। ਰਾਖ਼ਸ਼ ਰਾਵਨ ਆਦਿ ਕੀ ਸੰਗਜਾ ਹੈ, ਇਹ ਦੇਵਤਜੋਂ ਮੇਂ ਭੀ ਗਿਨੇ ਜਾਤ ਹੈਂ।

## ਆਖਹਿ ਸੁਰਿ ਨਰ ਮੁਨਿ ਜਨ ਸੇਵ ॥

'ਸੁਰ' ਜੇ ਦੇਵਤਾ ਸਰਬ, 'ਨਰ' ਮਾਨੁਖ ਸਰਬ, ਅਰ 'ਮੁਨਿ' ਸਰਬ ਜੇ ਤਪੀਸੁਰ, 'ਜਨ' ਜੇ ਭਗਤ, 'ਸੇਵ' ਕੋ ਅਰਥ ਸੇਵਾ ਕੇ ਕਰਨਹਾਰੇ, ਸੇ ਸਰਬ ਬ੍ਰਹਮ ਕੋ ਨਿਰਨੈ ਕਰਤੇ ਰਹੇ ਹੈਂ। ਪ੍ਰਸ਼ਨ: ਪਹਿਲੋਂ 'ਦੇਵ' ਫੇਰ 'ਸੁਰ' ਪੁਨਰੁਕਤ ਹੋਤ ਹੈ, ਏਕ ਹੀ ਅਰਥ ਕੇ ਬਾਚਕ ਹੈਂ ਦੋਨੋ ? ਉੱਤਰ: ਦੇਵ ਨਾਮ ਦੈਤਨ ਕੋ ਭੀ ਹੈ, ਲੋਕੋਂ ਕੀ ਕਹਿਨਾਵਤ ਮੇਂ ਕਹਤ ਹੈਂ: 'ਬਡੋ ਦੇਵ ਹੈ'! ਕਿੰਵਾ ਪੂਰਬ ਦੇਵ ਭੀ ਦੈਤਨ ਕੋ ਨਾਮ ਹੈ, ਪੂਰਬ ਕੋ ਅਧਜਾਹਾਰ ਦੇਵ ਪਦ ਤੁਕ ਮੇਂ ਹੈ ਹੀ; ਯਾਂਤੇ ਪੂਰਬ ਦੇਵ ਕੋ ਅਰਥ ਦੈਤਨਿ ਕੋ। ਕਿੰਵਾ ਦੇਵ ਨਾਮ ਉੱਤਮ ਦੇਵਤਾ ਜੋ ਬਿਸ਼ੇਸੁ ਹੈਂ, ਅਰੁ ਸੁਰ ਨਾਮ ਸਾਮਾਨਜ ਸਰਬ ਦੇਵਤਾਨ ਕੋ, ਐਸੇ ਪੁਨਰੁਕਤਿ ਮਿਟ ਜਾਤ ਹੈ। ਇਙਜਰਥ।

ਇਨ ਆਠਨ ਹੂੰ ਤੁਕਨ ਮੇਂ ਉਭਜਾਬ੍ਰਿਤਦੀਪਕ ਅਲੰਕਾਰ ਹੈ। ਆਖਹਿ ਪਦ ਬਹੁਤ ਬੇਰ ਆਯੋ, ਅਰਥ ਭੀ ਵਹੀ ਰਹਜੋ। ਔਰ ਪਹਿਲੀ ਤੁੱਲਜ ਯੋਗਤਾ ਅਲੰਕਾਰ ਹੈ। ਲਛਣ ਕਹਿ ਆਏ ਹੈਂ। ਪ੍ਰਸਤੁਤਿ ਬ੍ਰਹਮ ਕੋ ਬਜੰਤ ਕਹਿਨ ਕੋ, ਤਿਨ ਮੇਂ ਆਖਨੋ ਕ੍ਰਿਯਾ ਅਪ੍ਰਸਤੁਤਿ ਈਸੁਰ ਦੇਵ ਦੈਤ ਆਦਿ ਮੇਂ ਏਕ ਹੋਈ, ਯਾ ਮੈਂ ਤੁੱਲਜ ਯੋਗਤਾ।

## ਕੇਤੇ ਆਖਹਿ ਆਖਣਿ ਪਾਹਿ ॥

'ਕੇਤੇ ਆਖਹਿ' ਯਹਿ ਤੋ ਵਰਤਮਾਨ ਕਾਲ ਕਹਜੋ; ਕਿਤਨੇ ਹੀ ਅਬ ਕਹਤ ਹੈਂ। ਅਰੁ 'ਆਖਣਿ ਪਾਹਿ' ਇਹ ਭਵਿਖਜਤ ਕਹਜੋ: ਕੇਤੇ ਹੀ ਆਖਣਿ ਕੋ ਤਜਾਰ ਹੋਤੇ ਹੈਂ। ਕਿੰਵਾ ਆਖਣਿ ਕੋ ਚਾਹਤੇ ਹੈਂ, ਬਿਦਯਾ ਔ ਬੁਧਿ ਕੇ ਬਲ ਕਰਿ।

## ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਕੇਈਕ ਜੋ ਹੈਂ ਕਹਿ ਕਹਿ ਅਨੇਕ ਰੀਤਿ ਸੋਂ, ਬਹੁਰ ਬਜੰਤ ਜਾਨਿਕੈ, ਜਗਤ ਤੇ ਉਠਿ ਉਠਿ ਗਏ ਹੈਂ । ਕਿਆ ? ਬਹੁਰਿ ਜਗਤ ਮੈਂ ਜਨਮ ਤਿਨ ਕੋ ਨਹੀਂ, ਜਗਤ ਤੇ ਉਠਿ ਜਾਤੇ ਹੈਂ, ਅਵਿਚਲ ਪਦ ਮੇਂ ਜਾਇ ਬਸਤੇ ਹੈਂ । ਕਿੰਵਾ ਕਹਿੰਦੇ ਕਹਿੰਦੇ ਮਰ ਗਏ ਹੈਂ, ਸੰਪੂਰਨ ਨਹੀਂ ਕਿਸੇ ਤੇ ਕਹ੍ਯੋ ਗਯੋ ਹੈ । ਇਸ ਤੁਕ ਮੈਂ ਭੂਤ ਕਾਲ ਕਹ੍ਯੋ । ਇਤ੍ਯਰਥ ।

ਇਸ ਮੈਂ ਤੀਨ ਕਾਲ ਕਹਿਨੇ ਤੇ ਭਾਵਕ ਅਲੰਕਾਰ ਹੈ ।

## ਏਤੇ ਕੀਤੇ ਹੋਰਿ ਕਰੇਹਿ ॥

ਜੇਤੇ ਪੂਰਬ ਗਿਨ ਆਏ ਹੈਂ: ਬ੍ਰਹਮਾ ਬਿਸ਼ਨੂ ਸ਼ਿਵ ਤੇ ਆਦਿ ਜੇ ਇਤਨੇ ਔਰ ਪਰਮੇਸ਼ਰ ਰਚੇ, ਬਡੇ ਸਮਰਥ ਸਰਬ ਰੀਤਿ ਸੋਂ ।

## ਤਾ ਆਖਿ ਨ ਸਕਹਿ ਕੇਈ ਕੇਇ ॥

ਤੌ ਭੀ ਸਰਬ ਬ੍ਰਹਮ ਕੋ ਕੋਈ ਭੀ 'ਕੇਇ' ਕਿਸੀ ਰੀਤ ਸੋਂ ਨਹੀਂ ਕਹਿ ਸਕੈਗੋ; ਸਰਬ ਹੀ ਕਹਿਤੇ ਹਾਰ ਪਰੈਂਗੇ । ਇਤ੍ਯਰਥ ।

ਇਨ ਤੁਕਨ ਮੇਂ ਬਿਸ਼ੇਖੋਕਤਿ ਅਲੰਕਾਰ ਹੈ । ਆਖਨਵਾਰੇ ਕਾਰਨ ਹੈਂ ਪ੍ਰੰਤੂ ਕਹਿਨੋ ਕਾਰਜ ਨਹੀਂ ਭਯੋ ।

## ਜੇਵਡੁ ਭਾਵੈ ਤੇਵਡੁ ਹੋਇ ॥

ਜੇਤੋਕ ਆਪਣਾ ਆਪ ਪਰਮੇਸਰ ਕੋ ਭਾਵੈ ਤੇਤੋ ਹੀ ਹੋਇ ਜਾਤ ਹੈ, ਜਿਸ ਕੇ ਬਧਣੇ ਕੋ ਪ੍ਰਮਾਣ ਹੀ ਨਹੀਂ ਹੋਇ ਆਵਤ ਹੈ, ਤਿਸ ਕੋ ਕੋਈ ਕਿਸੁ ਰੀਤਿ ਸੋਂ ਜਾਨੈਗੋ ਅਰੁ ਕਹੈਗੋ ।

## ਨਾਨਕ ਜਾਣੈ ਸਾਚਾ ਸੋਇ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਇਸੀ ਹੇਤ ਤੇ ਆਪਣੇ ਆਪ ਕੋ, ਸਾਚਾ ਜੋ ਹੈ ਪਾਰਬ੍ਰਹਮੁ, ਸੋ ਜਾਨਤ ਹੈ: ਜੋ ਮੈਂ ਏਤਾਕੁ ਹੌਂ, ਔਰ ਕਿਸੀ ਮੇਂ ਜਾਨਣੇ ਕੀ ਸ਼ਕਤਿ ਨਹੀਂ ਹੈ । ਇਤ੍ਯਰਥ ।

ਇਨ ਦੋਊ ਤੁਕਨ ਮੇਂ ਪ੍ਰਸੰਖਯਾਲੰਕਾਰ ਹੈ । ਔਰਨ ਤੇ ਜਾਣਨੋ ਬਰਜ ਕਰਿ ਏਕ ਈਸ਼ੁਰ ਮੇਂ ਠਹਿਰਾਯੋ, ਯਾਂਤੇ ਪ੍ਰਸੰਖਯਾ ।

ਇਨ ਸਰਬ ਤੁਕਨ ਕੋ ਸਿੱਧਾਂਤ ਇਹ ਭਯੋ:–ਪਰਮਾਤਮਾ ਕੇ ਸਰੂਪ ਕੋ ਬਰਨਨਿ ਕਰੇ ਪ੍ਰੰਤੁ ਆਪਣੇ ਕਲਯਾਣੁ ਹੇਤੁ, ਅੰਤੁ ਲੈਬੇ ਕੋ ਹਠ ਨਹੀਂ ਕਰੇ । ਜੇ ਅੰਤ ਲੈਬੇ ਕੋ ਹਠਿ ਕਰਿ ਕੈ ਕਹੇ: ਮੈਂ ਅੰਤਿ ਜਾਨ ਲੇਉਂਗੋ ਕਹਿਤੋ ਹੋਯੋ, ਸੋ ਤਿਸ ਕੀ ਬਾਤ ਅਗਾਰੀ ਕਹਤ ਹੈਂ ।

## ਜੇਕੋ ਆਖਹਿ ਬੋਲੁ ਵਿਗਾੜੁ ॥

ਜੇ ਕੋਈ 'ਬੋਲੁ' ਕਿਆ ਬਾਕ ਬਿਗਾੜਵਾਰੋ ਕਹੈ। ਜਿਸ ਕਹੇ ਤੇ ਕੁਛ ਬਿਗਾੜ

ਜਾਇ ਸੋ ਬੋਲ ਬਿਗਾੜ ਕੋ ਹੋਤ ਹੈ, ਜੋ ਕਹੈ ਮੈਂ ਲੈ ਲੇਊਂਗਾ, ਬਹੁਰ ਅੰਤੁ ਨਹੀਂ ਪਾਵਤੁ ਹੈ, ਇਸ ਬੋਲ ਤੇ ਝੂਠੋ ਭੀ ਹੋ ਜਾਤ ਹੈ, ਪਤਿ ਭੀ ਥੋਰੀ ਹੋ ਜਾਤ ਹੈ, ਤਿਸ ਬੋਲ ਕੇ ਕਹਿਨੇ ਤੇ ਸਾਚ ਕਹਨ ਆਦਿ ਬਿਗਾੜ ਜਾਤ ਹੈ, ਯਾਂਤੇ ਸੋ ਬੋਲ ਬਿਗਾੜ ਕੋ ਹੋ ਜਾਤ ਹੈ।

## ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥

ਸੋ ਪੁਰਖੁ ਗਵਾਰਾ ਕੇ ਸਿਰ ਗਵਾਰ ਲਿਖਜੋ ਜਾਤ ਹੈ। ਕਜਾ? ਗਵਾਰਨ ਮੈਂ ਬਡੋ ਗਵਾਰ ਕਹਜੋ ਜਾਤ ਹੈ। ਅਰਥ ਕਿਆ? ਤਿਸ ਜੈਸੋ ਮੂਰਖੁ ਔਰ ਕੋਊ ਨਹੀਂ ਜੋ ਬਿਨਾ ਬਿਚਾਰ ਤੇ ਐਸੇ ਕਹਿ ਦੇਤ ਹੈ। ਇਤਜਰਥ।

ਇਨ ਦੋਊ ਤੁਕਨ ਮੈਂ ਸੰਭਾਵਨਾਲੰਕਾਰ ਹੈ। ਇਨ ਤੁਕਨ ਮੇਂ: ਜੇ ਇਉਂ ਕਹੈ ਤੋ ਗਾਵਾਰ ਬਡੋ ਲਿਖੀਏ ਯਾਂਤੇ ਸੰਭਾਵਨਾ ਹੋਤ ਹੈ।

[ ਪਉੜੀ ਸਤਾਈਵੀਂ ]

ਅਬ ਅਗਾਰੀ ਜੇ ਕੋਈ ਕਹੈ: ਪਰਮੇਸੁਰ ਜੋ ਬ੍ਰਹਮ ਸਚੁ ਹੈ ਤਿਸ ਕੋ ਸਰਬ ਬਿਚਾਰਨ ਅਰਿ ਕਹਨਿ ਲਗੈਂ ਤੋ ਆਦਿ ਅੰਤ ਜਾਨਜੋ ਜਾਇ? ਐਸੇ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਸਾਹਿਬ ਥੂਨੀਖਨਨਿ ਕੀ ਨਜਾਂਈ ਕਹਿਤ ਹੈਂ: ਜੇਤੇ ਗਾਵਤ ਹੈਂ ਤਿਨ ਕੋ ਨਾਮ ਬਹੁਰੋ ਗਿਨਤ ਹੈਂ:-

## ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਸੋ ਦਰੁ ਕੈਸਾ ਹੈ? ਸੋ ਘਰ ਕੈਸਾ ਹੈ? ਜਿਸ ਘਰ ਕੇ ਦਰਵਾਜੇ ਮੇਂ ਬੈਠ ਕਰਿ ਸਰਬ ਜੋ ਜੀਅ ਹੈਂ, ਤਿਨ ਕੋ ਸੰਭਾਲਤ ਹੈ; ਕਜਾ? ਸਰਬ ਕੋ ਰੋਜ਼ੀ ਦੇਤ ਹੈ, ਸੋ ਐਸੋ ਕੌਨ ਘਰ ਹੈ? ਫੇਰ ਕੈਸੇ ਸ਼ਕਤਿ ਵਾਰੇ ਤੁਮ ਹੋ ਹੇ ਪਰਮੇਸੁਰ! ਜੋ ਜਹਾਂ ਜਿਸੁ ਰੀਤਿ ਕੋ ਅਹਾਰ ਖਾਤ ਹੈ ਤਿਸ ਕੋ ਤੈਸੋ ਹੀ ਤਹਾਂ ਪਹੁੰਚਾਵਤਿ ਹੈਂ? ਜਿਸ ਤੇਰੇ ਬ੍ਰਹਮੰਡੋਂ ਹੀ ਕੀ ਗਨਤੀ ਨਹੀਂ ਹੋਇ ਆਵਤ ਹੈ ਤਿਸ ਮੈਂ ਜੂਨਿ ਅਰ ਜੂਨਿ ਕੇ ਧਾਰਣਹਾਰੇ ਜੀਵ ਸੋ ਕੈਸੇ ਗਨਿਬੇ ਮੈਂ ਆਵਤ ਹੈਂ? ਸੋ ਤੁਮ ਕੈਸੇ ਸਮਰਥ ਹੋ ਰੋਜ਼ ਹੀ ਸਰਬ ਕੋ ਸਮ੍ਹਾਲਤੇ ਹੋ? ਇਸ ਤੇਰੀ ਗਤਿ ਕੇ ਜਾਨਬੇ ਹੇਤ ਅਸੰਖ ਹੀ ਧਜਾਵਤ ਹੈਂ, ਸੋ ਕੋਈ ਭੀ ਨਹੀਂ ਜਾਨ ਸਕਤ ਹੈ। ਜੋ ਸਿਮਰਨ ਕਰਤੇ ਹੈਂ ਤਿਨੋਂ ਕੇ ਨਾਮ ਕਛੁਕ ਗਿਨੀਅਤੁ ਹੈਂ:-

## ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥

'ਵਾਜੇ' ਤੇ 'ਨਾਦ' ਕਹੀਏ ਸ਼ਬਦ ਅਨੇਕ ਹੀ, 'ਅਨੇਕ' ਕੋ ਅਰਥ ਦੋਇ, ਤੀਨ, ਚਾਰ, ਸੈ, ਦੋ ਸੈ, ਲਾਖ, ਆਦਿ ਕੋ ਭੀ ਬਨਤ ਹੈ, ਅਸੰਖ ਹੀ, ਅਨਗਿਨਤ,. ਜੋ ਗਨਿਬੇ ਮੇਂ ਨਹੀਂ ਆਵੈਂ, ਤਿਨ ਸਬਦੋਂ ਕੇ ਬਜਾਵਨ ਹਾਰੇ ਸੋ ਅਸੰਖ ਹੀ ਹੈਂ।

## ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥

ਕੇਤੇ ਹੀ ਰਾਗ ਹੈਂ, 'ਪਰੀ' ਨਾਮ ਰਾਗਨੀ ਕੋ, ਰਾਗ ਜੋ ਹੈਂ ਰਾਗਨੀ ਕੇ ਸਮੇਤ ਸੋ ਭੀ ਅਨੇਕ ਹੈਂ, ਅਨੇਕ ਹੀ ਤਿਨ ਰਾਗ ਰਾਗਨੀ ਮੇਂ ਤੇਰੇ ਜਸ ਕੋ ਗਾਵਨਵਾਰੇ ਹੈਂ;

ਤਿਨ ਕੀ ਭੀ ਕੁਛ ਗਿਨਤੀ ਨਹੀਂ।

## ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

ਗਾਵਤੇ ਹੈਂ ਤੁਧਨੋ ਹੇ ਪਰਮੇਸਰ! ਉਨੰਜਾ ਜੋ ਪਉਣ ਹੈਂ ਸੋ ਸਰਬ ਹੀ ਧਜਾਵਤ ਹੈਂ, ਪਾਣੀ ਜੋ ਬਰਣ ਤੇ ਆਦਿ, ਬੈਸੰਤਰੁ ਅਗਨੀ ਜੋ ਹੈ ਡੀਨ ਪ੍ਰਕਾਰ ਕੀ: ਬੜਵਾਗਨਿ; ਜਠਰਾਗਨਿ, ਤੀਸਰੀ ਪ੍ਰਗਟ ਜੋ ਹੈ ਦਾਵਾ; ਸੋ ਏਹ ਸਰਬ ਹੀ ਤੇਰੇ ਗੁਣਾਨੁਵਾਦ ਕੋ ਗਾਵਤੇ ਹੈਂ। 'ਰਾਜਾ ਧਰਮੁ' ਧਰਮਰਾਇ ਜੋ ਸਰਬ ਜਗਤ ਕੋ ਹਿਸਾਬ ਲੇਨ ਵਾਰੋ ਹੈ, ਸੋ ਭੀ ਧਜਾਵਤ ਹੈ, ਅਪਨੇ ਦੁਆਰੇ ਸਦਾ ਹੀ।

## ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥

ਚਿਤ੍ਰ ਗੁਪਤ ਜੋ ਹੈਂ ਸੋ ਕੈਸੇ ਹੈਂ ? ਅਨੇਕ ਹੀ ਜਿਨਸ ਕੇ ਜੀਵ, ਅਸੰਖ ਹੀ ਪਾਪ ਪੁੰਨ ਕਰਤੇ ਹੈਂ, ਤਿਨ ਮੇਂ ਕੈਸੀ ਸ਼ਕਤਿ ਹੈ ? ਛਪ ਕੈ ਕਰੈਂ, ਕਿੰਵਾ ਪ੍ਰਗਟ ਕਰੈਂ ਸੋ ਸਭਿਨ ਕੇ ਲਿਖਤਿ ਜਾਤਿ ਹੈਂ। ਲਿਖਿ ਲਿਖ ਕਰਿ ਧਰਮ ਕੋ ਵੀਚਾਰਤੇ, ਕਜਾ ? ਜੋ ਜਿਸ ਲਾਇਕ ਹੋਤ ਹੈ ਤਿਸ ਕੋ ਤੈਸੇ ਹੀ ਫਲ ਭੁਗਾਵਤ ਹੈਂ। ਕਿੰਵਾ ਜਿਨ ਕੇ ਲਿਖੇ ਕੋ ਧਰਮ ਰਾਇ ਬੀਚਾਰਿਕੈ ਸਜ਼ਾਇ ਆਦਿ ਦੇਤ ਹੈ। ਐਸੋ ਜੋ ਚਿਤ੍ਰ ਗੁਪਤਿ ਹੈਂ ਸੋ ਭੀ ਤੇਰੇ ਗੁਣਾਨੁਵਾਦ ਗਾਵਤ ਹੈਂ।

## ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥

'ਈਸਰ' ਮਹਾਂਦੇਵ, ਬ੍ਰਹਮਾ, 'ਦੇਵੀ' ਜੋਗ ਮਾਯਾ, ਸੋ ਏ ਬਡੀ ਸ਼ਕਤਿ ਵਾਰੇ ਸ਼ੋਭਾ ਕੋ ਪ੍ਰਾਪਤਿ ਹੂਏ ਹੂਏ 'ਸਦਾ' ਹੀ ਕਹੀਏ ਨਿੱਤ ਤੋ ਕੋ ਸਿਮਰਤ ਹੈਂ। 'ਸਵਾਰੇ'=ਤੇਰੇ ਬਨਾਏ ਹੂਏ।

## ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

ਇੰਦ੍ਰ ਜੋ ਹੈ ਸਰਬ ਸੁਰਨ ਕੋ ਅਧਿਪਤਿ, ਸੋ ਭੀ ਆਪਣੇ ਸਿੰਘਾਸਨ ਪਰ ਬੈਠਜੋ ਦੇਵਤਜੋਂ ਕੇ ਸਹਤ ਔਰ 'ਆਦਰਿ ਨਾਲੇ' ਆਦਰ ਸਹਤ, ਕਜਾ ? ਬਡੇ ਭਾਉ ਕੇ ਸਹਿਤ, ਸੋ ਭੀ ਤੇਰੇ ਤਾਈਂ ਸਿਮਰਤ ਹੈ। ਕਿੰਵਾ ਅਕਾਰ 'ਦੇਵਤਿਆ' ਪਦ ਸੋਂ ਰਹੇ। 'ਦਰ' ਨਾਮ ਡਰ ਕੋ, ਡਰ ਕਰਿ ਦੇਵਤਿਓਂ ਕੇ ਸਮੇਤ ਅਰਾਧਤੇ ਹੈਂ।

## ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥

ਸਿਧ ਜੋ ਹੈਂ ਗੁਰਖੁ ਤੇ ਆਦਿ, ਕਿੰਵਾ ਜਿਨ ਕੋ ਸਿਧਾਂ ਪ੍ਰਾਪਤਿ, ਸੋ ਸਿਧ, ਸਤਿਜੁਗ ਤੇ ਆਦਿ ਜੋ ਸਿਧ ਭਏ ਸੋ ਸਮਾਧਿਨ ਕੋ ਲਗਾਇ ਕਰਿ ਤੁਝ ਕੋ ਅਰਾਧਤੇ ਹੈਂ। ਔਰ ਸਾਧ ਜੋ ਹੈਂ, ਜਿਨ੍ਹੋਂ ਨੇ ਅਪਣੇ ਮਨ ਕੋ ਸਾਧਜੋ, ਸੋ ਸਾਧੁ। ਸੋ ਭੀ ਵੀਚਾਰ ਕੇ

ਸਹਿਤ ਪਰਮੇਸਰ ਕੀ ਬਡਿਆਈ ਕੋ ਗਾਵਤੇ ਹੈਂ।

## ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥

ਜਤੀ ਲਛਮਣੁ ਹਨੂਮਾਨ ਤੇ ਆਦਿ, 'ਜਤੀ' ਨਾਮ ਸੰਨਿਆਸੀ ਕੋ ਭੀ ਹੈ, 'ਸਤੀ' ਜੋ ਸਤ ਕੇ ਧਾਰਨਹਾਰੇ, ਸੰਤੋਖੁ ਕੇ ਸਹਿਤ ਜੋ ਹੋਇੰ, ਯਥਾ ਲਾਭ ਸੰਤੁਸ਼ਟ, ਸੋ ਸੰਤੋਖੀ; ਏਹ ਸਰਬ ਹੀ ਸਿਮਰਤੇ ਹੈਂ। ਵੀਰ ਜੋਧੇ, ਕੈਸੇ ਜੋਧੇ ? ਜੋ ਕਰਾਰੇ=ਬਡੇ ਹਠੀਲੇ, ਸੋ ਭੀ ਧਯਾਵਤੇ ਹੈਂ।

## ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

ਪੰਡਤ ਜੋ ਹੈਂ ਪੜਨਿਵਾਰੇ, ਰਿਖੀਸੁਰ ਰਿਖੋਂ ਬਿਖੇ ਜੋ ਉੱਤਮ ਹੈਂ, 'ਜੁਗੁ ਜੁਗੁ'= ਸਤਿਜੁਗੁ ਤ੍ਰੇਤਾ ਦ੍ਵਾਪਰ ਕਲਿਜੁਗ ਇਨ੍ਹੋਂ ਜੁਗੋਂ ਕੇ ਜੋ ਚਾਰੋਂ ਬੇਦ ਹੈਂ: ਸਜਾਮ, ਰਿਗ, ਜੁਜਰ, ਅਥਰਬਣ, ਇਨ ਕੇ ਸਹਿਤ ਹੀ ਸ਼ਾਸਤ੍ਰ ਜੋ ਖਟੁ ਹੈਂ, ਤਿਨ ਕੋ ਬਨਾਇ ਕਰਿ ਪਰਮਾਤਮਾ ਕੋ ਬਰਨਨ ਕਰਤੇ ਹੈਂ।

## ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥

ਮੋਹਨੀ ਜੋ ਹੈਂ ਸੋ ਕੈਸੀ ਹੈਂ ? ਸਭਨਿ ਕੇ ਮਨ ਕੋ ਮੋਹਨ ਕਰਨਵਾਰੀ, ਸੋ ਭੀ ਪਰਮੇਸਰ ਕੋ ਸਿਮਰਤ ਹੈਂ। ਸੁਰਗ ਅਰੁ ਮਧ ਲੋਕ ਅਰ ਪਤਾਲ ਇਨ ਕੇ ਬਿਖੈ ਰਹਨਿ ਵਾਰੇ ਸਰਬ ਹੀ ਗਾਵਤ ਹੈਂ। ਕਿੰਵਾ ਮੋਹਨੀ ਤੀਨ ਲੋਕ ਕੀ।

## ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਰਤਨ ਜੋ ਚੌਦਾਂ ਹੈਂ: ਚੰਦ੍ਰਮਾ, ਧਨੰਤ੍ਰ, ਲੱਛਮੀ, ਕਾਮਧੇਨ, ਇਨਤੇ ਆਦਿ ਜੋ ਉਤਪਤਿ ਕਰੇ ਹੈਂ, ਸੋ ਭੀ ਗਾਵਤੇ ਹੈਂ: ਅਠਸਠ ਤੀਰਥ ਸਮੁੰਦ੍ਰ ਤੇ ਆਦਿ, ਨਾਲੇ' ਨਾਮ ਨਦੀ ਕੋ ਭੀ ਹੈ, ਸੋ ਭੀ ਅਰਾਧਤ ਹੈਂ।

## ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥

ਜੋਧੇ ਜੋ ਹੈਂ ਸੋ ਕੈਸੇ ? ਮਹਾਂਬਲੀ, ਬਡੇ ਬਲਵਾਰੇ ਸੂਰਮੇਂ, ਸੋ ਗਾਵਤ ਹੈਂ। ਪ੍ਰਸ਼ਨ:-ਜੋਧੇ ਤੋ ਅਗਾਰੀ ਭੀ ਗਿਨੇ, ਦੂਸਰੇ ਕਹਨ ਮੈਂ ਪੁਨਰੁਕਤਿ ਹੋਤ ਹੈ ? ਉੱਤਰ:-ਪਿਛਾਰੀ ਜੋਧਾ ਸਰਬ ਜੋ ਹੈਂ ਸੋ ਸਾਮਾਨ ਪਦ ਹੈ, ਈਹਾਂ ਬਡੇ ਬਲੀ ਸੂਰਮੇ: ਰਾਵਣ, ਬਾਲੀ, ਭੀਮਸੈਨ, ਅਰਜਨ ਤੇ ਹਨੂਮਾਨ ਤੇ ਆਦਿ, ਇਨ ਕੋ ਅਰਥ। ਕਿੰਵਾ 'ਜੋਧ ਮਹਾਂਬਲ ਸੂਰਮੇ' ਸੰਤਨ ਕੋ ਨਾਮ ਹੈ, ਜਿਨ੍ਹੋਂ ਨੇ ਮਨ ਤੇ ਆਦਿ ਸਰਬ ਜੋ ਬਿਕਾਰ ਹੈਂ ਤਿਨ ਕੋ ਜੀਤਨੋ ਕਰਜੋ ਹੈ, ਸੋ ਸੰਤ ਗਾਵਤੇ ਹੈਂ। ਖਾਣੀ ਜੋ ਚਾਰ ਹੈ: ਅੰਡਜ-ਸਰਪ ਅਰੁ ਪੰਛੀ ਤੇ ਆਦਿ, ਸ੍ਵੇਤਜ-ਜੂਕਾ ਆਦਿ, ਜੇਰਜ-ਮਨੁਖ ਪਸ਼ੂ ਤੇ ਆਦਿ, ਉਤਭੁਜ-ਸਰਬ ਬਨਾਸਪਤੀ; ਚਾਰੋਂ ਖਾਣੀ ਇਕੀਸ ਇਕੀਸ ਲਾਖ ਹੈਂ, ਯਾਂਤੇ ਚੌਰਾਸੀ ਲਖ ਹੋਤ ਹੈਂ, ਸੋ ਸਰਬ ਹੀ ਤੁਝ ਕੋ ਅਰਾਧਤੇ ਹੈਂ।

## ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

ਨੌ ਜੋ ਖੰਡ ਹੈਂ, 'ਮੰਡਲ' ਨਾਮ ਦੀਪਨ ਕੋ, ਕਾਹੇ ਤੇ ? ਦੀਪ ਜੋ ਹੈਂ ਸੋ ਮੰਡਲਾਕਾਰ ਹੈਂ, ਮੰਡਲਾਕਾਰ ਹੋਨ ਤੇ 'ਮੰਡਲ' ਨਾਮ, ਤਿਨ ਖੰਡਨ ਮੇਂ ਦੀਪਨ ਮੇਂ ਜੋ ਬਸਨਹਾਰੇ ਹੈਂ ਸੋ ਸਰਬ ਹੀ ਪਰਮੇਸ਼ੁਰ ਕੋ ਗਾਵਤ ਹੈਂ। ਕਿੰਵਾ ਖੰਡ ਦੀਪ ਜੇਤੇ ਹੈਂ ਇਨ ਕੇ ਅਹੰਤਾ ਕੇ ਧਾਰਨ ਵਾਰੇ ਦੇਵਤਾ ਸੋ ਸਰਬ ਹੀ ਗਾਵਤ ਹੈਂ। 'ਵਰਭੰਡ' ਜੋ ਬ੍ਰਹਮੰਡ, ਤਿਸ ਮੈਂ ਸਭ ਕੋਈ ਹੀ ਪਰਮੇਸੁਰ ਕੋ ਜਾਨਤੇ ਹੈਂ, ਕੈਸੇ ਹੈਂ ਖੰਡ ਦੀਪ ਬ੍ਰਹਮੰਡ ? ਏ ਸਭ ਹੀ 'ਕਰਿ ਕਰਿ' ਕਹੀਏ ਰਚਿ ਰਚਿ ਕੇ ਧਾਰਿ ਰਾਖੇ ਹੈਂ; ਕਜਾ ? ਟਿਕਾਇ ਰਾਖੇ ਹੈਂ। ਕਿੰਵਾ ਖੰਡ ਮੰਡਲ ਕੇ ਸਹਿਤ ਐਸੇ ਜੋ ਬ੍ਰਹਮੰਡ ਅਨੇਕ ਰਚੇ ਹੋਏ ਹੈਂ, ਸਰਬ ਹੀ ਗਾਵਤੇ ਹੈਂ। ਇਤਜਰਥ।

ਇਨ ਸਰਬ ਤੁਕਨ ਮੈਂ ਪਹਿਲੀ ਤੁੱਲਜ ਯੋਗਤਾ ਅਲੰਕਾਰ ਹੈ। ਈਹਾਂ ਪ੍ਰਸਤੁਤਿ ਪਰਮੇਸਰ ਕੀ ਮਹਿਮਾ ਕਹਨਿ ਕੋ ਤਿਨ ਮੇਂ ਗਾਵਨਿ ਕ੍ਰਿਆ ਪੌਣ ਪਾਣੀ ਤੇ ਆਦਿ ਸਰਬ ਮੈਂ ਕਹੀ, ਯਾਂਤੇ ਤੁੱਲ ਯੋਗਤਾ। ਗਾਵਹਿ ਪਦ ਬਹੁਤਿ ਬੇਰ ਆਵਨਿ ਤੇ ਉਭਜਾਬ੍ਰਿਤ-ਦੀਪਕ ਅਲੰਕਾਰ।

## ਸੋਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

ਸੋਈ ਪੁਰਖ ਸਰਬ ਬ੍ਰਹਮੰਡ ਮੈਂ ਤੁਝ ਕੋ ਗਾਵਤੇ ਹੈਂ, ਜੋ ਤੇਰੇ ਤਾਈਂ ਭਾਵਤੇ ਹੈਂ, ਕਜਾ ? ਜਿਨ ਕੋ ਚਾਹਤੇ ਹੈਂ ਜਗਤ ਤੇ ਉਧਾਰ ਕੀਆ ਤਿਨ ਕੋ ਅਪਨੀ ਸਿਫਤ ਕੋ ਗਾਵਨੋ ਬਖਸ਼ਤ ਹੈਂ। 'ਰਤੇ' ਕਹੀਏ ਰਚ ਗਏ ਹੈਂ ਤੇਰੇ ਜਸ ਮੈਂ ਸੋਈ ਭਗਤ ਹੈਂ, 'ਰਸਾਲੇ' ਕਹੀਏ ਤੇਰੇ ਪ੍ਰੇਮ ਕੇ ਰਸੀਏ, ਰਸ ਕੇ ਘਰ। ਇਤਜਰਥ।

ਇਸ ਤੁਕ ਮੈਂ ਕਾਵਜਲਿੰਗ। ਸੋ ਗਾਵਤੇ ਹੈਂ ਯਹ ਅਰਥ ਤੋ ਸਮਰਥਨੀਯ, ਜੋ ਤੁਧ ਕੋ ਭਾਵਤੇ ਹੈਂ ਇਨ ਸੋਂ ਸਮਰਥਨਿ ਕਰਜੋ।

## ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥

ਔਰ ਭੀ ਅਨੇਕ ਤੇਰੇ ਤਾਂਈ ਗਾਵਤੇ ਹੈਂ ਸੋ ਮੇਰੇ ਯਾਦ ਭੀ ਸਰਬ ਨਹੀਂ ਆਵਤੇ। ਗੁਰੂ ਨਾਨਕ ਸਾਹਿਬ ਜੀ ਕਹਤ ਹੈਂ ਕਜਾ ਬੀਚਾਰ ਕਰੀਏ, ਕੋਈ ਅੰਤ ਤੌ ਕਿਸੀ ਰੀਤਿ ਸੋਂ ਆਵਤੋ ਨਹੀਂ; ਤਿਸੀ ਰੀਤਿ ਸੋਂ ਤੇਰੇ ਗਾਵਨਵਾਰਯੋਂ ਕਾ ਭੀ ਅੰਤੁ ਨਹੀਂ। ਇਤਯਰਥ।

'ਗਾਵਨਿ ਭਾਵਨਿ' ਪੂਰਬ ਕੀ ਤੁਕ ਮੈਂ ਅਰ ਇਸ ਮੈਂ ਗਾਵਨਿ ਆਵਨਿ ਇਨ ਪਦਨ ਤੇ ਛੇਕਾਨੁਪ੍ਰਾਸ ਅਲੰਕਾਰ ਹੈ। ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪਾਸ ਹੈ।

ਜੇਕਰ ਜਗਜਾਸੀ ਬੂਝੈ ਪਰਮੇਸੁਰ ਕੋ ਅੰਤੁ ਨਹੀਂ, ਤਿਸ ਕੇ ਗਾਵਨਿਵਾਰਜੋਂ ਕਾ ਅੰਤ ਨਹੀਂ, ਯਾਂਤੇ ਤੂਸ਼ਨਿ ਕੋ ਧਾਰ ਬੈਠੇ ? ਤਿਸ ਪਰ ਸਾਹਿਬੁ ਜੀ ਕਹਤ ਹੈਂ–

## ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥

'ਸੋਈ' ਜੋ ਪਦ ਹੈ ਭੂਤ ਕਾਲ ਕੋ ਜਨਾਵਤ ਹੈ। ਪੂਰਬ ਜੋ ਥਾ ਸੋਈ ਅਬ ਹੈ। ਦੋ ਬੇਰ ਕਹਿਨੋ ਨਿਸਚੇ ਕਰਾਵਨ ਪਰ ਹੈ ਉਪਦੇਸ਼ ਤੇ। 'ਸਦਾ ਸਚੁ ਸਾਹਿਬੁ' ਸਦਾ ਸਚੁ ਹੈ, ਏਕ ਰਸ, ਪ੍ਰਣਾਮ ਕੋ ਨਾਹੀ ਪ੍ਰਾਪਤ ਹੋਤੇ, ਐਸੋ ਸਾਹਿਬ ਹੈ। ਔਰ ਜੋ ਸਾਹਿਬ ਕਹਾਵਤ ਹੈਂ ਸੇ ਝੂਠੇ ਹੈਂ, ਸੋ ਸਚਾ ਹੈ; ਸਚਾ ਸਾਹਿਬ ਹੋਨ ਤੇ ਨਾਮ ਭੀ ਸਚ ਹੀ ਹੈ, ਵੇਦ ਸ਼ਾਸਤ੍ਰ ਮੈਂ 'ਸਤਯ ਨਾਮ' ਕਹਤ ਹੈਂ। ਇਤਯਰਥ।

ਇਸ ਤੁਕ ਮੈਂ ਸਕਾਰ ਸਰਬ ਥਾਨ ਆਵਨ ਤੇ ਬ੍ਰਿਤਯਾਨੁਪ੍ਰਾਸ ਹੈ।

## ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥

ਜੋ ਭੂਤ ਕਾਲ ਮੇਂ ਕਹਯੋ ਅਬ ਵਰਤਮਾਨ ਮੇਂ ਭੀ ਸੋਈ ਪੁਰਖ ਹੈ, 'ਹੋਸੀ' ਅਗਾਰੀ ਭਵਿਖਯਤ ਕਾਲ ਮੇਂ ਭੀ ਸੋਈ ਰਹੈਗੋ, 'ਜਾਇ ਨ' ਅਬ ਭੀ ਨਹੀਂ ਜਾਤੋ; ਕਯਾ ? ਅਬਿਨਾਸੀ ਹੈ। 'ਨ ਜਾਸੀ' ਅਗਾਰੀ ਸਦਾ ਹੀ ਰਹੈਗੋ। ਬਹੁਰੋ ਕੈਸਾ ਪੁਰਖ ਹੈ ? 'ਰਚਨਾ ਜਿਨਿ ਰਚਾਈ' ਇਹ ਰਚਨਾ ਦ੍ਰਿਸ਼ਟਮਾਨ ਜਿਸ ਨੇ ਰਚੀ ਹੈ। ਇਤਯਰਥ।

ਇਸ ਤੁਕ ਮੇਂ ਤੀਨੋਂ ਕਾਲ ਕੀ ਬਾਤ ਕਹੀ ਹੈ ਯਾਂਤੇ ਭਾਵਕ ਅਲੰਕਾਰ

ਲੱਛਣ:-ਭੂਤ ਭਵਿਖਯਤ ਕੀ ਜੋ ਬਾਤ ।<br>
ਵਰਤਮਾਨ ਮੇਂ ਕਹਿੰ ਬਖਯਾਤ ।<br>
ਤਹਿੰ 'ਭਾਵਕ' ਭੂਖਨ ਹੁਇ ਜਾਇ ।<br>
ਐਸੇ ਕਹੈਂ ਗ੍ਰੰਥ ਸਮੁਦਾਇ ।

ਕਿੰਵਾ 'ਹੈ ਭੀ ਹੋਸੀ' ਮੈਂ ਹਕਾਰ, 'ਜਾਇ ਨ ਜਾਸੀ' ਮੇਂ ਜਕਾਰ, 'ਰਚਨਾ ਜਿਨਿ ਰਚਾਈ' ਮੇਂ ਰਕਾਰ ਚਕਾਰ, ਅਨੇਕ ਅਖਯਰ ਕੀ ਅਨੇਕ ਬਾਰ ਸਮਤਾ ਭਈ, ਯਾਂਤੇ ਬ੍ਰਿਤਯਾਨੁਪ੍ਰਾਸ ਹੋਤ ਹੈ।

ਇਸ ਤੁਕ ਕੇ ਅਰਥ ਕੋ ਸੁਣਿ ਕਰਿ ਜੇ ਕਹੈਂ: ਜਗਤ ਤੋ ਅਨੇਕ ਤਰਹ ਕੋ, ਏਕ ਪੁਰਖ ਤੇ ਕੈਸੇ ਭਯੋ ? ਇਸ ਪ੍ਰਸ਼ਨ ਕੋ ਲੀਏ ਹੂਏ ਸਤਿਗੁਰ ਕਹਿਤ ਹੈਂ:-

## ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥

'ਭਾਤੀ' ਨਾਮ ਪ੍ਰਕਾਰ ਕੋ, ਔਰ ਔਰ ਰੰਗ ਕੇ ਪ੍ਰਕਾਰ ਕਰਿ ਕਰਿ, 'ਜਿਨਸਾਂ' ਅਨੇਕ ਤਰਹ ਕੀ ਮਾਯਾ ਸੋਂ ਮਿਲਿਕੇ ਬਚਿਤ੍ਰਤਾ ਜਿਸ ਨੇ ਉਤਪਤ ਕਰੀ ਹੈ, ਜੈਸੇ ਤੀਨ ਰੰਗ ਕੇ ਤਾਗੇ ਤੇ ਪਟ ਮੈਂ ਬਚਿੱਤ੍ਰਤਾ ਹੋ ਆਵਤੁ ਹੈ, ਤੈਸੇ ਅਨੇਕ ਰੰਗ ਕੋ ਅਨੇਕ ਹੀ ਮੂਰਤਾਂ, ਅਨੇਕ ਹੀ ਤਰਹ ਕੀ ਰਚੀ ਹੈਂ। ਇਤਯਰਥ।

ਪੂਰਬ ਕੀ ਤੁਕ ਮੇਂ ਕਾਰਨ ਈਸ਼ੁਰ, ਇਸ ਤੁਕ ਮੇਂ ਕਾਰਜ ਜਗਤ ਕੇ ਕਹਿਨ ਤੇ ਹੇਤਾਲੰਕਾਰ ਹੈ। 'ਰੰਗੀ ਰੰਗੀ' 'ਕਰਿ ਕਰਿ' ਇਨ ਮੇਂ ਬੀਪਸਾਲੰਕਾਰ ਹੈ। 'ਰੰਗੀ ਰੰਗੀ ਭਾਤੀ

ਕਰਿ ਕਰਿ' ਸ੍ਰਿਸ਼ਟਿ ਕੀ ਜਿਨਸਾਂ, ਇਸ ਅਰਥ ਕੋ 'ਮਾਇਆ' ਪਦ ਦੇ ਕਰਿ ਸਮਰਥਨਿ ਕਰਜੋ; ਯਾਂਤੇ ਕਾਵਜਲਿੰਗ।

## ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ॥

ਜਗਤ ਕੋ ਰਚੇ ਹੈ, ਰਚਿ ਰਚਿ ਦੇਖਤ ਹੈ ਆਪ, ਪਰੰਤੂ ਕੈਸੇ ਰਚਿ ਰਚਿ ਦੇਖਤ ਹੈ? ਜਿਸ ਰੀਤਿ ਤਿਸ ਕੀ ਵਡਿਆਈ ਹੋਇ। ਵਡਿਆਈ ਇਹ: ਜੋ ਕੋਈ ਭੀ ਨਹੀਂ ਜਾਨ ਸਕਤਿ ਹੈ, ਕਿਸ ਵਾਸਤੇ ਜਗਤੁ ਰਚਜੋ ਹੈ, ਅਰੁ ਕੈਸੇ ਰਚਜੋ ਹੈ। ਇਸ ਤੇ ਆਦਿ ਔਰ ਜੋ ਜਗਤਿ ਹੈਂ ਤਿਨ ਕੋ ਕੋਈ ਭੀ ਨਹੀਂ ਲਖ ਸਕਤਿ ਹੈ। ਇਤਯਰਥ।

ਇਸ ਤੁਕ ਮੇਂ ਕਾਰਕ ਦੀਪਕ ਅਲੰਕਾਰ।

ਲੱਛਣ-ਕ੍ਰਮ ਸੋਂ ਕਿਰਿਯਾ ਕਰੈ ਅਨੇਕ।
ਕਾਰਕ ਦੀਪਕ ਨਾਮ ਬਿਬੇਕ।

ਇਹਾਂ ਕਰਣਾ ਅਰੁ ਕਰਿ ਕੈ ਦੇਖਣਾ ਇਹ ਕ੍ਰਿਯਾ ਕ੍ਰਮ ਸੋਂ, ਯਾਂਤੇ ਕਾਰਕਦੀਪਕ।

## ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥

ਜੋ ਕਿਛੁ ਤਿਸ ਕੇ ਮਨ ਮੈਂ ਸੁਹਾਵਤ ਹੈ, ਕਿ ਯਹਿ ਆਛੀ ਬਾਤ ਹੈ, ਸੋਈ ਕਰਤ ਹੈ, ਤਿਸੁ ਕਰਤੇ ਹੂਏ ਊਪਰਿ ਹੁਕਮ ਕਿਸੀ ਕੋ ਕਰਜੋ ਨਹੀਂ ਜਾਤ ਹੈ ਕਿ ਯਹ ਬਾਤ ਆਛੀ ਨਹੀਂ, ਇਸ ਕੋ ਹਟਾਇ ਔਰੁ ਕਰਹੁ, ਐਸੇ ਹੁਕਮ ਕਿਸੀ ਕੋ ਕਰਜੋ ਨਹੀਂ ਜਾਤ ਹੈ। ਇਤਯਰਥ।

ਇਸ ਤੁਕ ਮੈਂ ਕਾਵਜਲਿੰਗ। ਜੋ ਤਿਸ ਕੋ ਭਾਵਤ ਹੈ ਸੋਈ ਕਰਤਾ ਹੈ ਇਸ ਅਰਥ ਕੋ ਸਮਰਥਨਿ ਕਰਜੋ, ਜੋ ਕਰਤੇ ਹੂਏ ਪਰ ਔਰ ਕੋ ਹੁਕਮ ਨਹੀਂ ਚਲੈਗੋ, ਯਾਂਤੇ ਕਾਵਜਲਿੰਗ।

## ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
## ਨਾਨਕ ਰਹਣੁ ਰਜਾਈ॥੨੭॥

ਔਰ ਕੋ ਹੁਕਮ ਕਿਉਂ ਨਹੀਂ ਚਲਤ ਹੈ? ਸੋਈ ਕਹਤ ਹੈਂ: ਸੋ ਪਾਤਿਸਾਹੁ. 'ਸੋ' ਪੂਰਬ ਕੇ ਅਰਥ ਕੋ ਬੋਧਕ ਹੈ, ਜਿਸ ਕੋ ਪੂਰਬ ਬਰਨਨ ਕਰਤੇ ਆਏ ਹੈਂ, 'ਸੋ ਪਾਤਿਸਾਹੁ' ਸਭਨਿ ਕੋ। ਜੇ ਕੋਈ ਕਹੈ ਤਿਸ ਪਰ ਹੁਕਮ ਕੈਸੇ ਨਹੀਂ ਚਲੇ, ਪਾਤਿਸ਼ਾਹ ਤੋ ਔਰ ਭੀ ਜਗਤ ਮੈਂ ਹੋਤੇ ਰਹੇ ਹੈਂ ਤਿਨ ਕੋ ਹੁਕਮ ਚਲਤੋ? ਗੁਰੂ ਜੀ ਕਹਤ ਹੈ: ਤਿਨ ਪਾਤਿਸ਼ਾਹੋਂ ਕਾ ਭੀ ਸੋ ਪਾਤਿਸ਼ਾਹ ਹੈ, ਯਾਂਤੇ ਤਿਨ ਕੋ ਹੁਕਮ ਭੀ ਨਹੀਂ ਚਲਤ ਹੈ। ਜੇ ਕੋਈ ਬੂਝੈ: ਸੋ ਪਾਤਿਸਾਹੋਂ ਕਾ ਪਾਤਿਸਾਹ, ਤਿਸ ਕੋ ਪ੍ਰਸੰਨ ਕਰਬੋ ਤੋ ਕਠਨ ਹੋਇਗੋ, ਸੋ ਕੈਸੇ ਪ੍ਰਸੰਨ ਹੋਇ? ਤਿਸ ਪਰ ਸ੍ਰੀ ਨਾਨਕ ਜੀ ਕਹਤ ਹੈਂ: ਤਿਸ ਕੀ ਰਜਾਇ ਪਰ ਰਾਜੀ ਰਹਿਨੋ ਯਹ ਪ੍ਰਸੰਨਤਾ ਕੋ ਕਾਰਣ ਹੈ। ਸੋ ਪਰਮ ਸੁਖੈਨ ਤੇ ਸੁਖੇਨ ਹੈ, ਜੋ ਕੋਈ ਰਾਜ਼ੀ ਰਹੇ ਰਜ਼ਾਇ ਪਰ। 'ਰਹਣੁ' ਪਦ ਤੇ 'ਰਾਜ਼ੀ' ਕੋ ਅਧਯਾਹਾਰ। ਜੇ ਕੋਈ ਅਰਥ ਰਾਜ਼ੀ ਪਦ ਤੇ

ਬਿਨਾ ਕਰੇ ਕਿ ਰਜਾਇ ਮੈਂ ਰਹੇ ਤਿਸੁ ਪਰ ਪ੍ਰਸ਼ਨ: ਰਜਾਇ ਮੈਂ ਤੋ ਸਭ ਕੋਈ ਰਹਤ ਹੈ, ਐਸੋ ਕੌਨ ਹੈ ਜੋ ਬਿਨਾ ਰਜਾਇ ਤੇ ਜੀਵ ਸਕੈ, ਕਿ ਮਰ ਸਕੈ, ਕਿ ਉਠਿ ਸਕੈ, ਕਿ ਚਲਿ ਸਕੈ, ਕਿ ਬੋਲਿ ਸਕੈ, ਇਸ ਤੇ ਆਦਿ ਸਭ ਤਿਸ ਕੀ ਰਜਾਇ ਮੈਂ ਹੋਤ ਹੈ ? ਇਸ ਬਾਤ ਕੋ ਔਰ ਗ੍ਰੰਥ ਸ਼ਾਸਤ੍ਰ ਪੁਰਾਨ ਪ੍ਰਤਿਪਾਦਤੇ ਹੈਂ, ਪਰੰਤੂ ਗ੍ਰੰਥ ਸਾਹਿਬ ਮੈਂ ਤੌ ਬਹੁਤ ਸਥਾਨ ਮੈਂ ਕਹਜੋ ਹੈ, ਪੂਰਬ ਜਪਜੀ ਮੈਂ ਭੀ ਕਹਿ ਆਏ ਹੈਂ: 'ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ' । ਇਸ ਅਰਥ ਕੋ ਜਿਧ ਨੀਕੀ ਰੀਤਿ ਸੋਂ ਪੂਰਬ ਕਹਿ ਆਏ ਹੈਂ । ਇਤਜਰਥ ।

ਇਸ ਤੁਕ ਮੈਂ ਰਸਵਤਾਲੰਕਾਰ । ਸ਼ਾਂਤਿ ਰਸ ਹੈ, ਔਰ ਸਥਾਨ ਤੇ ਬ੍ਰਿਤਿ ਕੋ ਹਟਾਇ ਕਰ ਏਕ ਹੁਕਮ ਪਰ ਠਹਿਰਾਈ, ਯਹ ਸ਼ਾਂਤਿ ਰਸ ਬਰਨਨ ਤੇ ਰਸਵਤਾਲੰਕਾਰ ।

[ਪਉੜੀ ਅਠਾਈਵੀਂ]

ਇਹ ਪ੍ਰਸੰਗ ਤੌ ਅਬ ਪੂਰਣ ਭਯੋ, ਅਗਾਰੀ ਜੋਗ ਕੀ ਜੁਗਤਿ ਸੁਖੇਨ ਰੀਤਿ ਸੋ ਕਹਤ ਹੈਂ । ਅਸ਼ਟਾਂਗ ਜੋਗ ਕਲਿਜੁਗ ਮੇਂ ਕਠਿਨ ਹੈ, ਜਿਸ ਰੀਤਿ ਕੋ ਜੋਗ ਇਸ ਕਾਲ ਮੈਂ ਹੋ ਸਕੇ ਸੋ ਕਹਤ ਹੈਂ:-

## ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਮੁੰਦ੍ਰਾ ਦੋ ਕਾਨੋਂ ਮੇਂ ਪਾਵਤ ਹੈਂ ਸੋ ਸੰਤੋਖ ਕੀ ਅਰ ਸਰਮ ਕੀ ਦੋਊ ਕਰੇ । ਮੁੰਦ੍ਰਾ ਭੀ ਦੋਊ ਹੋਤ ਹੈਂ, ਸੰਤੋਖ ਸਰਮ ਭੀ ਦੋਨੋ ਹੈਂ । ਸੰਤੋਖ ਤੋ ਏਹ: ਜਥਾ ਲਾਭ ਸੰਤੁਸ਼ਟ ਔਰਨ ਤੇ ਸੁਨਿ ਕਰਿ ਪਦਾਰਥੋਂ ਕਾ ਲੋਭ ਨਾ ਕਰੇ । ਤੈਸੇ ਹੀ ਸ਼ਰਮ ਕਰੇ, ਸਤਿਗੁਰ ਕੇ ਉਪਦੇਸ਼ ਸ੍ਰਵਣ ਕਰਨ ਕੀ, ਐਸੇ ਨਹੀਂ ਕਰੈ ਜੋ ਉਪਦੇਸ਼ ਸਤਿਗੁਰ ਕੋ ਸ੍ਰਵਣ ਕਰਿ ਬਹੁਰ ਬਿਕਾਰਨਿ ਪਰ ਲਗ ਜਾਇ । ਉਪਦੇਸ਼ ਕੋ ਰਿਦੇ ਮੈਂ ਬਸਾਇਕੈ ਬਹੁਰ ਕਮਾਵੈ, ਯਹ ਸ਼ਰਮ ਰਾਖੈ । ਕੋਈਕ ਅਰਥ ਸੰਤੋਖੁ ਏਕਲੇ ਕੋ ਮੁੰਦ੍ਰਾ ਧਰਿ ਲਗਾਵਤ ਹੈਂ, ਤਿਨ ਕੇ ਅਰਥ ਤੇ ਕ੍ਰਮ ਜੋ ਉਪਮਾ ਉਪਮੇਯ ਕੋ ਰੂਪਕ ਕਰਜੋ ਹੈ ਸੋ ਜਾਤੋ ਰਹਤ ਹੈ । ਮੁੰਦ੍ਰਾ ਸੰਤੋਖ ਭਯੋ, 'ਸਰਮੁ ਪਤੁ ਝੋਲੀ' ਤੀਨਪਦ ਰਹਿ ਜਾਤ ਹੈਂ । ਉਪਮਾ ਉਪਮੇਯ ਨਹੀਂ ਬਨਤ ਹੈ । ਗੁਰੂ ਜੀ ਕੋ ਅਰਥ ਰਾਖਯੋ 'ਸੰਤੋਖੁ' 'ਸਰਮੁ' ਦੋਊ ਮੁੰਦ੍ਰਾ ਕੋ ਹੈ । ਗ੍ਰੰਥ ਜੀ ਮੈਂ ਔਰ ਸਥਾਨ ਭੀ ਕਹਜੋ ਹੈ, ਯਾਂਤੇ ਯਹ ਅਰਥ ਆਛੋ । ਅਗਾਰੀ 'ਪਤੁ ਝੋਲੀ' ਪਾਪਨਿ ਤੇ ਬਚ ਕਰਿ ਆਪਨੀ ਪਤਿ ਰਾਖਨੀ, ਲੋਕ ਪ੍ਰਲੋਕ ਮੈਂ ਯਾਕੋ ਝੋਲੀ ਕਰੇ । ਜਿਸ ਕੀ ਪਤਿ ਰਹਿ ਆਵਤ ਹੈ ਤਿਸ ਮੈਂ ਸਰਬ ਗੁਨ ਸੰਗ੍ਰਹ ਹੋਤ ਹੈਂ, ਝੋਲੀ ਮੇਂ ਭੀ ਜੋਗੀਓਂ ਕੋ ਸੰਗ੍ਰਹ ਹੋਤ ਹੈ, ਹਰ ਚੀਜ਼ ਕੋ । ਯਹ ਸਮਤਾ । 'ਧਿਆਨ ਕੀ ਕਰਹਿ ਬਿਭੂਤਿ' ਪਰਮੇਸਰ ਕੇ ਸਰੂਪ ਕੋ ਧਯਾਨ ਕਰਨੋਂ ਯਹੀ ਭਸਮ ਦੇਹ ਕੋ ਲਗਾਵੈ । ਧਯਾਨ ਭੀ ਸਰਬ ਦੇਹ ਕੇ ਟਿਕਾਏ ਤੇ ਹੋਤ ਹੈ, ਬਿਭੂਤ ਭੀ ਸਰਬ ਦੇਹਿ, ਨਖ ਸ਼ਿਖ ਲੌ; ਲਗਾਵਤ ਹੈਂ; ਯਹ ਸਮਤਾ ।

## ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥

ਜੋਗੀ ਖਿੰਥਾ ਰਾਖਤ ਹੈਂ ਅਨੇਕ ਰੰਗ ਕੀ, ਸੋ ਖਿੰਥਾ ਕਾਂਇਆ, ਜੋ ਦੇਹ ਅਨੇਕ

ਰੰਗ ਕੀ; ਸਜਾਮ, ਗੌਰ, ਸੇਤ, ਤਿਸ ਕੀ ਸਮਝਿ ਰਾਖੈ। ਕਹਾ ਸਮਝੈ? ਜੈਸੇ ਬਸਤ੍ਰ ਉਪਰ ਲੈਬੇ ਕੌ ਹੋਤ ਹੈ ਤੈਸੇ ਹੀ ਦੇਹਿ ਹੈ। ਬਸਤ ਭੀ ਜੀਰਨ ਹੁਏ ਤੇ ਗੇਰ ਦਈਤਾ ਹੈ, ਦੇਹ ਭੀ ਜੀਰਨ ਹੂਏ ਤੇ ਗੇਰ ਦਈਤੀ ਹੈ, ਨਈ ਧਾਰ ਲਈਤੀ ਹੈ, ਤਾਂਤੇ ਅਹੰਤਾ ਇਸ ਕੀ ਨਾ ਕਰੇ। ਸੋ ਦੇਹ ਰੂਪੀ ਖਿੰਥਾ ਕੈਸੀ ਹੈ? 'ਕਾਲੁ ਕੁਆਰੀ' ਕਾਲ ਕੀ ਬੁਰਕੀ ਹੈ। 'ਕੁਆਰ' ਨਾਮ ਬੁਰਕੀ ਕੋ ਹੈ, ਜੋ ਖਾਵਨ ਲਾਗੇ 'ਗ੍ਰਾਸ' ਮੁਖ ਪਾਈਤਾ ਹੈ। ਕੁਆਰੀ ਨਾਮ ਬੁਰਕੀ ਕੋ ਹੈ, ਕਾਹੇ ਤੇ? ਨਿਤ ਹੀ ਕਾਲ ਗ੍ਰਸਤੋ ਜਾਤ ਹੈ। ਖਿੰਥਾ ਕੋ ਪਹਿਰਕੈ ਜੋਗੀ ਅੰਤਰ ਤਿਸ ਕੇ ਰਹਤ ਹੈਂ, ਇਹ ਜੀਵ ਭੀ ਦੇਹ ਕੇ ਅੰਤਰ ਰਹਿਤ ਹੈ, ਇਹ ਸਮਤਾ। ਕੋਈਕ ਅਰਥ ਐਸੇ ਕਰਤ ਹੈਂ: ਇਹ ਕਾਯਾਂ ਕਾਲ ਤੇ ਕੁਆਰੀ ਹੈ, ਜਿਸ ਦਿਨ ਮਰੇਗੀ ਤਿਸ ਦਿਨ ਬਜਾਹੀ ਜਾਇਗੀ। ਤਿਨ ਕੇ ਅਰਥ ਪਰ ਦੂਖਨ ਆਵਤ ਹੈ। ਕਾਲ ਕੇ ਸਾਥ ਤੋ ਬਿਵਾਹਿ ਜਿੰਦ ਰੂਪੀ ਬਧੂ ਕੋ ਲਿਖਜੋ ਹੈ ਗ੍ਰਿੰਥ ਸਾਹਿਬ ਮੈਂ, ਅਨੇਕ ਸਥਾਨ; ਪ੍ਰਮਾਣ:-

ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ॥

[ਸਲੋਕ ਫਰੀਦ-੧

ਜੇ ਕੋਈ ਕਾਲ ਕੋ ਪਤਿ ਕਰਿਕੈ ਦੇਹਿ ਕੋ ਬਧੂ ਬਨਾਇਕੈ ਅਰਥ ਲਗਾਵੈ, ਤੋ ਠੀਕ ਨਹੀਂ ਬੈਠਤਿ ਹੈ, ਦੇਹਿ ਤੋ ਈਹਾਂ ਹੀ ਭਸਮ ਹੋਇ ਜਾਤ ਹੈ, ਬਜਾਹਿਕੈ ਕਾਲ ਕਿਸ ਕੋ ਸੰਗ ਲੇ ਗਯੋ? ਐਸੇ ਪ੍ਰਸ਼ਨ ਤੇ ਤਿਨ੍ਹ ਅਰਥਵਾਰੇ ਕੋ ਉੱਤਰ ਨਹੀਂ ਆਵੈਗੋ, ਕਿਉਂ ਜੋ ਦੇਹ ਕਾਲ ਕੋ ਗ੍ਰਾਸ ਹੈ ਤਿਸ ਤੇ ਕਾਯਾ ਕੋ ਕਾਲ ਖਾਤੋ ਹੈ, ਇਹ ਤੋ ਰੀਤਿ ਅਨੇਕ ਸਥਾਨ ਮੈਂ ਕਹੀ ਹੈ। 'ਜੁਗਤਿ ਡੰਡਾ' ਜੁਗਤਿ ਨਾਮ ਪਰਮੇਸਰ ਕੇ ਸਰੂਪ ਮੈਂ ਜੁੜਨਿ ਕੋ, ਤਿਸ ਕੋ ਡੰਡਾ ਕਰੇ, ਕਿਆ? ਸੋਟਾ ਕਰੇ। ਜੋਗੀ ਹਾਥ ਡੰਡਾ ਭੀ ਰਾਖਤ ਹੈਂ, ਸੋ ਡੰਡਾ ਸੂਧੋ ਹੋਤ ਹੈ ਅਰ ਜੁੜਨੋ ਭੀ; ਜਬ ਚਿਤ ਕੀ ਬ੍ਰਿਤਿ ਜਗਤ ਕੀ ਦ੍ਰਿਸ਼ ਤੇ ਹਟਿ ਕਰਿ ਸੂਧੀ ਹੋਤ ਹੈ ਤਬ ਹੀ ਜੁੜਤ ਹੈ, ਇਹ ਸਮਤਾ। ਪਰਤੀਤਿ ਪਦ ਮੇਂ ਸ਼ਲੇਖ ਅਰਥ ਗੁਰੂ ਜੀ ਨੇ ਧਰਜੋ ਹੈ। 'ਏਕ ਪਦ ਮੇਂ ਦੋਇ ਅਰਥ ਹੋਇ' ਲੱਛਣ ਹੈ ਸ਼ਲੇਖ ਕੋ। ਸੋਈ ਕਹਤ ਹੈ: ਜੋਗੀ 'ਪਰ' ਕਹੀਏ ਅਤਿਸ਼ੈ, 'ਰਕਾਰ' ਮੈਂ ਤੇ 'ਅਕਾਰ' ਨਿਕਸੇ 'ਅਤੀਤ' ਹੋਤ ਹੈ; ਅਰਥ ਕਿ 'ਅਤਿਸ਼ੈ ਅਤੀਤ' ਹੋਤੇ ਹੈਂ, ਇਸਤ੍ਰੀ ਪੁਤ੍ਰ ਆਦਿ ਸਭ ਕੁਟੰਬ ਤੇ ਏਕਾਕੀ ਰਹਤ ਹੈਂ, ਔਰ ਸਿਖ ਕੋ ਹੋਨੋ ਅਤੀਤ ਯਹ: ਸਰਬ ਓਰ ਤੇ ਹਟਿ ਕਰਿ ਏਕ ਸਤਿਗੁਰ ਕੇ ਉਪਦੇਸ਼ ਪਰ ਪ੍ਰਤੀਤ ਕਰੇ, ਆਪਨੋ ਨਿਸਚੋ ਔਰ ਸਥਾਨ ਕਹੂੰ ਡੁਲਾਵੈ ਨਹੀਂ, ਇਹੀ ਪਰਮ ਅਤੀਤਤਾ ਹੈ। ਜੋਗੀ ਅਪਣੇ ਸਨਬੰਧੀ ਕੇ ਮੋਹ ਪਰ ਮਨ ਨਹੀਂ ਚਲਾਵਤ ਹੇ, ਸਿਖ ਔਰ ਕੇ ਮਤਿ ਪਰ ਨਹੀਂ ਡਿਗਾਵੈ, ਯਹ ਸਮਤਾ। ਇਤ੍ਯਰਥ।

'ਪਰਤੀਤਿ' ਏਕ ਨਿਸ਼ਚੇ ਕੋ, ਏਕ ਪਰਮ ਅਤੀਤ ਕੋ ਦੋ ਅਰਥ ਹੋਨ ਤੇ ਸ਼ਲੇਖਾਲੰਕਾਰ ਹੋਤ ਹੈ।

## ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥

ਤਿਨ੍ਹ ਜੋਗੀਓਂ ਕੇ ਪੰਥ ਮੈਂ ਏਕ ਆਈ ਪੰਥ ਹੈ, 'ਬਾਲਗੁੰਦਾਈ' ਇਸ ਤੇ ਆਦਿ 'ਆਈ' ਜਿਨ ਕੇ ਨਾਮ ਕੇ ਅੰਤ ਮੈਂ ਹੋਤ ਹੈ, ਸੋ ਸਰੇਸ਼ਟ ਗਿਨਜੋ ਜਾਤ ਹੈ। ਆਈ ਪੰਥ ਮੈਂ

ਜੋ ਹੋਇ ਸੋ ਆਈ ਪੰਥੀ, ਇਹ ਕੈਸੇ ਬਨੈ ? 'ਸਗਲ ਜਮਾਤੀ'=ਸਿਖ ਜੋ ਹੈ ਸੋ ਸਗਲ ਜਮਾਤੀ ਬਨੈ । ਸਰਬ ਜੋ ਸਾਧ ਸੰਗਤ ਹੈ, ਕਿਸੀ ਭੇਖ ਵਾਰੋ ਸੰਤ ਹੋਇ, ਸਰਬ ਮੇਂ ਮਿਲਯੋ ਰਹੈ, ਬਿਰੋਧ ਕਾਹੂੰ ਸਿਉਂ ਨਾ ਕਰੈ; ਸਰਬ ਕੇ ਮਿਲਨ ਤੇ ਸਗਲ ਜਮਾਤੀ ਭਯੋ। 'ਮਨਿ ਜੀਤੈ ਜਗੁ ਜੀਤੁ' ਸਿਧ ਜੋ ਜੋਗੀ ਹੈਂ ਔਰ ਪੰਥਨ ਕੋ ਕਰਾਮਾਤ ਸਿਧਾਂ ਕੀ ਲਗਾਇ ਕਰਿ ਜੀਤਤਿ ਹੈਂ, ਸਿਖ ਅਪਨੇ ਮਨ ਕੋ ਜੀਤੈ, ਇਸ ਕੇ ਜੀਤਨੇ ਕਰਿ ਸਾਰੋਈ ਜਗਤ ਜੀਤਯੋ ਜਾਤ ਹੈ। ਜੈਸੇ ਕੋਈ ਸਰਬ ਧਰਨੀ ਮੈਂ ਤੇ ਕੰਟਕ ਬੀਨਤ[1] ਫਿਰਤ ਹੈ, ਕਾਹੂੰ ਨੇ ਪਨਹੀ[2] ਪੈਰ ਮੇਂ ਪਾਇ ਲਈ ਹੈ, ਤਿਸ ਚੁਗਨਵਾਰੇ ਤੇ ਸਰਬ ਬਾਤ ਨਹੀਂ ਹੋ ਸਕਤ ਹੈ ਪਨਹੀ ਵਾਰੇ ਨੇ ਬਾਤ ਸਿਧ ਕਰ ਲਈ ਹੈ। ਤੈਸੇ ਹੀ ਮਨ ਮੈਂ ਜੋ ਮਾਨ ਬਡਾਈ ਕੈ ਬਿਕਾਰ ਹੈਂ ਸੋਈ ਖੁਆਰ ਕਰਤ ਹੈਂ, ਜਬ ਮਨ ਜੀਤਯੋ, ਏ ਬਿਕਾਰ ਸਰਬ ਮਿਟ ਜਾਤ ਹੈਂ, ਨਾ ਬਿਕਾਰ ਹੋਇਗੋ ਨਾ ਕਾਹੂੰ ਸੋਂ ਅਰੈਗੋ, ਯਾਂਤੇ ਮਨ ਹੀ ਕੋ ਜੀਤੈ।

## ਆਦੇਸੁ ਤਿਸੈ ਆਦੇਸੁ ॥

ਸਿਧ ਮਿਲਿਕੈ ਪਰਸਪਰ 'ਆਦੇਸ' ਕਰਤ ਹੈਂ, ਸਿਖ 'ਆਦੇਸ' ਜੋ ਹੈ ਪਰਮੇਸੁਰ ਤਿਸ ਕੋ 'ਆਦੇਸੁ' ਕਹੀਏ ਬੰਦਨ ਕਰੈ । ਆਦੇਸ ਕੇ ਅਰਥ ਦੋਇ: ਆਦਿ ਤੇ ਹੀ ਈਸੁਰ ਜੋ ਹੋਇ ਸੋ ਆਦੇਸੁ, ਕਿੰਵਾ ਅਕਾਰ ਲਘੁ ਕਰਨੇ ਤੇ ਅਦੇਸ=ਨਹੀਂ ਕੋਈ ਏਕ ਦੇਸ ਜਿਸਕੋ, ਸਰਬ ਹੀ ਦੇਸ ਮੈਂ ਪ੍ਰਵੇਸ਼ ਹੈ ਜਿਸ ਕੋ, ਸੋ ਅਦੇਸ । ਐਸੇ ਈਸੁਰ ਕੋ ਨਿਤਾਪ੍ਰਤਿ ਹੀ ਬੰਦਨ ਕਰੈ ।

## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਤਿਸ ਅਦੇਸ਼ ਈਸੁਰ ਕੋਂ, ਬਹੁਰ ਬਰਨਤ ਹੈਂ: ਜੋ ਦ੍ਰਿਸ਼ਟਮਾਨ ਸਰਬ ਹੈ ਤਿਸ ਕੋ 'ਆਦਿ' ਹੈ । ਕਿਆ ? ਤਿਸ ਤੇ ਪੂਰਬ ਕੋ ਹੈ। 'ਅਨੀਲੁ' ਨੀਲ ਤੇ ਆਦਿ ਔਰ ਰੰਗ ਜੋ ਸਰਬ ਹੈਂ ਤਿਨ ਥੀਂ ਰਹਿਤ ਹੈ । ਕਿੰਵਾ ਨੀਲ ਨਾਮ ਕਿਸੀ ਗਿਨਤੀ ਕੋ ਬਿਸ਼ੇਖ ਹੈ। ਨੀਲ ਤੇ ਆਦਿ ਜੋ ਗਿਨਤੀ ਹੈਂ ਤਿਸ ਥੀਂ ਰਹਿਤ ਹੈ। 'ਅਨਾਦਿ' ਜਿਸ ਕੀ ਆਦਿ ਕਬਹੂੰ ਨਹੀਂ ਹੈ, ਜੋ 'ਇਸ ਸਮੇਂ ਮੇਂ ਇਹ ਉਤਪਤਿ ਭਯੋ ਹੈ', ਇਸ ਆਦਿ ਤੇ ਰਹਿਤ ਹੈ; ਕਯਾ ? ਸਦੀਵ ਕੋ ਹੀ ਹੈ । ਜਿਸ ਕੀ ਆਦਿ ਹੋਇਗੀ ਤਿਸ ਕੋ ਅੰਤ ਭੀ ਚਾਹਿਯੇ, ਸੋ ਦੋਊ ਤੇ ਬਿਹੀਨ ਹੈ । 'ਅਨਾਹਤਿ' ਹਤਨਿ ਮੈਂ ਨਹੀਂ ਹੋ, ਕਿਆ ? ਮਾਰਯੋ ਕਿਸੀ ਤੇ ਨਹੀਂ ਜਾਇ, ਸੋ ਅਨਾਹਤਿ । ਕਿੰਵਾ ਤਕਾਰ ਕੋ ਦਕਾਰ ਬਨਤ ਹੈ 'ਅਨਾਹਦ' ਹੋਤ ਹੈ। ਬਿਹੀਨ ਹੱਦ ਤੇ ਹੈ, ਐਸੇ ਨਹੀਂ ਜੋ ਹੱਦ ਤਿਸ ਕੀ ਕਿਸੇ ਸਥਾਨ ਲਗੁ ਹੋਇ, ਜਹਾਂ ਦੇਖੀਏ ਤਹਾਂ ਹੀ ਪੂਰਨ ਹੈ, ਹਦ ਕਿਤੇ ਭੀ ਨਹੀਂ । 'ਜੁਗੁ ਜੁਗੁ ਏਕੋ ਵੇਸੁ, ਕਿਆ ? ਸਰਬ ਜੁਗ ਮੈਂ ਏਕ ਹੀ ਵੇਸ ਹੈ ਈਸ਼ੁਰ ਕੋ। ਸਤਿਜੁਗ ਤੇ ਆਦਿ ਅਨੇਕ ਜੁਗ ਜੋ ਬੀਤ ਗਏ ਹੈਂ ਤਿਨ ਸਭਨੋਂ ਮੇਂ ਏਕ ਰਸ ਸਦਾ ਹੀ ਰਹਤ ਹੈ । ਕਿੰਵਾ ਸਰਬ ਜੁਗੋਂ ਮੇਂ ਏਕ ਵਾਹਿਗੁਰੂ ਕੋ ਜਾਣੇ, ਇਹ ਵੇਸ ਹੈ, ਔਰ ਵੇਸ ਕੋਊ ਨਾ ਕਰੇ। ਪਰਮੇਸੁਰ ਕੋ ਏਕ ਲਖਨੋ,

੧. ਚੁਣਦਾ ਫਿਰਦਾ ਹੈ । ੨. ਜੁਤੀ ।

ਇਸੀ ਮੈਂ ਮੁਕਤਿ ਹੈ ਔਰ ਵੇਸ ਮੇਂ ਨਹੀਂ। ਇਤ੍ਯਰਥ।

ਇਸ ਪਉੜੀ ਮੇਂ ਸਾਵੈਵ ਰੂਪਕਾਲੰਕਾਰ ਹੈ।

ਲੱਛਣ-ਉਪਮਾ ਅਰੁ ਉਪਮੇਯ ਜੁ ਦੋਊ।
ਅੰਗ ਸਮੇਤ ਵਰਨੀਏ ਸੋਊ।
ਕਰੀਏ ਏਕ ਰੂਪ ਅਭਿਰਾਮ।
ਸੋ 'ਸਾਵੈਵ ਰੂਪਕ' ਲਖਿ ਨਾਮ।

ਇਸ ਮੈਂ ਮੁੰਦਾ ਅਰੁ ਝੋਲੀ ਬਿਭੂਤਿ ਇਸ ਤੇ ਆਦਿ ਉਪਮਾ, ਸੰਤੋਖ ਸਰਮ ਪਤੁ ਧ੍ਯਾਨ ਇਸ ਤੇ ਆਦਿ ਉਪਮੇਯ, ਸੋ ਦੋਊ ਏਕ ਰੂਪ ਕਰ ਵਰਨੇ, ਯਾਂਤੇ ਰੂਪਕ। ਸਰਬ ਅੰਗ ਕੋ ਬਨਾਉ ਜੋਗੀ ਕੋ ਕਹ੍ਯੋ; ਯਾਂਤੇ ਸਾਵੈਵ ਰੂਪਕ। ਆਦੇਸੁ ਆਦੇਸੁ ਮੈਂ ਯਮਕਾਲੰਕਾਰ। ਪਦ ਏਕ ਹੈ, ਦੋ ਵਾਰੀ, ਅਰਥ ਭਿੰਨ ਭਿੰਨ। 'ਆਦਿ ਅਨੀਲੁ' ਇਸ ਤੁਕ ਮੈਂ ਅਕਾਰ ਨਕਾਰ ਬਹੁਤ ਬੇਰ ਆਵਨ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ। 'ਜੁਗੁ ਜੁਗੁ' ਮੈਂ ਬੀਪਸ਼ਾਲੰਕਾਰ ॥ ੨੮ ॥

[ਪਉੜੀ ਉਨੱਤੀਵੀਂ]

## ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

'ਭੁਗਤਿ' ਨਾਮ 'ਭੋਜਨ' ਕੋ ਸਿਧ ਕਹਤ ਹੈਂ। ਸੋ ਭੋਜਨ ਗ੍ਯਾਨ ਕੋ ਕਰੇ। ਭੋਜਨ ਕੇ ਖਾਏ ਤੇ ਸਰਬ ਇੰਦ੍ਰੀਨ ਕੇ ਸਮੇਤ ਸਰੀਰ ਤ੍ਰਿਪਤਿ ਹੋਤ ਹੈ, ਤੈਸੇ ਹੀ ਆਤਮ ਗ੍ਯਾਨ ਕੇ ਹੋਨ ਤੇ ਮਨ ਤੇ ਆਦਿ ਸਰਬ ਤ੍ਰਿਪਤ ਹੋਤ ਹੈਂ, ਬਹੁਰੁ ਇਛਾ ਲੋਭ ਆਦਿ ਸਰਬ ਕੋ ਤ੍ਯਾਗਤ ਹੈ। 'ਦਇਆ ਭੰਡਾਰਣਿ' ਭੋਜਨ ਕੇ ਦੇਨਹਾਰੇ ਕੋ ਅਰ ਕਰਨਵਾਰੇ ਕੋ ਸਿਧ 'ਭੰਡਾਰੀ' ਕਹਤ ਹੈਂ, ਤੈਸੇ ਹੀ ਸਿਖ ਦਯਾ ਕੀ ਭੰਡਾਰਣਿ ਕਰੇ। ਦਯਾ ਜਬ ਹੋਤ ਹੈ ਤਬ ਹੀ ਪ੍ਰਾਨੀ ਕਿਸੀ ਕੋ ਦੇਤ ਹੈ। ਇਹ ਦੇਨੇ ਕੀ ਭੰਡਾਰੀ ਕੀ ਔ ਦਯਾ ਕੀ ਸਮਤਾ। 'ਘਟਿ ਘਟਿ ਵਾਜਹਿ ਨਾਦ' ਜੋਗੀ ਜੋ ਹੈਂ ਸਿੰਙੀ ਤੇ ਨਾਦ ਸ਼ਬਦ ਕਰਤੇ ਹੈਂ। ਸਰਬ ਸਰੀਰਨ ਮੈਂ ਪਰਮੇਸੁਰ ਨੇ ਨਾਦ ਬਜਾਇ ਰਾਖ੍ਯੋ ਹੈ, ਸਭ ਹੀ ਈਸੁਰ ਕੀ ਸੱਤਾ ਕਰਿ ਬੋਲਤੇ ਹੈਂ, ਇਹ ਜਾਨੋ ਜੋ ਪਰਮੇਸਰ ਕੀ ਕਲਾ ਬਿਨੁ ਕੋਈ ਭੀ ਨਹੀਂ ਬੋਲ ਸਕਤ ਹੈ। ਜੋ ਸਬਦ ਹੈ ਸੋਈ ਨਾਦ ਜਾਨੈ ਔਰ ਆਪ ਤੋ ਕਿਆ ਕਰਨੋ ਹੈ! ਇਤ੍ਯਰਥ।

ਇਸ ਤੁਕ ਮੈਂ ਭੀ ਪੂਰਬ ਰੀਤਿ ਸੋਂ ਸਾਵੈਵ ਰੂਪਕ ਹੈ। ਭੁਗਤਿ ਭੰਡਾਰਣਿ ਨਾਦ ਉਪਮਾਨ, ਗ੍ਯਾਨ ਦਇਆ ਘਟਿ ਘਟਿ ਕੋ ਸਬਦ ਉਪਮੇਯ, ਏਕ ਰੂਪ ਵਰਨੇ ਸਰਬਾਂਗ, ਯਾਂਤੇ ਸਾਵੈਵ ਰੂਪਕ।

ਕਿੰਵਾ ਸਰਬ ਤੁਕਨਿ ਕੋ ਅਰਥ ਭੀ ਔਰ ਅਰੁ ਅਲੰਕਾਰ ਭੀ ਔਰ, ਸੋਈ ਕਹਤ ਹੈਂ। ਸਿਖ ਬੂਝੈ: ਮੁੰਦ੍ਰਾ ਕੌਨ ਸੀ ਪਹਿਰੋਂ ? ਗੁਰ ਕਹਤ ਹੈਂ: ਸੰਤੋਖ ਸਰਮ ਕੀ ਪਹਿਰੋ। ਫੇਰ ਬੂਝ੍ਯੋ: ਝੋਲੀ ਕੌਨ ਹੈ ? ਗੁਰ ਕਹਿਤ ਹੈਂ ਪਤਿ ਰਾਖਨੀ ਦੋਊ ਲੋਕ ਮੈਂ। ਬਿਭੂਤ ਕੈਸੀ ਹੈ ? ਉੱਤਰ-ਧ੍ਯਾਨ ਕੀ ਕਰਿ। ਖਿੰਥਾ ਕੈਸੀ ਕਰੋਂ ? ਉੱਤਰ: ਦੇਹ ਕੀ

ਸਮਝਿ । ਡੰਡਾ ਕੌਨ ਰਾਖੋਂ ? ਉੱਤਰ: ਬ੍ਰਿਤਿ ਕੋ ਜੋੜਨੋ । ਪਰਮ ਅਤੀਤਤਾ ਕੌਨਸੀ ? ਉੱਤਰ:- ਪ੍ਰਤੀਤ ਕਰਿ । ਪ੍ਰਸ਼ਨ: ਪੰਥ ਆਈ ਕੋ ਧਾਰਨ ਕਰੈਂ ? ਉੱਤਰ: ਸਗਲ ਜਮਾਤੀ। ਪ੍ਰਸ਼ਨ: ਜੀਤੇਂ ਕਿਸ ਕੋ ? ਉੱਤਰ: ਮਨਿ ਜੀਤੈ ਜਗੁ ਜੀਤੁ । ਪ੍ਰਸ਼ਨ: ਆਦੇਸੁ ਕਿਸ ਕੋ ਕਰੈਂ ? ਉੱਤਰ:-ਅਦੇਸ਼ ਜੋ ਪਰਮੇਸੁਰ ਤਿਸ ਕੋ ਹੀ ਆਦੇਸੁ ਕਰਿ। ਇਸੀ ਰੀਤਿ ਭੁਗਤਿ ਗਯਾਨ ਮੈਂ ਅਰਥ ਸਮਝ ਲੈਨੋ । ਇਸ ਰੀਤਿ ਕੇ ਅਰਥ ਮੈਂ ਪ੍ਰਸੰਖਯਾਲੰਕਾਰ ਹੋ ਜਾਤ ਹੈ ।

ਲੱਛਣ-ਇਕ ਥਲ ਬਰਜ ਦੂਜਿਯ ਥਲ ਮਾਂਹੀ।
ਕੁਛ ਠਹਿਰਾਇ 'ਪ੍ਰਸੰਖ' ਕਹਾਂਹੀ।

ਸੋ ਮੁੰਦ੍ਰਾ ਬਰਜਿ ਕਰਿ ਸੰਤੋਖ ਸਰਮ ਕੀ ਕਹੀ, ਪਤਿ ਕੋ ਝੋਲੀ ਠਹਿਰਾਯੋ, ਬਿਭੂਤ ਧਯਾਨ ਮੈਂ ਠਹਿਰਾਈ, ਐਸੇ ਹੀ ਸਰਬ ਤੁਕਨ ਮੈਂ ਆਦੇਸੁ ਔਰ ਤੇ ਬਰਜਿ ਕਰਿ ਏਕ ਈਸਰ ਮੈਂ ਠਹਰਾਈ; ਇਸ ਰੀਤਿ ਸਪਸ਼ਟ ਕੀਏ ਪ੍ਰਸੰਖਯਾਲੰਕਾਰ ਹੋਤ ਹੈ।

## ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦਿ ॥

ਸਿਧਨ ਮੈਂ ਜੇ ਸਰੇਸ਼ਟ ਹੋਤ ਹੈਂ ਸੋ 'ਨਾਥ' ਕਹਾਵਤੇ ਹੈਂ, ਗੁਰੂ ਜੀ ਕਹਤ ਹੈਂ ਹਮਾਰੇ ਮਤਿ ਮੈਂ ਨਾਥ ਏਕ ਹੀ ਕਰਤਾ ਪੁਰਖੁ ਹੈ, ਸੋ ਕੈਸੇ ਜਾਨੀਏ ? ਸਰਬ ਜੋ ਦ੍ਰਿਸ਼ਯਮਾਨ ਹੈ, ਜਿਸ ਕੀ ਨਾਥੀ ਹੋਈ ਹੈ, ਜੋ ਕੋਈ ਨਾਥਯੋ ਹੋਤ ਹੈ ਸੋ ਤਿਸ ਕੀ ਆਗਯਾ ਮੈਂ ਚਲਤ ਹੈ, ਸੋ ਪਾਰਬ੍ਰਹਮ ਕੀ ਆਗਯਾ ਮੈਂ ਸਰਬ ਚਲਤ ਹੈਂ । ਕਿੰਵਾ ਜੈਸੇ ਰਾਜਾ ਕੋ ਰਾਜ ਤੈਸੇ ਨਾਥ ਕੀ ਨਾਥੀ । ਜਹਾਂ ਲਗਿ ਜਿਸ ਨਾਥ ਕੋ ਕੋਈ ਮਾਨੇ ਹੈ ਤਹਾਂ ਲਗ ਤਿਸ ਕੀ ਨਾਥੀ ਹੋਤ ਹੈ । ਪਰਮੇਸੁਰ ਕੀ ਨਾਥੀ ਤਾਂਕੋ ਸਰਬ ਮਾਨਤ ਹੈਂ, ਐਸੋ ਕੋਈ ਨਹੀਂ ਜੋ ਨਾ ਮਾਨੇ, ਯਾਂਤੇ ਪਰਮੇਸੁਰ ਕੀ ਨਾਥੀ ਸੱਤਯ ਹੈ ਔਰਨਿ ਕੀ ਨਾਥੀ ਝੂਠ ਹੈ। ਜੋਗੀ ਜੇ ਸਿਧ ਹੈਂ ਤਿਨੋਂ ਕੇ ਰਿਧਿ ਅਰੁ ਸਿਧਾਂ ਹੋਤ ਹੈਂ, ਰਿਧਿ ਤੋ ਅੰਨ ਅਰ ਮਾਲ ਆਦਿ; ਸਿਧਾਂ: ਅਣੁਮਾ ਮਹਿਮਾ ਆਦਿ । ਅਣੁ ਸਮਾਨੁ ਬਨਿਕੈ ਲੋਕੋਂ ਤੇ ਛਪਿ ਜਾਨੋ, ਪਰਬਤੁ ਨਯਾਂਈਂ ਬਨ ਜਾਨੋ, ਇਨ ਤੇ ਆਦਿ ਔਰ ਸਿਧਾਂ ਕਹਾਵਤੀ ਹੈਂ । ਕੋਈ ਆਠ ਕਹਤੇ ਹੈਂ ਕੋਈ ਆਠਾਰਹ ਲਿਖਤੇ ਹੈਂ । ਜੋਗੀ ਕੇ ਪਾਸ ਇਹ ਜੋ ਹੋਤੀ ਹੈਂ ਸੋ 'ਅਵਰਾ ਸਾਦਿ' ਹੈ, ਔਰ ਸਵਾਦੁ ਕੇ ਦੇਨੇ ਵਾਰੀ ਹੈਂ, ਕਯਾ ? ਲੋਕੋਂ ਮੈਂ ਮਾਨ ਬਡਾਈ ਕੇ ਦੇਨੇ ਵਾਰੀ ਹੈਂ, ਗਯਾਨ ਕੀ ਪ੍ਰਤਿਬੰਧਕ ਹੈਂ । ਕਿੰਵਾ ਰਿਧਿ ਸਿਧਿ ਜੋ ਹੈਂ, ਗਯਾਨ ਕੇ ਆਨੰਦ ਕੋ ਜੋ ਸ੍ਵਾਦੁ ਤਿਸ ਕੇ ਆਵਰਨ ਵਾਰੀ ਹੈਂ, ਕਯਾ ? ਆਛਾਦ ਲੇਨ ਵਾਰੀ ਹੈਂ, ਅਪਨੇ ਸ੍ਵਾਦ ਮੈਂ ਫਸਾਇ ਰਾਖਤ ਹੈਂ, ਆਨੰਦ ਕੇ ਸਮੀਪ ਨਹੀਂ ਪਹੁੰਚਨ ਦੇਤ ਹੈਂ, ਇਨ ਕੇ ਸ੍ਵਾਦ ਕੋ ਛੋਰਿ ਜੋ ਅਗਾਰੀ ਬ੍ਰਿਤ ਕਰੇ ਸੋ ਗਯਾਨ ਕੋ ਪਹੁੰਚਤ ਹੈ। ਸੰਤਨ ਕੇ ਮਤਿ ਮੈਂ ਰਿਧਿ ਸਿਧਿ ਕੀ ਗਿਨਤੀ ਨਹੀਂ ਹੈ। ਕਿੰਵਾ ਰਿਧ ਸਿਧਿ ਜੋ ਸਿਧਨਿ ਪਾਸ ਹੈ ਤਿਸ ਕੀ ਉਪਮਾ ਸੰਤਨ ਪਾਸਿ ਕਯਾ ਹੈ ? ਸੋਈ ਕਹਿਤੇ ਹੈਂ: 'ਅਵਰਾ ਸਾਦਿ', ਜੋ ਸਰਬ ਜਗਤ ਕੋ ਆਵਰਯੋ ਸ੍ਵਾਦ, ਕਯਾ ? ਆਛਾਦਯੋ ਹੋਯੋ ਹੈ, ਸੋ ਗਯਾਨਵਾਨ ਕੋ ਆਨੰਦ ਪ੍ਰਾਪਤਿ ਹੋਨੋ ਸੋਈ ਰਿਧਿ ਸਿਧਿ ਹੈ। ਇਸ ਅਰਥ ਮੈਂ ਉਪਮਾ ਉਪਮੇਯ ਭੀ ਬਨਯੋ।

## ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

ਜਿਧਨ ਕੇ ਪਾਸ ਅਗਾਰੀ ਕਾਰਦਾਰ ਹੋਤੇ ਹੈਂ ਜੋ ਕਾਰ ਚਲਾਵਤੇ ਰਹਿਤੇ ਹੈਂ ਲੇਨੇ ਦੇਨੇ ਕੀ। ਸੰਤਨ ਕੇ ਮਤ ਮੈਂ ਸੰਜੋਗ ਅਰ ਵਿਜੋਗੁ ਪਦਾਰਥਨ ਕੋ ਹੋਨੋ, ਇਹੀ ਲੇਨੇ ਦੇਨੇ ਕੀ ਕਾਰ ਕੋ ਚਲਾਵਤ ਹੈਂ। 'ਲੇਖੇ ਆਵਹਿ ਭਾਗ', ਭਾਗ ਕਹੀਏ ਪ੍ਰਾਲਭਧ ਜੈਸੀ ਹੋਤ ਹੈ ਤਿਸ ਕੇ ਲੇਖੇ ਅਨੁਸਾਰ ਪਦਾਰਥਨ ਕੇ 'ਸੰਜੋਗ' ਕਹੀਏ ਅਪਨੇ ਪਾਸ ਬਹੁਤ ਇਕੱਠੇ ਆਨ ਹੋਨੇ, 'ਵਿਜੋਗੁ' ਕਹੀਏ ਪ੍ਰਾਲਭਧ ਕੇ ਲੇਖੇ ਅਨੁਸਾਰ ਦੂਰ ਹੋ ਜਾਨੇ, ਜਬ ਸਰੀਰ ਕੀ ਪ੍ਰਾਲਭਧ ਸੁਖ ਭੋਗਨੇ ਕੀ ਹੈ ਤਬ ਪਦਾਰਥ ਆਨ ਇਕੱਠੇ ਹੋਤ ਹੈਂ; ਤਬ ਸੰਤ ਕੁਛ ਅਨੰਦ ਨਹੀਂ ਮਾਨਤੇ ਹੈਂ, ਜਾਨਤੇ ਹੈਂ ਸੰਜੋਗ ਜੋ ਹਮਾਰੋ ਕਾਰਦਾਰ ਹੈ ਸੋ ਕ੍ਰਿਤ ਕਰਤ ਹੈ। ਜਬ ਸਰੀਰ ਨੇ ਦੁਖ ਭੋਗਨੇ ਹੈ ਤੋ ਪਦਾਰਥ ਜਾਤੇ ਰਹਿਤੇ ਹੈਂ, ਤਬ ਸੰਤ ਚਿਤ ਮੈਂ ਦੁਖ ਨਹੀਂ ਹੋਤ ਹੈਂ, ਜਾਨਤ ਹੈਂ: ਹਮਾਰੋ ਵਿਜੋਗ ਕਾਰਦਾਰ ਕ੍ਰਿਤ ਕੋ ਕਰੇ ਹੈ; ਆਪੋ ਅਪਨੇ ਲੇਖੇ ਅਨੁਸਾਰ ਦੋਊ ਕ੍ਰਿਤ ਕੋ ਕਰੇ ਹੈਂ। ਇਤਜਰਥ।

ਇਸ ਪਉੜੀ ਮੈਂ ਭੀ ਪੂਰਬ ਰੀਤਿ ਸੋਂ ਸਾਵੈਵ ਰੂਪਕ ਅਲੰਕਾਰ ਹੋਤ ਹੈ। ਉਪਮਾ ਉਪਮੇਯ ਬਨਤ ਆਏ ਹੈਂ। ਜੋ ਦੂਸਰੇ ਅਰਥ ਕਰੀਏ, ਔਰ ਮੈਂ ਨਾਥਤਾ ਬਰਜਿ ਕੈ ਈਸ਼ੁਰ ਮੈਂ ਠਹਿਰਾਈ। ਰਿਧਿ ਸਿਧਿ ਜੋ ਆਵਰਜੋ ਆਨੰਦ ਕੋ ਸ੍ਵਾਦ, ਤਿਸ ਮੈਂ ਠਹਿਰਾਈ। ਇਸੀ ਰੀਤਿ ਸੰਜੋਗ ਵਿਜੋਗ ਮੈਂ ਔਰਨ ਤੇ ਕਾਰਦਾਰੀ ਬਰਜਿ ਕਰਿ ਤਿਨ ਮੈਂ ਠਹਿਰਾਈ, ਯਾਂ ਮੈਂ ਪ੍ਰਸੰਖਯਾਲੰਕਾਰ।

## ਆਦੇਸੁ ਤਿਸੈ ਆਦੇਸੁ ॥
## ਆਦਿ ਅਨੀਲੁ ਅਨਾਦਿ ਅਨਾਹਤਿ ਜੁਗ ਜੁਗੁ ਏਕੋ ਵੇਸੁ ॥੨੯॥

ਇਨ ਤੁਕਨਿ ਕੋ ਅਰਥ ਕਹਿ ਆਏ ਹੈਂ, ਪੂਰਬ ਰੀਤਿ ਸੋਂ ਸਮਝ ਲੈਨੇ।

[ਪਉੜੀ ਤੀਹਵੀਂ]

## ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥

ਸਿਧ ਜੋ ਹੈਂ ਘਰਿ ਘਰਿ ਮਾਈ ਕੇ ਸ਼ਬਦ ਕਹਤ ਹੈਂ, ਔ ਚੇਲੇ ਬਹੁਤ ਕਰਤ ਹੈਂ, ਸੋਈ ਰੀਤਿ ਸਤਿਗੁਰ ਕਹਤ ਹੈਂ: ਏਕ ਜੋ ਮਾਈ ਹੈ ਸੋ ਸਰਬ ਕੇ ਸੰਗ 'ਜੁਗਤਿ' ਕਹੀਏ ਮਿਲ ਕਰਿ 'ਵਿਆਈ'। 'ਵਿਆਈ' ਨਾਮ ਕੁਛ ਉਤਪਤਿ ਕਰਨ ਕੋ। ਸੋ ਸਰਬ ਜਗਤ ਕੋ ਉਤਪਤਿ ਕਰਤ ਭਈ। ਤਿਸ ਸਰਬ ਉਤਪਤੀ ਮੈਂ ਤੀਨ ਚੇਲੇ ਜੋ ਹੈਂ ਮਾਯਾ ਸਵਲ ਬ੍ਰਹਮ ਕੇ, ਸੋ 'ਪਰਵਾਣੁ' ਕਹੀਏ ਪ੍ਰਮਾਣੀਕ ਹੈਂ। ਕਯਾ ? ਸਰਬ ਕੇ ਮੁੱਖਯ ਹੈਂ। ਇਸ ਕਹਿਨੇ ਕੋ ਤਾਤਪਰਜ ਇਹ: ਜੋ ਉਤਪਤ ਕਰੇ ਹੈਂ ਸਰਬ ਹੀ ਚੇਲੇ ਹੈਂ, ਪਰੰਤੂ ਤੀਨ ਸਰਬ ਕੇ ਊਪਰ ਹੈਂ। ਕਿੰਵਾ 'ਏਕਾ ਮਾਈ' ਏਕ ਜੋ ਅਦ੍ਵੈਤ ਬ੍ਰਹਮ ਹੈ, ਕਕਾਰ ਤੇ ਅਕਾਰ ਨਿਕਸੇ 'ਅਮਾਈ' ਪਦ ਹੋਤ ਹੈ, ਸੋ ਕੈਸੋ ਹੈ ? ਅਦ੍ਵੈਤ ਹੈ। ਅਮਾਈ=ਮਾਯਾ ਤੇ ਰਹਤ। ਐਸੇ ਬ੍ਰਹਮ ਕੋ 'ਜੁਗਤਿ' ਕਹੀਏ ਮਿਲ ਕਰਿ 'ਵਿਆਈ'=ਨਾਨੱਤ੍ਵ ਕੋ ਮਾਯਾ ਰਚਿਤ ਭਈ।

'ਜੁਗਤਿ ਵਿਆਈ' ਪਦ ਤੇ ਮਾਯਾ ਕੋ ਅਧਜਾਹਾਰ। ਸ੍ਰਿਸ਼ਟਿ ਮੈਂ ਤੀਨ ਚੇਲੇ ਜੋ ਹੈਂ ਮੁੱਖਜ ਹੈਂ, ਅਗਾਰੀ ਇਨ ਤੀਨੋਂ ਕੇ ਕਰਨਬਜ ਕੋ ਕਹਤ ਹੈਂ।

## ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

ਇਕ ਤੋ 'ਸੰਸਾਰੀ' ਕਹੀਏ ਸੰਸਾਰ ਕੋ ਰਚਨਹਾਰੋ ਹੈ। ਕਯਾ? ਘੜਨਿਵਾਰੋ, ਸੰਸਾਰ ਕੋ ਰਚੈ ਸੋ ਸੰਸਾਰੀ। ਜੈਸੇ ਮਾਲਾ ਕੇ ਰਚਨਿਵਾਰੋ ਸੋ 'ਮਾਲੀ'। ਕਿੰਵਾ 'ਸੰ' ਕਹੀਏ ਸੰਮਜਕ ਪ੍ਰਕਾਰ ਅਰ 'ਸਾਰੀ' ਨਾਮ ਭਾਖਾ ਮੈਂ ਬਨਾਵਨ ਕੋ ਭੀ ਹੈ, ਜੈਸੇ ਕਹਤ ਹੈਂ 'ਅਮੁਕੋ ਕਾਜ ਸਾਰ ਲਿਆਉ' ਕਯਾ? ਬਨਾਇ ਲਯਾਉ। ਸੰਮਜਕ ਪ੍ਰਕਾਰ ਜੋ ਜਗਤ ਕੋ ਬਨਾਵੇ ਸੋ ਸੰਸਾਰੀ। ਸੋ ਕੌਨ? ਬ੍ਰਹਮਾ ਜੀ। 'ਇਕੁ ਭੰਡਾਰੀ' ਭੰਡਾਰੀ ਤਿਸ ਕੋ ਕਹਿਤ ਹੈਂ ਜੋ ਖਾਨੇ ਕੋ ਦੇਇ। ਸੋ ਕੌਨ? ਬਿਸ਼ਨੁ ਜੀ, ਜੋ ਸਰਬ ਜਗਤ ਕੋ ਪੋਖਤਿ ਪਾਲਤ ਹੈਂ। 'ਇਕੁ ਲਾਏ ਦੀਬਾਣੁ' ਤੀਸਰਾ ਜੋ ਹੈ ਤਿਸਦੀ 'ਲਾਏ ਦੀ' ਕਹੀਏ ਲੈ ਕਰਨ ਦੀ ਬਾਣ ਹੈ। ਕਯਾ? ਸਰਬ ਕੇ ਨਾਸ਼ ਕਰਣ ਕੋ ਸੁਭਾਵ ਹੈ। ਕੌਨ? ਸ਼ਿਵਜੀ। ਮਾਯਾ ਸਵਲ ਬ੍ਰਹਮ ਕੇ ਜੋ ਤੀਨ ਚੇਲੇ ਮੁੱਖਜ ਹੈਂ ਸੋ ਕਹੇ।

'ਇਕੁ ਲਾਏ ਦੀਬਾਣੁ' ਇਸ ਕੋ ਅਰਥ ਭੀ ਆਨੰਦ ਘਨ ਤੇ ਨਹੀਂ ਆਯੋ। ਮੁਹਾਸਬਾ ਲੈਨਵਾਰੋ ਅਰਥ ਕਰਯੋ ਹੈ। ਸੋ ਕਿਸੇ ਸ਼ਾਸਤ੍ਰ ਪੁਰਾਣ ਗ੍ਰੰਥ ਮੇਂ ਨਹੀਂ ਕਹਯੋ ਜੋ ਸ਼ਿਵਜੀ ਸਭ ਕੋ ਮੁਹਾਸਬਾ ਲੇਤੇ ਹੈਂ। 'ਪ੍ਰਲੈ ਕਾਲ ਮੈਂ ਸਰਬ ਕੋ ਨਾਸ਼ ਕਰਤਾ' ਏਹ ਤੋ ਸਰਬ ਮੈਂ ਲਿਖਤ ਹੈ, ਯਾਂਤੇ ਜਾਨੀਤਾ ਹੈ: ਮਨ ਆਏ ਅਰਥ ਕਰੇ ਹੈਂ।

## ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥

ਮਾਯਾ ਸਵਲ ਜੋ ਕਰਤਾ ਪੁਰਖ ਹੈ, ਜਿਸ ਰੀਤਿ ਤਿਸ ਕੋ ਭਾਵਤਾ ਹੈ, ਕਯਾ? ਚਾਹਤ ਹੈ ਜੈਸੇ, ਤਿਸੀ ਰੀਤਿ ਇਨ ਤੀਨੋਂ ਕੋ ਚਲਾਵਤ ਹੈ। ਕਿਆ? ਕਾਰਜ ਕਰਵਾਵਤ ਹੈ। ਜੈਸੇ ਤਿਨ ਕੋ 'ਫੁਰਮਾਣੁ' ਹੁਕਮ ਹੋਤਾ ਹੈ ਤੈਸੇ ਹੀ ਕਾਰਜ ਕਰਤ ਹੈਂ। ਜੇਤੋ ਚਾਹਤ ਹੈ ਤੇਤੋ ਜਗਤ ਰਚਿਵਾਵਤੋ ਹੈ। ਜੇਤੋ ਰਾਖਯੋ ਚਾਹਤ ਹੈ ਪੋਖ ਕਰਿ ਤੇਤੋ ਰਖਵਾਵਤ ਹੈ। ਜਬ ਨਾਸ਼ ਕਰਯੋ ਚਾਹਤ ਹੈ ਇਨ ਤੇ ਨਾਸ਼ ਕਰਵਾਇ ਦੇਤ ਹੈ; ਸਭ ਤਿਸ ਕੀ ਇਛਾ ਅਨੁਸਾਰੁ ਬਰਤਤੇ ਹੈਂ।

## ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

ਬ੍ਰਹਮਾਦਿ ਜੋ ਹੈਂ ਤਿਨ ਕੋ ਉਹ ਕਰਤਾ ਪੁਰਖੁ ਦੇਖਤ ਹੈ ਅਰ ਇਨਕੋ ਕਰਤਾ ਪੁਰਖੁ ਕੋ ਸਰੂਪ ਦੇਖਿਬੇ ਮੈਂ ਨਹੀਂ ਆਵਤ ਹੈ। ਅਕਾਸ਼ ਬਾਣੀ ਕਰਿਕੇ ਹੁਕਮ ਦੇਤ ਹੈ। ਜੈਸੇ ਪ੍ਰਥਮ ਹੀ ਬ੍ਰਹਮਾ ਜੀ ਕੇ ਹੋਨ ਮੈਂ ਅਕਾਸ਼ ਬਾਨੀ ਨੇ ਕਹਯੋ ਹੈ: ਹੇ ਬ੍ਰਹਮਾ! ਤੂੰ ਤਪਿ ਕਰਿ, ਜਗਤ ਰਚਿਬੇ ਕੀ ਸ਼ਕਤਿ ਤੇਰੇ ਮੈਂ ਹੋਇਗੀ; ਸੋ ਸੁਨ ਕਰਿ ਤੈਸੇ ਹੀ ਕਰਤ ਭਯੋ। ਕਿੰਵਾ ਇਨ ਤੀਨੋਂ ਕੇ ਆਦਿ ਅੰਤਿ ਕੋ ਸੋ ਦੇਖਤ ਹੈ, ਤਿਸ ਕੇ ਆਦਿ ਅੰਤੁ ਏ ਨਹੀਂ ਜਾਨਤ ਹੈਂ। ਕਿੰਵਾ 'ਓਹੁ ਵੇਖੈ'=ਵੇ ਖੈ 'ਬਿਨ ਖੈ' ਤੇ ਹੈ, ਕਿਆ? ਨਾਸ਼ ਤੇ ਰਹਤ ਹੈ, ਅਰੁ ਇਨ ਕੋ ਨਦਰ ਨਹੀਂ ਆਵਤ ਹੈ। ਬਹੁਤ ਹੀ ਏਹ ਅਸਚਰਜ ਹੈ ਜੋ ਸਰਬ

ਤੇ ਬਡੇ ਇਹ ਤੀਨ ਹੀ ਹੈਂ ਇਨ ਕੇ ਦੇਖਬੇ ਮੈਂ ਭੀ ਨਹੀਂ ਆਵਤ ਹੈ। ਇਤਯਲਤ।

'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ' ਇਸ ਤੁਕ ਮੈਂ ਪ੍ਰਸੰਖਯਾਲੰਕਾਰ ਹੈ। ਇਹਾਂ ਔਰਨ ਤੇ ਮਾਈ ਪਦ ਹਟਾਇ ਕਰਿ ਏਕ ਮਾਯਾ ਮੈਂ ਠਹਿਰਾਯੋ। ਔਰਨ ਤੇ ਚੇਲੇ ਪਦ ਬਰਜਿ ਕਰਿ ਤੀਨੋਂ ਦੇਵਨ ਮੈਂ ਠਹਿਰਾਯੋ। ਅਗਲੀ ਤੁਕ ਮੈਂ ਸੰਸਾਰੀ ਭੰਡਾਰੀ ਸਾਭਿੱਪ੍ਰਾਯ ਬਿਸ਼ੇਖਨ ਕਹੇ, ਯਾਂਤੇ ਪਰਕਰਾਲੰਕਾਰ। ਅਗਲੀ ਤੁਕ ਮੈਂ 'ਜਿਵ ਤਿਸੁ ਭਾਵੈ ਤਿਵੈ ਚਲਾਵੈ' ਵਕਾਰ ਕੀ ਬਹੁਤ ਬੇਰ ਸਮਯਤਾ, ਯਾਂਤੇ ਬ੍ਰਿਤਯਾਨੁਪ੍ਰਾਸ। ਕਿੰਵਾ 'ਫੁਰਮਾਣੁ' ਕਾਰਨ, 'ਚਲਾਵਨੋ' ਕਾਰਜ ਏਕ ਸੰਗ ਮੈਂ ਕਹਿਨੇ ਤੇ ਹੇਤਲੰਕਾਰ। 'ਓਹੁ ਵੇਖੈ ਓਨਾ ਨਦਰਿ ਨ ਆਵੈ' ਇਸ ਤੁਕ ਮੈਂ ਅਚਿੰਤ ਨਮਿਤਾ ਬਿਸ਼ੇਖੋਕਤਿ ਅਲੰਕਾਰ। ਦੇਖਨਵਾਰੇ ਕਾਰਨ ਹੈਂ, ਦੇਖਨੋ ਕਾਰਜ ਨਹੀਂ ਭਯੋ। 'ਬਹੁਤਾ ਏਹੁ ਵਿਡਾਣੁ' ਇਹ ਨਹੀਂ ਜਾਨਯੋ ਜਾਤ ਹੈ ਜੋ ਕਾਹੇ ਤੇ ਨਹੀਂ ਦੀਸਤ ਹੈ, ਯਾਂਤੇ ਅਚਿੰਤ ਨਮਿਤਾ ਬਿਸ਼ੇਖੋਕਤਿ ਹੋਤ ਹੈ। ਔਰ ਸਿਧਨ ਕੋ ਸਰਬਾਂਗ ਕਹਿਨੋ ਤੇ ਸਾਵੈਵਰੂਪਕ ਹੋਤੋ ਆਵਤ ਹੈ।

## ਆਦੇਸੁ ਤਿਸੈ ਆਦੇਸੁ ॥
## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥

ਇਨ ਤੁਕਨ ਕੋ ਅਰਥ ਅਲੰਕਾਰ ਪੂਰਬ ਰੀਤਿ ਸੇਂ।

[ਪਉੜੀ ਇਕੱਤੀਹਵੀਂ]

## ਆਸਣੁ ਲੋਇ ਲੋਇ ਭੰਡਾਰ ॥

ਜੋਗੀ ਸਿਧ ਜੋ ਹੈਂ ਆਪਣੇ 'ਆਸਣੁ' ਕਹੀਏ ਆਸ਼੍ਰਮ ਕਰਿ ਰਾਖਤੇ ਹੈਂ, ਤਹਾਂ ਆਏ ਗਏ ਕੋ ਭੰਡਾਰਾ ਭੋਜਨ ਕੋ ਦੇਤ ਹੈਂ, ਸੋਈ ਕਹਤ ਹੈਂ:– ਜਿਸ ਕੋ ਆਸਣ ਰਹਿਣ ਕੋ ਸੋ ਲੋਕ ਲੋਕ ਮੇਂ ਹੈ, ਤਿਸ ਬਿਹੀਨ ਸਥਾਨ ਕਹੂੰ ਦੇਖਬੇ ਮੈਂ ਨਹੀਂ ਆਵਤ ਹੈ, ਸਰਬ ਮੈਂ ਪੂਰਨ ਹੈ। 'ਲੋਇ ਲੋਇ' ਦੋਇ ਪਦ ਦੇਹੁਰੀ ਦੀਪਕ, ਭੰਡਾਰ ਕੇ ਅਰਥ ਸਾਥ ਭੀ ਲਗਤ ਹੈ: ਲੋਕ ਲੋਕ ਮੇਂ ਭੰਡਾਰਾ ਜਿਸ ਕੋ ਹੈ। ਜਹਾਂ ਤਹਾਂ ਸਰਬ ਜੀਵਨਿ ਕੋ ਅਹਾਰ ਸੋਈ ਦੇਤ ਹੈ, ਐਸੇ ਕੋਈ ਨਹੀਂ ਜਿਸ ਕੋ ਹਾਥ ਨਹੀਂ ਆਵੈ, ਸਰਬ ਕੋ ਦੇਤ ਹੈ। ਜੈਸਾ ਜਿਸ ਕਾ ਜਹਾਂ ਅਹਾਰ ਹੈ ਤੈਸਾ ਤਿਸ ਕੋ ਤਹਾਂ ਹੀ ਦੇਤ ਹੈ। ਔਰ ਕਿਸੂ ਨੇ ਆਸਣੁ ਅਰੁ ਕਿਆ ਭੰਡਾਰਾ ਕਰਣਾ ਹੈ, ਆਪਣੇ ਕਲਯਾਣ ਕੇ ਹੇਤ ਚਾਹੇ ਸੋ ਕਰੇ।

## ਜੋ ਕਿਛੁ ਪਾਇਆ ਸੁ ਏਕਾ ਵਾਰ ॥

ਤਿਸ ਕੇ ਭੰਡਾਰ ਤੇ ਜੋ ਕਿਛੁ ਜਿਸ ਨੇ ਪਾਯਾ ਹੈ ਸੋ ਕਰਮਨਿ ਕੇ ਅਨੁਸਾਰ ਏਕ ਹੀ ਬਾਰ ਪ੍ਰਾਪਤਿ ਹੋ ਗਯੋ ਹੈ। ਜੋ ਏਕ ਹੀ ਬਾਰ ਦੀਓ ਗਯੋ ਹੈ ਤਿਸ ਹੀ ਮੈਂ ਸਾਰੀ ਉਮਰ ਗੁਜ਼ਰ ਜਾਤੀ ਹੈ।

## ਕਰਿ ਕਰਿ ਵੇਖੈ ਸਿਰਜਣਹਾਰੁ ॥

ਰਚਿ ਰਚਿ ਕਰਿ ਸ੍ਰਿਸ਼ਟਿ ਕੋ 'ਸਿਰਜਣਹਾਰੁ' ਜੋ ਕਰਤਾ ਪੁਰਖ ਹੈ ਸੋ ਦੇਖਤ ਰਹਤ ਹੈ। ਕੋਈ ਪ੍ਰਭ ਕੋ ਜਾਨਤ ਹੈ ਕੋਈ ਨਹੀਂ ਜਾਨਤ ਹੈ। ਕੋਈ ਹਾਨ ਲਾਭ ਮੇਂ ਆਪਨੀ ਅਹੰਤਾ ਆਰੋਪਤ ਹੈ, ਕੋਈ ਕੁਕਰਮ ਕਰਤ ਹੈ, ਕੋਈ ਸੁਕਰਮ ਕਰਤ ਹੈ।

## ਨਾਨਕ ਸਚੇ ਕੀ ਸਾਚੀ ਕਾਰ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਸਚਾ ਜੋ ਸਾਹਿਬ ਹੈ ਤਿਸ ਕੀ 'ਕਾਰ' ਕਿਆ? ਕਰਤਬਜ, ਸੋ ਭੀ ਸਚੁ ਹੀ ਹੈ। ਜੋ ਨੇਤ ਮੈਂ ਪ੍ਰਥਮੇ ਰਚਜੋ ਹੈ ਪੁੰਨ ਕੋ ਫਲੁ ਸੁਖ, ਪਾਪੋਂ ਕਾ ਫਲ ਦੁਖ, ਇਸਤੇ ਆਦਿ ਔਰ ਜੋ ਰਚੀ ਹੈ ਰੀਤਿ ਸੋ ਸਰਬ ਹੀ ਸਚੁ ਹੈ; ਜੋ ਜਿਸ ਲਾਯਕ ਹੈ ਤੈਸੋ ਹੀ ਕਰਤ ਹੈ। ਇਤਯਰਥ।

'ਆਸਣੁ ਲੋਇ ਲੋਇ ਭੰਡਾਰ' ਇਸ ਤੁਕ ਮੈਂ ਲੋਇ ਤੇ ਬੀਪਸਾਲੰਕਾਰ ਹੈ। ਅਰ 'ਆਸਣੁ ਭੰਡਾਰ' ਔਰ ਥਲੁ ਤੇ ਬਰਜਿ ਏਕ ਈਸ਼ੁਰ ਮੈਂ ਠਹਿਰਾਯੋ, ਯਾਂਤੇ ਪ੍ਰਸੰਖਯਾਲੰਕਾਰ। 'ਜੋ ਕਿਛੁ ਪਾਇਆ ਸੁ ਏਕਾ ਵਾਰ' ਇਸ ਤੁਕ ਮੈਂ ਪਾਵਨੋ ਕਾਰਜ, ਆਸਣੁ ਅਰੁ ਭੰਡਾਰੋ ਕਾਰਨ ਏਕ ਸੰਗ ਮੇਂ ਕਹਿਨ ਤੇ ਹੇਤਾਲੰਕਾਰ। 'ਕਰਿ ਕਰਿ ਵੇਖੈ ਸਿਰਜਣਹਾਰੁ' ਕਰਿ ਕਰਿ ਮੈਂ ਬੀਪਸਾ। ਸਿਰਜਣਹਾਰ ਸਾਭਿੱਪ੍ਰਾਯ ਕੇ ਹੈ ਯਾਂਤੇ ਪਰਕਰਾਲੰਕਾਰ। ਔਰੁ ਕਰਣਾ ਵੇਖਣਾ ਕ੍ਰਿਯਾ ਕ੍ਰਮ ਸੋਂ ਭਈ, ਯਾਂਤੇ ਕਾਰਕਦੀਪਕ। 'ਨਾਨਕ ਸਚੇ ਕੀ ਸਾਚੀ ਕਾਰ' ਇਸ ਤੁਕ ਮੈਂ ਸਮ ਅਲੰਕਾਰ।

ਲੱਛਣ–ਜਹਿ ਕਾਰਜ ਮੈਂ ਕਾਰਨ ਰੀਤਿ।
ਤਿਹ ਕੋ 'ਸਮ' ਭਾਖੈਂ ਧਰਿ ਚੀਤ।

ਇਸ ਮੈਂ ਸਚਾ ਪਰਮੇਸ਼ੁਰ ਕਾਰਨ, ਸਚੀ ਕਾਰ ਕਾਰਜ, ਸਚ ਦੋਊਨ ਮੈਂ ਹੈ, ਯਾਂਤੇ ਸਮ ਅਲੰਕਾਰ।

## ਆਦੇਸੁ ਤਿਸੈ ਆਦੇਸੁ ॥
## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥

ਇਨ ਕੋ ਅਰਥ ਅਲੰਕਾਰ ਕਹਿ ਆਏ ਹੈਂ।

[ਪਉੜੀ ਬੱਤੀਹਵੀਂ]

ਅਬ ਅਗਾਰੀ ਇਨ ਸਭਨ ਕੋ ਬੀਜ ਮੰਤ੍ਰ ਜੋ ਹੈ ਸੋ ਸਿੱਧਨ ਮੈਂ ਪ੍ਰਸਿਧ ਨਹੀਂ, ਤਿਸ ਕੋ ਸਿੱਧਨ ਕੇ ਪ੍ਰਸੰਗ ਤੇ ਨਜਾਰੋ ਕਰਿ ਕਹਤ ਹੈਂ: ਸਭਨੋਂ ਕਾ ਨਿਰਬਾਹ ਕਰਨ ਵਾਰੋ ਜੋ 'ਸਤਿਨਾਮ' ਹੈ ਤਿਸ ਮੈਂ ਕਰਨੋ ਅਤਿ-ਪ੍ਰੇਮ ਕੋ, ਸੋ ਸਰਬ ਕੋ ਅਨੇਕ ਗੁਨੇ ਸਫਲੇ ਕਰਤ ਹੈ, ਸੋਈ ਕਹਤ ਹੈਂ।

## ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

ਕੈਸੀ ਚਾਹਿ ਚਿਤ ਮੈਂ ਹੋਇ? ਜੈਸੇ ਸਰਬ ਲੋਕਨ ਕੋ ਪ੍ਰੇਮ ਦਰਬ ਮੇਂ ਹੈ, ਏਕ

ਤੇ ਦਸ ਕੋ ਚਾਹਤ ਹੈਂ, ਸੋ ਹਜ਼ਾਰ ਅਤੇ ਲਾਖ ਕ੍ਰੋੜ ਹੋਵਤ ਲੌ ਮਨ ਕੀ ਤ੍ਰਿਸ਼ਨਾ ਬਧਤਿ ਹੀ ਜਾਤ ਹੈ। ਤੈਸੇ ਹੀ ਸਾਹਿਬ ਜੀ ਕਹਤ ਹੈਂ: ਏਕ ਜੀਭ ਤੇ ਲਾਖ ਹੋਵਨਿ, ਜੇਕਰ ਲਾਖ ਹੋਨ ਤੋਂ ਬੀਸ ਲਾਖ ਕੀ ਚਾਹ ਹੋਇ । ਅਰਥ ਇਹ ਕਿ ਸਤਿਨਾਮ ਕੇ ਸਿਮਰਨ ਕੋ ਜੇਤੀ ਰਸਨਾ ਹੋਤੀ ਜਾਇੰ ਤੇਤੀ ਹੀ ਥੋਰੀ ਜਾਨੈ। ਕੁਛ ਬੀਸ ਲਾਖ ਪਰ ਨੇਮ ਨਹੀਂ ਹੈ, ਇਸ ਤੇ ਭੀ ਅਧਿਕ ਤੇ ਅਧਿਕ ਹੋਇ ਜਾਇੰ।

## ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

ਜੇਤੀ ਲਾਖੋਂ ਰਸਨਾ ਹੋਇੰ ਤਿਨੋਂ ਸੰਗ ਏਕ ਏਕ ਤੇ ਲਾਖ ਲਾਖ ਵਾਰੀ ਸਤਿਨਾਮ ਕੋ ਜਪੈ। ਐਸੀ ਚਾਹਿ ਚਿਤ ਮੈਂ ਰਾਤਿ ਦਿਨ ਸਿਮਰਨ ਕੀ ਲਗੀ ਰਹੈ। ਸਤਿਨਾਮ ਮੇਂ ਪਿਆਰ ਚਿਤ ਕੋ ਇਸ ਪ੍ਰਕਾਰ ਹੁਯੋ ਰਹੈ ਸਦਾ ਕਾਲ ਹੀ।

## ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਇਸ ਰਾਹ ਮੈਂ ਪਰਨਿ ਤੇ ਪਤਿ ਹੈ, ਦਰਬਾਰਿ ਪਹੁੰਚਨਿ ਲੌ ਨੰਨਾਕਾਰ ਤਿਸ ਕੋ ਕਿਤੇ ਨਹੀਂ ਹੋਤ ਹੈ, ਪਤਿ ਅਬਰੋ ਕੇ ਸਮੇਤ, ਕਜਾ ? ਸਰਬ ਸਥਾਨੋਂ ਮੇਂ ਸਨਮਾਨ ਹੋਤੋ ਜਾਤ ਹੈ, ਪਰਮੇਸ਼ੁਰ ਕੇ ਦਰਬਾਰ ਪਹੁੰਚਨ ਲੌ । ਇਹ ਤੋ ਭਗਤਿ ਪੱਖ ਮੈਂ ਸਹਾਇਤਾ ਨਾਮ ਕੀ ਕਹੀ, ਅਗਾਰੀ ਗਜਾਨ ਅਵਸਥਾ ਮੈਂ ਕਹਤ ਹੈਂ: 'ਪਵੜੀਆ ਚੜੀਐ', ਕਜਾ ? ਸਤਿਨਾਮ ਕੇ ਸਿਮਰਨ ਕਰਤਯੋਂ 'ਪਵੜੀਆ' ਕਹੀਏ ਸਪਤ ਭੂਮਿਕਾ, ਤਿਨ ਕੇ ਊਪਰਿ ਊਪਰਿ ਹੀ ਚੜਤੇ ਜਾਇ । ਤਿਸ ਕੇ ਚੜਨਿ ਮੇਂ ਵਿਘਨ ਕੋਈ ਨਹੀਂ ਹੋ ਸਕਤਿ ਹੈ । 'ਹੋਇ ਇਕੀਸ' ਹੋਤਾ ਹੈ ਚੜਨ ਵਾਰੋ ਪੁਰਖੁ 'ਇਕੀਸ'; ਈਸ ਜੀਵ ਕੀ ਏਕਤਾ ਬ੍ਰਹਮੁ ਮੇਂ। 'ਇਕੁ' ਆਪਿ, ਕਕਾਰ ਤੇ 'ਈ' ਨਿਕਸੇ 'ਈਸ' ਹੋਤ ਹੈ, ਬ੍ਰਹਮ ਕੋ ਅਧਜਾਹਾਰ । ਕਿੰਵਾ ਇਕੀਸ ਨਾਮ ਤੁਰੀਆ ਪਦੁ ਕੋ ਭੀ ਹੈ, ਬਿਸ੍ਵੇ ਬੀਸ ਉਲੰਘਿਕੈ 'ਇਕੀਸ' ਤੁਰੀਆ ਪਦੁ ਕੋ ਪ੍ਰਾਪਤਿ ਹੋਇ । ਭਾਈ ਗੁਰਦਾਸ ਨੇ ਇਸ ਤੁਕ ਕੋ ਅਰਥ ਸਮਝਿਕੈ ਅਨੇਕ ਸਥਾਨ ਮੇਂ ਇਕੀਸ ਪਦ ਤੁਰੀਆ ਕੋ ਵਾਚਕ ਰਾਖਯੋ ਹੈ। ਤੀਨ ਗੁਨ ਕੋ ਉਲੰਘ ਕਰਿ ਚੌਥੇ ਤੁਰੀਆ ਮੈਂ ਲੀਨ ਹੋਤ ਹੈ । ਪ੍ਰਸੰਗ ਤੇ ਸਪਤ ਭੂਮਕਾ ਕੋ ਭੀ ਬਰਨਨ ਕਰਤ ਹੈਂ:–ਪ੍ਰਥਮੇ ਸੁਭੇਛਾ, ਬਿਚਾਰਨਾ, ਤਨਮਾਨਸਾ, ਸੱਤ੍ਵਾਪਤਿ, ਪਦਾਰਥਾ-ਭਾਵਨੀ, ਅਸੰਸਕਤਤਾ, ਤੁਰੀਯਾ । 'ਸੁਭੇਛਾ' ਤੋ ਇਹ: ਚਿਤ ਮੈਂ ਇੱਛਾ ਜੋ ਹੋਇ ਸੋ ਸੁਭ ਹੋਇ, ਬਿਸ਼ਜਨ ਮੈਂ ਦ੍ਵੇਸ਼ਤਾ, ਸਤਿਗੁਰ ਔ ਤੀਰਥ ਔ ਕਥਾ ਸ੍ਰਵਨ ਪਰਮੇਸ਼ੁਰ ਕੀ, ਇਨ ਸਰਬ ਮੈਂ ਅਤਿ ਪ੍ਰੀਤ ਕੋ ਹੋਨੋ, ਸਤਿਸੰਗ ਮੈਂ ਗੁਨ ਗਾਵਤ ਪੁਲਕਾਵਲਿ ਹੋਨੀ । ਦੂਸਰੀ 'ਬਿਚਾਰਨਾ': ਇਕੰਤ ਹੋਇਕੈ ਬਿਚਾਰਨੋ: ਮੈਂ ਕੌਨ ਹੋਂ ? ਸੰਸਾਰ ਕਿਆ ਹੈ ? ਇਸ ਬਿਚਾਰ ਮੈਂ ਰਾਤ ਦਿਨ ਬਿਤਾਵਨੋ । ਤੀਸਰੀ 'ਤਨਮਾਨਸਾ': ਮਨ ਕੋ ਰੋਕਨੋ ਜਗਤ ਕੀ ਦ੍ਰਿਸ਼ ਤੇ, ਸ਼ੁੱਧ ਸਰੂਪ ਮੇਂ ਸਥਿਰ ਰਹਿਨੋ । ਚੌਥੀ 'ਸਤ੍ਵਾਪਤਿ': ਅਨੁਭਵ ਕੋ ਉਦੈ ਅਭੰਗ ਹੋਨੋ, ਜਗਤ ਸਰਬ ਕੋ ਆਤਮ ਸਰੂਪ ਹੀ ਜਾਨਤ ਭਯੋ, ਜੈਸੇ ਸਿੰਧ ਮੈਂ ਤਰੰਗ ਹੋਤ ਹੈਂ, ਸੋ ਸਮੁੰਦਰ ਰੂਪ ਹੀ ਹੈਂ; ਤੈਸੇ ਏਕੁ ਪਰਮਾਤਮਾ ਕੋ ਰੂਪ ਸਰਬ ਕੋ ਲਖਯੋ,

ਗਯਾਨ ਕੀ ਪ੍ਰਾਪਤੀ ਚੌਥੀ ਭੂਮਕਾ ਮੈਂ ਹੋ ਜਾਤ ਹੈ । ਅਗਾਰੀ ਗਯਾਨਵਾਨੋਂ ਕੀ ਬਧਤਾ ਅਰੁ ਘਟਤਾ ਕੋ ਭੇਦ ਹੈ । ਪੰਜਵੀਂ 'ਅਸੰਸਕਤਿ' ਹੈ । ਤਨ ਅਭਿਮਾਨ ਕੋ ਛੂਟਨੋ, ਨਿਸਚੈ ਦ੍ਰਿੜ੍ਹ ਹੋਨੋ ਸਰੂਪ ਮੇਂ । ਖਸ਼ਟੀ 'ਪਦਾਰਥਾ ਭਾਵਨੀ': ਬੁਧਿ ਤੇ ਆਦਿ ਜੇਤੇ ਪਦਾਰਥੁ ਜਗਤ ਕੇ ਹੈਂ ਸਰਬ ਕੋ ਆਪ ਤੇ ਅਭਾਵ ਹੋ ਜਾਨੋ । ਸਪਤਮੀ 'ਤੁਰੀਆ': ਜਹਾਂ ਭਾਵ ਅਭਾਵ ਦੋਊ ਨਹੀਂ ਰਹੈ ਸੋ ਤੁਰੀਆ । ਐਸੇ ਸਪਤ ਭੂਮਕਾ ਜੋ ਹੈਂ ਸੋਈ ਭਈ ਪਉੜੀਆਂ; ਪਉੜੀ ਕੋ ਰੂਪ ਇਹ: ਜਿਸ ਕੋ ਪਾਇ ਕਰ ਊਪਰਿ ਕੋ ਚੜਤੇ ਜਾਨੋ, ਸੋਈ ਭੂਮਕਾ ਕੀ ਰੀਤਿ ਹੈ । ਜਿਸ ਕੋ ਪ੍ਰਾਪਤਿ ਹੋਤ ਹੈ ਤਿਸ ਕੀ ਬ੍ਰਿਤਿ ਊਪਰਿ ਕੋ ਚੜਤੀ ਜਾਤ ਹੈ। ਇਹ ਪਉੜੀ ਸੋਂ ਸਮਤਾ। ਇਤ੍ਯਰਥ।

ਇਨ ਤੁਕਨਿ ਮੈਂ ਹੇਤਾਲੰਕਾਰ। ਸਤਿਨਾਮ ਕੋ ਸਿਮਰਨ 'ਕਾਰਨ', ਪਤਿ ਸੰਯੁਕਤਿ ਪਹੁੰਚਬੋ 'ਕਾਰਜ'। ਕਿੰਵਾ 'ਪਵੜੀਆ ਚੜੀਐ ਹੋਇ ਇਕੀਸ'=ਬ੍ਰਹਮ ਰੂਪ ਹੋਨੋ ਕਾਰਜ ਯਾਂਤੇ ਏਕ ਸਗ ਕਹਿਨ ਮੈਂ ਹੇਤਾਲੰਕਾਰ ਹੋਤ ਹੈ । ਅਰ ਪ੍ਰਯਾਯੋਕਤਿ ਅਲੰਕਾਰ ਭੀ ਹੈ। ਇਹਾਂ ਸਤਿਨਾਮ ਕੇ ਸਿਮਰਨ ਕੀ ਚਾਹਿ ਕਹਿਨੀ ਹੁਤੀ ਸੋ ਏਕ ਰੀਤਿ ਸੋਂ ਕਹੀ: ਲਾਖੋਂ ਜਿਹਵਾ ਹੋਇਂ ਤਿਨ ਤੇ ਲਾਖ ਲਾਖ ਵਾਰੀ ਸਤਿਨਾਮ ਸਿਮਰੇ, ਐਸੇ ਅਭਿਲਾਖ ਜਨਾਈ, ਯਾਂਤੇ ਪ੍ਰਯਾਯੋਕਤਿ । ਔਰ ਦੂਜੀ ਅਪ੍ਰਸਤੁਤਿ ਪ੍ਰਸੰਸਾ ਅਲੰਕਾਰ ਹੋਤ ਹੈ । ਸਤਿਗੁਰ ਕੋ ਬਚਨ ਸੋ ਸਮਰਥ ਹੈ ਅਧਯਾਰੋਪਨ ਹੈ ਨਹੀਂ, ਤਾਂਤੇ ਅਨਧਯਾਰੋਪ ਹੈ । ਪ੍ਰਸਤਾਵ ਯਾ ਮੈਂ ਅਧਿਕ ਸਤਿਨਾਮ ਕੇ ਹਿਤਕਾਰੀ ਕੋ ਭਾਵ ਨਿਕਸਯੋ, ਲਾਖੋਂ ਜਿਹਵਾ ਕੇ ਪ੍ਰਸੰਗ ਕਰਿ ਚਾਹ ਕੋ ਅਰਥ ਭਯੋ।

## ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥

ਤਿਨ ਗਯਾਨਵਾਨੋ ਕੀ ਕ੍ਰਿਯਾ ਅਰੁ ਵਾਕ ਸੁਨਿ ਕਰਿ, ਵਾ ਦੇਖ ਕਰਿ ਜੋ ਅਗਯਾਨ ਪਾਖੰਡ ਕੇ ਹੇਤ ਤਿਨ ਕੀ ਰੀਸ ਕਰਨ ਕੋ ਪਹੁੰਚੇ ਤਿਸ ਪਰ ਸਾਹਿਬ ਜੀ ਕਹਤ ਹੈਂ:- ਕੀਟ ਜੋ ਮਸ਼ਕ[1] ਆਦਿ ਔਰ ਲਘੁ ਪੰਖਨਿਵਾਰੇ ਸੋ ਸੁਨਿਕੈ ਹੰਸਨਿ ਕੇ ਪਾਸ ਤੇ ਅਕਾਸ਼ ਕੀ ਬਾਤੇਂ, ਕਿਆ? ਜੋ ਬਡੋ ਊਚੋ ਹੈ ਅਰ ਹਮ ਬਡੀ ਦੂਰ ਲੌ ਗਏ ਥੇ, ਸੋ ਕੀਟ ਵੀ ਰੀਸ ਕਰਨ ਕ ਤਯਾਰ ਭਏ, ਜੋ ਹਮ ਭੀ ਤੁਮਾਰੇ ਸੰਗ ਹੀ ਅਕਾਸ਼ ਕੀ ਸੈਲ ਕਰੈਂਗੇ, ਸੋ ਤਿਨ ਕੋ ਮੁਖ ਕਰਿ ਹੀ ਕਹਿਨੋ ਬਨਤ ਹੈ, ਤਿਨ ਕੀ ਸਮਤਾ ਕਿਸੇ ਰੀਤਿ ਸੋਂ ਨਹੀਂ ਹੋਇ ਆਵਤ ਹੈ। ਹੰਸ ਤੋ ਹਜ਼ਾਰਨ ਹੀ ਕੋਸ ਲੋ ਜਾਂਹਿਗੇ, ਤਿਨ ਕੇ ਸੰਗ ਕੈਸੇ ਪਹੁੰਚਯੋ ਜਾਇਗੋ? ਤੈਸੇ ਹੀ ਗਯਾਨ ਕੀ ਰੀਸ ਕੋ ਅਗਯਾਨੀ ਜੋ ਪਹੁੰਚਤ ਹੈ ਸੋ ਕਹਿਨ ਮਾਤ੍ਰ ਹੀ ਪਹੁੰਚਤ ਹੈ, ਸੁਖ ਦੁਖ ਮੈਂ ਸਮ ਰਹਿਨੋ, ਤਨ ਹੰਤਾ ਕੋ ਤਯਾਗਨੋ, ਸਰਬ ਜਗ ਮੈਂ ਏਕ ਪੂਰਨ ਲਖਨੋ, ਜਗਤ ਅਸਤਿ, ਆਤਮਾ ਸਤਿ ਬੂਝਨੋ, ਏਹ ਸਭ ਗਯਾਨੀ ਮੈਂ ਹੋਇਗੋ; ਅਗਯਾਨੀ ਮੁਖ ਕਰਿ ਕਹੈਗੇ, ਪਰੰਤੂ ਨਿਸ਼ਚੇ ਮੇਂ ਐਸੋ ਨਹੀਂ ਰਹਿ ਸਕੈਗੋ।ਯਾਂਤੇ ਪਖੰਡ ਕਰਨ ਮੇਂ ਨਰਕ ਗਾਮੀ ਹੀ ਹੋਇਗੋ।

---

੧. ਮਛਰ।

# ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ।੩੨॥

ਸ੍ਰੀ ਨਾਨਕ ਸਾਹਿਬ ਜੀ ਕਹਿਤ ਹੈਂ: ਪਰਮੇਸਰ, ਕ੍ਰਿਪਾ ਕੀ ਨਦਰ ਵਾਰੋ, ਤਿਸ ਕੀ ਜੇ ਕ੍ਰਿਪਾ ਹੋਇ ਤਬ ਹੀ ਸਤਿਨਾਮ ਕੀ ਪ੍ਰਾਪਤਿ ਹੋਤੀ ਹੈ। ਜਿਸ ਨਾਮ ਤੇ ਭਗਤਿ ਪਖ ਮੇਂ ਤੌ ਪਤਿ ਕੇ ਸੰਯੁਕਤਿ ਦਰਬਾਰ ਪਹੁੰਚਤ ਹੈ, ਗ੍ਯਾਨ ਪਖ ਮੇਂ ਇਕੀਸ ਜੋ ਤੁਰੀਆ ਪਦ ਹੈ, ਤਿਸ ਮੈਂ ਲੀਨ ਹੋਤ ਹੈ। ਸਪਤ ਭੂਮਕਾ ਜੋ ਪਉੜੀ ਹੈਂ, ਤਹਾਂ ਚੜ ਕਰਿ, ਐਸੇ ਸਤਿਨਾਮ ਪਰਮੇਸਰ ਕੀ ਕ੍ਰਿਪਾ ਦ੍ਰਿਸ਼ਟਿ ਤੇ ਪ੍ਰਾਪਤ ਹੋਤ ਹੈ । 'ਜੇ' ਸਤਿਨਾਮ ਪ੍ਰਾਪਤ ਨਹੀਂ; ਇਸ ਤੇ ਜਾਣੀਏ ਜੋ ਪਰਮੇਸਰ ਕੀ ਕ੍ਰਿਪਾ ਦ੍ਰਿਸਟਿ ਭੀ ਨਹੀਂ, ਸੋ ਕੂੜੇ ਹੈ, ਕ੍ਯਾ ? ਝੂਠੇ ਹੈ। ਤਿਸ ਕੀ ਠੀਸ ਜੋ ਹੈ, ਬਾਦ ਹੀ ਬਕਾਉ ਕਰਣਾ, ਸੋ ਭੀ ਝੂਠ ਹੀ ਹੈ। ਇਤ੍ਯਰਥ।

'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ' ਇਸ ਤੁਕ ਮੈਂ ਅਨਯੋਕਤਿ ਅਲੰਕਾਰ ਹੈ।

ਲੱਛਣ–ਕੁਤਸਤਿ ਬਾਤ ਹੋਇ ਕਿਹ ਥਾਇ।
ਸੋ ਕਿਤ ਕਹੈਂ ਔਰ ਪਰਿ ਪਾਇ।
ਉਪਮਾ ਹੁਇ ਉਪਮੇਯਨ ਜਹਿ ਹੀ।
'ਅੰਨਯੋਕਤਿ' ਸੋ ਕਵਿ ਜਨ ਕਹਿ ਹੀ।

ਅਸਾਧਾਰਨ ਬਿਸ਼ੇਸ਼ਨ ਕਹੇਂ, ਉਪਮਾ ਹੋਇ, ਉਪਮੇਯ ਪ੍ਰਤੀਤੀ ਕਰ ਜਹਿਂ ਹੋਇ। ਸੋ ਇਸ ਤੁਕ ਮੈਂ ਅਗ੍ਯਾਨੀ, ਜੋ ਰੀਸ ਕਰਨ ਕੋ ਗ੍ਯਾਨੀ ਕੀ ਚਾਹਤ ਹੈ, ਸੋ ਕੀਟੋਂ ਪਰਿ ਪਾਇ ਕੈ ਕਹੀ, ਅਕਾਸ਼ ਕੀ ਬਾਤੈਂ ਸੁਨਿ ਕਰਿ, ਏ ਬਿਸ਼ੇਸ਼ਨ ਅਸਾਧਾਰਨ ਹੈ, ਯਾਂਤੇ ਅੰਨਯੋਕਤਿ। 'ਨਾਨਕ ਨਦਰੀ ਪਾਈਐ' ਇਸ ਤੁਕ ਮੈਂ ਨਦਰਿਵਾਰੋ ਸੋ ਨਦਰੀ, ਸਾਭਿੱਪ੍ਰਾਯ ਕੇ ਬਿਸ਼ੇਖਨ ਹੈ, ਯਾਤੇ ਪਰਕਰਾਲੰਕਾਰ। 'ਕੂੜੀ ਕੂੜੈ ਠੀਸ' ਝੂਠਯੋਂ ਕੀ ਠੀਸ ਭੀ ਝੂਠੀ, ਯਾਂਮੈ ਸਮ ਅਲੰਕਾਰ ਹੈ। ਤੀਸਰੋ: ਕਾਰਜ ਮੈਂ ਕਾਰਨ ਹੀ ਕੋ ਅੰਗ ਹੋਇ; ਕਾਰਨ ਝੂਠੇ ਅਗ੍ਯਾਨੀ ਹੁਤੇ, ਠੀਸ ਕਾਰਜ ਸੋ ਭੀ ਝੂਠੀ ਕਹੀ, ਯਾਂਤੇ ਸਮਾਲੰਕਾਰ ਹੋਤ ਹੈ।

[ਪਉੜੀ ਤੇਤੀਹਵੀਂ]

ਪਰਮੇਸੁਰ ਕੀ ਨਦਰਿ ਤੇ ਪ੍ਰਾਪਤਿ ਹੋਤ ਹੈ ਸਤਿਨਾਮ । ਆਪ ਇਸ ਪ੍ਰਾਨੀ ਤੇ ਕਛੁ ਨਹੀਂ ਹੋ ਸਕਤਿ ਹੈ, ਅਗਾਰੀ ਇਸੀ ਬਾਤ ਕੋ ਪ੍ਰਤਿਪ੍ਰਾਦਨ ਕਰੀਤਾ ਹੈ, ਸੋਈ ਕਹੀਅਤ ਹੈਂ :–

# ਆਖਣਿ ਜੋਰੁ ਚੁਪੈ ਨਹ ਜੋਰੁ ॥

ਜੋ ਕਿਛੁ ਹੈ ਸਰਬ ਪਰਮੇਸੁਰ ਕੇ ਕਰਣ ਮੇਂ ਹੈ, ਇਹ ਪਰਤੰਤ੍ਰ ਜੋ ਪ੍ਰਾਣੀ ਹੈ ਇਸ ਕੋ ਆਖਣਿ ਮੈਂ ਭੀ ਬਲ ਨਹੀਂ, ਕ੍ਯਾ ? ਜੋ ਆਪਿ ਤਨਕ ਭਰ ਬੋਲਿ ਭੀ ਨਹੀਂ ਸਕਤ ਹੈ, ਕਰਮ ਅਨੁਸਾਰ ਜੈਸੇ ਪ੍ਰੇਰਕ ਈਸੁਰ ਪ੍ਰੇਰਤ ਹੈ ਤੈਸੇ ਹੀ ਪ੍ਰਾਣੀ ਕਰਤ ਹੈ ਕਰਮ ਅਧੀਨ ਤੇ ਜੋ ਰਸਨਾ ਬੋਲਨ ਵਾਰੀ ਹੈ ਤਿਸ ਤੇ ਬੋਲਨੇ ਕੀ ਸ਼ਕਤਿ ਨਹੀਂ ਰਹਤ ਹੈ, ਜੇ ਕਰਿ ਇਸ

ਮੇਂ ਜ਼ੋਰ ਹੈ ਤੋ ਬੰਦ ਹੂਈ ਜੀਭ ਸੇਂ ਬੋਲੇ; ਜੋ ਨਹੀਂ ਬੋਲਯੋ ਗਯੋ ਤੋ ਜਾਨੀਏ ਜੋ ਇਸ ਕ ਬਲ ਇਸ ਮੈਂ ਨਹੀਂ ਚਲਤ ਹੈ। ਤਿਸੀ ਰੀਤਿ 'ਚੁਪੈ ਨਹਿ ਜੋਰੁ', ਚੁਪ ਕਰਨਿ ਮੇਂ ਭੀ ਇਸ ਕੋ ਬਲੁ ਨਹੀਂ ਹੈ। ਜਿਸ ਕਾਲ ਮੇਂ ਦੁਖ ਤੇ ਬਾਇ ਕੋ ਅੰਸ਼ ਹੋਇ ਜਾਤ ਹੈ। ਜੇ ਇਸ ਕੋ ਬਲੁ ਤਹਾਂ ਹੋਇ ਤੋਂ ਚੁਪਿ ਕਰਿ ਰਹੈ, ਜੇ ਚੁਪ ਨਹੀਂ ਕਰੀ ਗਈ ਤੋ ਜਾਨੀਏ ਇਸ ਕੋ ਜੋਰੁ ਚੁਪ ਕਰਨਿ ਮੇਂ ਭੀ ਨਹੀਂ। ਜਿਸੁ ਪ੍ਰਾਨੀ ਕੋ ਬਲੁ ਬੋਲਨਿ ਮੇਂ, ਚੁਪ ਕਰਨਿ ਮੇਂ, ਦੋਊ ਸੁਖੇਨ ਵਸਤੁ ਹੈਂ, ਇਨ ਮੇਂ ਭੀ ਨਹੀਂ; ਜੋ ਔਰ ਬਡੇ ਜਤਨ ਕੀ ਵਸਤੂ ਹੈਂ ਸੋ ਕੈਸੇ ਹੋ ਸਕਤਿ ਹੈਂ ? ਯਾਂਤੇ ਜਾਨੀਤਾ ਹੈ ਸੁਖੇਨ। ਕਿੰਵਾ ਕਠਨ ਹੋਨ ਵਾਰੇ ਕਾਜ ਸਰਬ ਪਰਮੇਸੁਰ ਕੇ ਅਧੀਨ ਹੈ।

## ਜੋਰੁ ਨ ਮੰਗਣਿ ਦੇਣਿ ਨ ਜੋਰੁ ॥

ਇਨ ਪ੍ਰਾਣੀਓਂ ਕਾ ਜੋਰੁ ਮੰਗਣਿ ਮੇਂ ਭੀ ਨਹੀਂ। ਕਾਹੇ ਤੇ ? ਜੋ ਸਰਬ ਕੁਛ ਮਾਂਗਤ ਹੈਂ। ਜੋ ਕੁਛ ਇਸ ਕੇ ਲੇਖ ਮੇਂ ਲਿਖਯੋ ਹੈ ਸੋਈ ਕਿਛੁ ਹਾਥ ਆਵਤ ਹੈ, ਔਰ ਵਧੀਕ ਤਿਸ ਤੇ ਨਹੀਂ ਬਨਤ ਹੈ। ਜੇ ਕਰਿ ਮਾਂਗੇ ਤੇ ਹਾਥ ਆਵੈ ਤੋਂ ਸਰਬ ਹੀ ਮੁਕਤਿ ਹੋਇੰ, ਅਰੁ ਸਰਬ ਹੀ ਪਦਾਰਥੋਂ ਮੇਂ ਮਹਾਨ ਹੋ ਜਾਵੇਂ। ਪਰਮੇਸੁਰ ਜੋ ਪ੍ਰੇਰਕ ਹੈ ਜਹਾਂ ਤੇ ਹਾਥ ਆਵਤ ਹੈ, ਤਹਾਂ ਤੇ ਪ੍ਰਾਲਬਧ ਕੇ ਅਨੁਸਾਰ ਲੈਨੇ ਦੇਤ ਹੈ। ਜੈਸੇ: ਸ੍ਰੀ ਚੰਡੀ ਕੇ ਪ੍ਰਗਟ ਭਏ ਤੇ ਬਨੀਏ ਨੇ ਮੁਕਤਿ ਮਾਂਗੀ, ਰਾਜਾ ਨੇ ਰਾਜ ਮਾਂਗਯੋ, ਰਾਜੇ ਕੋ ਪ੍ਰਾਲਬਧ ਕਰ ਮੁਕਤਿ ਨਹੀਂ ਬਨੀ; ਯਾਂਤੇ ਜਾਨੀਤਾ ਹੈ ਮਾਂਗਬੇ ਮੇਂ ਭੀ ਇਸ ਕੋ ਜੋਰੁ ਨਹੀਂ। ਤਿਸੀ ਰੀਤਿ ਦੇਬੇ ਮੇਂ ਭੀ ਜੋਰੁ ਨਹੀਂ। ਕੁਰਛੇਤਰ ਮੇਂ ਰੱਤੀ ਸੁਇਨਾ ਦੇਬੇ ਮੇਂ ਤੇਰਾ ਦਿਨ ਲਗਿ ਤੇਰਾ ਤੇਰਾ ਗੁਨੋ ਬਧਤੋ ਜਾਤ ਹੈ, ਏਤੋ ਲਾਭ ਹੋਨਾ ਸ਼ਾਸਤ੍ਰ ਕਹਿਤਾ ਹੈ, ਪਰੰਤੂ ਦੀਓ ਨਹੀਂ ਜਾਤ ਹੈ; ਤਾਂਤੇ ਦੇਬੋ ਭੀ ਇਸ ਪ੍ਰਾਨੀ ਕੇ ਅਧੀਨ ਨਹੀਂ।

## ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

ਜੀਵਨ ਜੋ ਹੈ ਜਗਤ ਮੇਂ ਸੋ ਭੀ ਪ੍ਰਾਨੀ ਕੇ ਹਾਥ ਨਹੀਂ। ਜੇਤੋ ਕ੍ਰਮ ਅਨੁਸਾਰ ਜੀਬੋ ਲਿਖ ਦੀਓ ਹੈ ਤੇਤੋ ਹੀ ਜੀਵਤ ਹੈ, ਬਿਨਾ ਲਿਖੇ ਏਕ ਸਵਾਸ ਭੀ ਜੀਵਨੋ ਨਹੀਂ ਪਾਵਤ ਹੈ। ਮਰਣ ਮੇਂ ਭੀ ਜੋਰੁ ਨਹੀਂ ਚਲਤ ਹੈ, ਜਬ ਮਰਣ ਲਗਤ ਹੈ ਕਿਸੀ ਰੀਤਿ ਸੇਂ ਭੀ ਬਚਾਉ ਨਹੀਂ ਹੋਤ ਹੈ। ਕਿੰਵਾ ਜੀਵਨ ਮੇਂ ਜੇ ਮਰਯੋ ਚਾਹੈ ਤੋ ਮਰਯੋ ਨਹੀਂ ਜਾਤਿ ਹੈ। ਸੰਗ੍ਰਾਮ ਮੇਂ ਜੋ ਮ੍ਰਿਤ ਹੋਤ ਹੈਂ ਤੋਂ ਅਨੇਕ ਹੀ ਬਰਖ ਸੁਰਗ ਭੋਗਤ ਕਹਿਤੇ ਹੈਂ, ਪਰ ਤਹਾਂ ਜਿਨ੍ਹੋਂ ਕੀ ਲਿਖੀ ਹੈ ਸੋਈ ਮਰਤ ਹੈਂ; ਇਤਯਾਦੀ। ਤੀਰਥਨ ਕੇ ਸਥਾਨ ਮੈਂ ਮਰਣਿ ਪਰ ਭੀ ਜੋਰ ਨਹੀਂ ਚਲਤ ਹੈ।

## ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਰਾਜ ਲੈਨੋ ਅਰ ਮਾਲ ਲੈਨੋ ਇਨ ਕੇ ਸੰਕਲਪ ਵਿਕਲਪ ਅਨੇਕ ਹੀ ਮਨ ਮੇਂ ਹੋਤ ਹੈਂ। ਤਿਸ ਕਰਿ ਭੀ ਨਹੀਂ ਰਾਜ ਮਾਲ ਪ੍ਰਾਪਤਿ ਹੋਤ ਹੈ। ਕਰਮ ਅਨੁਸਾਰ ਜਿਨ ਕੇ ਲੇਖ ਮੇਂ ਲਿਖਯੋ ਤਿਨ ਕੋ ਹੀ ਪ੍ਰਾਪਤਿ ਹੋਤ ਹੈ।

## ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਬੇਦ ਪਾਠ ਕੇ ਗਜਾਨੀ ਹੋਨੇ, ਸਤਿ ਅਸਤਿ ਕੋ ਬੀਚਾਰਨੋ, ਇਸ ਮੇਂ ਭੀ ਪ੍ਰਾਨੀ ਕੋ ਜੋਰ ਨਹੀਂ, ਪਰਮੇਸੁਰ ਕੀ ਕ੍ਰਿਪਾ ਦ੍ਰਿਸ਼ਟਿ ਤੇ ਬਿਨਾ। ਕਿੰਵਾ 'ਸੁਰਤੀ' ਬੇਦ ਪਢਨੇ ਯਹ ਜੁਦੋ, ਗਜਾਨ ਜੁਦੋ, ਬੀਚਾਰ, ਇਨ ਤੀਨੋਂ ਮੈਂ ਭੀ ਜੋਰੁ ਨਹੀਂ ਚਲਤ ਹੈ ਜੇ ਮੋ ਕੋ ਪ੍ਰਾਪਤਿ ਹੋਹਿਂ।

## ਜੋਰੁ ਨ ਜੁਗਤੀ ਛੁਟੈ ਸੰਸਾਰੁ ॥

ਖਟ ਸ਼ਾਸਤ੍ਰ ਮੇਂ ਅਨੇਕ ਹੀ ਪ੍ਰਕਾਰ ਕੀ ਜੋ ਜੁਗਤਿ ਹੈਂ ਪਰਮਾਤਮਾ ਕੇ ਸਿਧ ਕਰਨ ਪਰਿ, ਅਰੁ ਜਗਤਿ ਕੇ ਅਨਿਤ ਬਤਾਵਨ ਪਰ, ਔਰ ਕਲਜਾਨ ਕੇ ਮਾਰਗੁ ਕੀ ਜੁਗਤਿ ਹੈਂ ਬੁਧਿ ਕੀ, ਤਿਨ੍ਹੋਂ ਕਰਿ ਸੰਸਾਰ ਜਨਮ ਮਰਨ ਤਿਸ ਤੇ ਨਿਵਿਰਤ ਹੋਨੋ, ਇਸ ਮੇਂ ਭੀ ਪ੍ਰਾਨੀ ਕੋ ਬਲ ਨਹੀਂ। ਜੋ ਪਰਮੇਸੁਰ ਕੀ ਕ੍ਰਿਪਾ ਹੋਇ ਤੌ ਸੰਸਾਰ ਤੇ ਮੋਖ ਹੋਇ।

## ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਜੋ ਇਸ ਬਾਤ ਕੋ ਨਹੀਂ ਮਾਨਤ ਹੈਂ ਪਰਮੇਸੁਰ ਕੀ ਦਿਸ਼ ਤੇ, ਅਰੁ ਕਹਤ ਹੈਂ: ਇਨ ਬਾਤੋਂ ਮੇਂ ਕਿਸੀ ਵਸਤੁ ਕੋ ਹਮ ਕਰ ਸਕਤੇ ਹੈਂ, ਸੋ ਅਪਨੇ ਬਲਿ ਕਰਿ; ਕਿੰਵਾ ਬੁਧਿ ਕੇ ਬਲ ਕਰਿ ਸੋ ਕਰਿ ਦੇਖੇ; ਸੋ ਕਦਾਚਿਤੁ ਭੀ ਨਹੀਂ ਹੋਇਗੋ। ਕਿੰਵਾ ਜਿਸ ਪਰਮੇਸੁਰ ਕੇ ਹਾਥ ਜੋਰ ਹੈ ਸਭੁ ਕਿਛ ਕਰਣੇ ਕਾ, ਸੋ ਕਰਿ ਕਰਿ ਸਦੀਵ ਦੇਖਤ ਹੈ; ਔਰ ਕਿਸੀ ਤੇ ਕਿਆ ਹੋਇ ਆਵਤ ਹੈ। ਇਸ ਪਉੜੀ ਤੇ ਪੂਰਬ ਜੋ ਤੁਕ ਕਹੀ ਹੁਤੀ: 'ਨਾਨਕ ਨਦਰੀ ਪਾਈਐ' ਤਿਸੀ ਕੋ ਅਰਥ ਸਪਸ਼ਟ ਕਹਜੋ ਜੋ ਪਰਮੇਸੁਰ ਕ੍ਰਿਪਾ ਦ੍ਰਿਸ਼ਟਿ ਕਰੇ ਤੌ ਭਾਣੋ ਆਛੋ ਲਾਗੈ, ਸਤਿਨਾਮ ਸਿਮਰੇ, ਗਜਾਨ ਕੀ ਪ੍ਰਾਪਤੀ ਸੋਂ ਮੁਕਤਿ ਹੋਇ, ਯਹ ਬਜੰਗ ਨਿਕਸਜੋ। ਅਗਲੀ ਤੁਕ ਮੈਂ ਪ੍ਰਾਨੀਓਂ ਕੇ ਮਨ ਕੀ ਦਸ਼ਾ ਕਹਤ ਹੈਂ:

## ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਅਪਨੇ ਮਨ ਮੇਂ ਸਰਬ ਹੀ ਉੱਤਮ ਬਨੇ ਬੈਠੇ ਹੈਂ, ਕਜਾ? ਉਚੇ ਕਹਾਵਤ ਹੈਂ: ਹਮ ਆਛੇ ਹੈਂ ਸਰਬ ਮਤਿਨ ਵਾਰੇ। ਨੀਚ ਨੀਵੇ ਕੋਈ ਭੀ ਨਹੀਂ ਕਹਾਵਤ ਹੈ। ਕਿੰਵਾ ਜੈਸੇ ਪਰਮੇਸੁਰ ਨੇ ਕਈ ਰਚ ਦੀਓ ਹੈ ਤੈਸੇ ਹੀ ਹੈ, ਨਹੀਂ ਆਪ ਤੇ ਉੱਤਮ ਬਨਜੋ ਜਾਤ ਹੈ, ਨਾ ਨੀਚ ਬਨਜੋ ਜਾਤ ਹੈ। ਜਹਾਂ ਕੋਈ ਜਿਸ ਬਿਵਹਾਰ ਮੈਂ ਪਾਇ ਰਾਖਜੋ ਹੈ ਸੋਈ ਪਰੋ ਕਰਤ ਹੈ। ਉੱਤਮ ਨੀਚ ਆਪ ਤੇ ਕੋਈ ਨਹੀਂ ਬਨਜੋ। ਇਤਜਰਥ।

ਇਸ ਪਉੜੀ ਮੇਂ ਜੋਰੁ ਪਦ ਬਹੁਤ ਬੇਰ ਆਵਨ ਤੇ ਉਭਜਾਬ੍ਰਿਤ ਦੀਪਕ ਅਲੰਕਾਰ ਹੈ। ਔਰ ਸਮੁਚਜ ਅਲੰਕਾਰ ਭੀ ਹੈ।

ਲੱਛਣ–ਮੂਲ ਅਰਥ ਕੋ ਸਿਧ ਕਰੈ ਏਕ।
ਤਹਿਂ ਪਦ ਦੀਜਹਿ ਔਰ ਅਨੇਕ।

ਏਕ ਸਮੁਚਯ ਭੇਦੁ ਯਹੀ ਹੈ।
ਕਵਿ ਸੰਤੋਖ ਸਿੰਘ ਬਾਤ ਸਹੀ ਹੈ।

ਪ੍ਰਾਨੀ ਕੇ ਹਾਥ ਕਰਨੋ ਕੁਛ ਨਹੀਂ, ਯਹਿ ਤੋ ਮੂਲ ਅਰਥ; ਤਿਸ ਕੋ ਬਲਨ ਅਰ ਚੁਪ ਕਰਨ ਭੀ ਇਸ ਕੇ ਅਧੀਨ ਨਹੀਂ; ਯਹੀ ਸਿਧ ਕਰਤ ਹੈ । ਪੀਛੇ ਤੇ ਔਰ ਕਹੇ: ਮੰਗਣ, ਦੇਣ, ਜੀਵਣ, ਮਰਣੁ, ਆਦਿ ਯਾਂਤੇ ਸਮੁਚਯ । ਔਰ ਕਾਵਜਲਿੰਗ ਅਲੰਕਾਰ ਬੀ ਹੈ । ਜੋਰ ਪਦ ਸਰਬ ਤੁਕਨ ਮੇਂ ਕਹਿਤੇ ਆਏ ਜੋ ਕਿਸੀ ਮੇਂ ਨਹੀਂ ਯਹਿ ਤੋ ਸਮਰਥਨੀਯ 'ਨਾਨਕ ਉਤਮੁ ਨੀਚੁ ਨ ਕੋਇ' ਇਸ ਤੁਕ ਸੋਂ ਸਮਰਥਨਿ ਕਰਜੋ । ਜੋ ਆਪ ਤੇ ਉੱਤਮ ਨੀਚੁ ਭੀ ਕੋਈ ਨਹੀਂ ਬਨਜੋ, ਜੈਸੇ ਬਨਾਏ ਹੈਂ ਤੈਸੇ ਬਨੇ ਹੈਂ ਯਾਂਤੇ ਕਾਵਜਲਿੰਗ। ਔਰ ਪ੍ਰਯਾਯੋਕਤਿ ਅਲੰਕਾਰ ਹੈ । ਪਰਮੇਸੁਰ ਅਧੀਨ ਸਰਬ ਪ੍ਰਾਨੀ ਹੈਂ ਇਹਾਂ ਯਹਿ ਕਰਨੋ ਹੁਤੋ, ਤਿਸ ਕੋ ਏਹ ਰੀਤਿ ਸੋਂ ਕਹਜੋ; ਜੋਰੁ ਪ੍ਰਾਨੀ ਕੋ ਕਾਹੇ ਮੇਂ ਨਹੀਂ ਹੈ, ਆਖਣੁ ਔ ਚੁਪ ਆਦਿ ਤੇ, ਯਾਂਤੇ ਪ੍ਰਯਾਯੋਕਤਿ । ਦੋ ਤੁਕ ਮੇਂ ਣਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਹੈ ।

[ਪਉੜੀ ਚਉਤੀਹਵੀਂ]

ਅਬ ਅਗਾਰੀ ਕੁਛ ਕਰਮ ਕਾਂਡ ਕੋ ਕਹਿ ਕਰਿ ਭਗਤਿਨ ਕੀ ਮਹਿਮਾ ਕਹਤ ਹੈਂ ।

## ਰਾਤੀ ਰੁਤੀ ਥਿਤੀ ਵਾਰ ॥

'ਰਾਤੀ' ਰਾਤਿ ਜੋ ਹੈਂ, ਰੁਤੀ ਖਟ ਜੋ ਹੈਂ: ਬਸੰਤ ਗ੍ਰੀਖਮ; ਪਾਵਸ, ਸ਼ਰਦ, ਹਿਮ, ਸਿਸਰ, ਤਿਥਿ ਜੇ ਪੰਦਰਾਂ ਹੈਂ: ਏਕਮ, ਦੂਜ ਤੇ ਆਦਿ; ਵਾਰ ਜੋ ਹੈਂ ਸਪਤ: ਆਦਿਤਵਾਰ ਤੇ ਆਦਿ।

## ਪਵਣ ਪਾਣੀ ਅਗਨੀ ਪਾਤਾਲ ॥

ਪਾਣੀ ਤੇ ਅਗਨੀ ਮੱਧ ਮੇਂ, ਔ ਪਾਤਾਲ ਨੀਚੇ ਹੈ, ਪੌਣ ਊਪਰ ਹੈ, ਜਿਸ ਪੌਣ ਕੇ ਆਸਰੇ ਊਪਰ ਕੇ ਲੋਕ ਰਹਿਤ ਹੈਂ।

## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਪੂਰਬ ਜੋ ਗਿਨੇ ਹੈਂ ਜਲ ਆਦਿ, ਇਨ ਸਰਬ ਮੇਂ ਧਰਤੀ ਸਥਾਪਿਤ ਕਰਿ ਰਾਖੀ ਹੈ । ਕੈਸੀ ਹੈ ਧਰਤੀ ? ਧਰਮਸਾਲ ਹੈ । ਕਾਹੇ ਤੇ ? ਕਰਮ ਭੂਮ ਜੋ ਹੈ, ਇਸ ਹੇਤ ਤੇ । ਧਰਮਸਾਲ ਜੋ ਕਰੀਤੀ ਹੈ ਸੋ ਲੋਕਨ ਕੇ ਉਧਾਰ ਕਰਿਬੇ ਹੇਤ ਰਚਿਤ ਹੈਂ ਸੋ ਯਹ ਭੂਮਕਾ ਭੀ ਜੰਬੂ ਦੀਪ ਮੇਂ ਜੋ ਭਾਰਥ ਖੰਡੁ ਹੈ ਸੋ ਲੋਕਨ ਕੇ ਉਧਾਰ ਕਰਿਬੇ ਹੇਤ ਹੈ; ਜੋ ਇਸ ਮੇਂ ਮਾਨੁਖ ਦੇਹ ਜਿਨ ਕੋ ਪ੍ਰਾਪਤਿ ਭਈ ਹੈ, ਫੇਰ ਸੁਭ ਕਰਮ ਮੇਂ ਲਗੇ ਹੈਂ, ਸਤਿਨਾਮ ਕੇ ਸਿਮਰਨਿ ਤੇ ਗਯਾਨ ਕੀ ਪ੍ਰਾਪਤੀ ਹੋਇ ਕਰਿ ਮੁਕਤੀ ਹੋਤ ਹੈ । ਜੈਸੇ ਹੀ ਧਰਮਸਾਲ ਮੇਂ ਪੁੰਨ ਦਾਨ ਸਿਮਰਨ ਕਰਤ ਹੈਂ । ਜੋ ਐਸੇ ਸਥਾਨੋਂ ਮੇਂ ਬੁਰੇ ਕਰਮ ਕਰਤ

ਹੈਂ ਤਿਨ ਕੋ ਸੋਈ ਬਿਪ੍ਰੀਤ ਹੋ ਜਾਤਿ ਹੈ। ਤੈਸੇ ਲੋਕਨ ਕੇ ਕਲਜਾਨੁ ਹੇਤ ਕਰਮ ਭੂਮਕਾ ਰਚੀ ਹੈ; ਜੋ ਇਸ ਮੇਂ ਸ਼ੁਭ ਮਾਰਗ ਚਲਤੁ ਹੈਂ ਤਿਨ ਕੋ ਕਲਜਾਨ ਹੋਤ ਹੈ; ਯਾਂਤੇ ਧਰਮਸਾਲ ਕਹਜੋ: ਧਰਮ ਕਰਨੇ ਕੋ 'ਸਾਲ' ਕਹੀਏ ਘਰ, ਸੋ ਧਰਮਸਾਲ। ਔਰ ਜੇਤੇ ਲੋਕ ਹੈਂ ਛਿਅ ਦੀਪ ਆਦਿ ਸਰਬ ਮੇਂ ਇਸ ਭਾਰਥਖੰਡ ਕੀ ਕਮਾਈ ਖਾਤ ਹੈਂ। ਜੈਸੋ ਕਰਮ ਇਸ ਮੇਂ ਕਰੀਤਾ ਹੈ ਤੈਸੇ ਹੀ ਸਥਾਨ ਪਹੁੰਚਤ ਹੈਂ। ਭਲੇ ਸੁਰਗ ਆਦਿ ਔਰੁ ਦੀਪ ਸੁਖ ਸਥਾਨ। ਬੁਰੇ ਕਰਮ ਤੇ ਨਰਕ ਆਦਿ ਔਰ ਦੁਖ ਦੇਬੇ ਕੀ ਜਾਗਾ ਪਹੁੰਚਤ ਹੈਂ। ਸਰਬ ਮੇਂ ਕਮਾਈ ਇਸੀ ਭਾਰਥਖੰਡ ਕੀ ਹੈ।

## ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥

ਧਰਮਸਾਲ ਰੂਪ ਜੋ ਧਰਤੀ ਹੈ ਭਾਰਥਖੰਡ ਕੀ, ਤਿਸ ਕੇ ਬਿਖੇ ਜੀਅ ਜੋ ਹੈਂ, ਈਹਾਂ 'ਜੁਗਤਿ' ਕੋ ਅਰਥ 'ਰੀਤਿ' ਕੋ, ਜੀਵ ਅਨੇਕ ਰੀਤਿ ਰੰਗ ਕੇ ਹੈਂ। ਅਨੇਕ ਕੋ ਅਧਜਾਹਾਰ। ਇਤਜਰਥ।

ਪੂਰਬ ਕੀ ਦੋਊ ਤੁਕ ਮੇਂ 'ਰਾਤੀ ਰੁਤੀ' ਤਕਾਰ ਕੀ ਬਰਨ ਮੈਤ੍ਰੀ, ਅਗਨੀ ਮੇਂ 'ਪਵਣ ਪਾਣੀ ਅਗਨੀ' ਪਕਾਰ ਣਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ। ਅਗਲੀ ਤੁਕਨ ਮੇਂ ਏਕਾਵਲੀ ਅਲੰਕਾਰ।

ਲੱਛਣ–ਗ੍ਰਹਨ ਮੁਕਤਿ ਕੀ ਜਿਹ ਠਾਂ ਰੀਤਿ।
ਤਹਾਂ 'ਇਕਾਵਲਿ' ਲਖੀਏ ਚੀਤ।

ਇਹਾਂ ਰਾਤੀ ਰੁਤੀ ਪਉਣ ਪਾਣੀ ਆਦਿ ਕੇ ਬੀਚ ਧਰਤੀ ਕਹੀ, ਤਿਨੂੰ ਨੇ ਧਰਤੀ ਕੋ ਗਹਜੋ, ਧਰਤੀ ਨੇ ਸੋ ਨਾਹੀਂ ਗਹੇ, ਤਿਸ ਧਰਤੀ ਮੇਂ ਜੀਵ ਰੀਤ ਰੰਗ ਕੇ, ਧਰਤੀ ਨੇ ਜੀਵਨ ਕੋ ਧਾਰਨ ਕਰਜੋ ਜੀਵਨ ਨੇ ਧਰਤੀ ਕੋ ਨਾਹੀ ਗਹਜੋ; ਇਸੁ ਰੀਤਿ ਸੋਂ ਏਕਾਵਲੀ ਅਲੰਕਾਰ ਹੋਤ ਹੈ।

## ਤਿਨ ਕੇ ਨਾਮ ਅਨੇਕ ਅਨੰਤ ॥

ਜੋ ਜੀਵ ਹੈਂ ਤਿਨ ਕੇ ਨਾਮ ਭੀ ਅਨੇਕ ਹੈਂ, ਨਾਮ ਬਿਨਾ ਕੋਈ ਭੀ ਨਹੀਂ ਹੈ, ਸੋ ਨਾਮ ਜਾਤਿਨ ਕੇ, ਕਿੰਵਾ ਰੂਪ ਕੇ, ਕਛੁ ਗਿਨਤੀ ਮੇਂ ਨਹੀਂ ਆਵਤ ਹੈਂ; ਯਾਂਹੀ ਤੇ 'ਅਨੇਕ' ਕਹੀਏ ਅਸੰਖ ਹੈਂ, ਜਿਨ੍ਹੂੰ ਕੇ ਨਾਮ ਅਸੰਖ ਹੈਂ, ਸੋ ਜੀਵ ਭੀ ਅਨੰਤ ਹੈਂ, ਲੇਖੇ ਕਰਬੇ ਮੇਂ ਜਿਨ ਕੋ ਅੰਤੁ ਨਹੀਂ ਹੈ, ਯਾਂਤੇ ਅਨੰਤ ਹੈਂ। ਇਤਜਰਥ।

ਇਸ ਤੁਕ ਮੇਂ ਨਕਾਰ ਚਾਰ ਬੇਰ ਆਵਨ ਤੇ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ।

## ਕਰਮੀ ਕਰਮੀ ਹੋਇ ਵੀਚਾਰੁ॥

ਅਨੰਤ ਹੀ ਜੋ ਜੀਵ ਹੈਂ, ਜੈਸੇ ਜੈਸੇ ਕਰਮ ਕਰਤ ਹੈਂ ਤਿਨ ਕੋ ਪਰਮੇਸ਼ੁਰ ਕੇ ਦਰਬਾਰ ਮੇਂ ਤੈਸੋ ਹੀ ਬੀਚਾਰ ਹੋਤ ਹੈ। ਬੀਚਾਰ ਕਹਾਂ ? ਬੁਰੇ ਭਲੇ ਕਰਮੋਂ ਕਾ ਨਿਰਨਾ। ਬੁਰੇ ਕਰਮ ਕਾ ਫਲ ਨਰਕ ਤੇ ਆਦਿ ਦੁਖ ਦੇਈਤਾ ਹੈ। ਯਹ ਬੀਚਾਰ ਯਥਾ ਯੋਗ ਹੋਤ ਹੈ।

ਇਸ ਤੁਕ ਮੇਂ ਬੀਪਸਾ ਅਲੰਕਾਰ ਹੈ, ਕਰਮੀ ਪਦ ਦੋ ਬੇਰਿ ਆਵਨ ਤੇ।

## ਸਚਾ ਆਪਿ ਸਚਾ ਦਰਬਾਰੁ ॥

ਸੋ ਪਰਮੇਸ਼ੁਰ ਆਪ ਭੀ ਸਾਚੋ ਹੈ, ਬੇਮੁਹਤਾਜ ਹੈ, ਜਥਾ ਜੋਗ ਸਭਨ ਕੋ ਨਿਬੇਰਤ ਹੈ, ਦਰਬਾਰ ਭੀ ਸਾਚੋ ਹੈ, ਬੇ ਸੁਪਾਰਸ਼ ਹੈ, ਕਿਸੇ ਕੀ ਤਹਾਂ ਸਪਾਰਸ਼ ਨਹੀਂ ਹੋ ਸਕਤ ਹੈ। ਜੈਸਾ ਕਰਮ ਕਰਤ ਹੈ ਤੈਸੋ ਹੀ ਫਲ ਬਨਤ ਹੈ; ਯਾਂਤੇ ਦੋਊ ਸਾਚੇ ਹੈਂ।

ਇਸ ਤੁਕ ਮੇਂ ਸਮ ਅਲੰਕਾਰ ਹੈ। ਕਾਰਨ ਸਚਾ ਆਪਿ ਪਰਮੇਸ਼ੁਰ ਹੈ, ਕਾਰਜ ਦਰਬਾਰ ਸੋ ਭੀ ਸਾਚੋ ਹੈ। ਕਾਰਨ ਕੇ ਗੁਨ ਕਾਰਜ ਮੇਂ ਭਏ ਯਾਂਤੇ ਸਮਾਲੰਕਾਰ ਹੈ। ਕਿੰਵਾ ਸਾਚਾ ਪਦ ਦੋ ਬੇਰ ਆਵਨ ਤੇ ਉਭਜਾਬ੍ਰਿਤ ਦੀਪਕ ਅਲੰਕਾਰ ਹੈ। ਕਿੰਵਾ ਲਾਟਾਨੁਪ੍ਰਾਸ ਹੈ, ਪਦ 'ਸਚਾ' ਦੋ ਬੇਰ ਆਯੋ, ਭਾਵ ਭਿੰਨ ਹੈਂ: ਆਪਿ ਸਾਚੇ ਅਰ ਦਰਬਾਰ ਜੁਦੋ ਕਹਜੇ ਯਾਂਤੇ ਲਾਟਾਨੁਪ੍ਰਾਸ ਹੋਤ ਹੈ।

## ਤਿਥੈ ਸੋਹਨਿ ਪੰਚ ਪਰਵਾਣੁ ॥

ਤਿਨ ਕਰਮਕਾਂਡੀਓਂ ਮੇਂ ਸ਼ੋਭਾ ਕੋ ਪ੍ਰਾਪਤ ਅਗਾਰੀ ਔਰ ਕੋਈ ਨਹੀਂ ਹੋ ਸਕਤਿ ਹੈ, ਤਿਨ ਸਭਨਿ ਤੇ ਜਿਨ੍ਹੋਂ ਨੇ ਭਾਣਾ ਮਾਨ ਕਰਿ ਸਤਿਨਾਮ ਕੋ ਸਿਮਰਨ ਕਰਜੋ ਹੈ। 'ਪੰਚ' ਨਾਮ ਸੰਤਨ ਕੋ, ਸੋ ਪ੍ਰਵਾਨ ਭਏ ਹੈਂ, ਕਜਾ ? ਪ੍ਰਮਾਣੀਕ ਭਏ ਹੈਂ। ਪੂਜਣੇ ਜੋਗ ਭੀ ਸੋਈ ਹੈਂ। ਅਰ ਸ਼ੋਭਾ ਕੋ ਸੋਈ ਪ੍ਰਾਪਤਿ ਹੋਤ ਹੈਂ। ਪੰਜ ਜੋ ਸਤਿ ਸੰਤੋਖਾਦਿਕ ਤਿਨ੍ਹੋਂ ਕੋ ਧਾਰ ਕਰਿ ਜੋ ਪ੍ਰਵਾਨ ਭਏ ਹੈਂ, ਕਿੰਵਾ ਪੰਚ ਪਰਮੇਸ਼ੁਰ ਤਿਸ ਕੋ ਪ੍ਰਮਾਨ ਕਰਜੋ ਹੈ ਜਿਸ ਨੇ। ਵਕਾਰ ਕੋ ਮਕਾਰ ਬਨਤ ਹੈ, ਪ੍ਰਮਾਨ ਕਰਜੋ ਹੈ। 'ਪਰ' ਕਹੀਏ ਉਤਕ੍ਰਿਸ਼ਟ, 'ਮਾਨ' ਮਨ ਮੇਂ ਮਾਨਜੋ ਹੈ, ਕਯਾ ? ਮਨ ਲਗਾਇ ਰਾਖਜੋ ਹੈ; ਸੋਈ ਸ਼ੋਭਾ ਕੋ ਪ੍ਰਾਪਤਿ ਹੋਤ ਹੈਂ।

## ਨਦਰੀ ਕਰਮਿ ਪਵੈ ਨੀਸਾਣੁ ॥

'ਨਦਰੀ' ਨਦਰਿ ਵਾਰੋ ਜੋ ਪਰਮੇਸ਼ੁਰ, ਤਿਸ ਕੇ 'ਕਰਮ' ਕਹੀਏ ਕ੍ਰਿਪਾ ਕਰਿ ਨੀਸਾਨੀ ਪਰਤ ਹੈ, ਜੈਸੇ ਪਾਤਿਸ਼ਾਹ ਕੀ ਮੁਹਰ ਚਾਰੋਂ ਦਿਸ਼ ਮੇਂ ਚਲਤ ਹੈ, ਕਹੂੰ ਹਟਕਾਰ ਨਹੀਂ ਹੋਤ ਹੈ। ਤੈਸੇ ਕ੍ਰਿਪਾ ਨਦਰਿ ਕੀ ਨੀਸਾਨੀ ਕਰੀ ਹੂਈ ਕੋ ਹਟਕਾਰ ਕਹੀਂ ਨਹੀਂ, ਚੌਦਹ ਲੋਕ ਮੇਂ ਸਨਮਾਨੀ ਹੋਤੇ ਹੈਂ। ਔਰ ਕਰਮ ਕਾਂਡੀ ਜੇ ਹੈਂ, ਤਿਨ ਕੋ ਫਲ ਤੋ ਪ੍ਰਾਪਤਿ ਹੋਤ ਹੈ, ਪ੍ਰੰਤੁ ਸ਼ੋਭਾ ਕੋ ਸੰਤ ਹੀ ਪ੍ਰਾਪਤਿ ਹੋਤ ਹੈਂ। ਇਤਜਰਥ।

ਪੂਰਬ ਕੀ ਤੁਕ ਮੇਂ ਪ੍ਰਸੰਖਜਾਲੰਕਾਰ ਹੈ। ਇਹਾਂ ਔਰ ਕੋਈ ਨਹੀਂ ਸੋਹਤ, ਸਭਨਿ ਤੇ ਹਟਾਇ ਸੰਤਨ ਮੇਂ ਆਰੋਪਜੋ ਸ਼ੋਭਾ ਕੇ ਪ੍ਰਾਪਤਿ ਹੋਨੋ, ਯਾਂਤੇ ਪ੍ਰਸੰਖਜਾਲੰਕਾਰ। ਦੂਸਰੀ ਤੁਕ ਮੇਂ ਨਦਰੀ ਬਿਸ਼ੇਖਨ ਸਾਭਿੱਪ੍ਰਾਯ ਹੈ, ਯਾਂਤੇ ਪਰਕਰਾਲੰਕਾਰ। ਕਿੰਵਾ ਕਰਮ ਕ੍ਰਿਪਾ ਕਾਰਨ, ਨੀਸਾਨੀ ਕਾਰਜ ਏਕ ਸੰਗ ਮੇਂ ਕਹਿਨ ਤੇ ਹੇਤਾਲੰਕਾਰ।

## ਕਚ ਪਕਾਈ ਓਥੈ ਪਾਇ ॥

ਈਹਾਂ ਤੋ ਕਰਮ ਕਾਂਡੀ ਭੀ ਅਹੰਤਾ ਸੋਂ ਕਰਮ ਕਰਣਵਾਰੇ ਅਹੰਕਾਰ ਕਰਤ ਹੈਂ ਕਿ

ਹਮਾਰੀ ਸ਼ੋਭਾ ਅਗਾਰੀ ਅਧਿਕ ਹੋਇਗੀ, ਪਰੰਤੂ ਇਸ ਬਾਤ ਕੀ ਕਚਾਈ ਅਰ ਪਕਾਈ 'ਓਥੈ' ਕਹੀਏ ਪਰਮੇਸ਼ੁਰ ਕੇ ਦਰਬਾਰ ਮੇ ਪਾਵਹਿਂਗੇ, ਜੋ ਇਹ ਕਚੀ ਬਾਤ ਹੈ, ਇਹ ਪੱਕੀ ਹੁਤੀ ।

## ਨਾਨਕ ਗਇਆ ਜਾਪੈ ਜਾਇ ॥੩੪ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਅਗੈ ਜਹਾਂ ਜਾਨੋ ਹੈ ਤਹਾਂ ਤੇ ਗਇਆਂ, ਕਿਆ ? ਪਹੁੰਚਿਆਂ ਤੇ 'ਜਾਪੈ' ਕਹੀਏ ਜਾਣਿਓ ਜਾਇਗੋ, ਕਿਸਕੋ ਸਨਮਾਨ ਹੈ, ਕਾਂਕੀ ਸ਼ੋਭਾ ਹੋਤ ਹੈ, ਈਹਾਂ ਤੋਂ ਸਭੁ ਕੋਈ ਬਡੋ ਕਹਾਵਤ ਹੈ । ਤਾਂਤੇ ਔਰ ਸਰਬ ਕਾ ਭਰੋਸਾ ਛੋਡ ਕਰਿ ਸਤਿਨਾਮ ਕੋ ਸਿਮਰੋ, ਜਿਸ ਕੇ ਸੇਵਨ ਮੇਂ ਸਭ ਬਡਿਆਈ ਹੈ । ਇਤਯਰਥ ।

ਇਨ ਤੁਕਨ ਮੇਂ ਬਿਰੋਧਾਲੰਕਾਰ ।

ਲੱਛਣ–ਇਕ ਅਧਾਰ ਮੈਂ ਦੋ ਠਹਿਰਾਵੈ ।
ਕੁਛ ਬਿਰੋਧ ਜਹਿਂ ਬਰਨਨ ਆਵੈ ।
ਭੂਖਨ ਵਹੈ 'ਬਿਰੋਧ' ਕਹਾਵੈ ।
ਕਵਿ ਸੰਤੋਖੁ ਸਿੰਘ ਗੁਨੀ ਬਤਾਵੈਂ ।

ਕਚਾਈ ਪਕਾਈ ਦੋਊਨ ਕੇ ਕਹੇ ਤੇ ਏਕ ਕੋ ਅਭਾਵ ਹੋਇਗੋ ਅਰੁ ਏਕ ਅਧਾਰ ਮਾਨੁਖਜ ਮੇਂ ਠਹਿਰਾਯੋ, ਯਾਂਤੇ ਬਿਰੋਧਾਲੰਕਾਰ ।

[ਪਉੜੀ ਪੈਂਤੀਹਵੀਂ]

## ਧਰਮ ਖੰਡ ਕਾ ਏਹੋ ਧਰਮੁ ॥

'ਧਰਮ ਖੰਡ' ਕਹੀਏ ਕਰਮ ਕਾਂਡ, ਤਿਸ ਕੋ ਇਸੀ ਰੀਤਿ ਕੋ ਧਰਮ ਹੈ: ਜੈਸਾ ਕੋਈ ਕਰੈ ਤੈਸਾ ਫਲੁ ਪ੍ਰਾਪਤਿ ਕਰ ਦੇਤ ਹੈ । ਜੈਸੇ ਕੋਈ ਕਰਤਤੁ ਕਰੇ ਤਿਸ ਕੋ ਸੋਈ ਧਰਮ ਹੋਤ ਹੈ । ਜੈਸੇ ਛਤ੍ਰੀ ਕੋ ਧਰਮ ਜੁਧ ਕੋ, ਬੈਸ ਕੋ ਧਰਮ ਬਨਜ ਕਰਨ ਕੋ, ਤੈਸੇ ਭਾਰਥ ਖੰਡੁ ਮੇਂ ਜੇ ਕਰਮ ਕਾਂਡੀ ਹੈਂ ਤਿਨ ਕੋ ਕਾਮਨਾ ਅਨੁਸਾਰ ਫਲੁ ਦੇਬੋ ਕਰਨੋ, ਇਸ ਕੋ ਯਹੀ ਧਰਮ ਹੈ । ਇਤਯਰਥ ।

ਇਸ ਤੁਕ ਮੇਂ ਯਮਕਾਲੰਕਾਰ । 'ਧਰਮ' ਪਦ ਏਕ ਹੀ ਕੇਰੋ ਬੇਰ ਆਵਨ ਤੇ ਅਰਥ ਭਿੰਨ ਭਿੰਨ ਭਯੋ : ਧਰਮ ਖੰਡ 'ਧਰਮ ਭੂਮਿ' ਕੋ ਅਰਥ, ਦੂਸਰੋ 'ਧਰਮੁ' ਤਿਸ ਕੋ ਧਰਮ ਹੀ ਐਸੋ ਹੈ; ਕਿਆ ? ਐਸੀ ਹੀ ਰੀਤਿ ਹੈ ।

## ਗਿਆਨ ਖੰਡ ਕਾ ਆਖਹੁ ਕਰਮੁ ॥

ਤਿਸ ਕਰਨ ਕਾਂਡ ਤੇ ਉਪਰੰਤ ਬੇਦ ਮੇਂ ਭੀ ਉਪਾਸਨਾਂ ਕਾਂਡ ਹੈ । ਤੈਸੇ ਹੀ ਕਰਮ ਕਾਂਡ ਪ੍ਰਥਮ ਕਹਿ ਕਰਿ 'ਤਿਥੈ ਸੋਹਨਿ ਪੰਚ ਪਰਵਾਣੁ' ਸੋ ਉਪਾਸਨਾ ਕਾਂਡੁ ਕਹ੍ਯੋ, ਅਬ ਗਿਆਨ ਕਾਂਡ ਪਿਛਾਰੀ ਜੈਸੇ ਬੇਦ ਮੇਂ ਕਹਯੋ ਹੈ, ਤਿਸ ਕੋ ਤਿਸੀ ਰੀਤਿ ਸੋ ਕਹਤ ਹੈਂ । 'ਗਿਆਨ ਖੰਡ' ਕਹੀਏ ਗ੍ਯਾਨ ਕਾਂਡ, ਤਿਸ ਕੋ 'ਕਰਮ' ਕਹੀਏ ਜੋ ਸਮਝਿ ਹੈ, ਸੋ ਕਹ੍ਯੋ ਜਾਤ ਹੈ । ਜੋ ਗ੍ਰਿਥ ਹੋਤ ਹੈਂ ਤਿਨ੍ਹੂੰ ਕੇ ਬਿਭਾਗ ਕਾ ਨਾਉਂ

ਕੋਈ ਖੰਡ ਕਹਿ ਦੇਤ ਹੈ, ਖੰਡੁ ਨਾਮ ਡਕਰੇ ਕੋ ਹੋਤ ਹੈ, ਕੋਈ ਕਾਂਡ ਕਹਤ ਹੈ, ਕੋਈ ਸਿਕੰਧ ਕਹਿ ਦੇਤ ਹੈ। ਗ੍ਰਿੰਥ ਕੋ ਬ੍ਰਿਛ ਰੂਪ ਕਰਿਕੈ ਤਿਸਕੇ ਬਿਭਾਗ ਕੋ ਟਹਿਣੇ ਕਹਤ ਹੈਂ। ਕਾਂਡ ਅਰ ਸਿਕੰਧ ਟਹਿਣੇ ਕੇ ਨਾਮ ਹੈਂ। ਖੰਡ ਕੋ ਅਰਥ ਐਸੇ ਜਾਨੀਏ। ਕਿੰਵਾ ਗਯਾਨ ਖੰਡ ਕੋ ਕ੍ਰਮ ਹੀ ਸੋਂ ਆਖਤੇ ਹੈਂ। ਕਯਾ ? ਪ੍ਰਥਮ ਕਰਮ ਕਾਂਡ, ਉਪਾਸ਼ਨਾ ਕਾਂਡ ਪੀਛੈ ਗਯਾਨ ਕਾਂਡ, ਇਸੀ ਕ੍ਰਮ ਸੋਂ ਕਹਤ ਹੈਂ। 'ਆਖਹੁ' ਪਦੁ ਔਰ ਪਰ ਨਹੀਂ ਲਾਵਣੋ, ਗੁਰੂ ਜੀ ਕਹਤ ਹੈਂ 'ਹਮ ਆਖਤ ਹੈਂ'। 'ਆਖਹੁ' ਪਰ ਕੇ ਹਕਾਰ ਕੋ ਉਕਾਰ ਹੋ ਜਾਤ ਹੈ, ਜੈਸੇ 'ਤੋਕਹੁ' ਪਦ ਕੋ 'ਤੋ ਕਉ' ਕਹਿ ਦੇਤ ਹੈਂ। ਬਿੰਦੇ ਕੋ ਅਭਾਵ ਹੀ ਹੈ।

## ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਜਿਨ ਕੋ ਸਰੂਪ ਕੀ ਪ੍ਰਾਪਤਿ ਹੂਈ ਹੈ, ਏਕ ਆਤਮੇ ਪਰ ਦ੍ਰਿਸ਼ਟਿ ਖੁੱਲ੍ਹੀ ਹੈ, ਤਿਨ ਕੀ ਅਵਸਥਾ ਕਹਤ ਹੈਂ। ਤਿਨ ਕੀ ਦ੍ਰਿਸ਼ਟੀ ਮੇਂ 'ਕੇਤੇ ਹੀ' ਕਹੀਏ ਅਨੇਕ ਹੀ ਪਵਣ ਹੈਂ, ਅਨੇਕ ਹੀ ਪਾਣੀ ਹੈਂ, ਅਨੇਕ ਹੀ ਅਗਨਿ ਹੈਂ, ਅਨੇਕ ਹੀ ਕ੍ਰਿਸ਼ਨਾਵਤਾਰ ਹੈਂ ਅਨੇਕ ਹੀ ਸ਼ਿਵ ਹੈ।

## ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

ਅਨੇਕ ਹੀ ਬ੍ਰਹਮੇ ਹੈਂ ਜਗਤ ਕੇ ਰਚਨਹਾਰੇ, ਅਨੇਕ ਹੀ ਘਾੜਤ ਘੜੀਤੀ ਹੈ। ਅਰਥ-ਕਿ ਅਨੇਕ ਹੀ ਬ੍ਰਹਮੇ ਅਨੇਕ ਹੀ ਜਗਤ ਰਚਿਤ ਹੈਂ। ਰੂਪ ਅਰ ਰੰਗ ਕੇ 'ਵੇਸ' ਕਹੀਏ ਤਰ੍ਹਾਂ, ਸੋ ਭੀ ਅਨੇਕ ਹੀ ਹੈਂ।

## ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥

ਤਿਸ ਬ੍ਰਹਮੁ ਰੂਪੀ ਸਮੁੰਦਰ ਕੇ ਤਰੰਗ ਜੋ ਜਗਤ ਹੈ, ਤਿਸ ਮੇਂ ਅਨੇਕ ਹੀ ਕਰਮ ਭੂਮਿਕਾ ਹੈਂ, ਜੰਬੂ ਦੀਪ ਮੇਂ ਜੋ ਭਾਰਥਖੰਡ ਹੈ ਯਾਂਕੋਂ ਨਾਮ ਕਰਮਭੂਮਿ, ਅਰੁ ਮੇਰ ਕੇਤੇ ਹੀ ਹੈਂ। 'ਕੇਤੇ ਧੂ ਉਪਦੇਸ' ਔਰ ਧ੍ਰੂ ਕੋ ਉਪਦੇਸ ਕਰਣਹਾਰੇ, ਕੌਣ ? ਨਾਰਦੁ, ਸੋ ਭੀ ਅਨੇਕ ਹੈਂ। ਕਿੰਵਾ ਧ੍ਰੂ ਭੀ ਅਨੇਕ ਹੈਂ, 'ਉਪ ਦੇਸ' ਕਹੀਏ ਉਪਰਲੇ ਦੇਸ ਮੇਂ ਰਹਿਨਵਾਰੋ ਧ੍ਰੂ ਲੋਕ ਔਰ ਲੋਕਨਿ ਤੇ ਊਪਰਿ ਹੈ, ਯਾਂਤੇ ਧ੍ਰੂ ਉਪਦੇਸ਼ ਭਯੋ। ਕਿੰਵਾ ਧ੍ਰੂ ਭੀ ਅਨੇਕ ਹੈਂ। 'ਉਪਦੇਸ' ਨਾਮ ਸ਼ਾਸਤ੍ਰ ਸਿਮ੍ਰਿਤਿ ਪੁਰਾਣ ਗ੍ਰਿੰਥਨ ਕੋ ਭੀ ਬਨਤ ਹੈ, ਕਿਉਂਕਿ ਇਨ ਮੇਂ ਉਪਦੇਸ਼ ਹੀ ਲੋਕਨਿ ਪ੍ਰਤਿ ਕਯੋ ਹੈ। ਸ਼ਾਸਤ੍ਰ ਪੁਰਾਣ ਗ੍ਰਿੰਥ ਭੀ ਅਨੇਕ ਹੈਂ, ਕਿੰਵਾ 'ਉਪ ਦੇਸ' ਨਾਮ ਅਕਾਸ਼ ਕੋ ਭੀ ਕਹਤ ਹੈਂ। ਕੇਤੇ ਹੀ ਕਰਮ ਹੈਂ, ਕੇਤੀ ਹੀ ਭੂਮਿਕਾ ਹੈਂ, ਕੇਤੇ ਹੀ ਮੇਰ ਹੈਂ। ਕੈਸੇ ਮੇਰ ਹੈਂ ? ਧ੍ਰੂ ਹੈਂ। ਕਯਾ ? ਨਿਸਚਲੁ ਹੈਂ। ਧ੍ਰੂ ਨਾਮ ਅਚਲ ਕੋ ਭੀ ਹੈ, ਔਰ ਉਪਰਲੋ ਦੇਸ਼ ਅਕਾਸ਼, ਸੋ ਭੀ ਅਨੇਕ ਹੈਂ। ਧ੍ਰੂ ਕੋ ਅਰਥ ਅਚਲ ਕੋ। ਸੁਮੇਰ ਕੇ ਸੰਗ ਪਦ ਛੇਦ ਕੋ ਅਰਥ ਭਯੋ।

## ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥

ਅਨੇਕ ਹੀ ਇੰਦ੍ਰ ਹੈਂ ਅਰੁ ਅਨੇਕ ਹੀ ਚੰਦ੍ਰਮਾ ਹੈਂ, ਅਨੇਕ ਹੀ ਸੂਰਜ ਹੈਂ, ਕੇਤੇ

ਹੀ ਮੰਡਲ ਦੇਸ, ਨਾਮ ਦੀਪਨ ਕੇ ਦੇਸ ਕੋ। ਮੰਡਲਾਕਾਰ ਦੀਪ ਹੋਨ ਤੇ ਮੰਡਲ ਨਾਮ ਕਹਯੋ। ਕਿੰਵਾ ਦੀਪ ਅਰ ਦੇਸ ਅਨੇਕ ਹੈਂ। ਕਿੰਵਾ ਤਿਨ ਦੀਪਨ ਕੇ ਸੰਬੰਧ ਕਰਿ ਅਰਥ ਦੇਸ ਕੋ ਖੰਡਨਿ ਕੋ ਹੋਤ ਹੈ, ਅਨੇਕ ਹੀ ਖੰਡ ਹੈਂ।

## ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥

ਅਨੇਕ ਹੀ ਸਿਧ ਹੈ; ਜਿਨ ਕੇ ਪਾਸ ਸਰਬ ਸਿੱਧਾਂ ਹੋਤ ਹੈਂ ਸੋ 'ਸਿਧ' ਕਹਾਵਤ ਹੈਂ। 'ਬੁਧ' ਚੰਦ੍ਰਮਾ ਕੋ ਪੁਤ੍ਰ। ਕਿੰਵਾ ਬੁਧ ਨਾਮ ਕਵਿ ਕੋ, ਸੋ ਭੀ ਅਨੇਕ ਹੀ ਹੈਂ। ਨੌ ਨਾਥ ਜੋ ਗਿਨੇ ਜਾਤੇ ਹੈਂ ਐਸੇ ਅਨੇਕ ਹੀ ਨਾਥ ਹੈਂ, ਅਨੇਕ ਹੀ ਦੇਵੀਆਂ ਕੇ ਵੇਸ ਹੈਂ। 'ਵੇਸ' ਕਯਾ ? ਸਰੂਪ ਹੈਂ।

## ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥

ਅਨੇਕ ਦੇਵਤੇ ਹੈਂ ਜੋ ਤੇਤੀਸ ਕੋਟ ਕਹਾਵਤ ਹੈਂ, ਸੋ ਐਸੇ ਅਨੇਕ ਹੀ ਤੇਤੀਸ ਕੋਟਿ ਕਹਾਵਤੇ ਹੈਂ। ਅਨੇਕ ਹੀ ਦਾਨਵ ਹੈਂ। ਜੈਸੇ ਸਪਤ ਮੁਨਿ ਹੈਂ ਤੈਸੇ ਅਨੇਕ ਹੀ ਮੁਨਿ ਹੈਂ, ਅਨੇਕ ਹੀ ਰਤਨੋਂ ਕੇ ਸਮੁੰਦਰ ਹੈਂ, ਜੋ ਰਤਨਾਕਰ ਕਹਾਵਤ ਹੈਂ। ਕਿੰਵਾ ਰਤਨ ਭੀ ਅਨੇਕ ਹੈਂ, ਸਮੁੰਦਰ ਭੀ ਅਨੇਕ ਹੈਂ।

## ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਚਾਰ ਖਾਣੀ ਜੋ ਹੈਂ, ਇਨ ਜੈਸੀ ਅਨੇਕ ਖਾਣੀ ਹੈਂ। ਚਾਰ ਬਾਣੀ ਜੋ ਹੈਂ, ਇਨ ਜੈਸੀ ਅਨੇਕ ਹੀ ਬਾਣੀ ਹੈਂ। 'ਪਾਤਿ' ਕਹੀਏ ਪੰਗਤਿ, 'ਨਰਿੰਦ'=ਰਾਜਨ ਕੀ, ਸੋ ਭੀ ਅਸੰਖ ਹੀ ਹੈਂ।

## ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

'ਕੇਤੀਆ' ਅਸੰਖ ਹੀ ਸ੍ਰੁਤਿ ਬੇਦਿ ਕੀ, ਕਿੰਵਾ ਸ੍ਰੁਤੀ ਵਾਰੇ ਬੇਦ ਭੀ ਅਸੰਖ ਹੀ ਹੈਂ, ਜੈਸੇ ਚਾਰ ਬੇਦ ਇਸ ਬ੍ਰਹਮੰਡ ਮੇਂ ਗਿਨੇ ਜਾਤ ਹੈਂ, ਤੈਸੇ ਔਰ ਜੋ ਬ੍ਰਹਮੰਡ ਅਨੇਕ ਹੈਂ ਤਿਨ੍ਹੋਂ ਮੇਂ ਅਨੇਕ ਹੀ ਬੇਦ ਹੈਂ। ਤਿਨ੍ਹੋਂ ਬੇਦੋਂ ਕੇ ਸੇਵਕ ਉਪਦੇਸ ਕੇ ਧਾਰਨਵਾਰੇ ਔ ਸੇਵਨਵਾਰੇ ਅਨੇਕ ਹੀ ਹੈਂ। 'ਨਾਨਕ ਅੰਤੁ ਨ ਅੰਤੁ' ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਅਕਾਸ਼ ਰੂਪ ਜੋ ਬ੍ਰਹਮ ਹੈ, ਤਿਸ ਮੇਂ ਪ੍ਰਮਾਣੂ ਸਮ ਜੋ ਬ੍ਰਹਮੰਡ ਹੈਂ ਤਿਨ ਕੀ ਰਚਨਾ ਕੋ ਜੋ ਅੰਤੁ ਲੀਓ ਚਾਹੇ 'ਨ ਅੰਤੁ', ਕਿਆ ? ਅੰਤ ਨਹੀਂ ਪਾਵਤ ਹੈ। ਕਿੰਵਾ ਅੰਤ ਲੈਨਵਾਰੇ ਕੋ ਅੰਤੁ ਹੋਇ ਜਾਤ ਹੈ। ਤਿਸ ਰਚਨਾ ਕੋ ਅੰਤੁ ਨਹੀਂ ਪਾਵਤ ਹੈ। ਜਿਨ ਗਯਾਨਵਾਨੋਂ ਕੀ ਬ੍ਰਹਮ ਪਰ ਦ੍ਰਿਸ਼ਟਿ ਖੁੱਲ੍ਹੀ ਹੈ ਸੋ ਐਸੀ ਬਯੰਤਤਾ ਕੋ ਦੇਖਤ ਹੈਂ। ਇਤਯਰਥ।

'ਕੇਤੇ ਕੇਤੇ' ਪਦ ਬਾਰੰਬਾਰ ਆਵਨ ਤੇ ਉਭਯਾਬ੍ਰਿਤ ਦੀਪਕ ਅਲੰਕਾਰ ਹੈ। ਅੰਤੁ ਲੈਨ ਵਾਰੇ ਕਾਰਨ, ਅੰਤ ਲੈਬੋ ਕਾਰਜ ਨਹੀਂ ਭਯੋ, ਯਾਂਤੇ ਬਿਸ਼ੇਖੋਕਤਿ ਅਲੰਕਾਰ। ਬਿਖਮ ਅਲੰਕਾਰ ਭੀ ਹੈ।

ਲੱਛਣ-ਭਲੇ ਕਰਤ ਜਹਿਂ ਹ੍ਵੈ ਬੁਰਿਆ੍ਈ ।
'ਬਿਖਮੁ' ਤੀਸਰੋ ਭੇਦੁ ਕਹਾਈ ।

ਇਹ ਅੰਤ ਲੈਬੇ ਕੋ ਭਲੋ ਉੱਦਮ ਕੀਓ ਤਿਨ ਕੋ ਅੰਤ ਭਯੋ ਯਹ ਬੁਰਿਆਈ, ਯਾਂਤੇ ਬਿਖ਼ਮਾਲੰਕਾਰ ।

[ਪਉੜੀ ਛੱਤੀਹਵੀਂ]

## ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਗਯਾਨ ਕਾਂਡ ਕੇ ਬਿਖੇ ਗਯਾਨ ਹੀ ਪਰਚੰਡੁ ਹੈ । ਕਯਾ ? ਬਡੋ ਤੇਜਵਾਰੋ ਹੈ। ਅਗਯਾਨ ਕੇ ਨਸ਼ਟ ਕਰਬੇ ਕੋ ਗਯਾਨ ਹੀ ਸੁ ਪ੍ਰਕਾਸ਼ ਹੈ। ਫੇਰ ਕਿਸੇ ਕੀ ਸਹਾਇਤਾ ਕੋ ਨਹੀਂ ਚਾਹਤ ਹੈ। ਕਰਮ ਕਰਨ ਮੇਂ ਉਪਾਸ਼ਨਾ ਮੇਂ ਕਰਤੱਤ ਕਰਨੋ ਰਹਤ ਹੈ। ਗਯਾਨ ਮੇਂ ਬਾਕੀ ਔਰ ਕੁਛ ਨਹੀਂ ।

## ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਤਿਸ ਗਯਾਨ ਕੀ ਪ੍ਰਾਪਤੀ ਮੇਂ 'ਨਾਦ' ਕਹੀਏ ਸ਼ਬਦ, ਜੋਗੀ ਦਸ ਪ੍ਰਕਾਰ ਕੇ ਸੁਨਤ ਹੈਂ। ਸੋ ਗਯਾਨ ਭਏ ਤੇ ਗਯਾਨੀ ਕੇ ਭੀ ਸੁਨਬੇ ਮੇਂ ਆਵਤ ਹੈਂ। ਤਿਨਕੇ ਸੁਨਿਬੇ ਕਰ ਜੋ ਬਿਨੋਦ ਚੋਜ ਬਿਲਾਸ ਹੋਤ ਹੈ, ਸੋ ਕੈਸੋ ਹੋਤੋ ਹੈ ? 'ਕੋਡ' ਕ੍ਰੋੜ ਹੀ ਗਯਾਨੀ ਅਨੰਦ ਰੂਪ ਹੋ ਜਾਤ ਹੈਂ। ਬਹੁਰ ਸਮੁੰਦਰ ਕੀ ਬੂੰਦ ਸਮੁੰਦਰ ਮੇਂ ਮਿਲ ਜਾਤ ਹੈ, ਨਯਾਰੀ ਨਹੀਂ ਹੋ ਸਕਤਿ ਹੈ, ਆਵਾਗੌਨ ਮਿਟ ਜਾਤ ਹੈ। ਇਤਯਰਥ।

ਪੂਰਬ ਕੀ ਤੁਕ ਮੇਂ ਲਾਟਾਨੁਪ੍ਰਾਸ ਅਲੰਕਾਰ ਹੈ। ਗਯਾਨ ਪਦ ਦੋ ਬੇਰ ਆਵਨ ਤੇ ਗਯਾਨ ਕਾਂਡ ਪ੍ਰਥਮ ਕਹਯੋ, ਦੂਸਰੋ ਗਯਾਨ ਹੀ ਪ੍ਰਚੰਡ ਹੈ ਯਹ ਭਾਵ ਭਿੰਨ । ਦੂਸਰੀ ਤੁਕ ਮੇਂ ਦਕਾਰ ਤੀਨ ਬੇਰਿ ਆਵਨ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ । ਕਿੰਵਾ ਤਕਾਰ, ਥਕਾਰ, ਦਕਾਰ, ਨਕਾਰ ਏਕ ਹੀ ਬਰਗ ਕੇ ਹੈਂ, ਯਾਂਤੇ ਸ਼੍ਰੁਤਯਾਨੁਪ੍ਰਾਸ ਅਲੰਕਾਰ ਹੋਤ ਹੈ। ਔਰ ਕਾਵਯਲਿੰਗ ਅਲੰਕਾਰ ਦੋਊ ਤੁਕਨ ਮੇਂ ਹੈ, ਪੂਰਬ ਕੀ ਤੁਕ ਮੇਂ ਗਯਾਨ ਹੀ ਪ੍ਰਚੰਡ ਹੈ, ਯਹ ਤੋ ਸਮਰਥਨੀਯ, ਤਹਾਂ ਨਾਦ ਬਿਨੋਦ ਕ੍ਰੋੜ ਹੀ ਅਨੰਦ ਹੈਂ ਯਾ ਤੁਕ ਸੋਂ ਸਮਰਥਨਿ ਕਰਯੋ, ਯਾਂਤੇ ਕਾਵਯਲਿੰਗ ਹੈ।

ਅਬ ਈਹਾਂ ਗਯਾਨ ਕਾਂਡ ਕਹਿ ਕਰ ਭੋਗ ਪਾਵਨੋ ਬਨਤ ਹੁਤੋ, ਪ੍ਰੰਤੂ ਜਗਯਾਸੀ ਜੋ ਪ੍ਰਸ਼ਨ ਕਰੈ, ਗਯਾਨ ਕੀ ਪ੍ਰਾਪਤਿ ਕੇ ਹੇਤ ਕੌਨ ਜਤਨ ਕਰੀਏ ? ਸਤਿਗੁਰ ਕਿਰਪਾਲ ਜੋ ਹੈਂ ਇਸ ਪ੍ਰਸ਼ਨ ਕੋ ਲੀਏ ਹੂਏ ਬਹੁਰ ਜਤਨ ਲਖਾਵਤੇ ਹੈਂ ਬੁਨੀਖਨਿਨ ਕੀ ਨਯਾਂਈਂ, ਜੇ ਕੋਈ ਪ੍ਰਸ਼ਨ ਕਰੇ: ਸਤਿਨਾਮ ਕੋ ਸਿਮਰਨ ਇਹ ਜੋ ਜਤਨ ਗਯਾਨ ਕੀ ਪ੍ਰਾਪਤਿ ਕੋ ਕਹਿ ਆਏ ਹੈਂ ਤਿਸ ਕੋ ਉੱਤਰ ਈਹਾਂ ਸਤਿਨਾਮ ਕੀ ਭੀ ਪ੍ਰਾਪਤਿ ਕੋ ਜਤਨ ਕਹਤ ਹੈਂ, ਜਿਸ ਤੇ ਸਤਿਨਾਮ ਕੋ ਪਾਇ ਕਰਿ ਗਯਾਨਵਾਨ ਹੋਵੇ ।

## ਸਰਮ ਖੰਡ ਕੀ ਬਾਣੀ ਰੂਪੁ ॥

ਖੋਟੇ ਜੋ ਹੈਂ ਕਰਮ ਤਿਨ ਕੇ ਕਰਿਬੇ ਮੇਂ ਸ਼ਰਮ ਕਰਣੀ, ਕਯਾ ? ਪ੍ਰਥਮੇ ਤੋ ਲੋਕ।

ਲਾਜ, ਜੋ ਮੈਂ ਐਸਾ ਖੋਟੇ ਕਰਮ ਕਰੇਂਗਾ ਤੌ ਲੋਕ ਮੁਝ ਕੋ ਧਿਕਾਰੈਂਗੇ, ਅਰੁ ਬੁਰਾ ਕਹੈਂਗੇ, ਇਸ ਬਾਤ ਕੀ ਸ਼ਰਮ ਕਰੇ; ਦੂਸਰੇ ਸਤਿਗੁਰੂ ਕੀ ਦਿਸ਼ ਤੇ ਸ਼ਰਮ ਰਾਖੈ ਜੋ ਮੇਰੇ ਸਤਿਗੁਰੂ ਨੇ ਕਜਾ ਕਹਯੋ ਹੈ ਅਰੁ ਮੈਂ ਕਰਨ ਕਜਾ ਲਗਜੋ ਹੋਂ। ਤੀਸਰੇ ਧਰਮਰਾਇ ਕੇ ਪਾਸ ਜਹਾਂ ਜਾਨੋ ਹੈ ਤਹਾਂ ਕੀ ਸ਼ਰਮ ਰਾਖੇ, ਕਜਾ ? ਕਰੇ; ਜੋ ਮੈਂ ਤਹਾਂ ਜਾਊਂਗਾ, ਮੇਰੀ ਪਤਿ ਤਹਾਂ ਰਹੈ। ਇਸ ਤੇ ਆਦਿ ਔਰ ਜੈਸੀ ਲਾਯਕ ਕੋ ਹੋਇ, ਸੋ ਕੁਕਰਮ ਤੇ ਲੱਜਾ ਕਰੇ। ਜਬ ਇਸ ਕੇ ਮਨ ਮੇਂ ਸਰਬ ਓਰ ਤੇ ਲਾਜ ਹੋਇਗੀ ਤੌ ਕੁਕਰਮ ਕਬਹੂੰ ਨਹੀਂ ਕਰ ਸਕੈਗੋ। ਜਬ ਪਾਪ ਕਰਨੋ ਤਯਾਗ ਦੇਇਗੋ, ਤਬ ਥੋਰੇ ਬਹੁਤੇ ਸ਼ੁਭ ਕਰਮ ਕਰਤੋ ਰਹੈਗੋ। ਐਸੇ ਲਜਜਾ ਕੋ ਧਾਰ ਕਰਿ ਕਰਮ ਕਾਂਡ ਮੇਂ ਪ੍ਰਵਿਰਤਜੋ ਤਬ ਇਸ ਕੀ 'ਬਾਣੀ' ਕਹੀਏ ਬਾਣਿ; 'ਬਾਣ' ਨਾਮ ਸੁਭਾਇ ਕੋ, ਸੋ ਅਤਿ ਰੂਪਵਾਨ ਭਯੋ। ਕਿੰਵਾ 'ਬਾਣਿ' ਇਸ ਕੀ ਰੂਪਵਤੀ ਭਈ, ਰੂਪਵਤੀ ਕਜਾ ? ਦਿਨ ਪ੍ਰਤਿ ਨਿਰਮਲ ਹੋਈ, ਅੰਤਹ-ਕਰਣ ਸ਼ੁਧ ਬਨਜੋ।

## ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਇਸ ਰੀਤਿ ਨਿਸ਼ਕਾਮ ਕਰਮ ਕਰਣ ਮੇਂ, 'ਤਿਥੈ' ਕਹੀਏ ਤਹਾਂ 'ਘਾੜਤ' ਸੁਧਾਰਣੋ ਅੰਤਹਕਰਣ ਕੋ, 'ਬਹੁਤੁ' ਅਧਿਕ ਹੀ ਅਨੂਪ ਹੋਇ ਜਾਤ ਹੈ। ਸ਼ੁਧ ਹੋਤ ਹੈ। ਇਤਜਰਥ। ਇਨ ਦੋਊ ਤੁਕਨ ਮੇਂ ਹੇਤਾਲੰਕਾਰ। ਲਾਜ ਕਰਨੀ ਕਾਰਨ, ਅੰਤਹਕਰਨ ਸ਼ੁਧ ਹੋਨੋ ਕਾਰਜ, ਦੋਊ ਏਕ ਸੰਗ ਕਹਿਨ ਤੇ ਹੇਤਾਲੰਕਾਰ ਹੋਤ ਹੈ।

## ਤਾ ਕੀਆ ਗਲਾ ਕਥੀਆ ਨਾ ਜਾਹਿ ॥

ਤਿਸ ਅੰਤਹਕਰਨ ਸ਼ੁਧ ਹੋਏ ਕੀ ਮਹਿਮਾ ਜੋ ਹੈ ਤਿਸ ਕੋ ਕੋਈ ਨਹੀਂ ਕਹਿ ਸਕਤ ਹੈ, ਕਿਉਂਕਿ ਤਿਸ ਕੇ ਸ਼ੁਧ ਹੋਨੇ ਕਰ ਸਰਬ ਕੁਛ ਪ੍ਰਾਪਤਿ ਹੋਤ ਹੈ। ਔਰ ਪਹਿਲੋ ਕਾਰਨ ਕੁਛ ਨਹੀਂ ਇਕ ਅੰਤਹਕਰਨ ਸ਼ੁਧ ਹੋਨੋ ਹੀ ਕਾਰਨ ਹੈ ਮੁਕਤਿ ਕੋ। ਯਾਂਤੇ ਤਿਸ ਕੀ ਮਹਿਮਾ ਕਹੀ ਨਹੀਂ ਜਾਤ ਹੈ।

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਕਹੈ: ਮੈਂ ਸਰਬ ਮਹਿਮਾ ਕੋ ਕਹੋਂਗਾ, ਸੋ ਪੁਰਖ ਪੀਛੇ ਤੇ ਪਸਚਾਤਾਪ ਕਰੇਗੋ; ਕਿਉਂਕਿ ਸੰਪੂਰਨ ਕਹੀ ਨਹੀਂ ਜਾਣੀ। ਯਾਂਹੀ ਤੇ ਤਿਸ ਕੋ ਪੂਨ ਝੂਠੋ ਹੋ ਜਾਇਗੋ। ਇਤਜਰਥ।

ਇਸ ਤੁਕ ਮੇਂ ਮਹਿਮਾ ਕਹਿਨਵਾਰੇ ਕਾਰਨ, ਮਹਿਮਾ ਕਹਿਨੀ ਕਾਰਜ ਨਹੀਂ ਭਯੋ, ਯਾਂਤੇ ਬਿਸ਼ੇਖੋਕਤਿ ਅਲੰਕਾਰ ਹੈ। ਔਰ ਤਿਸ ਕੀਆਂ ਗੱਲਾਂ ਨਹੀਂ ਕਥੀ ਜਾਤੀਆਂ। ਇਸ ਤੁਕ ਕੇ ਅਰਥ ਕੋ ਸਮਰਥਨਿ ਕਰਜੋ ਪਿਛਲੀ ਤੁਕ ਸੋਂ, ਯਾਂਤੇ ਕਾਵਜਲਿੰਗ ਹੋਤ ਹੈ।

## ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਤਿਸ ਸਰਮ ਕਾਂਡ ਕੇ ਅਨੁਸਾਰ ਹੋਨੇ ਕਰਿ ਸੂਰਤਿ ਚਿਤ ਮਤਿ ਅਹੰਕਾਰ ਮਨ

ਕੋਈ ਖੰਡ ਕਹਿ ਦੇਤ ਹੈ, ਖੰਡੁ ਨਾਮ ਡਕਰੇ ਕੋ ਹੋਤ ਹੈ, ਕੋਈ ਕਾਂਡ ਕਹਤ ਹੈ, ਕੋਈ ਸਿਕੰਧ ਕਹਿ ਦੇਤ ਹੈ। ਗ੍ਰੰਥ ਕੋ ਬ੍ਰਿਛ ਰੂਪ ਕਰਿਕੈ ਤਿਸਕੇ ਬਿਭਾਗ ਕੋ ਟਹਿਣੇ ਕਹਤ ਹੈਂ। ਕਾਂਡ ਅਰ ਸਿਕੰਧ ਟਹਿਣੇ ਕੇ ਨਾਮ ਹੈਂ। ਖੰਡ ਕੋ ਅਰਥ ਐਸੇ ਜਾਨੀਏ। ਕਿੰਵਾ ਗਯਾਨ ਖੰਡ ਕੋ ਕ੍ਰਮ ਹੀ ਸੋਂ ਆਖਤੇ ਹੈਂ। ਕਯਾ ? ਪ੍ਰਥਮ ਕਰਮ ਕਾਂਡ, ਉਪਾਸ਼ਨਾ ਕਾਂਡ ਪੀਛੈ ਗਯਾਨ ਕਾਂਡ, ਇਸੀ ਕ੍ਰਮ ਸੋ ਕਹਤ ਹੈਂ। 'ਆਖਹੁ' ਪਦੁ ਔਰ ਪਰ ਨਹੀਂ ਲਾਵਣੇ, ਗੁਰੂ ਜੀ ਕਹਤ ਹੈਂ 'ਹਮ ਆਖਤੇ ਹੈਂ'। 'ਆਖਹੁ' ਪਰ ਕੇ ਹਕਾਰ ਕੋ ਉਕਾਰ ਹੋ ਜਾਤ ਹੈ, ਜੈਸੇ 'ਤੋਕਹੁ' ਪਦ ਕੋ 'ਤੋ ਕਉ' ਕਹਿ ਦੇਤ ਹੈਂ। ਬਿੰਦੇ ਕੋ ਅਭਾਵ ਹੀ ਹੈ।

## ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਜਿਨ ਕੋ ਸਰੂਪ ਕੀ ਪ੍ਰਾਪਤਿ ਹੂਈ ਹੈ, ਏਕ ਆਤਮੇ ਪਰ ਦ੍ਰਿਸ਼ਟਿ ਖੁੱਲ੍ਹੀ ਹੈ, ਤਿਨ ਕੀ ਅਵਸਥਾ ਕਹਤ ਹੈਂ। ਤਿਨ ਕੀ ਦ੍ਰਿਸ਼ਟੀ ਮੇਂ 'ਕੇਤੇ ਹੀ' ਕਹੀਏ ਅਨੇਕ ਹੀ ਪਵਣ ਹੈਂ, ਅਨੇਕ ਹੀ ਪਾਣੀ ਹੈਂ, ਅਨੇਕ ਹੀ ਅਗਨਿ ਹੈਂ, ਅਨੇਕ ਹੀ ਕ੍ਰਿਸ਼ਨਾਵਤਾਰ ਹੈਂ ਅਨੇਕ ਹੀ ਸ਼ਿਵ ਹੈ।

## ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

ਅਨੇਕ ਹੀ ਬ੍ਰਹਮੇ ਹੈਂ ਜਗਤ ਕੇ ਰਚਨਹਾਰੇ, ਅਨੇਕ ਹੀ ਘਾੜਤ ਘੜੀਤੀ ਹੈ। ਅਰਥ–ਕਿ ਅਨੇਕ ਹੀ ਬ੍ਰਹਮੇ ਅਨੇਕ ਹੀ ਜਗਤ ਰਚਿਤ ਹੈਂ। ਰੂਪ ਅਰ ਰੰਗ ਕੇ 'ਵੇਸ' ਕਹੀਏ ਤਰ੍ਹਾਂ, ਸੋ ਭੀ ਅਨੇਕ ਹੀ ਹੈਂ।

## ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥

ਤਿਸ ਬ੍ਰਹਮੁ ਰੂਪੀ ਸਮੁੰਦਰ ਕੇ ਤਰੰਗ ਜੋ ਜਗਤ ਹੈ, ਤਿਸ ਮੇਂ ਅਨੇਕ ਹੀ ਕਰਮ ਭੂਮਿਕਾ ਹੈਂ, ਜੰਬੂ ਦੀਪ ਮੇਂ ਜੋ ਭਾਰਥਖੰਡ ਹੈ ਯਾਂਕੋਂ ਨਾਮ ਕਰਮਭੂਮਿ, ਅਰੁ ਮੇਰ ਕੇਤੇ ਹੀ ਹੈਂ। 'ਕੇਤੇ ਧੂ ਉਪਦੇਸ' ਔਰ ਧ੍ਰੂ ਕੋ ਉਪਦੇਸ ਕਰਣਹਾਰੋ, ਕੌਣ ? ਨਾਰਦੁ, ਸੋ ਭੀ ਅਨੇਕ ਹੈਂ। ਕਿੰਵਾ ਧ੍ਰੂ ਭੀ ਅਨੇਕ ਹੈਂ, 'ਉਪ ਦੇਸ' ਕਹੀਏ ਉਪਰਲੇ ਦੇਸ ਮੇਂ ਰਹਿਨਵਾਰੋ ਧ੍ਰੂ ਲੋਕ ਔਰ ਲੋਕਨਿ ਤੇ ਊਪਰਿ ਹੈ, ਯਾਂਤੇ ਧ੍ਰੂ ਉਪਦੇਸ਼ ਭਯੋ। ਕਿੰਵਾ ਧ੍ਰੂ ਭੀ ਅਨੇਕ ਹੈਂ। 'ਉਪਦੇਸ' ਨਾਮ ਸ਼ਾਸਤ੍ਰ ਸਿਮ੍ਰਿਤਿ ਪੁਰਾਣ ਗ੍ਰਿੰਥਨ ਕੋ ਭੀ ਬਨਤ ਹੈ, ਕਿਉਂਕਿ ਇਨ ਮੇਂ ਉਪਦੇਸ਼ ਹੀ ਲੋਕਨਿ ਪ੍ਰਤਿ ਕਯੋ ਹੈ। ਸ਼ਾਸਤ੍ਰ ਪੁਰਾਣ ਗ੍ਰੰਥ ਭੀ ਅਨੇਕ ਹੈਂ, ਕਿੰਵਾ 'ਉਪ ਦੇਸ' ਨਾਮ ਅਕਾਸ਼ ਕੋ ਭੀ ਕਹਤ ਹੈਂ। ਕੇਤੇ ਹੀ ਕਰਮ ਹੈਂ, ਕੇਤੀ ਹੀ ਭੂਮਿਕਾ ਹੈਂ, ਕੇਤੇ ਹੀ ਮੇਰ ਹੈਂ। ਕੈਸੇ ਮੇਰ ਹੈਂ ? ਧ੍ਰੂ ਹੈਂ। ਕਯਾ ? ਨਿਸਚਲੁ ਹੈਂ। ਧ੍ਰੂ ਨਾਮ ਅਚਲ ਕੋ ਭੀ ਹੈ, ਔਰ ਉਪਰਲੋ ਦੇਸ਼ ਅਕਾਸ਼, ਸੋ ਭੀ ਅਨੇਕ ਹੈਂ। ਧ੍ਰੂ ਕੋ ਅਰਥ ਅਚਲ ਕੋ। ਸੁਮੇਰ ਕੇ ਸੰਗ ਪਦ ਛੇਦ ਕੋ ਅਰਥ ਭਯੋ।

## ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥

ਅਨੇਕ ਹੀ ਇੰਦ੍ਰ ਹੈਂ ਅਰੁ ਅਨੇਕ ਹੀ ਚੰਦ੍ਰਮਾ ਹੈਂ, ਅਨੇਕ ਹੀ ਸੂਰਜ ਹੈਂ, ਕੇਤੇ

ਹੀ ਮੰਡਲ ਦੇਸ, ਨਾਮ ਦੀਪਨ ਕੇ ਦੇਸ ਕੋ। ਮੰਡਲਾਕਾਰ ਦੀਪ ਹੋਨ ਤੇ ਮੰਡਲ ਨਾਮ ਕਹਜੇ। ਕਿੰਵਾ ਦੀਪ ਅਰ ਦੇਸ ਅਨੇਕ ਹੈਂ। ਕਿੰਵਾ ਤਿਨ ਦੀਪਨ ਕੇ ਸੰਬੰਧ ਕਰਿ ਅਰਥ ਦੇਸ ਕੋ ਖੰਡਨਿ ਕੋ ਹੋਤ ਹੈ, ਅਨੇਕ ਹੀ ਖੰਡ ਹੈਂ।

## ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥

ਅਨੇਕ ਹੀ ਸਿਧ ਹੈ; ਜਿਨ ਕੇ ਪਾਸ ਸਰਬ ਸਿੱਧੀ ਹੋਤ ਹੈਂ ਸੋ 'ਸਿਧ' ਕਹਾਵਤ ਹੈਂ। 'ਬੁਧ' ਚੰਦ੍ਰਮਾ ਕੋ ਪੁਤ੍ਰ। ਕਿੰਵਾ ਬੁਧ ਨਾਮ ਕਵਿ ਕੋ, ਸੋ ਭੀ ਅਨੇਕ ਹੀ ਹੈਂ। ਨੌ ਨਾਥ ਜੋ ਗਿਨੇ ਜਾਤੇ ਹੈਂ ਐਸੇ ਅਨੇਕ ਹੀ ਨਾਥ ਹੈਂ, ਅਨੇਕ ਹੀ ਦੇਵੀਆਂ ਕੇ ਵੇਸ ਹੈਂ। 'ਵੇਸ' ਕਜਾ? ਸਰੂਪ ਹੈਂ।

## ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥

ਅਨੇਕ ਦੇਵਤੇ ਹੈਂ ਜੋ ਤੇਤੀਸ ਕੋਟ ਕਹਾਵਤ ਹੈਂ, ਸੋ ਐਸੇ ਅਨੇਕ ਹੀ ਤੇਤੀਸ ਕੋਟਿ ਕਹਾਵਤੇ ਹੈਂ। ਅਨੇਕ ਹੀ ਦਾਨਵ ਹੈਂ। ਜੈਸੇ ਸਪਤ ਮੁਨਿ ਹੈਂ ਤੈਸੇ ਅਨੇਕ ਹੀ ਮੁਨਿ ਹੈਂ, ਅਨੇਕ ਹੀ ਰਤਨੋਂ ਕੇ ਸਮੁੰਦਰ ਹੈਂ, ਜੋ ਰਤਨਾਕਰ ਕਹਾਵਤ ਹੈਂ। ਕਿੰਵਾ ਰਤਨ ਭੀ ਅਨੇਕ ਹੈਂ, ਸਮੁੰਦਰ ਭੀ ਅਨੇਕ ਹੈਂ।

## ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਚਾਰ ਖਾਣੀ ਜੋ ਹੈਂ, ਇਨ ਜੈਸੀ ਅਨੇਕ ਖਾਣੀ ਹੈਂ। ਚਾਰ ਬਾਣੀ ਜੋ ਹੈਂ, ਇਨ ਜੈਸੀ ਅਨੇਕ ਹੀ ਬਾਣੀ ਹੈਂ। 'ਪਾਤਿ' ਕਹੀਏ ਪੰਗਤਿ, 'ਨਰਿੰਦ'=ਰਾਜਨ ਕੀ, ਸੋ ਭੀ ਅਸੰਖ ਹੀ ਹੈਂ।

## ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

'ਕੇਤੀਆ' ਅਸੰਖ ਹੀ ਸ੍ਰਤਿ ਬੇਦਿ ਕੀ, ਕਿੰਵਾ ਸ੍ਰਤੀ ਵਾਰੇ ਬੇਦ ਭੀ ਅਸੰਖ ਹੀ ਹੈਂ, ਜੈਸੇ ਚਾਰ ਬੇਦ ਏਸ ਬ੍ਰਹਮੰਡ ਮੇਂ ਗਿਨੇ ਜਾਤ ਹੈਂ, ਤੈਸੇ ਔਰ ਜੋ ਬ੍ਰਹਮੰਡ ਅਨੇਕ ਹੈਂ ਤਿਨ੍ਹੋਂ ਮੇਂ ਅਨੇਕ ਹੀ ਬੇਦ ਹੈਂ। ਤਿਨ੍ਹੋਂ ਬੇਦੋਂ ਕੇ ਸੇਵਕ ਉਪਦੇਸ ਕੇ ਧਾਰਨਵਾਰੇ ਔ ਸੇਵਨਵਾਰੇ ਅਨੇਕ ਹੀ ਹੈਂ। 'ਨਾਨਕ ਅੰਤੁ ਨ ਅੰਤੁ' ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਅਕਾਸ਼ ਰੂਪ ਜੋ ਬ੍ਰਹਮ ਹੈ, ਤਿਸ ਮੇਂ ਪ੍ਰਮਾਣੂ ਸਮ ਜੇ ਬ੍ਰਹਮੰਡ ਹੈਂ ਤਿਨ ਕੀ ਰਚਨਾ ਕੋ ਜੋ ਅੰਤੁ ਲੀਓ ਚਾਹੈ 'ਨ ਅੰਤੁ', ਕਿਆ? ਅੰਤ ਨਹੀਂ ਪਾਵਤ ਹੈ। ਕਿੰਵਾ ਅੰਤ ਲੈਨਵਾਰੇ ਕੋ ਅੰਤੁ ਹੋਇ ਜਾਤ ਹੈ। ਤਿਸ ਰਚਨਾ ਕੋ ਅੰਤੁ ਨਹੀਂ ਪਾਵਤ ਹੈ। ਜਿਨ ਗਜਾਨਵਾਨੋਂ ਕੀ ਬ੍ਰਹਮ ਪਰ ਦ੍ਰਿਸ਼ਟਿ ਖੁੱਲ੍ਹੀ ਹੈ ਸੋ ਐਸੀ ਬਜੰਤਤਾ ਕੋ ਦੇਖਤ ਹੈਂ। ਇਤਜਰਥ।

'ਕੇਤੇ ਕੇਤੇ' ਪਦ ਬਾਰੰਬਾਰ ਆਵਨ ਤੇ ਉਭਜਾਬ੍ਰਿਤ ਦੀਪਕ ਅਲੰਕਾਰ ਹੈ। ਅੰਤੁ ਲੈਨ ਵਾਰੇ ਕਾਰਨ, ਅੰਤ ਲੈਬੋ ਕਾਰਜ ਨਹੀਂ ਭਯੋ, ਯਾਂਤੇ ਬਿਸ਼ੇਖੋਕਤਿ ਅਲੰਕਾਰ। ਬਿਖਮ ਅਲੰਕਾਰ ਭੀ ਹੈ।

ਲੱਛਣ-ਭਲੋ ਕਰਤ ਜਹਿਂ ਹ੍ਵੈ ਬੁਰਿਆਈ ।
'ਬਿਖਮੁ' ਤੀਸਰੋ ਭੇਦੁ ਕਹਾਈ ।

ਇਹ ਅੰਤ ਲੈਬੇ ਕੋ ਭਲੋ ਉੱਦਮ ਕੀਓ ਤਿਨ ਕੋ ਅੰਤ ਭਯੋ ਯਹ ਬੁਰਿਆਈ, ਯਾਂਤੇ ਬਿਖ਼ਮਾਲੰਕਾਰ ।

[ਪਉੜੀ ਛੱਤੀਹਵੀਂ]

## ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਗਜਾਨ ਕਾਂਡ ਕੇ ਬਿਖੇ ਗਜਾਨ ਹੀ ਪਰਚੰਡੁ ਹੈ । ਕਯਾ ? ਬਡੋ ਤੇਜਵਾਰੋ ਹੈ। ਅਗਜਾਨ ਕੇ ਨਸ਼ਟ ਕਰਬੇ ਕੋ ਗਜਾਨ ਹੀ ਸੁ ਪ੍ਰਕਾਸ਼ ਹੈ। ਫੇਰ ਕਿਸੇ ਕੀ ਸਹਾਇਤਾ ਕੋ ਨਹੀਂ ਚਾਹਤ ਹੈ। ਕਰਮ ਕਰਨ ਮੇਂ ਉਪਾਸ਼ਨਾ ਮੇਂ ਕਰਤੱਤ ਕਰਨੋ ਰਹਤ ਹੈ। ਗਜਾਨ ਮੇਂ ਬਾਕੀ ਔਰ ਕੁਛ ਨਹੀਂ ।

## ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਤਿਸ ਗਜਾਨ ਕੀ ਪ੍ਰਾਪਤੀ ਮੇਂ 'ਨਾਦ' ਕਹੀਏ ਸ਼ਬਦ, ਜੋਗੀ ਦਸ ਪ੍ਰਕਾਰ ਕੇ ਸੁਨਤ ਹੈਂ। ਸੋ ਗਜਾਨ ਭਏ ਤੇ ਗਜਾਨੀ ਕੇ ਭੀ ਸੁਨਬੇ ਮੇਂ ਆਵਤ ਹੈਂ। ਤਿਨਕੇ ਸੁਨਿਬੇ ਕਰ ਜੋ ਬਿਨੋਦ ਚੋਜ ਬਿਲਾਸ ਹੋਤ ਹੈ, ਸੋ ਕੈਸੋ ਹੋਤੋ ਹੈ ? 'ਕੋਡ' ਕ੍ਰੋੜ ਹੀ ਗਜਾਨੀ ਅਨੰਦ ਰੂਪ ਹੋ ਜਾਤ ਹੈਂ। ਬਹੁਰ ਸਮੁੰਦਰ ਕੀ ਬੂੰਦ ਸਮੁੰਦਰ ਮੇਂ ਮਿਲ ਜਾਤ ਹੈ, ਨਜਾਰੀ ਨਹੀਂ ਹੋ ਸਕਤਿ ਹੈ, ਆਵਾਗੌਨ ਮਿਟ ਜਾਤ ਹੈ। ਇਤਜਰਥ।

ਪੂਰਬ ਕੀ ਤੁਕ ਮੇਂ ਲਾਟਾਨੁਪ੍ਰਾਸ ਅਲੰਕਾਰ ਹੈ। ਗਜਾਨ ਪਦ ਦੋ ਬੇਰ ਆਵਨ ਤੇ ਗਜਾਨ ਕਾਂਡ ਪ੍ਰਥਮ ਕਹਜੋ, ਦੂਸਰੇ ਗਜਾਨ ਹੀ ਪ੍ਰਚੰਡ ਹੈ ਯਹ ਭਾਵ ਭਿੰਨ । ਦੂਸਰੀ ਤੁਕ ਮੇਂ ਦਕਾਰ ਤੀਨ ਬੇਰਿ ਆਵਨ ਤੇ ਬ੍ਰਿਤਜਾਨੁਪ੍ਰਾਸ ਅਲੰਕਾਰ ਹੈ । ਕਿੰਵਾ ਤਕਾਰ, ਥਕਾਰ, ਦਕਾਰ, ਨਕਾਰ ਏਕ ਹੀ ਬਰਗ ਕੇ ਹੈਂ, ਯਾਂਤੇ ਸ਼੍ਰਤਜਾਨੁਪ੍ਰਾਸ ਅਲੰਕਾਰ ਹੋਤ ਹੈ। ਔਰ ਕਾਵਜਲਿੰਗ ਅਲੰਕਾਰ ਦੋਊ ਤੁਕਨ ਮੇਂ ਹੈ, ਪੂਰਬ ਕੀ ਤੁਕ ਮੇਂ ਗਜਾਨ ਹੀ ਪ੍ਰਚੰਡ ਹੈ, ਯਹ ਤੋ ਸਮਰਥਨੀਯ, ਤਹਾਂ ਨਾਦ ਬਿਨੋਦ ਕ੍ਰੋੜ ਹੀ ਅਨੰਦ ਹੈਂ ਯਾ ਤੁਕ ਸੋਂ ਸਮਰਥਨਿ ਕਰਜੋ, ਯਾਂਤੇ ਕਾਵਜਲਿੰਗ ਹੈ।

ਅਬ ਈਹਾਂ ਗਜਾਨ ਕਾਂਡ ਕਹਿ ਕਰ ਭੋਗ ਪਾਵਨੋ ਬਨਤ ਹੁਤੋ, ਪ੍ਰੰਤੂ ਜਗਜਾਸੀ ਜੋ ਪ੍ਰਸ਼ਨ ਕਰੈ, ਗਜਾਨ ਕੀ ਪ੍ਰਾਪਤਿ ਕੇ ਹੇਤ ਕੌਨ ਜਤਨ ਕਰੀਏ ? ਸਤਿਗੁਰ ਕਿਰਪਾਲ ਜੋ ਹੈਂ ਇਸ ਪ੍ਰਸ਼ਨ ਕੋ ਲੀਏ ਹੁਏ ਬਹੁਰ ਜਤਨ ਲਖਾਵਤੇ ਹੈਂ ਬੁਨੀਖਨਿਨ ਕੀ ਨਜਾਂਈਂ, ਜੇ ਕੋਈ ਪ੍ਰਸ਼ਨ ਕਰੇ: ਸਤਿਨਾਮ ਕੋ ਸਿਮਰਨ ਇਹ ਜੋ ਜਤਨ ਗਜਾਨ ਕੀ ਪ੍ਰਾਪਤਿ ਕੋ ਕਹਿ ਆਏ ਹੈਂ ਤਿਸ ਕੋ ਉੱਤਰ ਈਹਾਂ ਸਤਿਨਾਮ ਕੀ ਭੀ ਪ੍ਰਾਪਤਿ ਕੋ ਜਤਨ ਕਹਤ ਹੈਂ, ਜਿਸ ਤੇ ਸਤਿਨਾਮ ਕੋ ਪਾਇ ਕਰਿ ਗਜਾਨਵਾਨ ਹੋਵੇ ।

## ਸਰਮ ਖੰਡ ਕੀ ਬਾਣੀ ਰੂਪੁ ॥

ਖੋਟੇ ਜੋ ਹੈਂ ਕਰਮ ਤਿਨ ਕੇ ਕਰਿਬੇ ਮੇਂ ਸ਼ਰਮ ਕਰਣੀ, ਕਜਾ ? ਪ੍ਰਥਮੇ ਤੋ ਲੋਕ।

ਲਾਜ, ਜੋ ਮੈਂ ਐਸਾ ਖੋਟੇ ਕਰਮ ਕਰੇਂਗਾ ਤੋਂ ਲੋਕ ਮੁਝ ਕੋ ਧਿਕਾਰੈਂਗੇ, ਅਰੁ ਬੁਰਾ ਕਹੈਂਗੇ, ਇਸ ਬਾਤ ਕੀ ਸ਼ਰਮ ਕਰੇ; ਦੂਸਰੇ ਸਤਿਗੁਰੂ ਕੀ ਦਿਸ਼ ਤੇ ਸ਼ਰਮ ਰਾਖੈ ਜੋ ਮੇਰੇ ਸਤਿਗੁਰੂ ਨੇ ਕਯਾ ਕਹਯੋ ਹੈ ਅਰੁ ਮੈਂ ਕਰਨ ਕਯਾ ਲਗਯੋ ਹੌਂ। ਤੀਸਰੇ ਧਰਮਰਾਇ ਕੇ ਪਾਸ ਜਹਾਂ ਜਾਨੋ ਹੈ ਤਹਾਂ ਕੀ ਸ਼ਰਮ ਰਾਖੇ, ਕਯਾ ? ਕਰੇ; ਜੋ ਮੈਂ ਤਹਾਂ ਜਾਊਂਗਾ, ਮੇਰੀ ਪਤਿ ਤਹਾਂ ਰਹੈ। ਇਸ ਤੇ ਆਦਿ ਔਰ ਜੈਸੀ ਲਾਯਕ ਕੋ ਹੋਇ, ਸੋ ਕੁਕਰਮ ਤੇ ਲੱਜਾ ਕਰੇ। ਜਬ ਇਸ ਕੇ ਮਨ ਮੇਂ ਸਰਬ ਓਰ ਤੇ ਲਾਜ ਹੋਇਗੀ ਤੋ ਕੁਕਰਮ ਕਬਹੂੰ ਨਹੀਂ ਕਰ ਸਕੈਗੋ। ਜਬ ਪਾਪ ਕਰਨੇ ਤਯਾਗ ਦੇਇਗੋ, ਤਬ ਥੋਰੇ ਬਹੁਤੇ ਸ਼ੁਭ ਕਰਮ ਕਰਤੋ ਰਹੈਗੋ। ਐਸੇ ਲਜਯਾ ਕੋ ਧਾਰ ਕਰਿ ਕਰਮ ਕਾਂਡ ਮੇਂ ਪ੍ਰਵਿਰਤਯੋ ਤਬ ਇਸ ਕੀ 'ਬਾਣੀ' ਕਹੀਏ ਬਾਨਿ; 'ਬਾਣ' ਨਾਮ ਸੁਭਾਇ ਕੋ, ਸੋ ਅਤਿ ਰੂਪਵਾਨ ਭਯੋ। ਕਿੰਵਾ 'ਬਾਣਿ' ਇਸ ਕੀ ਰੂਪਵਤੀ ਭਈ, ਰੂਪਵਤੀ ਕਯਾ ? ਦਿਨ ਪ੍ਰਤਿ ਨਿਰਮਲ ਹੋਈ, ਅੰਤਹ-ਕਰਣ ਸ਼ੁਧ ਬਨਯੋ।

## ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਇਸ ਰੀਤਿ ਨਿਸ਼ਕਾਮ ਕਰਮ ਕਰਣ ਮੇਂ, 'ਤਿਥੈ' ਕਹੀਏ ਤਹਾਂ 'ਘਾੜਤ' ਸੁਧਾਰਣੋ ਅੰਤਹਕਰਣ ਕੋ, 'ਬਹੁਤੁ' ਅਧਿਕ ਹੀ ਅਨੂਪ ਹੋਇ ਜਾਤ ਹੈ। ਸ਼ੁਧ ਹੋਤ ਹੈ। ਇਤਯਰਥ। ਇਨ ਦੋਊ ਤੁਕਨ ਮੇਂ ਹੇਤਾਲੰਕਾਰ। ਲਾਜ ਕਰਨੀ ਕਾਰਨ, ਅੰਤਹਕਰਨ ਸ਼ੁਧ ਹੋਨੋ ਕਾਰਜ, ਦੋਊ ਏਕ ਸੰਗ ਕਹਿਨ ਤੇ ਹੇਤਾਲੰਕਾਰ ਹੋਤ ਹੈ।

## ਤਾ ਕੀਆ ਗਲਾ ਕਥੀਆ ਨਾ ਜਾਹਿ ॥

ਤਿਸ ਅੰਤਹਕਰਨ ਸ਼ੁਧ ਹੋਏ ਕੀ ਮਹਿਮਾ ਜੋ ਹੈ ਤਿਸ ਕੋ ਕੋਈ ਨਹੀਂ ਕਹਿ ਸਕਤ ਹੈ, ਕਿਉਂਕਿ ਤਿਸ ਕੇ ਸ਼ੁਧ ਹੋਨੇ ਕਰ ਸਰਬ ਕੁਛ ਪ੍ਰਾਪਤਿ ਹੋਤ ਹੈ। ਔਰ ਪਹਿਲੋ ਕਾਰਨ ਕੁਛ ਨਹੀਂ ਇਕ ਅੰਤਹਕਰਨ ਸ਼ੁਧ ਹੋਨੋ ਹੀ ਕਾਰਨ ਹੈ ਮੁਕਤਿ ਕੋ। ਯਾਂਤੇ ਤਿਸ ਕੀ ਮਹਿਮਾ ਕਹੀ ਨਹੀਂ ਜਾਤ ਹੈ।

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਕਹੈ: ਮੈਂ ਸਰਬ ਮਹਿਮਾ ਕੋ ਕਹੌਂਗਾ, ਸੋ ਪੁਰਖ ਪੀਛੇ ਤੇ ਪਸਚਾਤਾਪ ਕਰੇਗੋ; ਕਿਉਂਕਿ ਸੰਪੂਰਨ ਕਹੀ ਨਹੀਂ ਜਾਣੀ। ਯਾਂਹੀ ਤੇ ਤਿਸ ਕੋ ਪੁਨ ਝੂਠੋ ਹੋ ਜਾਇਗੋ। ਇਤਯਰਥ।

ਇਸ ਤੁਕ ਮੇਂ ਮਹਿਮਾ ਕਹਿਨਵਾਰੇ ਕਾਰਨ, ਮਹਿਮਾ ਕਹਿਨੀ ਕਾਰਜ ਨਹੀਂ ਭਯੋ, ਯਾਂਤੇ ਬਿਸ਼ੇਖੋਕਤਿ ਅਲੰਕਾਰ ਹੈ। ਔਰ ਤਿਸ ਕੀਆਂ ਗੱਲਾਂ ਨਹੀਂ ਕਥੀ ਜਾਤੀਆਂ। ਇਸ ਤੁਕ ਕੇ ਅਰਥ ਕੋ ਸਮਰਥਨਿ ਕਰਯੋ ਪਿਛਲੀ ਤੁਕ ਸੋਂ, ਯਾਂਤੇ ਕਾਵਯਲਿੰਗ ਹੋਤ ਹੈ।

## ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਤਿਸ ਸਰਮ ਕਾਂਡ ਕੇ ਅਨੁਸਾਰ ਹੋਨੇ ਕਰਿ ਸੁਰਤਿ ਚਿਤ ਮਤਿ ਅਹੰਕਾਰ ਮਨ

ਅਰ ਬੁਧਿ ਇਹ ਚਤੁਸ਼ਟੇ ਜੋ ਅੰਤਹਕਰਨ ਸੋ ਸੁਧਰ ਜਾਤ ਹੈਂ। ਮਲੀਨਤਾ ਜੋ ਹੈ, ਪਦਾਰਥ ਮੇਂ ਲੰਪਟ ਹੋਨੋ, ਸੋ ਮਿਟ ਜਾਤ ਹੈ।

## ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਤਿਥੈ ਕਹੀਏ ਤਹਾਂ ਸਰਮ ਕਾਂਡ ਮੇਂ ਬਰਨੇ ਕਰਿ ਸੁਰ ਦੇਵਤਿਓਂ ਜੈਸੀ, ਸਿੱਧੋਂ ਜੈਸੀ ਪਵਿਤ੍ਰਤਾ ਅੰਤਹਕਰਣ ਮੇਂ ਹੋ ਜਾਤ ਹੈ। ਕਿੰਵਾ ਦੇਵਤਿਓਂ ਜੈਸੀ, ਸਿਧੋਂ ਜੈਸੀ 'ਸੁਧਿ' ਕਹੀਏ ਖਬਰ ਹੁਇ ਆਵਤ ਹੈ। ਜੈਸੇ ਭੂਤ ਭਵਿਖ੍ਯ ਕੀ ਸੁਧਿ ਬਤਾਵਤ ਹੈਂ, ਤੈਸੇ ਇਹ ਭੀ ਹੋ ਜਾਤ ਹੈ। ਕਿੰਵਾ ਸੁਰ ਸਿਧਨ ਕੀ ਸੁਧਿ ਜਾਨ ਜਾਤ ਹੈ; ਜੈਸੇ ਇਨ ਕੇ ਆਚਰਨ ਹੈਂ ਸਰਬ ਜਾਨਬੇ ਮੇਂ ਆਵਤ ਹੈਂ। ਕਿੰਵਾ ਦੇਵਤਾ ਸਿਧ ਪ੍ਰਿਥਮੇ ਸਰਮ ਖੰਡ ਕੋ ਗ੍ਰਹਨ ਕਰਿ ਆਪਨੇ ਸਰੂਪ ਲੌ ਪਹੁੰਚੇ ਸੁਧ ਹੋ ਕਰਿ। ਇਤ੍ਯਰਥ।

ਪਹਿਲੀ ਤੁਕ ਮੇਂ ਤਕਾਰ, ਥਕਾਰ, ਧਕਾਰ, ਨਕਾਰ ਏਕ ਹੀ ਬਰਗ ਕੇ ਹੈਂ, ਯਾਤੇ ਸ਼੍ਰੁਤ੍ਯਾਨੁਪ੍ਰਾਸ ਅਲੰਕਾਰ। ਦੂਸਰੀ ਤੁਕ ਮੇਂ ਸਕਾਰ ਤੀਨ ਬੇਰ ਆਵਨ ਤੇ ਬ੍ਰਿਤ੍ਯੋਨੁਪ੍ਰਾਸ। 'ਤਿਥੈ ਘੜੀਐ' ਵਾਕ੍ਯ ਦੋਨੋਂ ਤੁਕ ਮੇਂ ਆਵਨ ਤੇ ਉਭ੍ਯਾਬ੍ਰਿਤਦੀਪਕੁ ਅਲੰਕਾਰ ਹੈ।

[ਪਉੜੀ ਸੈਂਤੀਹਵੀਂ]

ਸੁਨਿਕੈ ਜੋ ਜਗ੍ਯਾਸੀ ਕਹੈ: ਸਰਮ ਖੰਡ ਤੇ ਉਪਰੰਤ ਹੀ ਗ੍ਯਾਨ ਖੰਡ ਹੈ, ਕ੍ਯਾ ਔਰ ਭੀ ਹੈ ? ਤਿਸ ਪਰ ਸਾਹਿਬ ਜੀ ਕਹਤ ਹੈਂ।

## ਕਰਮ ਖੰਡ ਕੀ ਬਾਂਣੀ ਜੋਰੁ ॥

'ਕਰਮ' ਨਾਮ ਫਾਰਸੀ ਮੇਂ ਕ੍ਰਿਪਾ ਕੋ ਕਹਤ ਹੈਂ। ਇਸੁ ਰੀਤਿ ਸਰਮ ਕਰ ਕਰਮ ਕਾਂਡ ਕੇ ਪ੍ਰਵਿਰਤਨੇ ਤੇ ਨਿਸ਼ਕਾਮ ਹੋ ਕਰਿ ਬਹੁਰ ਉਪਾਸ਼ਨਾ ਹੁਇ ਆਵਤ ਹੈ। ਉਪਾਸ਼ਨਾ ਕਾਂਡ ਮੇਂ ਪਰਮੇਸ਼ੁਰ ਕੀ 'ਕਰਮ' ਕ੍ਰਿਪਾ ਤੇ ਤਿਸ ਮੇਂ ਪ੍ਰਵਿਰਤ੍ਯੋ ਜਬ, ਤਬ ਜੋ, 'ਬਾਂਣੀ' ਨਾਮ ਸੁਭਾਇ ਕੋ, ਸੋ ਅਤਿ ਜ਼ੋਰਾਵਰ ਹੋ ਜਾਤ ਹੈ। ਕਿੰਵਾ 'ਜੋਰੁ' ਨਾਮ 'ਜੋੜ' ਕੇ, ਤਬ ਸੁਭਾਇ ਪਰਮੇਸ਼ੁਰ ਹੀ ਕੀ ਦਿਸ਼ਿ ਜੋੜਿ ਕੈ ਪ੍ਰਵਿਰਤ੍ਯੋ।

## ਤਿਥੈ ਹੋਰੁ ਨ ਕੋਈ ਹੋਰੁ ॥

ਬਹੁਰ ਤਿਸ 'ਬਾਂਣ' ਮੇਂ 'ਹੋਰੁ ਨ ਕੋਈ ਹੋਰੁ' ਔਰ ਨਹੀਂ ਕੋਈ ਹੋਰ। 'ਹੋਰੁ' ਨਾਮ ਮੋੜਨ ਕੇ, ਮੋੜਨ ਵਾਲੋ ਨਹੀਂ ਰਹਤ ਹੈ। ਪਰਮੇਸ਼ੁਰ ਕੋ ਕਰਮ ਜਬ ਲੌ ਨਹੀਂ ਭਯੋ ਹੁਤੋ, ਤਬ ਲੌ ਇਸ ਕੋ ਔਰ ਦਿਸ਼ ਮੇਂ ਬਿਸ਼ਯੋਂ ਤੇ ਆਦਿ, ਤਿਨ ਮੇਂ ਜਾਤੋ ਰਹੈ ਥੋ। ਜਬ ਕਰਮ ਭਯੋ ਤਬ ਸਤਿਨਾਮ ਕੇ ਸਿਮਰਨ ਮੇਂ ਲਗ੍ਯੋ। ਸੁਭਾਇ ਕੈਸੋ ਜ਼ੋਰਾਵਰੁ ਭਯੋ ? ਤਿਸ ਕੇ ਮੋੜਨਿ ਕੋ ਕਾਮ ਕ੍ਰੋਧਾਦਿਕ ਜੋ ਹੈਂ, ਸੋ ਬਲ ਨਹੀਂ ਕਰ ਸਕਤਿ ਹੈਂ। ਇਤ੍ਯਰਥ।

ਇਨ ਦੋਊ ਤੁਕਨ ਮੇਂ ਕਾਵ੍ਯਲਿੰਗ ਹੈ। ਪਹਿਲੀ ਤੁਕ ਮੇਂ ਜੋ 'ਬਾਂਣੀ' ਜੋਰਾਵਰੁ ਕਹੀ ਥੀ ਤਿਸੀ ਕੋ ਸਪਸ਼ਟ ਕਰ੍ਯੋ, ਜੋ ਤਿਸ ਕੋ ਮੋੜਨਵਾਰੋ ਔਰ ਕੋਊ ਨਹੀਂ। ਪਿਛਲੀ ਤੁਕ ਮੇਂ ਯਮਕਾਲੰਕਾਰ ਹੈ। ਹੋਰੁ ਹੋਰੁ ਪਦ ਮੇਂ ਪਦ ਏਕ ਹੀ ਦੋ ਬੇਰ ਹੈ, ਅਰਥ

ਭਿੰਨ ਭਿੰਨ ਭਯੋ।

## ਤਿਥੈ ਜੋਧ ਮਹਾ ਬਲ ਸੂਰ ॥

ਤਿਸ ਉਪਾਸ਼ਨਾ ਕਾਂਡ ਮੇਂ ਜਿਨ ਪਰ ਭਯੋ ਹੈ ਕਰਮ, ਸੋ ਜੋਧੇ ਮਹਾਂ ਬਲੀ ਹੈਂ, ਕੈਸੇ ਹੈਂ ? 'ਸੂਰ'=ਸੂਰਜ ਕੀ ਨਜਾਂਈ ਹੈਂ। ਜੈਸੇ ਅਪਨੇ ਰਿਪੁ ਅੰਧੇਰੇ ਕੋ ਸੂਰਜ ਸੁਖੈਨ ਹੀ ਦੂਰ ਕਰਤ ਹੈ, ਤੈਸੇ ਹੀ ਅਗਯਾਨ ਜੋ ਹੈ ਸੈਨਾ ਕੇ ਸਮੇਤ, ਸੰਤ ਪਰਮੇਸ਼ੁਰ ਕੇ ਸੁਖ ਪੂਰਬਕ ਹੀ ਹਾਨ ਕਰਿ ਦੇਤ ਹੈਂ; ਯਾਂਤੇ ਮਹਾਂ ਬਲੀ ਜੋਧੇ ਹੈਂ। ਇਤਯਰਥ।

ਇਸ ਤੁਕ ਮੇਂ ਉਪਮੇਯ ਸੰਤ, ਉਪਮਾ ਸੂਰਜ, ਏਕ ਰੂਪ ਕਰ ਬਰਨੇ; ਯਾਂਤੇ ਰੂਪਕਾਲੰਕਾਰ।

## ਤਿਨ ਮਹਿ ਰਾਮੁ ਰਹਿਆ ਭਰਪੂਰ ॥

ਕਾਹੇ ਤੇ ਬਡੇ ਬਲੀ ਹੈਂ ? ਸੋ ਕਹਤ ਹੈਂ: ਤਿਨ ਸੰਤਨ ਕੇ ਇੰਦ੍ਰੀਓਂ ਤੇ ਆਦਿ ਸਰਬ ਤਨ ਮੇਂ ਰਾਮ ਪੂਰਨ ਹੋਇ ਰਹ੍ਯੋ ਹੈ। ਜੋ ਦੇਖਤ ਹੈਂ ਨੇਤਰੋਂ ਕਰਿ ਸੋ ਸਰਬ ਰਾਮ ਕੋ ਹੀ ਰੂਪ ਦੇਖਤ ਹੈਂ, ਇਸ ਤੇ ਆਦਿ ਔਰ ਰੀਤਿ ਸੋਂ ਭੀ ਰਾਮ ਬਿਨਾ ਆਨ ਕੋ ਭੇਦ ਨਹੀਂ ਜਾਨਤ ਹੈਂ। ਕਿਉਂ ਨਹੀਂ ਭੇਦ ਚੀਨਤ ਹੈਂ ? ਤਿਨ੍ਹੋਂ ਨੇ ਰਾਮ ਜੋ ਨਾਮ ਹੈ ਯਾਂਕੋ ਅਰਥ ਪ੍ਰਪੱਕ ਕਰ੍ਯੋ ਹੈ ਮਨ ਮੇਂ; ਕ੍ਯਾ ? ਸਰਬ ਮੇਂ ਰਮ੍ਯੋ ਹੋਇ ਸੋ ਰਾਮ, ਯਾਹੀ ਤੇ ਸਰਬ ਦੇਹੋਂ ਮੇਂ ਰਾਮ ਭਰਪੂਰ ਹੈ, ਇਸੀ ਅਭ੍ਯਾਸ ਤੇ ਜੋਧੇ ਮਹਾਂ ਬਲੀ ਭਏ, ਕਾਮ ਕ੍ਰੋਧਾਦਿਕ ਸਰਬ ਜੀਤੇ ਜੈਸੇ ਕਪਿ ਜੋ ਤੁੱਛ ਜੂਨਿ, ਤਿਨ੍ਹੋਂ ਮੇਂ ਰਾਮ ਦਸਰਥ ਕੋ ਪੁੱਤ੍ਰ ਹੋਨ ਤੇ ਸੋ ਜੋਧੇ ਮਹਾਂ ਬਲੀ ਭਏ। ਰਾਮ ਪਦ ਮੇਂ ਸ਼ਲੇਖ: ਏਕ ਤੋ ਰਮ੍ਯੋ ਸਰਬ ਮੇਂ ਸੋ 'ਰਾਮ'; ਦੂਸਰੇ ਦੇਹ ਧਾਰੀ ਸੀਤਾਪਤਿ ਰਾਮ। ਜੋ ਕੋਈ ਕਹੈ ਤਿਸ ਰਾਮ ਕੇ ਸੰਗ ਤੋ ਸੀਤਾ ਰਹਿਤ ਹੁਤੀ, ਦੁਤਿਯ ਰਾਮ ਕੇ ਸੰਗ ਕੌਨ ਬਰਨ੍ਯੋ ? ਸੋਈ ਕਹਤ ਹੈਂ:–

## ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

ਜੋ ਸੰਤਨ ਮੇਂ ਰਾਮ ਭਰਪੂਰ ਹੈ, 'ਤਿਥੈ' ਤਹਾਂ, 'ਸੀਤੋ' ਸੀਤਲ, ਬਿਸ਼ਯਾਗਨਿ ਤੇ ਬਚਾਵਨਹਾਰੀ ਸੀਤਾ ਰੂਪ ਜੋ ਤਿਸ ਕੀ ਮਹਿਮਾ, ਤਿਨ੍ਹੋਂ ਸੰਤੋਂ ਮੇਂ ਸੋ ਬਿਰਾਜਤੀ ਹੈ।

## ਤਾਕੇ ਰੂਪ ਨ ਕਥਨੇ ਜਾਹਿ ॥

ਰਾਮਚੰਦ ਕੇ ਸੰਗ ਜੋ ਸੀਤਾ ਤਿਸ ਕੋ ਰੂਪ ਸੁੰਦਰ ਅਧਿਕ, ਸੋ ਕਹਨ ਮੇਂ ਨਹੀਂ ਆਵਤ ਹੈ। ਕਿਉਂਕਿ ਲੱਛਮੀ ਕੋ ਅਵਤਾਰ, ਤਿਸ ਤੇ ਸੁੰਦਰਤਾਈ ਸਭਨ ਕੀ ਨਯੂਨ ਹੈ। ਤਿਸ ਸੀਤਾ ਜੈਸੀ ਸੁੰਦਰਤਾ ਔਰ ਕਿਸੇ ਮੇਂ ਨਹੀਂ। ਅਤਿ ਸੁੰਦਰ ਸਰੂਪ ਹੋਨ ਤੇ ਕਹਿਨ ਮੇਂ ਨਹੀਂ ਆਵਤ ਹੈ। ਸਰਬ ਮੇਂ ਰਮ੍ਯੋ ਹੋਯੋ ਜੋ ਰਾਮ, ਤਿਸ ਕੀ ਮਹਿਮਾ ਰੂਪ ਕਹਿਨ ਮੇਂ ਨਹੀਂ ਆਵਤ ਹੈ। ਹਜ਼ਾਰ ਮੁਖ ਵਾਰੇ ਸ਼ੇਸ਼ ਜੀ, ਤਿਨ ਤੇ ਭੀ ਸਰਬ ਨਹੀਂ ਕਹੀ ਜਾਤ ਹੈ, ਯਾਂਤੇ ਸੀਤਾ ਅਰ ਮਹਿਮਾ ਕੋ ਰੂਪ ਅਕਥਨ ਹੈ। ਇਤ੍ਯਰਥ।

ਪਹਿਲੀ ਤੁਕ ਮੇਂ ਰਾਮ ਪਦ ਮੇਂ ਸ਼ਲੇਖਾਲੰਕਾਰ। ਰਕਾਰ ਚਾਰ ਬੇਰ ਆਵਨ ਤੇ

ਖ੍ਰਿਤਜਾਨੁਪ੍ਰਾਸ। ਅਗਲੀ ਤੁਕਨ ਮੇਂ ਸਾਵੇਵਰੂਪਕ ਭਯੋ, ਪੂਰਬ ਕੀ ਤੁਕ ਸੋਂ ਮਿਲ ਕਰਿ। ਰਾਮਚੰਦ੍ਰ ਕੇ ਸੰਗ ਸੀਤਾ ਦੁਤਿਯ ਰਾਮ, ਸੋ ਮਹਿਮਾ ਉਪਮਾ ਕੋ ਔਰ ਅੰਗ ਬਰਨਨ ਤੇ ਸਾਵੇਵ ਰੂਪਕ ਭਯੋ।

ਅਗਾਰੀ ਉਪਾਸ਼ਨਾ ਕਾਂਡ ਕੋ ਫਲ ਬਤਾਵਤ ਹੈਂ :-

## ਨਾ ਓਹਿ ਮਰਹਿ ਨ ਠਾਗੇ ਜਾਹਿ॥

ਸੋਈ ਜੋ ਸੰਤ ਹੈਂ ਮਰਤੇ ਭੀ ਨਹੀਂ, ਸਚੁਖੰਡ ਮੇਂ ਜਾਨ ਲਾਗੇ ਕੋ ਹਟਕਾਰ ਭੀ ਕੋਈ ਨਹੀਂ ਕਰ ਸਕਤ ਹੈ। ਮਰਤੇ ਤੋ ਐਸੇ ਨਹੀਂ, ਜਬ ਦੇਹਿ ਕੋ ਤਜਾਗਤ ਹੈਂ ਤਬ ਖੇਦੁ ਨਹੀਂ ਮਾਨਤ ਹੈਂ। ਜੈਸੇ ਕੋਈ ਪੁਰਾਨੇ ਕੰਬਲ ਕੋ ਗੇਰਿਕੈ ਦੁਸ਼ਾਲੇ ਪਹਿਰਤ ਹੈ, ਸੋ ਅਤਿ ਪ੍ਰਸੰਨ ਹੋਤ ਹੈ, ਕੰਬਲ ਕੋ ਪਸਚਾਤਾਪ ਨਹੀਂ ਕਰੇ ਹੈ; ਤੈਸੇ ਸੰਤ ਅਤਿ ਅਨੰਦ ਕੋ ਧਾਰ ਕਰਿ ਦੇਹ ਤਜਾਗਤ ਹੈਂ। ਅਗਾਰੀ ਮਹਾਂ ਮਰਾਤਬਾ ਪਾਵਨ ਕੋ ਜਾਨ ਕਰਿ ਹਟਕਾਰ ਕੋਈ ਐਸੇ ਨਹੀਂ ਕਰਤੇ।

## ਜਿਨ ਕੈ ਰਾਮੁ ਵਸੈ ਮਨ ਮਾਹਿ॥

ਜਿਨ੍ਹੋਂ ਕੇ ਰਾਮ ਵਸਿਓ ਹੈ ਮਨ ਮੇਂ, ਤਿਨ੍ਹੋਂ ਕੇ ਅਗਾਰੀ ਸਭ ਦਾਸ ਹੋਏ ਰਹਤ ਹੈਂ ਧਰਮਰਾਇ ਤੇ ਆਦਿ। ਤਿਸ ਕੇ ਦਰਸ਼ਨੁ ਕੋ ਦੇਵਤਾ ਭੀ ਚਾਹਤੇ ਰਹਤ ਹੈਂ, ਹਟਕਾਰ ਕੋਨ ਕਰਿ ਸਕੇ ? ਇਤਜਰਥ।

ਇਨ ਦੋਊ ਤੁਕਨਿ ਮੇਂ ਹੇਤਾਲੰਕਾਰ। ਮਨ ਮੇਂ ਰਾਮ ਵਸਨੋ ਕਾਰਨ, ਅੰਮ੍ਰਿਤ ਹੋਨ, ਹਟਕਾਰ ਕੋ ਨ ਪਾਵਨੋ ਕਾਰਜ, ਏਕ ਸੰਗਿ ਮੇਂ ਕਹਿਨ ਤੇ ਹੇਤਾਲੰਕਾਰ ਹੋਤ ਹੈ।

## ਤਿਥੈ ਭਗਤ ਵਸਹਿ ਕੇ ਲੋਅ॥

'ਤਿਥੈ' ਤਹਾਂ ਜਹਾਂ ਭਗਤ ਵਸਦੇ ਹੈਂ, 'ਕੇ ਲੋਅ' ਕਈ ਲੋਕ ਭਗਤਨ ਕੇ ਸੰਜੁਗਤ ਹੈਂ, ਸੋ ਕੈਸੇ ਭਗਤ ਹੈਂ ?

## ਕਰਹਿ ਅਨੰਦੁ ਸਚਾ ਮਨਿ ਸੋਇ॥

ਅਨੇਕ ਰੀਤਿ ਕੇ ਜੋ ਅਨੰਦ ਹੈਂ ਸੋ ਕਰਤੇ ਰਹਤ ਹੈਂ। ਕਾਹੇ ਤੇ ? 'ਸਚਾ ਮਨਿ ਸੋਇ' ਸੱਚਾ ਜੋ ਪਰਮੇਸ਼ੁਰ ਹੈ ਸੋ ਮਨ ਮੇਂ ਧਾਰਿ ਰਾਖਜੋ ਹੈ, ਤਿਸ ਕੋ ਨਦੇ ਭੀ ਨਹੀਂ ਤਜਾਗਤਿ ਹੈਂ; ਇਸੀ ਹੇਤ ਤੇ ਅਨੰਦ ਸਹਿਤ ਹੈਂ। ਇਤਜਰਥ।

ਇਸ ਤੁਕ ਮੇਂ ਭੀ ਸਚ ਮਨ ਮੇਂ ਧਾਰਣੋ ਕਾਰਨ, ਅਨੰਦ ਹੋਨੋ ਕਾਰਜ, ਏਕ ਸੰਗ ਮੇਂ ਕਹਨਿ ਤੇ ਹੇਤਾਲੰਕਾਰ।

## ਸਚ ਖੰਡਿ ਵਸੈ ਨਿਰੰਕਾਰੁ॥

ਜੇ ਨਿਰੰਕਾਰ ਨਿਰਗੁਨ ਪਰਿ ਅਰਥ ਲਗਾਈਏ ਤੌ ਐਸੇ ਹੈ: ਸਚ ਹੈ, ਚਕਾਰ ਤੇ ਅਕਾਰ ਨਿਕਸੇ 'ਅਖੰਡ' ਹੈ, ਕਜਾ ? ਪੂਰਨ ਹੈ ਸਰਬ ਮੇਂ, 'ਵਸੈ' ਕਹੀਏ ਬਜਾਪ ਰਹਜੋ ਹੈ। ਫੇਰ ਕੈਸੇ ਹੈ ? ਨਿਰੰਕਾਰ ਹੈ, ਅਕਾਰ ਕਿਸੀ ਰੀਤਿ ਕੋ ਨਹੀਂ ਹੈ। ਕਿੰਵਾ

ਤਿਸੁ ਨਿਰੰਕਾਰ ਕੋ ਜੋ ਅਕਾਰ ਕਰਤਾ ਪੁਰਖ ਮਹਾ ਕਾਲ ਸੋ ਸਚ ਖੰਡ ਮੇਂ ਰਹਤ ਹੈ, ਜਹਾਂ ਅਨੇਕ ਭਗਤਨਿ ਕੇ ਲੋਕ ਗਿਨੇ ਹੈਂ। ਸੋ ਕੈਸੇ ਕਰਤਾ ਪੁਰਖੁ ਹੈ ?

## ਕਰਿ ਕਰਿ ਵੇਖੈ ਨਦਰਿ ਨਿਹਾਲ ॥

ਸਰਬ ਜੋ ਜਗਤ ਹੈ ਤਿਸ ਕੋ ਰਚਿਕੈ ਦੇਖਤ ਹੈ, ਜਿਸ ਪਰਿ ਕ੍ਰਿਪਾ ਕੀ ਨਦਰਿ ਕਰਤ ਹੈ, ਸੋ ਨਿਹਾਲ ਹੋ ਜਾਤ ਹੈ। ਇਤਯਰਥ।

ਇਨ ਤੁਕਨ ਮੇਂ ਕਾਰਕ ਦੀਪਕ ਅਲੰਕਾਰ ਹੈ।

ਲੱਛਣ–ਕ੍ਰਮ ਤੈ ਕਿਰਿਆ ਹੋਇ ਅਨੇਕ।
'ਕਾਰਕ ਦੀਪਕ' ਨਾਮ ਬਿਬੇਕ।

ਇਹਾਂ ਕਰਤਾ ਪੁਰਖ ਸਚੁ ਖੰਡ ਮੇਂ ਬਸੇ ਹੈ, ਜਗਤ ਰਚਿਤ ਹੈ, ਬਹੁਰਿ ਦੇਖਤ ਹੈ ਕ੍ਰਿਪਾ ਦ੍ਰਿਸ਼ਟਿ ਸੋਂ, ਨਿਹਾਲ ਕਰਤ ਹੈ। ਕਰਤਾ ਪੁਰਖ ਏਕ ਅਧਾਰ ਤਿਸ ਮੇਂ ਕਿਰਿਆ ਕਰਮ ਸੋਂ ਉਪਜੀ ਯਾਂਤੇ ਕਾਰਕ ਦੀਪਕ।

## ਤਿਥੈ ਖੰਡ ਮੰਡਲ ਵਰਭੰਡ ॥

ਤਿਸ ਕਰਤਾ ਪੁਰਖ ਕੀ ਇਤਨੀ ਕ੍ਰਿਆ, ਅਗਾਰੀ ਖੰਡ ਜੋ ਨੌ ਖੰਡ ਹੈਂ, ਮੰਡਲ ਜੋ ਸਪਤ ਦੀਪ ਹੈਂ, ਔਰ ਸਰਬ ਜੋ ਬ੍ਰਹਮੰਡੁ ਹੈਂ।

## ਜੇ ਕੋ ਕਥੈ ਤ ਅੰਤ ਨ ਅੰਤੁ ॥

ਭਗਤਨਿ ਕੇ ਬਸਨੇ ਕੇ ਏਤੇ ਬ੍ਰਹਮੰਡੁ ਹੈਂ। ਜੇ ਕੋਈ ਤਿਸ ਕੋ ਕਹਿਨ ਲਗੇ ਗਿਣ ਕਰਿ ਤੌ ਤਿਨ੍ਹੋਂ ਕੋ ਅੰਤੁ ਨਹੀਂ ਆਵਤ ਹੈ। ਅੰਤ ਲੈਨਵਾਰੇ ਕੋ ਹੀ ਅੰਤ ਹੋਇ ਜਾਤ ਹੈ। 'ਤਾਰੇ ਗਿਨੇ ਜਾਤ ਪੈ ਨ ਤਾਰੇ ਗਿਨੇ ਜਾਣ ਹੈਂ'। ਕਿੰਵਾ ਰਚਿ ਰਚਿ ਜੋ ਖੰਡ ਮੰਡਲ ਬ੍ਰਹਮੰਡ ਦੇਖਤ ਹੈ ਤਿਨ੍ਹੋਂ ਕੋ ਅੰਤੁ ਨਹੀਂ; ਜੋ ਕਿਤਨੇ ਕੁ ਬ੍ਰਹਮੰਡ ਕਰਤਾ ਪੁਰਖੁ ਨੇ ਉਪਜਾਏ ਹੈਂ। ਤਿਨ ਕੋ ਜੇ ਕੋਈ ਅੰਤ ਲੀਓ ਚਾਹੈ ਤੌ ਅੰਤੁ ਨਹੀਂ ਹਾਥ ਆਵਤ ਹੈ। ਇਤਯਰਥ।

ਪੂਰਬ ਕੀ ਤੁਕ ਮੇਂ ਡਕਾਰ ਬਹੁਤ ਬੇਰਿ ਆਵਨ ਤੇ ਬ੍ਰਿਤ੍ਯਾਨੁਪ੍ਰਾਸ ਅਲੰਕਾਰ ਹੈ। ਦੂਸਰੀ ਤੁਕ ਮੇਂ: ਜੇ ਕੋਈ ਅੰਤ ਲੇਨ ਲਗੇ ਤੌ ਅੰਤੁ ਲੈਬੇ ਕੋ ਅੰਤੁ ਨਹੀਂ ਆਵਤ ਹੈ; 'ਜੇ' ਅਰੁ 'ਤੌ' ਕਹਨ ਤੇ ਸੰਭਾਵਨਾਲੰਕਾਰ। ਅਰ ਬਿਸ਼ੇਖੋਕਤਿ ਅਲੰਕਾਰ ਭੀ ਹੈ। ਬ੍ਰਹਮੰਡਨ ਕੋ ਅੰਤ ਕਾਰਜ ਲੈਨਵਾਰੇ ਕਾਰਨ ਤੇ ਨਹੀਂ ਭਯੋ। ਬਿਖਮਾਲੰਕਾਰ ਭੀ ਹੈ, ਅੰਤ ਲੈਨ ਭਲੋ ਉੱਦਮ ਕੀਓ ਹੁਤੋ, ਤਿਨ ਕੋ ਅੰਤ ਭਯੋ, ਯਹ ਬੁਰਿਆਈ, ਯਾਂਤੇ ਬਿਖਮ।

## ਤਿਥੈ ਲੋਅ ਲੋਅ ਅਕਾਰ ॥

'ਤਿਥੈ' ਕਹੀਏ ਤਹਾਂ, ਕਰਤਾ ਪੁਰਖ ਕੇ ਸਮੀਪ, 'ਲੋਅ' ਨਾਮ ਪ੍ਰਕਾਸ਼ ਕੋ ਪ੍ਰਕਾਸ਼ ਹੀ ਪ੍ਰਕਾਸ਼ ਕੇ ਅਕਾਰ ਹੈਂ ਭਗਤਨਿ ਕੇ। ਕਿਵਾ ਲੋਕੋਂ ਲੋਕੋਂ ਕੇ ਜੋ ਆਕਾਰ ਹੈਂ, ਕਯਾ ? ਅਨੇਕ ਬਹਮੰਡੋਂ ਕੇ ਆਕਾਰ ਹੈਂ।

## ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਜੈਸਾ ਜੈਸਾ ਹੁਕਮ ਪਰਮੇਸ਼ੁਰ ਜੀ ਕੋ ਤਿਨ ਪ੍ਰਤਿ ਹੈ, ਤੈਸੇ ਤੈਸੇ ਹੀ 'ਕਾਰ' ਕਹੀਏ ਕ੍ਰਿਤ ਕਰਤ ਹੈਂ ਸਹੀ। ਕਿੰਵਾ ਸੋ ਜੋ ਭਗਤ ਹੈਂ, ਸਮੀਪੀ ਅਨੰਤ ਹੀ, ਜੈਸੇ ਜੈਸੇ ਹੁਕਮ ਪ੍ਰਭੂ ਕੋ ਤੈਸੇ ਤੈਸੇ ਹੀ ਕਾਰ ਕਰਤ ਹੈਂ। ਇਤਜਰਥ।

ਦੋਊ ਤੁਕਨ ਮੇਂ ਬੀਪਸਾਲੰਕਾਰ ਹੈ। ਕਿੰਵਾ ਹੁਕਮੁ ਕਾਰਨ ਕ੍ਰਿਤਿ ਕਰਨੀ ਕਾਰਜ ਏਕ ਸੰਗਿ ਕਹਿਨ ਤੇ ਹੇਤਾਲੰਕਾਰ।

## ਵੇਖੈ ਵਿਗਸੈ ਕਰਿ ਵੀਚਾਰੁ ॥

ਪਰਮੇਸ਼ੁਰ ਆਪਨੀ ਰਚਨਾ ਦੇਖ ਕਰਿ ਬਿਗਸਤ ਹੈ : ਜੋ ਕਜਾ ਜੀਵ ਹੈ ਅਰੁ ਕੇਤੋ ਹੰਕਾਰ ਹੈ ! ਇਤਜਾਦ ਦੇਖ ਕਰਿ ਬਹੁਰ ਬੀਚਾਰ ਪੂਰਬਕ ਦੁਖ ਸੁਖ ਜੀਵਨ ਕੋ ਦੇਤ ਹੈ। ਕਿੰਵਾ ਪਰਮੇਸ਼ੁਰ ਕੇ ਹੁਕਮ ਮੇਂ ਜੋ ਕ੍ਰਿਤ ਹੋਤੀ ਜਾਤ ਹੈ: ਆਪ ਕੋ ਇਸ਼ਟ ਹੈ ਕਿ ਅਨਿਸ਼ਟ ਹੈ, ਸੋ ਜੇ ਭਗਤ ਹੈਂ ਤਿਸ ਕੋ ਦੇਖਿਕੇ 'ਵਿਗਸੈ'=ਪ੍ਰਸੰਨ ਹੋਤ ਹੈਂ ਅਰ ਆਛੋ ਮਾਨਤ ਹੈਂ। ਮੁੱਖ ਭਗਤਨ ਕੋ ਲਛਨ ਯਹੀ ਹੈ: ਜੋ ਕਿਛ ਪਰਮੇਸ਼ੁਰ ਕਰੈ ਤਿਸ ਪਰ ਪ੍ਰਸੰਨ ਰਹਿਨੋ। ਐਸੇ ਉਪਾਸ਼ਨਾ ਕਾਂਡ ਬਰਨਤੇ ਹੂਏ ਬਹੁਰੋ 'ਕਰਿ ਵੀਚਾਰੁ' ਕਹਾ। ਕਜਾ? ਸਤਿ ਅਸਤਿ ਕੋ ਨਿਰਨੈ, ਯਹ ਉਤਪਤਿ ਹੋਇ ਆਵਤ ਹੈ। ਪ੍ਰਥਮੈ ਨਿਸ਼ਕਾਮ ਕਰਮ ਕਾਂਡ ਬਰਨਨ ਕਰਜੋ; ਸਰਮ ਖੰਡ ਤੇ ਦੂਸਰੇ ਉਪਾਸ਼ਨਾ ਕਾਂਡ ਮਹਿਮਾ ਕੇ ਸੰਯੁਕਤਿ ਬਰਨਜੋ। ਪੂਰਬ ਮੁਮੋਖੀ ਕੇ ਪ੍ਰਸ਼ਨ ਕੋ ਲੇ ਕਰਿ ਕਹਜੋ ਗਜਾਨ ਕੀ ਪ੍ਰਾਪਤੀ ਕੋ ਮਾਰਗੁ, ਪਰੰਤ ਔਰੁ ਕਠਿਨਤਾ ਗਜਾਨ ਕੀ ਪ੍ਰਾਪਤੀ ਮੇਂ ਸੋ ਭੀ ਬਰਨਨ ਕਰਤ ਹੈਂ।

## ਨਾਨਕ ਕਥਨਾ ਕਰੜਾ ਸਾਰੁ ॥੩੭॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: 'ਕਥਨਾ' ਕਜਾ ? ਕਹਨੋ ਅਹੰਬ੍ਰਹਮਾਸਮੀ ਕੋ ਕਰੜਾ ਸਾਰ ਹੈ, ਬਡੋ ਕਠੋਰ ਜੋ ਹੈ 'ਸਾਰ' ਲੋਹ, ਜੈਸੇ ਤਿਸ ਕੋ ਘੜਨੋ, ਬਿਨਾ ਤਿਸ ਕੀ ਸਾਮਿਗ੍ਰੀ ਤੇ ਕਠਨ ਹੈ, ਨਹੀਂ ਘੜਜੋ ਜਾਤ ਹੈ। 'ਸਾਰ' ਪਦ ਮੇਂ ਸ਼ਲੇਖ, ਏਕ ਤੋ ਸਾਰ ਕੋ ਅਰਥ 'ਲੋਹ', ਦੂਸਰੋ 'ਸਾਰ' ਨਾਮ ਸਰਬ ਬੇਦ ਕੇ ਮਥੇ ਤੇ, ਕਿਆ ਬਿਚਾਰੇ ਤੇ, ਜੋ ਸਾਰ ਨਿਕਸਜੋ; ਕੌਨ? ਅਹੰਬ੍ਰਹਮਾਸਮੀ, ਤਿਸ ਸਾਰ ਲੋਹੇ ਕੀ ਰੀਤਿ ਸੋਂ ਇਸ ਸ਼ਬਦ ਕੋ ਭੀ ਕਹਨੋ ਕਠਨ ਹੈ, ਇਸ ਕੀ ਸਮਿਗ੍ਰੀ ਤੇ ਬਿਨਾ ਸੌਈ ਅਗਾਰੀ ਤਿਸ ਕਹਿਨ ਕੀ ਜੋ ਸਾਮਗ੍ਰੀ ਹੈ ਏਕ ਪਉੜੀ ਮੇਂ ਕਹੈਂਗੇ। ਇਤਜਰਥ।

ਪੂਰਬ ਕੀ ਤੁਕ ਮੇਂ ਵੇਖੈ ਵਿਗਸੈ ਕਰਿ ਵੀਚਾਰੁ' ਕ੍ਰਿਯਾ ਕ੍ਰਮ ਸੋਂ ਉਪਜੀ ਯਾਂਤੇ ਕਾਰਕਦੀਪਕ। ਦੂਸਰੀ ਤੁਕ ਮੇਂ ਰੂਪਕ ਅਲੰਕਾਰ। ਕਥਨਾ ਹੀ ਕਰੜਾ ਸਾਰ ਹੈ, ਕਥਨੋ ਉਪਮੇਯ' ਕਰੜਾ ਸਾਰ ਉਪਮਾਨ, ਏਕ ਰੂਪ ਕਰਿ ਦੋਨੋਂ ਕਹੇ, ਯਾਂਤੇ ਰੂਪਕ ਅਲੰਕਾਰ ਹੋਤ ਹੈ। ਕਿੰਵਾ 'ਕਥਨੋ' ਤੇ ਉਪਮੇਯ, 'ਕਰੜਾ' ਸਾਧਾਰਨ ਧਰਮ, 'ਸਾਰ' ਉਪਮਾਨ, ਯਾਂਤੇ ਵਾਚਜਲੁਪਤੋਪਮਾਲੰਕਾਰ ਭਯੋ।

[ਪਉੜੀ ਅਠੱਤੀਵੀਂ]

## ਜਤੁ ਪਾਹਾਰਾ ਧੀਰਜੁ ਸੁਨਿਆਰੁ ॥

ਜੈਸੇ ਸੋਨੇ ਕੋ ਭੂਖਨ ਢਾਲਿਕੈ ਬਨਾਵਤ ਹੈਂ, ਤਬ ਪਹਿਰਨ ਕੇ ਜੋਗ ਹੋਤ ਹੈ, ਤਿਸੀ ਰੀਤਿ ਅਹੰਬ੍ਰਹਮਾਸਮੀ ਜੋ ਕਹਨ ਹੈ ਸੋ ਇਸੀ ਰੀਤਿ ਕਹਿਨੋ ਬਨਤ ਹੈ। ਜਤੁ ਰਾਖਨੋ, ਇਸਤ੍ਰੀ ਕੇ ਨਜੀਕ ਨਹੀਂ ਜਾਨੋ, ਅਸ਼ਟ ਪ੍ਰਕਾਰ ਕੋ ਕਾਮ, ਸੋ ਜੀਤਨੋ, ਯਾਂਕੋ ਨਾਮ ਜਤੁ। ਇਸੁ ਰੀਤਿ ਕੇ ਜਤੁ ਤੇ ਗ੍ਰਿਹਸਤੀ ਕੋ ਗਯਾਨ ਨਹੀਂ ਹੁਯੋ ਚਾਹਿਯੇ । ਪੂਰਬ ਬਸ਼ਿਸ਼ਟ ਤੇ ਆਦਿ ਗ੍ਰਿਹਸਤੀ ਗਯਾਨੀ ਬਹੁਤੇ ਹੂਏ, ਤਾਂਤੇ ਐਸੇ ਅਰਥ ਕਰਨੋ: ਆਪਨੀ ਇਸਤ੍ਰੀ ਜੋ ਹੈ ਸੋਈ ਇਸਤ੍ਰ ਲਖਨੀ, ਦੂਸਰੀ ਇਸਤ੍ਰੀ ਨਹਿੰ ਭਾਸੈ, ਯਹ ਭੀ ਜਤੁ ਕਹਾਵਤ ਹੈ ਗ੍ਰਿਹਸਤੁ ਮਾਰਗਿ ਕੋ। ਗਯਾਨ ਕੋ ਨੇਮੁ ਨਹੀਂ ਜੋ ਗ੍ਰਿਹਸਤੀ ਕੋ ਨਾ ਹੋਇ। ਯਾਂਤੇ ਯਹੀ ਜਤ ਹੈ, ਪਰ-ਇਸਤ੍ਰੀ ਕੋ ਤਯਾਗੇ, ਸੋ ਪਹਾਰ ਬਨੈ। ਪਹਾਰੋ ਸੁਨਯਾਰ ਕੀ ਦੁਕਾਨ ਕੋ ਨਾਮ। ਕਿੰਵਾ ਜਿਸ ਮੇਂ ਅਗਨਿ ਰਾਖਤ ਹੈਂ, ਤਿਸ ਕੋ ਨਾਮ। ਪਹਾਰੇ ਮੇਂ ਸਰਬ ਕਿਛੁ ਸਥਿਤ ਹੋਤ ਹੈ, ਯਹ ਸਮਤਾ। ਜਤੁ ਕੋ ਪਹਾਰੋ ਬਨਾਵੈ, ਧੀਰਜ ਸੁਨਿਆਰ, ਸ਼ੁਭ ਜੋ ਕਰਮ ਕਰਨ ਲਗਯੋ ਹੈ ਤਿਨ ਮੇਂ ਧੀਰਜ ਰਾਖਨੋ, ਦੁਖ ਆਵੈ ਕਿੰਵਾ ਸੁਖ ਆਵੈ ਅਪਨੇ ਜਨਮ ਸਫਲ ਕਰਨ ਮੇਂ ਲਗਯੋ ਰਹੈ, ਬਿਘਨ ਹੋਨ ਤੇ ਹਟ ਨਹੀਂ ਜਾਇ। ਕਿੰਵਾ ਬਿਕਾਰਨ ਕੋ ਜੋਰ ਆਨ ਪਰੇ ਤਿਨ ਕੇ ਅਨੁਸਾਰ ਨਹੀਂ ਹੋਇ ਚਲੇ, ਤਹਾਂ ਧੀਰਜ ਰਾਖੇ, ਸੋਈ ਸੁਨਿਆਰੋ ਬਨੈ। ਮੈਲ ਨਿਖਾਰਨੀ ਘੜਨਿ ਆਦਿ ਤੋ ਸੁਨਾਰੋ ਹੀ ਕਰਤ ਹੈ, ਈਹਾਂ ਭੀ ਧੀਰਜ ਤੇ ਸਭ ਕਿਛੁ ਬਨਤ ਹੈ, ਬਿਕਾਰਨ ਤੇ ਬਚਨੋ, ਸ਼ੁਭ ਕਰਮ ਕਰਨ ਮੇਂ ਲਗੇ ਰਹਿਨੋ, ਯਾਂਤੇ ਧੀਰਜੁ ਕੋ ਸੁਨਿਆਰੋ ਬਨੈ।

## ਅਹਰਣਿ ਮਤਿ ਵੇਦੁ ਹਥੀਆਰੁ ॥

'ਮਤਿ' ਜੋ ਬੁਧਿ, ਤਿਸ ਕੀ ਅਹਰਣ ਬਨੈ। 'ਅਹਰਣਿ' ਤਿਸ ਕੋ ਨਾਮ ਹੈ ਜਿਸ ਪਰ ਧਰਿਕੈ ਸੁਨਿਆਰੇ ਘੜਤ ਹੈਂ, ਸੋ ਨਿਸ਼ਚਲ ਹੀ ਰਹਤ ਹੈ, ਹਲਤ ਨਹੀਂ, ਤੈਸੇ ਬੁਧਿ ਕੋ ਟਿਕਾਇ ਰਾਖੈ, ਔਰ ਕਿਸੀ ਮਤਿ ਕੋ ਨਿਸਚੋ ਨਹੀਂ ਕਰੈ, ਅਹਰਣੁ ਕੋ ਭੀ ਨਿਸ਼ਚਲੁ ਧਰਮ ਹੈ, ਤੈਸੇ ਹੀ ਬੁਧਿ ਕੋ ਨਿਸ਼ਚਲ ਕਰੈ । ਤਿਸ ਅਹਰਨ ਕੇ ਊਪਰ ਹਥੌਰੇ ਲਗਤ ਹੈਂ, ਤਿਨ ਤੇ ਨਹੀਂ ਹਲਤ ਹੈ, ਬੁਧਿ ਕੇ ਊਪਰ ਕਯਾ ਲਾਗਤ ਹੈ ਜਿਨ ਤੇ ਨਹੀਂ ਹਲੈ ? ਸੋਈ ਕਹਤ ਹੈਂ: ਵੇਦ ਹਥੀਆਰ=ਵੇਦ ਜੋ ਚਾਰਹੈਂ ਇਨ ਕੀ ਜੋ ਸ਼੍ਰੁਤੀ ਸੋਈ ਹਥੌਰੇ ਭਏ, ਕਯਾ ਬੁਧਿ ਕੇ ਹਿਲਾਵਨਵਾਰੇ ਹੈਂ । ਪ੍ਰਸ਼ਨ : ਜੇ ਵੇਦੋਂ ਨੇ ਮੁਮੋਖੀ ਕੀ ਬੁਧਿ ਕੋ ਹਿਲਾਯੋ ਤਬ ਟਿਕਾਵਨੀ ਕਿਸ ਨੇ ਹੈ, ਯਹ ਅਰਥ ਅਸੰਭਵ ਬਨਯੋ ? ਉੱਤਰ :- ਬੁਧਿ ਕੋ ਬੇਦ ਹੀ ਹਿਲਾਵਤ ਹੈਂ, ਕੋਈ ਬੇਦ ਕੀ ਸ਼੍ਰੁਤਿ ਕਿਸੇ ਰੀਤਿ ਕੀ ਹੈ, ਕੋਈ ਕਿਸੇ ਰੀਤ ਸੋਂ ਕਹਤ ਹੈ । ਬੇਦ ਤੋ ਭਏ ਸਾਚੇ ਤਿਨ ਬੇਦੋਂ ਕੇ ਕਹਨ ਤੇ ਕਦੇ ਕੋਈ ਮਤਿ ਕੋ ਨਿਸਚੇ ਕਰਯੋ, ਕਦੇ ਕੋਈ ਮਤਿ ਕੋ ਨਿਸਚੇ ਕਰਯੋ । ਜੇਤੇ ਮਤ ਹੈਂ, ਬਾਮ ਮਾਰਗ ਲੌ, ਸੋ ਸਰਬ ਹੀ ਬੇਦ ਕੀ ਸ਼੍ਰੁਤਿ ਕੋ ਲੇ ਕਰਿ ਕਹਤ ਹੈਂ, ਯਾਂਹੀ ਤੇ ਮੁਮੋਖੀ ਕੀ ਮਤਿ ਹਾਲ

ਕਰਿ ਗਜਾਨ ਕੋ ਪ੍ਰਾਪਤਿ ਨਹੀਂ ਹੋਤ ਹੈ। ਤਾਂਤੇ ਬੇਦ ਕੀ ਸ੍ਰੁਤਿ ਜੋ ਹੈਂ ਹਥਿਆਰ ਹਥੌੜੇ, ਤਿਨ ਕੋ ਸੁਨ ਕਰਿ ਨੈਕ ਭੀ ਨਹੀਂ ਹਿਲਾਵੈ, ਅਹਰਣਿ ਕੀ ਨਜਾਈਂ ਨਿਹਚਲੁ ਰਾਖੈ ਆਤਮ ਗਜਾਨ ਕੀ ਦ੍ਰਿਸ਼। ਜੋ ਬ੍ਰਹਮ ਗਜਾਨ ਕੀ ਸ੍ਰੁਤਿ ਹੈ ਤਿਨ ਪਰ ਹੀ ਨਿਸ਼ਚੋ ਦ੍ਰਿੜ ਕਰੈ। ਔਰੁ ਬੇਦੋਂ ਕੋ ਸੁਣਨਾ ਤੇ ਪੜ੍ਹਨਾ ਸੋ ਭੂਖਨ ਘੜਨੋ ਹੈ, ਕਿਉਂਕਿ ਹਥੌੜੇ ਹੀ ਤੇ ਸੋ ਘੜਜੇ ਜਾਤ ਹੈ। ਹਥੌੜੇ ਸੋਂ ਬੇਦ ਕੀ ਯਹ ਸਮਤਾ।

## ਭਉ ਖਲਾ ਅਗਨਿ ਤਪ ਤਾਉ ॥

ਪਰਮੇਸੁਰ ਕੀ ਦ੍ਰਿਸ਼ ਤੇ ਭਉ ਰਾਖਨੋ, ਕਜਾ ? ਡਰ ਤੇ ਰਹਿਨੋ ਸਦੀਵ, ਡਰ ਰਾਖਨ ਤੇ ਕੁਕਰਮ ਕੋਈ ਭੀ ਨਹੀਂ ਹੋ ਸਕਤਿ ਹੈ, ਅਰੁ ਸੁਕਰਮਨ ਮੇਂ ਲਗਤ ਹੈ, ਤਿਸ ਡਰ ਕੋ 'ਖਲਾ' ਬਣਾਵੈ। ਲਕਾਰ ਅਨੁਸ੍ਵਾਰ ਸਮੇਤ ਨਹੀਂ ਪਢੈ, ਕਿਉਂਕਿ ਤਿਸ ਤੇ ਦੋ ਕੋ ਅਰਥ ਹੋ ਜਾਤਿ ਹੈ। ਦੋ ਖਲਾਂ ਲੁਹਾਰ ਰਾਖਤ ਹੈ, ਤਿਸ ਕੋ ਬਨ ਜਾਤ ਹੈ। ਈਹਾਂ ਸੁਨਾਰ ਕੋ ਰੂਪਕ ਬਾਂਧਜੋ ਹੈ। ਸੁਨਾਰ ਕਿਤਨੇ ਏਕ ਹੀ ਖਲਾ ਰਾਖਤ ਹੈਂ, ਕਿਤਨੈ ਮੁਖ ਕੀ ਫੂਕ ਮਾਰਤ ਹੈਂ, ਯਾਂਤੇ ਖਲਾ ਏਕ ਜੋ ਹੋਤ ਹੈ ਤਾਂਕੋ ਅਰਥ। ਖਲਾ ਭੀ ਅਗਨਿ ਕੋ ਜਗਾਵਤ ਹੈ। ਡਰ ਮੇਂ ਜੋ ਪੁਰਖ ਰਹੇ ਤਿਸ ਤੇ ਸੁਕਰਮ ਤਪ ਆਦਿ ਬਧਤ ਹੈਂ, ਇਹ ਸਮਤਾ। ਔਰ ਖਲਾਂ ਕੇ ਅਰਥ ਤੇ ਇਸਤ੍ਰੀ ਲਿੰਗ ਹੋ ਜਾਤ ਹੈ, ਭਉ ਪੁਲਿੰਗ ਹੈ। ਉਪਮਾ ਉਪਮੇਯ ਭੀ ਦੋਖਿਤ ਹੋ ਜਾਤ ਹੈਂ, ਯਾਂਤੇ ਏਕ ਖਲਾ ਕੋ ਅਰਥ ਮੁੱਖਯ ਹੈ। ਉਸ ਮੇਂ ਦੂਖਨ ਆਵਤ ਹੈ। 'ਅਗਨਿ ਤਪ ਤਾਉ' ਤਪ ਜੋ ਅਨੇਕ ਰੀਤਿ ਕੇ, ਤਿਨ ਕੇ ਸੰਗ ਤਪਨੋ ਯਹੀ ਅਗਨਿ ਕਰੈ। ਅਗਨਿ ਕੋ ਧਰਮ ਹੈ ਸ੍ਵਰਨ ਕੀ ਮੈਲ ਕੋ ਦੂਰ ਕਰਨਾ। ਤਿਸ ਰੀਤਿ ਕੇ ਅਨੇਕ ਤਰਹ ਕੇ ਤਪ ਇਸ ਜੀਵ ਕੇ ਅੰਤਹਕਰਣ ਸੋਂ ਮਿਲੇ ਹੂਏ ਕੀ ਮਲੀਨਤਾ ਕੋ ਦੂਰ ਕਰਤ ਹੈਂ, ਯਹ ਸਮਤਾ।

## ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

ਭਾਂਡਾ ਕਹੀਏ ਬਾਸਨ, ਪਾਤ੍ਰ। ਸੋ ਪਾਤ੍ਰ ਕੌਨ ? ਕੁਠਾਲੀ। ਸੋ ਭਾਉ ਕੀ ਕਰੈ, ਜਿਤਨੇ ਪੂਰਬ ਸੁਭ ਕਰਮ ਕਹੇ ਹੈਂ, ਤਿਨ ਕੋ ਕਰਤਾ ਹੂਆ ਅਹੰਕਾਰ ਨਹੀਂ ਕਰੈ, ਸੰਤ ਜੋ ਹੈਂ 'ਸਤਿਗੁਰ' ਤਿਨ ਸੋਂ ਨਿਮਜੋ ਰਹੈ, ਸ਼ਰਧਾ ਕੇ ਸੰਯੁਕਤਿ। ਇਸ ਭਾਉ ਕੋ ਭਾਂਡੋ ਕਰੈ। 'ਅੰਮ੍ਰਿਤੁ ਤਿਤੁ ਢਾਲਿ'–ਅੰਮ੍ਰਿਤੁ ਜੋ ਹੈ, ਸਤਿਗੁਰਨ ਕੋ ਉਪਦੇਸ਼ ਬ੍ਰਹਮ ਗਜਾਨ ਕੋ, ਸੋ ਢਾਲੈ। ਕਜਾ ? ਧਾਰਨ ਕਰੈ। ਪ੍ਰਸ਼ਨ:–ਪ੍ਰਥਮ ਤੋ ਕਹਜੋ ਜੀਵ ਕੀ ਮੈਲ ਨਿਵਰਤ ਕਰੈ ਤਪ ਅਗਨਿ ਸੋਂ, ਫੇਰ ਕਹਜੋ ਢਾਲੈ ਗੁਰ ਉਪਦੇਸ਼ ਕੋ, ਜਿਸ ਕੀ ਮੈਲ ਨਿਵਰਤ ਕਰਨੀ ਹੈ ਸੋਈ ਢਾਲਨੋ ਹੈ; ਤਿਸ ਕੋ ਹੀ ਭੂਖਨ ਘੜਨੋ ਹੈ; ਰੂਪਕ ਮੇਂ ਢਾਲਨੋ ਅਰੁ ਨਿਖਾਰਨੋ ਮੈਲ ਕੋ ਔਰ ਔਰ ਕੋ ਕਹਜੋ ? ਇਤਿਯਾਸ਼ੰਕਾ। ਉੱਤਰ:–ਅੰਮ੍ਰਿਤ ਜੋ ਉਪਦੇਸ਼; ਢਾਲਨਵਾਰੇ ਸੁਇਨੇ ਕੋ ਕੌਨ ? ਸੁਹਾਗਾ ਆਦਿ। ਜਬ ਸਤਿਗੁਰ ਕੋ ਉਪਦੇਸ਼ ਸੁਹਾਗੇ ਰੂਪ ਭਾਂਡੇ ਭਾਉ ਮੈਂ ਪਾਯੋ; ਤਨ ਹੰਤਾ ਜੋ ਜੀਵ ਕੀ ਮੈਲ; ਨਾਨੱਤ੍ਵ ਜਗਤ ਕੀ ਜੋ ਸਮਝੀ ਹੁਤੀ; ਸੋਈ ਕੰਚਨ ਰੂਪ ਜੀਵ ਮੇਂ ਅਨੇਕਤਾ ਹੁਤੀ। ਜੈਸੇ ਬਹੁਤ ਰਵੇ ਸੁਇਨੇ ਕੇ

ਹੋਤ ਹੈਂ ਸੋ ਸੁਹਾਗੇ ਸੋਂ ਅਰ ਅਗਨਿ ਸੋਂ ਢਲਿਕੈ, ਮੈਲ ਕੋ ਤਜਿਕੈ, ਏਕ ਰੂਪ ਕੰਚਨਕੋ ਡਲੋ ਹੋ ਜਾਤ ਹੈਂ। ਤੈਸੇ ਹੀ ਤਪੁ ਅਗਨਿ ਤੇ ਸੁਹਾਗੇ ਰੂਪੀ ਉਪਦੇਸ਼ ਤੇ ਤਨ ਹੰਤਾ ਕੀ ਨਾਨਤ੍ਵ ਕੋ ਤਜਾਗਿ ਕੈ ਏਕ ਬ੍ਰਹਮ ਰੂਪ ਹੋ ਜਾਤ ਹੈ। ਐਸੇ ਜਾਨੀਏ।

## ਘੜੀਐ ਸਬਦੁ ਸਚੀ ਟਕਸਾਲ ॥

ਸੋ ਸੁਇਨੋ ਜਬ ਡਲੋ ਭਯੋ ਬਹੁਰ ਘੜਜੋ ਚਾਹਿਯੇ। ਸੱਚੀ ਟਕਸਾਲ ਕੌਨ? ਸਤਿਸੰਗਤਿ। ਜਹਾਂ ਸਤਿ ਅਸਤਿ ਕੋ ਨਿਰਨੋ ਹੋਤ ਰਹਤ ਹੈ। ਤਿਸ ਮੈਂ ਮਿਲਿ ਕੈ ਨਿਰਮਲ ਭਏ ਤੇ ਅਹੰਬ੍ਰਹਮਾਸਮੀ ਬਨਨੋ, ਦ੍ਰਿੜ ਨਿਸਚੇ ਸੋਂ ਯਹ ਘੜਨੋ ਤਹਾਂ ਹੋਇ ਜਾਤ ਹੈ। ਸਚੁ ਕੋ ਨਿਰਨੇ ਕਰਨ ਤੇ। ਸਚੀ ਟਕਸਾਲ ਸਤਿਸੰਗਤਿ ਕੋ ਨਾਮ, ਜੈਸੇ ਪਾਤਿਸ਼ਾਹਿਨਿ ਕੀ ਟਕਸਾਲ ਮੇਂ ਖੋਟ ਸਰਬ ਨਿਕਾਲਿਕੈ ਪੈਸਾ, ਕਿੰਵਾ ਰੁਪੱਯਾ, ਕਿੰਵਾ ਮੋਹਰ, ਏ ਘੜੇ ਜਾਤ ਹੈਂ। ਫੇਰ ਪਾਤਿਸਾਹਿਨ ਕੋ ਨਾਮ ਤਿਸ ਪਰ ਹੋ ਜਾਤ ਹੈ। ਤੈਸੇ ਹੀ ਸਤਿਸੰਗਤਿ ਮੈਂ ਮਿਲਿਕੈ ਸਤਿਗੁਰ ਕੇ ਉਪਦੇਸ ਮੂਜਬ ਕਹਿਨਵਾਰੋ ਹੋ ਜਾਤ ਹੈ। ਪੂਰਬ ਜੋ ਕਹਿ ਆਏ ਥੇ: 'ਨਾਨਕ ਕਥਨਾ ਕਰੜਾ ਸਾਰੁ' ਸੋ ਕਹਿਨੋ ਕਠਨ ਇਸ ਰੀਤਿ ਸੋਂ ਹੈ: ਏ ਸਰਬ ਜੋ ਕਹੇ ਹੈਂ ਇਸ ਪਾਸ ਤੇ ਬਨਿ ਆਵੈਂ ਤਬ ਕਹਨ ਮੇਂ ਆਵਤ ਹੈਂ। ਐਸੇ ਕਰਤਜੋਂ ਹੂੰ ਜੋ ਹੋਤ ਹੈ ਸੋ ਕਹਤ ਹੈਂ।

## ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਜਿਨ ਕਉ ਨਦਰਿ ਕਿਆ ਬ੍ਰਹਮ ਦ੍ਰਿਸ਼ਟਿ ਭਈ ਹੈ, ਤਿਨਕਉ ਕਰਮ ਕੀ ਕਾਰ ਭਈ ਹੈ। ਕਿ ਸਭ ਊਪਰ ਕ੍ਰਿਪਾ ਹੀ ਕਰਤੇ ਹੈਂ। ਸਭ ਕਉ ਆਪਣਾ ਆਪ ਜਾਨ ਕਰਿ ਦਯਾ ਕਰਤ ਹੈਂ।

## ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

ਸ੍ਰੀ ਨਾਨਕ ਸਾਹਿਬ ਜੀ ਕਹਤ ਹੈਂ: ਨਦਰੀ ਜੋ ਹੈ ਕਰਤਾ ਪੁਰਖ, ਤਿਸਕੀ ਕ੍ਰਿਪਾ ਦ੍ਰਿਸ਼ਟਿ ਕਰਿ 'ਨਿਹਾਲ' ਕਹੀਏ ਆਵਾਗੌਨ ਜੋ ਦਾਲਿਦ੍ਰ, ਤਿਸ ਤੇ ਬਚਿਕੈ ਆਤਮ ਰੂਪੀ ਧਨ ਕੋ ਪਾਇ ਕਰ ਨਿਹਾਲ ਹੋ ਜਾਤ ਹੈਂ। ਕਿਸੇ ਵਸਤੁ ਕੀ ਕਮੀ ਨਹੀਂ ਰਹਤ ਹੈ। ਨਿਹਾਲ ਭਯੋ ਤਿਸ ਕੋ ਕਹਤ ਹੈਂ: ਪਹਿਲੇ ਤੌ ਰੰਕ ਹੋਇ, ਫੇਰਿ ਤਿਸ ਕੋ ਧਨ ਕੋ ਖਜ਼ਾਨੋ ਹਾਥ ਆਇ ਜਾਇ, ਸੋ ਅਤਿ ਆਨੰਦ ਹੋਇ ਜਾਤ ਹੈ। ਤੈਸੇ ਹੀ ਪੂਰਬ ਜੀਵ ਅਲਪੱਗਜ ਦੁਖੀ ਹੋਤੇ, ਜਬ ਪਰਮੇਸ਼ੁਰ ਕੀ ਭਈ ਕ੍ਰਿਪਾ, ਤਬ ਸਰਬਗਜ ਆਨੰਦ ਰੂਪ ਬਨਿ ਗਯੋ, ਯਾਂਤੇ ਨਿਹਾਲ ਹੋਇ ਗਯੋ ਹੈ। ਇਤਜਰਥ।

ਇਸ ਪਉੜੀ ਮੇਂ ਸਾਵੈਵ ਰੂਪਕ ਅਲੰਕਾਰ ਹੈ।

ਲੱਛਣ–ਜਹਿਂ ਉਪਮਾ ਉਪਮੇਯ ਜੁ ਦੋਊ।
ਅੰਗ ਸਮੇਤ ਬਰਨਿਯੇ ਸੋਊ।
ਸੋ 'ਸਾਵੈਵ ਰੂਪਕ' ਅਲੰਕਾਰ।
ਗੁਨਿ ਗਨ ਭਨਹੀ ਸਰਬ ਬਿਚਾਰ।

ਇਹਾਂ ਅਹੰਬ੍ਰਹਮਾਸਮੀ ਕਥਨੋ, ਔਰ ਘੜਨੋ ਸਰਬ ਅੰਗ ਕੇ ਸੰਯੁਕਤ ਕਹਜੋ, ਯਾਂਤੇ ਸਾਵੇਵ ਰੂਪਕ ਅਲੰਕਾਰ। ਪੂਰਬ ਉਪਮੇਯ ਆਵੈ ਪੀਛੇ ਉਪਮਾ ਹੋਇ ਐਸੋ ਰੂਪ ਹੋਇ ਤਉ ਰੂਪਕ ਹੋਤ ਹੈ। ਪੂਰਬ ਉਪਮਾਨ ਹੋਇ ਪੀਛੇ ਉਪਮੇਯ ਸੋ ਉਪਮਾਲੰਕਾਰ। ਇਤਨੋ ਭੇਦ ਵਾਚਜ ਧਰਮ ਲੁਪਤੋਪਮਾ ਕੋ ਔ ਰੂਪਕ ਕੋ ਹੋਤ ਹੈ। ਇਸ ਥੀਂ ਉਪ੍ਰੰਤੁ ਦੋਨੋਂ ਅਲੰਕਾਰ ਮੇਂ ਤੇ ਜਿਸ ਕੋ ਪੀਛਲੋ ਪਦ ਬਨਾਵੈ ਸੋ ਹੋ ਜਾਤ ਹੈ। ਜੇ ਉਪਮਾ ਕੋ ਬੋਧੇ ਪੀਛਲੋ ਪਦ ਹੈ, ਉਪਮੇਯ ਪੂਰਬ, ਤੌ ਉਪਮਾ ਹੀ ਅਲੰਕਾਰ ਬਨੈ। ਜੋ ਪੂਰਬ ਉਪਮਾ ਹੈ, ਪੀਛਲੋ ਪਦ ਰੂਪਕ ਬਨਾਵੈ, ਤੌ ਰੂਪਕ ਬਨਤ ਹੈ। ਜੇ ਪੀਛਲੋ ਪਦੁ ਕੁਛ ਵੀ ਨ ਕਹੈ ਤੌ ਭੇਦ ਦੋਉਨ ਕੋ ਕਹਿ ਹੀ ਦੀਓ ਹੈ। ਪਉੜੀ ਕੀ ਪਿਛਲੀ ਤੁਕ ਮੇਂ 'ਨਦਰੀ' ਸਾਭਿੱਪ੍ਰਾਯ ਕੇ ਬਿਸ਼ੇਸ਼ਨ, ਯਾਂਤੇ ਪਰਕਰਾਲੰਕਾਰ ਹੋਤ ਹੈ। ਕਿੰਵਾ ਨਕਾਰ ਬਹੁਤ ਬੇਰ ਆਵਨ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੋਤ ਹੈ। ਐਸੇ ਜਾਨਿਯੈ।

ਅਬ ਅਗਾਰੀ ਸ੍ਰੀ ਜਪੁਜੀ ਕੋ ਸਮਾਪਤਿ ਕਰਤੇ ਹੂਏ ਜਗਤ ਕੋ ਬਾਲਕ ਰੂਪ ਬਰਨਨ ਕਰਤ ਹੈਂ ਏਕ ਸ਼ਲੋਕ ਮੇਂ।

## ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ॥

ਸਰਬ ਜਗਤ ਮੇਂ ਪੌਣ ਗੁਰੂ ਹੈ, ਕਯਾ? ਸਰਬ ਤੇ ਬਡੋ ਹੈ। ਸਰਬ ਸਰੀਰ ਮੇਂ ਇੰਦ੍ਰੀਨ ਕੇ ਸਮੇਤ ਇਨ ਮੇਂ ਜੈਸੇ ਬਡੋ ਹੈ ਸੋਈ 'ਪੰਚ ਪਰਵਾਣੁ' ਕੀ ਪਉੜੀ ਮੇਂ ਸਿੱਧ ਕਰਿ ਆਏ ਹੈਂ, ਬੇਦ ਕੀ ਕਥਾ ਕੋ ਪ੍ਰਸੰਗ ਕਹਿ ਕਰਿ। ਔਰ ਰੀਤਿ ਸੋਂ ਭੀ 'ਗੁਰ' ਹੈ। ਸ਼ਬਦ ਜੋ ਹੋਤ ਹੈ ਸੋ ਪੌਣ ਕਰਿਕੈ ਹੈ, ਤਿਸ ਸ਼ਬਦ ਕਰਿਕੈ ਹੀ ਸਰਬ ਜਗਤ ਸਿਖਯਤ ਹੈ, ਤਿਸ ਸ਼ਬਦ ਕੋ ਕਾਰਣ ਪੌਣੁ ਹੈ, ਪ੍ਰਮਾਣ ਸ੍ਰੀ ਗ੍ਰੰਥ ਸਾਹਿਬ ਜੀ ਕੋ:-

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ॥
[ਸਿਰੀ ਰਾਗੁ ਮਹਲਾ ੧–੨੭

ਵਾਜੈ ਪਵਣੁ ਆਖੈ ਸਭ ਜਾਇ॥ [ਧਨਾਸਰੀ ਮ: ੧–੫

ਇਤਯਾਦੀ ਔਰ ਸਥਾਨ ਮੇਂ ਭੀ ਕਹਜੋ ਹੈ। ਜੋ ਬੋਲਨੇ ਕੋ ਸ਼ਬਦ ਹੈ ਸੋ ਪੌਣ ਕਰਿਕੈ ਹੈ। ਤਿਨ ਬਚਨ ਦ੍ਵਾਰਾ ਹੀ ਸਭ ਕੋਈ ਸਮਝਬੇ ਮੇਂ ਆਵਤ ਹੈ, ਇਸੀ ਕਾਰਣ ਤੇ ਸਭਨਿ ਕੋ ਗੁਰੂ ਪੌਣ ਹੈ। 'ਪਾਣੀ ਪਿਤਾ'=ਸਰਬ ਜਗਤ ਕੋ ਪਿਤਾ, ਉਤਪਤਿ ਕਰਣੇਹਾਰਾ, ਜਲ ਹੈ। ਬੀਰਜ ਜੋ ਹੈ ਜਲ ਕਾ ਅੰਸ਼ ਹੋਤ ਹੈ, ਤਿਸ ਬੀਰਜ ਤੇ ਹੀ ਸਰਬ ਕੀ ਉਤਪਤੀ ਹੈ। ਅਰ ਜਲ ਕੇ ਬਰਸਬੇ ਤੇ ਸਰਬ ਉਤਭੁਜ[1] ਕੀ ਉਤਪਤੀ ਹੈ। ਇਸੀ ਹੇਤ ਕਰਿ ਸਰਬ ਜਗਤ ਕੋ ਪਿਤਾ ਜਲ ਹੈ। 'ਮਾਤਾ ਧਰਤਿ ਮਹਤੁ'=ਸਰਬ ਜਗਤ ਕੀ ਮਾਤਾ ਧਰਤੀ ਹੈ। ਕੈਸੀ ਧਰਤੀ ਹੈ? 'ਮਹਤੁ' ਕਹੀਏ ਬਡੀ ਹੈ। ਮਾਤਾ ਜੋ ਹੋਤੀ ਹੈ ਏਕ ਤੋ ਬਾਲਿਕ ਕੋ ਉਠਾਏ ਰਾਖਤੀ ਹੈ, ਦੂਸਰੇ ਆਪਨੀ ਦੇਹ ਤੇ ਨਿਕਾਸ ਕਰ ਦੂਧ ਤਿਸ ਕੋ ਪਯਾਲਤੀ ਹੈ, ਤੀਸਰੇ ਅਵਗਯਾ ਪੁਤ੍ਰ ਕੀ ਸਹਾਰਤੀ ਹੈ; ਤਿਸੀ ਰੀਤਿ ਸੋਂ ਧਰਤੀ ਸਰਬ ਜਗਤ ਸੋਂ ਹੈ। ਏਕ ਤੋ ਆਪਨੇ ਊਪਰ ਉਠਾਇ ਰਾਖਯੋ ਹੈ, ਦੂਸਰੇ ਪ੍ਰਿਥੀ ਜੋ

੧. ਬਨਸਪਤੀ।

ਆਪਨੇ ਅੰਦਰ ਤੇ ਅੰਨ ਆਦਿ ਨਿਕਾਸ ਕਰਿ ਖੁਵਾਵਤੀ ਹੈ, ਸਭਨਿ ਕੀ ਪ੍ਰਤਿਪਾਲਾ ਧਰਤੀ ਸੇ ਹੈ, ਇਸੀ ਬਿਖੇ ਤੇ ਉਤਪਤਿ ਹੋਈ ਵਸਤੁ ਸਰਬ ਖਾਤੇ ਹੈਂ। ਤੀਸਰੇ ਸਰਬ ਜਗਤ ਕੀ ਅਵੱਗਜਾ ਮਲ ਮੂਤ੍ਰ ਹੋਨ ਕੀ ਸੋ ਸਹਾਰਤੀ ਹੈ, ਇਸ ਕਰਿਕੈ ਸਰਬ ਜਗਤ ਕੀ ਮਾਤਾ ਧਰਤੀ ਹੈ। ਬਡੀ ਕਹਿਨੇ ਕੋ ਪ੍ਰਯੋਜਨ ਇਹ: ਜੋ ਆਦਿ ਤੇ ਅੰਤਿ ਲੌ ਤੀਨੇ ਕਾਰਜ ਕਰਤੀ ਹੈ, ਜਨਮ ਅਰ ਮ੍ਰਿਤ ਲੌ।

## ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਦਿਨ ਅਰੁ ਰਾਤ ਦੋਨੋਂ ਜੋ ਹੈਂ : ਇਕ ਦਾਈ ਹੈ, ਇਕ ਦਾਇਆ ਹੈ, ਦਾਈ ਕੀ ਕ੍ਰਿਤਿ ਹੈ ਬਾਲਕ ਕੋ ਲੇ ਕਰਿ ਆਪਨੀ ਗੋਦੀ ਮੇਂ ਸੁਵਾਇ ਰਾਖਤੀ ਹੈ ਅਰੁ ਸੁਖ ਦੇਤ ਹੈ। ਦਾਯਾ ਜੋ ਹੋਤਾ ਹੈ ਸੋ ਬਾਲਕ ਕੋ ਬਾਹਰਿ ਅੰਤਰ ਖੇਲਾਵਤੋ ਰਹੇ ਹੈ, ਤੈਸੇ ਹੀ ਸਰਬ ਜਗਤ ਕੋ ਦਾਯਾ ਜੋ ਦਿਨ ਹੈ, ਸੋ ਖੇਲਾਵਤੋ ਰਹਿਤ ਹੈ। ਤੈਸੇ ਹੀ ਦਿਨ ਰਾਤਿ ਕੇ ਅੰਕ ਮੇਂ ਸਰਬ ਜਗਤ, ਜੋ ਬਾਲਕ ਹੈ, ਸੋ ਖੇਲਤ ਰਹਤ ਹੈ। ਖੇਲੁ ਤਿਸ ਕੋ ਕਹਤ ਹੈਂ: ਨਿਕੰਮੇ ਕਾਮ ਕੋ ਉਰਝਯੋ ਰਹੈ। ਜੈਸੇ ਬਾਲਿਕ ਮ੍ਰਿਤਕਾ ਕੇ ਹਾਥੀ, ਘੋੜੇ, ਕਿਲ੍ਹੇ, ਕੋਟ, ਬਨਾਵਤ ਰਹਤ ਹੈ, ਤਿਨ੍ਹੋਂ ਤੇ ਹਾਸਲ ਕੁਛ ਨਹੀਂ ਹੋਤ ਹੈ; ਇਕ ਤਿਸ ਬਾਲਿਕ ਕੋ ਪਰਚਾਵਾ ਹੋਤ ਹੈ। ਤੈਸੇ ਹੀ ਸਰਬ ਜੋ ਜਗਤ ਹੈ ਪਰਵਾਰ ਕੇ ਮੋਹ ਮੇਂ ਫਸਯੋ ਰਹਤ ਹੈ। ਦਰਬ ਕਮਾਵਨ ਮੇਂ, ਸੰਚਨ ਮੇਂ ਸਰਬ ਹੀ ਉਮਰ ਬਿਤਾਵਤ ਹੈ। ਮ੍ਰਿਤੁ ਕੇ ਸਮੇਂ ਇਨ ਦੋਊ ਆਦਿ ਤੇ ਕੋਈ ਭੀ ਕਾਜ ਨਹੀਂ ਸਰਤ ਹੈ। ਜਬ ਜਮ ਗਣ ਇਸ ਕੋ ਆਨ ਗ੍ਰਾਸਤੇ ਹੈਂ ਤਬ ਸਰਬ ਹੀ ਬਯਰਥ ਹੋ ਜਾਤ ਹੈਂ। ਯਾਂਤੇ ਜਗਤ ਕੇ ਬਿਵਹਾਰ ਜੇਤੇ ਹੈਂ, ਜੈਸੇ ਬਾਲਕ ਕੋ ਪਰਚਾਵਾ ਹੋਤ ਹੈ, ਤੈਸੇ ਹੀ ਪਰਚਾਵਾ ਮਾਤ੍ਰ ਹੈਂ। ਯਾਂਤੇ ਖੇਲਨੋ ਸਰਬ ਜਗਤ ਕੋ ਕਹਯੋ। ਇਤਯਰਥ।

ਇਨ ਦੋਊ ਤੁਕੋਂ ਮੈਂ ਸਾਵੈਵ ਰੂਪਕਾਲੰਕਾਰ। ਜਗਤ ਉਪਮੇਯ, ਬਾਲਕ ਉਪਮਾ, ਸਰਬਾਂਗ ਬਰਨਨ ਕਰਯੋ, ਯਾਂਤੇ ਸਾਵੈਵ ਰੂਪਕ।

## ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਬਾਲਕ ਰੂਪ ਜੋ ਜਗਤ ਹੈ ਤਿਸ ਖੇਲ ਰੂਪ ਬਿਵਹਾਰ ਕੇ ਬਿਖੇ ਜੋ ਚੰਗਿਆਈਆਂ ਕਯਾ ? ਸੁਕਰਮ ਕਰੇ ਹੈਂ, ਬੁਰਿਆਈ=ਜੋ ਕੁਕਰਮ ਕਰੇ ਹੈਂ, ਤਿਨ ਕੋ ਚਿਤ੍ਰ ਗੁਪਤ ਲਿਖਤੋ ਰਹਯੋ, ਜਬ ਮ੍ਰਿਤੁ ਹੋ ਕਰਿ ਧਰਮਰਾਇ ਕੇ ਹਜ਼ੂਰ ਪਹੁੰਚਯੋ ਤਿਸ ਸਮੇਂ ਕੁਕਰਮ ਸੁਕਰਮ 'ਵਾਚੈ', ਕਯਾ ? ਪਠੀਤੇ ਹੈਂ, ਇਸ ਕੋ ਸੁਣਾਇ ਕਰਿ: ਸਰਬ ਅਵਸਥਾ ਮੇਂ ਏਤੇ ਤੇਰੇ ਭਲੇ ਕਰਮ ਹੈਂ, ਏਤੇ ਬੁਰੇ ਕਰਮ ਹੈਂ; ਅਬ ਇਨ ਕੋ ਤੂੰ ਫਲੁ ਭੋਗ।

## ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਤਿਸ ਧਰਮਰਾਇ ਕੇ ਹਦੂਰਿ ਮੇਂ ਤੇ ਜੈਸੇ ਜੈਸੇ ਜਿਸ ਕਿਸੀ ਨੇ ਕਰਮ ਕਰੇ ਹੈਂ ਤਿਸ ਕੋ ਤੈਸੇ ਤੈਸੇ ਹੀ ਫਲੁ ਭੋਗਾਈਤੇ ਹੈਂ। ਧਰਮਰਾਇ ਕੇ ਨੇੜੇ ਹੈ ਕਿੰਵਾ ਦੂਰ ਹੈ ਕਰਮ ਕੇ ਅਨੁਸਾਰ ਹੀ ਫਲ ਮਿਲਤ ਹੈ। ਕਿੰਵਾ ਔਰ ਅਰਥ: 'ਨੇੜੈ' ਕਹੀਏ ਜਿਨ੍ਹੋਂ ਨੇ ਪ੍ਰਗਟ ਕਰੇ ਹੈਂ ਕੁਕਰਮ ਸੁਕਰਮ। ਕਿੰਵਾ 'ਦੂਰਿ' ਕਹੀਏ ਜਿਨ੍ਹੋਂ ਨੇ ਦੂਰ ਛਪਿਕੈ ਕਰੇ ਹੈਂ; ਸਭ

ਤਹਾਂ ਪ੍ਰਗਟ ਹੋਇ ਜਾਤ ਹੈਂ; ਤਿਨ ਕੇ ਅਨੁਸਾਰ ਸੁਖ ਦੁਖ ਭੋਗਾਵਤੇ ਹੈਂ । ਕਿੰਵਾ ਔਰ ਅਰਥ: 'ਨੇੜੇ' ਨਾਮ ਦੁਖ ਅਪਦਾ ਕੋ, ਲੋਕੋਂ ਕੀ ਕਹਨਾਵਤ ਹੈ, ਜੋ ਦਲਿਦ੍ਰ ਮੇਂ ਹੋਤ ਹੈ ਤਿਸ ਕੋ ਕਹਤ ਹੈਂ: 'ਬਡੋ ਤੰਗ ਹੈ, ਨੇੜੇ ਮੇਂ ਆਨ ਰਹਜੋ ਹੈ'। 'ਦੂਰ' ਸੁਖ ਕੋ ਅਰਥ: 'ਅਮਕੇ ਕੋ ਸੁਖ ਹੈ, ਦੂਰ ਲੌ ਬਰਤਤ ਹੈ, ਖੁਲਾਸੇ ਮੇਂ ਰਹਤ ਹੈ' । ਸੋ ਕਰਮਨਿ ਕੇ ਅਨੁਸਾਰ ਹੀ ਸੁਖ ਸੁਰਗ ਤੇ ਆਦਿ ਸੋ ਭੋਗਤ ਹੈ, ਨਰਕ ਤੇ ਆਦਿ ਔਰ ਦੁਖ ਕਰਮ ਅਧੀਨ ਹੋਇ ਭੋਗਤ ਹੈ।

## ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

ਪੂਰਬਲੇ ਸਰਬ ਸਲੋਕੁ ਮੇਂ ਜੋ ਰਚਨਾ ਕਹੀ ਹੈ: ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ, ਜਗਤ ਬਾਲਕ ਹੈ, ਤਿਨ ਮੇਂ ਕੋਈ ਚੰਗਿਆਈ ਕਰਤ ਹੈ, ਕੋਈ ਬੁਰਿਆਈ ਕਰਤ ਹੈ, ਇਸੀ ਰੀਤਿ ਸੰਸਾਰ ਚਕ੍ਰ ਮੇਂ ਜਨਮ ਮਰਨ ਧਾਰਤੋ ਹੋਯੋ ਭ੍ਰਮਤੇ ਰਹਤ ਹੈ; ਅਰ ਜਿਨ੍ਹੋਂ ਨੇ ਸਤਿਨਾਮ ਕੋ ਸਿਮਰਨ ਕਰਜੋ ਹੈ ਸੋ ਸਭ ਤੇ ਉੱਤਮ, 'ਮਸਕਤਿ ਘਾਲਿ' ਕਹੀਏ ਮਿਹਨਤੁ ਕਰਿ ਕਰਿ ਗਏ ਹੈਂ, ਭਲੀ ਸਰਬ ਤੇ ਘਾਲ ਸੋ ਘਾਲ ਗਏ ਹੈਂ, ਜਿਸ ਘਾਲ ਕੇ ਘਾਲਣੇ ਤੇ ਬਹੁਰ ਕਰਤਤੁ ਕਰਣੋ ਔਰ ਕੁਛ ਨਹੀਂ ਰਹਤ ਹੈ । ਐਸੇ ਹੋ ਕਰਿ ਜੋ ਦਰਬਾਰ ਮੇਂ ਪਹੁੰਚੇ ਹੈਂ ਤਿਨ੍ਹੋਂ ਕੀ ਦਸ਼ਾ ਸਾਹਿਬੁ ਜੀ ਕਹਤ ਹੈਂ:-

## ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਸ੍ਰੀ ਗੁਰੂ ਨਾਨਕ ਜੀ ਕਹਤ ਹੈਂ: ਜਿਨ੍ਹੋਂ ਨੇ ਸਤਿਨਾਮ ਕੇ ਧਜਾਵਨ ਮੇਂ ਮਿਹਨਤ ਕਰੀ ਹੈ ਸੋ ਮੁਖ ਉੱਜਲੇ, ਕਜਾ ? ਨਿਰਮਲੁ ਹੈਂ, ਕੁਕਰਮ ਕੋ ਕਲੰਕ ਤਿਨ੍ਹੋਂ ਕੇ ਨਹੀਂ ਹੈ, ਸਰਬ ਜੋ ਬੰਧਨ ਹੈਂ ਸ਼ੁਭਾਸ਼ੁਭ ਕਰਮ ਕੇ, ਤਿਨ ਤੇ ਛੁਟਿ ਕਰਿ ਆਪ ਭੀ ਪਰਮੇਸੁਰ ਕੇ ਦਰਬਾਰ ਮੇਂ ਪਹੁੰਚੇ, ਤਿਨ੍ਹੋਂ ਤੇ ਪਿਛਾਰੀ ਜਿਨ੍ਹੋਂ ਨੇ ਤਿਨ ਕੋ ਕਹਜੋ ਕਰਜੋ ਹੈ, ਕਿੰਵਾ ਸੇਵਾ ਟਹਲ ਕਰੀ ਹੈ, ਕਿੰਵਾ ਜਿਨ ਪਰਿ ਕ੍ਰਿਪਾ ਕੀ ਦ੍ਰਿਸ਼ਟਿ ਕਰੀ ਤਿਨ ਸੰਤੋਂ ਨੇ, ਸੋ ਅਨੇਕ ਹੀ ਕਰਮ ਬੰਧਨ ਤੇ ਛੁਟੇ ਹੈਂ, ਤਿਨ ਸੰਤੋਂ ਕੇ ਪ੍ਰਤਾਪ ਕਰ । ਇਤਜਰਥ ।

ਇਸ ਤੁਕ ਮੇਂ ਪ੍ਰਸਿੱਧਾਲੰਕਾਰ ਹੈ ।

ਲੱਛਣ-ਕਹੀ ਏਕ ਕੀ ਭੋਗੈਂ ਬ੍ਰਿੰਦ ।<br>
ਤਿਹ ਪ੍ਰਸਿਧ ਕਹਿੰ ਕਵਿ ਸੁਖਕੰਦ ।

ਇਸ ਮੇਂ ਏਕੁ ਸਤਿਨਾਮ ਕੇ ਸਿਮਰਨ ਕਰਨਵਾਰੇ ਤੇ ਬਹੁਤਨਿ ਕੋ ਫਲੁ ਪ੍ਰਾਪਤਿ । ਕੇਤਨੇ ਅਸੰਖ ਹੀ ਜਿਸ ਕੇ ਸੰਗਿ ਜਮ ਫਾਸੀ ਤੇ ਛੂਟਤਿ ਹੈਂ, ਯਾਂਤੇ ਪ੍ਰਸਿਧਾਲੰਕਾਰ ।

ਜੇ ਕੋਈ ਬੂਝਜੋ ਚਾਹੈ: ਸ੍ਰੀ ਜਪੁਜੀ ਮੇਂ ਅਨੁਬੰਧ ਕੈਸੇ ਬਨਤ ਹੈਂ ? ਅਧਿਕਾਰੀ, ਬਿਸ਼ੈ, ਪ੍ਰਯੋਜਨ, ਸੰਬੰਧ ? ਉੱਤਰ :—ਸਮ ਦਮ ਸਾਧਨ ਕਰੇ ਹੂਏ, ਮਲਿਨ ਵਾਸ਼ਨਾ ਕੇ ਨਾਸ਼ ਹੋਨ ਤੇ, ਆਤਮਾ ਕੇ ਲਖਨ ਕੀ ਹੈ ਲਾਲਸਾ ਜਿਸ ਕੋ, ਸੋ ਇਸੁ ਗ੍ਰੰਥ ਮੇਂ 'ਅਧਿਕਾਰੀ' ਜਾਨਿਯੇ । ਜੀਵ ਈਸ਼ਰ ਕੀ ਏਕਤਾ ਬ੍ਰਹਮ ਮੇਂ, ਇਸ ਮੇਂ ਯਹ 'ਬਿਸ਼ੈ' ਹੈ।

ਆਨੰਦ ਕੀ ਜੋ ਪ੍ਰਾਪਤਿ, ਸੋ ਇਸ ਮੇਂ 'ਪ੍ਰਯੋਜਨ' ਹੈ। ਪ੍ਰਤਿਪਾਦ ਸ੍ਰੀ ਜਪੁਜੀ ਹੈ, ਪਰਮਾਤਮਾਂ ਪ੍ਰਤਿਪਾਦਯ ਹੈ, ਯਹ 'ਸੰਬੰਧ' ਲਖੀਏ; ਐਸੇ ਅਨੁਬੰਧ ਬਨਤ ਹੈਂ।

ਦੋਹਰਾ–ਟੀਕਾ ਸ੍ਰੀ ਗਰਬ ਗੰਜਨੀ ਪੂਰਨ ਭਯੋ ਰਸਾਲ।
ਨਮਸਕਾਰ ਸਤਿਗੁਰਨ ਕੋ ਜੋ ਹੈਂ ਪਰਮ ਕ੍ਰਿਪਾਲੁ ॥੧॥
ਸੰਮਤ ਰਸ ਬਸੁ ਬਸੁ ਰਸਾ[1] ਚੇਤ ਵਦੀ ਸੁਭ ਦੂਜ।
ਸਸਿ ਬਾਸੁਰ ਉਤਸਾਹ ਕਿਯ ਸ੍ਰੀ ਨਾਨਕ ਪਦ ਪੂਜਿ ॥੨॥

ਵਾਰਤਕ:–ਗਰਬ ਗੰਜਨੀ ਕੋ ਅਰਥ: ਇਸ ਕੇ ਪਦਨ ਵਿਚਾਰਨਵਾਰੇ ਕੇ ਅਗਾਰੀ, ਜੇ ਕੋਈ ਅਰਥਨ ਕੋ ਗਰਬ[2] ਕਰੈ ਤਿਸ ਕੋ ਗੰਜਨ[3] ਹੋਇ ਜਾਤ ਹੈ, ਕਜਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋ ਅਰਥ ਔਰ: ਇਸ ਕੋ ਪਢਿਕੈ ਆਪਨੇ ਗਰਬ ਕੋ ਗੰਜਨ ਕਰੈ, ਗਰੀਬੀ ਕੋ ਗਹਿ ਕਰਿ ਮੁਕਤਿ ਕੇ ਮਾਰਗ ਪਰੈ, ਯਾਂਤੇ ਇਸ ਟੀਕੇ ਕੋ ਨਾਮ 'ਗਰਬ ਗੰਜਨੀ' ਧਰਯੋ।

ਦੋਹਰਾ–ਕਪਿਥਲ ਮਹਿਂ ਬਿਸਰਾਮ ਕਿਯ ਕਵਿ ਕੁਰਛੇਤਰ ਜਾਨ।
ਰਚਯੋ ਗ੍ਰਿੰਥ ਤਹਿਂ ਬੈਠਿ ਕੈ ਆਤਮ ਗਯਾਨ ਸਥਾਨ ॥੧॥
ਦੋਹਰਾ–ਲਿਖਨਹਾਰ ਭੂਲੇ ਜਹਾਂ ਪਢੀਓ ਸੁੱਧ ਬਨਾਇ।
ਮਾਨਸ ਭੂਲੇ ਛਿਨਕ ਮੈਂ, ਹੈ ਅਭੁਲ ਰਘੁਰਾਇ ॥੨॥

[ਕਿਸੇ ਲਿਖਾਰੀ ਵੱਲੋਂ ਜਪ ਮਹਾਤਮ]

ਇਸ ਜਪੁ ਕੋ ਜੋ ਜਨੁ ਪੜਹਿ ਫਲੁ ਤਿਸ ਕਹੋਂ ਉਚਾਰ।
ਰਾਜਸੁ ਜਗੁ ਅਸਮੇਧ ਜਗੁ ਚਾਰ ਚਾਰ ਫਲ ਚਾਰੁ ॥੧॥
ਵਾਰੰ ਵਾਰ ਵਿਚਾਰਿਕੈ ਪਾਵੈ ਜੋ ਨਰੁ ਭੋਗੁ।
ਤੀਨ ਤਾਪ ਤਾਂਕੇ ਮਿਟਹਿਂ ਆਧਿ ਬਯਾਧਿ ਸਭ ਰੋਗੁ ॥੨॥
ਜਪੁ ਸਾਹਿਬ ਕੀ ਉਪਮਾ ਮੋ ਪੈ ਕਹੀ ਨ ਜਾਇ।
ਪ੍ਰੀਤ ਲਾਇ ਜੋ ਇਸੁ ਪੜੈ ਤਿਸ ਪਰ ਗੁਰੂ ਸਹਾਇ ॥੩॥
ਗੁਰ ਨਾਨਕ ਜੀ ਕਹਤ ਹੈਂ ਅਪੁਨੇ ਮੁਖੋਂ ਉਚਾਰਿ।
ਏਕ ਤੁਕ ਇਕ ਮਨ ਪੜੈ ਨਹਿ ਜਾਵੈ ਜਮ ਦੁਆਰ ॥੪॥

ਧੰਨ ਗੁਰੂ ਨਾਨਕ ਜੀ ॥

ਇਕ ਲਿਖਤੀ ਪੋਥੀ ਦੀ ਲਿਖਤ ਦਾ ਸੰਮਤ ਐਉਂ ਹੈ:–

ਸੰਮਤ ਉੱਨੀ ਸੈ ਬਰਖ ਬੀਸ ਸਾਲ ਪਰਮਾਨ।
ਪੁਸਤਕ ਪੂਰਨ ਤਹਿਂ ਕੀਓ ਫਾਗ ਮਾਸ ਪਹਿਚਾਨ।

— ਇਤਿ —

---

੧. ਸੰਮਤ ੧੮੮੬ ਯਾ ੧੮੯੯ ਬਿ: [ਰਸ=ਛੇ ਯਾ ਨੌਂ। ਖਾਣ ਵਾਲੇ ਪਦਾਰਥਾਂ ਦੇ ਛੇ ਰਸ ਗਿਣੇ ਜਾਂਦੇ ਹਨ ਤੇ ਕਾਵ੍ਯ ਦੇ ੯ ਰਸ। ਬਸੁ=ਅੱਠ। ਰਸਾ=ਪ੍ਰਿਥਵੀ, ਅੰਕ ੧। ਇਉਂ ਦੱਸੀ ਅੰਕਾਂ ਦੀ ਤਰਤੀਬ ਨੂੰ ਸੰਮਤ ਕੱਢਣ ਲਈ ਉਲਟਾ ਲਈਦਾ ਹੈ ਸਸਿ ਬਾਸੁਰ=ਸੋਮਵਾਰ]।

੨. ਹੰਕਾਰ, ਮਾਨ।

੩. ਚੂਰ ਚੂਰ ਕਰਨਾ, ਨਾਸ਼ ਕਰਨਾ।